# ਗੁਰਬਖ਼ਸ਼ ਸਿੰਘ

## ਅਭਿਨੰਦਨ ਗ੍ਰੰਥ

180

Buggi
Buggi


13 Feb. 77

Gurbaksh Singh (61)
Mrs.

Kaur in Minnesota

# ਗੁਰਬਖ਼ਸ਼ ਸਿੰਘ

ਅਭਿਨੰਦਨ ਗ੍ਰੰਥ



ਗੁਰਬਖ਼ਸ਼ ਸਿੰਘ

# ਗੁਰਬਖ਼ਸ਼ ਸਿੰਘ

ਅਭਿਨੰਦਨ ਗ੍ਰੰਥ


ਸੰਪਾਦਕ

ਡਾ: ਮਹਿੰਦਰ ਸਿੰਘ ਰੰਧਾਵਾ



ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

© ੧੯੭੧

ਪ੍ਰਕਾਸ਼ਕ
ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਛਾਪਕ
ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ

ਮੁੱਲ : ੨੫ ਰੁਪਏ

# ਮੁਖਬੰਧ

ਅਭਿਨੰਦਨ ਗ੍ਰੰਥਾਂ ਦਾ ਲਿਖਾਰੀਆਂ ਨੂੰ ਭੇਂਟ ਕਰਨਾ ਕੇਵਲ ਇਕ ਰਸਮ ਹੀ ਨਹੀਂ। ਮੈਂ ਇਹਨਾਂ ਦੇ ਹੱਕ ਵਿਚ ਹਾਂ ਕਿਉਂਕਿ ਇਹਨਾਂ ਵਿਚ ਸਨਮਾਨੇ ਗਏ ਸਾਹਿਤਕਾਰਾਂ ਦੇ ਜੀਵਨ ਤੇ ਰਚਨਾ ਬਾਰੇ ਸਭ ਲੋੜੀਂਦੇ ਵੇਰਵੇ ਇਕ ਥਾਂ ਸਾਂਭ ਲਏ ਜਾਂਦੇ ਹਨ। ਇਹ ਗ੍ਰੰਥ ਵਿਦਿਆਰਥੀਆਂ ਤੇ ਸਾਹਿਤ ਪ੍ਰੇਮੀਆਂ ਲਈ ਬਹੁਤ ਲਾਭਦਾਇਕ ਹਨ। ਭਵਿੱਖ ਵਿਚ ਇਹ ਗ੍ਰੰਥ ਹੋਰ ਵੀ ਕਾਰ-ਆਮਦ ਸਾਬਤ ਹੋਣਗੇ, ਤੇ ਪਾਠਕ ਇਹਨਾਂ ਨੂੰ ਬੜੀ ਰੀਝ ਨਾਲ ਪੜ੍ਹਨਗੇ।

੧੫ ਫ਼ਰਵਰੀ, ੧੯੭੦ ਵਾਲੇ ਦਿਨ, ਜਦ ਸਾਹਿਤ ਅਕਾਦਮੀ, ਦਿੱਲੀ ਵਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਗੁਰੂ ਨਾਨਕ ਸਾਹਿਬ ਬਾਰੇ ਸੈਮੀਨਾਰ ਹੋਇਆ ਅਤੇ ਬਹੁਤ ਸਾਰੇ ਉਘੇ ਸਾਹਿਤਕਾਰ ਇਕੱਤਰ ਹੋਏ, ਤਾਂ ਮੇਰੇ ਮਨ ਵਿਚ, ਸ: ਗੁਰਬਖ਼ਸ਼ ਸਿੰਘ ਜੀ ਲਈ ਅਭਿਨੰਦਨ ਗ੍ਰੰਥ ਤਿਆਰ ਕਰਨ ਦਾ ਖ਼ਿਆਲ ਪੈਦਾ ਹੋਇਆ, ਕਿਉਂਕਿ ੨੬ ਅਪ੍ਰੈਲ, ੧੯੭੦ ਨੂੰ ਉਹਨਾਂ ਦਾ ੭੫ਵਾਂ ਜਨਮ ਦਿਨ ਆਉਣ ਵਾਲਾ ਸੀ। ਸੈਮੀਨਾਰ ਮਗਰੋਂ ਇਕ ਛੋਟੀ ਜਿਹੀ ਮਿਲਣੀ ਵਿਚ ਭਾਈ ਜੋਧ ਸਿੰਘ, ਪ੍ਰੋ: ਮੋਹਨ ਸਿੰਘ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਡਾ: ਹਰਚਰਨ ਸਿੰਘ, ਸ੍ਰੀ ਬਲਵੰਤ ਗਾਰਗੀ, ਸ੍ਰੀ ਜਸਵੰਤ ਸਿੰਘ ਕੰਵਲ, ਡਾ: ਹਰਿਭਜਨ ਸਿੰਘ, ਡਾ: ਆਤਮਜੀਤ ਸਿੰਘ, ਪ੍ਰੋ: ਗੁਰਬਚਨ ਸਿੰਘ ਤਾਲਿਬ, ਪ੍ਰੋ: ਸ: ਸ: ਨਰੂਲਾ, ਪ੍ਰੋ: ਅਤਰ ਸਿੰਘ, ਪ੍ਰੋ: ਪਰਮਿੰਦਰ ਸਿੰਘ, ਸ੍ਰੀ ਕੁਲਵੰਤ ਸਿੰਘ ਵਿਰਕ, ਪ੍ਰੋ: ਸ: ਸ: ਦੁਸਾਂਝ ਆਦਿ ਦੀ ਇਕ ਸਨਮਾਨ ਕਮੇਟੀ ਥਾਪ ਦਿਤੀ ਗਈ। ੨੬ ਅਪ੍ਰੈਲ ਵਾਲੇ ਦਿਨ ਜਦ ਗੁਰਬਖ਼ਸ਼ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ ਤਾਂ ਸ੍ਰੀ ਬਲਰਾਜ ਸਾਹਨੀ, ਸ: ਕਿਰਪਾਲ ਸਿੰਘ ਨਾਰੰਗ, ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪ੍ਰਿੰਸੀਪਲ ਪ੍ਰੀਤਮ ਸਿੰਘ ਆਦਿ ਕੁਝ ਹੋਰ ਮੈਂਬਰ ਵੀ ਸਨਮਾਨ ਕਮੇਟੀ ਵਿਚ ਸ਼ਾਮਲ ਹੋ ਗਏ ਅਤੇ ਕੁਝ ਫ਼ੰਡ ਵੀ ਇਕੱਠਾ ਹੋ ਗਿਆ। ਪਰ ਇਹ ਰਕਮ ਇਕ ਵਧੀਆ ਤੇ ਯਾਦਗਾਰੀ ਅਭਿਨੰਦਨ ਗ੍ਰੰਥ ਲਈ ਕਾਫ਼ੀ ਨਹੀਂ ਸੀ। ਇਸ ਲਈ ਮੈਂ ਸ: ਪ੍ਰੀਤਮ ਸਿੰਘ ਨਵਯੁਗ ਪ੍ਰੈਸ, ਦਿੱਲੀ ਨੂੰ ਕਿਹਾ ਕਿ ਉਹ ਇਸ ਗ੍ਰੰਥ ਨੂੰ ਆਪਣੇ ਖ਼ਰਚ ਉਤੇ ਪ੍ਰਕਾਸ਼ਿਤ ਕਰ ਲੈਣ ਅਤੇ ਸਨਮਾਨ ਕਮੇਟੀ ਇਸ ਦੀਆਂ ਦੋ ਸੌ ਕਾਪੀਆਂ ਖ਼ਰੀਦ ਲਵੇਗੀ। ਉਹਨਾਂ ਨੇ ਮੇਰੀ ਗੱਲ ਮੰਨ ਲਈ ਅਤੇ ਅਜ ਇਹ ਅਤੀ ਸੁੰਦਰ ਗ੍ਰੰਥ ਤਿਆਰ ਹੋ ਕੇ ਤੁਹਾਡੇ ਸਾਹਮਣੇ ਹੈ। ਸ: ਗੁਰਬਖ਼ਸ਼ ਸਿੰਘ ਦੇ ਜੀਵਨ ਤੇ ਰਚਨਾ ਬਾਰੇ ਵਖੋ ਵਖ ਸਾਹਿਤਕਾਰਾਂ ਦੇ ਲੇਖਾਂ ਦੇ ਅਲਾਵਾ, ਗੁਰਬਖ਼ਸ਼ ਸਿੰਘ ਜੀ ਦੇ ਮੁੱਢਲੇ ਜੀਵਨ ਦੇ ਕੁਝ ਦੁਰਲੱਭ ਚਿਤ੍ਰ ਵੀ ਇਸ ਗ੍ਰੰਥ ਦੀ ਵਿਸ਼ੇਸ਼ ਸ਼ੋਭਾ ਹਨ।

ਗ੍ਰੰਥ ਦੇ ਆਖ਼ਰ ਵਿਚ ਇਕ ਅੰਤਿਕਾ ਦੇ ਦਿਤੀ ਗਈ ਹੈ ਜਿਸ ਵਿਚ ਸ: ਗੁਰਬਖ਼ਸ਼ ਸਿੰਘ ਜੀ ਦੇ ਜੀਵਨ ਤੇ ਰਚਨਾਵਾਂ ਬਾਰੇ ਮਿਤੀਵਾਰ ਵੇਰਵੇ ਦਰਜ ਹਨ।

ਇਸ ਗ੍ਰੰਥ ਲਈ ਲੇਖ ਤੇ ਫ਼ੋਟੋ ਆਦਿ ਇਕੱਤਰ ਕਰਨ ਅਤੇ ਗ੍ਰੰਥ ਨੂੰ ਤਰਤੀਬ ਦੇਣ ਵਿਚ ਪ੍ਰਿੰਸੀਪਲ ਪ੍ਰੀਤਮ ਸਿੰਘ ਤੇ ਪ੍ਰੋਫ਼ੈਸਰ ਮੋਹਨ ਸਿੰਘ ਜੀ ਨੇ ਮੇਰਾ ਹਥ ਵਟਾਇਆ ਹੈ ਜਿਸ ਲਈ ਮੈਂ ਉਹਨਾਂ ਦਾ ਧੰਨਵਾਦ ਕਰਦਾ ਹਾਂ।

ਪਾਜਬ ਐਗਰੀਕਲਚਰਲ ਯੂਨੀਵਰਸਿਟੀ,
ਲੁਧਿਆਣਾ।
ਜਨਵਰੀ, ੧੯੭੧

**ਮਹਿੰਦਰ ਸਿੰਘ ਰੰਧਾਵਾ**

## ਤਤਕਰਾ


| | | |
|---|---|---|
| ਸੰਦੇਸ਼ ... ... | ਰਾਸ਼ਟਰਪਤੀ ਵੀ. ਵੀ. ਗਿਰੀ | ੯ |
| ਸੰਦੇਸ਼ ... ... | ਸਵਰਨ ਸਿੰਘ | ੧੦ |
| ਸੰਦੇਸ਼ ... ... | ਉੱਜਲ ਸਿੰਘ | ੧੧ |
| ਸੰਦੇਸ਼ ... ... | ਪ੍ਰਕਾਸ਼ ਸਿੰਘ ਬਾਦਲ | ੧੨ |
| ਸੰਦੇਸ਼ ... ... | ਇਕਬਾਲ ਸਿੰਘ | ੧੩ |
| ਸੰਦੇਸ਼ ... ... | ਦਰਬਾਰਾ ਸਿੰਘ | ੧੪ |
| ਸੰਦੇਸ਼ ... ... | ਸੁਰਜੀਤ ਸਿੰਘ | ੧੫ |
| ਸਾਹਿਤ ਅਕਾਦਮੀ ... ... | ਕੇ. ਆਰ. ਕ੍ਰਿਪਲਾਨੀ | ੧੬ |
| ਸੰਦੇਸ਼ ... ... | ਜੋਧ ਸਿੰਘ | ੧੭ |


### ਜੀਵਨ ਤੇ ਰਚਨਾ


| | | |
|---|---|---|
| ਗੁਰਬਖ਼ਸ਼ ਸਿੰਘ : ਇਕ ਆਦਰਸ਼ਵਾਦੀ | ਡਾ: ਐਮ. ਐਸ. ਰੰਧਾਵਾ | ੨੧ |
| ਕਲਮ ਦਾ ਜਾਦੂ | ਕ੍ਰਿਪਾਲ ਸਿੰਘ ਨਾਰੰਗ | ੨੪ |
| ਗੁਰਬਖ਼ਸ਼ ਸਿੰਘ | ਗੁਰਮੁਖ ਸਿੰਘ ਮੁਸਾਫ਼ਿਰ | ੨੬ |
| ਤੁਮ ਸਲਾਮਤ ਰਹੋ ਹਜ਼ਾਰ ਬਰਸ | ਬਲਰਾਜ ਸਾਹਨੀ | ੨੯ |
| ਗੁਰਬਖ਼ਸ਼ ਸਿੰਘ : ਇਕ ਸਭਿਆਚਾਰਕ ਪ੍ਰਭਾਵ | ਮੋਹਨ ਸਿੰਘ | ੩੨ |
| 'ਦਾਰ' ਜੀ ਦੀ ੭੫ਵੀਂ ਵਰ੍ਹੇ-ਗੰਢ | ਸੋਹਨ ਸਿੰਘ ਜੋਸ਼ | ੩੫ |
| ਹੁਸਨ ਵੰਡਦੀ ਆਤਮਾ | ਜਸਵੰਤ ਸਿੰਘ ਕੰਵਲ | ੪੩ |
| ਦੇਸ਼ ਦਾ ਉਸਰੱਈਆ ਕਿਸਾਨ—ਗੁਰਬਖ਼ਸ਼ ਸਿੰਘ | ਡਾ: ਏ. ਐੱਸ. ਕਾਹਲੋਂ | ੪੫ |
| ਸ: ਗੁਰਬਖ਼ਸ਼ ਸਿੰਘ ਜੀ — ਇਕ ਪੰਜਾਬੀ ਦੀ ਨਜ਼ਰ ਵਿਚ | ਡਾ: ਏ. ਐੱਸ. ਅਟਵਾਲ | ੪੮ |
| ਪ੍ਰੀਤ ਦਾ ਅਲਮਬਰਦਾਰ | ਨਾਨਕ ਸਿੰਘ | ੫੨ |
| ਗੁਰਬਖ਼ਸ਼ ਸਿੰਘ | ਬਲਵੰਤ ਗਾਰਗੀ | ੫੬ |
| ਇਕ ਸੁਫ਼ਨੇਸਾਜ਼ | ਡਾ: ਦਲੀਪ ਕੌਰ ਟਿਵਾਣਾ | ੫੮ |
| ਸਤਯਮ...ਸ਼ਿਵਮ...ਸੁੰਦਰਮ ? | ਗੁਲਜ਼ਾਰ ਸਿੰਘ ਸੰਧੂ | ੮੦ |
| ਐਕਟਿਵਿਟੀ ਸਕੂਲ, ਪ੍ਰੀਤ ਨਗਰ | ਪ੍ਰੋ: ਜਗਦੀਸ਼ ਸਿੰਘ | ੮੨ |
| ਦੂਰੋਂ ਨੇੜਿਓਂ ਦਾਰ ਜੀ | ਜਗਜੀਤ ਸਿੰਘ ਆਨੰਦ | ੮੭ |
| ਅਲਪੱਥਰ | ਦੇਵਿੰਦਰ ਸਤਿਆਰਥੀ | ੯੪ |
| ਪੀੜਾਂ ਮਠੀਆਂ ਕਰਨ ਵਾਲਾ | ਕੁਲਵੰਤ ਸਿੰਘ ਵਿਰਕ | ੯੮ |
| ਗੁਰਬਖ਼ਸ਼ ਸਿੰਘ | ਸੰਤ ਸਿੰਘ ਸੇਖੋਂ | ੧੦੩ |
| ਪੁਲਾੜੀ ਯੁਗ ਵਿਚ ਸੁਹਜ | ਨਰਿੰਦਰਪਾਲ ਸਿੰਘ | ੧੦੫ |
| ਦਿਲ ਦੀ ਪੀੜ ਨਰੋਈ !! | ਭਗਵੰਤ ਸਿੰਘ | ੧੧੧ |
| ਕਿਰਤੀਆਂ ਦਾ ਲਿਖਾਰੀ—ਗੁਰਬਖ਼ਸ਼ ਸਿੰਘ | ਡਾ: ਦਲੀਪ ਸਿੰਘ 'ਦੀਪ' | ੧੧੫ |
| ਗੁਰਬਖ਼ਸ਼ ਸਿੰਘ—ਨਵੀਂ ਪੀੜ੍ਹੀ ਦੀਆਂ ਨਜ਼ਰਾਂ ਵਿਚ | ਗੁਰਦਿਆਲ ਸਿੰਘ 'ਪਡਾ' | ੧੨੦ |
| ਇਕ ਫ਼ਰਿਸ਼ਤਾ ਸਾਂਵਲ ਜਿਹਾ | ਕੁਲਬੀਰ ਸਿੰਘ ਕਾਂਗ | ੧੨੩ |
| ਗੁਰਬਖ਼ਸ਼ ਸਿੰਘ ਦੀ ਸਭ ਤੋਂ ਵਡੀ ਦੇਣ | ਡਾ: ਹਰਨਾਮ ਸਿੰਘ ਸ਼ਾਨ | ੧੩੦ |
| ਸ: ਗੁਰਬਖ਼ਸ਼ ਸਿੰਘ ਜੀ | ਡਾ: ਜਸਵੰਤ ਗਿੱਲ | ੧੩੩ |
| ਪੀਟਰ ਪੈਨ | ਐਨ. ਐਸ. ਮਾਂਗਟ | ੧੩੬ |
| ਚੰਗੀ ਰਹਿਣੀ ਬਹਿਣੀ ਦਾ ਮਾਲਕ | ਡਾ: ਮਾਨ ਸਿੰਘ ਨਿਰੰਕਾਰੀ | ੧੪੨ |
| ਗੁਰਬਖ਼ਸ਼ ਸਿੰਘ ਦੀ ਸੁਵਿਚਾਰਤਾ | ਡਾਕਟਰ ਰ. ਲ. ਆਹੂਜਾ | ੧੪੪ |


### ਰਚਨਾਵਾਂ


| | |
|---|---|
| ਮਾਂ ... ... ... ... | ੧੫੫ |
| ਕੰਗਾਲ ਕਵੀਆਂ ਦੀ ਕਲੱਬ ... ... ... | ੧੫੮ |
| ਸੁਹਣਾ ਵਤਨ ... ... ... ... | ੧੬੧ |
| ਸਭਿਅਤਾ ਦੇ ਦੋ ਪੱਧਰ ... ... ... | ੧੬੭ |
| ਭਾਬੀ ਮੈਨਾ ... ... ... ... | ੧੭੬ |
| ਕਿਹਰੂ ਦਸ ਨੰਬਰੀਆ ... ... ... | ੧੮੬ |
| ਤੂੰ ਆਵੇਂਗੀ ... ... ... ... | ੧੯੭ |


### ਸ਼ਰਧਾਂਜਲੀਆਂ


੧. ਸ: ਬਿਸ਼ਨ ਸਿੰਘ ਸਮੁੰਦਰੀ, ੨. ਸ੍ਰੀ ਡੀ. ਡੀ. ਭਾਟੀਆ, ੩. ਪ੍ਰੋਫ਼ੈਸਰ ਸੁਰਿੰਦਰ ਸਿੰਘ ਕੋਹਲੀ, ੪. ਸ੍ਰੀ ਅਨੰਦ ਸਰੂਪ, ੫. ਸਰਦਾਰ ਸੂਬਾ ਸਿੰਘ, ੬. ਸ੍ਰੀ ਕੁਲਦੀਪ ਨਈਅਰ, ੭. ਸ੍ਰੀ ਅਵਤਾਰ ਸਿੰਘ ਮਲਹੋਤਰਾ, ੮. ਪ੍ਰੋ: ਗੁਰਬਚਨ ਸਿੰਘ ਤਾਲਿਬ, ੯. ਸਰਦਾਰ ਸੋਭਾ ਸਿੰਘ ਆਰਟਿਸਟ, ੧੦. ਸ੍ਰੀ ਸੁਨੀਤੀ ਕੁਮਾਰ ਚੈਟਰਜੀ, ੧੧. ਸਰਦਾਰ ਹਰਬੰਸ ਸਿੰਘ, ੧੨. ਪ੍ਰੋਫ਼ੈਸਰ ਅਤਰ ਸਿੰਘ, ੧੩. ਸ੍ਰੀਮਤੀ ਅੰਮ੍ਰਿਤਾ ਪ੍ਰੀਤਮ, ੧੪. ਸ: ਕਰਤਾਰ ਸਿੰਘ ਦੁੱਗਲ । ੨੧੧—੨੨੦


### (ਅ) ਕਵਿਤਾ


| | | |
|---|---|---|
| ੧੫. ਇਕ ਪੋਰਟ੍ਰੇਟ ... ... | ਸੁਖਬੀਰ | ੨੨੨ |
| ੧੬. ਚਾਨਣ ਦਾ ਉਚ ਹਿਮਾਲਾ ... | ਬਲਬੀਰ ਸਿੰਘ ਗਰੇਵਾਲ | ੨੨੩ |
| ੧੭. ਕਲਮ ਦਾ ਜਾਦੂ ... | ਜਸਵੰਤ ਸਿੰਘ ਰਾਹੀ | ੨੨੬ |


### ਅੰਤਿਕਾ


| | |
|---|---|
| ਗੁਰਬਖ਼ਸ਼ ਸਿੰਘ ਬਾਰੇ ਜ਼ਰੂਰੀ ਜਾਣਕਾਰੀ | ੨੨੯ |

ਰਾਸ਼ਟਰਪਤੀ ਭਵਨ
ਭਾਰਤ
੩ ਜੁਲਾਈ, ੧੯੭੦

ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋ ਰਹੀ ਹੈ ਕਿ ਪੰਜਾਬੀ ਲੇਖਕ ਸ: ਗੁਰਬਖ਼ਸ਼ ਸਿੰਘ ਨੂੰ ਉਹਨਾਂ ਦੀ ੭੫ ਸਾਲਾਂ ਦੀ ਉਮਰ ਹੋ ਜਾਣ ਉਤੇ ਅਭਿਨੰਦਨ ਗ੍ਰੰਥ ਭੇਟ ਕਰ ਕੇ ਉਹਨਾਂ ਦੀਆਂ ਸੇਵਾਵਾਂ ਦੀ ਕਦਰ ਕਰ ਰਹੇ ਹਨ। ਮੈਂ ਸਮਾਗਮ ਦੀ ਸਫਲਤਾ ਲਈ ਆਪਣੀਆਂ ਸ਼ੁਭ-ਇੱਛਾਵਾਂ ਭੇਜਦਾ ਹਾਂ ਅਤੇ ਸ: ਗੁਰਬਖ਼ਸ਼ ਸਿੰਘ ਲਈ ਰਾਸ਼ਟਰ ਦੀ ਸੇਵਾ ਵਿਚ ਲਾਭਦਾਇਕ ਜੀਵਨ ਦੇ ਬਹੁਤ ਸਾਰੇ ਹੋਰ ਸਾਲਾਂ ਦੀ ਕਾਮਨਾ ਕਰਦਾ ਹਾਂ।

**ਵੀ. ਵੀ. ਗਿਰੀ**

ਰੱਖਿਆ ਮੰਤਰੀ,
ਨਵੀਂ ਦਿੱਲੀ ।
ਅਪ੍ਰੈਲ ੧੯੭੦

## ਸੰਦੇਸ਼

ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੂੰ ਉਹਨਾਂ ਦੇ ੭੫-ਵੇਂ ਜਨਮ ਦਿਨ ਤੇ ਅਭਿਨੰਦਨ ਗ੍ਰੰਥ ਭੇਟ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ।

ਸਰਦਾਰ ਗੁਰਬਖ਼ਸ਼ ਸਿੰਘ ਦਾਰਸ਼ਨਿਕ ਤੇ ਬਹੁ-ਪੱਖਾ ਲੇਖਕ ਹੈ ਜਿਸ ਨੇ ਪੰਜਾਬੀ ਭਾਸ਼ਾ ਨੂੰ ਅਮੀਰ ਕਰਨ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ । ਉਸ ਨੇ ਅਜ ਤੋਂ ੩੭ ਸਾਲ ਪਹਿਲਾਂ, ਪੰਜਾਬੀ ਦਾ ਹਰਮਨ ਪਿਆਰਾ ਰਸਾਲਾ "ਪ੍ਰੀਤ ਲੜੀ" ਚਲਾਇਆ । ਲੇਖ, ਕਹਾਣੀ ਅਤੇ ਨਾਵਲ ਰੂਪ ਵਿਚ ਉਸ ਦੀ ਦੇਣ ਸਾਹਿੱਤਕ ਖੇਤਰ ਵਿਚ ਬਹੁਤ ਸਲਾਹੀ ਗਈ ਹੈ ।

ਗੁਰਬਖ਼ਸ਼ ਸਿੰਘ ਦੀਆਂ ਅਦੁੱਤੀ ਪ੍ਰਾਪਤੀਆਂ ਕੇਵਲ ਸਾਹਿੱਤਕ ਖੇਤਰ ਵਿਚ ਹੀ ਨਹੀਂ ਸਗੋਂ ਖੇਤੀ ਬਾੜੀ ਦੇ ਖੇਤਰ ਵਿਚ ਵੀ ਮਾਣ ਯੋਗ ਹਨ । ਗੁਰਬਖ਼ਸ਼ ਸਿੰਘ ਆਪਣੇ ਸਮੇਂ ਤੋਂ ਬਹੁਤ ਅੱਗੇ ਦੀ ਗੱਲ ਸੋਚ ਸਕਦਾ ਹੈ । ੧੯੩੨ ਵਿਚ ਪੰਜਾਬ ਵਿਚ ਮਸ਼ੀਨੀ ਖੇਤੀ ਦਾ ਕਦਮ ਚੁਕਣਾ ਉਸ ਦੀ ਅਗਾਂਹ-ਵਧੂ ਸੋਚ ਦਾ ਪਰਤੱਖ ਪ੍ਰਮਾਣ ਹੈ । ਅਜੋਕੀ ਪੀੜ੍ਹੀ ਅਜਿਹੇ ਪੁਰਸ਼ ਦੇ ਨਕਸ਼ੇ ਕਦਮ ਤੇ ਚਲ ਕੇ ਲਾਭ ਉਠਾ ਸਕਦੀ ਹੈ ।

ਮੈਂ ਇਸ ਅਵਸਰ ਤੇ ਸ਼ੁਭ ਇੱਛਾਵਾਂ ਭੇਜਦਾ ਹਾਂ ।

**ਸਵਰਨ ਸਿੰਘ**



ਰਾਜ ਭਵਨ,
ਮਦਰਾਸ—੨੨
੨੦ ਅਪ੍ਰੈਲ, ੧੯੭੦

ਮੈਨੂੰ ਜਾਣ ਕੇ ਖ਼ੁਸ਼ੀ ਹੋਈ ਹੈ ਕਿ ੨੬ ਅਪ੍ਰੈਲ ਨੂੰ ਸ: ਗੁਰਬਖ਼ਸ਼ ਸਿੰਘ ਦੇ ੭੫ਵੇਂ ਜਨਮ ਦਿਨ ਤੇ, ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ ।

ਮੈਂ ਇਹ ਗੱਲ ਵਿਸ਼ੇਸ਼ ਤੌਰ ਤੇ ਕਹਿਣੀ ਚਾਹੁੰਦਾ ਹਾਂ ਕਿ ਸ: ਗੁਰਬਖ਼ਸ਼ ਸਿੰਘ ਚੰਗੇ ਲੇਖਕ ਹੋਣ ਦੇ ਨਾਲ ਨਾਲ ਚੰਗੇ ਕਿਸਾਨ ਵੀ ਹਨ । ਇਹਨਾਂ ਨੇ ੧੯੩੨ ਵਿਚ ਮਸ਼ੀਨੀ ਖੇਤੀ ਸ਼ੁਰੂ ਕੀਤੀ ਅਤੇ ਇਹ ਪੰਜਾਬ ਵਿਚ ਮਸ਼ੀਨੀ ਖੇਤੀ ਦੇ ਇਤਿਹਾਸ ਵਿਚ ਵਰਣਨ ਯੋਗ ਗੱਲ ਹੈ ।

ਇਸ ਅਵਸਰ ਉਤੇ ਵਧਾਈ ਦਿੰਦਾ ਹਾਂ ਅਤੇ ਸ਼ੁਭ ਇੱਛਾਵਾਂ ਭੇਜਦਾ ਹਾਂ ।

**ਉੱਜਲ ਸਿੰਘ**
ਗਵਰਨਰ ਤਾਮਿਲ ਨਾਡੂ

ਚੀਫ਼ ਮਨਿਸਟਰ
ਪੰਜਾਬ

## ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ ਹੈ ਕਿ ਗੁਰਬਖ਼ਸ਼ ਸਿੰਘ, ਅਭਿਨੰਦਨ ਗ੍ਰੰਥ ਕਮੇਟੀ ਵਲੋਂ ਸ: ਗੁਰਬਖਸ਼ ਸਿੰਘ "ਪ੍ਰੀਤ ਲੜੀ" ਨੂੰ ਉਹਨਾਂ ਦੀ ੭੫ਵੀਂ ਵਰ੍ਹੇਗੰਢ ਤੇ ਸਨਮਾਨਣ ਦਾ ਫ਼ੈਸਲਾ ਕੀਤਾ ਗਿਆ ਹੈ।

ਸ: ਗੁਰਬਖ਼ਸ਼ ਸਿੰਘ ਜੀ ਨੇ ਪੰਜਾਬੀ ਪਾਠਕਾਂ ਨੂੰ ਨਵੇਂ ਵਿਸ਼ੇ ਤੇ ਨਵੀਆਂ ਸੋਚਾਂ ਦਿੱਤੀਆਂ ਹਨ। ਲੋਕਾਂ ਨੂੰ ਅਗਾਂਹਵਧੂ ਰੁਚੀਆਂ ਦੇ ਧਾਰਨੀ ਬਣਨ ਦੀ ਪਰੇਰਨਾ ਦਿਤੀ ਹੈ। ਆਪ ਜੀ ਨੇ ਪੰਜਾਬੀ ਵਾਰਤਾ ਨੂੰ ਨਵਾਂ ਖੇਤਰ ਅਤੇ ਮਾਨਯੋਗ ਪੱਧਰ ਦਿੱਤਾ ਹੈ।

ਸ: ਗੁਰਬਖ਼ਸ਼ ਸਿੰਘ ਜੀ ਪ੍ਰੀਤ ਲੜੀ ਵਲੋਂ ਪੰਜਾਬੀ ਲੋਕਾਂ ਅਤੇ ਪੰਜਾਬੀ ਸਾਹਿਤ ਦੀ ਜੋ ਸੇਵਾ ਹੋਈ ਹੈ ਉਸ ਦੀ ਜਿੰਨੀ ਪ੍ਰਸੰਸਾ ਕੀਤੀ ਜਾਏ ਘੱਟ ਹੈ। ਸ: ਗੁਰਬਖ਼ਸ਼ ਸਿੰਘ ਅਭਿਨੰਦਨ ਗ੍ਰੰਥ ਕਮੇਟੀ ਨੂੰ ਇਸ ਉਦੇਸ਼ ਦੀ ਕਾਮਯਾਬੀ ਲਈ ਆਪਣੀਆਂ ਸ਼ੁਭ ਇੱਛਾਵਾਂ ਭੇਜਦਾ ਹਾਂ।

**ਪ੍ਰਕਾਸ਼ ਸਿੰਘ ਬਾਦਲ**
ਮੁੱਖ ਮੰਤਰੀ, ਪੰਜਾਬ।



ਡਿਪਟੀ ਮਨਿਸਟਰ,
ਮਨਿਸਟਰੀ ਆਫ਼ ਪਾਰਲੀਮੈਂਟਰੀ,
ਅਫ਼ੇਅਰਜ਼ ਐਂਡ ਸ਼ਿਪਿੰਗ ਟਰਾਂਸਪੋਰਟ
ਇੰਡੀਆ, ਨਵੀਂ ਦਿੱਲੀ,
ਅਪ੍ਰੈਲ ੧੮, ੧੯੭੦

ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਸ: ਗੁਰਬਖ਼ਸ਼ ਸਿੰਘ ਨੂੰ ਉਹਨਾਂ ਦੇ ੭੫ਵੇਂ ਜਨਮ ਦਿਨ ਤੇ ਮਾਣ ਦੇਣ ਲਈ ਅਭਿਨੰਦਨ ਗ੍ਰੰਥ ਤਿਆਰ ਕੀਤਾ ਜਾ ਰਿਹਾ ਹੈ। ਸ: ਗੁਰਬਖ਼ਸ਼ ਸਿੰਘ ਦੀਆਂ ਪੰਜਾਬੀ ਸਾਹਿਤ ਅਤੇ ਖੇਤੀ ਬਾੜੀ ਦੇ ਖੇਤਰ ਵਿਚ ਕੀਤੀਆਂ ਪਰਾਪਤੀਆਂ ਤੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਲੋਕ ਭਲੀ ਭਾਂਤ ਜਾਣੂੰ ਹਨ। ਮੈਂ ਸ਼ੁਭ ਇੱਛਾਵਾਂ ਭੇਜਦਾ ਹੋਇਆ ਆਸ ਕਰਦਾ ਹਾਂ ਕਿ ਉਹ ਬਹੁਤ ਸਾਰੇ ਹੋਰ ਸਾਲ ਕੌਮ ਦੀ ਸੁਚੱਜੀ ਸੇਵਾ ਕਰਦੇ ਰਹਿਣ।

**ਇਕਬਾਲ ਸਿੰਘ**

ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।
੨੨ ਅਪ੍ਰੈਲ, ੧੯੭੦

ਮੈਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਸਰਦਾਰ ਗੁਰਬਖ਼ਸ਼ ਸਿੰਘ ਜੀ ਨੂੰ ਉਹਨਾਂ ਦੀ ੭੫ਵੀਂ ਵਰ੍ਹੇ-ਗੰਢ ਤੇ ਸਨਮਾਨਿਆ ਜਾ ਰਿਹਾ ਹੈ ਅਤੇ ਇਸ ਸ਼ੁਭ ਅਵਸਰ ਤੇ ਉਹਨਾਂ ਨੂੰ ਅਭਿਨੰਦਨ ਗ੍ਰੰਥ ਭੇਟਾ ਕੀਤਾ ਜਾ ਰਿਹਾ ਹੈ।

ਸਰਦਾਰ ਗੁਰਬਖ਼ਸ਼ ਸਿੰਘ ਜੀ ਆਪਣੇ ਮਾਸਕ ਪੱਤਰ "ਪ੍ਰੀਤ ਲੜੀ" ਰਾਹੀਂ ਲਗ ਭਗ ਪਿਛਲੇ ੩੭ ਵਰ੍ਹਿਆਂ ਤੋਂ ਦੇਸ਼ ਅਤੇ ਬਦੇਸ਼ ਵਿਚ ਵੱਡੀ ਸੇਵਾ ਕਰ ਰਹੇ ਹਨ। ਪੰਜਾਬੀ ਸਾਹਿਤ ਵਿਚ ਉਹਨਾਂ ਨੂੰ ਇਕ ਉਘੀ ਥਾਂ ਪ੍ਰਾਪਤ ਹੈ।

ਸਰਦਾਰ ਗੁਰਬਖ਼ਸ਼ ਸਿੰਘ ਜੀ ਪੱਕੇ ਆਦਰਸ਼ਵਾਦੀ ਅਤੇ ਅਮਲੀ ਜੀਵਨ ਵਾਲੀ ਉਘੀ ਸ਼ਖ਼ਸੀਅਤ ਦੇ ਮਾਲਕ ਹਨ। ਉਹ ਬਹੁਤ ਉਚੇ ਖ਼ਿਆਲ ਰਖਦੇ ਹਨ ਅਤੇ ਆਪਣੀਆਂ ਲਿਖਤਾਂ ਦੁਆਰਾ ਲੋਕਾਂ ਨੂੰ ਸਦਾ ਸੁਚੱਜਾ ਜੀਵਨ ਬਤੀਤ ਕਰਨ ਲਈ ਪ੍ਰੇਰਦੇ ਹਨ। ਉਹਨਾਂ ਨੇ ਪੰਜਾਬੀ ਪਾਠਕਾਂ ਨੂੰ ਨਵੇਂ ਵਿਸ਼ੇ ਅਤੇ ਨਵੀਆਂ ਸੋਚਾਂ ਦਿਤੀਆਂ ਹਨ। ਉਹਨਾਂ ਨੇ ਪੰਜਾਬੀ ਵਾਰਤਕ ਨੂੰ ਵਿਸ਼ਾਲ ਖੇਤਰ ਅਤੇ ਮਾਣਯੋਗ ਪੱਧਰ ਦਿਤੀ ਹੈ।

ਇਸ ਤੋਂ ਬਿਨਾਂ ਉਹ ਖੇਤੀਬਾੜੀ ਨੂੰ ਨਵੀਨ ਢੰਗਾਂ ਤੇ ਚਾਲੂ ਕਰਨ ਦੇ ਮੋਢੀ ਹਨ। ਉਹਨਾਂ ਨੇ ਅੱਜ ਤੋਂ ਲਗ ਭਗ ੩੮ ਵਰ੍ਹੇ ਪਹਿਲਾਂ ਖੇਤੀਬਾੜੀ ਨੂੰ ਨਵੀਨ ਢੰਗਾਂ ਨਾਲ ਆਰੰਭ ਕੀਤਾ। ਇਹ ਪੰਜਾਬ ਵਿਚ ਟਰੈਕਟਰ ਦੁਆਰਾ ਖੇਤੀ ਕਰਨ ਦਾ ਪਹਿਲਾ ਤਜਰਬਾ ਸੀ। ਉਹਨਾਂ ਨੇ "ਪ੍ਰੀਤ ਨਗਰ" ਨਵੀਨ ਢੰਗਾਂ ਤੇ ਵਸਾ ਕੇ ਖੇਤੀਬਾੜੀ ਨੂੰ ਉਸੇ ਤਰ੍ਹਾਂ ਜਾਰੀ ਰਖਿਆ ਅਤੇ ਇਸ ਨਾਲ ਸਬੰਧਤ ਰਹੇ।

ਉਹ ਚੰਗੇ ਲਿਖਾਰੀ ਅਤੇ ਅਗਾਂਹਵਧੂ ਕਿਸਾਨ ਹੋਣ ਕਰ ਕੇ ਸਨਮਾਨ ਦੇ ਪਾਤਰ ਹਨ।

ਮੈਂ ਆਸ ਰਖਦਾ ਹਾਂ ਕਿ ਉਹ ਆਪਣੇ ਉਦੇਸ਼ ਦੀ ਪੂਰਤੀ ਲਈ ਵਧ ਚੜ੍ਹ ਕੇ ਹੰਭਲਾ ਮਾਰਦੇ ਰਹਿਣਗੇ।

ਇਸ ਸ਼ੁਭ ਅਵਸਰ ਤੇ ਮੈਂ ਆਪਣੇ ਵਲੋਂ ਉਹਨਾਂ ਪ੍ਰਤੀ ਸ਼ੁਭ ਇੱਛਾਵਾਂ ਭੇਟ ਕਰਦਾ ਹਾਂ।

**ਦਰਬਾਰਾ ਸਿੰਘ**



ਮੰਤਰੀ,
ਸਿੱਖਿਆ ਵਿਭਾਗ, ਪੰਜਾਬ
ਚੰਡੀਗੜ੍ਹ।

## ਸੰਦੇਸ਼

ਮੈਨੂੰ ਇਹ ਜਾਣ ਕੇ ਬੜੀ ਪਰਸੰਨਤਾ ਹੋਈ ਹੈ ਕਿ ਪੰਜਾਬੀ ਲਿਖਾਰੀਆਂ ਵਲੋਂ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੂੰ ਉਹਨਾਂ ਦੀ ੭੫ਵੀਂ ਵਰ੍ਹੇਗੰਢ ਉਤੇ ਜੋ ਮਿਤੀ ੨੬ ਅਪ੍ਰੈਲ, ੧੯੭੦ ਦਿਨ ਐਤਵਾਰ ਨੂੰ ਆ ਰਹੀ ਹੈ ਸਨਮਾਨਿਆਂ ਜਾ ਰਿਹਾ ਹੈ ਤੇ ਇਸ ਸਾਲ ਦੇ ਅਖ਼ੀਰ ਵਿਚ ਉਹਨਾਂ ਨੂੰ ਅਭਿਨੰਦਨ ਗ੍ਰੰਥ ਭੇਟ ਕੀਤਾ ਜਾਵੇਗਾ।

ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਰਸਾਲੇ ਦੇ ਮੋਢੀ ਤੇ ਵਰਤਮਾਨ ਪੰਜਾਬੀ ਗਦ ਦੇ ਨਿਰਮਾਤਾ ਹੋਣ ਕਰ ਕੇ ਪੰਜਾਬੀ ਸਾਹਿਤ ਵਿਚ ਆਪਣਾ ਵਿਸ਼ੇਸ਼ ਦਰਜਾ ਰਖਦੇ ਹਨ। ੧੯੩੩ ਤੋਂ ਚਾਲੂ ਕੀਤੇ ਰਸਾਲੇ ਪ੍ਰੀਤ ਲੜੀ ਅਤੇ ਹੋਰ ਦਰਜਨਾਂ ਪੁਸਤਕਾਂ ਰਾਹੀਂ ਸ: ਗੁਰਬਖ਼ਸ਼ ਸਿੰਘ ਨੇ ਜਿਨ੍ਹਾਂ ਪਿਆਰ ਭਿੱਜੇ ਅਗਾਂਹਵਧੂ ਵੀਚਾਰਾਂ ਦਾ ਪਰਚਾਰ ਕੀਤਾ ਹੈ ਉਸ ਦੀ ਮੋਹਰ ਅਜੋਕੇ ਸਮਾਜ ਦੇ ਹਰ ਪੜ੍ਹੇ ਲਿਖੇ ਪੰਜਾਬੀ ਉਤੇ ਸਾਫ਼ ਦਿਸਦੀ ਹੈ।

ਇਸ ਸੁਲਝੇ ਹੋਏ ਲੇਖਕ ਵਲੋਂ ਪ੍ਰੀਤਨਗਰ ਦੀ ਸਥਾਪਨਾ ਤੇ ਨਵੀਨ ਢੰਗ ਦੀ ਖੇਤੀਬਾੜੀ ਕਰਨ ਦਾ ਜੋ ਬੀੜਾ ਚੁਕਿਆ ਗਿਆ ਸੀ ਉਹ ਵੀ ਹਰ ਤਰ੍ਹਾਂ ਵਡਿਆਈ ਦਾ ਹੱਕਦਾਰ ਹੈ ਜਿਸ ਪਾਸੋਂ ਨੌਜਵਾਨ ਬਹੁਤ ਵੱਡੀ ਪਰੇਰਨਾਂ ਲੈ ਕੇ ਨਵ ਨਿਰਮਾਣ ਤੇ ਦੇਸ਼ ਉਸਾਰੀ ਦੇ ਖੇਤਰ ਵਿਚ ਵੱਡੀ ਭਾਰੀ ਸੇਵਾ ਕਰ ਸਕਦੇ ਹਨ।

ਮੈਂ ਡਾਕਟਰ ਰੰਧਾਵਾ ਅਤੇ ਉਹਨਾਂ ਦੇ ਸਾਥੀ ਪੰਜਾਬੀ ਲਿਖਾਰੀਆਂ ਨੂੰ ਇਹ ਉੱਦਮ ਕਰਨ ਉਤੇ ਹਾਰਦਿਕ ਵਧਾਈ ਭੇਜਦਾ ਹਾਂ।

**ਸੁਰਜੀਤ ਸਿੰਘ**

## ਸਾਹਿਤ ਅਕਾਦਮੀ

ਰਾਬਿੰਦਰ ਭਵਨ,
ਨਵੀਂ ਦਿੱਲੀ।
੯ ਅਪ੍ਰੈਲ ੧੯੭੦

ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਪੰਜਾਬੀ ਲੇਖਕਾਂ ਨੇ ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੂੰ ਉਹਨਾਂ ਦੇ ੭੫ਵੇਂ ਜਨਮ ਦਿਨ ਤੇ ਅਭਿਨੰਦਨ ਗ੍ਰੰਥ ਭੇਟ ਕਰ ਕੇ ਸਨਮਾਨਣ ਦਾ ਫ਼ੈਸਲਾ ਕੀਤਾ ਹੈ।

ਸ: ਗੁਰਬਖ਼ਸ਼ ਸਿੰਘ ਬੜੀ ਦੇਰ ਤੋਂ ਸਾਹਿਤ ਅਕਾਦਮੀ ਨਾਲ ਸਬੰਧਤ ਹਨ। ਮੈਨੂੰ ਤੇ ਮੇਰੇ ਸਾਥੀਆਂ ਨੂੰ ਉਹਨਾਂ ਦਾ ਪੂਰਾ ਸਤਿਕਾਰ ਹੈ। ਸ: ਗੁਰਬਖ਼ਸ਼ ਸਿੰਘ ਜੀ ਸਾਹਿਤ ਅਕਾਦਮੀ ਦੀ ਜਨਰਲ ਕੌਂਸਲ ਦੇ ਉਹਨਾਂ ਅੱਠ ਮੈਂਬਰਾਂ ਵਿਚੋਂ ਇਕ ਹਨ ਜੋ ਆਪਣੀ ਸਾਹਿੱਤਕ ਪ੍ਰਸਿੱਧਤਾ ਕਾਰਨ ਚੁਣੇ ਗਏ ਹਨ।

ਇਸ ਅਵਸਰ ਉਤੇ ਅਸੀਂ ਸ਼ੁਭ ਇੱਛਾਵਾਂ ਭੇਜਦੇ ਹਾਂ।

**ਕੇ. ਆਰ. ਕ੍ਰਿਪਲਾਨੀ**
ਸਕੱਤਰ



ਪਿਆਰੇ ਸ੍ਰੀ ਮਹਿੰਦਰ ਸਿੰਘ ਜੀ ਰੰਧਾਵਾ,

ਤੁਸਾਡਾ ਪੱਤਰ ਸ੍ਰੀ ਗੁਰਬਖ਼ਸ਼ ਸਿੰਘ ਜੀ ਪ੍ਰੀਤ ਲੜੀ ਨੂੰ ੨੬ ਅਪ੍ਰੈਲ ੧੯੭੦ ਨੂੰ ਉਹਨਾਂ ਦੀ ੭੫ਵੀਂ ਵਰ੍ਹੇਗੰਢ ਦੇ ਮੌਕੇ ਤੇ ਉਹਨਾਂ ਨੂੰ ਇਕ ਸੁਵੀਨਰ ਪੇਸ਼ ਕਰਨ ਬਾਬਤ ਪੁਜਿਆ। ਪੜ੍ਹ ਕੇ ਪ੍ਰਸੰਨਤਾ ਹੋਈ ਕਿ ਪੰਜਾਬੀ ਦੇ ਇਕ ਅਥੱਕ ਲੇਖਕ ਨੂੰ ਤੁਸੀਂ ਇਹ ਮਾਣ ਦੇ ਰਹੇ ਹੋ ਜਿਸ ਦੇ ਉਹ ਹਰ ਪ੍ਰਕਾਰ ਯੋਗ ਹੈ। ਪ੍ਰੀਤ ਲੜੀ ਰਾਹੀਂ ਮਾਤ ਭਾਸ਼ਾ ਦੀ ਸੇਵਾ ਕਰਦਿਆਂ ਇਸ ਵਰ੍ਹੇ ਗੰਢ ਤੀਕ ਉਹਨਾਂ ਨੂੰ ਲਗ ਪਗ ੩੭ ਸਾਲ ਹੋ ਜਾਣਗੇ।

ਇਸ ਲੰਮੇ ਸਮੇਂ ਲਈ ਜੋ ਹਰ ਕਿਸਮ ਦੇ ਔਖਾਂ ਵਿਚੋਂ ਲੰਘ ਕੇ ਆਪਣੀ ਪ੍ਰੀਤ ਨੂੰ ਉਹਨਾਂ ਨਿਬਾਹਿਆ ਹੈ ਇਹ ਸਚ ਮੁਚ ਹੀ ਕਦਰ ਕਰਨ ਯੋਗ ਹੈ ਜਿਸ ਲਈ ਮੈਂ ਤੁਸਾਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਸਤਿਗੁਰੂ ਅਗੇ ਪ੍ਰਾਰਥਨਾ ਕਰਦਾ ਹਾਂ ਕਿ ਉਹ ਸਰਦਾਰ ਜੀ ਨੂੰ ਅਰੋਗਤਾ ਦਾਨ ਦੇਣ ਤਾਂ ਜੁ ਇਸ ਸੇਵਾ ਨੂੰ ਹੋਰ ਲੰਮੇ ਸਮੇਂ ਲਈ ਜਾਰੀ ਰਖ ਸਕਣ।

ਆਪ ਦਾ ਹਿਤੂ
**ਜੋਧ ਸਿੰਘ**

# ਜੀਵਨ ਤੇ ਰਚਨਾ

# ਗੁਰਬਖ਼ਸ਼ ਸਿੰਘ : ਇਕ ਆਦਰਸ਼ਵਾਦੀ

ਡਾ. ਐਮ. ਐਸ. ਰੰਧਾਵਾ

ਗੁਰਬਖ਼ਸ਼ ਸਿੰਘ ਦੀ ਖ਼ੁਸ਼ਬੋ ਮੇਰੇ ਤਕ ੧੯੩੭ ਵਿਚ ਪਹੁੰਚੀ। ਉਦੋਂ ਮੈਂ ਫ਼ੈਜ਼ਾਬਾਦ ਯੂ. ਪੀ. ਵਿਚ ਸਾਂ। ਮੇਰੇ ਦਿਲ ਵਿਚ ਇੱਛਾ ਪੈਦਾ ਹੋਈ ਕਿ ਮੈਂ ਉਸ ਆਦਰਸ਼ਵਾਦੀ ਨੂੰ ਨੇੜਿਉਂ ਹੋ ਕੇ ਦੇਖਾਂ, ਜੋ ਅਮਰੀਕਾ ਤੋਂ ਇੰਜੀਨੀਅਰਿੰਗ ਦੀ ਉੱਚੀ ਡਿਗਰੀ ਲੈ ਕੇ ਆਇਆ ਸੀ ਅਤੇ ਜਿਸ ਨੂੰ ਆਉਣ ਸਾਰ ਰੇਲਵੇ ਦੇ ਮਹਿਕਮੇ ਵਿਚ ਮਾਣਯੋਗ ਪਦਵੀ ਉਤੇ ਲਗਾ ਦਿਤਾ ਗਿਆ ਸੀ, ਪਰ ਜਿਸ ਨੇ ਇਸ ਨੂੰ ਠੁਕਰਾ ਕੇ ਕਾਬਲ ਦਰਿਆ ਦੇ ਕੰਢੇ ਨੁਸ਼ਹਿਰੇ ਵਿਚ ਜਾ ਡੇਰੇ ਲਾਏ ਸਨ। ਗੁਰਬਖ਼ਸ਼ ਸਿੰਘ ਦੇ ਆਪਣੇ ਸ਼ਬਦਾਂ ਵਿਚ ਉਹ ਕੁਝ ਕਰਨਾ ਚਾਹੁੰਦਾ ਸੀ। ਉਸ ਦਾ ਨਿਸਚਾ ਸੀ ਕਿ ਰਾਜਸੀ ਦਲਾਂ ਵਿਚ ਸ਼ਾਮਲ ਹੋਏ ਬਿਨਾਂ ਕੁਝ ਕੀਤਾ ਜਾ ਸਕਦਾ ਹੈ। ਕੁਝ ਕਰਨ ਲਈ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪੁਚਾਣ ਦੀ ਲੋੜ ਸੀ ਤਾਂ ਜੋ ਉਹ ਹਮਖ਼ਿਆਲ ਸਾਥੀ ਲਭ ਸਕੇ। ਸੋ ੧੯੩੩ ਵਿਚ ਉਸ ਨੇ ਨੁਸ਼ਹਿਰੇ ਵਿਚ ਅਕਾਲੀ ਫੂਲਾ ਸਿੰਘ ਦੀ ਸਮਾਧ ਦੇ ਨਾਲ ਲਗਦੀ ਜ਼ਮੀਨ ਠੇਕੇ ਤੇ ਲੈ ਲਈ ਅਤੇ ਪ੍ਰੀਤ ਲੜੀ ਨਾਂ ਦਾ ਮਾਸਕ ਪੱਤਰ ਚਾਲੂ ਕੀਤਾ। ਪਹਿਲੇ ਪਰਚਿਆਂ ਦੀ ਬੋਲੀ ਤੇ ਸ਼ੈਲੀ ਕੰਮ-ਟਪਾਊ ਪਧਰ ਦੀ ਹੀ ਸੀ ਅਤੇ ਗੁਰਬਖ਼ਸ਼ ਸਿੰਘ ਨੂੰ ਇਸ ਕਮਜ਼ੋਰੀ ਦਾ ਅਹਿਸਾਸ ਸੀ। ਉਹ ਬਾਰ ਬਾਰ ਲਿਖਦਾ ਸੀ, ਨਾ ਮੈਂ ਜ਼ਬਾਨਦਾਨ ਹਾਂ, ਨਾ ਸਾਹਿਤਕਾਰ। ਮੇਰਾ ਮਨੋਰਥ ਤਾਂ ਲੋਕਾਂ ਤੀਕ, ਕਿਸੇ ਨਾ ਕਿਸੇ ਤਰ੍ਹਾਂ, ਆਪਣੇ ਵਿਚਾਰਾਂ ਨੂੰ ਪਹੁੰਚਾਣਾ ਹੈ। ਪਰ ਇਕ ਦੋ ਸਾਲਾਂ ਵਿਚ ਹੀ ਗੁਰਬਖ਼ਸ਼ ਸਿੰਘ ਨੇ ਪੰਜਾਬੀ ਬੋਲੀ ਉਤੇ ਅਧਿਕਾਰ ਪ੍ਰਾਪਤ ਕਰ ਕੇ ਇਕ ਅਤ ਸੁੰਦਰ ਸ਼ੈਲੀ ਨੂੰ ਹੋਂਦ ਵਿਚ ਲੈ ਆਂਦਾ। ਕਿੰਨਾ ਅੱਛਾ ਹੋਵੇ ਜੇ ਅਜ ਕਲ੍ਹ ਦੇ ਲਿਖਾਰੀ ਜੇਹੜੇ ਪੰਜਾਬੀ ਨੂੰ ਸੰਸਕ੍ਰਿਤ ਦੇ ਸ਼ਬਦਾਂ ਦੇ ਭਾਰ ਹੇਠਾਂ ਲੱਦੀ ਜਾਂਦੇ ਹਨ, ਗੁਰਬਖ਼ਸ਼ ਸਿੰਘ ਤੋਂ ਜ਼ਬਾਨ ਦੀ ਸਾਦਗੀ ਦਾ ਸਬਕ ਲੈਣ।

ਗੁਰਬਖ਼ਸ਼ ਸਿੰਘ ਅਮਰੀਕਾ ਤੋਂ ਕਈ ਸੁਫ਼ਨੇ ਲੈ ਕੇ ਆਇਆ ਸੀ। ਉਹ ਛੇਤੀ ਤੋਂ ਛੇਤੀ ਇਹਨਾਂ ਨੂੰ ਸਾਕਾਰ ਕਰਨਾ ਲੋਚਦਾ ਸੀ। ਸਭ ਤੋਂ ਪਹਿਲੇ ਉਸ ਨੇ ਵਿਗਿਆਨਕ ਲੀਹਾਂ ਉਤੇ ਖੇਤੀ ਬਾੜੀ ਦਾ ਤਜਰਬਾ ਸ਼ੁਰੂ ਕੀਤਾ। ਉਹ ਜਾਣਦਾ ਸੀ ਕਿ ਆਧੁਨਿਕ ਕ੍ਰਿਸ਼ੀ-ਵਿਧੀਆਂ ਦੀ ਵਰਤੋਂ ਨਾਲ, ਜ਼ਮੀਨ ਵਿਚੋਂ ਕਈ ਗੁਣਾ ਵਧ ਝਾੜ ਲਿਆ ਜਾ ਸਕਦਾ ਹੈ। ਪਰ ਉਸ ਨੂੰ ਸਫਲਤਾ ਨਾ ਹੋਈ। ਇਸ ਦਾ ਕਾਰਨ, ਕੁਝ ਤਾਂ ਉਸ ਸਮੇਂ ਦੀਆਂ ਪ੍ਰਸਥਿਤੀਆਂ ਸਨ ਅਤੇ ਕੁਝ ਗੁਰਬਖ਼ਸ਼ ਸਿੰਘ ਦਾ ਆਦਰਸ਼ਵਾਦ ਸੀ। ਉਹ ਇਕੋ ਸਮੇਂ ਕਈ ਮੁਹਾਜ਼ਾਂ ਉਤੇ ਕੰਮ ਕਰਨਾ ਚਾਹੁੰਦਾ ਸੀ, ਜਿਸ ਕਾਰਨ ਇਸ ਨਵੇਂ ਤਜਰਬੇ ਵਲ ਅਖੰਡ ਧਿਆਨ ਨਾ ਦਿਤਾ ਜਾ

ਸਕਿਆ। ਖੇਤੀਬਾੜੀ ਦਾ ਵਿਸ਼ੇਸ਼ੱਗ ਹੋਣ ਦੇ ਨਾਤੇ ਮੈਂ ਮਸ਼ੀਨੀ ਕਾਸ਼ਤ ਦੀ ਸ਼ਕਤੀ ਨੂੰ ਜਾਣਦਾ ਹਾਂ, ਪਰ ਇਸ ਰਾਹ ਵਿਚ ਉਦੋਂ ਮੁਸ਼ਕਲਾਂ ਵੀ ਬਹੁਤ ਸਨ। ਕਿਸਾਨਾਂ ਨੂੰ ਉਹਨਾਂ ਦੀਆਂ ਫ਼ਸਲਾਂ ਦਾ ਬਹੁਤ ਘਟ ਮੁੱਲ ਮਿਲਦਾ ਸੀ, ਤੇ ਉਹ ਫ਼ਸਲਾਂ ਪੈਦਾ ਕਰਨ ਦਾ ਖ਼ਰਚਾ ਵੀ ਨਹੀਂ ਕੱਢ ਸਕਦੇ ਸੀ। ਅਸਫਲਤਾ ਦੇ ਬਾਵਜੂਦ ਵੀ ਭਾਰਤਵਰਸ਼ ਦੇ ਕ੍ਰਿਸ਼ੀ-ਇਤਿਹਾਸ ਵਿਚ ਗੁਰਬਖ਼ਸ਼ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ, ਕਿਉਂਕਿ ਇਤਨੇ ਮਹਾਨ ਦੇਸ਼ ਵਿਚ, ਸਭ ਤੋਂ ਪਹਿਲੇ ਉਸ ਨੇ ਹੀ ਮਸ਼ੀਨੀ ਕਾਸ਼ਤ ਦਾ ਸੁਫ਼ਨਾ ਲਿਆ ਸੀ ਤੇ ਮਸ਼ੀਨੀ ਖੇਤੀ ਦਾ ਮੋਢੀ ਬਣਿਆ।

੧੯੩੩ ਤੋਂ ੧੯੩੫ ਤਕ ਕੀਤੇ ਤਜਰਬਿਆਂ ਵਿਚੋਂ ਗੁਰਬਖ਼ਸ਼ ਸਿੰਘ ਨੇ ਕਈ ਸਬਕ ਸਿਖੇ। ਇਕ ਤਾਂ ਉਸ ਨੂੰ ਇਸ ਗੱਲ ਦਾ ਵਿਸ਼ਵਾਸ ਹੋ ਗਿਆ ਸੀ ਕਿ ਕਾਸ਼ਤਕਾਰੀ ਨਾਲੋਂ ਉਹ ਪੱਤਰਕਾਰੀ ਦੇ ਮੈਦਾਨ ਵਿਚ ਕਿਤੇ ਵਡੇਰੀਆਂ ਜਿੱਤਾਂ ਪ੍ਰਾਪਤ ਕਰ ਸਕਦਾ ਹੈ। ਦੂਜਾ ਸਬਕ ਉਸ ਨੇ ਇਹ ਸਿਖਿਆ ਕਿ ਕਾਬਲ ਦਰਿਆ ਦੀ ਵਾਦੀ ਰਮਣੀਕ ਜ਼ਰੂਰ ਹੈ, ਪਰ ਦੁਰਾਡੀ ਤੇ ਪਸਿੱਤੀ ਹੋਣ ਦੇ ਕਾਰਨ, ਉਸ ਦੇ ਸੁਫਨਿਆਂ ਦੀ ਪੂਰਤੀ ਲਈ ਯੋਗ ਨਹੀਂ। ਇਸ ਕੰਮ ਲਈ ਕਿਸੇ ਕੇਂਦਰੀ ਅਸਥਾਨ ਵਿਚ ਬੈਠਣਾ ਜ਼ਰੂਰੀ ਸੀ। ਸੋ ੧੯੩੬ ਵਿਚ ਉਹ ਨੁਸ਼ਹਿਰੇ ਤੋਂ ਉਠ ਕੇ ਮਾਡਲ ਟਾਊਨ ਲਾਹੌਰ ਆਣ ਬੈਠਾ। ਦਿਨਾਂ ਵਿਚ ਹੀ ਉਸ ਦੀ ਵਾਕਫ਼ੀ ਦਾ ਘੇਰਾ ਵਿਸ਼ਾਲ ਹੋ ਗਿਆ। ਕਈ ਨਵੇਂ ਸਾਥੀ ਤੇ ਕਈ ਮਿੱਤਰ ਉਸ ਦੇ ਦੁਆਲੇ ਆਣ ਜੁੜੇ। ਪ੍ਰੀਤ-ਮਿਲਣੀਆਂ ਸ਼ੁਰੂ ਹੋ ਗਈਆਂ। ਵਿਅਕਤੀਆਂ ਤੇ ਵਿਚਾਰਾਂ ਦੀ ਖਹਿਸਰ 'ਚੋਂ ਕਈ ਨਵੀਆਂ ਚਿੰਗਾੜੀਆਂ ਪੈਦਾ ਹੋਈਆਂ। ਫਿਰ ਪ੍ਰੀਤ-ਮਿਲਣੀਆਂ ਪ੍ਰੀਤ-ਮੰਡਲ ਵਿਚ ਬਦਲ ਗਈਆਂ। ਏਥੇ ਹੀ ਗੁਰਬਖ਼ਸ਼ ਸਿੰਘ ਦੇ ਨਵੇਂ ਸੁਫਨੇ ਦੀ ਰੂਪ ਰੇਖਾ ਤਿਆਰ ਹੋਈ ਅਤੇ ਲਾਹੌਰ ਤੇ ਅੰਮ੍ਰਿਤਸਰ ਵਿਚਾਲੇ ਪ੍ਰੀਤ ਨਗਰ ਨੂੰ ਵਸਾਣ ਦਾ ਫ਼ੈਸਲਾ ਲਿਆ ਗਿਆ। ਲੋਪੋਕੇ ਦੇ ਲਾਗੇ ਪੰਦਰਾਂ ਏਕੜ ਜ਼ਮੀਨ ਲੈ ਕੇ ਪ੍ਰੀਤ ਨਗਰ ਦੀ ਨੀਂਹ ਰਖ ਦਿਤੀ ਗਈ। ਦੇਸ਼ ਦੇ ਇਲਾਵਾ ਬਦੇਸ਼ਾਂ ਵਿਚ ਬੈਠੇ ਕਈ ਲੋਕਾਂ ਨੇ ਪਲਾਟ ਖ਼ਰੀਦ ਲਏ। ਮੈਂ ਵੀ ਇਕ ਪਲਾਟ ਖ਼ਰੀਦ ਲਿਆ। ਹੌਲੀ ਹੌਲੀ ਪ੍ਰੀਤ-ਲੰਗਰ, ਪ੍ਰੀਤ-ਕਲੱਬਾਂ, ਪ੍ਰੀਤ-ਸੈਨਾ, ਪ੍ਰੀਤ ਸੈਨਿਕ ਪੱਤ੍ਰ, ਪ੍ਰੀਤ ਸੈਨਿਕ ਸਕੂਲ ਆਦਿ ਸੰਸਥਾਵਾਂ ਹੋਂਦ ਵਿਚ ਆ ਗਈਆਂ। ਇਕ ਪੱਕੀਆਂ ਪੌੜੀਆਂ ਵਾਲੇ ਪੁਰਾਣੇ ਤਲਾਅ ਦੀ ਮੁਰੰਮਤ ਕਰ ਕੇ ਉਸ ਨੂੰ ਖੁਲ੍ਹੇ ਮੰਡੂਏ ਵਿਚ ਬਦਲ ਲਿਆ ਗਿਆ। ਨਾਟਕ ਖੇਡੇ ਜਾਣ ਲਗੇ। ਦਰਸ਼ਕਾਂ ਦੀਆਂ ਭੀੜਾਂ ਜੁੜਨ ਲਗੀਆਂ। ਭੁੱਖਾਂ ਮਿਟਣ ਲਗੀਆਂ। ਪਿਆਸਾਂ ਬੁਝਣ ਲਗੀਆਂ। ਪਰ ਵਡੇ ਦੁਖ ਦੀ ਗੱਲ ਹੈ ਕਿ ੧੯੪੭ ਦੇ ਘਲੂਘਾਰੇ ਨੇ ਇਸ ਸੁੰਦਰ ਸੁਫ਼ਨੇ ਨੂੰ ਪੂਰਿਆਂ ਨਾ ਹੋਣ ਦਿਤਾ। ਪ੍ਰੀਤ ਨਗਰ ਪਾਕ-ਹਿੰਦ ਬਾਰਡਰ ਤੇ ਆ ਗਿਆ, ਤੇ ਏਹੀ ਇਸ ਦੀ ਤਬਾਹੀ ਦਾ ਕਾਰਨ ਬਣਿਆ। ਗੁਰਬਖ਼ਸ਼ ਸਿੰਘ ਦਾ ਇਹ ਖ਼ਾਬ ਪਰੇਸ਼ਾਨ ਹੋ ਗਿਆ। ਉਸ ਦੇ ਪ੍ਰੀਤ ਸੈਨਿਕ ਖਿੰਡ ਪੁੰਡ ਗਏ। ਸੈਨਾਪਤੀ ਨੇ ਵੀ ਦਿੱਲੀ ਵਿਚ ਜਾ ਪਨਾਹ ਲਈ।

ਨੇਤ ਨਾਲ ਉਹਨਾਂ ਦਿਨਾਂ ਵਿਚ ਮੈਂ ਦਿੱਲੀ ਹੀ ਸਾਂ। ਸੁਫਨਿਆਂ ਦੇ ਇਸ ਵਣਜਾਰੇ ਲਈ, ਮੇਰੇ ਕੋਲ ਜੋ ਕੁਝ ਵੀ ਹੋ ਸਕਿਆ, ਮੈਂ ਕੀਤਾ। ਮਹਿਰੋਲੀ ਵਿਚ ਇਕ ਦਿੱਲੀ ਦੇ ਰਈਸ ਦੀ ਕੋਠੀ ਖ਼ਾਲੀ ਪਈ ਸੀ, ਉਸ ਨੇ ਮੇਰੇ ਪ੍ਰੇਰਨ ਉਤੇ ਗੁਰਬਖ਼ਸ਼ ਸਿੰਘ ਜੀ ਨੂੰ ਸਸਤੇ ਕਿਰਾਏ ਤੇ ਦੇ



ਦਿਤੀ। ਕੁਝ ਚਿਰ ਮਗਰੋਂ ਗੁਰਬਖ਼ਸ਼ ਸਿੰਘ ਫਿਰ ਸਰਗਰਮ ਹੋ ਗਿਆ। ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਹਕੀਕਤ ਨਾਲ ਇਤਨੇ ਵਡੇ ਟਕਰਾਉ ਦੇ ਬਾਵਜੂਦ ਵੀ ਗੁਰਬਖ਼ਸ਼ ਸਿੰਘ ਦਾ ਹੌਸਲਾ ਢੱਠਾ ਨਹੀਂ। ਉਸ ਦਾ ਆਦਰਸ਼ਵਾਦ ਉਸੇ ਤਰ੍ਹਾਂ ਕਾਇਮ ਸੀ। ਦਿੱਲੀ ਵਿਚ ਉਸ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਸੀ, ਪਰ ਉਹ ਜਿਤਨਾ ਚਿਰ ਇਥੇ ਰਿਹਾ ਆਪਣੇ ਆਪ ਨੂੰ ਪਰਦੇਸੀ ਹੀ ਸਮਝਦਾ ਰਿਹਾ। ਦਿੱਲੀ ਦੀਆਂ ਰੰਗੀਨੀਆਂ ਤੇ ਦਿਲਬਸਤਗੀਆਂ ਉਸ ਨੂੰ ਬੰਨ੍ਹ ਕੇ ਰਖ ਨਾ ਸਕੀਆਂ। ਉਸ ਦਾ ਧਿਆਨ ਮੁੜ ਮੁੜ ਆਪਣੇ ਆਲ੍ਹਣੇ ਵਲ ਜਾਂਦਾ ਸੀ। ਆਖ਼ਰ ਉਹ ਉੱਡ ਕੇ ਪ੍ਰੀਤ ਨਗਰ ਪਹੁੰਚ ਗਿਆ। ਉਸ ਦੇ ਆਉਣ ਨਾਲ ਹੋਰ ਕਈ ਪੰਛੀ ਵੀ ਮੁੜ ਆਲ੍ਹਣਿਆਂ ਵਿਚ ਆਣ ਬੈਠੇ ਅਤੇ ਮੁੜ ਕੇ ਜੀਵਨ ਦੀ ਹਿਲਜੁਲ ਸ਼ੁਰੂ ਹੋ ਗਈ। ਗੁਰਬਖ਼ਸ਼ ਸਿੰਘ ਦੇ ਪ੍ਰੀਤ ਨਗਰ ਮੁੜਨ ਦਾ ਕਾਰਨ ਉਹਦਾ ਕੁਦਰਤ ਨਾਲ ਪਿਆਰ, ਚੁੱਪ ਤੇ ਸ਼ਾਂਤੀ ਦੀ ਭਾਲ ਸੀ। ਉਸ ਨੂੰ ਕਣਕ ਦੇ ਹਰੇ ਖੇਤ ਤੇ ਸਰ੍ਹੋਂ ਦੇ ਪੀਲੇ ਫੁੱਲ ਮਹਿਰੋਲੀ ਦੇ ਸੁੱਕੇ ਹੋਏ ਬਾਗ਼ ਵਿਚ ਯਾਦ ਆਉਂਦੇ ਸਨ। ਉਸ ਨੂੰ ਪ੍ਰੀਤ ਨਗਰ ਦੇ ਖੇਤਾਂ ਦੀ ਚੁੱਪ ਤੇ ਸ਼ਾਂਤੀ ਯਾਦ ਆਉਂਦੀ ਸੀ।

ਗੁਰਬਖ਼ਸ਼ ਸਿੰਘ ਦੇ ਬਹੁਤ ਸੁਫਨੇ ਪੂਰੇ ਨਹੀਂ ਹੋਏ, ਪਰ ਉਸ ਦੇ ਅਧੂਰੇ ਸੁਫਨਿਆਂ ਨੇ ਹਜ਼ਾਰਾਂ ਲੋਕਾਂ ਨੂੰ ਕਈ ਨਵੀਆਂ ਪ੍ਰੇਰਣਾਵਾਂ ਦਿਤੀਆਂ ਹਨ। ਉਸ ਨੇ ਪੰਜਾਬੀ ਵਾਰਤਕ ਨੂੰ ਉਸਾਰਿਆ ਤੇ ਸਰਲ ਕੀਤਾ। ਉਸ ਨੇ ਪੰਜਾਬੀਆਂ ਨੂੰ ਤੰਗ ਦਿਲੀ ਦੇ ਦਾਇਰੇ 'ਚੋਂ ਕੱਢ ਕੇ, ਸਾਇੰਸ ਦੀ ਵਿਸ਼ਾਲਤਾ ਵਿਖਾਈ। ਪੰਜਾਬੀ ਜ਼ਬਾਨ, ਸਾਹਿਤ ਤੇ ਸਭਿਆਚਾਰ ਤੇ ਗੁਰਬਖ਼ਸ਼ ਸਿੰਘ ਦੀ ਮੋਹਰ ਛਾਪ ਹਮੇਸ਼ਾ ਹੀ ਰਹੇਗੀ।

# ਕਲਮ ਦਾ ਜਾਦੂ

ਕ੍ਰਿਪਾਲ ਸਿੰਘ ਨਾਰੰਗ

ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਜ਼ਬਾਨ, ਕਲਮ ਅਤੇ ਸ਼ਖ਼ਸੀਅਤ ਵਿਚ ਇਕ ਜਾਦੂ ਹੈ, ਇਕ ਚਮਤਕਾਰ ਹੈ ਜਿਸ ਨੇ ਪੰਜਾਬੀ ਬੋਲੀ, ਸਾਹਿਤ ਅਤੇ ਪੱਤਰਕਾਰੀ ਨੂੰ ਇਕ ਖ਼ਾਸ ਥਾਂ ਦਿਤੀ ਹੈ। ਇਸ ਦੀਆਂ ਲਿਖਤਾਂ ਵਿਚ ਸਰਲਤਾ ਤੇ ਮਿਠਾਸ ਹੈ — ਹਰ ਪੱਤਰੇ ਵਿਚੋਂ ਸਚਾਈ ਤੇ ਨਿਰਭੈਤਾ ਦੀ ਸੁਗੰਧੀ ਆਉਂਦੀ ਹੈ। ਸ਼ਾਇਦ ਪਹਿਲੀ ਵਾਰ ਪੰਜਾਬੀ ਬੋਲੀ ਨਿਰਸੰਕੋਚ, ਪਾਬੰਦੀਆਂ ਤੋਂ ਬੇਨਿਆਜ਼ ਅਤੇ ਹਰ ਕਿਸਮ ਦੀਆਂ ਮਾਨਸਕ ਗੁੰਝਲਾਂ ਤੋਂ ਆਜ਼ਾਦ ਹੋ ਕੇ ਨਿਰਾਲੀ ਮਟਕ ਨਾਲ ਮੈਦਾਨ ਵਿਚ ਆਈ।

ਜਿਸ ਵਿਸ਼ੇ ਨੂੰ ਸ: ਗੁਰਬਖ਼ਸ਼ ਸਿੰਘ ਨੇ ਛੁਹਿਆ ਉਸ ਤੇ ਆਪਣੀ ਅਦੁਤੀ ਸ਼ਖ਼ਸੀਅਤ ਦੀ ਛਾਪ ਲਾ ਦਿਤੀ। ਸ: ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਨੇ ਇਹ ਵੀ ਸਾਬਤ ਕਰ ਦਿਤਾ ਕਿ ਪੰਜਾਬ ਦੇ ਸਾਹਿਤ ਦੀ ਨਵੀਂ ਪੀੜ੍ਹੀ ਕਿਸ ਤਰ੍ਹਾਂ ਤਾਜ਼ਾ ਤੇ ਆਧੁਨਿਕ ਵਿਚਾਰਾਂ ਤੋਂ ਪ੍ਰੇਰਨਾ ਹਾਸਲ ਕਰ ਸਕਦੀ ਹੈ। ਗੱਲ ਕੀ, ਗੁਰਬਖ਼ਸ਼ ਸਿੰਘ ਦੀ ਸ਼ੈਲੀ ਤੇ ਵਿਸ਼ੇ ਦੋਹਾਂ ਨੇ ਅਜ ਕਲ ਦੇ ਪੰਜਾਬੀਆਂ ਨੂੰ ਮੋਹ ਲਿਆ। ਉਹਨਾਂ ਦੀ ਇਕ ਤਰ੍ਹਾਂ ਨਾਲ ਕਾਇਆ ਕਲਪ ਕਰ ਦਿਤੀ। ਉਹ ਆਧੁਨਿਕ ਯੁਗ ਦੀਆਂ ਕੀਮਤਾਂ ਨੂੰ ਪਾ ਸਕਣ ਲਈ ਪ੍ਰੀਤ ਲੜੀ ਤੋਂ ਭਗਤਾਂ ਵਾਂਗ ਅਗਵਾਈ ਹਾਸਲ ਕਰਦੇ ਨੇ। ਇਹਨਾਂ ਸ਼ਰਧਾਲੂਆਂ ਵਿਚ ਹਰ ਜਮਾਤ ਅਤੇ ਫ਼ਿਰਕੇ ਦੇ ਲੋਕ ਸਨ। ਇਸੇ ਲਈ ਪ੍ਰੀਤ ਲੜੀ ਕੁਝ ਸਮੇਂ ਲਈ ਉਰਦੂ ਵਿਚ ਵੀ ਜਾਰੀ ਕਰਨੀ ਪਈ ਸੀ।

ਸਰਦਾਰ ਗੁਰਬਖ਼ਸ਼ ਸਿੰਘ ਅਸਲੀ ਅਰਥਾਂ ਵਿਚ ਸਾਹਿਤਕਾਰ ਹਨ। ਉਹਨਾਂ ਨੇ ਰੇਲਵੇ ਦੀ ਬੜੀ ਵਡੀ ਨੌਕਰੀ ਨੂੰ ਸਾਹਿਤ ਸੇਵਾ ਲਈ ਤਿਲਾਂਜਲੀ ਦਿਤੀ। ਉਹਨਾਂ ਦੀ ਕਲਮ ਲਿਖਣ ਲਈ ਉਤਾਵਲੀ ਸੀ, ਤੇ ਉਸ ਵੇਲੇ ਕਲਮ ਦੇ ਸਹਾਰੇ ਜੀਣ ਦਾ ਹੀਆ ਕਰਨਾ ਕਿਸੇ ਸਾਧਾਰਨ ਆਦਮੀ ਦਾ ਕੰਮ ਨਹੀਂ ਸੀ। ਸੁਖ, ਆਰਾਮ, ਅਹੁਦੇ ਅਤੇ ਨੌਕਰਾਂ ਚਾਕਰਾਂ ਅਤੇ ਕੋਠੀਆਂ ਦੇ ਠਾਠ-ਬਾਠ, ਤਿਆਗ ਕੇ ਪੰਜਾਬੀ ਦੀ ਸੇਵਾ ਕਰਨ ਲਗ ਜਾਣਾ ਕਿਸੇ ਉਚ ਕੋਟੀ ਦੀ ਹਸਤੀ ਦਾ ਹੀ ਕੰਮ ਹੋ ਸਕਦਾ ਸੀ।

ਇਹ ਵੀ ਅਤਕਥਨੀ ਨਹੀਂ ਕਿ ਪ੍ਰੀਤ ਲੜੀ ਗੁਰਬਖ਼ਸ਼ ਸਿੰਘ ਸੀ ਅਤੇ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਸਨ। ਦੋਹਾਂ ਨੇ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਵਿਚ ਇਕ ਵਿਸ਼ਾਲ ਲਹਿਰ ਨੂੰ ਜਨਮ ਦਿਤਾ। ਪ੍ਰੋਫ਼ੈਸਰ ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ, ਸ: ਨਾਨਕ ਸਿੰਘ ਅਤੇ ਅਨੇਕਾਂ ਹੋਰ ਸਾਹਿਤਕਾਰ, ਲਿਖਾਰੀ, ਤੇ ਸ਼ਿਵ ਕੁਮਾਰ, ਸਹਿਰਾਈ ਤੇ ਆਵਾਰਾ ਵਰਗੇ ਕਵੀ, ਪ੍ਰੀਤਲੜੀ



ਦੇ ਨੂਰ-ਕੁੰਡ ਵਿਚੋਂ ਨਹਾ ਕੇ ਹੀ ਲੋਕਾਂ ਸਾਹਮਣੇ ਲਿਸ਼ਕਦੇ ਹਨ। ਅਜ ਦੀ ਪੀਹੜੀ ਕੇ ਬਹੁਤ ਸਾਰੇ ਪੰਜਾਬੀ ਲਿਖਾਰੀਆਂ ਨੂੰ ਵੀ ਪ੍ਰੀਤ ਲੜੀ ਦੀ ਪਰੇਰਨਾ ਦਾ ਹੀ ਥਾਪੜਾ ਹੈ।

ਪਿਛਲੀ ਵੱਡੀ ਜੰਗ ਤੋਂ ਮਗਰੋਂ "ਪ੍ਰੀਤ ਲੜੀ" ਅਤੇ ਸਰਦਾਰ ਗੁਰਬਖ਼ਸ਼ ਸਿੰਘ ਦੀ ਪਰਸਿੱਧੀ ਕਸਤੂਰੀ ਦੀਆਂ ਮਹਿਕਾਂ ਵਾਂਗ ਸਾਰੇ ਸੰਸਾਰ ਵਿਚ ਫੈਲ ਗਈ, ਉਹਨਾਂ ਦੀ ਕਲਮ ਨੇ ਵੀ ਇਕ ਹੋਰ ਸੁਖਾਵਾਂ ਮੋੜ ਕੱਟਿਆ। ਮਨੁੱਖੀ ਬਰਾਬਰੀ, ਨਿਆਂ-ਪੂਰਬਕ ਸਮਾਜ, ਅਮਨ ਅਤੇ ਜਮਹੂਰੀਅਤ ਦੇ ਹੱਕ ਵਿਚ ਪ੍ਰੀਤ ਲੜੀ ਦੀ ਆਵਾਜ਼ ਵਿਚ ਤੂਫ਼ਾਨੀ ਜ਼ੋਰ ਆ ਗਿਆ। ਪਹਿਲਾਂ ਉਹਨਾਂ ਨੇ ਮਨੁੱਖ ਪੱਖੀ ਵਿਚਾਰ ਪਰਗਟ ਕੀਤੇ। ਫੇਰ ਸਹਿਜੇ ਸਹਿਜੇ ਆਦਰਸ਼ਵਾਦ, ਵਿਅਕਤੀਗਤ ਸੁਤੰਤਰਤਾ, ਆਦਿ ਰਾਹੀਂ ਸਮਾਜਵਾਦੀ ਵਿਚਾਰਧਾਰਾ ਵਲ ਪਰੇਰੇ ਗਏ ਅਤੇ ਸੰਸਾਰ ਅਮਨ ਲਹਿਰ ਵਿਚ ਪੈ ਕੇ ਆਪ ਨੇ ਪੱਛਮੀ ਦੇਸ਼ਾਂ, ਅਤੇ ਸਮਾਜਵਾਦੀ ਦੇਸ਼ਾਂ ਦੇ ਲੋਕਾਂ ਨਾਲ ਨਿੱਘਾ ਨਿੱਜੀ ਸੰਪਰਕ ਕਾਇਮ ਕੀਤਾ। ਇਹ ਬੜਾ ਵਿਸ਼ਾਲ ਤੇ ਭਰਪੂਰ ਅਨੁਭਵ ਸੀ, ਜਿਸ ਦਾ ਪ੍ਰਗਟਾਵਾ ਅਜ ਵੀ ਪ੍ਰੀਤ ਲੜੀ ਦੇ ਪੰਨਿਆਂ ਵਿਚ ਹੋ ਰਿਹਾ ਹੈ।

ਚਾਹੇ ਉਹ ਅਜ ੭੫ ਸਾਲ ਦੇ ਹਨ, ਉਹਨਾਂ ਦਾ ਜੀਵਨ ਤੇ ਕਲਮ ਅਜੇ ਵੀ ਜਵਾਨਾਂ ਵਾਂਗ ਨੱਚਦੀ ਹੈ। ਉਹਨਾਂ ਦਾ ਚਾਅ ਮੱਠਾ ਨਹੀਂ ਪਿਆ। ਉਹ ਸੁੰਦਰਤਾ ਤੇ ਜਵਾਨੀ ਦੇ ਹੀ ਆਰਟਿਸਟ ਹਨ। ਉਹਨਾਂ ਦੀ 'ਸੋਚ-ਉਡਾਰੀ' ਵਿਚ ਅਜੇ ਵੀ ਜਵਾਨਾਂ ਵਾਲੀ ਦਲੇਰੀ ਤੇ ਸਾਹਸ ਹੈ ਅਤੇ ਸ਼ੈਲੀ ਵਿਚ ਇਕ ਖ਼ੂਬਸੂਰਤ ਖਿਚ। ਸੱਚ ਤਾਂ ਇਹ ਹੈ ਕਿ ਪੰਜਾਬੀ ਸਾਹਿਤ ਦਾ ਸੁੰਦਰ ਸਰੂਪ ਜੋ ਅਜ ਦਿਸ ਰਿਹਾ ਹੈ, ਉਸ ਦੀ ਨੱਕਾਸ਼ੀ ਵਿਚ ਉਹਨਾਂ ਦੀ ਇਕ ਵਡੀ ਤੇ ਅਮਿਟ ਦੇਣ ਹੈ।

ਇਹ ਠੀਕ ਹੈ ਕਿ ਸਾਰਕਾਰੋਂ ਦਰਬਾਰੋਂ ਵੀ ਉਹਨਾਂ ਨੂੰ ਮਾਣ ਮਿਲਿਆ ਹੈ, ਪਰ ਜਿੰਨਾ ਮਾਣ ਤੇ ਸਤਿਕਾਰ ਉਹਨਾਂ ਨੂੰ ਅਨੇਕਾਂ ਪਾਠਕਾਂ, ਸਾਹਿਤ ਦੇ ਰਸੀਆਂ ਨੇ ਦਿਤਾ ਹੈ, ਉਹ ਬੇ-ਮਿਸਾਲ ਹੈ। ਇਹੀ ਕਾਰਨ ਹੈ ਕਿ ਉਮਰ ਦੇ ਇਸ ਪੜਾਅ ਉਪਰ ਵੀ ਸ: ਗੁਰਬਖ਼ਸ਼ ਸਿੰਘ ਦਾ ਮੱਥਾ ਡਲ੍ਹਕਦਾ ਹੈ, ਬੁੱਲ੍ਹਾਂ ਉਪਰ ਮੁਸਕਾਨ ਮਚਲਦੀ ਹੈ, ਦਿਲ ਹਰ ਇਕ ਲਈ ਉੱਛਲਦਾ ਹੈ, ਮਸਤਕ ਤੇ ਕਦੇ ਵੱਟ ਨਹੀਂ ਪੈਂਦਾ, ਜ਼ਬਾਨ ਦੇ ਬੋਲ ਅਜ ਵੀ ਮਿਸਰੀਆਂ ਘੋਲਦੇ ਹਨ। ਵਾਹਿਗੁਰੂ ਇਸ ਖੇੜੇ ਦੇ ਪ੍ਰਸਤਾਰ ਦੀ ਉਮਰ ਹੋਰ ਲੰਮੀ ਕਰੇ।

# ਗੁਰਬਖ਼ਸ਼ ਸਿੰਘ

ਗੁਰਮੁਖ ਸਿੰਘ ਮੁਸਾਫ਼ਿਰ

ਗੁਰਬਖ਼ਸ਼ ਸਿੰਘ ਨੇ ਜਿਹੜੀ 'ਪ੍ਰੀਤਾਂ ਦੀ ਲੜੀ' ਪਰੋਈ ਹੈ, ਉਸ ਦੀ ਉਪਮਾ ਕਿਸੇ ਵੀ ਹੋਰ ਲੜੀ ਨਾਲ ਦੇਣ ਤੋਂ ਮੈਂ ਸੰਕੋਚ ਕਰ ਰਿਹਾ ਹਾਂ। ਫੁੱਲਾਂ ਦੀ ਲੜੀ ਤਾਂ ਤੁਰਤ ਹੀ ਕੁਮਲਾ ਜਾਂਦੀ ਹੈ, ਹੰਢਣ-ਸਾਰ ਮਣਕੇ ਵੀ ਪੁਰਾਣੇ ਹੋ ਕੇ ਆਪਣੀ ਚਮਕ, ਖ਼ੂਬਸੂਰਤੀ ਜਾਂ ਖਿੱਚ ਨੂੰ ਘਟਾ ਲੈਂਦੇ ਹਨ। ਉਸ ਲੜੀ ਦੀਆਂ ਮਜ਼ਬੂਤ ਤਾਰਾਂ ਵੀ ਢਿੱਲੀਆਂ ਪੈ ਜਾਂਦੀਆਂ ਹਨ, ਪਰ ਗੁਰਬਖ਼ਸ਼ ਸਿੰਘ ਦੀ ਪਰੋਈ 'ਪ੍ਰੀਤ ਲੜੀ' ਦੇ ਮਣਕੇ ਜਿਉਂ ਜਿਉਂ ਪੁਰਾਣੇ ਹੋਣਗੇ, ਉਹਨਾਂ ਦੀ ਚਮਕ ਵਧਦੀ ਜਾਏਗੀ। ਇਸ ਲਈ ਇਸ 'ਪ੍ਰੀਤ ਲੜੀ' ਵਾਸਤੇ ਢੁਕਵੀਂ ਉਪਮਾਂ ਇਹ ਆਪ ਹੀ ਹੈ।

ਗੁਰਬਖ਼ਸ਼ ਸਿੰਘ ਦੇ ਨਾਮ ਵਿਚ 'ਪ੍ਰੀਤ ਲੜੀ' ਇਸ ਤਰ੍ਹਾਂ ਰਚ-ਮਿਚ ਗਈ ਹੈ ਕਿ ਦੋਹਾਂ ਵਿਚੋਂ ਇਕ ਨਾਮ ਲੈ ਲਵੋ ਤਾਂ ਦੋਵੇਂ ਆ ਜਾਂਦੇ ਹਨ। 'ਪ੍ਰੀਤ ਲੜੀ' ਸੈਂਤੀਆਂ ਸਾਲਾਂ ਦੀ ਜਵਾਨ ਹੈ, ਤੇ ਗੁਰਬਖ਼ਸ਼ ਸਿੰਘ ਦਾ ੭੫ਵਾਂ ਸਾਲ ਹੈ। ਗੁਰਬਖ਼ਸ਼ ਸਿੰਘ ਨੇ ਇਸ 'ਪ੍ਰੀਤ ਲੜੀ' ਨੂੰ ਆਪਣੀ ਜਵਾਨੀ ਵਿਚ ਜਨਮ ਦਿਤਾ, ਮੇਰਾ ਨਿਸਚਾ ਹੈ ਕਿ ਉਹ 'ਪ੍ਰੀਤ ਲੜੀ' ਹੁਣ ਜਵਾਨ ਹੋ ਕੇ ਇਸ ਵੱਡੀ ਉਮਰ ਵਿਚ ਗੁਰਬਖ਼ਸ਼ ਸਿੰਘ ਨੂੰ ਜਵਾਨ ਰਖ ਰਹੀ ਹੈ। ਆਪਣੀ ਮਾਤ-ਭਾਸ਼ਾ ਦੀ ਸੇਵਾ ਦਾ ਜੋ ਅੰਮ੍ਰਿਤ ਗੁਰਬਖ਼ਸ਼ ਸਿੰਘ ਹੁਰਾਂ ਪੀਤਾ ਹੈ — ਗੁਰਬਖ਼ਸ਼ ਸਿੰਘ ਹੁਰੀਂ ਆਪਣੇ ਆਪ ਨੂੰ ਭਾਵੇਂ ਕਿਸੇ ਹੋਰ ਗੱਲ ਕਰ ਕੇ ਜਵਾਨ ਮਹਿਸੂਸ ਕਰਦੇ ਹੋਣ, ਪਰ ਮੇਰੀ ਜਾਚੇ — ਉਹ ਅੰਮ੍ਰਿਤ ਹੀ ਹੈ ਅਤੇ ਉਹ ਮਾਤ-ਭਾਸ਼ਾ ਦੀ ਸੇਵਾ ਦਾ ਨਸ਼ਾ ਹੀ ਹੈ, ਜੋ ਇਹਨਾਂ ਨੂੰ ਜਵਾਨ ਰਖ ਰਿਹਾ ਹੈ।

ਗੁਰਬਖ਼ਸ਼ ਸਿੰਘ ਨੇ ਪੰਜਾਬੀ ਪੜ੍ਹਿਆਂ ਨੂੰ ਸਾਰੇ ਸੰਸਾਰ ਨਾਲ ਜੋੜਿਆ। ਉਹ ਕਲਾਕਾਰ ਹੈ, ਉਹ ਆਪਣੀ ਕਲਮ ਦੇ ਬੁਰਸ਼ ਦੀ ਛੁਹ ਨਾਲ ਕਿਸੇ ਦੀ ਵੀ ਨੁਹਾਰ ਨਿਖਾਰ ਸਕਦਾ ਸੀ। ਆਪਣੀ ਕਲਮ ਲਈ ਚੋਣ ਉਸ ਦੀ ਉੱਤਮ ਸੂਝ-ਬੂਝ ਦੀ ਸੂਚਕ ਹੈ। ਇਸ ਚੋਣ ਵਿਚ ਅਣਖ ਦੀ ਅੰਸ਼ ਹੈ। "ਪ੍ਰੀਤ ਲੜੀ ਦੇ ਮਣਕੇ ਪੁਰਾਣੇ ਹੋ ਕੇ ਲਿਸ਼ਕਣਗੇ" — ਇਹ ਗੱਲ ਮੈਂ ਐਵੇਂ ਨਹੀਂ ਆਖ ਰਿਹਾ।

੧੯੫੪ ਦੀ ਗੱਲ ਹੈ, ਮੈਂ ਪਹਿਲੀ ਵੇਰ ਤਾਸ਼ਕੰਦ ਗਿਆ, ੧੭ ਜੁਲਾਈ — ਮੈਨੂੰ ਤਾਰੀਖ਼ ਵੀ ਯਾਦ ਹੈ। ਸ਼ਹਿਰ ਦੇ ਵਡੇ ਚੌਕ ਵਿਚ ਪਠਾਣੀ ਪਗੜੀ ਤੇ ਸਲਵਾਰ ਵਾਲਾ ਇਕ ਬੁੱਤ ਖੜਾ ਹੈ। ਇਹ ਬੁੱਤ ਇਕ ਪ੍ਰਸਿਧ ਉਜ਼ਬੇਕੀ ਸ਼ਾਇਰ ਅਲੀ ਸ਼ੇਰ ਨਵਾਏ ਦਾ ਹੈ। ਜਨਤਾ ਦੇ ਇਸ ਮਸ਼ਹੂਰ ਸ਼ਾਇਰ ਦੀ ੧੯੪੧ ਵਿਚ ਪੰਜ ਸੌ ਸਾਲਾ ਬਰਸੀ ਮਨਾਈ ਗਈ ਤੇ ਇਹ



ਬੁੱਤ ਸਥਾਪਤ ਕੀਤਾ ਗਿਆ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ੧੪੪੧ ਵਿਚ ਇਸ ਦੀ ਜਿਸਮਾਨੀ ਮੌਤ ਹੋਈ ਸੀ। ਇਸ ਸ਼ਾਇਰ ਦੀ ਖ਼ੂਬੀ ਇਹ ਸੀ ਕਿ ਇਹ ਆਪਣੀ ਜ਼ਬਾਨ ਉਜ਼ਬੇਕੀ ਵਿਚ ਲਿਖਦਾ ਸੀ। ਉਸ ਜ਼ਮਾਨੇ ਵਿਚ ਫ਼ਾਰਸੀ ਵਿਚ ਲਿਖਣ ਵਾਲੇ ਨੂੰ ਵਜ਼ੀਫ਼ੇ ਤੇ ਇਨਾਮ ਮਿਲਦੇ ਸਨ। ਮੁਕਾਬਲੇ ਲਈ ਵੀ ਫ਼ਾਰਸੀ ਦੇ ਸ਼ਾਇਰ ਹੀ ਮਿਥੇ ਜਾਂਦੇ ਸਨ। ਅਲੀ ਸ਼ੇਰ ਨਵਾਏ ਨੇ ਕਿਸੇ ਇਵਜ਼ਾਨੇ ਦੀ ਪਰਵਾਹ ਨਾ ਕਰਦਿਆਂ ਆਪਣੀ ਜ਼ਬਾਨ ਵਿਚ ਹੀ ਲਿਖਣਾ ਸ਼ੁਰੂ ਕੀਤਾ। ਫ਼ਾਰਸੀ ਵਿਚ ਵੀ ਇਹ ਲਿਖ ਸਕਦਾ ਸੀ — ਪ੍ਰੇਰਨਾ ਵੀ ਕੀਤੀ ਗਈ, ਪਰ ਇਹ ਆਪਣੀ ਗੱਲ ਤੇ ਕਾਇਮ ਰਿਹਾ। ਲਿਖਦਾ ਬਹੁਤ ਚੰਗਾ ਸੀ, ਇਸ ਵਾਸਤੇ ਇਸ ਦੀਆਂ ਲਿਖਤਾਂ ਪੜ੍ਹਨ ਦੇ ਸ਼ੌਕੀਨਾਂ ਨੂੰ ਤਰਜਮੇਂ ਕਰਵਾਣੇ ਪਏ। ਜ਼ਿੰਦਗੀ ਵਿਚ ਤਾਂ ਇਸ ਦਾ ਮਾਣ ਹੋਇਆ ਹੀ — ਇਸ ਦਾ ਕਿੱਸਾ 'ਸ਼ੀਰੀਂ ਫ਼ਰਹਾਦ' ਤੇ ਇਸ ਦੀਆਂ ਪੰਜ ਨਜ਼ਮਾਂ ਹਰ ਇਕ ਜ਼ਬਾਨ ਵਿਚ ਤਰਜਮਾ ਹੋਈਆਂ, ਇਸ ਦੀਆਂ ਹੱਥ-ਲਿਖਤਾਂ ਤਾਸ਼ਕੰਦ ਦੇ ਮਿਊਜ਼ੀਅਮ ਵਿਚ ਸੰਭਾਲੀਆਂ ਪਈਆਂ ਹਨ — ਜਿਤਨਾ ਸਮਾਂ ਗੁਜ਼ਰਦਾ ਗਿਆ, ਇਸ ਦੀ ਕੀਰਤੀ ਚਮਕਦੀ ਗਈ। ਪੰਜ ਸੌ ਸਾਲ ਪਿਛੋਂ ਆਰਟਿਸਟਾਂ ਨੇ ਖੋਜ ਖੋਜ ਕੇ ਕੁਝ ਤਸਵੀਰਾਂ ਦੀ ਬਿਨਾਅ ਤੇ ਕੁਝ ਅੰਦਾਜ਼ੇ ਨਾਲ ਇਸ ਦੀਆਂ ਤਸਵੀਰਾਂ ਬਣਾਈਆਂ। ਤਸਵੀਰਾਂ ਦੇ ਵੀ ਮੁਕਾਬਲੇ ਹੋਏ, ਜਿਹੜੀ ਨੰਬਰ ਇਕ ਤੇ ਆਈ, ਉਸ ਦੇ ਆਧਾਰ ਤੇ ਇਹ ਬੁੱਤ ਬਣਾਇਆ, ਜਿਹੜਾ ਤਾਸ਼ਕੰਦ ਦੇ ਚੌਕ ਵਿਚ ਸਥਾਪਤ ਕੀਤਾ ਗਿਆ। ਇਹ ਮੈਂ ਇਕ ਮਿਸਾਲ ਦਿਤੀ ਹੈ।

ਮੇਰੀ ਰਾਇ ਹੈ ਕਿ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਦੀ ਬੁਨਿਆਦ ਬੜੀ ਪੱਕੀ ਹੈ। ਕਹਾਣੀ ਨਾਲੋਂ ਵੀ ਵਧ, ਉਸ ਨੇ ਆਪਣੇ ਡੂੰਘੇ ਵਿਚਾਰਾਂ ਨੂੰ ਜਿਸ ਸੁੰਦਰ ਢੰਗ ਨਾਲ ਬਿਆਨਿਆ ਹੈ, ਉਹ ਇਕ ਯਾਦਗਾਰੀ ਚੀਜ਼ ਬਣ ਜਾਣਗੀਆਂ। ਲਿਖਣ ਢੰਗ ਉਸ ਦਾ ਵਖਰਾ ਅਤੇ ਅਸਰ ਪਾਊ ਹੈ। ਪੰਜਾਬੀ ਦੇ ਅਨੇਕਾਂ ਲਫ਼ਜ਼ ਉਸ ਨੇ ਉਜਾਗਰ ਕਰ ਕੇ ਮਾਂਜ-ਪੋਚ ਕੇ ਆਪਣੀਆਂ ਲਿਖਤਾਂ ਵਿਚ ਫਬਾਏ ਹਨ, ਇਸ ਤਰ੍ਹਾਂ ਪੰਜਾਬੀ ਦੇ ਭੰਡਾਰੇ ਨੂੰ ਭਰਪੂਰ ਕੀਤਾ ਹੈ। ਗੁਰਬਖ਼ਸ਼ ਸਿੰਘ ਦੀ ਜਾਣਕਾਰੀ ਬੜੀ ਵਿਸ਼ਾਲ ਹੈ। ਦੇਸਾਂ-ਪ੍ਰਦੇਸਾਂ ਵਿਚ ਫਿਰ ਕੇ ਜੋ ਕੁਝ ਉਸ ਨੇ ਵੇਖਿਆ, ਸੁਣਿਆ ਤੇ ਪੜ੍ਹਿਆ, ਉਹ ਪੰਜਾਬੀ ਜ਼ਬਾਨ ਰਾਹੀਂ ਪੰਜਾਬੀਆਂ ਨੂੰ ਪੜ੍ਹਾ ਦਿਤਾ।

ਜਿਸ ਵੇਲੇ ਅਲੀ ਸ਼ੇਰ ਨਵਾਏ ਨੇ ਉਜ਼ਬੇਕੀ ਜ਼ਬਾਨ ਵਿਚ ਲਿਖਣਾ ਆਰੰਭ ਕੀਤਾ, ਉਸ ਵੇਲੇ ਉਜ਼ਬੇਕੀ ਦੀ ਹਾਲਤ ਇਹੋ ਹੋਵੇਗੀ, ਜੋ ਕੁਝ ਸਾਲ ਪਹਿਲਾਂ — ਤੇ ਮੈਂ ਸਮਝਦਾ ਹਾਂ, ਹੁਣ ਵੀ — ਪੰਜਾਬੀ ਜ਼ਬਾਨ ਦੀ ਹੈ। ਅਲੀ ਸ਼ੇਰ ਨਵਾਏ ਦੀਆਂ ਨਜ਼ਮਾਂ ਨੇ ਕਈਆਂ ਨੂੰ ਉਜ਼ਬੇਕੀ ਸਿੱਖਣ ਤੇ ਮਜਬੂਰ ਕੀਤਾ ਹੋਵੇਗਾ, ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਗੁਰਬਖ਼ਸ਼ ਸਿੰਘ ਦੀਆਂ ਲਿਖਤਾਂ ਨੇ ਕਈਆਂ ਦੀ ਰੁਚੀ ਪੰਜਾਬੀ ਪੜ੍ਹਨ ਵਲ ਪ੍ਰੇਰੀ। ਜਿਸ ਵਕਤ ਮੈਂ ਗੁਰਬਖ਼ਸ਼ ਸਿੰਘ ਦੀ ਪੰਜਾਬੀ ਸੰਬੰਧੀ ਕੀਤੀ ਸੇਵਾ ਦੀ ਸ਼ਲਾਘਾ ਕਰਦਾ ਹਾਂ ਤਾਂ ਉਸ ਦੇ ਹੋਰ ਇਸੇ ਤਰ੍ਹਾਂ ਦੇ ਸਮਕਾਲੀ ਲਿਖਾਰੀਆਂ ਨੂੰ ਅੱਖੋਂ ਓਹਲੇ ਨਹੀਂ ਕਰਦਾ, ਪਰ ਇਹ ਇਕ ਹਕੀਕਤ ਹੈ ਕਿ ਗੁਰਬਖ਼ਸ਼ ਸਿੰਘ ਦੀ ਕਲਮ ਨੇ ਪੰਜਾਬੀ ਨੂੰ ਬਹੁਤ ਵਡਿਆਈ ਦਿਤੀ ਹੈ। ਗੁਰਬਖ਼ਸ਼ ਸਿੰਘ ਹੋਰਾਂ ਨੂੰ ਮੈਂ ਉਹਨਾਂ ਦੀ 'ਪ੍ਰੀਤ ਲੜੀ' ਜਾਰੀ ਕਰਨ ਦੇ ਵੇਲੇ ਤੋਂ ਹੀ ਜਾਣਦਾ ਹਾਂ ਤੇ ਉਹਨਾਂ ਦੀਆਂ ਲਿਖਤਾਂ ਪੜ੍ਹਨ ਅਤੇ ਜ਼ਾਤੀ ਤੌਰ ਤੇ ਨੇੜੇ ਹੋਣ ਦਾ ਮਾਣ ਵੀ ਮੈਨੂੰ ਪ੍ਰਾਪਤ ਰਿਹਾ ਹੈ। ਮੇਰੇ ਉਹਨਾਂ ਸੰਬੰਧੀ ਵਿਚਾਰ ਸੁਣੀ ਸੁਣਾਈ ਗੱਲ ਤੇ ਆਧਾਰਤ ਨਹੀਂ।

ਸਾਹਿਤਕਾਰ ਹੋਣ ਤੋਂ ਇਲਾਵਾ ਉਹ ਮੰਨੇ ਪ੍ਰਮੰਨੇ ਇੰਜੀਨੀਅਰ ਵੀ ਹਨ। ਆਪਣੇ ਉਸ

ਮੈਦਾਨ ਵਿਚ ਵੀ ਉਹਨਾਂ ਨੂੰ ਬੜਾ ਮਾਣ ਹਾਸਲ ਸੀ। ਇਕ ਇੰਜੀਨੀਅਰ ਆਰਕੀਟੈਕਟ ਨੂੰ ਸੁਭਾਵਕ ਹੀ ਸੁਆਰੀ ਹੋਈ ਉਸਾਰੀ ਦੀ ਜਾਚ ਹੁੰਦੀ ਹੈ। ਗੁਰਬਖ਼ਸ਼ ਸਿੰਘ ਨੇ ਪੰਜਾਬੀ ਦਾ ਮਹੱਲ ਉਸਾਰਦਿਆਂ ਕੋਈ ਵੀ ਬੇ-ਮੇਚਵੀਂ ਇੱਟ ਨਹੀਂ ਰਖੀ। ਉਸ ਦੀਆਂ ਲਿਖਤਾਂ ਦਾ ਇਕ ਇਕ ਅੱਖਰ ਮੇਚਵਾਂ ਤੇ ਢੁੱਕਵਾਂ ਹੈ, ਜਿਸ ਨੂੰ ਬਦਲਣ ਦੀ ਗੁੰਜਾਇਸ਼ ਨਹੀਂ। ਗੁਰਬਖ਼ਸ਼ ਸਿੰਘ ਨੂੰ ਨਾ ਟੁੱਟੀ-ਖੁੱਸੀ ਲਿਖਤ ਪਸੰਦ ਹੈ, ਨਾ ਟੁੱਟਾ-ਖੁੱਸਾ ਲਿਬਾਸ। ਸੋਹਣਾ ਜਾਪਣ ਦੀ ਚਾਹ ਸੋਹਣਾ ਦਿੱਸਣ ਵਿਚ ਤੇ ਸੋਹਣਿਆਂ ਰਖਣ 'ਚ ਬੜੀ ਸਹਾਈ ਹੁੰਦੀ ਹੈ। ਆਲਾ-ਦੁਆਲਾ ਸੋਹਣਾ, ਸੁਥਰਾ ਤੇ ਵੇਖਣਯੋਗ ਰਖਣਾ ਗੁਰਬਖ਼ਸ਼ ਸਿੰਘ ਦੀ ਬੜੀ ਚਾਹ ਹੈ। ਪ੍ਰੀਤ-ਮਿਲਣੀਆਂ ਰਾਹੀਂ ਗੁਰਬਖ਼ਸ਼ ਸਿੰਘ ਦੀ ਇਹ ਸੁਚੱਜੀ ਚਾਹ ਸਫ਼ਲ ਹੋਵੇਗੀ।

ਅੱਜ ੭੫ਵੇਂ ਸਾਲ ਦੇ ਜਨਮ ਦਿਨ ਉਪਰ ਸੰਦੇਸ਼ ਦਿੰਦਿਆਂ ਮੈਂ ਵੀ ਆਪਣੀ ਇਕ ਦਿਲੀ ਚਾਹ ਪ੍ਰਗਟ ਕਰਦਾ ਹਾਂ ਕਿ: ਗੁਰਬਖ਼ਸ਼ ਸਿੰਘ ਦੀ ਮੌਜੂਦਗੀ ਵਿਚ ਅਸੀਂ ਉਹਨਾਂ ਦੀ ਸੌ ਸਾਲਾ ਜੈਯੰਤੀ ਮਨਾਈਏ। ਨਾਲ ਹੀ ਇਕ ਹੋਰ ਚਾਹ ਪਰਗਟ ਕਰਨ ਵਿਚ ਵੀ ਮੈਨੂੰ ਸੰਕੋਚ ਨਹੀਂ, ਉਸ ਸੌ-ਸਾਲਾ ਜੈਯੰਤੀ ਦੇ ਸਮਾਗਮ ਵਿਚ ਕਿਧਰੇ ਦੂਰ-ਨੇੜੇ ਮੈਂ ਵੀ ਬੈਠਾ ਹੋਵਾਂ।



## ਤੁਮ ਸਲਾਮਤ ਰਹੋ ਹਜ਼ਾਰ ਬਰਸ

ਬਲਰਾਜ ਸਾਹਨੀ

ਮੇਰੇ ਦਿਲ ਵਿਚ ਦਾਰ ਜੀ ਦੀ ਸਭ ਤੋਂ ਜ਼ਿਆਦਾ ਕਦਰ ਉਹਨਾਂ ਦੀ ਵਾਰਤਕ ਲਈ ਹੈ। ਉਹਨਾਂ ਪੰਜਾਬੀ ਨਸਰ ਨੂੰ ਸਾਹਿਤਕ ਪ੍ਰੋੜ੍ਹਤਾ ਬਖ਼ਸ਼ੀ ਹੈ। ਉਸ ਦੇ ਮਿਜ਼ਾਜ ਨਾਲ ਜ਼ੋਰ-ਅਜ਼ਮਾਈ ਕੀਤੇ ਬਿਨਾਂ, ਸਵੈ-ਵਿਸ਼ਵਾਸ ਨਾਲ, ਉਸ ਦੇ ਸੁਭਾਵਕ ਸਰੂਪ ਨੂੰ ਨਿਖਾਰਿਆ ਹੈ। ਉਸ ਨੂੰ ਨਾ ਕਿਸੇ ਹੋਰ ਬੋਲੀ, ਅਤੇ ਨਾ ਕਿਸੇ ਹੋਰ ਸ਼ੈਲੀ ਦਾ ਹੀ ਕਰਜ਼ਦਾਰ ਬਣਾਇਆ ਹੈ।

ਸ਼ੁਰੂ ਸ਼ੁਰੂ ਵਿਚ ਮੈਨੂੰ ਦਾਰ ਜੀ ਦੀ ਲਿਖਾਈ ਕੁਝ ਓਪਰੀ ਤੇ ਕੁਝ ਔਖੀ ਲਗਦੀ ਸੀ। ਇਸ ਦਾ ਕਾਰਨ ਮੇਰਾ ਆਪਣਾ ਅਗਿਆਨ ਸੀ। ਮੈਂ ਕੇਵਲ ਮੂੰਹੋਂ ਸੁਣੀ ਪੰਜਾਬੀ ਨਾਲ ਵਾਕਫ਼ ਸਾਂ। ਉਸ ਦਾ ਲੋਚ ਸਵਾਦ ਨਾਨਕ ਸਿੰਘ ਅਤੇ ਸੋਹਨ ਸਿੰਘ ਸੀਤਲ ਵਰਗੇ ਨਾਵਲਕਾਰਾਂ ਨੇ ਵਾਹ ਵਾਹ ਕਾਇਮ ਰਖਿਆ ਸੀ, ਅਤੇ ਪਾਠਕਾਂ ਦੇ ਮਨ ਮੋਹੇ ਸਨ। ਕਥਾਕਾਰ ਲਈ ਉਹੀ ਸ਼ੈਲੀ ਸਾਰਥਕ ਹੈ ਅਤੇ ਪੰਜਾਬੀ ਦੇ ਪਿੜ ਵਿਚ ਆਉਣ ਵਾਲਾ ਨਵਾਂ ਪਾਠਕ ਝਟ ਉਸ ਦਾ ਆਸ਼ਕ ਹੋ ਜਾਂਦਾ ਹੈ। ਇਹ ਗੱਲ ਸੁਭਾਵਕ ਹੈ।

ਪਰ ਕੋਈ ਜੀਂਦੀ ਜਾਗਦੀ ਜ਼ਬਾਨ, ਬੋਲਚਾਲ ਦੇ ਨੇੜੇ ਰਹਿ ਕੇ ਵੀ, ਕੇਵਲ ਇਕੋ ਸ਼ੈਲੀ ਵਿਚ ਨਹੀਂ ਲਿਖੀ ਜਾਂਦੀ। ਉਹ ਹਰ ਪ੍ਰਬੀਨ ਲਿਖਾਰੀ ਲਈ ਆਪਣੇ ਅੰਦਰੋਂ ਨਵੀਆਂ ਸੰਭਵਤਾਵਾਂ ਕੱਢ ਕੇ ਦੇਂਦੀ ਹੈ। ਲੇਖਕ ਦਾ ਆਪਣਾ ਕਿਰਦਾਰ ਉਸ ਦੀ ਸ਼ੈਲੀ ਵਿਚ ਛਲਕ ਆਉਂਦਾ ਹੈ ਅਤੇ ਇਸ ਉਚੇਰੇ ਦਰਜੇ ਦਾ ਸੁਆਦ ਚੱਖਣ ਲਈ ਪਾਠਕ ਦਾ ਆਪਣਾ ਅਧਿਅਨ ਵਿਸ਼ਾਲ ਹੋਣਾ ਜ਼ਰੂਰੀ ਹੈ।

ਦਾਰ ਜੀ ਦੀ ਸ਼ੈਲੀ ਇਕ ਚਿੰਤਕ ਅਤੇ ਪ੍ਰੇਰਕ ਦੀ ਸ਼ੈਲੀ ਹੈ। ਇਸ ਲਈ ਸੰਜਮ ਤੋਂ ਕੰਮ ਲਏ ਬਿਨਾਂ ਉਹਨਾਂ ਦਾ ਨਹੀਂ ਸਰਦਾ। ਥੋੜੀ ਗੱਲ ਬਹੁਤੇ ਵਿਚ ਕਹਿਣਾ ਕਥਾਕਾਰ ਦੇ ਹੁਨਰ ਦਾ ਪ੍ਰਮਾਣ ਹੈ। ਪਰ ਚਿੰਤਕ ਦੀ ਉਹੀ ਗੱਲ ਦਿਲ ਵਿਚ ਉਤਰਦੀ ਹੈ ਜੋ ਉਹ ਥੋੜੇ ਵਿਚ ਕਹਿ ਗਿਆ ਹੋਵੇ। ਨਾਵਲਕਾਰ ਦਾ ਟੀਚਾ ਹੈ ਪਾਠਕ ਨੂੰ ਆਪਣਾ ਆਪ ਭੁਲਾ ਦੇਣਾ। ਚਿੰਤਕ ਦਾ ਕੰਮ ਹੈ ਉਸ ਦੀ ਚੇਤਨਾ ਨੂੰ ਤੀਬਰ ਕਰਨਾ। ਉਹਨੂੰ ਆਪ ਮਿਹਨਤ ਕਰਨ ਲਈ ਰਾਜ਼ੀ ਕਰਨਾ।

ਦਾਰ ਜੀ ਦੀ ਵਾਰਤਕ ਦਾ ਸੰਜਮ ਅਪੂਰਬ ਹੈ। ਕਾਰਨ, ਉਹਨਾਂ ਦਾ ਚਿੰਤਨ ਮੰਗਿਆ ਪਿੰਨਿਆ ਹੋਇਆ ਨਹੀਂ। ਸ਼ਬਦਾਂ ਦਾ ਅਡੰਬਰ ਖੜਾ ਨਹੀਂ ਕਰਦੇ। ਉਹ ਆਪਣੇ ਜੀਵਨ-ਅਨੁਭਵ ਦੇ ਆਧਾਰ ਤੇ ਲਿਖਦੇ ਹਨ, ਅਤੇ ਉਹੀ ਕੁਝ ਲਿਖਦੇ ਹਨ ਜਿਸ ਲਈ ਉਹ ਆਪ ਜਵਾਬਦੇਹ ਹੋਣ। ਉਹਨਾਂ ਲਈ ਨਾ ਤਾਂ ਸਿੱਖ ਸਿਧਾਂਤ, ਨਾ ਮਾਰਕਸਵਾਦ ਅਤੇ ਨਾ ਕੋਈ

ਹੋਰ ਵਿਚਾਰ-ਧਾਰਾ, ਅਕਸੀਰ ਦਾ ਦਰਜਾ ਰਖਦੀ ਹੈ । ਜੋ ਕੁਝ ਅੱਜ ਦੀਆਂ ਹਾਲਤਾਂ ਵਿਚ ਉਹਨਾਂ ਦੇ ਆਪਣੇ ਲਈ, ਅਤੇ ਮਨੁੱਖਤਾ ਲਈ ਵੀ, ਕਲਿਆਣਮਈ ਹੈ, ਉਹੀ ਸੱਚਾ ਤੇ ਗ੍ਰਹਿਣ ਕਰਨ ਯੋਗ ਹੈ ।

ਮਨੁੱਖੀ ਪ੍ਰੇਮ ਦੀ ਭਾਵਨਾ ਹੀ ਉਹਨਾਂ ਦੀ ਸ਼ੈਲੀ ਦਾ ਮੂਲ-ਸ੍ਰੋਤ ਕਿਹਾ ਜਾ ਸਕਦਾ ਹੈ । ਇਸ ਰਾਹੀਂ ਉਹ ਆਪਣੇ ਪਾਠਕ-ਮੰਡਲ ਦੇ ਦਿਮਾਗਾਂ ਵਿਚੋਂ ਲੰਘ ਕੇ ਦਿਲਾਂ ਵਿਚ ਉਤਰਨ ਦਾ ਆਹਰ ਕਰਦੇ ਹਨ । ਦਿਲਾਂ ਤਕ ਪਹੁੰਚਣ ਨੂੰ ਹੀ ਉਹ ਆਪਣਾ ਟੀਚਾ ਬਣਾਂਦੇ ਹਨ । ਰੁੱਖੀ ਵਿਚਾਰਕਤਾ ਤੋਂ ਦੂਰ ਦੂਰ ਰਹਿੰਦੇ ਹਨ ।

ਮੈਂ ਉਹਨਾਂ ਦੀ ਇਸ ਯੋਗਤਾ ਦਾ ਬੜਾ ਮੁੱਲ ਪਾਂਦਾ ਹਾਂ । ਭਾਸ਼ਾ, ਸੰਸਕ੍ਰਿਤੀ, ਆਰਥਕਤਾ ਰਾਜਨੀਤੀ, ਇਹਨਾਂ ਸਮੱਸਿਆਵਾਂ ਬਾਰੇ ਉਹਨਾਂ ਦੇ ਲੇਖ ਇਤਨੇ ਪੁਰ-ਅਸਰ ਹੁੰਦੇ ਹਨ ਕਿ ਉਹਨਾਂ ਦਾ ਪੰਜਾਬੀ ਪਾਠਕਾਂ ਤੀਕਰ ਸੀਮਿਤ ਰਹਿ ਜਾਣਾ ਅਨਿਆਉਂ ਜਿਹਾ ਪ੍ਰਤੀਤ ਹੋਣ ਲਗ ਜਾਂਦਾ ਹੈ । ਰੁੱਖੀ ਵਿਚਾਰਕਤਾ ਨੇ ਅਜ ਕਲ੍ਹ ਸਾਡੇ ਦੇਸ਼ ਵਿਚ ਆਫ਼ਤ ਮਚਾਈ ਹੋਈ ਹੈ । ਸਰਦਾਰ ਗੁਰਬਖ਼ਸ਼ ਸਿੰਘ ਦਾ ਗੱਲ ਕਹਿਣ ਦਾ ਅੰਦਾਜ਼ ਮਿੱਠਾ ਅਤੇ ਵਿਰੋਧ ਨੂੰ ਸ਼ਾਂਤ ਕਰਨ ਵਾਲਾ ਹੁੰਦਾ ਹੈ।

ਇਸ ਦਾ ਇਹ ਮਤਲਬ ਨਹੀਂ ਕਿ ਗਿਆਨ ਜਾਂ ਕਰਮ ਦੇ ਖੇਤਰ ਵਿਚ ਦਾਰ ਜੀ ਦੀਆਂ ਸਭਨਾਂ ਪ੍ਰਾਪਤੀਆਂ ਦਾ ਮੈਂ ਸਮਰਥਕ ਹਾਂ, ਜਾਂ ਅਪ੍ਰਾਪਤੀਆਂ ਦਾ ਆਲੋਚਕ । ਮੈਨੂੰ ਦਾਰ ਜੀ ਦੇ ਵਿਅਕਤਿਤਵ, ਜਾਂ ਉਹਨਾਂ ਦੇ ਦ੍ਰਿਸ਼ਟੀਕੋਣਾਂ ਨੂੰ ਨੇੜਿਉਂ ਵੇਖਣਾ ਜਾਂ ਜਾਨਣ ਦਾ ਬਹੁਤ ਘਟ ਮੌਕਾ ਮਿਲਿਆ ਹੈ । ਦੋਹਾਂ ਨੂੰ ਮਿਸ਼ਰਤ ਕਰ ਕੇ ਉਹਨਾਂ ਆਪਣੀ ਸਾਹਿਤ-ਸਾਧਨਾਂ ਨੂੰ ਕਿਤਨਾ ਲਾਭ ਪਹੁੰਚਾਇਆ ਹੈ, ਅਤੇ ਕਿਤਨੀ ਹਾਨੀ ਕੀਤੀ ਹੈ, ਇਹ ਮੁੱਲ-ਅੰਕਣ ਵੀ ਬੜਾ ਅਧਿਅਨ ਅਤੇ ਗਹਿਰੀ ਸੋਚ ਮੰਗਦਾ ਹੈ।

ਰਾਬਿੰਦਰ ਨਾਥ ਟੈਗੋਰ ਦੇ ਕਾਇਮ ਕੀਤੇ ਸ਼ਾਂਤੀ ਨਿਕੇਤਨ ਵਿਚ ਮੈਂ ਢਾਈ ਕੁ ਸਾਲ ਰਿਹਾ । ਉਸ ਆਸ਼ਰਮ ਵਿਚ, ਮੈਂ ਅਨੁਭਵ ਕੀਤਾ, ਗੁਰਦੇਵ ਪ੍ਰਭਾਵ ਨਿਰੋਲ ਸਾਹਿਤਕ ਅਤੇ ਸੰਸਕ੍ਰਿਤਕ ਸੀ । ਆਸ਼ਰਮ ਵਾਸੀਆਂ ਦੀ ਸੋਚ, ਜਾਂ ਉਹਨਾਂ ਦੇ ਕਿਰਦਾਰ ਨੂੰ ਕੋਈ ਇਖ਼ਲਾਕੀ ਮੋੜ ਦੇਣਾ ਉਥੇ ਮਕਸੂਦ ਨਹੀਂ ਸੀ । ਏਸ ਵਾਤਾਵਰਣ ਦੇ ਆਪਣੇ ਸੁਹਜ-ਸੁਆਦ ਸਨ, ਬੇਸ਼ਕੀਮਤ ਅਤੇ ਅਭੁੱਲ ।

ਫੇਰ ਵਰ੍ਹਾ ਕੁ ਮੈਨੂੰ ਗਾਂਧੀ ਜੀ ਦੇ ਆਸ਼ਰਮ ਦੇ ਸੇਵਾ-ਗਰਾਮ ਵਿਚ ਰਹਿਣ ਦਾ ਵੀ ਮੌਕਾ ਮਿਲਿਆ । ਏਥੇ ਵਾਤਾਵਰਣ ਨਿਰੋਲ ਇਖ਼ਲਾਕੀ ਸੀ । ਇਸ ਵਾਤਾਵਰਣ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਸਨ ।

ਪ੍ਰੀਤ ਨਗਰ ਦੀ ਸਿਖਰ ਵੇਲੇ ਨਾ ਕੇਵਲ ਮੈਂ ਆਪਣੇ ਦੇਸ ਤੋਂ ਬਲਕਿ ਆਪਣੀ ਪੰਜਾਬੀਅਤ ਤੋਂ ਵੀ ਨਠਿਆ ਹੋਇਆ ਸਾਂ । ਇਹ ਮੇਰੇ ਜੀਵਨ ਦੀ ਇਕ ਵਡੀ ਮਹਿਰੂਮੀ ਹੈ, ਜਿਸ ਉਪਰ ਜਿਤਨਾ ਵੀ ਅਫ਼ਸੋਸ ਕਰਾਂ ਘਟ ਹੈ । ਜਿਸ ਪ੍ਰੀਤ ਨਗਰ ਨੂੰ ਮੈਂ ਹੁਣ ਜਾ ਕੇ ਵੇਖਦਾ ਹਾਂ, ਉਹ ਆਪਣੀ ਪੁਰਾਣੀ ਮਹਾਨਤਾ ਦਾ ਪਾਸਕੂ ਵੀ ਨਹੀਂ । ਪੁਰਾਣੇ ਵਕਤਾਂ ਦਾ ਅਨੁਮਾਨ ਉਸ ਦੇ ਪਿੜੋਂ ਵਿਕੇਂਦਰਿਤ ਹੋਈਆਂ ਹਸਤੀਆਂ ਤੋਂ ਹੀ ਲਾਇਆ ਜਾ ਸਕਦਾ ਹੈ । ਪ੍ਰੀਤ ਨਗਰ ਨੇ ਪੰਜਾਬੀ ਸਾਹਿਤ ਨੂੰ ਡਾਕਟਰ ਜਸਵੰਤ ਗਿੱਲ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਨਵਤੇਜ ਸਿੰਘ ਅਤੇ ਅਨੇਕਾਂ ਹੋਰ ਪ੍ਰਬੀਣ ਲਿਖਾਰੀ ਪ੍ਰਦਾਨ ਕੀਤੇ, ਇਹ ਉਸ ਦੀ ਸਫ਼ਲਤਾ



ਦੀ ਕੋਈ ਛੋਟੀ ਮੋਟੀ ਸੂਚਨਾ ਨਹੀਂ । ਦੇਸ਼ ਦੀ ਵੰਡ ਵੇਲੇ ਪ੍ਰੀਤ ਨਗਰ ਨੇ, ਅਤੇ ਦਾਰ ਜੀ ਨੇ ਆਪ, ਜਿਸ ਢੰਗ ਜਿੰਦ ਹੂਲ ਕੇ ਮਨੁੱਖੀ ਕਦਰਾਂ ਨੂੰ ਕਾਇਮ ਰਖਿਆ, ਉਹ ਬਿਰਤਾਂਤ ਪੰਜਾਬ ਦੇ ਇਤਿਹਾਸ ਵਿਚ ਕਦੇ ਸੋਨੇ ਦੇ ਹਰਫ਼ਾਂ ਵਿਚ ਲਿਖਿਆ ਜਾਵੇਗਾ । ਪ੍ਰੀਤ ਨਗਰ ਬਾਰੇ ਜੋ ਮੈਂ ਪੜ੍ਹਿਆ ਸੁਣਿਆ ਹੈ ਉਸ ਤੋਂ ਅਨੁਮਾਨ ਇਹੀ ਹੁੰਦਾ ਹੈ ਕਿ ਇਸ ਦੀ ਕਾਇਆਂ ਵਿਚ ਸ਼ਾਂਤੀ ਨਿਕੇਤਨ ਅਤੇ ਸੇਵਾਗਰਾਮ ਦੋਵਾਂ ਦੇ ਆਸ਼ਿਆਂ ਦਾ ਮਿਸ਼ਰਣ ਸੀ । ਇਸ ਮਿਸ਼ਰਣ ਵਿਚ ਕਿਤਨੀ ਵਿਵਹਾਰਕਤਾ ਸੀ, ਅਤੇ ਕਿਤਨੀ ਭਾਵੁਕਤਾ, ਕਿਤਨੀ ਅਸਲੀਅਤ ਅਤੇ ਕਿਤਨਾ ਅਡੰਬਰ, ਇਹ ਮੁੱਲ-ਅੰਕਣ ਵੀ ਗੰਭੀਰ ਅਧਿਅਨ ਮੰਗਦਾ ਹੈ । ਮੈਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਕਿ ਪ੍ਰੀਤ ਨਗਰ ਫੇਰ ਸੁਰਜੀਤ ਨਹੀਂ ਹੋ ਸਕਦਾ । ਉਸ ਦੇ ਪੁਨਰ-ਵਿਕਾਸ ਦੀ ਰਾਹ ਦੀਆਂ ਬਾਧਾਵਾਂ ਮੁੱਲ-ਅੰਕਣ ਦੀ ਲੋੜ ਨੂੰ ਹੋਰ ਵੀ ਤਿੱਖਾ ਕਰ ਦੇਂਦੀਆਂ ਹਨ । ਸਰਸਰੀ ਤੌਰ ਤੇ ਇਕ ਗੱਲ ਮੈਂ ਜ਼ਰੂਰ ਆਖ ਸਕਦਾ ਹਾਂ । ਸ਼ਾਂਤੀ ਨਿਕੇਤਨ ਦਾ ਆਲੇ ਦੁਆਲੇ ਦੇ ਸਾਥਾਲ ਪਿੰਡਾਂ ਨਾਲ ਡੂੰਘਾ ਵਾਹ-ਰਾਹ ਸੀ । ਪ੍ਰੀਤ ਨਗਰ ਦਾ ਆਪਣੇ ਆਲੇ-ਦੁਆਲੇ ਨਾਲ ਉਹ ਡੂੰਘਾ ਵਾਹ-ਰਾਹ ਮੈਨੂੰ ਮਹਿਸੂਸ ਨਹੀਂ ਹੋਇਆ। ਇੰਜ ਲਗਿਆ ਜਿਵੇਂ ਦੇਹਾਤ ਵਿਚ ਉਹ ਇਕ ਸ਼ਹਿਰੀ ਜਜ਼ੀਰਾ ਹੋਵੇ ।

ਮੈਂ ਇਹ ਵੀ ਮਹਿਸੂਸ ਕਰਦਾ ਹਾਂ ਕਿ ਦਾਰ ਜੀ ਦੇ ਮਿਸ਼ਨ ਨੇ ਉਹਨਾਂ ਨੂੰ ਉਤਨਾ ਮਹਾਨ ਸਾਹਿਤਕਾਰ ਨਹੀਂ ਬਣਨ ਦਿਤਾ, ਜਿਸ ਦੀ ਉਹ ਭਰਪੂਰ ਕਾਬਲੀਅਤ ਰਖਦੇ ਸਨ । ਉਹਨਾਂ ਦੀ ਸ਼ਖ਼ਸੀਅਤ ਵਿਚੋਂ ਪੰਜਾਬ ਨੂੰ ਵੀ ਇਕ ਟੈਗੋਰ ਲਭ ਸਕਦਾ ਸੀ । ਪਰ ਸ਼ਾਇਦ ਦਾਰ ਜੀ ਨੂੰ ਇਸ ਗੱਲ ਦੀ ਪਰਵਾਹ ਨਹੀਂ । ਉਹਨਾਂ ਦੀ ਸਵੈ-ਪੂਰਤੀ ਵਿਚ ਸਾਹਿਤ ਕੇਵਲ ਇਕ ਸਾਧਨ ਹੈ, ਨਿਸ਼ਾਨਾ ਨਹੀਂ । ਦਾਰ ਜੀ ਦੀ ਵਡਿਆਈ ਇਸੇ ਵਿਚ ਹੈ ਕਿ ਉਹ ਦਾਰ ਜੀ ਹਨ । ਉਹਨਾਂ ਜਿਹਾ ਖ਼ੂਬਸੂਰਤ ਇਨਸਾਨ ਸ਼ਾਇਦ ਢੂੰਡਿਆਂ ਵੀ ਕਿਤੇ ਹੋਰ ਨਾ ਮਿਲੇ ।

ਮੈਂ ਜਨਮ-ਦਿਵਸਾਂ ਅਤੇ ਸ਼ਰਧਾਂਜਲੀਆਂ ਦਾ ਬਹੁਤਾ ਹਾਮੀ ਨਹੀਂ ਹਾਂ । ਦਾਰ ਜੀ ੭੫ ਸਾਲ ਦੇ ਹੋ ਗਏ, ਇਸ ਨਾਲ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ । ਪਹਿਲੀ ਵਾਰ ਜਦੋਂ ਮੈਂ ਉਹਨਾਂ ਨੂੰ ਮਿਲਿਆ ਉਹ ਸੱਠਾਂ ਸਾਲਾਂ ਦੇ ਸਨ । ਮੁਮਕਿਨ ਹੈ ਆਪਣੇ ਸਰੀਰ ਤੋਂ ਹੁਕਮ ਮਨਵਾਨ ਦੀ ਥਾਂ ਦਾਰ ਜੀ ਨੂੰ ਹੁਣ ਸਰੀਰ ਦਾ ਹੁਕਮ ਮੰਨਣਾ ਪੈਂਦਾ ਹੋਵੇ । ਪਰ ਦਾਰ ਜੀ ਫੇਰ ਵੀ ਹੂ-ਬ-ਹੂ ਉਹੀ ਹਨ । ਉਤਨਾ ਹੀ ਚੰਗਾ ਲਿਖਦੇ ਹਨ, ਉਤਨੀ ਹੀ ਮਿਹਨਤ ਕਰਦੇ ਹਨ, ਉਤਨਾ ਹੀ ਪਿਆਰ ਦੇਂਦੇ ਤੇ ਲੈਂਦੇ ਹਨ । ਇਸ ਵੇਲੇ ਸਾਡਾ ਕੰਮ ਇਸ ਗੱਲ ਤੇ ਮਾਣ ਕਰਨਾ ਹੈ ਕਿ ਉਹਨਾਂ ਆਪਣੀ ਸਾਧਨਾ ਵਿਚ ਕੋਈ ਫ਼ਰਕ ਨਹੀਂ ਪੈਣ ਦਿਤਾ । ਸਗੋਂ ਇਸ ਸਾਧਨਾ ਦੀ ਪ੍ਰਬਲਤਾ ਨਿਕੇਰੀ ਉਮਰ ਵਾਲਿਆਂ ਨੂੰ ਸ਼ਰਮਿੰਦਾ ਕਰਦੀ ਹੈ । ਸ਼ਾਲਾ ਉਹ ਇਸੇ ਤਰ੍ਹਾਂ ਕਾਇਮ ਰਹਿਣ, ਹਰ ਪੰਜਾਬੀ ਨੂੰ ਆਪਣੇ ਵਰਗੀ ਸਦੀਵੀ ਜਵਾਨੀ ਪ੍ਰਦਾਨ ਕਰਨ ।

# ਗੁਰਬਖ਼ਸ਼ ਸਿੰਘ : ਇਕ ਸਭਿਆਚਾਰਕ ਪ੍ਰਭਾਵ

ਮੋਹਨ ਸਿੰਘ

੧੯੩੩ ਦਾ ਸਾਲ ਮੇਰੇ ਲਈ ਬੜਾ ਮਹੱਤਾ ਪੂਰਨ ਸੀ । ਇਸੇ ਸਾਲ ਮੈਨੂੰ ਖ਼ਾਲਸਾ ਕਾਲਜ ਦੀ ਨੌਕਰੀ ਮਿਲੀ ਅਤੇ ਏਸੇ ਸਾਲ ਮੈਨੂੰ ਪ੍ਰੀਤ ਲੜੀ ਦਾ ਪਹਿਲਾ ਅੰਕ ਦੇਖਣ ਦਾ ਮੌਕਾ ਮਿਲਿਆ । ਇਹ ਮਾਸਕ ਪੱਤਰ ਪ੍ਰੀਤਮ ਤੇ ਫੁਲਵਾੜੀ ਤੋਂ ਬਿਲਕੁਲ ਭਿੰਨ ਸੀ — ਬੋਲੀ ਸ਼ੈਲੀ ਦੀ ਦ੍ਰਿਸ਼ਟੀ ਤੋਂ ਵੀ ਤੇ ਵਿਸ਼ੇ-ਖੇਤਰ ਦੀ ਦ੍ਰਿਸ਼ਟੀ ਤੋਂ ਵੀ । ਭਾਵੇਂ ਮੈਂ ਐਮ. ਏ. ਪਾਸ ਕਰ ਕੇ ਖ਼ਾਲਸਾ ਕਾਲਜ ਵਿਚ ਪ੍ਰੋਫ਼ੈਸਰ ਲਗ ਗਿਆ ਸੀ, ਪਰ ਅਜੇ ਮੇਰਾ ਬੌਧਿਕ ਵਿਕਾਸ ਜਾਰੀ ਸੀ । ਮਨ ਫ਼ਿਕਰ ਤੇ ਜ਼ਿਕਰ ਦੇ ਵਿਚਾਲੇ ਵੰਡਿਆ ਪਿਆ ਸੀ । ਧਰਮ ਤੇ ਕੁਫ਼ਰ, ਸ਼ਰਧਾ ਤੇ ਤਰਕ, ਅਕਲ ਤੇ ਦਿਲ ਦੀਆਂ ਦੁਵੱਲੀ ਖਿੱਚਾਂ ਜਾਰੀ ਸਨ । ਗ਼ਾਲਿਬ ਦੇ ਸ਼ਬਦਾਂ ਵਿਚ — 'ਈਮਾਂ ਮੁਝੇ ਰੋਕੇ ਹੈ ਤੋ ਖੈਂਚੇ ਹੈ ਮੁਝੇ ਕੁਫ਼ਰ, ਕਾਅਬਾ ਮੇਰੇ ਪੀਛੇ ਹੈ ਕਲੀਸਾ ਮੇਰੇ ਆਗੇ' — ਵਾਲੀ ਦਸ਼ਾ ਸੀ । ਪਰ ਪ੍ਰੀਤ ਲੜੀ ਦੇ ਲਗਾਤਾਰ ਪਾਠ ਨੇ ਆਖ਼ਰ ਇਹ ਦਵੰਦ ਮਿਟਾ ਦਿਤਾ, ਮੈਂ ਨਾਸਤਕ ਤਾਂ ਨਾ ਬਣਿਆ, ਪਰ ਐਗਨਾਸਤਿਕ ਜ਼ਰੂਰ ਬਣ ਗਿਆ ।

ਕੁਝ ਚਿਰ ਪਿਛੋਂ ਗੁਰਬਖ਼ਸ਼ ਸਿੰਘ ਜੀ ਨੇ 'ਪਰਮ ਮਨੁੱਖ' ਨਾਂ ਦੀ ਪੁਸਤਕ ਪ੍ਰਕਾਸ਼ਤ ਕੀਤੀ । ਮੇਰੀ ਸਮਝ ਵਿਚ, ਇਸ ਤੋਂ ਪਹਿਲੇ, ਕਿਸੇ ਪੜ੍ਹੇ ਲਿਖੇ ਆਦਮੀ ਨੇ ਗੁਰੂਆਂ ਦੀ ਇਸ ਨਾਲੋਂ ਵਧ ਸਿਫ਼ਤ ਕਦੀ ਨਹੀਂ ਸੀ ਕੀਤੀ । ਫਿਰ ਵੀ ਕੁਝ ਕੱਟੜ ਲੋਕ ਗੁਰਬਖ਼ਸ਼ ਸਿੰਘ ਦੇ ਮਗਰ ਪੈ ਗਏ ਅਤੇ ਉਸ ਨੂੰ ਨਾਸਤਕ ਤੇ ਕਾਫ਼ਰ ਕਹਿਣ ਲਗੇ । ਬੁਲ੍ਹੇ ਨੂੰ ਵੀ ਲੋਕਾਂ ਕਾਫ਼ਰ ਆਖਿਆ ਸੀ । ਉਸ ਦਾ ਉੱਤਰ ਸੀ : 'ਬੁਲ੍ਹਿਆ, ਤੈਨੂੰ ਕਾਫ਼ਰ ਕਾਫ਼ਰ ਆਖਦੇ ਤੂੰ ਆਹੋ ਆਹੋ ਆਖ' । ਗੁਰਬਖ਼ਸ਼ ਸਿੰਘ ਨੇ ਆਹੋ ਆਹੋ ਆਖਣਾ ਤਾਂ ਮੁਨਾਸਬ ਨਾ ਸਮਝਿਆ, ਪਰ ਆਪਣੀ ਰੱਖਿਆ ਤੇ ਸਫ਼ਾਈ ਵਿਚ ਕੁਝ ਬੜੇ ਪੁਰ ਦਲੀਲ ਲੇਖ ਲਿਖੇ । ਇਸੇ ਸਥਿਤੀ ਨੂੰ ਮੁਖ ਰਖ ਕੇ ਮੈਂ ਉਹਨਾਂ ਦਿਨਾਂ ਵਿਚ ਇਹ ਰੁਬਾਈ ਲਿਖੀ ਸੀ —

ਰੱਬ ਇਕ ਗੁੰਝਲਦਾਰ ਬੁਝਾਰਤ, ਰੱਬ ਇਕ ਗੋਰਖ ਧੰਧਾ ।
ਖੋਲ੍ਹਣ ਲਗਿਆਂ ਪੇਚ ਏਸ ਦੇ ਕਾਫ਼ਿਰ ਹੋ ਜਾਏ ਬੰਦਾ ।
ਕਾਫ਼ਿਰ ਹੋਣੋ ਡਰ ਕੇ ਜੀਵੇਂ ਖੋਜੋਂ ਮੂਲ ਨਾ ਖੁੰਝੀਂ,
ਲਾਈਲਗ ਮੋਮਨ ਦੇ ਕੋਲੋਂ ਖੋਜੀ ਕਾਫ਼ਿਰ ਚੰਗਾ ।

ਪਰ ਗੁਰਬਖ਼ਸ਼ ਸਿੰਘ ਨਿਰਾ ਕਾਫ਼ਿਰ ਨਹੀਂ ਸੀ, ਖੋਜੀ ਕਾਫ਼ਿਰ ਸੀ । ਨਾ ਹੀ ਉਹ ਨਿਰਾ ਤਰਕਵਾਦੀ ਸੀ । ਜੇ ਨਿਰਾ ਤਰਕਵਾਦੀ (Rationalist) ਹੁੰਦਾ ਤਾਂ ਵਧ ਤੋਂ ਵਧ 'ਹਰਦਿਆਲ' ਬਣ ਜਾਂਦਾ ਅਤੇ ਉਸ ਦੀਆਂ ਲਿਖਤਾਂ ਕੇਵਲ ਬੁਧੀਜੀਵੀ ਲੋਕਾਂ ਤਕ ਹੀ



ਸੀਮਤ ਰਹਿ ਜਾਂਦੀਆਂ, ਪਰ ਅਸੀਂ ਦੇਖਦੇ ਹਾਂ ਕਿ ਗੁਰਬਖ਼ਸ਼ ਸਿੰਘ ਦੇ ਪਾਠਕਾਂ ਦਾ ਘੇਰਾ ਬੜਾ ਵਿਸ਼ਾਲ ਹੈ । ਮੁਸ਼ਕਲ ਨਾਲ ਗੁਰਮੁਖੀ ਦੇ ਅੱਖਰ ਉਠਾਲ ਸਕਣ ਵਾਲਿਆਂ ਤੋਂ ਲੈ ਕੇ ਪ੍ਰਚੰਡ ਬੁਧੀਵਾਨਾਂ ਤੀਕ ਉਸ ਦੇ ਪਾਠਕਾਂ ਦੇ ਘੇਰੇ ਵਿਚ ਸ਼ਾਮਲ ਹਨ । ਇਸ ਦਾ ਵੱਡਾ ਕਾਰਨ ਇਹ ਹੈ ਕਿ ਗੁਰਬਖ਼ਸ਼ ਸਿੰਘ ਨੇ ਜੀਵਨ ਦੇ ਯਥਾਰਥ ਨੂੰ ਯਥਾਰਥਕ ਸ਼ੈਲੀ ਵਿਚ ਵਿਅਕਤ ਨਹੀਂ ਕੀਤਾ । ਜੇ ਉਸ ਦੀ ਸ਼ੈਲੀ ਵੀ ਉਸ ਦੇ ਵਿਸ਼ੇ-ਵਸਤੂ ਵਾਂਗ ਵਿਗਿਆਨਕ ਤੇ ਯਥਾਰਥਕ ਹੁੰਦੀ ਤਾਂ ਉਸ ਦੇ ਪਾਠਕਾਂ ਦਾ ਘੇਰਾ ਬੁਧੀਜੀਵੀ ਵਰਗ ਤਕ ਹੀ ਸੀਮਤ ਰਹਿ ਜਾਂਦਾ । ਗੁਰਬਖ਼ਸ਼ ਸਿੰਘ ਆਪਣੇ ਪਾਠਕਾਂ ਦੇ ਸੁਭਾ ਤੋਂ ਜਾਣੂੰ ਸੀ, ਇਸ ਲਈ ਉਸ ਨੇ ਆਪਣੇ ਸਥੂਲ, ਤਰਕਯੁਕਤ ਤੇ ਵਿਗਿਆਨਕ ਵਿਚਾਰਾਂ ਨੂੰ ਪ੍ਰਗਟਾਉਣ ਲਈ ਰੰਗਾਂ ਤੇ ਸੁਗੰਧਾਂ ਵਿਚ ਭਿੱਜੀ ਹੋਈ ਰੋਮਾਂਚਿਕ ਸ਼ੈਲੀ ਨੂੰ ਹੀ ਅਪਣਾਇਆ ਤਾਂ ਜੋ ਲੋਕਾਂ ਦੇ ਦਿਮਾਗ਼ਾਂ ਦੀ ਥਾਂ ਸਿੱਧਾਂ ਉਹਨਾਂ ਦੇ ਦਿਲਾਂ ਤੀਕ ਪਹੁੰਚ ਸਕੇ । ਉਸ ਦੀ ਰਚਨਾ ਦੇ ਯਥਾਰਥਕ ਵਿਸ਼ੇ ਅਤੇ ਰੋਮਾਂਚਕ ਨਿਭਾ ਨੂੰ ਸਾਡੇ ਕਈ ਹਾਈਬ੍ਰੋ ਆਲੋਚਕ ਠੀਕ ਨਹੀਂ ਸਮਝਦੇ ਅਤੇ ਇਸ ਨੂੰ ਉਸ ਦੀ ਕਲਾ ਦੀ ਕਮਜ਼ੋਰੀ ਦਸਦੇ ਹਨ । ਪਰ ਇਹੀ ਕਮਜ਼ੋਰੀ ਗੁਰਬਖ਼ਸ਼ ਸਿੰਘ ਦੀ ਤਾਕਤ ਹੈ । ਇਹ ਰੋਮਾਂਚਿਕ ਸ਼ੈਲੀ ਹੀ ਉਸ ਦਾ 'ਅਸਾਏ ਮੂਸਾ' ਹੈ ਜੋ ਕਦੀ ਅਜ਼ਦਹਾ ਬਣ ਕੇ ਨਿੱਕੇ ਮੋਟੇ ਫ਼ਰਊਨੀ ਸੱਪਾਂ ਸਪੋਲੀਆਂ ਨੂੰ ਨਿਗਲ ਜਾਂਦਾ ਹੈ ਅਤੇ ਕਦੀ ਆਪਣੀ ਛੋਹ ਨਾਲ ਬੰਜਰ ਭੋਂ 'ਚੋਂ ਪਾਣੀ ਦੇ ਨਿਰਮਲ ਚਸ਼ਮੇ ਪੈਦਾ ਕਰ ਵਿਖਾਉਂਦਾ ਹੈ । ਉਹ ਇਕ ਅਦਭੁਤ ਬੋਲੀ ਤੇ ਸ਼ੈਲੀ ਦਾ ਨਿਰਮਾਤਾ ਹੈ । ਉਸ ਨੇ ਅਨੇਕਾਂ ਨਵੇਂ ਸ਼ਬਦ ਤਰਾਸ਼ੇ ਤੇ ਬੇਸ਼ੁਮਾਰ ਨਵੀਆਂ ਬੰਦਸ਼ਾਂ ਹੋਂਦ ਵਿਚ ਲਿਆਂਦੀਆਂ ਹਨ । ਉਸ ਦੇ ਹੱਥਾਂ ਵਿਚ ਆ ਕੇ ਸਦੀਆਂ ਤੋਂ ਸੈਲ ਪੱਥਰ ਹੋਏ ਕਈ ਸ਼ਬਦ ਮੁੜ ਕੇ ਜਾਗ ਉਠੇ ਹਨ । ਉਸ ਦੀ ਕਲਮ ਦੀ ਛੋਹ ਪ੍ਰਾਪਤ ਕਰ ਕੇ ਕਈ ਲੋਕ-ਘ੍ਰਿਣਤ ਸ਼ਬਦ ਨਵੇਂ ਅਰਥਾਂ ਨੂੰ ਪ੍ਰਾਪਤ ਕਰ ਕੇ ਲੋਕ-ਪ੍ਰਿਯ ਹੋ ਗਏ ਹਨ । 'ਰਾਣਾ' ਸ਼ਬਦ ਸਾਮੰਤੀ ਕੀਮਤਾਂ ਨਾਲ ਬਝਾ ਹੋਣ ਕਰ ਕੇ ਲੋਕ-ਘ੍ਰਿਣਤ ਹੈ । ਪਰ ਗੁਰਬਖ਼ਸ਼ ਸਿੰਘ 'ਹੋਣੀ ਦਾ ਰਾਣਾ' ਆਖ ਕੇ ਉਸ ਵਿਚ ਫਿਰ ਨਵੀਂ ਜਿੰਦ ਪਾ ਦਿੰਦਾ ਹੈ । ਉਸ ਦੀ ਸ਼ੈਲੀ ਇਤਨੀ ਮਕਬੂਲ ਹੋਈ ਕਿ ਉਸ ਦੇ ਕਈ ਸਮਕਾਲੀ ਲੇਖਕਾਂ ਨੇ ਉਸ ਨੂੰ ਅਪਣਾਉਣ ਦਾ ਜਤਨ ਕੀਤਾ । ਲਾਰਡ ਬਾਇਰਨ ਬੇਹਦ ਸੁਹਣਾ ਸੀ, ਪਰ ਮਾੜਾ ਜਿਹਾ ਲੰਙਾ ਕੇ ਤੁਰਦਾ ਸੀ । ਅਤੇ ਇਉਂ ਤੁਰਦਾ ਉਹ ਹੋਰ ਵੀ ਸੁਹਣਾ ਲਗਦਾ ਸੀ, ਸੋ ਉਸ ਸਮੇਂ ਦੇ ਅੰਗਰੇਜ਼ਾਂ ਵਿਚ ਮਾੜਾ ਜਿਹਾ ਲੰਙਾ ਕੇ ਤੁਰਨਾ ਇਕ ਫ਼ੈਸ਼ਨ ਹੋ ਗਿਆ ਸੀ । ਏਸੇ ਤਰ੍ਹਾਂ ਗੁਰਬਖ਼ਸ਼ ਸਿੰਘ ਦੀ ਸ਼ੈਲੀ ਨੂੰ ਅਪਣਾਉਣ ਦੀ ਵੀ ਬੜੀ ਕੋਸ਼ਸ਼ ਹੋਈ, ਪਰ ਪੂਰਨ ਸਿੰਘ ਦੀ ਸ਼ੈਲੀ ਵਾਂਗ, ਗੁਰਬਖ਼ਸ਼ ਸਿੰਘ ਦੀ ਸ਼ੈਲੀ ਵਿਚ ਤੁਰਨਾ ਹਾਰੀ ਸਾਰੀ ਦਾ ਕੰਮ ਨਹੀਂ ਸੀ । "ਨਾਨਕਾਇਣ" ਦੀ ਰਚਨਾ ਸਮੇਂ ਜਦੋਂ ਮੈਨੂੰ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਨੂੰ ਪ੍ਰਗਟਾਉਣ ਲਈ ਵਿਸ਼ੇਸ਼ ਸ਼ਬਦਾਵਲੀ ਦੀ ਲੋੜ ਪਈ, ਤਾਂ ਮੈਨੂੰ ਗੁਰਬਖ਼ਸ਼ ਸਿੰਘ ਦੇ ਭੰਡਾਰੇ ਵਿਚੋਂ "ਸਾਵਾਂ ਪਧਰਾਂ ਰਾਹ" ਵਰਗੇ ਕਈ ਘੜੇ-ਘੜਾਏ ਸ਼ਬਦ ਮਿਲ ਗਏ ।

ਗੁਰਬਖ਼ਸ਼ ਸਿੰਘ ਦੀ "ਪ੍ਰੀਤ ਲੜੀ" ਦੀ ਮਹੱਤਾ ਵੀ ਬਹੁਤ ਹੈ । ਇਸ ਨੂੰ ਪ੍ਰੀਤ-ਦੂਤ ਕਹਿਣਾ ਵਧੇਰੇ ਯੋਗ ਹੋਵੇਗਾ । ਇਹ ਪਿਛਲੇ ਤੀਹ ਸਾਲਾਂ ਤੋਂ ਇਕ ਸੱਥ ਦਾ ਕੰਮ ਕਰਦੀ ਆ ਰਹੀ ਹੈ, ਜਿਥੇ ਕੇਵਲ ਕਲਮਾਂ ਦੇ ਮੇਲੇ ਹੀ ਨਹੀਂ, ਦਿਲਾਂ ਦੀਆਂ ਮਿਲਣੀਆਂ ਵੀ ਹੁੰਦੀਆਂ ਰਹੀਆਂ ਹਨ ।

ਪਰ "ਪ੍ਰੀਤ ਲੜੀ" ਗੁਰਬਖ਼ਸ਼ ਸਿੰਘ ਦੀਆਂ ਸਿਰਜੀਆਂ ਪ੍ਰੀਤ ਮੰਡਲ, ਪ੍ਰੀਤ ਨਗਰ, ਪ੍ਰੀਤ ਘਰ, ਪ੍ਰੀਤ ਸੈਨਿਕ ਤੇ ਪ੍ਰੀਤ ਸਕੂਲ ਆਦਿ ਹੋਰ ਸੰਸਥਾਵਾਂ ਵਾਂਗ ਇਕ ਮਾਧਿਅਮ ਖ਼ਾਤਰ ਹੀ ਹੈ। ਗੁਰਬਖ਼ਸ਼ ਸਿੰਘ ਦੀ ਅਸਲੀ ਦੇਣ, ਇਹਨਾਂ ਸੰਸਥਾਵਾਂ ਰਾਹੀਂ ਲੋਕਾਂ ਵਿਚ ਇਕ ਨਵੀਂ ਚੇਤਨਤਾ ਪੈਦਾ ਕਰਨ ਤੇ ਉਹਨਾਂ ਨੂੰ ਇਕ ਨਵੀਂ ਸੇਧ ਦੇਣਾ ਸੀ ਅਤੇ ਮੈਨੂੰ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਆਪਣੇ ਇਸ ਮਨੋਰਥ ਵਿਚ ਉਸ ਨੂੰ ਸਫਲਤਾ ਵੀ ਹੋਈ ਹੈ। ਇਸੇ ਕਾਰਨ ਮੈਂ ਗੁਰਬਖ਼ਸ਼ ਸਿੰਘ ਨੂੰ ਇਕ ਸਭਿਆਚਾਰਕ ਪ੍ਰਭਾਵ ਮੰਨਦਾ ਹਾਂ। ਉਸ ਨੇ ਪੰਜਾਬ ਦੇ ਬੁੱਢੇ, ਸਾਮੰਤੀ, ਤੇ ਰੂੜੀਗੱਤ ਸਭਿਆਚਾਰ ਨੂੰ ਬਦਲਣ ਲਈ ਬੜਾ ਕੁਝ ਕੀਤਾ ਹੈ। ਉਸ ਨੇ ਪੰਜਾਬੀ ਸਭਿਆਚਾਰ ਦੇ ਲਹਿਲਹਾਉਂਦੇ ਖੇਤ ਵਿਚੋਂ ਗ਼ਲਤ ਕੀਮਤਾਂ ਦੀ ਹਰ ਮਾਰੂ ਬੂਟੀ ਨੂੰ ਕੱਢਣ ਦਾ ਜਤਨ ਕੀਤਾ ਹੈ। ਪੰਜਾਬੀ ਸਭਿਅਤਾ ਦਾ ਸ਼ਾਇਦ ਹੀ ਕੋਈ ਅਜਿਹਾ ਪੱਖ ਹੋਵੇ ਜਿਸ ਬਾਰੇ ਉਸ ਨੇ ਕਲਮ ਨਾ ਵਾਹੀ ਹੋਵੇ। ਸਿਹਤ, ਖੇਤੀਬਾੜੀ, ਵਿੱਦਿਆ, ਕਲਾ, ਸਾਹਿਤ, ਧਰਮ, ਸਦਾਚਾਰ, ਲਿੰਗ-ਰਿਸ਼ਤੇ ਆਦਿ ਅਨੇਕਾਂ ਪੱਖਾਂ ਬਾਰੇ ਉਸ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸ ਨੇ ਜੀਵਨ ਦਾ ਕੋਈ ਪੱਖ ਅਣਛੋਹਿਆ ਨਹੀਂ ਰਹਿਣ ਦਿਤਾ। ਇਕੋ ਵਾਕ ਵਿਚ ਗੁਰਬਖ਼ਸ਼ ਸਿੰਘ ਦਾ ਸਭਿਆਚਾਰਕ ਖੇਤਰ ਧੂੰਨੀ ਵਿਚ ਉਂਗਲ ਫੇਰਨ ਤੋਂ ਲੈ ਕੇ ਦਮਾਗਾਂ ਦੇ ਜਾਲੇ ਲਾਹੁਣ ਤੀਕਰ ਫੈਲਿਆ ਹੋਇਆ ਹੈ।



# 'ਦਾਰ' ਜੀ ਦੀ ੭੫ਵੀਂ ਵਰ੍ਹੇ ਗੰਢ

ਸੋਹਨ ਸਿੰਘ ਜੋਸ਼

ਸ: ਗੁਰਬਖ਼ਸ਼ ਸਿੰਘ ਜੀ ਦੀ ਸ਼ਖ਼ਸੀਅਤ ਬੜੀ ਅਦਭੁਤ ਤੇ ਪ੍ਰਭਾਵ-ਸ਼ਾਲੀ ਹੈ! ਕੋਈ ਵੀ ਆਦਮੀ ਜਿਹੜਾ ਉਹਨਾਂ ਨਾਲ ਉਠਿਆ-ਬੈਠਿਆ ਹੈ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਿਹਾ। ਉਹਨਾਂ ਦੀ ਗੱਲ-ਬਾਤ ਬੜੀ ਮਨ-ਮੋਹਣੀ, ਸੁਪਨ-ਮਈ ਤੇ ਮਨ ਨੂੰ ਖਿੱਚ ਪਾਉਣ ਵਾਲੀ ਹੁੰਦੀ ਹੈ। ਉਹਨਾਂ ਦੀ ਸੰਗਤ ਵਿਚ ਬੈਠ ਜਾਓ ਤਾਂ ਉਠਣ ਨੂੰ ਜੀ ਨਹੀਂ ਕਰਦਾ। ਅਤੇ ਜਦੋਂ ਤੁਸੀਂ ਉਹਨਾਂ ਤੋਂ ਵਿਦਾ ਹੋ ਕੇ ਜਾਂਦੇ ਹੋ ਤਾਂ ਤੁਸੀਂ ਮਹਿਸੂਸ ਕਰਨ ਲਗ ਪੈਂਦੇ ਹੋ ਕਿ ਤੁਸੀਂ ਬਹੁਤ ਕੁਝ ਖੱਟ ਕੇ ਚੱਲੇ ਹੋ ਅਤੇ ਤੁਹਾਡੀ ਸੋਚ-ਸ਼ਕਤੀ ਦੀ ਹਰਕਤ ਬੜੀ ਤੇਜ਼ ਹੋ ਜਾਂਦੀ ਹੈ — ਜਿਵੇਂ ਕਿਸੇ ਲਗਨ ਨੇ ਤੁਹਾਡਾ ਪੱਲਾ ਫੜ ਲਿਆ ਹੋਵੇ।

ਸਰਦਾਰ ਜੀ ਨੇ ਆਪਣੀ ਉਮਰ ਦੇ, ਵਧ ਜਾਂ ਘਟ, ਚਾਲ੍ਹੀ ਸਾਲ ਪੰਜਾਬੀ ਬੋਲੀ ਤੇ ਸਾਹਿਤ ਨੂੰ ਅਰਪਿਤ ਕੀਤੇ ਹਨ। ਉਹ ਘਰੋਂ ਨਿਕਲੇ ਸਨ ਮਸ਼ੀਨਾਂ ਦੇ ਇੰਜੀਨੀਅਰ ਬਣਨ ਲਈ। ਇਹਨਾਂ ਨੇ ਅਮਰੀਕਾ ਜਾ ਕੇ ਸਾਇੰਸ ਦੀ ਡਿਗਰੀ ਹਾਸਲ ਕੀਤੀ ਅਤੇ ਨਾਲ ਹੀ ਇੰਜੀਨੀਅਰੀ ਦੀ ਵਿੱਦਿਆ ਪ੍ਰਾਪਤ ਕਰ ਕੇ ਮਸ਼ੀਨਾਂ ਦੇ ਦਿਲ ਦੀ ਧੜਕਨ ਦੇ ਮਾਹਿਰ ਬਣ ਗਏ। ਪਰ ਮਸ਼ੀਨ ਦੇ ਦਿਲ ਦੀ ਧੜਕਨ ਨਾਲੋਂ ਵੀ ਉਹਨਾਂ ਨੂੰ ਇਨਸਾਨੀ ਦਿਲ ਦੀ ਧੜਕਨ ਵਧੇਰੇ ਪਿਆਰੀ, ਆਕਰਸ਼ਕ ਤੇ ਅਦੁੱਤੀ ਮਹਿਸੂਸ ਹੋਣ ਲਗ ਪਈ। ਇਸ ਲਈ ਉਹ ਦਿਲ ਤੇ ਮਨ ਦੀ ਇੰਜੀਨੀਅਰੀ ਦੀ ਤਕਨੀਕ ਵਲ ਵੀ ਮੋਹੇ ਗਏ। ਅਤੇ ਹੌਲੀ ਹੌਲੀ, ਤਪੱਸਿਆ ਤੇ ਅਭਿਆਸ ਨਾਲ, ਇਸ ਵਿਚ ਵਡੀ ਉਚੀ ਚੋਟੀ ਦੇ ਮਾਹਰ ਬਣ ਗਏ।

ਸਰਦਾਰ ਗੁਰਬਖ਼ਸ਼ ਸਿੰਘ ਜੀ ਨੂੰ ਆਪਣੇ ਦੋਸਤ ਬਣਾਨ ਦੀ ਬੜੀ ਸੁਚੱਜੀ ਜਾਚ ਹੈ। ਅਮਰੀਕਾ ਵਿਚ — ਉਹਨਾਂ ਦੀਆਂ ਲਿਖਤਾਂ ਵਿਚੋਂ ਉਭਰ ਉਭਰ ਪੈਂਦਾ ਹੈ — ਉਹਨਾਂ ਦੇ ਦੋਸਤ ਉੱਚੇ ਦਰਜੇ ਦੇ ਸਾਹਿਤਕਾਰ ਤੇ ਕਲਾਕਾਰ ਸਨ। ਪ੍ਰੀਤ ਲੜੀ ਦੇ ਇਕ-ਸਾਰਵੇਂ ਪਾਠਕ ਨੂੰ, ਝੱਟ ਪੱਟ ਨਹੀਂ ਤਾਂ ਕੁਝ ਦੇਰ ਪਾ ਕੇ, ਪਤਾ ਲਗ ਜਾਂਦਾ ਹੈ ਕਿ ਉਹਨਾਂ ਨੇ ਉਚੇ ਅੰਗਰੇਜ਼ੀ ਸਾਹਿਤ ਦਾ ਬੜਾ ਡੂੰਘਾ ਅਧਿਅਨ ਕੀਤਾ ਹੈ, ਇਸ ਸਾਹਿਤ ਨੇ ਉਹਨਾਂ ਦੇ ਦਿਲ ਵਿਚ ਦੇਸ ਲਈ ਪਿਆਰ ਜਗਾਇਆ ਹੈ, ਪੰਜਾਬੀ ਬੋਲੀ ਨੂੰ ਉੱਨਤ ਤੇ ਪਰਫੁੱਲਤ ਕਰਨ ਅਤੇ 'ਸ਼ੁੱਧ ਬੋਲੀ' ਲਿਖਣ ਦੀ ਪ੍ਰੇਰਨਾ ਦਿਤੀ ਜਾਪਦੀ ਹੈ।

ਉਹ ਅੰਗਰੇਜ਼ੀ ਜ਼ਬਾਨ ਦੇ ਬੜੇ ਉੱਚੇ ਦਰਜੇ ਦੇ ਲਿਖਾਰੀ ਹਨ। ਇਹ ਹਕੀਕਤ ਪ੍ਰੀਤ ਲੜੀ ਦੀਆਂ ਪਹਿਲੀਆਂ ਦਰਜਨ ਤੋਂ ਵਧ ਛੇ ਮਾਸਕ ਜਿਲਦਾਂ ਵਿਚੋਂ ਸਾਫ਼ ਸਾਬਤ ਹੁੰਦੀ ਹੈ। ਅਮਰੀਕਾ ਵਿਚ ਵੀ ਉਹਨਾਂ ਅੰਗਰੇਜ਼ੀ ਵਿਚ ਕਈ ਲੇਖ ਲਿਖੇ ਸਨ ਜਿਹੜੇ

ਵਿਦਵਾਨਾਂ ਵਲੋਂ ਬੜੇ ਸਲਾਹੇ ਗਏ ਸਨ। ਪਰ ਉਹਨਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਅ ਦਾ ਮਾਧਿਅਮ ਬਦੇਸੀ ਬੋਲੀ ਨੂੰ ਨਹੀਂ ਬਣਾਇਆ, ਸਗੋਂ ਆਪਣੀ ਮਾਤ-ਭਾਸ਼ਾ ਪੰਜਾਬੀ ਬੋਲੀ ਨੂੰ ਬਣਾਇਆ! ਉਹਨਾਂ ਦਾ ਇਹ ਫ਼ੈਸਲਾ ਪੰਜਾਬੀ ਲਈ ਸੁਭਾਗਾ ਤੇ ਇਤਿਹਾਸਕ ਦਿਹਾੜਾ ਸੀ।

## ੧. ਅਮਰੀਕੀ ਪਿਛਵਾੜ

ਮਨੁੱਖ ਦਾ ਚੱਜ-ਆਚਾਰ ਮਨੁੱਖੀ ਸੰਗਤ ਤੋਂ ਹੀ ਨਹੀਂ ਪਛਾਣਿਆ ਜਾ ਸਕਦਾ ਹੈ। ਪੁਸਤਕਾਂ ਦੀ ਸੰਗਤ ਤੋਂ ਵੀ ਪਛਾਣਿਆ ਜਾ ਸਕਦਾ ਹੈ। ਪੁਸਤਕਾਂ ਦੀ ਲਗਨ ਤੇ ਸੰਗਤ ਇਨਸਾਨ ਦੇ ਚਲਨ ਉਤੇ ਵਧੇਰੇ ਡੂੰਘਾ ਤੇ ਦੂਰ ਤਕ ਸਾਥ ਦੇਣ ਵਾਲਾ ਅਸਰ ਪਾਉਂਦੇ ਹਨ। ਪਰ ਸ਼ਰਤ ਇਹ ਹੈ ਕਿ ਇਹ ਮਨੁੱਖੀ ਜਾਂ ਪੁਸਤਕੀ ਸੰਗਤ ਹੈ ਕਿਸ ਕਿਸਮ ਦੀ! ਚੰਗੀ ਸੰਗਤ ਖੋਟੇ ਨੂੰ ਖਰਾ ਬਣਾ ਦੇਂਦੀ ਹੈ ਅਤੇ ਮਾੜੀ ਸੰਗਤ ਖਰੇ ਨੂੰ ਖੋਟਾ।

ਸ: ਗੁਰਬਖ਼ਸ਼ ਸਿੰਘ ਜੀ ਅਮਰੀਕਾ ਵਿਚ, ਪੰਜਾਬੀ ਬੋਲੀ ਤੇ ਸਾਹਿਤ ਦੀ ਖ਼ੁਸ਼ਕਿਸਮਤੀ ਨੂੰ, ਬੜੇ ਨਰੋਏ ਵਾਅ ਮੰਡਲ ਵਿਚ ਰਹੇ। ਉਹਨਾਂ ਦਾ ਬੈਠਣ-ਉਠਣ ਚੰਗੇ, ਆਜ਼ਾਦੀ-ਪਸੰਦ ਤੇ ਵਿਸ਼ਾਲ-ਦਿਲ ਸਾਹਿਤਕਾਰਾਂ ਨਾਲ ਸੀ। ਉਹਨਾਂ ਦਾ ਪਿਆਰ ਉਹਨਾਂ ਪੁਸਤਕਾਂ ਨਾਲ ਸੀ ਜਿਹੜੀਆਂ ਦਿਮਾਗ਼ ਦੀਆਂ ਨਵੀਂ-ਹਵਾ ਤੇ ਨਵੀਂ-ਰੌਸ਼ਨੀ ਲਿਆਉਣ ਵਾਲੀਆਂ ਬਾਰੀਆਂ ਨੂੰ ਖੋਲ੍ਹਦੀਆਂ ਸਨ। ਇਹਨਾਂ ਰਾਹੀਂ ਉਹਨਾਂ ਨੇ ਆਪਣੇ ਦਿਮਾਗ਼ ਵਿਚ ਬੜਾ ਨਰੋਆ ਸਾਹਿੱਤਕ ਖ਼ਜ਼ਾਨਾ ਜਮ੍ਹਾਂ ਕੀਤਾ ਜਿਹੜਾ ਪੰਜਾਬੀ ਬੋਲੀ ਤੇ ਸਾਹਿਤ ਦਾ ਮੂੰਹ ਮੱਥਾ ਸਵਾਰਨ ਤੇ ਸ਼ਿੰਗਾਰਨ ਦੇ ਬੜਾ ਕੰਮ ਆਇਆ।

ਸਰਦਾਰ ਜੀ ਦੇ ਅਮਰੀਕਾ ਰਹਿਣ ਦੇ ਦੌਰਾਨ ਅਮਰੀਕਾ, ਸਨਅਤ, ਖੇਤੀਬਾੜੀ, ਅਰਥਚਾਰੇ ਅਤੇ ਸਭਿਆਚਾਰ ਵਿਚ ਬੜੀ ਉੱਨਤੀ ਕਰ ਰਿਹਾ ਸੀ। ਅਮਰੀਕਾ ਵਿਚ ਉਹਨਾਂ ਆਗੂਆਂ ਦੇ ਨਾਮ ਤੇ ਆਜ਼ਾਦੀ-ਟੁੰਬਵੇਂ ਸ਼ਬਦ ਲੋਕਾਂ ਦੇ ਮੂੰਹਾਂ ਤੇ ਚੜ੍ਹੇ ਹੋਏ ਸਨ ਜਿਨ੍ਹਾਂ ਰਾਹੀਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਦੇ ਖ਼ਿਲਾਫ਼ ਲੜ ਕੇ ਆਜ਼ਾਦੀ ਹਾਸਲ ਕੀਤੀ ਸੀ। ਅਤੇ ਅਮਰੀਕੀ ਵਿਧਾਨ ਦੇ ਇਹ ਸ਼ਬਦ ਕਿ "ਹਰ ਇਨਸਾਨ ਆਜ਼ਾਦ ਜੰਮਿਆਂ ਹੈ," ਹਰ ਇਕ ਲਈ ਇਕ ਨਾਅਰਾ ਬਣ ਚੁਕੇ ਹੋਏ ਸਨ। ਅਤੇ ਆਜ਼ਾਦੀ ਦੇ ਟੱਲ ਉਤੇ ਉਭਰਵੇਂ ਇਹ ਸ਼ਬਦ: "ਸਾਰੇ ਦੇਸ ਦੇ ਆਰ ਪਾਰ ਅਤੇ ਇਸ ਦੇ ਸਾਰੇ ਵਸਨੀਕਾਂ ਵਿਚ ਆਜ਼ਾਦੀ ਦਾ ਢੰਡੋਰਾ ਫੇਰੋ" — ਅਮਰੀਕੀਆਂ ਅਤੇ ਗ਼ੈਰ ਅਮਰੀਕੀਆਂ ਉਤੇ ਜਾਦੂ ਧੂੜ ਦੇਂਦੇ ਸਨ। ਐਬਰਾਹਮ ਲਿੰਕਨ, ਜਾਫ਼ਰਸਨ, ਗੈਰੀਜ਼ਨ ਤੇ ਹੋਰ ਕਈ ਆਜ਼ਾਦੀ ਸੰਗਰਾਮੀਏ ਲੋਕਾਂ ਦਾ ਸਦੀਵੀ ਵਿਰਸਾ ਬਣ ਚੁਕੇ ਸਨ। ਥੋੜੇ ਸ਼ਬਦਾਂ ਵਿਚ, ਕੁਝ ਏਹੋ ਜਿਹਾ ਵਾਅ-ਮੰਡਲ ਸੀ ਜਿਨ੍ਹਾਂ ਦਿਨਾਂ ਵਿਚ ਸਰਦਾਰ ਜੀ ਅਮਰੀਕਾ ਵਿਚ ਸਨ। ਭਾਵੇਂ ਕਮਿਊਨਿਜ਼ਮ ਦਾ ਹਊਆ ਖੜਾ ਕਰ ਕੇ, ਇਜਾਰਾਦਾਰੀਆਂ ਵਲੋਂ, ਸ਼ਹਿਰੀ ਤੇ ਜਮਹੂਰੀ ਆਜ਼ਾਦੀਆਂ ਨੂੰ ਕੁਚਲਨ ਦੇ ਯਤਨ ਆਰੰਭ ਸਨ। ਪਰ ਬ੍ਰਿਟਿਸ਼ ਸਾਮਰਾਜ ਦੇ ਗ਼ੁਲਾਮ ਦੇਸ਼ ਦੇ ਨੌਜਵਾਨ ਹਿੰਦੁਸਤਾਨੀ ਸ: ਗੁਰਬਖ਼ਸ਼ ਸਿੰਘ ਉਤੇ — ਜਿਸ ਵਿਚ ਆਜ਼ਾਦੀ ਦਾ ਜਜ਼ਬਾ ਮਜ਼ਬੂਤ ਹੋਣਾ ਕੁਦਰਤੀ ਸੀ — ਇਸ ਹਊਏ ਦਾ ਕੋਈ ਵੀ ਅਸਰ ਹੋਇਆ ਹੋਵੇ, ਉਹਨਾਂ ਦੀਆਂ ਲਿਖਤਾਂ ਵਿਚੋਂ ਸਾਬਤ ਨਹੀਂ ਹੁੰਦਾ। ਉਲਟਾ ਅਸਰ ਹੋਇਆ ਜ਼ਰੂਰ ਨਜ਼ਰ ਆਉਂਦਾ ਹੈ।



## ੨. ਪ੍ਰੀਤ-ਲੜੀ ਦੀ ਸ਼ੁਰੂਆਤ

ਨੁਸ਼ਹਿਰਾ ਵਿਚ, ਕੁਝ ਚਿਰ ਏਧਰ ਓਧਰ ਨੌਕਰੀ ਕਰਨ ਪਿਛੋਂ, ਉਹਨਾਂ ਨੇ ਇਕ ਤਾਂ ਮਸ਼ੀਨੀ ਢੰਗ ਨਾਲ ਖੇਤੀਬਾੜੀ ਸ਼ੁਰੂ ਕੀਤੀ ਅਤੇ ਦੂਜੇ ਪ੍ਰੀਤ ਲੜੀ। ਇਸ ਲੇਖ ਦਾ ਸੰਬੰਧ ਸਿਰਫ਼ ਉਹਨਾਂ ਦੀ ਸਾਹਿਤਕ ਦੇਣ ਨਾਲ ਹੈ, ਮਸ਼ੀਨਾਂ ਨਾਲ ਖੇਤੀਬਾੜੀ ਕਰਨ ਨਾਲ ਨਹੀਂ। ਪ੍ਰੀਤ ਲੜੀ ਤੋਂ ਪਹਿਲੋਂ ਪੰਜਾਬ ਵਿਚ ਕੁਝ ਪੰਜਾਬੀ ਦੇ ਅਖ਼ਬਾਰ ਜਾਰੀ ਸਨ। ਰਸਾਲਾ ਕਿਰਤੀ ਤੋਂ ਛੁਟ ਬਾਕੀ ਦੇ ਸਭ ਬਾਹਲਾ ਕਰ ਕੇ ਧਾਰਮਕ ਅਖ਼ਬਾਰ ਸਨ। ਗੁਰਦੁਆਰੇ ਆਜ਼ਾਦ ਹੋ ਚੁਕੇ ਸਨ। ਆਜ਼ਾਦੀ ਦੀ ਲੜਾਈ ਜਾਰੀ ਸੀ। ਪੰਜਾਬੀ ਦੇ ਅਖ਼ਬਾਰ, ਵਧ ਜਾਂ ਘਟ, ਆਜ਼ਾਦੀ ਦੀ ਤਹਿਰੀਕ ਦੇ ਸੰਗਰਾਮ ਵਿਚ ਹਿੱਸਾ ਲੈਂਦੇ ਸਨ।

ਪ੍ਰੀਤ ਲੜੀ ਦੇ ਅਜ ਪਹਿਲੇ ਪਰਚੇ ਪੜ੍ਹੀਏ ਤਾਂ ਉਹਨਾਂ ਵਿਚ ਥਾਂ ਥਾਂ ਅੰਗਰੇਜ਼ੀ ਦੇ ਸ਼ਬਦ ਅਤੇ ਉਹਨਾਂ ਦੇ ਕੁਝ ਚੰਗੇ ਕੁਝ ਮਾੜੇ, ਤਰਜਮੇ ਮਿਲਦੇ ਹਨ। ਉਹਨਾਂ ਤੋਂ ਇੰਜ ਮਲੂਮ ਹੁੰਦਾ ਹੈ ਕਿ ਸਰਦਾਰ ਜੀ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਵਿਚ ਔਖ ਹੋ ਰਹੀ ਸੀ ਇਸ ਲਈ ਉਹ ਆਪਣੇ ਵਿਚਾਰਾਂ ਦੇ ਸਹੀ ਅਰਥ ਪਹੁੰਚਾਣ ਲਈ ਅੰਗਰੇਜ਼ੀ ਸ਼ਬਦਾਂ ਦਾ ਸਹਾਰਾ ਲੈਂਦੇ ਸਨ। ਇਸ ਤੋਂ ਇੰਜ ਜਾਪਦਾ ਹੈ ਕਿ ਅਜੇ ਉਹ ਪਹਿਲੋਂ ਅੰਗਰੇਜ਼ੀ ਜ਼ਬਾਨ ਵਿਚ ਸੋਚਦੇ ਸਨ ਅਤੇ ਪਿਛੋਂ ਉਸ ਸੋਚ ਨੂੰ ਪੰਜਾਬੀ ਵਿਚ ਲਿਖਣ ਦਾ ਤਰੀਕਾ ਵਰਤਦੇ ਸਨ। ਸਾਡੇ ਅੰਗਰੇਜ਼ੀ ਦੇ ਸਿਆਣੇ ਸਿਆਣੇ ਪ੍ਰੋਫ਼ੈਸਰ ਵੀ ਪਹਿਲੋਂ ਪਹਿਲੋਂ ਏਵੇਂ ਹੀ ਕਰਦੇ ਰਹੇ ਹਨ। ਅਜ ਅਸੀਂ ਟਾਂਵਿਆਂ ਤੋਂ ਛੁਟ, ਇਸ ਹਾਲਤ ਵਿਚੋਂ ਨਿਕਲ ਚੁੱਕੇ ਹਾਂ। ਅਜ ਪੰਜਾਬੀ ਵਿਚ ਵਿਚਾਰਾਂ, ਸਿਧਾਂਤਾਂ ਤੇ ਚਿੰਤਨ ਦੇ ਪ੍ਰਗਟਾਅ ਦੀ ਸ਼ਕਤੀ ਬਹੁਤ ਵਧ ਚੁਕੀ ਹੈ। ਪਰ ਅਜੇ ਵੀ ਅਸੀਂ ਸਾਇੰਸ ਤੇ ਟੈਕਨਾਲੋਜੀ ਦੇ ਕਈ ਇਕ ਖੇਤਰਾਂ ਵਿਚ ਢੇਰ ਸਾਰੇ ਪਛੜੇ ਹੋਏ ਹਾਂ।

ਇਸ ਲਈ ਉਹਨਾਂ ਦਿਨਾਂ ਵਿਚ ਸਰਦਾਰ ਜੀ ਦੀ ਦਿੱਕਤ ਹਕੀਕੀ ਸੀ। ਨਵੇਂ ਖ਼ਿਆਲਾਂ ਤੇ ਸਿਧਾਂਤਾਂ ਦਾ ਸਹੀ ਸਹੀ ਪ੍ਰਗਟ ਕਰਨਾ ਆਸਾਨ ਕੰਮ ਨਹੀਂ ਸੀ। ਕਿਰਤੀ ਵਿਚ ਸਾਨੂੰ ਖ਼ੁਦ ਇਹਨਾਂ ਦਿੱਕਤਾਂ ਤੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪਰ ਸਰਦਾਰ ਜੀ ਨੇ ਪ੍ਰਗਟਾਅ ਦੀਆਂ ਉਹਨਾਂ ਮੁਸ਼ਕਲਾਂ ਤੇ ਕਾਬੂ ਪਾ ਲਿਆ ਅਤੇ ਉਹਨਾਂ ਦੀ ਲਿਖਣ-ਸ਼ੈਲੀ ਵਿਚ ਵੀ ਤਬਦੀਲੀ ਆਉਂਦੀ ਰਹੀ। ਅਜ ਉਹਨਾਂ ਦੀ ਉਹ ਪਿਛਲੀ ਸ਼ੈਲੀ ਅਜ ਦੀ ਸ਼ੈਲੀ ਨਾਲ ਕੋਈ ਟਾਕਰਾ ਹੀ ਨਹੀਂ ਖਾਂਦੀ। ਅਜ ਦੀ ਉਹਨਾਂ ਦੀ ਸ਼ੈਲੀ ਬੜੀ ਰੰਗੀਨ, ਕਲਪਨਾ-ਮਈ ਅਤੇ ਅਲੰਕਾਰਾਂ-ਸ਼ਿੰਗਾਰੀ ਬਣ ਗਈ ਹੈ। ਪੰਜਾਬੀ ਦੇ ਪ੍ਰਗਟਾਅ ਨੂੰ ਉਹਨਾਂ ਨੇ ਅਜਿਹਾ ਕਲਾ-ਮਈ ਤੇ ਮਨਮੋਹਣਾ ਬਣਾ ਦਿਤਾ ਹੈ ਕਿ ਕਈ ਇਕ ਲੇਖਕ ਉਸ ਸ਼ੈਲੀ ਨੂੰ ਅਪਨਾਣ ਲਈ ਯਤਨ ਕਰ ਰਹੇ ਹਨ। ਇਹ ਵੀ ਸਰਦਾਰ ਹੋਰਾਂ ਦੀ ਪੰਜਾਬੀ ਨੂੰ ਦੇਣ ਦੀ ਸ਼ੋਭਾ ਦਾ ਇਕ ਤਰੀਕਾ ਹੈ।

## ੩. ਪੰਜਾਬੀ ਸਾਹਿਤ ਨੂੰ ਦੇਣ

ਸਰਦਾਰ ਜੀ ਨੇ ਪੰਜਾਬੀ ਸਾਹਿਤ ਨੂੰ ਬਹੁਤ ਕੁਝ ਦਿਤਾ ਹੈ — ਏਨਾ ਕੁਝ ਕਿ ਇਸ ਦਾ ਮੁੱਲ ਅੰਗਣਾ ਕੋਈ ਆਸਾਨ ਗੱਲ ਨਹੀਂ। ਸਮਾਜ ਦਾ ਕੋਈ ਪਹਿਲੂ ਨਹੀਂ ਜਿਸ ਤੇ ਇਹਨਾਂ ਨੇ ਲਿਖਿਆ ਨਾ ਹੋਵੇ। ਪਿਛਲੇ ਚਾਲ੍ਹੀ ਸਾਲਾਂ ਵਿਚ ਇਹਨਾਂ ਨੇ ਸਾਹਿਤ ਤੇ ਸਮਾਜ ਬਾਰੇ

ਏਨਾ ਕੁਝ ਲਿਖਿਆ ਹੈ ਕਿ ਸ਼ਾਇਦ ਹੀ ਕਿਸੇ ਹੋਰ ਲੇਖਕ ਨੇ ਏਨਾ ਕੁਝ ਤੇ ਏਨਾ ਚੰਗਾ ਲਿਖਿਆ ਹੋਵੇ। ਇਹਨਾਂ ਨੇ ਪੰਜ-ਛੇ ਦਰਜਨਾਂ ਕਿਤਾਬਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਕਈ ਤਾਂ, ਵਧ ਜਾਂ ਘਟ, ਅਧੀ ਦਰਜਨ ਵਾਰ ਨਵੇਂ ਐਡੀਸ਼ਨਾਂ ਵਿਚ ਛਪ ਚੁਕੀਆਂ ਹਨ।

ਸਰਦਾਰ ਜੀ ਨੇ ਕਈ ਨਾਵਲ ਲਿਖੇ ਹਨ। ਕੁਝ ਇਕ ਡਰਾਮੇ ਲਿਖੇ ਹਨ ਅਤੇ ਛੋਟੀਆਂ ਕਹਾਣੀਆਂ ਦੀ ਗਿਣਤੀ ਬਹੁਤ ਵਡੀ ਹੈ। ਅਤੇ ਉਹਨਾਂ ਦਾ ਮਿਸਟਰ ਆਰਨਲਡ ਦੀ ਬੁੱਧ ਮੱਤ ਬਾਰੇ ਅੰਗਰੇਜ਼ੀ ਪੁਸਤਕ ਦਾ ਉਲਥਾ, 'ਏਸ਼ੀਆ ਦਾ ਚਾਨਣ' ਪੰਜਾਬੀ ਜਗਤ ਵਿਚ ਚੰਗਾ ਸਲਾਹਿਆ ਗਿਆ ਸੀ। ਪਿਛੇ ਜਿਹੇ ਉਹਨਾਂ ਨੇ ਪੰਜਾਬ ਦੇ ਕਿੱਸਿਆਂ ਵਿਚ ਮਸ਼ਹੂਰ ਹੋ ਚੁਕੇ ਆਸ਼ਕਾਂ ਉਤੇ ਇਕ ਪੁਸਤਕ 'ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ' ਲਿਖੀ ਸੀ ਜਿਸ ਦੀ ਬੜੀ ਚਰਚਾ ਹੋਈ ਸੀ। ਉਹਨਾਂ ਦੀਆਂ ਰਚਨਾਵਾਂ ਦੀ ਲਿਸਟ ਬੜੀ ਲੰਮੀ ਹੈ।

ਉਹਨਾਂ ਦੀ ਲੇਖਣੀ ਨੇ ਸਾਨੂੰ ਨਵਾਂ-ਨਿਰੋਆ, ਪੁਰਾਤਨਤਾ ਦੇ ਬੰਧਨਾਂ ਵਿਰੁਧ ਬਗ਼ਾਵਤ ਕਰਨ ਵਾਲਾ, ਨਵੀਆਂ ਕਦਰਾਂ ਲਈ ਉਤਸ਼ਾਹ ਪੈਦਾ ਕਰਨ ਵਾਲਾ ਅਤੇ ਮੁਰਦਾ ਕੀਮਤਾਂ ਨੂੰ ਦਫ਼ਨਾਨ ਵਾਲਾ ਸਾਹਿਤ ਦਿਤਾ ਹੈ। ਉਹ ਖੜੋਤ ਦੇ ਸਖ਼ਤ ਦੁਸ਼ਮਨ ਅਤੇ ਇਕ ਸਾਰਵੀਂ ਹਰਕਤ ਤੇ ਰੌਸ਼ਨ ਭਵਿੱਖ ਦੇ ਪਰਚਾਰਕ ਹਨ। ਸਾਡਾ ਸਾਹਿਤ ਕੁਝ ਫ਼ੌਲਾਦੀ ਵਲਗਣਾਂ ਵਿਚ ਕੈਦ ਹੋ ਚੁਕਾ ਸੀ ਜਦੋਂ ਉਹਨਾਂ ਨੇ ਕਲਮ ਫੜੀ। ਉਹਨਾਂ ਨੇ ਉਹਨਾਂ ਵਲਗਣਾਂ ਨੂੰ ਤੋੜ ਕੇ ਢਹਿ ਢੇਰੀ ਕਰ ਦਿਤਾ ਅਤੇ ਵਿਸ਼ਾਲ ਦੁਨੀਆਂ ਦੇ ਨਜ਼ਾਰੇ ਪੇਸ਼ ਕੀਤੇ। ਇਹ ਉਹਨਾਂ ਦੀ ਕਲਮ ਦਾ ਕਰਿਸ਼ਮਾਂ ਹੈ ਕਿ ਪੰਜਾਬੀ ਸਾਹਿਤ ਸੌੜੀ ਵਲਗਣ ਵਿਚੋਂ ਬਾਹਰ ਨਿਕਲ ਸਕਿਆ ਅਤੇ ਪੰਜਾਬੀ ਪਾਠਕਾਂ ਸਾਹਮਣੇ ਇਕ ਵਿਸ਼ਾਲ ਜ਼ਿੰਦਗੀ-ਭਰਪੂਰ ਅਤੇ ਭਵਿੱਖ-ਦਰਸ਼ਕ ਦੁਨੀਆਂ ਦੇ ਦਰਵਾਜ਼ੇ ਖੁਲ੍ਹ ਗਏ।

ਉਹਨਾਂ ਨੇ ਹਰ ਸਮਾਜੀ ਕੋੜ੍ਹ ਦੀ ਨਿਧੜਕ ਹੋ ਕੇ ਨਿਖੇਧੀ ਕੀਤੀ ਹੈ। ਅਤੇ ਪੁਰਾਣੀਆਂ, ਮਰ-ਚੁਕੀਆਂ ਤੇ ਬੇਅਰਥ ਰੀਤਾਂ ਰਸਮਾਂ ਦੇ ਖ਼ਿਲਾਫ਼ ਜਹਾਦ ਕੀਤਾ ਹੈ। ਜਿਥੇ ਵੀ ਉਹਨਾਂ ਨੂੰ ਸਮਾਜ ਵਿਚ ਗੰਦ, ਖੜੋਤ, ਉਪੱਦਰ ਜਾਂ ਜ਼ੁਲਮ ਨਜ਼ਰ ਆਏ ਉਥੇ ਹੀ ਉਹਨਾਂ ਦੇ ਉਚੇ ਤੇ ਸੁੱਚੇ ਵਿਚਾਰਾਂ ਨੇ ਇਹਨਾਂ ਦੇ ਸਿਰਾਂ ਤੇ ਵਦਾਣੀ ਸੱਟਾਂ ਮਾਰੀਆਂ ਅਤੇ ਇਹਨਾਂ ਕੋੜ੍ਹਾਂ ਤੋਂ ਛੁਟਕਾਰਾ ਦਿਵਾਣ ਲਈ ਯਤਨ ਆਰੰਭ ਦਿਤੇ। ਸਾਡੇ ਡਿਗੇ-ਹੋਏ ਸਭਿਆਚਾਰ ਤੇ ਸਾਊਪੁਣੇ ਨੂੰ ਉਚਾ ਉਠਾਣ ਅਤੇ ਪੰਜਾਬੀਅਤ ਦਾ ਸਿਰ ਉੱਚਾ ਕਰਨ ਵਿਚ ਉਹਨਾਂ ਦੇ ਹਿੱਸੇ ਦਾ ਸਹੀ ਲੇਖਾ ਜੋਖਾ ਕਰਨਾ ਇਸ ਲੇਖ ਵਿਚ ਅਸੰਭਵ ਹੈ। ਅਤੇ ਅਜੇ ਇਹਨਾਂ ਵਿਰੁਧ ਉਹਨਾਂ ਦਾ ਜਹਾਦ ਜਾਰੀ ਹੈ।

## ੪. ਸੀ. ਆਈ. ਡੀ. ਦਾ ਪਹਿਰਾ

ਅਗੇ-ਖੜੂ ਸਾਹਿਤ ਦਾ ਮੁਖ ਲੱਛਣ ਇਹ ਹੈ ਕਿ ਉਹ ਗ਼ੁਲਾਮੀ ਦਾ ਨਿਰੰਤਰ ਵੈਰੀ ਹੁੰਦਾ ਹੈ। ਨਵੇਂ ਖ਼ਿਆਲ ਆਪਣੇ ਅੰਦਰ ਆਜ਼ਾਦੀ ਦੇ ਸੰਗਰਾਮ ਲਈ ਉਤਸਾਹਤ ਕਰਨ ਦੀਆਂ ਬੜੀਆਂ ਸੰਭਾਵਨਾਵਾਂ ਰਖਦੇ ਹਨ। ਭਾਵੇਂ ਆਪਣੇ ਲੇਖਾਂ ਵਿਚ ਸਰਦਾਰ ਜੀ ਬੜੀ ਸਾਹਿਤਕ ਸ਼ਬਦਾਵਲੀ ਵਰਤ ਕੇ ਗ਼ੁਲਾਮੀ ਦੇ ਸਿਰ ਤੇ ਸੱਟਾਂ ਮਾਰਦੇ ਸਨ, ਪਰ ਉਹ ਕਈ ਉਘੇ ਆਜ਼ਾਦੀ ਸੰਗਰਾਮੀਆਂ ਦੇ ਬਚਨਾਂ ਦੇ ਟੋਟਕੇ ਤੇ ਹਵਾਲੇ ਵੀ ਦੇਂਦੇ ਰਹਿੰਦੇ ਸਨ। ਇਹਨਾਂ ਸੁਤੰਤਰ ਖ਼ਿਆਲਾਂ ਤੋਂ ਅੰਗਰੇਜ਼ ਰਾਜ ਦੇ ਸਥਾਪਤ ਹਿਤਾਂ ਨੂੰ ਬੜਾ ਖ਼ਤਰਾ ਭਾਸਨ



ਲਗ ਪਿਆ। ਇਹੋ ਹੀ ਨਹੀਂ, ਸਰਦਾਰ ਜੀ ਨੂੰ ਹਰ ਕਿਸਮ ਦੇ ਇਨਕਲਾਬੀ ਤੇ ਗ਼ੈਰ-ਇਨਕਲਾਬੀ ਮਿਲਣ ਆਉਂਦੇ ਰਹਿੰਦੇ ਸਨ ਅਤੇ ਉਹਨਾਂ ਨੇ ਉਹਨਾਂ ਨੂੰ ਮਿਲਣੋਂ ਜਾਂ ਪਨਾਹ ਦੇਣੋਂ ਕਦੇ ਇਨਕਾਰ ਨਹੀਂ ਕੀਤਾ।

ਤੁਸੀਂ ਪ੍ਰੀਤ ਲੜੀ ਦੀਆਂ ਪਿਛਲੀਆਂ ਫ਼ਾਈਲਾਂ ਪੜ੍ਹ ਕੇ ਵੇਖੋ, ਤੁਹਾਨੂੰ ਉਹਨਾਂ ਵਿਚੋਂ ਆਜ਼ਾਦੀ ਸੰਬੰਧੀ ਬੜੇ ਸੁੰਦਰ, ਸਥਾਪਤ ਸੁਆਰਥਾਂ ਤੇ ਜ਼ਬਰਦਸਤ ਸੱਟ ਮਾਰਨ ਵਾਲੇ ਟੋਟਕੇ ਮਿਲਣਗੇ। ਇਹਨਾਂ ਟੋਟਕਿਆਂ ਥੱਲੇ ਕਦੇ ਐਮਰਸਨ, ਬਰਨਾਰਡ ਸ਼ਾਅ, ਰੋਮਾਂ ਰੋਲਾਂ ਦਾ ਨਾਮ ਲਿਖਿਆ ਹੋਇਆ ਮਿਲੇਗਾ, ਕਦੇ ਟਾਲਸਟਾਏ, ਕੋਨੋਕਸ, ਮੈਜ਼ਿਨੀ, ਬਰਟਰੈਂਡ ਰਸਲ, ਵਿਕਟਰ ਹਿਊਗੋ ਵਗ਼ੈਰਾ ਦਾ। ਸ਼ੁਰੂ ਵਿਚ ਸਰਦਾਰ ਜੀ ਪ੍ਰੀਤ ਲੜੀ ਦੇ ਪਰਚਿਆਂ ਦਾ ਕੁਝ ਹਿੱਸਾ ਅੰਗਰੇਜ਼ੀ ਨੂੰ ਵੀ ਅਰਪਿਤ ਕਰਦੇ ਸਨ। ਇਹ ਲੇਖ ਆਜ਼ਾਦੀ ਲਈ ਬਗ਼ਾਵਤੀ ਸਪਿਰਟ ਪੈਦਾ ਕਰਨ ਵਾਲੇ ਹੁੰਦੇ ਸਨ। ਇਸ ਲਈ ਪ੍ਰੀਤ ਲੜੀ ਤੇ ਇਸ ਦੇ ਸੰਪਾਦਨ ਤੋਂ ਅੰਗਰੇਜ਼ ਰਾਜ ਨੂੰ ਖ਼ਤਰਾ ਮਹਿਸੂਸ ਹੋਣ ਲਗ ਪਿਆ। ਹਾਕਮਾਂ ਨੂੰ ਭਾਸਿਆ ਕਿ ਸਾਹਿਤ ਦੇ ਬੁਰਕੇ ਥੱਲੇ ਪ੍ਰੀਤ ਲੜੀ ਆਜ਼ਾਦੀ ਸੰਗਰਾਮ ਦਾ ਹਥਿਆਰ ਬਣਦਾ ਜਾ ਰਿਹਾ ਹੈ। ਇਹ ਮਾਰਕਸ ਤੇ ਲੈਨਿਨ ਦੇ ਹਵਾਲੇ ਦੇਣੋਂ ਵੀ ਨਹੀਂ ਝਿਜਕਦਾ।

ਲੋਕਾਂ ਨੂੰ ਚਿੰਤਨ-ਹੀਨ, ਵਿੱਦਿਆ-ਹੀਨ ਤੇ ਜਾਹਲ ਰਖਣਾ ਅਤੇ ਆਪਣੇ ਦੁਰ-ਪਰਚਾਰ ਰਾਹੀਂ ਬ੍ਰਿਟਿਸ਼ ਸਾਮਰਾਜ ਦੀਆਂ ਬਰਕਤਾਂ ਦਾ ਢੰਡੋਰਾ ਪਿੱਟਣਾ ਹਿੰਦੁਸਤਾਨ ਨੂੰ ਗ਼ੁਲਾਮ ਰਖਣ ਦੇ ਹਥਿਆਰਾਂ ਵਿਚੋਂ ਇਕ ਤਕੜਾ ਹਥਿਆਰ ਸੀ। ਇਸ ਦੇ ਅਸਰ ਨੂੰ ਘਟਾਉਣ-ਮਿਟਾਉਣ ਲਈ ਪ੍ਰੀਤ ਲੜੀ ਆਪਣਾ ਯੋਗ ਹਿੱਸਾ ਪਾ ਰਿਹਾ ਸੀ — ਇਹ ਸਨ ਕਾਰਨ ਜਿਨ੍ਹਾਂ ਨੇ ਪ੍ਰੀਤ ਲੜੀ ਨੂੰ, ਸਿਰ ਤੇ ਸੀ. ਆਈ. ਡੀ. ਦਾ ਪਹਿਰਾ ਲਾਏ ਜਾਣ ਦਾ ਮਾਣ ਬਖ਼ਸ਼ਿਆ। ਹਾਕਮਾਂ ਦੇ ਇਸ ਕਾਰੇ ਨਾਲ, ਆਜ਼ਾਦੀ-ਸੰਗਰਾਮੀਆਂ ਦੇ ਦਿਲ ਵਿਚ, ਸਰਦਾਰ ਜੀ ਦਾ ਸਤਿਕਾਰ ਤੇ ਮਾਣ ਹੋਰ ਵਧ ਗਿਆ ਅਤੇ ਪ੍ਰੀਤ ਲੜੀ ਦੀ ਸ਼ਾਨ ਹੋਰ ਉਚੇਰੀ ਹੋ ਗਈ।

## ੫. ਅੰਧ-ਵਿਸ਼ਵਾਸੀਆਂ ਦਾ ਕ੍ਰੋਪ

ਸਰਦਾਰ ਗੁਰਬਖ਼ਸ਼ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਉਤੇ ਇਕ ਲੇਖ 'ਪਰਮ ਮਨੁੱਖ'[੧] ਦੇ ਸਿਰਲੇਖ ਹੇਠ ਲਿਖਿਆ। ਕਟੜਵਾਦੀਆਂ ਤੇ ਤੰਗ-ਦਿਲ (ਅ) ਗਿਆਨੀਆਂ ਨੇ ਤੂਫ਼ਾਨ ਖੜਾ ਕਰ ਦਿਤਾ ਅਤੇ ਸਰਦਾਰ ਹੋਰਾਂ ਦੇ ਖ਼ਿਲਾਫ਼ 'ਪੰਥ' ਵਿਚ, ਨਾਸਤਕ ਹੋਣ ਦਾ ਭੰਡੀ-ਪਰਚਾਰ ਜ਼ੋਰਾਂ ਨਾਲ ਆਰੰਭ ਦਿਤਾ। ਹੋਰ ਗੱਲਾਂ ਤੋਂ ਛੁੱਟ ਇਕ ਮੁਖ ਗੱਲ ਇਹ ਸੀ ਕਿ ਗੁਰੂ ਜੀ ਨੂੰ 'ਮਨੁੱਖ' ਕਿਉਂ ਲਿਖਿਆ ਗਿਆ ਹੈ।

ਇਸ ਭੰਡੀ ਪਰਚਾਰ ਨੂੰ ਰੋਕਣ ਲਈ ਖ਼ਾਲਸਾ ਕਾਲਜ ਦੇ ਪ੍ਰੋਫ਼ੈਸਰਾਂ ਤੇ ਹੋਰ ਕੁਝ ਵਿਦਵਾਨਾਂ ਨੇ ਨਿਖੇਧੀ ਕੀਤੀ ਅਤੇ ਇਸ ਦੁਰ-ਪਰਚਾਰ ਦੇ ਬੰਦ ਕਰਨ ਦੇ ਯਤਨ ਕੀਤੇ। ਪਰ ਕੌਣ ਸੁਣਦਾ ਸੀ, ਇਹਨਾਂ ਵਿਦਵਾਨਾਂ ਦੀ ਗੱਲ। ਅਕਾਲੀ ਤਹਿਰੀਕ ਦੇ ਵੇਲੇ ਤੋਂ ਥੱਲਿਉਂ ਇਹ ਪਰਚਾਰ ਅੰਦਰੋਂ-ਅੰਦਰੀ ਕੰਮ ਕਰ ਰਿਹਾ ਸੀ ਕਿ ਪੜ੍ਹੇ ਲਿਖੇ ਸਿੱਖ, ਸਿੱਖ ਨਹੀਂ ਹੁੰਦੇ।

੧. ਹੁਣ ਇਹ ਤੇ ਕੁਝ ਹੋਰ ਲੇਖ ਪੁਸਤਕ ਦੀ ਸ਼ਕਲ ਧਾਰਨ ਕਰ ਗਏ ਹਨ ਅਤੇ ਪਰਮ ਮਨੁੱਖ ਦੇ ਅੱਠ ਐਡੀਸ਼ਨ ਛਪ ਚੁਕੇ ਹਨ।

ਇਹ ਸਿੱਖ ਮਰਿਆਦਾ ਦੀ ਪਾਲਣਾ ਨਹੀਂ ਕਰਦੇ ਵਗ਼ੈਰਾ । ਮੈਨੂੰ ਖ਼ੁਦ ਉਹਨਾਂ ਦਿਨਾਂ ਦਾ ਤਜਰਬਾ ਹੈ ਕਿ ਮੇਰੇ ਨਾਲ ਅੱਖਰਾਂ ਦੀ ਪਵਿੱਤਰਤਾ ਬਾਰੇ ਤੇ ਔਰਤਾਂ ਨੂੰ ਪਗੜੀ ਬੰਨ੍ਹਾਉਣ ਦੀ ਮੁਖ਼ਾਲਫ਼ਤ ਵਿਚ ਕੁਝ ਕੁ ਸ਼ਬਦ ਕਹਿਣ ਤੇ ਕੀ ਬਾਬ ਹੋਈ ਸੀ !

ਜਿੰਨਾ ਵਧ ਅਨਪੜ੍ਹ ਤੇ ਜਾਹਲ ਓਨਾ ਹੀ ਵਧ ਅੰਧ-ਵਿਸ਼ਵਾਸ਼ੀ ਤੇ ਕੱਟੜ ! ਇਹ ਸਿੱਖ ਮੱਤ ਦੀ ਗੱਲ ਨਹੀਂ, ਹਰ ਇਕ ਮੱਤ ਉਤੇ ਲਾਗੂ ਹੁੰਦੀ ਹੈ । ਸਰਦਾਰ ਜੀ ਬੜੇ ਘਬਰਾ ਗਏ । ਉਹਨਾਂ ਨੂੰ ਜਾਪਿਆ ਕਿ ਸਿੱਖ ਗ੍ਰੰਥੀ ਤੇ ਭਾਈ ਪ੍ਰੋਫ਼ੈਸਰਾਂ ਤੇ ਵਿਦਵਾਨਾਂ ਨਾਲੋਂ ਭਾਰੂ ਹਨ । ਉਹਨਾਂ ਦਾ ਸੁਹਿਰਦ ਤੇ ਕੋਮਲ ਮਨ ਬਿਹਬਲ ਹੋ ਉਠਿਆ ਅਤੇ ਉਹਨਾਂ ਨੇ ਸਭ ਭੁੱਲਾਂ ਆਪਣੀ ਝੋਲੀ ਵਿਚ ਪੁਆਉਣੀਆਂ ਸ਼ੁਰੂ ਕਰ ਦਿਤੀਆਂ — ਉਹੋ ਜਿਹੇ ਗਿਆਨੀਆਂ ਤੋਂ ਜਿਨ੍ਹਾਂ ਨੇ ਸਿੱਖੀ ਦਾ ਨਾਮ ਲੈ ਕੇ ਦਰਬਾਰ ਸਾਹਿਬ ਵਿਚ ਬਿਜਲੀ ਲਾਉਣ ਦੀ ਇਸ ਵਾਸਤੇ ਵਿਰੋਧਤਾ ਕੀਤੀ ਸੀ ਕਿ ਬਿਜਲੀ ਚੰਚਲ ਹੈ ਇਹ ਬਿਰਤੀਆਂ ਨੂੰ ਇਕਾਗਰ ਰਹਿਣ ਨਹੀਂ ਦੇਵੇਗੀ ।

ਪਰ ਇਸ ਦੇ ਪਿਛੋਂ ਉਹ ਆਮ ਮਜ਼ਹਬ ਬਾਰੇ ਲਿਖਦੇ ਰਹੇ । ਮੁਕਤੀ ਤੇ ਸਵਰਗ ਬਾਰੇ, ਕਰਾਮਾਤਾਂ ਤੇ ਧਾਰਮਕ ਦੰਭ ਤੇ ਫ਼ਰੇਬ ਬਾਰੇ ਉਹਨਾਂ ਦੀ ਕਲਮ ਚਲਦੀ ਰਹੀ ਅਤੇ ਇਹ ਜ਼ਰੂਰੀ ਵੀ ਸੀ ਕਿਉਂਕਿ ਮਜ਼ਹਬ ਅਹਿਲ ਤੇ ਤਬਦੀਲੀ ਦੇ ਖ਼ਿਲਾਫ਼ ਹੈ । ਅਤੇ ਆਪਣੀ ਹਿੱਕ ਨਾਲ ਕਈ ਮੁਰਦਾ ਲਾਸ਼ਾਂ ਨੂੰ ਲਾਂਭੇ ਸੁੱਟ ਕੇ ਹੀ ਭਵਿੱਖ ਵਲ ਜਾਇਆ ਜਾ ਸਕਦਾ ਹੈ ।

ਉਸ ਵੇਲੇ ਦੀ ਸਰਦਾਰ ਹੋਰਾਂ ਦੀ ਮਨੋ-ਬਿਰਤੀ ਦਾ ਕੁਝ ਝਲਕਾਰਾ ਇਹਨਾਂ ਸ਼ਬਦਾਂ ਤੋਂ ਪੈਂਦਾ ਹੈ । ਸਰਕਾਰ ਦੀ ਸੀ. ਆਈ. ਡੀ. ਨੇ ਪਹਿਰੇ ਲਾ ਦਿਤੇ, ਮਜ਼ਹਬ ਨੇ ਹਰ ਪ੍ਰੀਤ-ਲੜੀਏ ਦੇ ਖ਼ਿਲਾਫ਼ ਨਾਸਤਕਤਾ ਦਾ ਫ਼ਤਵਾ ਦੇ ਦਿਤਾ, ਤੇ ਸੁਚਮਤਾ ਦੇ ਪ੍ਰੋਹਤਾਂ ਨੇ ਮਸ਼ਹੂਰ ਕਰ ਦਿਤਾ ਕਿ "ਚੂਹੜੀਆਂ ਸਾਡਾ ਦੁੱਧ ਰਿੜਕਦੀਆਂ ਹਨ । ਚੁਮਾਰ ਰੋਟੀ ਪਕਾਉਂਦੇ ਹਨ। ਮੁਸਲਮਾਨ ਮਾਸ਼ਕੀ ਪਾਣੀ ਭਰਦੇ ਹਨ......ਇਹਨਾਂ ਦਾ ਕੋਈ ਧਰਮ ਈਮਾਨ ਨਹੀਂ । ਇਹ ਚੂਹੜਿਆਂ ਨਾਲ ਖਾਂਦੇ ਹਨ ।" (ਮੰਜ਼ਲ ਦਿਸ ਪਈ — ਪੰਨਾ ੧੭੮)

## ੬. ਯੂਟੋਪੀਆਈ ਸਮਾਜ[੧]

ਅੱਜ ਸ: ਗੁਰਬਖ਼ਸ਼ ਸਿੰਘ ਜੀ ਉਹ ਗੁਰਬਖ਼ਸ਼ ਸਿੰਘ ਨਹੀਂ ਹਨ, ਜਿਨ੍ਹਾਂ ਨੇ ਅਮਰੀਕਾ ਵਿਚੋਂ ਵਿੱਦਿਆ ਹਾਸਲ ਕਰ ਕੇ ਅਤੇ ਨੁਸ਼ਹਿਰੇ ਆ ਕੇ ਪ੍ਰੀਤ ਲੜੀ ਸ਼ੁਰੂ ਕੀਤੀ ਸੀ । ਹੁਣ ਉਹ ਹੋਰ ਗੁਰਬਖ਼ਸ਼ ਸਿੰਘ ਜੀ ਹਨ । ਉਹਨਾਂ ਵਿਚ ਬੜੀ ਤਬਦੀਲੀ ਆ ਗਈ ਹੈ । ਉਸ ਵੇਲੇ ਯੂਟੋਪੀਆਈ ਆਗੂਆਂ ਵਾਂਗ, ਉਹ ਆਪਣੇ ਨਿੱਜੀ ਯਤਨਾਂ ਨਾਲ ਸਮਾਜ ਦੀ ਭੁੱਖ-ਨੰਗ, ਬੇਕਾਰੀ ਤੇ ਦਲਿਦਰਤਾ ਅਤੇ ਗੰਦ-ਮੰਦ ਨੂੰ ਏਥੋਂ ਨਿਕਾਲਾ ਦੇ ਕੇ ਸੁਹਣੇ, ਉੱਚੇ ਤੇ ਸੁੱਚੇ ਅਤੇ ਪ੍ਰੀਤਾਂ-ਭਰੇ ਨਗਰ ਦੀ ਰਚਨਾ ਦੇ ਸੁਪਨੇ ਲੈ ਰਹੇ ਸਨ । ਉਹਨਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੇ ਜ਼ੋਰਦਾਰ ਕਲਾਮਈ ਲੇਖਣੀ ਨੇ ਬੁਧੀਜੀਵੀ ਨੌਜਵਾਨਾਂ ਨੂੰ ਆਪਣਾ ਆਸ਼ਕ ਬਣਾ ਲਿਆ ਸੀ । ਇਸ ਲਈ ਉਹਨਾਂ ਦੀ ਹਰ ਕਲਪਨਾ-ਮਈ ਵਿਉਂਤ ਤੇ ਫੁੱਲ ਚੜ੍ਹਦੇ ਸਨ ਅਤੇ ਮੰਗ ਪੂਰੀ ਹੁੰਦੀ ਸੀ ।

੧. ਉਹ ਖ਼ਿਆਲੀ ਟਾਪੂ ਜਿਸ ਵਿਚ ਪੂਰਨ ਤੇ ਆਦਰਸ਼ਕ ਸਮਾਜੀ ਤੇ ਰਾਜਸੀ ਪ੍ਰਬੰਧ ਸੀ ।



ਉਹਨਾਂ ਦੀ ਸਾਂਝੇ ਦਿਲ-ਧੜਕਣ ਦੀ ਅਤੇ ਬਰਾਬਰੀ ਦਾ ਮਨੁੱਖਵਾਦੀ ਸਮਾਜ ਰਚਣ ਦੀ ਗੱਲ ਬੜੀ ਧੂਹ ਪਾਉਂਦੀ ਸੀ । ਉਹਨਾਂ ਦਾ ਇਹ ਤਜਰਬਾ ਸਾਡੇ ਦੇਸ ਲਈ ਨਵਾਂ ਸੀ, ਪਰ ਫ਼ਰਾਂਸ, ਇੰਗਲੈਂਡ ਤੇ ਅਮਰੀਕਾ ਲਈ ਨਵਾਂ ਨਹੀਂ ਸੀ, ਉਹਨਾਂ ਮੁਲਕਾਂ ਵਿਚ ਸਰਮਾਏਦਾਰੀ ਦੀ ਲੁੱਟ-ਚੋਂਘ ਤੋਂ ਨਜਾਤ ਦਿਵਾਉਣ ਲਈ ਸੇਂਟ ਸਾਈਮਨ, ਫ਼ੋਰੀਏ, ਓਵਨ ਅਤੇ ਇਹਨਾਂ ਦੇ ਹੋਰ ਹਮ-ਖ਼ਿਆਲਾਂ ਨੇ ਬਰਾਬਰੀ ਤੇ ਮਿਲਵਰਤਨ ਦੇ ਆਧਾਰ ਤੇ ਆਦਰਸ਼ਕ ਬਸਤੀਆਂ ਬਣਾਉਣ ਦੇ ਤਜਰਬੇ ਕੀਤੇ ਸਨ ਅਤੇ ਉਹ ਸਭ ਨਾਕਾਮ ਹੋਏ ਸਨ । ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਦੇ ਸਮਾਜ ਵਿਚ ਇਹੋ ਜਿਹੇ ਰੰਗੀਨ ਸੁਪਨੇ ਅਮਲੀ ਸੂਰਤ ਨਹੀਂ ਧਾਰ ਸਕਦੇ ।

ਅਤੇ ਏਥੇ ਤਾਂ ਅਸੀਂ ਅਜੇ ਅੰਗਰੇਜ਼ ਰਾਜ ਦੇ ਜੂਲੇ ਵਿਚ ਜੁਤੇ ਹੋਏ ਸਾਂ । ਏਥੇ ਤਾਂ ਨਮੂਨੇ ਦਾ ਸਮਾਜ ਬਣਾਉਣਾ ਉੱਕਾ ਹੀ ਅਨਹੋਣੀ ਗੱਲ ਸੀ । ਸਰਦਾਰ ਜੀ ਖ਼ੁਦ ਇਕਬਾਲ ਕਰਦੇ ਹਨ : "ਪ੍ਰੀਤ ਨਗਰ ਦਾ ਸੁਪਨਾ ਮੈਂ ਸਮਾਧ ਅਕਾਲੀ ਫੂਲਾ ਸਿੰਘ ਤੋਂ ਹੀ ਬਣਾ ਲਿਆ ਸੀ ਅਤੇ ਪ੍ਰੀਤ ਸੈਨਾ ਦੀ ਇਕ ਆਦਰਸ਼ਕ ਜਿਹੀ ਤਜਵੀਜ਼ ਮੈਂ ਉਥੇ ਹੀ ਪ੍ਰੀਤਲੜੀ ਵਿਚ ਛਾਪ ਦਿਤੀ ਸੀ । ਅੱਜ ਉਹਨੂੰ ਜਦ ਮੈਂ ਪੜ੍ਹਦਾ ਹਾਂ, ਤਾਂ ਆਪਣੀ ਅਕਲ ਤੇ ਆਪਣੇ ਪਾਠਕਾਂ ਦੀ ਝਬ-ਯਕੀਨੀ ਉਤੇ ਹੱਸ ਪੈਂਦਾ ਹਾਂ । ਪਰ ਓਦੋਂ ਉਹ ਤੇ ਮੈਂ ਦੋਵੇਂ ਬੜੇ ਸਹੀ ਜਾਪਦੇ ਸਾਂ ।"

ਪਰ ਅਜੇ ਵੀ ਉਹ ਯੂਟੋਪੀਆਈ ਅੰਸ਼ ਤੋਂ, ਮੇਰੀ ਨਿਰਮਾਣ ਰਾਏ ਵਿਚ, ਪੂਰੀ ਤਰ੍ਹਾਂ ਖ਼ਲਾਸੀ ਨਹੀਂ ਪਾ ਸਕੇ । ਅਤੇ ਇਹ ਅੰਸ਼ ਉਜਾਗਰ ਹੋ ਜਾਂਦਾ ਹੈ, ਜਦੋਂ ਉਹ ਕਹਿੰਦੇ ਨੇ : "ਜਿੰਨਾ ਤਜਰਬਾ ਜ਼ਿੰਦਗੀ ਨੇ ਹੁਣ ਮੈਨੂੰ ਦਿਤਾ ਹੈ, ਜੇ ਏਦੂੰ ਅੱਧਾ ਵੀ ਓਦੋਂ ਹੁੰਦਾ ਤਾਂ ਸੰਸਾਰ ਪ੍ਰੀਤ ਨਾਲੋਂ ਪ੍ਰੀਤ ਪਰਵਾਰ ਕਬੂਲ ਕਰ ਲੈਂਦਾ ।" ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ । ਅਜੇ ਵੀ ਉਹ ਬੇਅਮਲ ਮਿੱਤਰ ਮੰਡਲ — ਪ੍ਰੀਤ ਸੈਨਾ ਦਾ ਇਕ ਤਰ੍ਹਾਂ ਦੂਜਾ ਨਾਮ — ਜਿਹੀਆਂ ਤਜਵੀਜ਼ਾਂ ਰਖਦੇ ਹਨ, ਜਿਹੜੀਆਂ ਕਾਨਫ਼ਰੰਸ ਦੇ ਦਿਨਾਂ ਤੋਂ ਅਗੇ ਨਹੀਂ ਤੁਰਦੀਆਂ।

## ੭. ਸ਼ਰਧਾਂਜਲੀ ਵਜੋਂ

ਸ: ਗੁਰਬਖ਼ਸ਼ ਸਿੰਘ ਜੀ, ਅਸਲੀ ਅਰਥਾਂ ਵਿਚ ਮਨੁੱਖਵਾਦੀ ਹਨ । ਉਹਨਾਂ ਲਈ ਸਭ ਆਦਮੀ ਇਨਸਾਨ ਹਨ । ਨਸਲ, ਜ਼ਾਤ ਪਾਤ, ਊਚ ਨੀਚ, ਛੂਤ-ਅਛੂਤ ਦੇ ਪਰਚਾਰਕਾਂ ਦੇ ਉਹ ਸਖ਼ਤ ਦੁਸ਼ਮਣ ਹਨ । ਫ਼ਿਰਕੂ ਫ਼ਸਾਦਾਂ ਦੇ ਖ਼ਿਲਾਫ਼ ਉਹਨਾਂ ਦੀ ਕਲਮ ਅੰਗਰੇਜ਼ ਰਾਜ ਵੇਲੇ ਵੀ ਪ੍ਰੇਮ ਤੇ ਮਿਲਾਪ ਦੇ ਫੁੱਲ ਕੇਰਦੀ ਸੀ ਅਤੇ ਹੁਣ ਆਜ਼ਾਦੀ ਪਿਛੋਂ ਫ਼ਿਰਕੂ ਫ਼ਸਾਦਾਂ ਦੇ ਵਿਰੁਧ ਹੋਰ ਜ਼ੋਰ ਨਾਲ ਲਿਖਦੀ ਹੈ । ਅੱਜ ਪ੍ਰੀਤ ਲੜੀ ਸਾਮਰਾਜੀ ਜੰਗਾਂ ਦੇ ਖ਼ਿਲਾਫ਼ ਅਤੇ ਅਮਨ, ਜਨਵਾਦ ਤੇ ਤਰੱਕੀ ਦੀ ਹਮਾਇਤ ਵਿਚ ਇਕਸਾਰ ਲਿਖਦੀ ਹੈ । ਅਤੇ ਹਰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਸਲੇ ਬਾਰੇ ਆਪਣੀ ਰਾਏ ਪ੍ਰਗਟ ਕਰਦੀ ਹੈ । ਵੀਅਤਨਾਮ ਵਿਚ ਅਮਰੀਕੀ ਸਾਮਰਾਜੀ ਕਤਲਾਮ ਦੀ ਇਸ ਨੇ ਘੋਰ ਨਿਖੇਧੀ ਕੀਤੀ ਹੈ । ਅੱਜ ਸਰਦਾਰ ਜੀ ਦੀ ਕਲਮੀ ਹਮਾਇਤ ਅਗੇ ਲੈ ਜਾਣ ਵਾਲੀ ਹਰ ਤਹਿਰੀਕ ਨੂੰ ਹਾਸਲ ਹੈ । ਉਹਨਾਂ ਦੇ ਵਿਚਾਰਾਂ ਵਿਚੋਂ ਸਾਫ਼ ਪ੍ਰਗਟ ਹੁੰਦਾ ਹੈ ਕਿ ਉਹਨਾਂ ਦੇ ਸੁਪਨੇ ਸਿਰਫ਼ ਸੋਸ਼ਲਿਸਟ ਸਮਾਜ ਵਿਚ ਹੀ ਦਿਹਮਾਨ ਹੋ ਸਕਦੇ ਹਨ ।

ਪਿਛਲੇ ਚਾਲ੍ਹੀਆਂ ਸਾਲਾਂ ਦੇ ਸਾਹਿਤਕ ਜੀਵਨ ਵਿਚ ਜੋ ਕੁਝ ਉਹਨਾਂ ਨੇ ਸਾਨੂੰ ਪੰਜਾਬੀਆਂ

ਨੂੰ ਦਿਤਾ ਹੈ — ਉਸ ਦਾ ਮੁੱਲ ਪਾਉਣਾ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਉਹਨਾਂ ਦੀ ੭੫ਵੀਂ ਵਰ੍ਹੇਗੰਢ ਮਨਾਣਾ ਉਹਨਾਂ ਦੀ ਕਿਰਤ ਕਮਾਈ ਤੇ ਸਫ਼ਲਤਾ ਨੂੰ ਮਾਣ ਬਖ਼ਸ਼ਣਾ ਹੈ, ਉਹਨਾਂ ਦੀ ਜ਼ਾਤ ਨੂੰ ਨਹੀਂ। ਅਜੇ ਮਾਤਬੋਲੀ ਉਹਨਾਂ ਕੋਲੋਂ ਬਹੁਤ ਕੁਝ ਹੋਰ — ਪਹਿਲਾਂ ਨਾਲੋਂ ਵੀ ਚੰਗੇਰਾ — ਆਪਣੀ ਝੋਲੀ ਵਿਚ ਪੁਆਉਣ ਦੀ ਆਸ ਰਖਦੀ ਹੈ। ਉਹ ਇਸ ਵੇਲੇ ਨੌਜਵਾਨਾਂ ਜਿਹੀ ਚੁਸਤੀ, ਸਰਗਰਮੀ ਤੇ ਉਤਸੁਕਤਾ ਨਾਲ ਕੰਮ ਕਰਦੇ ਹਨ ਅਤੇ ਮੇਰੀ ਜਾਚੇ ਫ਼ਾਰਸੀ ਦੀ ਇਸ ਕਹਾਵਤ ਤੇ ਅਮਲ ਕਰਦੇ ਹਨ : ਜਿਉਂ ਜਿਉਂ ਬਜ਼ੁਰਗ ਹੋਵੇ ਤਿਉਂ ਤਿਉਂ ਹੋਰ ਸਿੱਖੋ।

੭੫ਵੀਂ ਵਰ੍ਹੇਗੰਢ ਤੇ ਮੈਂ ਉਹਨਾਂ ਨੂੰ ਪਿਆਰ ਦੇ ਸੂਹੇ, ਲਾਲ ਤੇ ਚਿੱਟੇ ਗੁਲਾਬ ਦੇ ਫੁੱਲ ਭੇਟ ਕਰਦਾ ਹਾਂ। ਮੈਂ ਇੱਛਾ ਕਰਦਾ ਹਾਂ : ਲੰਮਾ ਜੀਵੋ, ਤੇ ਪੰਜਾਬੀ ਦਾ ਹੋਰ ਸਿਰ ਉੱਚਾ ਕਰੋ।



# ਹੁਸਨ ਵੰਡਦੀ ਆਤਮਾ

ਜਸਵੰਤ ਸਿੰਘ ਕੰਵਲ

ਪਹਿਲੀ ਵਾਰ ਮੈਂ ਸ: ਗੁਰਬਖ਼ਸ਼ ਸਿੰਘ ਨੂੰ ਮਲਾਇਆ ਦੇ ਜੰਗਲਾਂ ਵਿਚ ਪੜ੍ਹਿਆ। ਮੇਰਾ ਖ਼ਿਆਲ ਹੈ ਇਹ ਗੱਲ ਸੰਨ ੧੯੩੭ ਦੀ ਹੈ । ਪ੍ਰੀਤ ਲੜੀ ਦਾ ਇਕ ਪਰਚਾ ਮੈਨੂੰ ਸ: ਚੰਨਣ ਸਿੰਘ "ਤੀਹ ਨੰਬਰ" ਨੇ ਦਿਤਾ ਸੀ। 'ਤੀਹ ਨੰਬਰ' ਅਲੋਠ ਸਟਾਰ ਦੀ ਸ਼ਾਹੀ ਪੋਲੀਸ ਵਿਚ ਲੈਸ ਕੋਪਰਲ ਸੀ। ਉਦੋਂ ਤਕ ਮੇਰੀ ਉਸ ਨਾਲ ਸਾਹਿਤਕ ਆੜੀ ਅੜ ਚੁਕੀ ਸੀ। ਉਦੋਂ ਪ੍ਰੀਤ ਲੜੀ ਵਿਚ 'ਏਸ਼ੀਆ ਦਾ ਚਾਨਣ' ਟੁਕੜੇ ਟੁਕੜੇ ਕਰ ਕੇ ਛਾਪਿਆ ਜਾ ਰਿਹਾ ਸੀ। ਮੈਨੂੰ ਮਿਲੇ ਪ੍ਰੀਤ ਲੜੀ ਦੇ ਪਹਿਲੇ ਪਰਚੇ ਵਿਚ ਜ਼ਖ਼ਮੀ ਹੰਸ ਦੀ ਵਾਰਤਾ ਸੀ। ਇਸ ਹੰਸ ਨੂੰ ਹਾਜਕੁਮਾਰ ਸਿਧਾਰਥ ਦੇ ਚਾਚੇ ਦੇ ਪੁੱਤ ਨੇ ਸ਼ਿਕਾਰ ਕੀਤਾ ਸੀ। ਹੰਸ ਦੇ ਲੈਣ ਬਾਰੇ ਝਗੜਾ ਦਰਬਾਰ ਤਕ ਪੁਜ ਗਿਆ। ਕਿਸੇ ਅਣਜਾਣੇ ਪ੍ਰੋਹਤ ਨੇ ਰਾਇ ਦਿਤੀ, 'ਮਾਰਨ ਵਾਲੇ ਨਾਲੋਂ ਬਚਾਉਣ ਵਾਲੇ ਦਾ ਹੱਕ ਪਹਿਲਾਂ ਹੈ।'

ਇਸ ਕਿਤਾਬ ਦਾ ਮੂਲ ਲੇਖਕ ਸਰ ਐਡਵਿਨ ਆਰਨਲਡ ਸੀ, ਜਿਸ ਨੂੰ ਸ: ਗੁਰਬਖ਼ਸ਼ ਸਿੰਘ ਨੇ ਅਨੁਵਾਦ ਕੀਤਾ ਸੀ। ਉਹ ਅਨੁਵਾਦ ਵਾਰਤਕ ਕਵਿਤਾ ਵਰਗਾ ਰਸਿਕ ਸੀ। ਜੰਗਲ ਵਿਚੋਂ ਆਉਂਦੀ ਨਦੀ ਦੇ ਕਿਨਾਰੇ ਇਕ ਪੱਥਰ ਤੇ ਬਹਿ ਕੇ ਮੈਂ ਉਸ ਨੂੰ ਪੜ੍ਹਿਆ ਅਤੇ ਸਾਰਾ ਝੂਣਿਆ ਗਿਆ। ਜੰਗਲ ਦੀ ਸਾਹਿਤਕ ਸੁਰ ਵਿਚ ਵਗਦੀ 'ਵਾ ਨੇ ਮੈਨੂੰ ਅਠਾਰ੍ਹਵੇਂ ਸਾਲ ਮਸਤਾਨਾ ਬਣਾ ਕੇ ਰਖ ਦਿੱਤਾ। ਮੈਂ ਕੁਦਰਤ ਦਾ ਹਿੱਸਾ ਬਣਿਆ, ਭਰਿਆ ਭਰਿਆ, ਮਹਿਕਾਂ ਵੰਡ ਰਿਹਾ ਸਾਂ। ਮੇਰੀ ਆਤਮਾ ਵਿਚ ਜੰਗਲੀ ਸ਼ੋਰ ਜਾਗ ਪਿਆ, ਵਲਵਲੇ ਅੰਦਰ ਭੰਗੜਾ ਪਾ ਰਹੇ ਸਨ। ਫਿਰ ਵੀ ਮੈਂ ਕਿੰਨਾ ਚਿਰ ਬੁੱਧ ਵਾਂਗ ਸਮਾਧੀ ਸਿੱਧ ਬੈਠਾ ਰਿਹਾ। ਜੰਗਲ ਦੇ ਪੈਰਾਂ ਵਿਚ ਹਨੇਰਾ ਵਧ ਰਿਹਾ ਸੀ ਅਤੇ ਬ੍ਰਿਛਾਂ ਦੀਆਂ ਟੀਸੀਆਂ ਸੁਨਹਿਰੀ ਸਨ। ਚੁਗ ਆਏ ਪੰਛੀਆਂ ਅਲਾਪ ਛੋਹ ਰਖਿਆ ਸੀ। ਅਚਾਨਕ ਬਾਰਾਂ ਬੋਰ ਬੰਦੂਕ ਦਾ ਫ਼ਾਇਰ ਹੋ ਗਿਆ। ਬੱਚਿਆਂ ਨਾਲ ਪਾਣੀ ਪੀਣ ਆਈ ਸੂਰੀ 'ਖੁਰ ਖੁਰ' ਚੰਘਾੜਦੀ ਮੁੜ ਜੰਗਲੀ ਬੂਟੀ ਵਿਚ ਧੁਸ ਦੇ ਕੇ ਵੜ ਗਈ।

ਪੁੰਗ ਲੀ ਚੀਨੇ ਸ਼ਿਕਾਰੀ ਦਾ ਖ਼ਿਆਲ ਸੀ, ਤੂੰ ਨਾ ਹੁੰਦਾ, ਮੈਂ ਸੂਰੀ ਮਾਰ ਲੈਣੀ ਸੀ।

"ਤੂੰ ਬੁੱਧ ਭਗਵਾਨ ਨੂੰ ਮੰਨਦਾ ਏਂ ?" ਮੈਂ ਲੀ ਨੂੰ ਪੁੱਛਿਆ।

"ਹਾਂ ਹਾਂ।" ਉਸ ਦਾ ਸਿਰ ਹਲਾਉਂਦਿਆਂ ਪੋਪਲਾ ਮੂੰਹ ਵੀ ਅੜਿਆ ਹੋਇਆ ਸੀ।

ਫਿਰ ਮੈਂ ਉਸ ਨੂੰ ਤਾਜ਼ਾ ਪੜ੍ਹੀ ਫੱਟੜ ਹੰਸ ਦੀ ਵਾਰਤਾ ਸੁਣਾਈ। ਖ਼ੁਸ਼ ਤਾਂ ਉਹ ਬਹੁਤ ਹੋਇਆ, ਫਿਰ ਆਖਣ ਲੱਗਾ :

"ਪਰ ਮੈਂ ਭੁੱਖਾ ਮਾਰਨ ਵਾਲੇ ਭਗਵਾਨ ਨੂੰ ਨਹੀਂ ਮੰਨ ਸਕਦਾ।"

ਲੀ ਮੇਰੇ ਨਾਲੋਂ ਤਿੱਗਣੀ ਉਮਰ ਦਾ ਸੀ। ਉਸ ਜਵਾਬ ਆਪਣੇ ਤਜਰਬੇ ਦੇ ਆਧਾਰ ਤੇ ਦਿੱਤਾ ਸੀ। ਪਰ ਮੈਨੂੰ ਉਹ ਜੰਗਲੀ ਨਾਲ ਜਾਹਲ ਵੀ ਜਾਪਿਆ।

ਮੈਂ ਕਈ ਦਿਨ ਬੇਚੈਨ ਰਿਹਾ। ਬਾਰ ਬਾਰ ਹੰਸ ਵਾਲੀ ਵਾਰਤਾ ਪੜ੍ਹੀ। ਭਾਵੇਂ ਉਹ ਅੰਮ੍ਰਿਤ ਸਰ ਐਡਵਿਨ ਆਰਨਲਡ ਦਾ ਸੀ; ਪਰ ਪੀਤਾ ਮੈਂ ਸ: ਗੁਰਬਖ਼ਸ਼ ਸਿੰਘ ਦੇ ਗਲਾਸ ਵਿਚੋਂ ਸੀ। ਇਸ ਲਈ ਸ: ਗੁਰਬਖ਼ਸ਼ ਸਿੰਘ ਮੇਰੇ ਅਨੁਭਵ ਨੂੰ ਹਲੂਣਨ ਵਾਲਿਆਂ ਵਿਚੋਂ ਸਿਰਮੌਰ ਹੋ ਗਿਆ।

ਲੇਖਕ ਬਣਨ ਦੀ ਤਾਂਘ ਨਾਲ ਮੈਂ ਮਲਾਇਆ ਛੱਡ ਦਿੱਤਾ। ਮਲਾਇਆ ਛੱਡ ਆਉਣ ਦੇ ਜਿਥੇ ਹੋਰ ਵੀ ਬੁਨਿਆਦੀ ਕਾਰਨ ਸਨ; ਉਥੇ ਸ: ਗੁਰਬਖ਼ਸ਼ ਸਿੰਘ ਦੀ ਆਪਣੀ ਖ਼ਾਸ ਪ੍ਰੇਰਨਾ ਸੀ। ਉਸ ਸਮੇਂ ਦਾ ਗੁਰਬਖ਼ਸ਼ ਸਿੰਘ ਮੈਨੂੰ ਸਦਾ ਚੜ੍ਹਦੀ ਕਲਾ ਵਾਲਾ ਖ਼ੂਬਸੂਰਤ ਤੇ ਪ੍ਰੇਰਕ ਦਿਸਿਆ ਹੈ। ਉਸ ਸਾਂਝੀ ਧੜਕਣ ਨੂੰ ਮੈਂ ਅੱਜ ਵੀ ਖ਼ਰਚ ਕਰ ਕਰ ਭਰਪੂਰ ਹੋ ਰਿਹਾ ਹਾਂ।

ਜ਼ਿੰਦਗੀ ਦਾ ਹੁਸਨ ਵੰਡਦੀ ਉਸ ਆਤਮਾ ਨੂੰ ਮੇਰੀ ਸਲਾਮ, ਹਜ਼ਾਰ ਵਾਰ ਸਲਾਮ।



# ਦੇਸ਼ ਦਾ ਉਸਰੱਈਆ ਕਿਸਾਨ-ਗੁਰਬਖ਼ਸ਼ ਸਿੰਘ

ਡਾ. ਏ. ਐੱਸ. ਕਾਹਲੋਂ

ਜਿਸ ਤਰ੍ਹਾਂ ਪੰਜਾਬੀ ਸਾਹਿਤ ਵਿਚ ਸਿੰਗਾਰਮਈ ਵਾਰਤਕ ਲਿਖਣ ਦੇ ਮੋਢੀ ਵਾਰਤਕਕਾਰ ਸ. ਗੁਰਬਖ਼ਸ਼ ਸਿੰਘ ਹਨ ਉਸੇ ਤਰ੍ਹਾਂ ਪੰਜਾਬ ਵਿਚ ਮਸ਼ੀਨੀ ਢੰਗ ਦੀ ਖੇਤੀ ਨੂੰ ਅਰੰਭ ਕਰਨ ਵਾਲੇ ਪਹਿਲੇ ਕਿਸਾਨ ਵੀ ਗੁਰਬਖ਼ਸ਼ ਸਿੰਘ ਹੀ ਸਨ। ਉਹਨਾਂ ਨੇ ਅਮਰੀਕਾ ਤੋਂ ਵਿੱਦਿਆ ਪ੍ਰਾਪਤ ਕਰ ਕੇ ਅਤੇ ਹੋਰ ਦੇਸ਼ਾਂ ਦਾ ਰਟਨ ਕਰਨ ਪਿਛੋਂ ਜਦ ਪੰਜਾਬ ਦੀ ਧਰਤੀ ਤੇ ਕਦਮ ਰਖਿਆ ਤਾਂ ਆਪ ਸਾਹਮਣੇ ਦੇਸ਼ ਨੂੰ ਉਸਾਰਨ ਅਤੇ ਲੋਕਾਂ ਅੰਦਰ ਜਾਗ੍ਰਤੀ ਲਿਆਉਣ ਦਾ ਉਦੇਸ਼ ਸੀ। ਆਪ ਦੀ ਇੱਛਿਆ ਸੀ ਕਿ ਭਾਰਤ ਦੇਸ਼ ਦੇ ਲੋਕ ਵੀ ਬਾਕੀ ਦੇਸ਼ਾਂ ਦੇ ਲੋਕਾਂ ਵਾਂਗ ਖ਼ੁਸ਼ਹਾਲ ਅਤੇ ਸੁਤੰਤਰ ਰੁਚੀਆਂ ਵਾਲੇ ਹੋਣ।

ਆਪ ਨੇ ਰੇਲਵੇ ਇੰਜੀਨੀਅਰ ਦੇ ਤੌਰ ਤੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿਤਾ ਅਤੇ ੧੯੩੨ ਵਿਚ ਮਸ਼ੀਨੀ ਢੰਗ ਦੀ ਖੇਤੀ ਸ਼ੁਰੂ ਕਰ ਦਿਤੀ। ਆਪ ਨੇ ਪੰਜਾਬ ਵਿਚ ਪਹਿਲੀ ਵਾਰੀ ਟਰੈਕਟਰ ਨਾਲ ਖੇਤੀ ਕਰਨ ਦਾ ਕੰਮ ਅਰੰਭਿਆ। ਭਾਵੇਂ ਉਹਨਾਂ ਨੂੰ ਨੁਸ਼ਹਿਰੇ ਵਰਗੀ ਧਰਤੀ ਤੇ ਬਹੁਤ ਚਿਰ ਟਿਕਣਾ ਨਸੀਬ ਨਾ ਹੋਇਆ ਅਤੇ ਉਹਨਾਂ ਨੂੰ ਪ੍ਰੀਤ ਨਗਰ ਆ ਕੇ ਵਸਣਾ ਪਿਆ, ਪਰ ਫਿਰ ਵੀ ਜੋ ਸਨੇਹ ਅਤੇ ਲਗਨ ਉਹਨਾਂ ਨੂੰ ਕਿਰਸਾਣੀ ਜੀਵਨ ਨਾਲ ਸੀ, ਉਹ ਉਹਨਾਂ ਦੇ ਦਿਲ ਵਿਚ ਸਦਾ ਹਰੀ ਰਹੀ। ਉਹਨਾਂ ਦਾ ਸੰਪਰਕ ਅਤੇ ਸੰਬੰਧ ਖੇਤੀ-ਬਾੜੀ ਖੇਤਰ ਨਾਲ ਨਿਰੰਤਰ ਬਣਿਆ ਰਿਹਾ ਅਤੇ ਹੁਣ ਤਕ ਚਲਦਾ ਆ ਰਿਹਾ ਹੈ।

ਜਦੋਂ ਕੋਈ ਮਨੁੱਖ ਕਿਸੇ ਜਾਤੀ ਨਾਲ ਨੇੜੇ ਦਾ ਸੰਪਰਕ ਪੈਦਾ ਕਰਦਾ ਹੈ ਤਾਂ ਉਹ ਉਹਨਾਂ ਵਰਗਾ ਹੀ ਹੋ ਜਾਂਦਾ ਹੈ। ਜਦੋਂ ਉਹ ਉਸ ਜਾਤੀ ਦੇ ਲੋਕਾਂ ਨੂੰ ਪਿਆਰ ਕਰਦਾ ਹੈ ਅਤੇ ਉਹਨਾਂ ਦੇ ਹਿਤਾਂ ਦੀ ਰਾਖੀ ਲਈ ਵਕਾਲਤ ਕਰਦਾ ਹੈ ਤਾਂ ਉਹ ਉਹਨਾਂ ਨਾਲ ਇਕ-ਮਿਕ ਹੋ ਰਿਹਾ ਹੁੰਦਾ ਹੈ ਅਤੇ ਜਦੋਂ ਉਹ ਉਸ ਦੀ ਜਾਤੀ ਨੂੰ ਪ੍ਰੇਰਨਾ ਦਿੰਦਾ ਹੈ ਤਾਂ ਉਹ ਉਸ ਜਾਤੀ ਲਈ ਇਕ ਉਸਾਰੂ ਆਗੂ ਬਣ ਜਾਂਦਾ ਹੈ। ਇਸ ਪੱਖੋਂ ਜੇ ਗੁਰਬਖ਼ਸ਼ ਸਿੰਘ ਹੁਰਾਂ ਨੂੰ ਵਾਚਿਆ ਜਾਵੇ ਤਾਂ ਸਚਮੁੱਚ ਤੁਹਾਨੂੰ ਉਹਨਾਂ ਅੰਦਰ ਕਿਸਾਨ ਦੀ ਰੂਹ ਬੋਲਦੀ ਨਜ਼ਰ ਆਵੇਗੀ। ਉਹ ਕਿਸਾਨ ਦੀ ਆਤਮਾ ਵਾਲਾ ਪ੍ਰਕਾਸ਼ ਰਖਦੇ ਹਨ — ਉਹਨਾਂ ਅੰਦਰ ਕਿਸਾਨ ਵਾਲੀ ਵਿਸ਼ਾਲਤਾ ਹੈ।

ਜਦੋਂ ਤੋਂ ਇਹ ਯੂਨੀਵਰਸਿਟੀ ਬਣੀ ਹੈ, ਉਹ ਹਰ ਵਾਰ ਕਿਸਾਨ ਮੇਲਿਆਂ ਉਤੇ ਆਉਂਦੇ ਅਤੇ ਕਿਸਾਨ ਵੀਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹਨ। ਉਹਨਾਂ ਨੂੰ ਪੰਜਾਬ ਦੇ ਕਿਸਾਨਾਂ ਦੀ ਮਿਹਨਤ, ਮੁਸ਼ੱਕਤ ਅਤੇ ਮਾਸੂਮੀਅਤ ਵਾਲੀ ਈਮਾਨਦਾਰੀ ਨਾਲ ਅਥਾਹ ਸਨੇਹ ਹੈ। ਉਹ

ਆਪਣੇ ਕਿਰਸਾਣੀ ਆਦਰਸ਼ ਦੀ ਪ੍ਰਾਪਤੀ ਪੰਜਾਬ ਦੇ ਕਿਸਾਨਾਂ ਰਾਹੀਂ ਹੁੰਦੀ ਵੇਖਦੇ ਹਨ, ਤਾਂ ਉਹ ਖ਼ੁਸ਼ੀ ਵਿਚ ਗੱਦ ਗੱਦ ਹੋ ਜਾਂਦੇ ਹਨ। ਇਹ ਕਿਸਾਨ ਮੇਲਿਆਂ ਨੂੰ "ਸਾਇੰਸਦਾਨ ਦਾ ਅਤੇ ਕਿਸਾਨ ਦਾ ਉੱਤਮ ਸੰਗਮ" ਮੰਨਦੇ ਹਨ। ਇਹ ਵਰਤਮਾਨ ਖੇਤੀਬਾੜੀ ਇਨਕਲਾਬ ਇਸ ਸੰਗਮ ਦਾ ਨਤੀਜਾ ਹੈ।

ਹਰ ਵਾਰ ਉਹ ਕਿਸਾਨ ਮੇਲਿਆਂ ਦੇ ਅਵਸਰ ਤੇ ਕਿਸਾਨ ਵੀਰਾਂ ਲਈ ਸ਼ੁਭ ਇੱਛਿਆ ਦੇ ਸੰਦੇਸ਼ ਭੇਜਦੇ ਹਨ — ਇਹ ਉਹਨਾਂ ਦਾ ਕਿਰਸਾਣੀ ਫ਼ਰਜ਼ ਹੈ, ਜੋ ਉਹ ਨਿਰੰਤਰ ਪਾਲਦੇ ਆ ਰਹੇ ਹਨ। ਕਿਸਾਨਾਂ ਲਈ ਉਹਨਾਂ ਦੀਆਂ ਸ਼ੁਭ ਇੱਛਿਆਵਾਂ ਦਾ ਪ੍ਰਗਟਾਅ ਇਸ ਪ੍ਰਕਾਰ ਹੈ :

"ਪਿਛਲੇ ਵਰ੍ਹੇ ਆਪ ਵਲੋਂ ਪ੍ਰਬੰਧ ਹੋਏ ਕਿਸਾਨ-ਮੇਲੇ ਵਿਚ ਸ਼ਾਮਲ ਹੋਣ ਦੀ ਖ਼ੁਸ਼ੀ ਮੈਨੂੰ ਮਿਲੀ ਸੀ। ਉਸ ਮੇਲੇ ਵਿਚ ਜ਼ਰਾਇਤੀ ਸਾਇੰਸਦਾਨਾਂ ਤੇ ਉਤਸ਼ਾਹਤ ਕਿਸਾਨਾਂ ਦੇ ਠਾਠਾਂ ਮਾਰਦੇ ਸੰਗਮ ਤੋਂ ਮੈਂ ਬੜਾ ਪ੍ਰਭਾਵਤ ਹੋਇਆ ਸਾਂ ਤੇ ਕਈਆਂ ਨਵੀਆਂ ਆਸਾਂ ਦਾ ਜਵਾਰਭਾਟਾ ਮੈਂ ਆਪਣੇ ਅੰਦਰ ਅਨੁਭਵ ਕੀਤਾ ਸੀ। ਮੈਂ ਖ਼ੁਸ਼ ਹਾਂ ਕਿ ਉਹਨਾਂ ਆਸਾਂ ਦਾ ਨੇੜੇ ਦੇ ਭਵਿੱਖ ਵਿਚ ਨੇਪਰੇ ਚੜ੍ਹਦੇ ਜਾਣਾ ਯਕੀਨੀ ਹੁੰਦਾ ਜਾਂਦਾ ਦਿਸ ਰਿਹਾ ਹੈ। ਹਰ ਪਾਸੇ ਚਰਚਾ ਹੋ ਰਹੀ ਹੈ ਕਿ ਖ਼ੁਰਾਕ ਦੇ ਪਖੋਂ ਅਸੀਂ ਅਗਲੇ ਦੋ ਤਿੰਨਾਂ ਵਰ੍ਹਿਆਂ ਵਿਚ ਆਤਮ-ਨਿਰਭਰ ਹੋ ਜਾਵਾਂਗੇ।

"ਆਪਣੀ ਜ਼ਰਾਇਤੀ ਯੂਨੀਵਰਸਿਟੀ ਦੇ ਸਯੋਗ ਸਾਇੰਸਦਾਨਾਂ ਤੇ ਆਪਣੇ ਪੰਜਾਬ ਦੇ ਕਰਾਮਾਤੀ ਕਿਸਾਨਾਂ ਨੂੰ ਮੈਂ ਸਿਰਫ਼ ਵਧਾਈ ਹੀ ਭੇਟ ਨਹੀਂ ਕਰ ਰਿਹਾ, ਸਗੋਂ ਆਪਣਾ ਇਹ ਵਿਸ਼ਵਾਸ ਪ੍ਰਗਟ ਕਰ ਰਿਹਾ ਹਾਂ ਕਿ ਉਹ ਕੌਮ ਨੂੰ ਅਨਾਜ ਦੀ ਥੁੜ ਤੋਂ ਹੀ ਸੁਰਖ਼ਰੂ ਨਹੀਂ ਕਰ ਰਹੇ, ਸਗੋਂ ਆਜ਼ਾਦੀ ਦੀਆਂ ਬੁਨਿਆਦਾਂ ਉਤੇ ਆਜ਼ਾਦੀ ਦਾ ਮਹਿਲ ਉਸਾਰ ਰਹੇ ਹਨ।

"ਹੁਣ ਮੈਨੂੰ ਆਸ ਹੋ ਗਈ ਹੈ ਕਿ ਤੁਸੀਂ — ਆਜ਼ਾਦੀ ਦੇ ਸਿਪਾਹੀਆਂ ਨੇ — ਕੌਮ ਨੂੰ ਆਰਥਕ ਆਜ਼ਾਦੀ ਦਾ ਮਹਿਲ ਉਸਾਰ ਦੇਣ ਲਈ ਕਹੀਆਂ ਕੁਦਾਲਾਂ ਚੁੱਕ ਲਈਆਂ ਤੇ ਲੇਬਾਰਟਰੀਆਂ ਵਿਚ ਨਵੀਆਂ ਹੋਣੀਆਂ ਦੀ ਟੋਹ ਕੱਢ ਲਈ ਹੈ।

"ਮੈਂ ਤੁਹਾਨੂੰ ਪ੍ਰਣਾਮ ਕਰਦਾ ਹਾਂ ਤੇ ਹਰ ਮੈਦਾਨ ਵਿਚ ਤੁਹਾਡੀ — ਕਿਸਾਨਾਂ ਤੇ ਸਾਇੰਸਦਾਨਾਂ ਦੀ — ਫ਼ਤਹਿ ਲਈ ਪ੍ਰਾਰਥਨਾ ਕਰਦਾ ਹਾਂ।"

ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਅਤੇ ਕਿਸਾਨ ਵੀਰਾਂ ਦੀਆਂ ਘਾਲਣਾਂ ਸਦਕਾ ਪੰਜਾਬ ਵਿਚ ਜੋ ਖੇਤੀਬਾੜੀ ਇਨਕਲਾਬ ਆਇਆ ਹੈ ਉਸ ਦੇ ਪ੍ਰਭਾਵ ਤੋਂ ਦੇਸ਼ ਦਾ ਕੋਈ ਕੋਨਾ ਵੀ ਨਹੀਂ ਬਚ ਸਕਿਆ। ਗੁਰਬਖ਼ਸ਼ ਸਿੰਘ ਹੁਰਾਂ ਨੇ ਇਸੇ ਘਟਨਾ ਦੇ ਪ੍ਰਤੀਕਰਮ ਵਜੋਂ ਆਪਣੇ ਪਰਚੇ "ਪ੍ਰੀਤ ਲੜੀ" ਵਿਚ ਹਰ ਮਹੀਨੇ ਕਿਸਾਨ ਵੀਰਾਂ ਲਈ ਚਾਰ ਸਫ਼ੇ ਰਾਖਵੇਂ ਰੱਖਣੇ ਸ਼ੁਰੂ ਕਰ ਦਿਤੇ ਹਨ ਅਤੇ ਖੇਤੀਬਾੜੀ ਦੀ ਉਸਾਰੀ ਲਈ ਅਗਵਾਈ ਅਤੇ ਪ੍ਰੇਰਨਾ ਦੇਣ ਦਾ ਕੰਮ ਅਰੰਭ ਕਰ ਲਿਆ ਹੈ। ਕਿਸਾਨਾਂ ਦੇ ਹਿਤਾਂ ਨੂੰ ਮੁਖ ਰਖ ਕੇ ਜੋ ਕੰਮ ਇਹ ਯੂਨੀਵਰਸਿਟੀ ਕਰ ਰਹੀ ਹੈ, ਉਸ ਬਾਰੇ ਕਿਸਾਨਾਂ ਨੂੰ ਚੰਗੇਰੀ ਪ੍ਰੇਰਨਾ ਦੇਣ ਲਈ ਗੁਰਬਖ਼ਸ਼ ਸਿੰਘ ਜੀ ਯੋਗ ਹੱਥ ਵਟਾਉਣ ਵਿਚ ਸਹਿਯੋਗੀ ਹੋ ਰਹੇ ਹਨ। ਇਹ ਉਹਨਾਂ ਦੀ ਅਥਾਹ ਲਗਨ ਦਾ ਨਤੀਜਾ ਹੈ। ਉਹ ਆਪਣੇ ਕਿਸਾਨ ਵੀਰਾਂ ਨੂੰ ਖ਼ੁਸ਼ਹਾਲ ਵੇਖਣਾ ਚਾਹੁੰਦੇ ਹਨ। ਉਹਨਾਂ ਦੇ ਦਿਲ ਵਿਚ ਲਗਨ ਹੈ ਕਿ ਆਉਂਦੇ ਸਾਲਾਂ ਵਿਚ ਅਸੀਂ ਅਨਾਜ ਦੇ ਮੁਆਮਲੇ ਵਿਚ ਬਿਲਕੁਲ ਆਤਮ-ਨਿਰਭਰ ਹੋ ਜਾਈਏ ਅਤੇ ਸਾਨੂੰ ਬਾਹਰਲੇ ਦੇਸ਼ਾਂ ਅੱਗੇ ਹੱਥ ਨਾ ਟੱਡਣੇ ਪੈਣ। ਇਸ ਜਿੱਤ ਦਾ



ਸਿਹਰਾ ਕਿਸਾਨਾਂ ਦੇ ਸਿਰ ਹੋਵੇਗਾ ਅਤੇ ਇਸ ਤਰ੍ਹਾਂ ਗੁਰਬਖ਼ਸ਼ ਸਿੰਘ ਦਾ 'ਖ਼ੁਸ਼ਹਾਲ ਕਿਸਾਨ' ਵਾਲਾ ਸੁਪਨਾ ਸਾਕਾਰ ਹੋ ਜਾਵੇਗਾ।

ਉਹ ਕਿਸਾਨ ਵਾਲੀ ਸਵੱਛ ਆਤਮਾ ਲਈ ਅਥਾਹ ਪਿਆਰ ਰੱਖਦੇ ਹਨ। ਪੰਜਾਬ ਦੇ ਕਿਸਾਨਾਂ ਦੀ ਸਫਲਤਾ ਵਿਚ ਉਹ ਆਪਣੀ ਜਿੱਤ ਮਹਿਸੂਸ ਕਰਦੇ ਹਨ।

ਉਹਨਾਂ ਨੇ ਕਿਸਾਨਾਂ ਦੇ ਅੰਦਰ ਜਾਗ੍ਰਿਤੀ ਪੈਦਾ ਕਰਨ ਦਾ ਬੀੜਾ ਚੁਕਿਆ ਹੈ। ਉਹਨਾਂ ਨੇ 'ਪ੍ਰੀਤ ਲੜੀ' ਰਾਹੀਂ ਕਾਫ਼ੀ ਚਿਰ ਤੋਂ ਇਹ ਸੇਵਾ ਕੀਤੀ ਹੈ ਅਤੇ ਹੁਣ ਵੀ ਕਰ ਰਹੇ ਹਨ।

੧੯੬੯ ਦੇ ਮਈ ਅੰਕ ਵਿਚ ਉਹ ਲਿਖਦੇ ਹਨ :

"ਕਿਸਾਨ ਦੇ ਅਮਲ ਤੇ ਖੇਤੀ ਵਿਗਿਆਨ ਦੀ ਖੋਜ ਦੇ ਸੁਮੇਲ ਨਾਲ ਹੀ ਸਾਡਾ ਦੇਸ਼ ਅੰਨ ਸੰਕਟ ਨੂੰ ਮੁਕਾ ਕੇ ਖ਼ੁਸ਼ਹਾਲੀ ਵਲ ਵਧ ਸਕਦਾ ਹੈ। ਇਸ ਸਬੰਧ ਵਿਚ ਦੇਸ਼ ਦੇ ਖੇਤੀਬਾੜੀ ਪ੍ਰਬੰਧ ਦੇ ਸਮਾਜੀ ਪਿਛੋਕੜ ਤੇ ਖੇਤੀ ਨਾਲ ਸਬੰਧਿਤ ਸਰਕਾਰੀ ਕਾਨੂੰਨਾਂ ਨੂੰ ਵੀ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਹਨਾਂ ਵਿਚ ਵੀ ਵਿਗਿਆਨਕ ਖੋਜ ਤੇ ਨਵੇਂ ਯੁਗ ਦੀਆਂ ਲੋੜਾਂ ਅਨੁਸਾਰ ਤਬਦੀਲੀਆਂ ਤੇ ਸੁਧਾਰ ਹੋਣੇ ਬਹੁਤ ਜ਼ਰੂਰੀ ਹਨ।"

ਗੁਰਬਖ਼ਸ਼ ਸਿੰਘ ਦਾ ਵਿਸ਼ਵਾਸ ਹੈ ਕਿ ਉੱਨਤ ਖੇਤੀ ਨਾਲ ਹੀ ਦਸ਼ ਅਮੀਰ ਅਤੇ ਖ਼ੁਸ਼ਹਾਲ ਹੋ ਸਕਦਾ ਹੈ। ਇਸ ਧਰਤੀ ਵਿਚ ਅਥਾਹ ਖ਼ਜ਼ਾਨਾ ਹੈ ਅਤੇ ਉਹਨਾਂ ਨੂੰ ਆਸ ਹੈ ਕਿ ਪੰਜਾਬ ਦਾ ਮਿਹਨਤੀ ਕਿਸਾਨ ਹਰ ਵਾਰ ਇਸ ਖ਼ਜ਼ਾਨੇ ਦਾ ਕੁਝ ਭਾਗ ਲਭਦਾ ਹੀ ਜਾ ਰਿਹਾ ਹੈ।

ਭਾਵੇਂ ਗੁਰਬਖ਼ਸ਼ ਸਿੰਘ ਜੀ ਨੇ ਨੁਸ਼ਹਿਰਾ ਵਿਖੇ ਜ਼ਮੀਨ ਲੈ ਕੇ ਵਾਹੀ ਸ਼ੁਰੂ ਕੀਤੀ ਅਤੇ ਨਮੂਨੇ ਦਾ ਇਕ ਚੰਗਾ ਫਾਰਮ ਬਣਾਇਆ ਸੀ; ਟਰੈਕਟਰ ਨਾਲ ਵਾਹੀ ਕੀਤੀ ਸੀ; ਪਰ ਉਸ ਥਾਂ ਤੇ ਉਹਨਾਂ ਨੂੰ ਬਹੁਤ ਚਿਰ ਟਿਕਣਾ ਨਸੀਬ ਨਾ ਹੋਇਆ। ਉਹਨਾਂ ਅੰਦਰ ਇਕ ਕਿਸਾਨ ਵਾਲੀ ਆਤਮਾ ਸਦਾ ਉਹਨਾਂ ਵਿਚ ਕਿਰਸਾਣੀ ਦਾ ਪਿਆਰ ਜਗਾਉਂਦੀ ਰਹੀ। ਉਹ ਆਪਣੀਆਂ ਸਾਹਿਤਕ ਲਿਖਤਾਂ ਵਿਚ ਖੇਤੀ ਬਾਰੇ ਮਿਸਾਲਾਂ ਤੇ ਦ੍ਰਿਸ਼ਟਾਂਤ ਦੇਂਦੇ ਰਹੇ ਅਤੇ ਹੁਣ ਵੀ, ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਕਿਸਾਨਾਂ ਬਾਰੇ ਆਪਣੇ ਪਰਚੇ ਵਿਚ ਬਹੁਤ ਕੁਝ ਲਿਖਦੇ ਆ ਰਹੇ ਹਨ। ਕਿਸਾਨ ਮੇਲਿਆਂ ਦੇ ਅਵਸਰ ਤੇ ਹਰ ਸਾਲ ਉਹ 'ਪ੍ਰੀਤ ਲੜੀ' ਵਿਚ ਪੰਜਾਬ ਦੇ ਕਿਸਾਨਾਂ ਨੂੰ ਹਲੂਣਾ ਦੇਂਦੇ ਅਤੇ ਖੇਤੀਬਾੜੀ ਬਾਰੇ ਗੱਲਾਂ ਕਰਦੇ ਹਨ। ਹਰ ਵਾਰ ਆਪਣੇ ਸੰਪਾਦਕੀ ਵਿਚ ਪੰਜਾਬ ਦੇ ਕਿਰਸਾਨਾਂ ਦੀ ਪ੍ਰਾਪਤੀ ਦੀ ਸ਼ਲਾਘਾ ਕਰਦੇ ਅਤੇ ਧਰਤੀ ਵਿਚੋਂ ਵਧ ਤੋਂ ਵਧ ਉਪਜ ਲੈਣ ਲਈ ਕਿਸਾਨਾਂ ਨੂੰ ਹਲੂਣਾ ਦੇਂਦੇ ਹਨ। ਦੇਸ਼ ਦੇ ਕਿਸਾਨਾਂ ਨੂੰ ਅਜਿਹੇ ਉਸਾਰੀ ਦੇ ਕੰਮ ਵਲ ਪਰੇਰਨਾ ਵੀ ਇਕ ਕਿਸਾਨ ਵਾਲਾ ਫ਼ਰਜ਼ ਨਿਭਾਉਣਾ ਅਤੇ ਉਸਰੱਈਆ ਕਿਸਾਨ ਹੋਣ ਦੇ ਬਰਾਬਰ ਹੈ।

ਗੁਰੂ ਨਾਨਕ ਸਾਹਿਬ ਸਾਹਿਤਕਾਰ ਸਨ ਅਤੇ ਕਿਸਾਨ ਵੀ ਸਨ। ਗੁਰਬਖ਼ਸ਼ ਸਿੰਘ ਸਾਹਿਤਕਾਰ ਹਨ ਅਤੇ ਕਿਸਾਨ ਵਾਲੀ ਆਤਮਾ ਰਖਦੇ ਹਨ, ਕਿਸਾਨ ਵਾਲਾ ਜੇਰਾ ਰਖਦੇ ਹਨ। ਮਸ਼ੀਨੀ ਢੰਗ ਦੀ ਖੇਤੀ ਕਰਨ ਦੇ ਪਿੜ ਵਿਚ ਮੋਢੀ ਕਿਸਾਨ ਹੋਣ ਦੇ ਨਾਤੇ ਅਤੇ ਪੰਜਾਬੀ ਸਾਹਿਤ ਵਿਚ ਸ਼ਿੰਗਾਰਮਈ ਵਾਰਤਕ ਦੇ ਮੋਢੀ ਮਿਥੇ ਜਾਣ ਕਰ ਕੇ, ਇਸ ਕਿਸਾਨ-ਸਾਹਿਤਕਾਰ ਨੂੰ ਸਨਮਾਨ ਦੇਣ ਲਈ ਇਹ ਯੂਨੀਵਰਸਿਟੀ ਇਸ ਆਦਰਸ਼ ਕਿਸਾਨ ਦਾ ਜਨਮ ਦਿਵਸ ਮਨਾਉਣ ਵਿਚ ਅਥਾਹ ਖ਼ੁਸ਼ੀ ਅਤੇ ਫ਼ਖ਼ਰ ਮਹਿਸੂਸ ਕਰਦੀ ਹੈ।

# ਸ. ਗੁਰਬਖ਼ਸ਼ ਸਿੰਘ ਜੀ – ਇਕ ਪੰਜਾਬੀ ਦੀ ਨਜ਼ਰ ਵਿਚ

ਡਾ. ਏ. ਐੱਸ. ਅਟਵਾਲ

ਸਮਾਜ ਦੀਆਂ ਕੁਰੀਤੀਆਂ ਨੂੰ ਸਮੇਂ ਸਮੇਂ ਸਿਰ ਕੱਟ ਵੱਢ ਕੇ ਇਸ ਨੂੰ ਨਰੋਆ ਰੱਖਣ ਵਿਚ ਲਿਖਾਰੀਆਂ ਤੇ ਕਲਾਕਾਰਾਂ ਦਾ ਬਹੁਤ ਵੱਡਾ ਹਿੱਸਾ ਹੁੰਦਾ ਹੈ । ਅਜੋਕੇ ਪੰਜਾਬੀ ਲਿਖਾਰੀਆਂ ਵਲ ਜੇ ਨਜ਼ਰ ਮਾਰੀਏ ਤਾਂ ਸ. ਗੁਰਬਖ਼ਸ਼ ਸਿੰਘ ਜੀ ਸਹਿਜ ਸੁਭਾ ਹੀ ਪਹਿਲੀ ਕਤਾਰ ਵਿਚ ਖੜੇ ਦਿਖਾਈ ਦਿੰਦੇ ਹਨ । ਇਹਨਾਂ ਦੇ ਹਿਰਦੇ ਵਿਚ ਪੰਜਾਬੀ ਬੋਲੀ ਲਈ ਅਥਾਹ ਪਿਆਰ ਤੇ ਸਤਿਕਾਰ ਹੈ । ਇਸ ਨੂੰ ਸ਼ਿੰਗਾਰਨ ਤੇ ਚਮਕਾਉਣ ਵਾਸਤੇ ਇਹਨਾਂ ਨੇ ਆਪਣੇ ਅਸਲੀ ਕਿੱਤੇ ਨੂੰ ਜਿਸ ਵਾਸਤੇ ਇਹਨਾਂ ਨੇ ਬਦੇਸ਼ ਵਿਚ ਸਿਖਲਾਈ ਲਈ, ਤਿਆਗ ਦਿਤਾ ਤੇ ਆਪਣੀ ਮਾਤ ਬੋਲੀ ਦੀ ਸੇਵਾ ਵਿਚ ਜੁੱਟ ਪਏ । ਇਸ ਬੋਲੀ ਦੀ ਸ਼ਬਦਾਵਲੀ ਵਿਚ ਇਹਨਾਂ ਨੇ ਅਨੇਕਾਂ ਸ਼ਬਦਾਂ ਦਾ ਵਾਧਾ ਕਰ ਕੇ ਇਸ ਨੂੰ ਬਹੁਤ ਅਮੀਰ ਬਣਾ ਦਿੱਤਾ ਹੈ । ਇਹਨਾਂ ਦੇ ਹਿਰਦੇ ਵਿਚ ਹਰ ਇਨਸਾਨ ਲਈ ਪਿਆਰ ਤੇ ਹਮਦਰਦੀ ਕੁੱਟ ਕੁੱਟ ਕੇ ਭਰੀ ਹੋਈ ਹੈ ਤੇ ਇਹਨਾਂ ਦੀ ਸਦਾ ਹੀ ਇਹ ਪਰਬਲ ਇੱਛਾ ਰਹੀ ਹੈ ਕਿ ਸਾਰੀ ਸਰਿਸ਼ਟੀ ਇਕ ਪਿਆਰ ਮੋਤੀਆਂ ਦੀ ਮਾਲਾ ਵਾਂਗ ਪਰੁਚੀ ਰਹੇ । ਜ਼ਾਤ, ਰੰਗ ਦਾ ਕੋਈ ਭੇਦ ਨਹੀਂ, ਹਰ ਦਿਲ ਵਿਚ ਇਹਨਾਂ ਨੂੰ ਪਿਆਰ ਠਾਠਾਂ ਮਾਰਦਾ ਦਿਖਾਈ ਦਿੰਦਾ ਹੈ ।

ਨਿੱਜੀ ਖ਼ੁਸ਼ੀ ਤੇ ਮੁਕਤੀ ਪਰਾਪਤ ਕਰਨ ਨਾਲ ਇਹਨਾਂ ਦੀ ਸੰਤੁਸ਼ਟੀ ਨਹੀਂ ਸੀ ਹੋ ਸਕਦੀ । ਇਹ ਤਾਂ ਸਰਬੱਤ ਦਾ ਭਲਾ ਚਾਹੁੰਦੇ ਹਨ । ਇਸ ਸਰਿਸ਼ਟੀ ਦਾ ਬੁਨਿਆਦੀ ਮਨੋਰਥ ਉਹਨਾਂ ਦੇ ਆਪਣੇ ਸ਼ਬਦਾਂ ਵਿਚ "ਖ਼ੂਬਸੂਰਤ ਕੋਮਲ, ਕਲਾਮਈ ਤੇ ਪਿਆਰ-ਪੁੰਜ ਜ਼ਿੰਦਗੀ ਪੈਦਾ ਕਰਨਾ" ਹੈ । ਇਸ ਸੁਪਨੇ ਨੂੰ ਸਾਕਾਰ ਰੂਪ ਦੇਣ ਲਈ ਇਹਨਾਂ ਨੇ ਪੰਜਾਬੀ ਦਾ ਇਕ ਮਾਸਕ ਪੱਤਰ "ਪ੍ਰੀਤ ਲੜੀ" ੧੯੩੩ ਵਿਚ ਪ੍ਰਕਾਸ਼ਤ ਕਰਨਾ ਅਰੰਭ ਕੀਤਾ । ਇਸ ਪੱਤਰ ਰਾਹੀਂ ਉਹ ਆਪਣੇ ਹਿਰਦੇ ਦੀ ਧੜਕਣ ਸਭ ਪੰਜਾਬੀ ਜਾਣਦੇ ਲੋਕਾਂ ਪਾਸ ਪਹੁੰਚਾ ਸਕਦੇ ਸਨ । ਅੱਜ ੩੭ ਸਾਲ ਹੋ ਗਏ ਹਨ ਇਸ ਮਾਸਕ ਪੱਤਰ ਨੂੰ ਪੰਜਾਬੀ ਬੋਲੀ ਦੀ ਸੇਵਾ ਕਰਦਿਆਂ ਤੇ ਹੁਣ ਸ਼ਾਇਦ ਹੀ ਕੋਈ ਪੰਜਾਬੀ ਜਾਣਦਾ ਮਨੁੱਖ ਹੋਵੇਗਾ ਜੋ ਇਸ ਪੱਤਰ ਬਾਰੇ ਨਾ ਜਾਣਦਾ ਹੋਵੇ । ਮਜ਼ਦੂਰ, ਵਿਦਿਆਰਥੀ, ਅਧਿਆਪਕ, ਨੌਜਵਾਨ, ਮਰਦ, ਇਸਤਰੀ, ਸਭ ਇਸ ਪੱਤਰ ਦੀ ਹਰ ਮਹੀਨੇ, ਸਿਰਫ਼ ਆਪਣੇ ਦੇਸ ਦੇ ਹੀ ਨਹੀਂ ਸਗੋਂ ਕਈ ਬਦੇਸਾਂ ਵਿਚ ਵੀ, ਇਕੋ ਜਿੰਨੀ ਤਾਂਘ ਰਖਦੇ ਹਨ ਕਿਉਂਕਿ ਇਹ ਉਹਨਾਂ ਸਭਨਾਂ ਵਾਸਤੇ ਇਕ ਨਵਾਂ ਸੁਨੇਹਾ ਲੈ ਕੇ ਆਉਂਦਾ ਹੈ। ਹਰ ਮਹੀਨੇ ਲਗ ਪਗ ੧੮,੦੦੦ (ਨਵੰਬਰ ੧੯੭੦) ਦੀ ਗਿਣਤੀ ਵਿਚ ਇਹ ਪੱਤਰ ਛਪਦਾ ਹੈ । ਤੇ ਪੰਜਾਬੀ ਦਾ ਸ਼ਾਇਦ ਹੀ ਕੋਈ ਹੋਰ ਮਾਸਕ ਪੱਤਰ ਇਤਨੀ ਗਿਣਤੀ ਵਿਚ ਛਪਦਾ ਹੋਵੇ ।



ਸ: ਗੁਰਬਖ਼ਸ਼ ਸਿੰਘ ਜੀ ਦੇਸ਼ ਬਦੇਸ ਘੁੰਮੇ ਹਨ ਤੇ ਉਹਨਾਂ ਨੇ ਜ਼ਿੰਦਗੀ ਨੂੰ ਹਰ ਪੱਖ ਤੋਂ ਵੇਖਿਆ ਤੇ ਜਾਂਚਿਆ ਹੈ । ਇਕ ਸੁਖਾਵੀਂ, ਪੱਧਰੀ ਤੇ ਪਿਆਰ ਭਰੀ ਜ਼ਿੰਦਗੀ ਜੀਊਣ ਦੇ ਅਸੂਲ ਠੋਸ ਦਲੀਲਾਂ ਨਾਲ ਲੋਕਾਂ ਤਕ ਪਹੁੰਚਾਏ ਹਨ । ਹੁਣ ਤਕ ਲਗ ਪਗ ਤਿੰਨ ਦਰਜਨ ਪੁਸਤਕਾਂ ਇਹਨਾਂ ਨੇ ਪੰਜਾਬੀ ਲੋਕਾਂ ਦੀ ਭੇਟਾ ਕੀਤੀਆਂ ਹਨ ਜਿਨ੍ਹਾਂ ਵਿਚ ਬਹੁਤੀਆਂ ਕਿਤਾਬਾਂ ਉਚ ਕੋਟੀ ਦੇ ਲੇਖਾਂ ਦੀਆਂ ਹਨ ਜੋ ਮਨੁੱਖ ਦੀ ਹਰ ਪੱਖ ਤੋਂ ਅਗਵਾਈ ਲਈ ਬਹੁਤ ਹੀ ਲਾਭਦਾਇਕ ਹਨ ।

ਬੱਚੇ ਕੌਮ ਦਾ ਭਵਿੱਖ ਹੁੰਦੇ ਹਨ । ਬਹੁਤ ਲੋਕੀਂ ਇਸ ਵਹਿਮ ਦਾ ਸ਼ਿਕਾਰ ਹਨ ਕਿ ਬੱਚੇ ਸਿਰਫ਼ ਮਾਰਿਆਂ ਕੁੱਟਿਆਂ ਹੀ ਮਾਪਿਆਂ ਦੀ ਆਗਿਆ ਵਿਚ ਰਹਿ ਸਕਦੇ ਹਨ ਤੇ ਉਹ ਆਪਣੀ ਮਰਜ਼ੀ ਅਨੁਸਾਰ ਉਹਨਾਂ ਦੀ ਜ਼ਿੰਦਗੀ ਨੂੰ ਢਾਲ ਸਕਦੇ ਹਨ । ਪਰ ਸ: ਗੁਰਬਖ਼ਸ਼ ਸਿੰਘ ਜੀ ਬੱਚਿਆਂ ਨਾਲ ਇਸ ਅਨਿਆਏ ਨੂੰ ਸਹਿਣ ਨਾ ਕਰ ਸਕੇ ਤੇ ਉਹਨਾਂ ਨੂੰ ਆਪਣੀ ਕੌਮ ਦਾ ਭਵਿੱਖ ਧੁੰਦਲਾ ਜਾਪਿਆ । ਉਹਨਾਂ ਨੇ ਹਰ ਮਾਂ ਪਿਉ ਨੂੰ ਇਹ ਪ੍ਰਾਰਥਨਾ ਕੀਤੀ ਕਿ ਇਹਨਾਂ ਕੌਮ ਦੇ ਲਾਲਾਂ ਨੂੰ ਚੰਗੀ ਤਰ੍ਹਾਂ ਸੰਵਾਰੋ ਤੇ ਇਹਨਾਂ ਦੀ ਮਾਨਸਿਕ ਤ੍ਰਿਪਤੀ ਕਰੋ । ਮਾਰਨ ਨਾਲ ਬੱਚੇ ਦੀ ਸ਼ਖ਼ਸੀਅਤ ਵਿਕਾਸ ਨਹੀਂ ਕਰ ਸਕਦੀ । ਬਲਕਿ ਉਸ ਦੇ ਮਨ ਵਿਚ ਇਕ ਸਹਿਮ ਹਰ ਵੇਲੇ ਛਾਇਆ ਰਹਿੰਦਾ ਹੈ ਜਿਸ ਨਾਲ ਉਸ ਨੂੰ ਝੂਠ ਬੋਲਣ ਤੇ ਮਾਂ ਪਿਉ ਕੋਲੋਂ ਕਈ ਜ਼ਰੂਰੀ ਗੱਲਾਂ ਛੁਪਾਉਣ ਦੀ ਆਦਤ ਪੈ ਜਾਂਦੀ ਹੈ ਤੇ ਇਹ ਚੀਜ਼ਾਂ ਉਸ ਦੀ ਭਵਿੱਖ ਦੀ ਕਾਮਯਾਬੀ ਵਿਚ ਰੋੜਾ ਸਾਬਤ ਹੁੰਦੀਆਂ ਹਨ । ਬੱਚੇ ਨੂੰ ਤਰੀਕੇ ਨਾਲ ਹਰ ਭੈੜੀ ਆਦਤ ਦੇ ਔਗੁਣਾਂ ਤੋਂ ਜਾਣੂੰ ਕਰਵਾ ਕੇ ਉਸ ਨੂੰ ਐਸਾ ਕਰਨੋਂ ਮੋੜਿਆ ਜਾ ਸਕਦਾ ਹੈ । ਬੱਚੇ ਨੂੰ ਆਪਣੇ ਆਲੇ ਦੁਆਲੇ ਨੂੰ ਜਾਨਣ ਦੀ ਬੜੀ ਤੀਬਰ ਇੱਛਾ ਹੁੰਦੀ ਹੈ ਤੇ ਇਸ ਨੂੰ ਹਰ ਘਟਨਾ ਬਾਰੇ ਠੀਕ ਗਿਆਨ ਦੇਣਾ ਮਾਂ ਪਿਉ ਦਾ ਫ਼ਰਜ਼ ਹੈ । ਇਹ ਬੱਚੇ ਸਾਡੀ ਕੌਮ ਦਾ ਵਿਰਸਾ ਹਨ ਅਸੀਂ ਇਹਨਾਂ ਨੂੰ ਸਾਂਭ ਕੇ ਰਖਣਾ ਹੈ ।

ਕੰਮ ਦੀ ਚੋਣ ਬਾਰੇ ਨੌਜਵਾਨਾਂ ਨੂੰ ਆਪ ਬਹੁਤ ਸੁਚੱਜੀ ਸਲਾਹ ਦਿੰਦੇ ਹਨ । ਕੰਮ ਕੋਈ ਵੀ ਮਾੜਾ ਨਹੀਂ । ਕਿਰਤ ਕਰਨੀ ਇਨਸਾਨ ਦਾ ਧਰਮ ਹੈ । ਪਰ ਹਰ ਨੌਜਵਾਨ ਨੂੰ ਆਪਣੇ ਕਿੱਤੇ ਦੀ ਚੋਣ ਆਪਣੀਆਂ ਰੁਚੀਆਂ ਨੂੰ ਮੁਖ ਰਖ ਕੇ ਕਰਨੀ ਚਾਹੀਦੀ ਹੈ । ਇਕ ਵਾਰੀ ਚੋਣ ਕਰ ਕੇ ਫਿਰ ਉਸ ਕੰਮ ਨੂੰ ਪੂਰਨ ਲਗਨ ਨਾਲ ਕਰਨਾ ਚਾਹੀਦਾ ਹੈ । ਕਈ ਨੌਜਵਾਨ ਬਿਨਾਂ ਸੋਚੇ ਸਮਝੇ ਪਹਿਲਾਂ ਥੋੜਾ ਚਿਰ ਕੋਈ ਕੰਮ ਕਰਦੇ ਹਨ, ਉਕਤਾ ਕੇ ਫਿਰ ਹੋਰ ਕੰਮ ਸ਼ੁਰੂ ਕਰਦੇ ਹਨ, ਮਨ ਫਿਰ ਵੀ ਨਹੀਂ ਭਿੱਜਦਾ, ਨਤੀਜਾ ਇਹ ਹੁੰਦਾ ਹੈ ਕਿ ਉਹ ਕਿਸੇ ਵੀ ਕਿੱਤੇ ਵਿਚ ਮਾਹਿਰ ਨਹੀਂ ਹੋ ਸਕਦੇ ਤੇ ਉਹਨਾਂ ਦੀ ਸ਼ਕਤੀ ਸਮਾਜ ਦੇ ਕਿਸੇ ਕੰਮ ਨਹੀਂ ਆ ਸਕਦੀ । ਇਹ ਸਭ ਕੰਮ-ਚੋਣ ਸਮੇਂ ਯੋਗ ਅਗਵਾਈ ਦੀ ਅਣਹੋਂਦ ਕਰ ਕੇ ਹੁੰਦਾ ਹੈ ।

ਸ: ਗੁਰਬਖ਼ਸ਼ ਸਿੰਘ ਜੀ ਹੁਰਾਂ ਲੜਕੇ ਤੇ ਲੜਕੀਆਂ ਦੀ ਸਾਂਝੀ ਵਿੱਦਿਆ ਦੀ ਬਹੁਤ ਪਰੋੜ੍ਹਤਾ ਕੀਤੀ ਹੈ । ਜੇ ਜਵਾਨ ਲੜਕੇ ਤੇ ਲੜਕੀਆਂ ਨੂੰ ਬਿਲਕੁਲ ਅੱਡ ਅੱਡ ਘੇਰਿਆਂ ਵਿਚ ਰਖਿਆ ਜਾਵੇ ਤੇ ਉਹਨਾਂ ਨੂੰ ਆਪਸ ਵਿਚ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਹੀ ਨਾ ਦਿਤਾ ਜਾਵੇ ਤਾਂ ਉਹ ਕਈ ਮਾਨਸਿਕ ਉਲਝਣਾਂ ਦੇ ਸ਼ਿਕਾਰ ਹੋ ਜਾਂਦੇ ਹਨ । ਸਾਂਝੀ ਵਿੱਦਿਆ ਹੋਣ ਨਾਲ ਹਰ ਲੜਕਾ ਇਹ ਕੋਸ਼ਿਸ਼ ਕਰਦਾ ਹੈ ਕਿ ਉਹ ਲੜਕੀਆਂ ਦੀਆਂ ਨਜ਼ਰਾਂ ਵਿਚ ਚੰਗਾ ਲੱਗੇ ਤੇ ਉਹਨਾਂ ਦੀ ਪ੍ਰਸ਼ੰਸਾ ਪ੍ਰਾਪਤ ਕਰਨ ਲਈ ਚੰਗੇ ਕੰਮਾਂ ਵਿਚ ਜੁਟਦਾ ਹੈ ਤੇ ਆਪਣੀਆਂ

ਕਮਜ਼ੋਰੀਆਂ ਨੂੰ ਦੂਰ ਕਰਨ ਦੇ ਯਤਨ ਕਰਦਾ ਹੈ । ਲੜਕੇ ਲੜਕੀ ਦੇ ਸੰਬੰਧ ਆਪਸ ਵਿਚ ਇਹੋ ਜਿਹੇ ਹੋਣੇ ਚਾਹੀਦੇ ਹਨ ਜਿਸ ਤਰ੍ਹਾਂ ਦੋ ਜਹਾਜ਼, ਸਮੁੰਦਰ ਵਿਚ, ਨਾਲੋ ਨਾਲ ਤਰ ਰਹੇ ਹੁੰਦੇ ਹਨ ਤੇ ਆਪਣੀ ਮੰਜ਼ਲ ਵਲ ਵਧੀ ਜਾ ਰਹੇ ਹੁੰਦੇ ਹਨ । ਉਹ ਇਕ ਦੂਜੇ ਨੂੰ ਸ਼ੁਭ ਕਾਮਨਾਵਾਂ ਤਾਂ ਭੇਜਦੇ ਹਨ, ਪਰ ਆਪਸ ਵਿਚ ਟਕਰਾਂਦੇ ਨਹੀਂ । ਇਸੇ ਤਰ੍ਹਾਂ ਲੜਕੇ ਲੜਕੀਆਂ ਨੂੰ ਵੀ ਇਕ ਦੂਜੇ ਨਾਲ ਵਿਚਾਰ ਵਟਾਂਦਰਾ ਕਰ ਕੇ, ਇਕ ਦੂਜੇ ਕੋਲੋਂ ਉਤਸ਼ਾਹ ਤੇ ਪਰੇਰਨਾ ਲੈ ਕੇ, ਆਪਣੀ ਮੰਜ਼ਲ ਵਲ ਵਧੀ ਜਾਣਾ ਚਾਹੀਦਾ ਹੈ, ਪਰ ਕਿਸੇ ਅਯੋਗ ਕਾਰਵਾਈ ਵਿਚ ਆਪਣੀ ਸ਼ਕਤੀ ਨੂੰ ਅਜਾਈਂ ਨਹੀਂ ਗੁਆਉਣਾ ਚਾਹੀਦਾ । ਹਰ ਲੜਕੇ ਲੜਕੀ ਨੂੰ ਆਪਣੀਆਂ ਰੁਚੀਆਂ ਅਨੁਸਾਰ ਜੀਵਨ ਸਾਥੀ ਦੀ ਚੋਣ ਕਰਨ ਦਾ ਹੱਕ ਹੋਣਾ ਚਾਹੀਦਾ ਹੈ ।

ਅਰੋਗ ਸਰੀਰ ਵਿਚ ਹੀ ਅਰੋਗ ਮਨ ਹੋ ਸਕਦਾ ਹੈ । ਸ: ਗੁਰਬਖ਼ਸ਼ ਸਿੰਘ ਜੀ ਹਰ ਮਨੁੱਖ ਨੂੰ ਆਪਣੀ ਸਿਹਤ ਵਲ ਉਚੇਚਾ ਧਿਆਨ ਦੇਣ ਦੀ ਪਰੇਰਨਾ ਕਰਦੇ ਹਨ । ਚੰਗੀ ਸਿਹਤ ਵਾਸਤੇ ਇਹਨਾਂ ਦੇ ਸੁਨਹਿਰੀ ਅਸੂਲਾਂ ਤੇ ਚਲਣ ਨਾਲ ਹਰ ਆਦਮੀ ਕਈ ਬੀਮਾਰੀਆਂ ਤੋਂ ਛੁਟਕਾਰਾ ਪਾ ਕੇ ਆਪਣੀ ਜੀਵਨ ਡੋਰੀ ਲੰਮੀ ਕਰਨ ਦੀ ਆਸ ਰੱਖ ਸਕਦਾ ਹੈ । ਉਹਨਾਂ ਨੇ ਆਪ ਇਹਨਾਂ ਅਸੂਲਾਂ ਤੇ ਪੂਰੀ ਤਰ੍ਹਾਂ ਅਮਲ ਕੀਤਾ ਹੈ ਤੇ ੭੫ ਵਰ੍ਹੇ ਦੀ ਉਮਰ ਵਿਚ ਵੀ ਉਹਨਾਂ ਦੀ ਸਿਹਤ ਅੱਤ ਦੇ ਰੁਝੇਵਿਆਂ ਵਾਲੀ ਜ਼ਿੰਦਗੀ ਨੂੰ ਕਦੀ ਚਿੰਤਾਤੁਰ ਨਹੀਂ ਹੋਣ ਦਿੰਦੀ । ਸਵੇਰੇ ਸਾਝਰੇ ਉਠਣਾ, ਲੰਮੀ ਸੈਰ ਕਰਨੀ, ਹਲਕੀ ਵਰਜ਼ਸ਼ ਤੇ ਮਾਲਸ਼ ਕਰਨੀ, ਖੁਲ੍ਹੀ ਹਵਾ ਵਿਚ ਲੰਮੇ ਲੰਮੇ ਸਾਹ ਲੈਣੇ, ਸੂਰਜ ਦੀਆਂ ਕਿਰਨਾਂ ਆਪਣੇ ਸਰੀਰ ਤੇ ਪਵਾਉਣੀਆਂ, ਖੁਲ੍ਹੇ ਪਾਣੀ ਨਾਲ ਇਸ਼ਨਾਨ ਕਰਨਾ, ਵੇਲੇ ਸਿਰ ਤੇ ਸਾਦੀ ਖ਼ੁਰਾਕ ਖਾਣੀ, ਇਹ ਕੁਝ ਗੱਲਾਂ ਹਨ ਜਿਨ੍ਹਾਂ ਤੇ ਅਮਲ ਕਰਨ ਨਾਲ ਮਨੁੱਖ ਬਹੁਤ ਹੱਦ ਤਕ ਅਰੋਗ ਰਹਿ ਸਕਦਾ ਹੈ ।

ਸਾਡਾ ਸਮਾਜ ਕਈ ਨਿਰਮੂਲ ਤੇ ਹਾਸੋਹੀਣੇ ਵਹਿਮਾਂ ਵਿਚ ਗਰੱਸਿਆ ਹੋਇਆ ਸੀ । ਜਾਦੂ ਟੂਣੇ, ਮੰਤਰ, ਤੀਰਥ ਯਾਤਰਾ, ਆਦਿ ਵਿਚ ਵਿਸ਼ਵਾਸ਼ ਕਰ ਕੇ ਆਪਣੇ ਜੀਵਨ ਵਿਚੋਂ ਸੁਖ ਦੀ ਭਾਲ ਕਰਨ ਵਾਲਿਆਂ ਨੂੰ ਇਹਨਾਂ ਨੇ ਹਰ ਘਟਨਾ ਨੂੰ ਵਿਗਿਆਨਕ ਢੰਗ ਨਾਲ ਸਮਝਾਉਣ ਦਾ ਯਤਨ ਕੀਤਾ ਹੈ । ਮਨੁੱਖ ਜਾਤੀ ਛੋਟੇ ਛੋਟੇ ਧਰਮ-ਦਾਇਰਿਆਂ ਵਿਚ ਵੰਡੀ ਹੋਈ ਹੈ ਤੇ ਹਰ ਧਰਮ ਦੇ ਲੋਕੀਂ ਇਹ ਹੀ ਦਾਅਵਾ ਕਰਦੇ ਹਨ ਕਿ ਪ੍ਰਮਾਤਮਾ ਸਿਰਫ਼ ਉਹਨਾ ਦੇ ਦੱਸੇ ਅਸੂਲਾਂ ਤੇ ਚੱਲ ਕੇ ਹੀ ਮਿਲ ਸਕਦਾ ਹੈ । ਪਰ ਸ: ਗੁਰਬਖ਼ਸ਼ ਸਿੰਘ ਜੀ ਲੋਕਾਂ ਨੂੰ ਇਹ ਸਿੱਖਿਆ ਦਿੰਦੇ ਹਨ ਕਿ ਪ੍ਰਮਾਤਮਾ ਦਾ ਕੋਈ ਆਕਾਰ ਨਹੀਂ, ਕੋਈ ਸਰੂਪ ਨਹੀਂ, ਇਹ ਸਾਰੀ ਸਰਿਸ਼ਟੀ ਹੀ ਪ੍ਰਮਾਤਮਾ ਹੈ, ਇਹ ਨੀਲ ਗਗਨ, ਧਰਤੀ, ਸਮੁੰਦਰ, ਦਰਿਆ, ਪਹਾੜ, ਜੀਵ ਜੰਤੂ, ਫੁੱਲ ਪੌਦੇ ਇਹਨਾਂ ਸਭਨਾਂ ਵਿਚ ਪ੍ਰਮਾਤਮਾ ਦੀ ਹੀ ਧੜਕਨ ਹੈ ।

ਸ: ਗੁਰਬਖ਼ਸ਼ ਸਿੰਘ ਜੀ ਸਿਰਫ਼ ਇਕ ਉਘੇ ਲਿਖਾਰੀ ਤੇ ਕਲਾਕਾਰ ਹੀ ਨਹੀਂ ਹਨ, ਸਗੋਂ ਇਕ ਅਗਾਂਹਵਧੂ ਕਿਸਾਨ ਵੀ ਹਨ ਉਹਨਾਂ ਨੇ ਆਪ ਖੇਤੀ ਕੀਤੀ ਹੈ ਤੇ ਸਭ ਤੋਂ ਪਹਿਲਾਂ ਖੇਤੀ ਦੇ ਵਿਗਿਆਨਕ ਢੰਗ ਨੂੰ ਅਪਣਾਇਆ ਹੈ । ਉਹਨਾਂ ਨੂੰ ਇਹ ਯਕੀਨ ਹੈ ਕਿ ਸਾਡੇ ਦੇਸ਼ ਵਿਚ ਭੁੱਖ ਤਾਂ ਹੀ ਦੂਰ ਹੋ ਸਕਦੀ ਹੈ ਜੇ ਅਸੀਂ ਖੇਤੀ ਵਿਗਿਆਨਕ ਢੰਗ ਨਾਲ ਕਰੀਏ । ਪੰਜਾਬੀ ਕਿਸਾਨ ਵਾਸਤੇ ਇਹਨਾਂ ਦੇ ਦਿਲ ਵਿਚ ਅਥਾਹ ਸਤਿਕਾਰ ਹੈ ਤੇ ਇਹੋ ਹੀ ਕਾਰਨ



ਹੈ ਕਿ ਇਹ ਹਰ ਸਾਲ ਖੇਤੀ ਬਾੜੀ ਯੂਨੀਵਰਸਿਟੀ ਦੇ ਮੇਲੇ ਤੇ ਆਪਣੇ ਸਭ ਰੁਝੇਵੇਂ ਛਡ ਕੇ ਜ਼ਰੂਰੀ ਹੀ ਆਪਣੇ ਕਿਸਾਨ ਭਰਾਵਾਂ ਦੀਆਂ ਔਕੜਾਂ ਨੂੰ ਜਾਨਣ ਲਈ ਪਧਾਰਦੇ ਹਨ । ਖੇਤੀ ਬਾੜੀ ਦੇ ਨਵੇਂ ਢੰਗ ਆਮ ਕਿਸਾਨ ਤਕ ਪਹੁੰਚਾਉਣ ਤੇ ਉਹਨਾਂ ਵਿਚ ਨਵਾਂ ਉਤਸ਼ਾਹ ਪੈਦਾ ਕਰਨ ਲਈ, ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਬਹੁਤ ਸੁਚੱਜੇ ਸੁਝਾਉ ਦਿੰਦੇ ਹਨ ।

ਸ: ਗੁਰਬਖ਼ਸ਼ ਸਿੰਘ ਜੀ ਹੁਰਾਂ ਜੋ ਪੰਜਾਬੀ ਬੋਲੀ ਤੇ ਪੰਜਾਬੀ ਲੋਕਾਂ ਦੇ ਜੀਵਨ ਵਿਚ ਇਕ ਨਵਾਂ ਨਿਖਾਰ ਲਿਆਂਦਾ ਹੈ ਤੇ ਹਰ ਇਨਸਾਨ ਨੂੰ ਸਾਵੀਂ, ਪੱਧਰੀ, ਸੁਚੱਜੀ, ਨੇਕ ਤੇ ਲੋਕ-ਭਲਾਈ ਲਈ ਕੰਮ ਆ ਸਕਣ ਵਾਲੀ ਜ਼ਿੰਦਗੀ ਜੀਊਣ ਦਾ ਜੋ ਰਾਹ ਦਸਿਆ ਹੈ ਉਸ ਦੇ ਸਦਕੇ ਹਰ ਪੰਜਾਬੀ ਦਾ ਉਹਨਾਂ ਅੱਗੇ ਸ਼ਰਧਾ ਵਿਚ ਸਿਰ ਝੁਕ ਜਾਂਦਾ ਹੈ । ਪ੍ਰਮਾਤਮਾ ਇਹਨਾਂ ਨੂੰ ਕਿੰਨੇ ਹੀ ਹੋਰ ਵਰ੍ਹੇ ਸਾਡੀ ਇਸ ਤਰ੍ਹਾਂ ਅਗਵਾਈ ਕਰਨ ਦੀ ਸ਼ਕਤੀ ਬਖ਼ਸ਼ੇ ।

# ਪ੍ਰੀਤ ਦਾ ਅਲਮਬਰਦਾਰ

ਨਾਨਕ ਸਿੰਘ

"ਪ੍ਰੀਤ" ਜਾਂ "ਪਿਆਰ" ਦਾ ਅਨਾਦੀ ਤੇ ਅਨੰਤ ਜਜ਼ਬਾ ਨਾ ਕੇਵਲ ਸਮੁਚੀ ਮਾਨਵਤਾ ਦਾ ਧੁਰਾ ਹੈ, ਬਲਕਿ ਪ੍ਰਕਿਰਤੀ ਦੀ ਅੰਡਜ, ਜੇਰਜ, ਸੇਤਜ ਸ੍ਰਿਸ਼ਟੀ ਦਾ ਵੀ ਵਿਕਾਸ ਕੇਂਦਰ ਹੈ। ਜਿਸ ਕਰ ਕੇ ਇਸ ਦੀ ਹੋਂਦ ਉਤਨੀ ਹੀ ਅਸੀਮ ਹੈ, ਜਿੰਨੀ ਸਿਰਜਨਹਾਰੇ "ਰੱਬ" ਦੀ। ਜਿਸ ਨੇ ਪ੍ਰੇਮ ਦੀ ਹਕੀਕਤ ਨੂੰ ਪਹਿਚਾਣ ਲਿਆ ਹੈ, ਉਸ ਨੇ ਰੱਬ ਨੂੰ ਪਾ ਲਿਆ ਹੈ। ਪੂਰਨ ਬ੍ਰਹਮ ਗਿਆਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਨੂੰ ਇਹਨਾਂ ਸ਼ਬਦਾਂ ਵਿਚ ਬਿਆਨਿਆ ਹੈ :

"ਸਾਚ ਕਹੋਂ ਸੁਨ ਲੇਉ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ ॥"

ਇਸ ਪੱਖੋਂ ਗੁਰਬਖ਼ਸ਼ ਸਿੰਘ ਨਿਰਸੰਦੇਹ ਪ੍ਰੀਤ ਦਾ ਅਲਮਬਰਦਾਰ ਕਿਹਾ ਜਾ ਸਕਦਾ ਹੈ। ਉਹ ਪੰਜਾਬੀ ਦਾ ਨਿਰਮਾਤਾ ਹੋਣ ਨਾਲੋਂ ਵੀ ਕਿਤੇ ਵਧ ਪਿਆਰ ਸਾਹਿਤ ਦਾ ਪੁਜਾਰੀ ਹੈ। ਉਸ ਨੇ ਪਿਆਰ ਫ਼ਲਸਫ਼ੇ ਨੂੰ ਨਿਰਾ ਸ਼ਾਬਦਿਕ ਰੂਪ ਵਿਚ ਹੀ ਨਹੀਂ ਪ੍ਰਗਟਾਇਆ, ਸਗੋਂ ਪ੍ਰੇਮ ਵਿਚ ਜੀਉ ਕੇ ਸਰਬ ਸਾਧਾਰਨ ਲਈ ਇਸ ਦਾ ਮਾਰਗ ਦਰਸ਼ਨ ਕੀਤਾ ਹੈ।

ਪਿਆਰ ਵਰਗੇ ਪਵਿੱਤਰ ਤੇ ਸਰਬ-ਵਿਆਪੀ ਜਜ਼ਬੇ ਨੂੰ ਭੁੱਲੀ ਭਟਕੀ ਲੋਕਾਈ ਨੇ ਜਿਸ ਬੁਰੀ ਤਰ੍ਹਾਂ ਨਾਲ ਅਪਮਾਣਿਤ ਕੀਤਾ, ਇਹ ਗੱਲ ਵਿਆਖਿਆ ਦੀ ਮੁਹਤਾਜ ਨਹੀਂ। ਇਸ ਦੇ ਅਨੂਪਮ ਰੂਪ ਨੂੰ ਕਿਸ ਤਰ੍ਹਾਂ ਦੁਰਾਚਾਰ ਦੀ ਮੈਲ ਨਾਲ ਬਦਰੰਗ ਕਰ ਦਿਤਾ ਗਿਆ ? ਕਿਵੇਂ ਝੂਠੇ ਪਿਆਰ ਦੀ ਆੜ ਵਿਚ ਆਏ ਦਿਨ ਉਧਾਲੇ ਤੇ ਖ਼ੂਨ ਖ਼ਰਾਬੇ ਹੁੰਦੇ ਰਹਿੰਦੇ ਹਨ। ਇਥੇ ਤਕ ਕਿ ਅਣਗਿਣਤ ਲੋਕਾਂ ਵਿਚ ਪੁਸ਼ਤਾਂ ਦਰ ਪੁਸ਼ਤਾਂ ਤੀਕ ਵੈਰ ਵਿਰੋਧ ਦਾ ਸਿਲਸਲਾ ਚਲਦਾ ਰਹਿੰਦਾ ਹੈ। ਗੋਇਆ ਪਿਆਰ ਨਾ ਹੋਇਆ ਸ਼ੈਤਾਨ ਦੀ ਖੋਪਰੀ ਹੋਈ।

ਗੁਰਬਖ਼ਸ਼ ਸਿੰਘ ਨੇ ਨਿਰਾ ਪਿਆਰ ਦੇ ਮਹੱਤਵ ਨੂੰ ਹੀ ਨਹੀਂ ਪਹਿਚਾਣਿਆ, ਸਗੋਂ ਇਸ ਦੇ ਨਾਂ ਹੇਠ ਹੁੰਦੇ ਨਿੱਤ ਦਿਹਾੜੀ ਦੇ ਉਪੱਦਰਵਾਂ ਨੂੰ ਵੀ ਉਸ ਨੇ ਬੁਰੀ ਤਰ੍ਹਾਂ ਮਹਿਸੂਸਿਆ ਹੈ।

ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਗੁਰਬਖ਼ਸ਼ ਸਿੰਘ ਮਨ, ਬਚਨ, ਕਰਮ ਦੁਆਰਾ ਏਸ ਕਲੰਕ ਨੂੰ ਮਿਟਾਉਣ ਅਤੇ ਪ੍ਰੇਮ ਨੂੰ ਉਸ ਦੀ ਵਾਸਤਿਵਕ ਪ੍ਰਤਿਭਾ ਦਿਵਾਣ ਦੇ ਇਰਾਦੇ ਨਾਲ ਅਮਲ ਦੇ ਮੈਦਾਨ ਵਿਚ ਨਿਤਰਿਆ ਤੇ ਨਿਰੰਤਰ ਘਾਲਣਾ ਘਾਲਦਾ ਹੋਇਆ ਆਪਣੇ ਮਨੋਰਥ ਵਿਚ ਸਫ਼ਲ ਹੁੰਦਾ ਚਲਾ ਜਾ ਰਿਹਾ ਹੈ। ਉਸ ਨੇ ਡੰਕੇ ਦੀ ਚੋਟ ਨਾਲ ਨਾਅਰਾ ਬੁਲੰਦ ਕੀਤਾ :



"ਪਿਆਰ ਕਬਜ਼ਾ ਨਹੀਂ ਪਹਿਚਾਣ ਹੈ।"

ਇਸ ਸਚਿਆਈ ਦੀ ਵਿਆਖਿਆ ਕਰਦਾ ਹੋਇਆ ਉਹ "ਸਹਿਜ ਪ੍ਰੀਤ" ਸ਼ੀਰਸ਼ਕ ਹੇਠ ਪੁਰਾਣੇ ਸਮੇਂ ਦੇ ਆਸ਼ਕਾਂ-ਮਾਸ਼ੂਕਾਂ ਦੀ ਉਦਾਹਰਣ ਵਜੋਂ ਲਿਖਦਾ ਹੈ :

"ਇਹ ਠੀਕ ਹੈ ਕਿ ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਅਤੇ ਸ਼ੀਰੀਂ ਫ਼ਰਿਹਾਦ ਵਰਗੀ ਪ੍ਰੀਤ ਇਕੋ ਸਾਥੀ ਨਾਲ ਹੀ ਹੋ ਸਕਦੀ ਹੈ। ਪਰ ਇਹ ਪ੍ਰੀਤ ਹਰ ਇਨਸਾਨ ਦੇ ਹਿੱਸੇ ਨਹੀਂ ਆਉਂਦੀ। ਤਾਂ ਵੀ, ਹਰ ਇਨਸਾਨ ਕਿਸੇ ਨਾ ਕਿਸੇ ਪ੍ਰੀਤ ਲਈ ਸਾਰੀ ਉਮਰ ਸਹਿਕਦਾ ਰਹਿੰਦਾ ਹੈ ; ਕਿਸੇ ਦਾ ਸਾਥੀ ਦੁਨੀਆਂ ਛਡ ਜਾਂਦਾ ਹੈ। ਪਿਛੇ ਰਹਿਣ ਵਾਲੇ ਦੀ ਫ਼ੁਰਕਤ ਮੌਤ ਵਿਚ ਬਦਲੀ ਨਹੀਂ ਜਾ ਸਕਦੀ। ਬਾਕੀ ਉਮਰ ਆਪਣੀ ਪ੍ਰੀਤ ਦੇ ਝਾਉਲੇ ਉਹਨੂੰ ਕਈਆਂ ਨਕਸ਼ਾਂ ਵਿਚੋਂ ਪੈਂਦੇ ਹਨ। ਪਰ ਇਹਨਾਂ ਨਕਸ਼ਾਂ ਉਤੇ ਕਬਜ਼ਾ ਕਿਸੇ ਹੋਰ ਦਾ ਹੁੰਦਾ ਹੈ। ਕਬਜ਼ੇ ਦੀ ਲਾਲਸਾ ਇਹਦੇ ਆਪੇ ਵਿਚ ਹੁੰਦੀ ਨਹੀਂ। ਤਾਂ ਵੀ, ਆਪਣੇ ਝਾਉਲਿਆਂ ਨੂੰ ਪਿਆਰਨ ਦੀ ਕੋਈ ਮਾਸੂਮ ਜਾਚ ਇਹ ਢੂੰਡਦਾ ਰਹਿੰਦਾ ਹੈ। ਕਦੇ ਕਦੇ ਕਿਸੇ ਪਿਆਰ ਦਾ ਮਚਲਾ ਦੇਵ ਕਿਸੇ ਮੱਲੀ ਰੂਹ ਦਾ ਮਤਵਾਲਾ ਬਣਾ ਦੇਂਦਾ ਹੈ। ਕੋਈ ਹੋਰ ਉਸ ਦੀਆਂ ਅੱਖਾਂ ਵਿਚ ਜਚਦਾ ਨਹੀਂ। ਸੋ, ਕਬਜ਼ੇ ਦੀ ਇੱਛਾ ਹਮੇਸ਼ਾ ਲਈ ਤਿਆਗ ਕੇ ਡਿਕੱਨਜ਼ ਦੇ ਪਾਤਰ "ਕਾਰਟਨ" ਦੀ ਤਰ੍ਹਾਂ ਉਹ "ਸਹਿਜ ਪ੍ਰੀਤ" ਨੂੰ ਆਪਣਾ ਦਿਲ ਦੇ ਕੇ ਆਪਣੀ ਪ੍ਰੀਤਮਾਂ ਦੇ ਮਾਲਕ ਤੋਂ ਵੀ ਕੁਰਬਾਨ ਹੋ ਜਾਂਦਾ ਹੈ......"

ਗੁਰਬਖ਼ਸ਼ ਸਿੰਘ ਨੇ ਆਪਣੀਆਂ ਹੋਰ ਕਈਆਂ ਲਿਖਤਾਂ ਰਾਹੀਂ ਅਨੇਕਾਂ ਦਿਸ਼ਟਾਂਤ ਦੇ ਕੇ ਸਿੱਧ ਕੀਤਾ ਹੈ ਕਿ ਜਿਥੇ ਨਿਸ਼ਕਾਮ ਪਿਆਰ (ਸਹਿਜ ਪ੍ਰੀਤ) ਪ੍ਰਵਿਰਤ ਹੋਵੇ ਉਥੇ ਨਫ਼ਸਾਨੀ ਖ਼ਾਹਿਸ਼ (ਜਿਨਸੀ ਭੁੱਖ) ਲਈ ਕੋਈ ਥਾਂ ਨਹੀਂ ਹੁੰਦੀ ਤੇ ਜੇ ਹੈ ਤਾਂ ਉਸ ਨੂੰ "ਸਹਿਜ ਪ੍ਰੀਤ" ਹਰਗਿਜ਼ ਨਹੀਂ ਕਿਹਾ ਜਾ ਸਕਦਾ।

ਪੁਰਾਤਨ ਕਾਲ ਦੇ ਆਸ਼ਕਾਂ ਸਾਦਕਾਂ ਬਾਰੇ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਉਹਨਾਂ ਇਸਤਰੀ ਪੁਰਸ਼ਾਂ ਦਾ ਪਿਆਰ ਜਿਨਸੀਅਤ ਤੋਂ ਨਿਰਲੇਪ ਕਿਵੇਂ ਰਹਿ ਸਕਦਾ ਸੀ, ਜਿਨ੍ਹਾਂ ਨੂੰ ਇਕ ਲੰਮੇ ਸਮੇਂ ਤੀਕ ਇਕਾਂਤ ਵਿਚ ਰਹਿਣ ਬਹਿਣ ਦਾ ਅਵਸਰ ਮਿਲਦਾ ਰਿਹਾ ? ਗੁਰਬਖ਼ਸ਼ ਸਿੰਘ ਦੀ ਉਪਰੋਕਤ ਟੂਕ ਇਸ ਦਲੀਲ ਦਾ ਮੂੰਹੋਂ ਬੋਲਦਾ ਜਵਾਬ ਹੈ। ਇਸ ਦੇ ਨਾਲ ਹੀ ਇਹ ਦਲੀਲ ਵੀ ਉਸ ਦੇ ਵਿਚਾਰਾਂ ਨੂੰ ਪੁਸ਼ਟ ਕਰਦੀ ਹੈ ਕਿ ਜੇ ਐਸੀ ਗੱਲ ਹੁੰਦੀ ਤਾਂ ਯਕੀਨਨ ਉਪਰੋਕਤ ਵਿਅਕਤੀਆਂ ਦੇ ਸੰਜੋਗ ਤੋਂ ਕਈ ਯੋਗ ਜਾਂ ਅਯੋਗ ਸੰਤਾਨਾਂ ਪੈਦਾ ਹੋਈਆਂ ਹੁੰਦੀਆਂ। ਪਰ ਇਤਿਹਾਸ ਜਾਂ ਪ੍ਰੇਮ ਕਿੱਸਿਆਂ ਵਿਚ ਸਾਨੂੰ ਕਿਤੇ ਵੀ ਮਿਸਾਲ ਨਹੀਂ ਮਿਲਦੀ। ਜਿਸ ਤੋਂ ਇਹ ਗੱਲ ਪੂਰੇ ਤੌਰ ਤੇ ਸਿੱਧ ਹੋ ਜਾਂਦੀ ਹੈ ਕਿ ਉਹਨਾਂ ਦਾ ਪਿਆਰ "ਸਹਿਜ ਪ੍ਰੀਤ" ਦੇ ਦਰਜੇ ਤਕ ਪਹੁੰਚਿਆ ਹੋਇਆ ਸੀ, ਜਿਸ ਵਿਚ ਅੰਸ਼ ਮਾਤਰ ਵੀ ਜਿਨਸੀਅਤ ਦਾ ਦਖ਼ਲ ਨਹੀਂ ਸੀ।

ਗੁਰਬਖ਼ਸ਼ ਸਿੰਘ ਦੀਆਂ ਨਜ਼ਰਾਂ ਵਿਚ ਪੂਰਨ ਇਸਤਰੀ ਜਾਂ ਪੂਰਨ ਮਰਦ ਉਹੀ ਕਹੇ ਜਾ ਸਕਦੇ ਹਨ, ਜਿਹੜੇ ਪਿਆਰ ਨੂੰ ਇਕ ਮੁਤਬੱਰਕ ਜਜ਼ਬਾ ਸਮਝਦੇ ਹੋਏ ਹਰ ਪ੍ਰਕਾਰ ਦੀਆਂ ਮਾਨਸਕ ਕਮਜ਼ੋਰੀਆਂ ਤੋਂ ਪਾਕ ਰਹਿ ਸਕਦੇ ਨੇ। ਉਹ ਇਕ ਥਾਂ ਲਿਖਦਾ ਹੈ :

"ਸ਼ਖ਼ਸੀਅਤ ਦੇ ਅਭਿਲਾਖੀ ਉਹੀ ਮਰਦ ਤੇ ਇਸਤਰੀਆਂ ਹੋ ਸਕਦੇ ਹਨ, ਜਿਨ੍ਹਾਂ ਨੂੰ

ਆਪਣੇ ਮਰਦਊ ਤੇ ਇਸਤਰੀਪੁਣੇ ਦਾ ਪੂਰਾ ਗਿਆਨ ਹੋਵੇ, ਪੂਰੀ ਕਦਰ ਹੋਵੇ ਤੇ ਉਹਨਾਂ ਉਤੇ ਪੂਰਾ ਕਾਬੂ ਹੋਵੇ, ਮੇਰਾ ਜ਼ੋਰ ਪੂਰਨ ਕਾਬੂ ਤੇ ਹੈ। ਜੇ ਤੁਸੀਂ ਜ਼ਿੰਦਗੀ ਦਾ ਹੂਟਾ ਲੈ ਕੇ ਕਿਸੇ ਪਰੇਰੀ ਹੱਦ ਨੂੰ ਛੂਹਣਾ ਚਾਹੁੰਦੇ ਹੋ......ਤਾਂ ਆਪਣੇ ਮਰਦਊ ਦੇ ਇਸਤਰੀਪੁਣੇ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਜਾਉ ਤੇ ਕਾਮ-ਬਲ ਨੂੰ ਸਵਰਗੀ ਦਾਤ ਸਮਝ ਕੇ ਸਾਂਭੋ ਤੇ ਵਰਤੋ।"

ਇਹ ਤਾਂ ਪਿਆਰ ਦੇ ਇਕ ਛੋਟੇ ਜਿਹੇ ਭਾਗ ਦੀ ਤਸਵੀਰ ਹੈ। ਜਿਸ ਨੂੰ ਸਾਡੇ ਸੁਚੱਜੇ ਲੇਖਕ ਨੇ ਉਪਰੋਕਤ ਭਾਵਾਂ ਵਿਚ ਚਿੱਤਰਤ ਕੀਤਾ ਹੈ। ਪਰ ਉਸ ਦਾ ਪ੍ਰੇਮ ਕੇਵਲ ਇਤਨੇ ਤਕ ਹੀ ਸੀਮਤ ਨਾ ਹੋ ਕੇ, ਉਸ ਦਾ ਮੁਖ ਆਦਰਸ਼ ਹੈ, "ਮਾਨਵ ਪ੍ਰੇਮ" ਅਥਵਾ "ਵਿਸ਼ਵ ਪ੍ਰੇਮ"। ਉਹ ਮਨੁੱਖ ਮਾਤਰ ਨੂੰ ਭਾਵੇਂ ਉਹ ਕਿਸੇ ਵੀ ਦੇਸ, ਕੌਮ ਜਾਂ ਸਭਿਅਤਾ ਨਾਲ ਸੰਬੰਧ ਰਖਦਾ ਹੋਵੇ — ਅਮੁੱਕ ਪਿਆਰ ਦੀ ਭਾਵਨਾ ਨਾਲ ਵੇਖਦਾ ਹੈ। ਉਹ "ਖ਼ਲਕ ਵਿਚ ਖਾਲਕ" ਵੇਖਣ ਦਾ ਆਦੀ ਹੈ। ਉਸ ਦੇ ਹਿਰਦੇ ਦੀਆਂ ਪ੍ਰੇਮ ਕਾਂਗਾਂ ਹਰ ਮਨੁੱਖ ਦੇਹਧਾਰੀ ਨੂੰ ਸਰਸ਼ਾਰ ਕਰਨ ਲਈ ਉਮਲ ਉਮਲ ਪੈਂਦੀਆਂ ਨੇ। ਇਹਨਾਂ ਹੀ ਅਮੋੜ ਲਹਿਰਾਂ ਨੂੰ ਲੈ ਕੇ ਅੱਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਉਹ ਅਮਲ ਦੇ ਮੈਦਾਨ ਵਿਚ ਨਿੱਤਰਿਆ ਸੀ। ਏਸੇ ਜਜ਼ਬੇ ਦਾ ਗਰਮਾਇਆ ਤੇ ਰੁਸ਼ਨਾਇਆ ਹੋਇਆ ਆਪਣੀਆਂ ਬ੍ਰਹਿਮੰਡ ਜਿੱਡੀਆਂ ਖ਼ਾਬਾਂ ਦੀ ਤਸਵੀਰ ਲਈ ਤਤਪਰ ਹੋਇਆ। ਅਸਲ ਵਿਚ ਪ੍ਰੀਤ-ਚੰਦ੍ਰਮਾਂ ਦੀਆਂ ਰਿਸ਼ਮਾਂ ਨਾਲ ਆਪਣੇ ਸਮੁਚੇ ਦੇਸ ਨੂੰ ਮੁਨੱਵਰ ਕਰਨ ਲਈ ਉਸ ਨੂੰ ਇਕ ਅਜਿਹੀ ਬਸਤੀ ਵਸਾਉਣ ਦੀ ਲੋੜ ਬੇਆਰਾਮ ਕਰ ਰਹੀ ਸੀ, ਜਿਥੇ ਨਿਰੋਲ ਪਿਆਰ ਦਾ ਰਾਜ ਤੇ ਪਿਆਰ ਦਾ ਕਾਨੂੰਨ ਪ੍ਰਚੱਲਤ ਹੋਵੇ। ਇਸ ਦਾ ਫਲ ਰੂਪ "ਪ੍ਰੀਤ" ਸ਼ੀਰਸ਼ਕ ਕਈਆਂ ਯੋਜਨਾਵਾਂ ਨੂੰ ਉਸ ਨੇ ਜਨਮ ਦਿਤਾ। ਜਿਵੇਂ : ਸੰਸਾਰ ਪ੍ਰੀਤ ਮੰਡਲ, ਪ੍ਰੀਤ ਨਗਰ, ਪ੍ਰੀਤ ਸੈਨਾ ਤੇ ਹੋਰ ਕਿੰਨਾ ਹੀ ਕੁਝ। ਪਰ ਦੁਰਭਾਗ ਵਸ ਇਹ ਯੋਜਨਾਵਾਂ ਸਿਰੇ ਨਾ ਚੜ੍ਹ ਸਕੀਆਂ।

ਇਸ ਲੇਖ ਦਾ ਮਨੋਰਥ ਇਹ ਨਹੀਂ ਕਿ ਗੁਰਬਖ਼ਸ਼ ਸਿੰਘ ਦੀਆਂ ਚਲਾਈਆਂ ਹੋਈਆਂ ਇਹ ਯੋਜਨਾਵਾਂ ਕਿਉਂ ਅਸਫ਼ਲ ਰਹੀਆਂ। ਇਹ ਆਪਣੇ ਆਪ ਵਿਚ ਇਕ ਲੰਮੀ ਕਹਾਣੀ ਹੈ। ਸੋ ਮੇਰਾ ਮਨੋਰਥ ਕੇਵਲ ਇਹ ਦਸਣ ਤੋਂ ਹੈ ਕਿ ਕਿਸ ਤਰ੍ਹਾਂ ਇਸ ਪ੍ਰੀਤ ਪਰਵਾਨੇ ਨੂੰ ਆਪਣੀਆ ਪ੍ਰੀਤ ਖ਼ਾਬਾਂ ਸੁਰਜੀਤ ਕਰਨ ਖ਼ਾਤਰ ਜਫ਼ਰ ਜਾਲਣੇ ਪਏ, ਕਿੰਨੇ ਕੁ ਹੰਭਲੇ ਉਸ ਨੂੰ ਮਾਰਨੇ ਪਏ। ਕਾਸ਼! ਸਾਡਾ ਦੇਸ ਤੇ ਸਾਡੀ ਜਨਤਾ ਏਸ ਮਹਾਨ ਕਾਰਜ ਵਿਚ ਉਸ ਦਾ ਪੂਰੀ ਤਰ੍ਹਾਂ ਹੱਥ ਵਟਾਂਦੀ।

ਪਰ ਅਸ਼ਕੇ ਆਖੋ ਇਸ ਮਰਜੀਵੜੇ ਮਨੁੱਖ ਨੂੰ ਕਿ ਨਾਕਾਮੀਆਂ ਦੇ ਇਤਨੇ ਵਾਰ ਸਹਾਰ ਕੇ ਵੀ ਨਾ ਤਾਂ ਕਦੀ ਨਿਰਾਸ਼ਾ ਨੇ ਉਸ ਨੂੰ ਛੁਹਿਆ, ਨਾ ਹੀ ਉਸ ਨੇ ਆਪਣੇ ਮਿਥੇ ਹੋਏ ਪ੍ਰੀਤ ਮਾਰਗ ਵਲੋਂ ਮੂੰਹ ਮੋੜਿਆ। ਉਸ ਦੇ ਏਸ ਅਣਥੱਕ ਪ੍ਰੀਸ਼ਰਮ ਅਤੇ ਨਿਰੰਤਰ ਜਦੋਜਹਿਦ ਦਾ ਫਲ ਭਾਵੇਂ ਆਸ਼ਾਤੀਤ ਨਾ ਹੋਇਆ, ਪਰ ਏਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਇਤਨੀਆਂ ਵਿਪ੍ਰੀਤ ਹਵਾਵਾਂ ਨੇ ਜਿਥੇ ਇਸ ਪ੍ਰੀਤ ਪੰਛੀ ਨੂੰ ਜ਼ਰਾ ਵੀ ਨਿਰਉਤਸਾਹ ਨਹੀਂ ਕੀਤਾ, ਉਥੇ ਉਸ ਦਾ ਪ੍ਰੀਤ ਸੰਦੇਸ਼ ਅੱਜ ਕਾਫ਼ੀ ਦੂਰ ਦਰਾਜ਼ ਤੀਕ ਪਹੁੰਚ ਰਿਹਾ ਹੈ। ਅੱਜ ਦੇਸ ਦੇ ਹਜ਼ਾਰਾਂ ਇਸਤਰੀ ਪੁਰਸ਼ ਉਸ ਦਾ ਪੈਗਾਮ (ਪ੍ਰੀਤ ਲੜੀ) ਬੰਦਗੀਨਾਮੇ ਵਾਂਗ ਪੜ੍ਹਦੇ ਨੇ।

ਵਿਦਵਾਨਾਂ ਤੇ ਮਹਾਂ ਵਿਦਵਾਨਾਂ ਨਾਲ ਦੁਨੀਆਂ ਭਰੀ ਪਈ ਹੈ। ਪਰ ਇਹਨਾਂ ਵਿਚ



ਕਿੰਨੇ ਕੁਝ ਹੋਣਗੇ, ਜਿਹੜੇ ਗੁਰਬਖ਼ਸ਼ ਸਿੰਘ ਵਾਂਗ ਮਨੁੱਖੀ ਪਿਆਰ ਦੇ ਪ੍ਰੇਰੇ ਹੋਏ ਸਿਰ ਧੜ ਦੀ ਬਾਜ਼ੀ ਲਾ ਸਕਦੇ ਹੋਣ।

ਇਹ ਗੱਲ ਪੂਰੇ ਵਿਸ਼ਵਾਸ ਨਾਲ ਕਹੀ ਜਾ ਸਕਦੀ ਹੈ ਕਿ ਜੇ ਕਦੀ ਭਾਰਤੀ ਜਨਤਾ ਗੁਰਬਖ਼ਸ਼ ਸਿੰਘ ਦੇ ਦਰਸਾਏ ਪ੍ਰੀਤ ਮਾਰਗ ਉਤੇ ਚਲਣਾ ਸ਼ੁਰੂ ਕਰ ਦੇਵੇ ਤਾਂ ਦੇਸ ਦੀ ਕਾਇਆਂ ਹੀ ਕਲਪ ਹੋ ਜਾਵੇ। ਭਾਰਤ ਤੇ ਪਾਕਿਸਤਾਨ ਦੀਆਂ ਗਲਵਕੜੀਆਂ ਨੂੰ ਖ਼ੁਦਾਈ ਵੀ ਤੋੜ ਨਾ ਸਕੇ। ਫ਼ਿਰਕਾ ਪ੍ਰਸਤੀ ਤੇ ਭ੍ਰਿਸ਼ਟਾਚਾਰ ਵਰਗੀਆਂ ਜ਼ਹਿਮਤਾਂ ਕਿਤੇ ਢੂੰਡਿਆਂ ਵੀ ਨਾ ਲੱਭਣ।

ਰੱਬ ਕਰੇ, ਅਸੀਂ ਛੇਤੀ ਉਹ ਦਿਨ ਵੇਖੀਏ।

# ਗੁਰਬਖ਼ਸ਼ ਸਿੰਘ

ਬਲਵੰਤ ਗਾਰਗੀ

ਗੁਰਬਖ਼ਸ਼ ਸਿੰਘ ਇਕ ਪੂਰੀ ਸਾਹਿਤਕ ਪੀੜ੍ਹੀ ਦਾ ਪਿਤਾ ਹੈ ।

ਮੈਂ ਪੰਜਾਬੀ ਵਿਚ ਸ਼ਾਇਦ ਕਦੇ ਲਿਖਣਾ ਸ਼ੁਰੂ ਨਾ ਕਰਦਾ ਜੇ ਪ੍ਰੀਤ ਨਗਰ ਨਾ ਜਾਂਦਾ । ਮੈਂ ਪ੍ਰੀਤ ਲੜੀ ਵਿਚ ਉਸ ਦੀਆਂ ਕਹਾਣੀਆਂ ਪੜ੍ਹ ਕੇ ਉਸ ਨੂੰ ਮਿਲਣ ਦਾ ਇੱਛਕ ਹੋਇਆ । 'ਕੇਸਰੀ ਦੀ ਗੱਡ' ਨੇ ਮੇਰੇ ਉਤੇ ਡੂੰਘਾ ਅਸਰ ਪਾਇਆ । ਉਸ ਦੀਆਂ ਲਿਖਤਾਂ ਵਿਚ ਸੱਜਰੀ ਕਣਕ ਦੀ ਖ਼ੁਸ਼ਬੋ ਸੀ । ਜਵਾਨ ਮੁਹੱਬਤ ਤੇ ਰੁਮਾਂਚ ਭਿੱਜੀ ਬਗ਼ਾਵਤ । ਮੇਰੇ ਲਈ ਉਹ ਜਵਾਨੀ ਦਾ ਪ੍ਰਤੀਕ ਸੀ । ਇਹਨਾਂ ਜਜ਼ਬਿਆਂ ਨਾਲ ਮੈਂ ਉਸ ਨੂੰ ਪ੍ਰੀਤ ਮਿਲਣੀ ਉਤੇ ੧੯੩੯ ਵਿਚ ਮਿਲਿਆ ।

ਉਦੋਂ ਗੁਰਬਖ਼ਸ਼ ਸਿੰਘ ੪੫ ਸਾਲ ਦਾ ਸੀ । ਖੁਲ੍ਹੀ ਨਿੱਖਰੀ ਹੋਈ ਦਾੜ੍ਹੀ, ਨਿੱਖਰੀ ਆਵਾਜ਼, ਨਿੱਖਰੀ ਸ਼ਖ਼ਸੀਅਤ । ਪਰ ਇਹਨਾਂ ਉਤੇ ਸਿਆਣਪ ਤੇ ਬਜ਼ੁਰਗੀ ਦਾ ਪਰਭਾਵ ।

ਗੁਰਬਖ਼ਸ਼ ਸਿੰਘ ਜਵਾਨੀ ਵਿਚ ਹੀ ਬਜ਼ੁਰਗ ਤੇ ਸਾਹਿਤਕ ਨੇਤਾ ਸੀ । ਉਸ ਦੀ ਸ਼ਖ਼ਸੀਅਤ ਨੇ ਮੈਨੂੰ ਮੋਹ ਲਿਆ ਤੇ ਮੈਂ ਕੁਝ ਮਹੀਨੇ ਪ੍ਰੀਤ ਨਗਰ ਜਾ ਕੇ ਰਿਹਾ ਜਿਥੇ ਮੈਂ ਟਿਊਸ਼ਨਾਂ ਕਰ ਕੇ ਗੁਜ਼ਾਰਾ ਕੀਤਾ ।

ਮੈਨੂੰ ਪ੍ਰੀਤ ਨਗਰ ਦੀ ਫ਼ਿਜ਼ਾ ਚੰਗੀ ਲੱਗੀ । ਹਰ ਕੋਈ ਗੁਰਬਖ਼ਸ਼ ਸਿੰਘ ਨੂੰ ਮਿਲਣ ਦਾ ਇੱਛਕ ਸੀ । ਸਾਂਝੇ ਲੰਗਰ ਵਿਚ ਰੋਟੀ ਖਾਂਦੇ ਵੀ ਸਭਨਾਂ ਦੀ ਇਹੋ ਰੀਝ ਹੁੰਦੀ ਕਿ ਉਸ ਦੇ ਨੇੜੇ ਹੋ ਕੇ ਬੈਠਣ ਦਾ ਮੌਕਾ ਮਿਲੇ । ਪ੍ਰੀਤ ਨਗਰ ਖ਼ੁਦ ਇਕ ਵਡਾ ਸਾਂਝਾ ਟੱਬਰ ਸੀ ਜਿਸ ਵਿਚ ਦੋਸਤੀ, ਮੁਹੱਬਤ, ਈਰਖਾ ਤੇ ਰੜਕਾਂ ਸਨ । ਇਹ ਸਭ ਕੁਝ ਸਿਹਤਮੰਦ ਸੀ ।

ਲੇਖਕਾਂ ਦੀ ਢਾਣੀ ਜੋ ਗੁਰਬਖ਼ਸ਼ ਸਿੰਘ ਦੇ ਦੁਆਲੇ ਜੁੜੀ ਉਹਨਾਂ ਵਿਚ ਨੌਰੰਗ ਸਿੰਘ ਤੇ ਪਿਆਰਾ ਸਿੰਘ ਸਹਿਰਾਈ ਖ਼ਾਸ ਤੌਰ ਉਤੇ ਉੱਘੇ ਸਨ ।

ਪ੍ਰੀਤ ਨਗਰ ਵਿਚ ਵਾਰਸ਼ਿਕ ਉਤਸਵ ਉਤੇ ਨਾਟਕ ਖੇਡੇ ਜਾਂਦੇ ਜੋ ਅਕਸਰ ਗੁਰਬਖ਼ਸ਼ ਸਿੰਘ ਦੇ ਲਿਖੇ ਹੁੰਦੇ । "ਰਾਜਕੁਮਾਰੀ ਲਤਿਕਾ" ਤੇ "ਪ੍ਰੀਤ ਮੁਕਟ" ਮੈਂ ਇਸੇ ਮੰਚ ਉਤੇ ਦੇਖਿਆ । ਉਸ ਦੇ ਸਥਾਪਤ ਸ਼ਕਤੀਸ਼ਾਲੀ ਪ੍ਰੀਤ ਥੀਏਟਰ ਦੇ ਨਾਲ ਨਾਲ ਕੁਝ ਨੌਜਵਾਨ ਮੁੰਡੇ ਕੁੜੀਆਂ ਨੇ ਵੀ ਆਪਣਾ ਗ਼ਰੀਬੜਾ ਥੀਏਟਰ ਕਾਇਮ ਕੀਤਾ । ਮੈਂ ਇਸੇ ਥੀਏਟਰ ਲਈ ਨਾਟਕ ਲਿਖੇ । ਗੁਰਬਖ਼ਸ਼ ਸਿੰਘ ਦੇ ਨਾਟਕ ਵਿਚ ਚੰਗਾ ਸੈੱਟ ਤੇ ਪ੍ਰਬੰਧ ਹੁੰਦਾ । ਉਸ ਦੀ ਵਡੀ ਧੀ ਉਮਾ ਤੇ ਨਵ੍ਤੇਜ ਪਾਰਟ ਕਰਦੇ । ਸਾਡੇ ਥੀਏਟਰ ਵਿਚ ਅਚਲਾ ਸਚਦੇਵ, ਡਾਕਟਰ ਇੰਦਰਜੀਤ ਤੇ ਸੋਢੀ ਜੋਗਿੰਦਰ ਸਿੰਘ ਪ੍ਰਸਿੱਧ ਸਨ । ਇਥੇ ਹੀ ਮੇਰੀ ਨਾਟ-ਕਲਾ ਦਾ ਮੁੱਢ ਬੱਝਾ ।



ਵਾਰਸ਼ਿਕ ਉਤਸਵਾਂ ਉਤੇ ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਮੋਹਨ ਸਿੰਘ ਤੇ ਹੋਰ ਕਈ ਸਾਹਿਤਕਾਰ ਤੇ ਕਲਾਕਾਰ ਲਾਹੌਰ ਤੋਂ ਆਉਂਦੇ । ਇਹ ਪ੍ਰੀਤ ਨਗਰ ਦਾ ਸੁਨਹਿਰਾ ਯੁਗ ਸੀ । ਸਾਹਿਤਕ ਗੋਸ਼ਟੀਆਂ ਘਰ ਘਰ ਜੁੜਦੀਆਂ । ਸਭ ਤੋਂ ਵਧ ਰੰਗ ਕਰਤਾਰ ਸਿੰਘ ਸਚਦੇਵ ਦੇ ਘਰ ਜੰਮਦਾ । ਸਭ ਸਾਹਿਤਕਾਰ ਗੁਰਬਖ਼ਸ਼ ਸਿੰਘ ਦੀ ਪ੍ਰਸੰਸਾ ਲੋਚਦੇ ਸਨ । ਸਭ ਉਸ ਤੋਂ ਸਾਹਿਤਕ ਰਾਏ ਮੰਗਦੇ ਸਨ ।

ਉਸ ਦੇ ਲਾਡਲੇ ਸਾਹਿਤਕਾਰਾਂ ਨੇ ਉਸ ਤੋਂ ਬਗ਼ਾਵਤ ਕੀਤੀ — ਇਸੇ ਲਈ ਤਰੱਕੀ ਕਰ ਗਏ । ਉਹਨਾਂ ਨੇ ਗੁਰਬਖ਼ਸ਼ ਸਿੰਘ ਨੂੰ ਪਿਆਰ ਕੀਤਾ, ਗੁਰਮੰਤਰ ਲਿਆ ਤੇ ਅਗਲੀਆਂ ਮੰਜ਼ਲਾਂ ਵਲ ਤੁਰ ਪਏ । ਜਿਹੜੇ ਉਸ ਦੀ ਪੈਰਵੀ ਕਰਦੇ ਰਹੇ ਉਹ ਪਛੜ ਗਏ ।

ਗੁਰਬਖ਼ਸ਼ ਸਿੰਘ ਖ਼ੁਦ ਬਾਗ਼ੀ ਸੀ । ਉਸ ਦੀ ਸਾਹਿਤਕ ਪਿਰਤ ਨੂੰ ਅਗੇ ਤੋਰਨ ਲਈ ਉਸ ਤੋਂ ਬਗ਼ਾਵਤ ਦੀ ਹੀ ਲੋੜ ਸੀ । ਉਸ ਦੀ ਲਿਸ਼ਕੀ ਪੁਸ਼ਕੀ ਵਾਰਤਕ ਨੂੰ ਤਜ ਕੇ ਕੁੜੱਤਣ ਤੇ ਨਵੀਂ ਚੇਤਨਾ ਵਿਚ ਸਮੋ ਕੇ ਹੀ ਨਵੀਂ ਵਾਰਤਕ ਰਚੀ ਜਾ ਸਕਦੀ ਸੀ । ਇਸ ਪੀੜ੍ਹੀ ਦੇ ਕਾਮਯਾਬ ਲੇਖਕ ਇਸ ਗੱਲੋਂ ਗੁਰਬਖ਼ਸ਼ ਸਿੰਘ ਦੇ ਰਿਣੀ ਹਨ ।

ਗੁਰਬਖ਼ਸ਼ ਸਿੰਘ ਇਕ ਵਡੇ ਪਿਤਾ ਦੇ ਰੂਪ ਵਿਚ ਆਪਣੇ ਸਾਹਿਤਕ ਪੁੱਤਰਾਂ ਤੋਂ ਪਿਆਰ ਤੇ ਨਫ਼ਰਤ ਦਾ ਭਾਗੀ ਹੈ । ਪਿਤਾ ਪੁੱਤਰ ਦਾ ਇਹੋ ਰਿਸ਼ਤਾ ਸਿਹਤਮੰਦ ਹੈ ।

# ਇਕ ਸੁਫਨੇਸਾਜ਼

## (ਕਹਾਣੀਕਾਰ ਗੁਰਬਖ਼ਸ਼ ਸਿੰਘ)

ਡਾ. ਦਲੀਪ ਕੌਰ ਟਿਵਾਣਾ

ਸੁਫਨੇ ਦੇਖਣਾ ਮਨੁੱਖ ਦਾ ਸੁਭਾ ਹੈ। ਜਾਗਦਿਆਂ ਸੁੱਤਿਆਂ ਹਰ ਮਨੁੱਖ ਆਪਣੀ ਸਮਰੱਥਾ ਅਨੁਸਾਰ ਸੁਫਨੇ ਦੇਖਦਾ ਹੈ।

ਕਈ ਵਾਰੀ ਇਹਨਾਂ ਸੁਫਨਿਆਂ ਦੀ ਸਿਰਜਣਾ ਵੇਲੇ ਮਨੁੱਖ ਭਾਵਕ ਤੇ ਕਾਲਪਨਿਕ ਉਡਾਰੀਆਂ ਦੇ ਸਿਰ ਤੇ, ਅਹੰਮ ਨੂੰ ਅਗੇ ਰਖ ਕੇ, ਤਥ, ਯਥਾਰਥ, ਬੁੱਧੀ ਤਰਕ ਦੀਆਂ ਦੀਵਾਰਾਂ ਉਲੰਘ ਕੇ "ਜੋ ਹੈ" ਤੋਂ ਉਤਾਂਹ ਉਠ ਕੇ "ਜੋ ਚਾਹੀਦਾ ਹੈ" ਤਕ ਅਪੜ ਜਾਂਦਾ ਹੈ। ਅਜਿਹੇ ਸੁਫਨੇਸਾਜ਼ਾਂ ਨੂੰ ਸਾਹਿਤਕ ਭਾਸ਼ਾ ਵਿਚ ਰੁਮਾਂਸਵਾਦੀ ਆਖਿਆ ਜਾਂਦਾ ਹੈ।[੧] ਗੁਰਬਖ਼ਸ਼ ਸਿੰਘ ਨੇ ੧੯੪੦ ਵਿਚ "ਅਨੋਖੇ ਤੇ ਇਕੱਲੇ" ਰਾਹੀਂ ਆਪਣੀ ਕਹਾਣੀ ਨੂੰ ਇਸੇ ਧਰਤੀ ਤੋਂ ਤੋਰਿਆ ਸੀ।

ਵਰਤਮਾਨ ਦੀ ਅਸੰਤੁਸ਼ਟਤਾ ਤੋਂ ਘਬਰਾ ਕੇ ਮਨੁੱਖ ਸੁਪਨ ਦੇਸ਼ ਨੂੰ ਤੁਰ ਜਾਂਦਾ ਹੈ ਜਿਥੇ ਖਰ੍ਹਵਾ ਯਥਾਰਥ ਉਹਦੀਆਂ ਇੱਛਾਵਾਂ ਦਾ ਰਾਹ ਨਹੀਂ ਉਲੰਘਦਾ ਜਿਥੇ, ਪਹੁੰਚ ਕੇ ਉਹ ਸਭ ਰੰਗਾਂ ਦਾ ਧਾਰਨੀ ਹੋ ਕੇ, ਆਪਣੀ ਦੁਨੀਆਂ ਨੂੰ ਮਨਚਾਹੇ ਰੰਗਾਂ ਵਿਚ ਰੰਗ ਰੰਗ ਖ਼ੁਸ਼ ਹੁੰਦਾ ਰਹਿੰਦਾ ਹੈ।

ਗੁਰਬਖ਼ਸ਼ ਸਿੰਘ ਨੇ ਜਦੋਂ ਲਿਖਣਾ ਅਰੰਭਿਆ[੨] ਉਦੋਂ ਤੀਕ ਉਹਦੀ ਚੇਤਨਤਾ ਨੇ ਲੋਕਾਂ ਦੇ ਅੰਦਰਲੇ ਤੇ ਬਾਹਰਲੇ ਹਨੇਰੇ ਤੋਂ ਕਾਫ਼ੀ ਜਾਣੂੰ ਕਰਵਾ ਦਿਤਾ ਸੀ। ਇਹ ਹਨੇਰਾ ਹੋਰ ਵੀ ਸਾਹ ਘੁਟਵਾਂ ਪਰਤੀਤ ਹੋਇਆ ਜਦੋਂ ਚਾਨਣੇ ਮੁਲਕਾਂ ਤੀਕ ਉਹ ਹੋ ਆਇਆ।

---

1. Romanticism......the opposite, not of classicism but of realism .... a withdrawl from outer experience to concentrate upon inner. (Abercombie)
The cult of the extinct. (Geoffrey Scott)
An effort to escape from actuality (Waterhouse, Cabell)

੨. ਗੁਰਬਖ਼ਸ਼ ਸਿੰਘ ਰਚਿਤ ਕਹਾਣੀ ਸੰਗ੍ਰਹਿ :
੧. ਅਨੋਖੇ ਤੇ ਇਕੱਲੇ; ੨. ਪ੍ਰੀਤਾਂ ਦੀ ਪਹਿਰੇਦਾਰ; ੩. ਵੀਣਾ ਵਿਨੋਦ; ੪. ਨਾਗ ਪ੍ਰੀਤ ਦਾ ਜਾਦੂ; ੫. ਭਾਬੀ ਮੈਨਾ; ੬. ਪ੍ਰੀਤ ਕਹਾਣੀਆਂ; ੭. ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ; ੮. ਸ਼ਬਨਮ ੧੯੫੫; ੯. ਜ਼ਿੰਦਗੀ ਵਾਰਸ ਹੈ; ੧੦. ਮੇਰੀ ਗੁਲਬਦਨ।



ਗੁਰਬਖ਼ਸ਼ ਸਿੰਘ ਅਜਿਹੇ ਦੇਸ਼ ਵਿਚ ਪੈਦਾ ਹੋਇਆ ਜੋ ਸਦੀਆਂ ਤੋਂ ਬਦੇਸ਼ੀਆਂ ਦਾ ਗ਼ੁਲਾਮ ਤੁਰਿਆ ਆ ਰਿਹਾ ਸੀ। ਜਿਸ ਵਿਚ ਉਹ ਸਾਰੀਆਂ ਇਖ਼ਲਾਕੀ ਕਮਜ਼ੋਰੀਆਂ ਆ ਚੁਕੀਆਂ ਸਨ ਜੋ ਆਰਥਕ ਤੌਰ ਤੇ ਗ਼ਰੀਬ, ਰਾਜਸੀ ਤੌਰ ਤੇ ਗ਼ੁਲਾਮ ਤੇ ਸਮਾਜਕ ਤੌਰ ਤੇ ਪਛੜੇ ਹੋਏ ਮੁਲਕਾਂ ਵਿਚ ਆ ਜਾਂਦੀਆਂ ਹਨ।

੧੯੨੯ ਤੋਂ ਪਿਛੋਂ ਕਾਂਗਰਸ ਦਾ ਅੰਗਰੇਜ਼ਾਂ ਪਾਸੋਂ ਪੂਰਨ ਆਜ਼ਾਦੀ ਦੀ ਮੰਗ ਦਾ ਸੰਘਰਸ਼ ਤੇਜ਼ ਹੋ ਗਿਆ। ਅਕਾਲੀ ਲਹਿਰ ਸਦਕਾ ਗੁਰਦਵਾਰੇ ਮਹੰਤਾਂ ਤੋਂ ਛੁਡਵਾਏ ਗਏ। ਇਹਨਾਂ ਹੀ ਦਿਨਾਂ ਵਿਚ ਸਿਵਲ ਨਾ-ਫ਼ੁਰਮਾਨੀ ਸ਼ੁਰੂ ਹੋਈ। ਲਾਲਾ ਲਾਜਪਤ ਰਾਏ ਦੀ ਮੌਤ ਤੇ ਭਗਤ ਸਿੰਘ ਦੀ ਫਾਂਸੀ ਨੇ ਲੋਕਾਂ ਨੂੰ ਝੰਜੋੜਿਆ। ਮਜ਼ਦੂਰ ਕਿਸਾਨਾਂ ਨੇ ਜਥੇਬੰਦ ਹੋਣਾ ਸ਼ੁਰੂ ਕੀਤਾ। ਪਰ ਇਹਨਾਂ ਗੱਲਾਂ ਦਾ ਤਿੱਖਾ ਅਹਿਸਾਸ ਗੁਰਬਖ਼ਸ਼ ਸਿੰਘ ਨੂੰ ਹੋਇਆ ਕਿਧਰੇ ਨਹੀਂ ਲਭਦਾ। ਇਸ ਲਈ ਉਸ ਸਮੇਂ ਦੀਆਂ ਇਨਕਲਾਬੀ ਤਹਿਰੀਕਾਂ ਤੇ ਜਨਤਕ ਘੋਲਾਂ ਦਾ ਜ਼ਿਕਰ ਉਸ ਦੀਆਂ ਲਿਖਤਾਂ ਵਿਚ ਨਹੀਂ ਆਉਂਦਾ। ਉਹ ਮੁਨਸ਼ੀ ਪ੍ਰੇਮ ਚੰਦ, ਮਹਾਂ ਕਵੀ ਟੈਗੋਰ ਤੇ ਇਕਬਾਲ ਵਾਂਗ ਲੋਕ-ਜੀਵਨ ਨਾਲ ਇਕ ਸੁਰ ਹੋ ਕੇ ਕੁਝ ਨਹੀਂ ਸਿਖ ਸਕਿਆ। ਇਸ ਦਾ ਕਾਰਨ ਸ਼ਾਇਦ ਇਹ ਸੀ ਕਿ ਲੋਕ ਸ਼ਕਤੀ ਦੀ ਸਮਰੱਥਾ ਤੋਂ ਅਨਜਾਣ ਉਹ ਉਹਨਾਂ ਅਨੋਖਿਆਂ ਤੇ ਇਕੱਲਿਆਂ ਦੀ ਟੋਲ ਵਿਚ ਸੀ ਜਿਹੜੇ ਪ੍ਰੇਮ ਪੁੰਗਰੇ, ਪਹੁਤੇ ਪਾਂਧੀ, ਦੇਸਬੰਧੂ ਬਣ ਕੇ ਜਨ-ਜੀਵਨ ਦਾ ਕਲਿਆਨ ਕਰ ਸਕਣ।

ਗ਼ੁਲਾਮੀ, ਅਨਪੜ੍ਹਤਾ, ਅਸਭਯਪੁਣੇ ਵਿਚ ਘਿਰਿਆ ਤੇ ਅਗਿਆਨਤਾ ਦੀ ਧੁੰਦ ਵਿਚ ਖਲੋਤਾ ਧਰਮ, ਸਮਾਜ, ਰਾਜਨੀਤੀ, ਆਰਥਕਤਾ ਸਭ ਕਾਸੇ ਨੂੰ ਧੁੰਦਲੀਆਂ ਨਜ਼ਰਾਂ ਨਾਲ ਦੇਖ ਰਹੇ ਇਸ ਸਮੇਂ ਦੇ ਬੌਣੇ ਚੇਤੰਨ ਬੁਧ ਮਨੁੱਖ, ਗੁਰਬਖ਼ਸ਼ ਸਿੰਘ ਲਈ ਵੰਗਾਰ ਵੀ ਸੀ ਤੇ ਫਿਟਕਾਰ ਵੀ ਸੀ। ਜਿਸ ਤੋਂ ਝੁੰਝਲਾ ਕੇ ਉਹ ਅਜਿਹੀ ਜਾਦੂ ਪੁੜੀ ਦੀ ਭਾਲ ਵਿਚ ਨਿਕਲ ਤੁਰਿਆ ਜਿਸ ਨਾਲ ਉਹ ਬੌਣਾ ਮਨੁੱਖ ਇਕ ਦਮ ਪੂਰਨ ਤੇ ਸੰਪੂਰਨ ਮਨੁੱਖ ਬਣ ਸਕੇ।

ਅਮਰੀਕਾ ਪੜ੍ਹਨ ਗਿਆ। ਉਥੋਂ ਦੀ ਅਮੀਰੀ, ਅਮੀਰੀ ਕਾਰਨ ਜ਼ਿੰਦਗੀ ਵਿਚ ਆਈ ਰੰਗੀਨੀ ਨੇ ਪ੍ਰਭਾਵਤ ਕੀਤਾ। ਉਹ ਉਸ ਨੂੰ ਕੋਈ ਸੁਪਨ ਧਰਤੀ ਲੱਗੀ ਜਿਥੇ ਅਮੀਰੀ ਸੀ, ਤੰਦਰੁਸਤੀ ਸੀ, ਵਿੱਦਿਆ ਸੀ, ਸੁਤੰਤਰਤਾ ਸੀ।

ਵਿਅਕਤੀ-ਹਿਤ ਤੇ ਵਿਅਕਤੀ-ਵਿਕਾਸ ਨੂੰ ਅੱਗੇ ਰਖ ਕੇ ਤੁਰਦਾ ਉਥੋਂ ਦਾ ਸਮਾਜ ਉਹਨੂੰ ਆਦਰਸ਼ਕ ਲਗਿਆ। ਇਸੇ ਕਾਰਨ ਉਸ ਸਮਾਜ ਤੇ ਉਥੋਂ ਦੇ ਵਿਚਰਨ ਨੂੰ ਅਗੇ ਰਖ ਕੇ ਉਸ ਨੇ ਕਈ ਕਹਾਣੀਆਂ ਲਿਖੀਆਂ ਤੇ ਕਈ ਕਹਾਣੀਆਂ ਦਾ ਆਧਾਰ ਪੱਛਮੀ ਸਾਹਿਤ ਬਣਾਇਆ ਜਿਹੜਾ ਕਿ "ਪਿਆਰ ਕਬਜ਼ਾ ਨਹੀਂ......" "ਨੰਨੀ ਲਿਲਾਹ", "ਚੱਟਾਨ ਵਰਗਾ ਆਚਾਰ", "ਜੇਨ ਆਇਰ" ਆਦਿ ਕਹਾਣੀਆਂ ਤੋਂ ਸਪੱਸ਼ਟ ਹੈ।

ਇਥੇ ਖਲੋਤਾ ਉਹ ਸਮਾਜਕ ਸਮੱਸਿਆਵਾਂ ਨੂੰ ਵਿਅਕਤੀਗਤ ਪਧਰ ਤੇ ਲੈ ਜਾ ਕੇ ਹੀ ਸੋਚਦਾ ਹੈ। ਸਮਾਜ ਦੇ ਕਲਿਆਣ ਦਾ ਰਾਹ ਉਹ "ਪਹੁਤਾ ਪਾਂਧੀ", "ਪ੍ਰੇਮ ਹੁੰਗਾਰਾ", "ਦੇਸਬੰਧੂ" ਵਰਗੀਆਂ ਸ਼ਖ਼ਸੀਅਤਾਂ ਦੀ ਹੋਂਦ ਵਿਚੋਂ ਹੀ ਲਭਦਾ ਹੈ। ਕਿਸੇ ਸ਼ੈਲੀ ਦੀ ਪਿਆਰ ਭੁੱਖ ਤ੍ਰਿਪਤਾਉਣ ਲਈ ਕਿਸੇ ਪਾਲ ਨੂੰ ਅਨੋਖਾ ਤੇ ਇਕੱਲਾ ਬਣਾਉਂਦਾ ਹੈ। ਕੋਈ "ਸ਼ਬਦਾਂ ਦੀ ਰਾਣੀ" ਭੈਣ ਹੀ ਕਿਸੇ ਨਿਕੰਮੇ ਮੁੰਡੇ ਨੂੰ ਅੱਵਲ ਰਖਾ ਸਕਦੀ ਹੈ। ਕਿਸੇ "ਰਾਹੀ" ਦਾ ਰਾਹ ਸੌਖਾ ਕਰਨ ਲਈ ਉਹ ਕਿਸੇ ਚੰਡੀ ਦਾਸ ਦੇ ਮਨ ਮਿਹਰ ਪਾਉਂਦਾ ਹੈ। ਪਰ ਉਸ ਨੂੰ ਅਜੇ ਇਹ

ਅਹਿਸਾਸ ਨਹੀਂ ਹੋਇਆ ਕਿ ਇਹ ਇਕੱਲੇ ਦੁਕੱਲੇ ਹੱਲ ਸਮਾਜਕ ਕਲਿਆਣ ਦਾ ਰਾਹ ਨਹੀਂ ।

ਪੱਛਮੀ ਜੀਵਨ ਦੀ ਖੁਲ੍ਹ ਨੇ ਉਹਨੂੰ ਬੜਾ ਪ੍ਰਭਾਵਤ ਕੀਤਾ । ਇਹ ਖੁਲ੍ਹ ਪਿਆਰ ਤੱਕ ਦੇ ਮੁਆਮਲੇ ਵਿਚ ਦੇਖ ਉਹ ਇਸੇ ਨੂੰ ਅਲਾਦੀਨੀ ਲੈਂਪ ਸਮਝ ਲੈਂਦਾ ਹੈ ਕਿਉਂਕਿ ਮਖਣੀ ਦਾ ਪਿਆਰ ਸਵਰਗੀ ਝੂਟਾ ਵੀ ਉਹਨੂੰ ਯਾਦ ਸੀ । ਇਸੇ ਅਸਰ ਦੇ ਅਧੀਨ ਉਹ ਕਹਿੰਦਾ ਹੈ ਕਿ "ਅੱਜ ਦੇ ਡਾਕਟਰਾਂ ਦੀ ਇਹ ਮੁਤਫ਼ਿਕ ਰਾਏ ਹੈ ਕਿ ਜ਼ਿੰਦਗੀ ਦੀਆਂ ੭੫ ਫ਼ੀ ਸਦੀ ਰੜਕਾਂ ਤੇ ੯੦ ਫ਼ੀ ਸਦੀ ਨਾਕਾਮਯਾਬੀਆਂ ਪ੍ਰੀਤ ਪ੍ਰਵਾਹ ਦੇ ਡੱਕੇ ਜਾਣ ਜਾਂ ਰੁਕ ਰੁਕ ਕੇ ਵਹਿਣ ਕਰ ਕੇ ਹਨ । ਜਿਹੜੀ ਕੌਮ ਆਪਣੇ ਪ੍ਰੀਤ-ਪ੍ਰਵਾਹ ਦੇ ਕੁਦਰਤੀ ਵਹਿਣ ਨਾਲ ਆਪਣਾ ਇਖ਼ਲਾਕ ਇਕਸੁਰ ਕਰ ਸਕੇਗੀ, ਉਹੀ ਦੁਨੀਆਂ ਦੀ ਸਭ ਤੋਂ ਖ਼ੁਸ਼ਹਾਲ ਕੌਮ ਹੋਵੇਗੀ ।"

ਇਸੇ ਖ਼ਿਆਲ ਦੇ ਆਧਾਰ ਤੇ ਉਹਨੇ ਜ਼ਿੰਦਗੀ ਵਿਚ ਪਿਆਰ ਦਾ ਅਸਥਾਨ, ਸਮਝਾਣ ਵਾਲੀਆਂ ਇਸ ਰਾਹ ਦੀਆਂ ਰੁਕਾਵਟਾਂ ਦਸਣ ਵਾਲੀਆਂ, ਇਸ ਦੀ ਅਪ੍ਰਾਪਤੀ ਦੇ ਵਿਸ਼ਾਦ ਵਿਚ ਡਾਵਾਂਡੋਲ ਜਿੰਦਾਂ ਬਾਰੇ ਉਹਨੇ ਅਨੇਕ ਕਹਾਣੀਆਂ ਲਿਖੀਆਂ ਹਨ । "ਭੁੱਖਾ ਸਰੀਰ ਭੁੱਖੀ ਆਤਮਾ, ਨੀਰੂ ਦੀ ਨਾਰਦਾਂ, ਪ੍ਰੀਤਾਂ ਦੀ ਪਹਿਰੇਦਾਰ, ਚੰਡੀ ਦਾਸ ਆਦਿ ਅਨੇਕਾਂ ਕਹਾਣੀਆਂ ਵਿਚ ਉਸ ਨੇ ਪਿਆਰ ਨੂੰ ਜੀਵਨ ਦਾ ਸਭ ਤੋਂ ਵਡਾ ਜਜ਼ਬਾ ਸਿਧ ਕਰਨ ਦੀ ਕੋਸ਼ਿਸ਼ ਕੀਤੀ ਹੈ ।

ਪਿਆਰ ਬਾਰੇ ਪੱਛਮੀ ਦ੍ਰਿਸ਼ਟੀਕੋਨ ਜਦੋਂ ਉਹਦੇ ਪੂਰਬੀ ਸੰਸਕਾਰਾਂ ਨਾਲ ਟਕਰਾਉਂਦਾ ਹੈ ਤਾਂ ਉਸ ਨੂੰ ਇਸ ਦੇ ਹੱਦ ਬੰਨੇ ਨੀਯਤ ਕਰਨੇ ਪੈਂਦੇ ਹਨ। ਉਥੇ ਆ ਕੇ ਉਹ ਪੱਛਮੀ ਜੀਵਨ ਵਾਲੀ ਖੁਲ੍ਹ ਮਾਨਸਿਕ ਪਧਰ ਤੇ ਤਾਂ ਪਰਵਾਨ ਕਰਦਾ ਹੈ, ਪਰ ਸਰੀਰਕ ਪਧਰ ਤਕ ਸੋਚ ਲੈਣ ਤੋਂ ਸੰਕੋਚ ਕਰ ਕੇ ਉਹ ਇਸ ਦਵੰਧ ਨੂੰ "ਪਿਆਰ ਕਬਜ਼ਾ ਨਹੀਂ ਪਹਿਚਾਣ ਹੈ" ਦੇ ਰੂਪ ਵਿਚ ਸਾਡੇ ਅਗੇ ਰਖਦਾ ਹੈ । ਅਜਿਹੇ ਪਿਆਰ ਦਾ ਜ਼ਿਕਰ ਪਹਿਲੇ ਯੂਨਾਨੀ ਫ਼ਲਾਸਫ਼ਰ ਅਰਸਤੂ ਨੇ ਆਪਣੀ ਪੁਸਤਕ "ਰੀਪਬਲਿਕ" ਵਿਚ ਕੀਤਾ ਹੈ ਜੋ ਸੀਮਾ ਰਹਿਤ ਹੈ ਤੇ ਸਭ ਨਾਲ ਕੀਤਾ ਜਾ ਸਕਦਾ ਹੈ ।

ਇਸੇ ਸਿਧਾਂਤ ਨੂੰ ਅਗੇ ਰਖ ਕੇ ਉਹ "ਉਮਾ ਤੇ ਉਸ ਦਾ ਅਨੋਖਾ ਮਾਲੀ" ਕਹਾਣੀ ਵਿਚ ਆਖਦਾ ਹੈ "ਮੇਰਾ ਪਿਆਰ ਕੋਈ ਵੇਗ ਨਹੀਂ, ਨਾ ਕਾਮਨਾ ਦੀ ਰੋੜ੍ਹ ਹੈ । ਇਹ ਕੋਈ ਪੁਰਾਣੀ ਪਹਿਚਾਣ ਹੈ । ਸੁਖ ਦੇ ਕੇ ਦੁਖੀ ਹੋਣ ਦੀ ਤਸੱਲੀ ।"

ਪਿਆਰ ਦੇ ਅਰਥ ਸਪੱਸ਼ਟ ਕਰਨ ਲਈ ਉਹ ਲਿਖਦਾ ਹੈ "ਮੇਰੀ ਸਮਝ ਵਿਚ ਇਹ ਆਇਆ ਸੀ ਕਿ ਪਿਆਰ ਤੇ ਧਰਮ ਇਕੋ ਹੀ ਮਨੁੱਖੀ ਜਜ਼ਬਾ ਹੈ । ਪਿਆਰ ਅਰੰਭ ਹੈ ਤੇ ਧਰਮ ਉਸ ਦੀ ਮੰਜ਼ਿਲ । ਪਿਆਰ ਮਨੁੱਖ ਨੂੰ ਮਨੁੱਖ ਨਾਲ ਜੋੜਦਾ ਹੈ, ਧਰਮ ਮਨੁੱਖ ਨੂੰ ਸਾਰੀ ਸ੍ਰਿਸ਼ਟੀ ਨਾਲ ਇਕ ਕਰਦਾ ਹੈ । ਮਨੋਰਥ ਦੋਵਾਂ ਦਾ ਮਨੁੱਖ ਨੂੰ ਆਪਣੇ ਅਸਲੇ ਨਾਲ ਜੋੜ ਕੇ ਨਿਸਚਿੰਤ ਤੇ ਨਿਹਾਲ ਕਰਨਾ ਹੈ ।[੧]

"ਨੰਨ੍ਹੀ ਲਿਲਾਹ" ਕਹਾਣੀ ਵਿਚ ਉਹ ਆਖਦਾ ਹੈ "ਵਾਹ ਪ੍ਰੀਤੇ ਤੂੰ ਮੁਲਕ ਨਹੀਂ ਵੇਖਦੀ, ਕੌਮ ਨਹੀਂ ਵੇਖਦੀ, ਉਮਰ ਨਹੀਂ ਵੇਖਦੀ, ਜਿਥੇ ਜੀ ਆਵੀ, ਜੀਹਦੇ ਨਾਲ ਜੀ ਆਵੀ, ਆਪਣੀਆਂ ਪੁਸ਼ਪ ਕੜੀਆਂ ਨਾਲ ਜਕੜ ਦੇਂਦੀ ਏਂ ।"

---

੧. ਵੀਣਾ ਵਿਨੋਦ — ਗੁਰਬਖ਼ਸ਼ ਸਿੰਘ ੧੯੬੦ ਐਡੀਸ਼ਨ — ਮੁਖਬੰਧ ਵਿਚੋਂ — ਪ੍ਰੀਤ ਨਗਰ ਸ਼ਾਪ, ਪ੍ਰੀਤ ਨਗਰ ।



ਪਰ ਭਾਰਤੀ ਸੰਸਕ੍ਰਿਤੀ ਵਿਚ ਜਿਥੇ ਮਨ-ਬਚਨ-ਕਰਮ ਤਿੰਨਾਂ ਦੀ ਵਫ਼ਾ ਜ਼ਰੂਰੀ ਹੈ ਉਥੇ ਇਹ ਫ਼ਿਲਾਸਫ਼ੀ ਸਵੈ-ਧੋਖਾ ਬਣ ਗਈ । ਪਿਆਰ ਦੇ ਰਾਹ ਦੀਆਂ ਔਕੜਾਂ ਦਾ ਜਦੋਂ ਉਹਨੂੰ ਕੋਈ ਵਿਗਿਆਨਕ ਹੱਲ ਨਹੀਂ ਲਭਦਾ ਤਾਂ ਉਹ ਨਿਰੀ ਪਹਿਚਾਣ ਤੇ ਖਲੋ ਰਹਿਣ ਨੂੰ ਆਖਦਾ ਹੈ । ਪਰ ਉਸ ਦੇ ਪਾਤਰ ਇਸ ਗੱਲ ਦੀ ਉਲੰਘਣਾ ਕਰਦੇ ਹਨ । ਉਹ "ਚੰਡੀਦਾਸ" ਵਾਂਗ ਧਰਮ ਤੇ ਸਮਾਜ ਦੀ ਕਰੋਪੀ ਸਹਿ ਕੇ ਵੀ ਸਾਥ ਪ੍ਰਾਪਤ ਕਰਦੇ ਹਨ । "ਰਮੋਲਾ" ਜਿਹਨੂੰ ਪਿਆਰ ਕਰਦੀ ਹੈ ਉਹਦਾ ਕਿਸੇ ਹੋਰ ਨਾਲ ਵਿਆਹ ਹੋ ਜਾਣ ਤੇ ਜਿਊਣ ਤੋਂ ਇਨਕਾਰੀ ਹੈ । ਪਹਿਚਾਣ ਤੇ ਖਲੋ ਰਹਿਣ ਵਾਲਾ ਹੱਲ ਕਿਸੇ ਅਨੋਖੇ ਇਕੱਲੇ ਲਈ ਹੋ ਸਕਦਾ ਹੈ ਇਹ ਜਨ-ਜੀਵਨ ਨੂੰ ਕੋਈ ਸੇਧ ਦੇਣ ਯੋਗ ਨਹੀਂ ।

ਆਮ ਰੁਮਾਂਸਵਾਦੀਆਂ ਵਾਂਗ ਗੁਰਬਖ਼ਸ਼ ਸਿੰਘ ਮਨੁੱਖ ਦੀਆਂ ਪਰਾਪਤੀਆਂ ਦੀਆਂ ਸੰਭਾਵਨਾਵਾਂ ਬਾਰੇ ਬੜਾ ਆਸ਼ਾਵਾਦੀ ਹੈ ।[੧] ਇਸੇ ਲਈ ਉਹ ਉਸ ਨੂੰ ਸੁਹਣੇ ਤੋਂ ਸੁਹਣੇ ਰੂਪ ਵਿਚ ਸਾਡੇ ਅਗੇ ਲਿਆਉਂਦਾ ਹੈ । ਪਰ ਉਸ ਦੀ ਸੁਹਣਾ ਬਣਾਉਣ ਦੀ ਕੋਸ਼ਸ਼ ਅਨੇਕਾਂ ਵਾਰੀ ਉਸ ਨੂੰ ਅਸਲੀ ਵੀ ਨਹੀਂ ਰਹਿਣ ਦਿੰਦੀ । ਸੁਭਾਵਕ ਤੋਂ ਉਰਾਂ ਪਰਾਂ ਦੀ ਗੱਲ ਤੇ ਪਾਤਰ ਧਰਤੀ ਦੇ ਜਾਏ ਨਾ ਹੋ ਕੇ ਜਦੋਂ ਹਵਾ ਵਿਚ ਲਟਕਦੇ ਦਿਸਦੇ ਹਨ ਤਾਂ ਸਾਧਾਰਨ ਜਨ ਉਹਨਾਂ ਨੂੰ ਆਪਣੇ ਤੋਂ ਵਖਰੇ ਕੋਈ ਜੀਵ ਸਮਝ ਉਹਨਾਂ ਵਲ ਬਹੁਤਾ ਧਿਆਨ ਨਹੀਂ ਦਿੰਦਾ । ਇਸ ਤਰ੍ਹਾਂ ਉਹ ਸੱਚ ਬਣਨ ਦੀ ਥਾਂ ਸੁਫਨੇ ਹੀ ਰਹਿ ਜਾਂਦੇ ਹਨ । ਉਹ ਸੁਫਨੇ ਜਿਹੜੇ ਏਡੇ ਚੰਗੇ ਹੁੰਦੇ ਨੇ, ਏਡੇ ਪਿਆਰੇ । ਪਰ ਅੱਖ ਖੁਲ੍ਹਣ ਤੇ ਜਿਹੜੇ ਪਤਾ ਨਹੀਂ ਕਿਧਰ ਛਾਈਂ ਮਾਈਂ ਹੋ ਜਾਂਦੇ ਹਨ । ਉਹ ਜ਼ਿੰਦਗੀ ਨੂੰ ਕੋਈ ਰੱਜ ਬਖ਼ਸ਼ਣ ਦੀ ਥਾਂ ਸਗੋਂ ਇਕ ਹਾਵਾ ਲਾ ਜਾਂਦੇ ਹਨ । ਧਰਤੀ ਤੇ ਜਦੋਂ ਇਹਨਾਂ ਦਾ ਕੋਈ ਨਿਸ਼ਾਨ ਨਹੀਂ ਲਭਦਾ ਤਾਂ ਮਨੁੱਖ ਹੋਰ ਉਦਾਸ ਹੋ ਜਾਂਦਾ ਹੈ । "ਪੂਜ ਮਾਤਾ" ਹੋਰਨਾਂ ਨੂੰ ਬਚਾਉਣ ਲਈ ਆਪ ਸਾਧੂ ਦੀ ਹਵਸ ਦਾ ਸ਼ਿਕਾਰ ਹੋ ਜਾਂਦੀ ਹੈ । ਵੱਟੇ ਖਾ ਕੇ ਵੀ "ਪ੍ਰੇਮ ਹੁੰਗਾਰਾ" ਲੋਕਾਂ ਨੂੰ ਪਿਆਰਦਾ ਹੈ । ਪਰ ਲੇਖਕ ਇਹ ਨਹੀਂ ਦਸਦਾ ਉਹ ਕਿਵੇਂ ਅਜਿਹੇ ਬਣੇ । ਅਜਿਹੇ ਅਵਤਾਰੀ ਸੁਭਾ ਦੇ ਧਾਰਨੀ ਜਦੋਂ ਬਣੇ ਬਣਾਏ ਸਾਡੇ ਸਾਹਮਣੇ ਆ ਹਾਜ਼ਰ ਹੁੰਦੇ ਹਨ ਤਾਂ ਸਾਧਾਰਨ ਬੰਦੇ ਨੂੰ ਉਹਨਾਂ ਦੀ ਹੋਂਦ ਯਕੀਨੀ ਨਹੀਂ ਲਗਦੀ । ਸੱਚ ਤੇ ਛਲ, ਜੋ ਹੈ ਉਹ ਨਹੀਂ ਹੈ ਤੇ ਜੋ ਨਹੀਂ ਹੈ ਉਹ ਹੈ ਦਾ ਰਹੱਸ ਜਦੋਂ ਸਾਧਾਰਨ ਬੰਦੇ ਦੀ ਸਮਝ ਤੋਂ ਪਰਾਂ ਪਰਾਂ ਰਹਿ ਜਾਂਦਾ ਹੈ ਤਾਂ ਉਹ ਜ਼ਿੰਦਗੀ ਪ੍ਰਤੀ ਹੋਰ ਉਦਾਸ ਹੋ ਜਾਂਦਾ ਹੈ ।

ਇਸ ਉਦਾਸੀ ਵਿਚ ਇਹਨਾਂ ਕਹਾਣੀਆਂ ਦੇ ਪਾਤਰ ਵੀ ਅਨੇਕਾਂ ਵਾਰੀ ਰਾਹ ਗੁਆ ਬੈਠਦੇ ਹਨ । "ਭਾਬੀ ਮੈਨਾ" ਇਸ ਉਦਾਸੀ ਦੇ ਰਾਹ ਤੇ ਤੁਰਦੀ ਤੁਰਦੀ ਮੌਤ ਕੋਲ ਅੱਪੜ ਜਾਂਦੀ ਹੈ । ਰੁਕਣੀ "ਪ੍ਰੀਤਾਂ ਦੀ ਪਹਿਰੇਦਾਰ" ਤਾਂ ਬਣ ਜਾਂਦੀ ਹੈ, ਪਰ ਆਪਣਾ ਸਭੋ ਕੁਝ ਇਥੋਂ ਤਕ ਕਿ ਆਪਣਾ ਆਪਾ ਵੀ ਗੁਆ ਕੇ ।

---

1. Here is the root of all romanticism, that man the individual, is an infinite reserviour of possibilities, and if you can so arrange society by the distruction of oppressive order, then these possibilities will have a chance and you will get progress.

T. E. Hulme in Romanticism, edited Robert F. Glackner.

ਗੁਰਬਖ਼ਸ਼ ਸਿੰਘ ਦੀ ਪ੍ਰਤਿਭਾ ਇਕ ਇੰਜੀਨੀਅਰ ਦੀ ਪ੍ਰਤਿਭਾ ਹੈ। ਮੁੱਢਲੀਆਂ ਕਹਾਣੀਆਂ ਵਿਚ ਉਹ ਸ਼ਖ਼ਸੀਅਤ ਦੀ ਉਸਾਰੀ ਸੋਚਦਾ ਹੈ। ਸੁੰਦਰ ਸ਼ਖ਼ਸੀਅਤਾਂ ਉਹ ਆਪਣੀਆਂ ਕਹਾਣੀਆਂ ਵਿਚ ਮੁੜ ਮੁੜ ਲਿਆਉਂਦਾ ਹੈ ਜਿਹੜੀਆਂ ਉਹਨਾਂ ਦੇ ਚੰਗੇਪਨ ਦਾ ਸਬੂਤ ਦੇਣ ਲਈ ਉਹਨਾਂ ਨੂੰ ਮੁੜ ਮੁੜ ਅੱਗ ਵਿਚ ਤਾਉਂਦਾ ਹੈ। ਇਹ ਅੱਗ ਕਦੇ ਗ਼ਲਤ ਆਰਥਕ ਪਧਰ ਦੀ ਹੈ ਜਿਵੇਂ "ਪ੍ਰੀਤਾਂ ਦੀ ਪਹਿਰੇਦਾਰ" ਵਿਚ। ਕਦੇ ਗ਼ਲਤ ਧਾਰਮਕ ਅਕੀਦਿਆਂ ਹੇਠ ਪਲਦੇ ਗੁਨਾਹਾਂ ਦੀ ਜਿਵੇਂ "ਪੂਜ ਮਾਤਾ" ਵਿਚ, ਕਦੇ ਗ਼ਲਤ ਰਾਜਸੀ ਨਿਜ਼ਾਮ ਦੀ ਜਿਵੇਂ "ਦੇਸ ਬੰਧੂ" ਵਿਚ, ਕਦੇ ਗ਼ਲਤ ਸਮਾਜਕ ਮਾਹੌਲ ਦੀ ਜਿਵੇਂ "ਵੀਣਾ-ਵਿਨੋਦ" ਵਿਚ ਕਦੇ ਕੁਦਰਤ ਦੀ ਬੇਇਨਸਾਫ਼ੀ ਦੀ ਜਿਵੇਂ "ਦਿਲ ਦੌਲਤ ਦੇ ਹੀਰੇ ਪੰਨੇ" ਵਿਚ।

ਇਹਨਾਂ ਪਾਤਰਾਂ ਨੂੰ ਜਦੋਂ ਉਹ ਏਡੀ ਸਖ਼ਤ ਅਗਨੀ-ਪ੍ਰੀਖਿਆ ਵਿਚੋਂ ਦੀ ਲੰਘਾਉਂਦਾ ਹੈ ਕਿ ਸਾਨੂੰ ਸ਼ਕ ਹੋਣ ਲੱਗ ਜਾਂਦਾ ਹੈ ਕਿ ਉਹ ਸਾਬਤ ਸਬੂਤ ਬਚ ਕਿਵੇਂ ਗਏ।

ਵਿਅਕਤੀ ਹਿਤ ਤੇ ਵਿਅਕਤੀ ਵਿਕਾਸ ਦਾ ਹਾਮੀ ਗੁਰਬਖ਼ਸ਼ ਸਿੰਘ ਉਹ ਸਾਰਾ ਕੁਝ ਬਦਲ ਦੇਣਾ ਚਾਹੁੰਦਾ ਹੈ ਜੋ ਸ਼ਖ਼ਸੀਅਤ ਦੀ ਉਸਾਰੀ ਵਿਚ ਬਾਧਕ ਬਣਦਾ ਹੈ। ਪੂਰਨ ਤੇ ਸੰਪੂਰਨ ਮਨੁੱਖ ਲਈ ਕੀ ਕੁਝ ਚਾਹੀਦਾ ਹੈ ਇਹ ਉਹ ਆਪਣੇ ਇਕ ਪਾਤਰ ਪਾਸੋਂ ਅਖਵਾਉਂਦਾ ਹੈ ਕਿ "ਹਰ ਇਕ ਕੋਲ ਤੁਹਾਡੇ ਵਰਗੀ ਸਾਥਣ ਹੋਵੇ, ਤੇ ਦੇਸ ਸਾਡੇ ਵਿਚ ਲੋਕ ਰਾਜ ਹੋਵੇ, ਸਾਰੇ ਕਿਸਾਨਾਂ ਕੋਲ ਚੰਗੇ ਹਥਿਆਰ ਹੋਣ, ਸਾਡੇ ਵਰਗੇ ਟ੍ਰੈਕਟਰ ਲੱਖਾਂ ਦੀ ਗਿਣਤੀ ਵਿਚ ਸਾਡੇ ਦੇਸ ਅੰਦਰ ਬਣਨ। ਧੁੱਪਾਂ ਵਿਚ ਮਾੜੇ ਢੱਗੇ ਨਾ ਕੁੱਟੇ ਜਾਇਆ ਕਰਨ। ਕੋਈ ਬੰਜਰ ਬੇਆਬਾਦ ਨਾ ਰਹੇ। ਸਾਰੇ ਕਿਸਾਨ ਪੜ੍ਹੇ ਲਿਖੇ ਹੋਣ। ਹਰ ਕੋਈ ਮਾਲਕ ਹੋਵੇ, ਕੋਈ ਕਿਸੇ ਦਾ ਮੁਜ਼ਾਰਾ ਨਾ ਹੋਵੇ। ਹਰ ਕਿਸੇ ਨੂੰ ਆਪਣੀ ਮਿਹਨਤ ਦੇ ਸਿੱਟੇ ਤੇ ਪੂਰਾ ਅਧਿਕਾਰ ਹੋਵੇ। ਇਸਤਰੀਆਂ ਵੀ ਤੁਹਾਡੇ ਵਰਗੀਆਂ ਹੋਣ। ਨਿਰਾ ਕੰਮ ਵਿਚ ਹੀ ਨਾ ਹੱਥ ਵਟਾਣ, ਦਿਲ ਦੀਆਂ ਕਹਾਣੀਆਂ ਵੀ ਸੁਣ ਸਕਣ। ਮਰਦਾਂ ਦੇ ਸੁਪਨਿਆਂ ਤੇ ਪਾਲਿਟਿਕਸ ਵਿਚ ਸ਼ਾਮਲ ਹੋ ਸਕਣ। ਜ਼ਿੰਦਗੀ ਵਿਚ ਮਿਲਵਰਤਨ ਹੋਵੇ। ਇਕ ਵਿਕਾਸ ਹੋਵੇ। ਸੁਖ ਤੇ ਗਿਆਨ ਲਈ ਜੁਸਤਜੂ ਹੋਵੇ। ਕੋਈ ਕਿਸੇ ਦੇ ਜ਼ਾਤੀ ਕੰਮਾਂ ਵਿਚ ਦਖ਼ਲ ਨਾ ਦੇਵੇ। ਹਰ ਕੋਈ ਰੱਜ ਕੇ ਖਾਵੇ ਤੇ ਸੁਹਣਾ ਪਹਿਨੇ। ਕੋਈ ਖ਼ਿਆਲੀ ਵਲਗਣਾਂ ਨਾ ਹੋਣ। ਕੋਈ ਤੁਅੱਸਬ ਨਾ ਹੋਵੇ। ਨਾ ਪੁਲੀਟੀਕਲ ਤੇ ਨਾ ਧਾਰਮਕ ਸੀ. ਆਈ. ਡੀ. ਹੋਵੇ। ਆਪਣਾ ਜੀਵਨ ਬਿਨਾਂ ਰੋਕ ਜੀ ਲਿਆ ਜਾਵੇ।[੧]

ਇਸੇ ਤਰ੍ਹਾਂ ਉਹ ਚੰਗੇਰੀ ਦੁਨੀਆਂ ਦੀ ਵਿਆਖਿਆ ਕਰਦਾ ਕਹਿੰਦਾ ਹੈ ਕਿ "ਚੰਗੇਰੀ ਦੁਨੀਆਂ ਦਾ ਰਾਹ ਸਵੈਕਾਬੂ, ਸਵੈ-ਪ੍ਰੀਖਿਆ, ਸਾਦਗੀ, ਤਿਆਗ ਕੁਰਬਾਨੀ, ਸਵੈਮਾਨ, ਆਤਮ-ਕੋਮਲਤਾ, ਪਰਸੁਆਰਥ ਤੇ ਪਿਆਰ ਹੈ।"[੨]

ਚੰਗੇਰੀ ਦੁਨੀਆਂ ਦੀ ਇਹ ਤਸਵੀਰ ਜੋ ਗੁਰਬਖ਼ਸ਼ ਸਿੰਘ ਸਾਡੇ ਅਗੇ ਰਖਦਾ ਹੈ ਉਹ ਸੁਧਾਰਕ ਦੀ ਕਲਪੀ ਹੋਈ ਹੈ ਤੇ ਮਧ ਸ਼੍ਰੇਣੀ ਦੇ ਇਕ ਸਾਧਾਰਨ ਬੰਦੇ ਦੀਆਂ ਸਾਧਾਰਨ ਲੋੜਾਂ ਨੂੰ ਅੱਗੇ ਰਖ ਕੇ ਤੁਰਦੀ ਹੈ। ਇਸ ਵਿਚ ਅਜਿਹਾ ਕੋਈ ਰੰਗ ਨਹੀਂ ਜਿਸ ਦੀ ਕੋਈ ਨਵੀਂ ਚੇਤਨਤਾ ਉਸ ਨੇ ਕਰਵਾਈ ਹੋਵੇ। ਚੰਗੇਰੀ ਦੁਨੀਆਂ ਤੀਕ ਅਪੜਨ ਲਈ ਉਹੀ

੧. ਚੰਗੇਰੀ ਦੁਨੀਆਂ – ਗੁਰਬਖ਼ਸ਼ ਸਿੰਘ, ੧੯੬੨ ਐਡੀਸ਼ਨ, ਪ੍ਰੀਤ ਨਗਰ ਸ਼ਾਪ, ਪ੍ਰੀਤ ਨਗਰ।
੨. ਅਨੋਖੇ ਤੇ ਇਕੱਲੇ – ਗੁਰਬਖ਼ਸ਼ ਸਿੰਘ ੧੯੫੯, ਲਾਹੌਰ ਬੁਕ ਸ਼ਾਪ, ਲੁਧਿਆਣਾ।



ਕਾਮ, ਕਰੋਧ, ਮੋਹ, ਲੋਭ, ਹੰਕਾਰ ਦੇ ਤਿਆਗ ਦਾ ਰਾਹ ਦਸਦਾ ਹੈ। ਤਿਆਗ ਤੀਕ ਕਿਵੇਂ ਅਪੜਿਆ ਜਾਵੇ ਇਥੇ ਖਲੋਣ ਦੀ ਥਾਂ ਉਹ ਅਪੜਿਆਂ ਅਪੜਾਇਆਂ ਦੀਆਂ ਗੱਲਾਂ ਕਰਦਾ ਹੈ। ਇਹ ਨਹੀਂ ਦਸਦਾ ਕਿ ਉਥੇ ਪਹੁੰਚਣ ਲਈ ਜੋ ਸਾਧਨਾ, ਜੋ ਘੋਲ, ਜੋ ਥਿੜਕਹਾਟ ਜੋ ਟੁਟ ਭੱਜ ਹੈ ਉਸ ਵਲ ਬਹੁਤਾ ਧਿਆਨ ਨਹੀਂ ਦਿੰਦਾ। ਬੰਦਾ ਕਿਸ ਕਿਸ ਸਤਰ ਤੇ ਕਿਹੜੀਆਂ ਕਿਹੜੀਆਂ ਸ਼ਕਤੀਆਂ ਨਾਲ ਟਕਰਾਂਦਾ ਹੈ। ਕਦੇ ਉਹਦੀ ਟੱਕਰ ਸਥੂਲ ਸਤਾ ਤੇ ਹੁੰਦੀ ਹੈ ਤੇ ਕਦੇ ਸੂਖਮ ਤੇ। ਕਦੇ ਪਰ ਨਾਲ ਤੇ ਕਦੇ ਸਵੈ ਨਾਲ। ਇਸ ਟੱਕਰ ਵਿਚ ਕੀ ਕੁਝ ਉਸ ਦਾ ਟੁੱਟ ਭੱਜ ਜਾਂਦਾ ਹੈ ? ਕੀ ਕੁਝ ਉਹ ਤੋੜ ਭੰਨ ਦਿੰਦਾ ਹੈ ? ਇਸ ਟੁੱਟ ਭੱਜ ਤੇ ਕਿਹੋ ਜਿਹੀ ਉਸਾਰੀ ਸੰਭਵ ਹੈ ? ਕਹਾਣੀ ਇਹੋ ਜਿਹੇ ਕਿਸੇ ਪਲ ਦੀ ਗੱਲ ਕਰਨ ਦੀ ਥਾਂ ਉਹ ਸੁਧਾਰਕ ਦੇ ਨਿਸਚਿਤ ਥਾਂ ਤੋਂ ਸ਼ੁਰੂ ਕਰਕੇ ਨਿਸਚਿਤ ਥਾਂ ਤੇ ਜਾ ਕੇ ਮੁਕਾ ਦਿੰਦਾ ਹੈ। ਇਸ ਅਨਿਸਚਿਤ ਜ਼ਿੰਦਗੀ ਵਿਚ ਏਡੀ ਨਿਸਚਿਤਤਾ ਸੁਭਾਵਕ ਨਹੀਂ ਲਗਦੀ।

ਚੰਗੀ ਕਹਾਣੀ ਸਾਨੂੰ ਭਾਵ ਜਗਤ ਦੇ ਵਖਰੇ ਵਖਰੇ ਸਤਰ, ਬੁਧੀ ਮੰਡਲ ਦੇ ਅਨੇਕ ਧਰਾਤਲ ਤੇ ਯਥਾਰਥ ਦੇ ਅਨੇਕ ਪੱਖਾਂ ਦਾ ਬੋਧ ਕਰਵਾ ਕੇ ਜੀਵਨ ਤੇ ਜਗਤ ਨਾਲ ਸਾਡੇ ਰਿਸ਼ਤੇ ਨੂੰ ਕੋਈ ਸੇਧ ਦਿੰਦੀ ਹੈ। ਜਿਸ ਸੇਧ ਸਦਕਾ ਉਹ ਸੂਖਮ ਤੇ ਸਥੂਲ ਜਿਊਣ ਵਿਚ ਕੋਈ ਸੰਤੁਲਨ ਲਭ ਕੇ ਸਹਿਜ ਵਿਚ ਜਿਊਂ ਸਕੇ। ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਭਾਵਕ ਸਤਾ ਤੇ ਸਾਨੂੰ ਬੇਚੈਨ ਤਾਂ ਕਰਦੀਆਂ ਹਨ, ਪਰ ਇਸ ਬੇਚੈਨੀ ਤੋਂ ਪਾਰ ਨਹੀਂ ਲਜਾਂਦੀਆਂ। "ਝੁੰਝਲਾ ਕੇ ਸੁਦੈਣ ਹੋਈ ਬੇਬਸੀ" "ਰਮੋਲਾ' "ਤੁਸੀਂ ਹਮੇਸ਼ਾ ਮੇਰੀ ਦੁਨੀਆਂ ਬਣੇ ਰਹੋਗੇ" ਆਦਿ ਕਹਾਣੀਆਂ ਪੀੜ ਦਾ ਅਹਿਸਾਸ ਤਾਂ ਕਰਵਾਂਦੀਆਂ ਹਨ, ਪਰ ਪੀੜ ਹਰ ਸਕਣ ਜੋਗਾ ਬਲ ਨਹੀਂ ਬਖ਼ਸ਼ਦੀਆਂ।

ਗੁਰਬਖ਼ਸ਼ ਸਿੰਘ ਵਡੇ ਹਾਦਸਿਆਂ ਦਾ ਵਰਨਣ ਕਰ ਕੇ ਮਨੁੱਖ ਦੀ ਪੀੜ ਹਟਾਂਦਾ ਹੈ ਜਿਹੜੇ ਭਾਵ ਜਗਤ ਵਿਚ ਵਡੇ ਵਡੇ ਭੁਚਾਲ ਲਿਆਉਂਦੇ ਹਨ ਜਿਵੇਂ "ਅਨਾਥ ਰਾਹਿਨਾ" ਵਿਚ ਗੱਡੀਆਂ ਦੀ ਟੱਕਰ, "ਦੇਸ਼ਬੰਧੂ" ਵਿਚ ਮੋਟਰ ਦਾ ਉਲਟਣਾ, "ਪ੍ਰੇਮ ਪੁੰਗਾਰੇ" ਵਿਚ ਲੋਕਾਂ ਦਾ ਛੱਟੇ ਮਾਰ ਕੇ ਕਿਸ਼ਤੀ ਡਬੋਣਾ, "ਵੀਣਾ ਵਿਨੋਦ" ਵਿਚ ਬਰਾਤ ਨੂੰ ਸੜਕ ਤੇ ਖੜੀ ਕਰ ਕੇ ਵੀਣਾ ਦੀ ਖ਼ਬਰ ਨੂੰ ਆਉਣਾ ਅਤੇ ਉਥੇ ਉਸ ਨਾਲ ਵਿਆਹ ਕਰਨ ਦਾ ਫ਼ੈਸਲਾ ਕਰਨਾ ਆਦਿ। ਪਰ ਉਹ ਗੁਰਬਖ਼ਸ਼ ਸਿੰਘ ਇਹ ਨਹੀਂ ਦੇਖਦਾ ਕਿ ਭਾਵ-ਜਗਤ ਮਨੁੱਖੀ ਆਪੇ ਦਾ ਇਕ ਭਾਗ ਹੈ ਸੰਪੂਰਨ ਆਪਾ ਨਹੀਂ। ਭਾਵ ਜਗਤ ਤੋਂ ਪਰ੍ਹਾਂ ਇਕ ਸਹਿਜ-ਜਗਤ ਵੀ ਤਾਂ ਹੈ ਜਿਥੇ ਅਪੜ ਕੇ ਮਨੁੱਖ ਹਰ ਛਿਣ ਬਦਲਦੀ ਸਤਾ ਦੇ ਅੰਦਰ ਇਕ ਸਦੀਵੀ ਏਕਤਾ ਦੇਖਦਾ ਹੈ।[੧] ਇਸ ਪਰਵਾਹ ਵਿਚੋਂ ਵੀ ਸਾਬਤ ਸਬੂਤ ਮਨੁੱਖ ਨੂੰ ਲਭਦਾ ਹੈ, ਪਰ ਗੁਰਬਖ਼ਸ਼ ਸਿੰਘ

1. If little is thought or felt, much must happen, if much is thought and felt, no elaborate stacking up of incidents is necessary for dramatic catharsis through pity and fear. The pity and fear of human thinking and feeling in what dictates the strict form which the 20th Century story is learning to improve upon itself. Borano Overstreet from 'Saturday Review of literature' Nov. 22, 1941.

ਉਸ ਮਨੁੱਖ ਦਾ ਜ਼ਿਕਰ ਨਹੀਂ ਕਰਦਾ ਜੋ ਹਰ ਪਲ ਦੀ ਮੌਤ ਨੂੰ ਕਬੂਲ ਕਰ ਕੇ ਵੀ ਜਿਊਂਦਾ ਹੈ। ਸਗੋਂ ਉਹ ਬਹੁਤੀ ਵਾਰੀ ਤਾਂ ਉਸਾਰੂ, ਇਕ ਪੱਖੀ, ਖੰਡਿਤ ਮਨਾਂ ਵਾਲੇ ਬੰਦਿਆਂ ਦੀਆਂ ਕਹਾਣੀਆਂ ਕਹਿੰਦਾ ਹੈ ਜਿਹੜੇ ਜੀਵਨ ਤੇ ਜਗਤ ਨਾਲ ਕੋਈ ਤੰਦਰੁਸਤ ਸੰਬੰਧ ਪਰਗਟਾਣ ਦੀ ਥਾਂ ਜਿਹੜੇ ਮਾਨਸਿਕ ਕੰਕਰਾਂ ਜਾਂ ਭਾਵਕ ਵਹਿਣਾਂ ਵਿਚ ਪਨਾਹ ਭਾਲਦੇ ਹਨ। "ਨੀਰੂ ਦੀ ਨਾਰਦਾ" ਕਹਾਣੀ ਦਾ ਨਾਇਕ ਨਾਰਦਾ ਨੂੰ ਖੋ ਕੇ ਝੱਲਾ ਹੋ ਜਾਂਦਾ ਹੈ, "ਰਮੋਲਾ" ਮਨਚਾਹੇ ਬੰਦੇ ਨਾਲ ਵਿਆਹ ਨਾ ਹੋਣ ਤੇ ਮੌਤ ਕਬੂਲਦੀ ਹੈ। ਜ਼ਿੰਦਗੀ ਵਿਚ ਜਿਹੜੇ ਆਪ ਮਨਫ਼ੀ ਬਣ ਕੇ ਜਿਊਂਦੇ ਹਨ ਜ਼ਿੰਦਗੀ ਨੂੰ ਕੀ ਦੇ ਸਕਦੇ ਹਨ।

ਜਾਂ ਫਿਰ ਉਹ ਉਹਨਾਂ ਨੂੰ ਏਡੇ ਤਕੜੇ ਵਡੇ ਵਿਖਾਉਂਦਾ ਹੈ ਕਿ ਉਹਨਾਂ ਤੀਕ ਮਨੁੱਖ ਦਾ ਹੱਥ ਨਹੀਂ ਅਪੜਦਾ। "ਦਿਲ ਦੌਲਤ ਦੇ ਹੀਰੇ ਪੰਨੇ" ਦਾ ਨਾਇਕ ਅੰਨ੍ਹੀ ਕੁੜੀ ਨਾਲ ਵਿਆਹ ਕਰਾਣ ਲਈ ਆਪਣੀਆਂ ਅੱਖਾਂ ਭੰਨ ਦੇਣ ਦੀ ਸੋਚਦਾ ਹੈ। "ਦੋ ਕਮੀਜ਼ਾਂ" ਦਾ ਨਾਇਕ ਪੋਤਰੇ ਨੂੰ ਕਮੀਜ਼ਾਂ ਦੀ ਕਹਾਣੀ ਸੁਣਾ ਕੇ ਮਰਦਾ ਹੈ। ਇਹ ਪਾਤਰ ਜ਼ਿੰਦਗੀ ਦੇ ਤੱਤੇ ਠੰਢੇ ਦਾ ਅਨੁਭਵ ਕਰਾਣ ਦੀ ਥਾਂ, ਆਪਣੇ ਸੁਤੰਤਰ ਵਿਅਕਤਿਤਵ ਤੋਂ ਵਾਂਝੇ ਗੁਰਬਖ਼ਸ਼ ਸਿੰਘ ਦੇ ਪਾਲਤੂ ਪਾਤਰ ਲਗਦੇ ਹਨ ਜਿਹੜੇ ਉਹਦੇ ਖ਼ਿਆਲ ਦੇ ਪਿਛੇ ਪਿਛੇ ਤੁਰੇ ਫਿਰਦੇ ਹਨ।

ਇਸ ਤਰ੍ਹਾਂ ਕਰਦਾ ਜਦੋਂ ਉਹ ਨਿਰੇ ਭਾਵਾਂ ਦਾ ਲੜ ਫੜ ਕੇ ਤੁਰਦਾ ਹੈ ਤਾਂ ਇਕ ਪੱਖੀ ਤੇ ਅੰਤਮ ਪੱਖੀ ਹੋ ਜਾਂਦਾ ਹੈ। ਕਹਾਣੀਆਂ ਵੀ ਭਾਵਕਤਾ ਵਿਚ ਖੋ ਕੇ ਵਕਤੀ ਨਸ਼ਾ ਬਣ ਨਿਬੜਦੀਆਂ ਹਨ ਜੋ ਤੁਹਾਡੀ ਉਤਸੁਕਤਾ ਜਗਾ ਕੇ, ਸਤਰੰਗੀ ਪੀਂਘ ਅੱਖਾਂ ਵਿਚ ਲਿਸ਼ਕਾ ਕੇ ਸੁਪਨ ਜਗਤ ਵਲ ਹੋ ਜਾਂਦੀਆਂ ਹਨ, ਪਰ ਜਦੋਂ ਤੁਸੀਂ ਮੁੜ ਯਥਾਰਥ ਵਲ ਮੁੜਦੇ ਹੋ ਤਾਂ ਇਹਦੇ ਨਾਲ ਨਿਪਟਣਾ ਸਗੋਂ ਹੋਰ ਵਧੇਰੇ ਔਖਾ ਹੋ ਜਾਂਦਾ ਹੈ। "ਅਨੋਖੇ ਤੇ ਇਕੱਲੇ" ਪਾਲ ਤੇ ਸੈਲੀ ਬੜੇ ਚੰਗੇ ਨੇ। ਉਹ ਤੁਹਾਡੇ ਭਾਵ-ਜਗਤ ਨੂੰ ਤਕੜਾ ਹਲੂਣਾ ਵੀ ਦਿੰਦੇ ਨੇ, ਪਰ ਉਹ ਕਿਸੇ ਤਰ੍ਹਾਂ ਵੀ ਤੁਹਾਨੂੰ ਤਕੜਿਆਂ ਨਹੀਂ ਕਰਦੇ। ਜ਼ਿੰਦਗੀ ਨਾਲ ਤੁਹਾਡੇ ਰਿਸ਼ਤੇ ਦੇ ਅਰਥ ਨਹੀਂ ਸਮਝਾਂਦੇ। ਸਗੋਂ ਜ਼ਿੰਦਗੀ ਪ੍ਰਤੀ ਉਦਾਸੀਨ ਕਰਦੇ ਹਨ।

ਅਜਿਹੇ ਪਾਤਰ ਜੋ ਸੁਪਨਿਆਂ ਦੀ ਦੁਨੀਆਂ ਨੂੰ ਅਸਲੀ ਤੇ ਅਸਲੀ ਦੁਨੀਆਂ ਨੂੰ ਇਕ ਸੁਪਨਾ ਸਮਝ ਜੀਵਨ ਤੋਂ ਇਨਕਾਰੀ ਹਨ ਜ਼ਿੰਦਗੀ ਨੂੰ ਇਕ ਰੋਗੀ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। ਉਹ ਜੀਵਨ ਤੇ ਜਗਤ ਨਾਲ ਕੋਈ ਤੰਦਰੁਸਤ ਸੰਬੰਧ ਨਹੀਂ ਬਣਾਉਂਦੇ। ਸਗੋਂ ਸਾਰੇ ਸੰਬੰਧਾਂ ਦੀ ਜ਼ਿਮੇਂਵਾਰੀ ਤੋਂ ਕੰਨੀ ਕਤਰਾਉਂਦੇ ਜੀਵਨ ਘੋਲ ਤੋਂ ਉਪਰਾਮ, ਸਵੈ ਦੇ ਖੋਲ ਵਿਚ ਵੜ ਕੇ ਭਾਵਕ ਕੰਦਰਾਂ ਵਿਚ ਮੂੰਹ ਜਾ ਛੁਪਾਉਂਦੇ ਹਨ। ਇਸੇ ਲਈ ਉਹ ਅਨੋਖੇ ਤੇ ਇਕੱਲੇ ਹੋ ਜਾਂਦੇ ਹਨ। ਇਸੇ ਕਾਰਨ ਰੁਮਾਂਸਵਾਦੀ ਸਾਹਿਤ ਨੂੰ ਮਨੁੱਖੀ ਮਨ ਦੀਆਂ ਘਟ ਚੇਤੰਨ ਸਤਾਂ ਦਾ ਸਾਹਿਤ ਹੋਣ ਦਾ ਆਰੋਪ ਲਗਾਇਆ ਜਾਂਦਾ ਹੈ। ਜਿਥੇ ਰਹਿੰਦਿਆਂ ਤਰਕ ਨਾਲੋਂ ਭਾਵਾਂ ਵਲ ਵਧੇਰੇ ਉਲਰਿਆ ਜਾ ਸਕਦਾ ਹੈ। ਜਿਥੇ ਖੜੋ ਕੇ "ਜੋ ਹੈ" ਤੇ "ਜੋ ਚਾਹੀਦਾ ਹੈ" ਵਿਚਲਾ ਪਾੜ ਮਿਟ ਜਾਂਦਾ ਹੈ। ਜਿਵੇਂ ਦੀ ਅਜੀਬੋ ਗ਼ਰੀਬ ਧਰਤੀ ਵਲ ਤੱਕਦਾ ਮਨੁੱਖ ਸਭ ਸੰਸੇ ਫ਼ਿਕਰ ਭੁੱਲ ਜਾਂਦਾ ਹੈ।

ਆਧੁਨਿਕ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀ ਨੇ ਰੁਮਾਂਸਵਾਦੀਆਂ ਦੇ ਖੰਭ ਝਾੜੇ ਸਨ। ਜਦੋਂ ਕਿਹਾ ਗਿਆ ਸੀ ਕਿ ਮਨੁੱਖ ਪੰਜਾਂ ਤੱਤਾਂ ਦਾ ਪੁਤਲਾ ਹੈ। ਇਹਨਾਂ ਤੋਂ ਵਖਰਾ ਇਸ ਦਾ ਕੋਈ ਆਪਾ ਨਹੀਂ। ਮਨੋਵਿਗਿਆਨ ਨੂੰ ਵੀ ਸਰੀਰਕ ਵਿਗਿਆਨ ਦੇ ਅਧੀਨ ਹੀ



ਤੁਰਦਾ ਦਸਿਆ ਗਿਆ। ਅਜਿਹੇ ਭੌਤਕ ਦਰਸ਼ਨ ਦਾ ਮੁੱਲ ਮਨੁੱਖ ਨੂੰ ਦੋ ਵਿਸ਼ਵ ਯੁਧਾਂ ਦੇ ਰੂਪ ਵਿਚ ਤਾਰਨਾ ਪਿਆ ਜਿਨ੍ਹਾਂ ਮਨੁੱਖ ਤੇ ਮਨੁੱਖ ਦੇ ਸੁਫਨਿਆਂ ਵਿਚੋਂ ਵਿਸ਼ਵਾਸ ਤੋੜਿਆ ਤੇ ਉਸ ਨੂੰ ਘੋਰ ਨਿਰਾਸ਼ਾ ਵਿਚ ਸੁੱਟਿਆ। ਫਲ-ਸਰੂਪ ਮਨੁੱਖ ਮੁੜ ਸੁਪਨਿਆਂ ਦੀ ਧਰਤੀ ਵਲ ਉਲਰਿਆ। ਇਸ ਵਿਚ ਫ਼ਿਲਾਸਫ਼ਰਾਂ ਤੇ ਸਾਇੰਸਦਾਨਾਂ ਨੇ ਵੀ ਆਪਣੀ ਪਹੁੰਚ ਦੀਆਂ (ਲਿਮੀਟੇਸ਼ਨਜ਼) ਸੀਮਾਵਾਂ ਕਬੂਲਦਿਆਂ ਸਹਾਇਤਾ ਕੀਤੀ।[1]

ਡਾਰਵਿਨ ਦਾ ਵਿਚਾਰ ਕਿ ਤਕੜਾ ਹੀ ਜਿਊਂਦੇ ਰਹਿਣ ਦਾ ਅਧਿਕਾਰੀ ਹੈ ਫਿੱਕਾ ਪੈਣ ਲਗਿਆ ਜਦੋਂ ਇਹ ਮੰਨ ਲਿਆ ਗਿਆ ਕਿ ਪਸ਼ੂ-ਜਗਤ ਦਾ ਇਹ ਸੱਚ ਮਨੁੱਖੀ ਜਗਤ ਤੇ ਪੂਰਾ ਨਹੀਂ ਉਤਰਦਾ ਕਿਉਂਕਿ ਮਨੁੱਖੀ ਜਗਤ ਵਿਚ ਤਾਕਤ ਸਿਰਫ਼ ਸਰੀਰਕ ਹੀ ਨਹੀਂ ਰਹਿ ਜਾਂਦੀ।

ਹਾਸਟਾਲਟ ਦੇ ਸਿਧਾਂਤ ਨੇ ਜਦੋਂ ਦਸਿਆ ਕਿ ਪੰਜਾਂ ਤੱਤਾਂ ਦਾ ਮਨੁੱਖ ਜ਼ਰੂਰ ਹੈ, ਪਰ ਪੰਜ ਤੱਤ ਅੱਡ ਅੱਡ ਮਨੁੱਖ ਦੇ ਹਿਸੇ ਨਹੀਂ ਤਾਂ ਮਨੁੱਖ ਦੇ ਮਸ਼ੀਨੀ ਦ੍ਰਿਸ਼ਟੀਕੋਨ ਦੀ ਉਲੰਘਣਾ ਹੋਈ ਤੇ ਸੁਭਾਵਕ ਹੀ ਰੁਮਾਂਟਿਕ ਰੁਚੀ ਦੀ ਹਮਾਇਤ ਦਿਸੀ।

ਸਾਇੰਸ ਨੇ ਜਦੋਂ ਇਹ ਪਰਵਾਨ ਕਰ ਲਿਆ ਕਿ ਮਨੁੱਖ ਵਿਕਾਸ ਦੇ ਡੰਡੇ ਚੜ੍ਹਦਾ ਚੜ੍ਹਦਾ ਹੀ ਇਥੇ ਨਹੀਂ ਅਪੜਦਾ, ਸਗੋਂ ਕਦੇ ਕਦੇ ਕੋਈ ਪ੍ਰਤਿਭਾਸ਼ਾਲੀ ਮਨੁੱਖ, ਕੋਈ ਯੋਧਾ, ਕੋਈ ਸੰਤ ਸਿਖਰਲੇ ਡੰਡੇ ਤੇ ਬੈਠਾ ਵੀ ਲਭਦਾ ਹੈ ਤਾਂ ਰੁਮਾਂਸਵਾਦੀਆਂ ਦੀਆਂ ਉਡਾਰੀਆਂ ਨੂੰ ਸਹਾਰਾ ਮਿਲਦਾ ਹੈ। ਅਜਿਹੀਆਂ ਉਡਾਰੀਆਂ ਦੇ ਸਿਰ ਤੇ ਹੀ ਗੁਰਬਖ਼ਸ਼ ਸਿੰਘ "ਪੂਜ ਮਾਤਾ", "ਦੇਸ ਬੰਧੂ" "ਪ੍ਰੇਮ ਪੁੰਗਰੇ" ਵਰਗੇ ਪਾਤਰ ਉਸਾਰ ਲੈਂਦਾ ਹੈ ਜੋ ਸਾਧਾਰਨ ਨਾਲੋਂ ਬੜਾ ਕੁਝ ਵਧ ਹਨ।

ਆਧੁਨਿਕ ਵਿਗਿਆਨ ਵੀ ਸੁਪਨਿਆਂ ਦੇ ਸੱਚ ਨੂੰ ਕਬੂਲਣ ਤੋਂ ਬਹੁਤਾ ਇਨਕਾਰੀ ਨਹੀਂ ਦਿਸਦਾ। ਸਗੋਂ ਉਹ ਵੀ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਇਸ ਪਾਸੇ ਹੀ ਲਾ ਰਿਹਾ ਹੈ ਕਿ ਮਨੁੱਖ ਨੂੰ ਰੱਬ ਵਰਗਾ ਤੇ ਇਸ ਧਰਤੀ ਨੂੰ ਸਵਰਗ ਦੇ ਤੁਲ ਬਣਾ ਸਕੇ[2]।

---

1. In work of the highest scientific or philosophical importance by Lioyd Morgan, A.N. Whitehead, Sir Arthur Eddington, J. D. Haldane, John Oman, Jan Christian Smuts and many others—there was no longer that contempt for romantic ideas about Nature and Man, which has ruled for two generations. Ernest Ber Bann in Ramanticism. P. 93.

2. The astonishing and comprehensible thing about man is his range and vision, his lonely passion for ideas or ideals, for removed from his material surroundings and animal activities, and in no way suggested by them, yet for which, such is his affection, he is willing to endure toils and privations, to sacrifice pleasures to disdain griefs and frustations for which rating them in value above his own life, he will stand until he dies, the prefound conviction he entertains being that if nothing is worth dying for nothing is worth living for. The Human Situation. W. Macheil Dixon.

ਇਸ ਤਰ੍ਹਾਂ ਰੁਮਾਂਸਵਾਦੀ ਤੇ ਵਿਗਿਆਨੀ ਵਖਰੇ ਵਖਰੇ ਰਾਹਾਂ ਥਾਣੀਂ ਇਕੋ ਥਾਂ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ।

ਪਰ ਇਹ ਰੁਮਾਂਸਵਾਦ ਉਥੇ ਨਿੰਦਨੀਯ ਹੋ ਜਾਂਦਾ ਹੈ ਜਦੋਂ ਰੁਮਾਂਸਵਾਦੀ ਦਿਸਦੇ ਤੋਂ ਮੂੰਹ ਮੋੜ ਅਣਦਿਸਦੇ ਦੇ ਤਲਿਸਮੀ ਕਿਆਸ ਸਦਕਾ ਅੰਤਰ-ਮੁਖੀ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਤੱਥ ਯਥਾਰਥ ਤਿਆਗ ਤੋਂ ਨਹੀਂ ਸਗੋਂ ਇਸ ਰਾਹੀਂ ਇਸ ਵਿਚੋਂ ਹੀ ਲਭਣਾ ਹੁੰਦਾ ਹੈ।

ਇਹ ਠੀਕ ਹੈ ਕਿ ਮਨੁੱਖ ਦੀ ਕਲਪਨਾ ਉਹਨੂੰ ਰੰਗੀਨ ਤਲਿਸਮੀ ਪੂਰਨ ਸੰਪੂਰਨ ਦੁਨੀਆਂ ਤਕ ਲੈ ਜਾਂਦੀ ਹੈ ਪਰ ਉਸ ਦੁਨੀਆਂ ਨੂੰ ਹਕੀਕਤ ਵਿਚ ਬਦਲਣਾ, ਉਸ ਹਕੀਕਤ ਤਕ ਅਪੜਨ ਦਾ ਰਾਹ ਲਭਣਾ, ਰਾਹ ਦੀਆਂ ਅਉਕੜਾਂ ਦਾ ਗਿਆਨ ਕਰਵਾਉਣਾ, ਉਸ ਰਾਹ ਤੇ ਚਲਣ ਜੋਗਾ ਸਾਹਸ ਦੇਣਾ ਵੀ ਤਾਂ ਸਾਹਿਤ ਦਾ ਹੀ ਕੰਮ ਹੈ। ਗੁਰਬਖ਼ਸ਼ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਸੁਪਨਿਆਂ ਨੂੰ ਸੱਚ ਤੀਕ ਲਿਜਾਣ ਜੋਗੀਆਂ ਨਹੀਂ ਜਿਥੇ ਜਾ ਕੇ ਮਨੁੱਖ ਦੀ ਭਟਕਣ ਨੂੰ ਪਨਾਹ ਮਿਲਦੀ ਹੈ। ਜੇ ਕਿਧਰੇ ਉਹ ਇਸ ਰਾਹ ਦਾ ਬਿਆਨ ਕਰਦਾ ਵੀ ਹੈ ਤਾਂ ਨਿਰੋਲ ਭਾਵਕ ਪਧਰ ਤੇ ਖੜੋ ਕੇ ਜੋ ਬਹੁਤਾ ਕਾਰਗਰ ਸਾਬਤ ਨਹੀਂ ਹੁੰਦਾ। ਅੰਤ ਨਿਰੇ ਭਾਂਜਵਾਦੀ ਸਾਬਤ ਹੁੰਦੇ ਹਨ ਜਿਵੇਂ ਕਿ "ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ" ਦੀ ਨਾਇਕਾ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਅੰਤ ਆਪਣੇ ਆਪ ਨੂੰ ਸਾੜ ਕੇ ਕਰਦੀ ਹੈ। "ਤੁਸੀਂ ਹਮੇਸ਼ਾ ਮੇਰੀ ਦੁਨੀਆਂ ਬਣੇ ਰਹੋਗੇ" ਦਾ ਨਾਇਕ ਜਦੋਂ ਕੋਈ ਹੱਲ ਨਹੀਂ ਲਭ ਸਕਦਾ ਤਾਂ ਭਾਵਕ ਜਿਹੀ ਗੱਲ ਤੇ ਆ ਕੇ ਚੁੱਪ ਕਰ ਜਾਂਦਾ ਹੈ ਕਿ ਤੁਸੀਂ ਹਮੇਸ਼ਾ ਮੇਰੀ ਦੁਨੀਆਂ ਬਣੇ ਰਹੋਗੇ। ਪਰ ਕਿਉਂ ? ਜਿਹੜੇ ਲੋਕ ਉਹਦੀ ਦੁਨੀਆਂ ਨਹੀਂ ਬਣ ਸਕੇ ਉਹ ਕਿਵੇਂ ਉਹਦੀ ਦੁਨੀਆਂ ਬਣੇ ਰਹਿਣਗੇ ਤੇ ਇਹ ਅਸਲੀ ਸਮੱਸਿਆ ਤੋਂ ਲਾਂਭੇ ਖਲੋ ਕੇ ਆਖੀ ਹੋਈ ਗੱਲ ਹੈ।

ਰੁਮਾਂਸਵਾਦੀ ਸਾਹਿਤ ਮਨੁੱਖ ਦੇ ਕੁਦਰਤੀ ਸੁਭਾ ਦੀ ਹਾਮੀ ਭਰਦਾ ਹੈ। ਉਹ ਅਜਿਹੇ ਸਭਿਆਚਾਰ ਤੋਂ ਦੂਰ ਨਸਦਾ ਹੈ ਜਿਹੜਾ ਉਸ ਦਾ ਕੁਦਰਤੀ ਵਿਚਰਨ ਖੋਹ ਕੇ ਉਸ ਨੂੰ ਦੰਭ ਵਲ ਧਕੇਲਦਾ ਹੈ। ਪਰ ਜਦੋਂ ਸਮਾਜ ਉਹਦੇ ਸੁਭਾਵਕ ਆਪੇ ਨੂੰ ਕਬੂਲ ਨਹੀਂ ਕਰਦਾ ਤਾਂ ਉਹ ਸਮਾਜ ਨੂੰ ਦੋਸ਼ੀ ਕਰਾਰ ਦੇ ਕੇ ਉਸ ਪਾਸਿਓਂ ਮੂੰਹ ਭੁਆ ਕੇ ਆਪਣੇ ਸਵੈ ਤੇ ਹੀ ਕੇਂਦਰਤ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਇਕੱਲਾ ਇਕਹਿਰਾ ਰਹਿ ਜਾਂਦਾ ਹੈ ਤੇ ਆਪਣੇ ਨਿਜ ਦੀਆਂ ਕੰਦਰਾਂ ਵਿਚ ਜਾ ਪਨਾਹ ਲੈਂਦਾ ਹੈ। ਪਰ ਸਮਾਜਕ ਪਰਕਰਣ ਵਿਚੋਂ ਨਿਖੜਿਆ ਉਸ ਦੇ ਇਸ ਨਿਜ ਵਿਚ ਪੂਰਨ ਤੇ ਸੰਪੂਰਨ ਮਨੁੱਖ ਦਾ ਵਰਨਣ ਨਹੀਂ ਹੁੰਦਾ। ਮਨੁੱਖ ਦੀ ਪੂਰਨਤਾ ਲਈ ਉਸ ਦੇ ਨਿਜੀ ਆਪੇ ਤੇ ਸਮਾਜ ਵਿਚ ਸੰਤੁਲਨ ਚਾਹੀਦਾ ਹੈ। ਇਸ ਸੰਤੁਲਨ ਨੂੰ ਗੁਆ ਕੇ ਮਨੁੱਖ ਦਾ ਵਿਚਰਨ ਸੁਭਾਵਕ ਨਹੀਂ ਰਹਿ ਜਾਂਦਾ[੧]। ਸੁਭਾਵਕਤਾ ਤੋਂ

1. Mr. Bertrand Russell has written. "The good life demands a multitude of social conditions, and cannot be realized without them ... in all that differenciates between a good life and a bad one, the word is a unity and the man who pretends to live independently is a concious or unconcious parasite. Hugh I Angon Faussett in Romanticism, P. 73.



ਉਖੜਿਆ ਮਨੁੱਖ ਇਕੱਲਾ ਹੋ ਜਾਂਦਾ ਹੈ ਤੇ ਅਨੋਖਾ ਲਗਦਾ ਹੈ। ਇਸ ਇਕੱਲੇ ਤੇ ਅਨੋਖੇਪਨ ਨੂੰ ਠੀਕ ਨਾ ਸਮਝਦਿਆਂ ਗੁਰਬਖ਼ਸ਼ ਸਿੰਘ ਇਸ ਨੂੰ ਇਕ ਵਿਸ਼ੇਸ਼ਤਾ ਬਣਾ ਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਹਨਾਂ ਨੂੰ ਵਿਸ਼ੇਸ਼ ਆਖਣਾ ਵੀ ਇਕ ਭਾਂਜਵਾਦੀ ਰੁਚੀ ਹੈ। ਯਥਾਰਥ ਤੋਂ ਇਨਕਾਰੀ ਹੋਣਾ ਹੈ। "ਅਨੋਖੇ ਤੇ ਇਕੱਲੇ" ਪਾਲ ਤੇ ਸੈਲੀ ਵਿਸ਼ੇਸ਼ ਬੰਦੇ ਨਹੀਂ ਜਿਵੇਂ ਕਿ ਗੁਰਬਖ਼ਸ਼ ਸਿੰਘ ਸਿੱਧ ਕਰਨ ਦੀ ਕੋਸ਼ਿਸ਼ ਕਰਦਾ ਹੈ ਸਗੋਂ ਅਸਫ਼ਲ ਬੰਦੇ ਹਨ ਜਿਹੜੇ ਨਾ ਤਾਂ ਸਮਾਜਕ ਯਥਾਰਥ ਨੂੰ ਜਰਨ ਜੋਗੇ ਹਨ ਤੇ ਨਾ ਹੀ ਉਸ ਨੂੰ ਬਦਲਣ ਜੋਗੇ ਹਨ।

ਰੁਮਾਂਸਵਾਦੀ ਸਾਹਿਤਕਾਰ ਮਨੁੱਖ ਦੇ ਉਪਰਲੀਆਂ ਰਵਾਇਤੀ ਛਿੱਲੜਾਂ ਲਾਹ ਕੇ ਉਹਦੇ ਅਸਲੀ ਆਪੇ ਨਾਲ ਸਮਝੌਤਾ ਜੋੜਦਾ ਹੈ। ਇਸੇ ਲਈ ਨਿਰੇ ਦ੍ਰਿਸ਼ਮਾਨ ਤੱਕ ਉਹਦੀ ਦ੍ਰਿਸ਼ਟੀ ਸੀਮਤ ਨਹੀਂ ਰਹਿੰਦੀ। ਸਗੋਂ ਦ੍ਰਿਸ਼ਮਾਨ ਦੇ ਅੰਦਰ ਵਸਦੀ ਅਦ੍ਰਿਸ਼ ਜ਼ਿੰਦਗੀ ਤੀਕ ਵੀ ਪਹੁੰਚਦਾ ਹੈ। ਇਸ ਲਈ ਉਹ ਜ਼ਿੰਦਗੀ ਨੂੰ ਖੜੋਤੇ ਹੋਏ ਰੂਪ ਵਿਚ ਨਹੀਂ ਚਿਤਰਦਾ ਸਗੋਂ ਪਲ ਪਲ ਵਟਦੀ, ਘਟਦੀ ਵਧਦੀ ਜ਼ਿੰਦਗੀ ਨੂੰ ਉਸ ਦੇ ਸੁਭਾਵਕ ਰੂਪ ਵਿਚ ਵੇਖਦਾ ਹੈ। ਇਸੇ ਲਈ ਹਰ ਤਣ ਉਹਦੇ ਲਈ ਨਵੀਂ ਚੇਤਨਤਾ, ਨਵੀਂ ਵੰਗਾਰ, ਨਵੀਂ ਸਮਰੱਥਾ ਤੇ ਨਵੀਆਂ ਸੰਭਾਵਨਾਵਾਂ ਵਾਲਾ ਹੁੰਦਾ ਹੈ। ਇਸ ਗੱਲ ਨੂੰ ਗੁਰਬਖ਼ਸ਼ ਸਿੰਘ ਵੀ ਕਬੂਲਦਾ ਹੈ। ਇਸੇ ਲਈ ਉਹ ਕਿਸੇ ਇਕ ਵਿਚਾਰਧਾਰਾ ਤੇ ਖੜੋ ਨਹੀਂ ਸਕਿਆ। ਵਿਅਕਤੀ ਹਿੱਤ ਤੇ ਵਿਅਕਤੀ ਵਿਕਾਸ ਤੋਂ ਤੁਰ ਕੇ ਅੱਜ ਉਹ ਸਮਸਟੀ ਹਿੱਤ ਤੇ ਸਮਸਟੀ ਵਿਕਾਸ ਤੱਕ ਅਪੜ ਗਿਆ ਹੈ। ਇਸ ਦੀ ਪਰਾਪਤੀ ਲਈ ਵਿਅਕਤੀਵਾਦੀ, ਸਮਾਜਵਾਦੀ ਸਾਰੇ ਰਾਹਾਂ ਨੂੰ ਕਬੂਲਦਾ ਰਿਹਾ ਹੈ। ਮਨੁੱਖ ਦੇ ਅਸਲੀਪਨ ਦੀ ਮਹੱਤਤਾ ਸਮਝਦਾ ਹੋਇਆ ਉਹ ਇਸ ਧਰਤੀ ਤੇ ਯਥਾਰਥ ਨੂੰ ਉਹ ਪ੍ਰਭੂ ਪਿਆਰ ਤੀਕ ਲੈ ਗਿਆ ਹੈ। ਇਸੇ ਲਈ ਆਖਦਾ ਹੈ ਕਿ "ਨਾ ਧਰਤੀ ਉਤੇ ਨਾ ਆਕਾਸ਼ ਉਤੇ ਕਿਧਰੇ ਇਹੋ ਜਿਹਾ ਚੈਨ ਹੈ ਜਿਹੋ ਜਿਹਾ ਦਿਆਨਤਦਾਰ ਦਿਨ ਦੇ ਅੰਤ ਉਤੇ ਪਿਆਰ ਵਿਚ ਹੁੰਦਾ ਹੈ। ਅੱਖਾਂ ਵਿਚ ਚਾਨਣ ਭਾਵੇਂ ਘਟਦਾ ਜਾਂਦਾ ਹੈ, ਪਰ ਆਤਮਾ ਵਿਚ ਵਧਦਾ ਜਾਂਦਾ ਹੈ, ਤੇ ਰਾਤ ਦੇ ਹਨੇਰੇ ਲਾਂਘਿਆਂ ਵਿਚੋਂ ਦੀ ਅਦਿਖ ਰੂਹਾਂ ਉਸ ਸੁਨਹਿਰੀ ਸਾਗਰ ਕੰਢੇ ਦਾ ਪੰਧ ਲਿਸ਼ਕਾਂਦੀਆਂ ਹਨ ਜਿਥੇ ਪਿਆਰ ਕਰਦਿਆਂ ਇਕ ਮਿਕ ਹੋ ਜਾਣ ਵਾਲੇ ਪ੍ਰੇਮੀ ਰੱਬ ਦੇ ਨਾਲ ਤੁਰਦੇ ਵਿਖਾਈ ਦਿੰਦੇ ਹਨ।[੧]

ਰੁਮਾਂਸਵਾਦੀਆਂ ਤੇ ਆਰੋਪ ਲਗਾਇਆ ਜਾਂਦਾ ਹੈ ਕਿ ਤਾਰਿਆਂ ਦੀ ਦੁਨੀਆਂ ਵਲ ਤੱਕਦੇ ਇਹ ਹੇਠਾਂ ਖੂਹ ਵਿਚ ਢਹਿ ਪੈਂਦੇ ਹਨ[੨]। ਇਸ ਤਰ੍ਹਾਂ ਪਲ ਪਲ ਵਟਦੀ ਜ਼ਿੰਦਗੀ ਪਿਛੇ ਭਟਕਦੇ ਉਹ ਜ਼ਿੰਦਗੀ ਦਾ ਕੋਈ ਪਰਪੱਕ ਰੂਪ ਪਛਾਨਣ ਤੋਂ ਅਸਮਰਥ ਹੁੰਦੇ ਹਨ। ਇਸ ਲਈ ਗੁਰਬਖ਼ਸ਼ ਸਿੰਘ ਕਦੇ ਅਮਰੀਕਾ ਦੇ ਵਿਅਕਤੀ ਵਿਕਾਸ ਦੇ ਰਾਹ ਨੂੰ ਹੀ ਸਭ ਕੁਝ ਸਮਝ ਲੈਂਦਾ ਹੈ ਤੇ ਕਦੇ ਰੂਸ ਦੇ ਸਮਾਜਵਾਦੀ ਸਿਧਾਂਤ ਵਿਚ ਹੀ ਸਾਰੀਆਂ ਸੋਚਾਂ ਦੀ ਪੂਰਤੀ ਵੇਖਦਾ ਹੈ। ਇਹ ਭਟਕਣ ਉਹਨੂੰ ਕਿਤੇ ਖਲੋ ਕੇ ਸੋਚਣ ਨਹੀਂ ਦਿੰਦੀ। ਇਸ ਤਰ੍ਹਾਂ

੧. ਮੇਰੀ ਗੁਲਬਦਨ — ਗੁਰਬਖ਼ਸ਼ ਸਿੰਘ, ੧੯੬੩ ਐਡੀਸ਼ਨ, ਭੂਮਿਕਾ ਵਿਚੋਂ।

੨. These star gazers fall so easily into wells — and it is seldom Truth that they find at the bottom. F. L. Lucas in Romanticism p. 13.

ਕਾਹਲੀ ਵਿਚ ਤੁਰਦਾ ਕੋਈ ਬੌਧਿਕ ਤਾਰਕਿਕ, ਵਿਸ਼ਲੇਸ਼ਨੀ, ਵਿਗਿਆਨਕ ਹੱਲ ਲੱਭਣ ਦੀ ਥਾਂ ਜਜ਼ਬਾਤੀ, ਕਾਹਲੇ ਆਦਰਸ਼ਵਾਦੀ, ਮੰਡਲਾਂ ਵਿਚ ਤੁਰਿਆ ਫਿਰਦਾ ਹੈ। ਜਿਸ ਕਰ ਕੇ ਉਸ ਦੀਆਂ ਬਹੁਤੀਆਂ ਕਹਾਣੀਆਂ ਵਿਚ ਅਰਥ ਦੀ ਥਾਂ ਭਾਵ ਪਰਧਾਨ ਹੋ ਜਾਂਦਾ ਹੈ। ਤੀਖਣ ਵਲਵਲਾ, ਤੀਬਰ ਭਾਵ, ਉਪਭਾਵਕਤਾ, ਪਰਬਲ ਵੇਗ, ਨਿਜੀ ਤਰੰਗਾਂ, ਖੁਲ੍ਹੀਆਂ ਵਿਅਕਤਿਤਵ ਉਡਾਰੀਆਂ ਸਦਕਾ ਹੀ ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਨੂੰ ਸੰਵੇਦਨਾਵਾਂ ਦੀਆਂ ਕਹਾਣੀਆਂ ਆਖਿਆ ਜਾਂਦਾ ਹੈ।

ਰੁਮਾਂਸਵਾਦੀ ਸਾਹਿਤ ਸਾਰੀਆਂ ਕੀਮਤਾਂ ਨਾਲੋਂ ਮਨੁੱਖ ਦੀ ਕੀਮਤ ਵਧੇਰੇ ਪਾਉਂਦਾ ਹੈ। ਇਸੇ ਲਈ ਉਹ ਉਸ ਸਭ ਕਾਸੇ ਦਾ ਵਿਰੋਧੀ ਹੈ ਜੋ ਮਨੁੱਖੀ ਹਿੱਤ ਤੇ ਮਨੁੱਖੀ ਵਿਕਾਸ ਵਿਚ ਬਾਧਕ ਹੁੰਦਾ ਹੈ। ਇਸ ਗੱਲ ਨੂੰ ਕਬੂਲਦਾ ਹੋਇਆ ਆਖਦਾ ਹੈ "ਮੇਰਾ ਆਦਰਸ਼ ਦਿਲ ਬਹਿਲਾਵੇ ਲਈ ਰਸਮੀ ਇਖ਼ਲਾਕ ਦੀ ਚੌਖਟ ਅੰਦਰ ਕਹਾਣੀਆਂ ਲਿਖ ਸਕਦਾ ਹੈ। ਮੇਰਾ ਆਦਰਸ਼ ਇਖ਼ਲਾਕ ਦੇ ਨਵੇਂ ਟੀਚਿਆਂ ਦੀ ਭੇਟ ਕਰਨਾ ਤੇ ਜਿਹੜੇ ਟੀਚੇ ਮੁਦਤਾਂ ਹੋਈਆਂ ਟੱਪੇ ਜਾ ਚੁਕੇ ਹੋਏ ਹਨ ਉਹਨਾਂ ਬਾਰੇ ਜਨਤਾ ਨੂੰ ਭੁਲੇਖਿਆਂ ਵਿਚੋਂ ਕਢਣਾ ਹੈ। ਉਚੇ ਤੋਂ ਉਚੇ ਨਾਂ ਹੇਠ ਜੋ ਕੁਝ ਵੀ ਜ਼ਿੰਦਗੀ ਦੇ ਵਿਕਾਸ ਨੂੰ ਰੋਕ ਰਿਹਾ ਹੈ, ਉਹਦੇ ਵਲ ਆਪਣੀ ਸ਼ੁਹਰਤ ਖ਼ਤਰੇ ਵਿਚ ਪਾ ਕੇ ਵੀ ਉਂਗਲ ਚੁੱਕਣਾ ਲੋਕਾਂ ਦੇ ਲਿਖਾਰੀ ਦਾ ਕਰਤੱਵ ਹੈ[1]।"

ਦੂਜੇ ਸੰਸਾਰ ਯੁੱਧ ਵਿਚ ਰੂਸ ਨੇ ਹਿਟਲਰ ਦੇ ਸੰਸਾਰ-ਵਿਜੇਤਾ ਹੋਣ ਦੇ ਵਿਰੁਧ ਸੰਘਰਸ਼ ਕੀਤਾ ਤਾਂ ਗੁਰਬਖ਼ਸ਼ ਸਿੰਘ ਦੇ ਮਨ ਵਿਚ ਵੀ ਦੁਨੀਆਂ ਦੇ ਬਹੁ-ਗਿਣਤੀ ਲੋਕਾਂ ਵਾਂਗ ਰੂਸ ਪ੍ਰਤੀ ਪਰਸੰਸਾ ਪੈਦਾ ਹੋ ਗਈ। ਸਾਮਰਾਜੀ ਤਾਕਤਾਂ ਦੀਆਂ ਨੀਅਤਾਂ ਨੇ ਉਹਨੂੰ ਸਮਾਜਵਾਦ ਵੱਲ ਤੱਕਣ ਨਾ ਦਿਤਾ। ਅਮਰੀਕਾ ਦਾ ਉਹ ਪਰਸੰਸਕ ਸੀ, ਪਰ ਜਦੋਂ ਹੀਰੋਸ਼ੀਮਾ ਤੇ ਨਾਗਾਸਾਕੀ ਥੇਹ ਕੀਤੇ ਗਏ ਤਾਂ ਉਹਦੇ ਅੰਦਰਲੇ ਮਨੁੱਖਵਾਦ ਨੇ ਹਉਕਾ ਭਰਿਆ ਤੇ ਉਹ ਸਮਾਜਵਾਦ ਵਲ ਉਲਰਿਆ।

ਜੰਗ ਮੁੱਕ ਗਈ, ਪਰ ਜੰਗ ਦੇ ਅਸਰ ਨਾ ਮੁੱਕੇ। ਆਰਥਕ ਮੰਦਵਾੜਾ ਲੋਕਾਂ ਨੂੰ ਬੇ ਹਿਸ ਕਰਨ ਲਗਿਆ। ਥਾਂ ਥਾਂ ਤੇ ਮਜ਼ਦੂਰ ਹੜਤਾਲਾਂ ਤੇ ਕਿਸਾਨ ਜਥੇਬੰਦੀਆਂ ਹੋਣ ਲਗੀਆਂ। ਫਿਰ ੧੯੪੭ ਦੀ ਵੰਡ ਆਈ ਜਿਸ ਨੇ ਇਹਦੇ ਕਲਾਕਾਰ ਮਨ ਨੂੰ ਨਪੀੜਿਆ। ਸਾਰੇ ਸੁਪਨਿਆਂ ਦੇ ਹੁੰਦਿਆਂ ਮਨੁੱਖਤਾ ਦਾ ਇਹ ਹਾਲ ਵੇਖ ਉਹ ਚੌਂਕ ਕੇ ਜਾਗਦਾ ਹੈ ਤੇ ਸਾਮਰਾਜੀ ਨਿਜ਼ਾਮ ਦੇ ਅਸਰਾਂ ਨੂੰ ਉਹ ਅਸਲੀ ਰੂਪ ਵਿਚ ਦੇਖਦਾ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਫਿਰ ਕਾਂਗਰਸੀ ਹਕੂਮਤ ਵਿਚ ਲੋਕਾਂ ਦਾ ਹਰ ਪੱਖੋਂ ਅਗੇ ਨਾਲੋਂ ਵੀ ਬੁਰਾ ਹਾਲ ਦੇਖ ਉਹ ਸਾਮਿਅਕ ਸਮੱਸਿਆਵਾਂ ਦੇ ਕਿਸੇ ਵਿਗਿਆਨਕ ਹੱਲ ਦੀ ਤਲਾਸ਼ ਵੱਲ ਤੁਰਦਾ ਹੈ।

ਸੰਸਾਰ ਯੁਧਾਂ ਦੇ ਭਿਆਨਕ ਨਤੀਜਿਆਂ ਤੋਂ ਵਾਕਫ਼, ਸਾਮਰਾਜੀ ਤਾਕਤਾਂ ਦੀ ਖੋਟੀ ਨੀਤੀ ਤੋਂ ਜਾਣੂੰ, ਇਹ ਲੋਕ ਲਿਖਾਰੀ, ਇਹ ਜ਼ਿੰਦਗੀ ਦਾ ਇੰਜੀਨੀਅਰ, ਇਹ ਸੁੰਦਰਤਾ ਦਾ ਪੁਜਾਰੀ, ਸਮਾਜਵਾਦ ਵੱਲ ਕਦਮ ਪੁੱਟਣ ਲਗਿਆ, ਤੇ ਅਮਨ ਲਹਿਰ ਨਾਲ ਇਹਨੇ ਆਪਣਾ ਦਿਲ ਜੋੜ ਦਿਤਾ।

੧੯੪੭ ਤੋਂ ਪਿਛੋਂ ਇਹਦੀ ਬਦੇਸ਼ੀ ਯਾਤਰਾ ਵੱਧ ਰਹੀ ਵਿਸ਼ਵ ਸਾਂਝ, ਰੂਸੀ ਸਾਹਿਤ

੧. ਸ਼ਬਨਮ — ਗੁਰਬਖ਼ਸ਼ ਸਿੰਘ, ਐਡੀਸ਼ਨ ੧੯੫੯, ਭੂਮਿਕਾ ਵਿਚੋਂ।



ਦਾ ਅਧਿਅਨ, ਜੀਵਨ ਤਜਰਬੇ ਨੇ ਇਸ ਨੂੰ ਸਮਝਾ ਦਿਤਾ ਕਿ ਸੁੰਦਰ ਸ਼ਖ਼ਸੀਅਤਾਂ ਚੰਗੇ ਮਾਹੌਲ ਦੀ ਹੀ ਪੈਦਾਵਾਰ ਹੁੰਦੀਆਂ ਹਨ। ਇਸ ਤਰ੍ਹਾਂ ਦੀ ਯੁਗ ਚੇਤਨਾ ਨੂੰ ਪਰਵਾਨ ਕਰ ਕੇ ਉਹ ਸਮੇਂ ਦੀ ਗਤੀ ਦੇ ਹਾਣ ਦਾ ਹੋ ਕੇ ਤੁਰਨ ਦੀ ਕੋਸ਼ਸ਼ ਕਰਦਾ ਹੈ।

ਇਸ ਤਰ੍ਹਾਂ ਸੰਪੂਰਨ ਮਨੁੱਖ ਤੇ ਇਹਨਾਂ ਦੀ ਪਰਾਪਤੀ ਲਈ ਪੂਰਨ ਸਮਾਜ ਵੀ ਟੋਲਦਾ ਉਹ ਆਪਣੀ ਕਹਾਣੀ ਕਲਾ ਦੇ ਦੂਜੇ ਪੜਾਅ ਤੇ ਆ ਕੇ ਉਹ ਸਮਾਜਵਾਦ ਵਲ ਝੁਕਦਾ ਹੈ। ਵਿਅਕਤੀ ਹਿੱਤ ਤੇ ਵਿਅਕਤੀ ਵਿਕਾਸ ਦੀ ਖ਼ਾਤਰ ਉਹ ਸਮਾਜ ਦਾ ਸੁਧਾਰ ਚਾਹੁੰਦਾ ਹੈ। ਇਸ ਤਰ੍ਹਾਂ ਉਹਦੀਆਂ ਕਹਾਣੀਆਂ ਸਪੱਸ਼ਟ ਭਾਂਤ ਦੋਨਾਂ ਜਹਾਨਾਂ ਦਾ ਜ਼ਿਕਰ ਆਰੰਭਦੀਆਂ ਹਨ। ਇਹ ਉਸ ਜਗਤ ਦਾ ਜੋ ਮਨੁੱਖ ਦੇ ਅੰਦਰ ਵਸਦਾ ਹੈ ਖ਼ਾਸ ਕਰ ਕੇ ਭਾਵ-ਜਗਤ ਤੇ ਇਕ ਉਸ ਜਗਤ ਦਾ ਜੀਹਦੇ ਅੰਦਰ ਮਨੁੱਖ ਵਸਦਾ ਹੈ। ਅਜਿਹੇ ਅੰਦਰਲੇ ਤੇ ਬਾਹਰਲੇ ਜਗਤ ਵਿਚ ਸੰਤੁਲਨ ਲੱਭਣ ਦੀ ਖ਼ਾਤਰ ਹੀ ਉਹ ਆਖਦਾ ਹੈ ਕਿ ਮੇਰੀਆਂ ਅੱਖਾਂ ਅੱਗੇ ਅਜਿਹੇ ਭਵਿਸ਼ ਦਾ ਨਕਸ਼ਾ ਹੈ ਜਿਥੇ "ਨਾ ਸਰੀਰਕ ਤੇ ਨਾ ਮਾਨਸਕ ਬਿਮਾਰੀ ਹੋਵੇਗੀ।[1]

ਗੁਰਬਖ਼ਸ਼ ਸਿੰਘ ਜਿਸ ਸਮੇਂ ਵਿਚ ਜਿਊਂਦਾ ਹੈ ਉਸ ਦੀ ਚੇਤਨਾ ਤੋਂ ਇਨਕਾਰੀ ਕਿਵੇਂ ਹੋ ਸਕਦਾ ਹੈ। ਇਸ ਯੁਗ ਦੀਆਂ ਵਿਗਿਆਨਕ ਲਭਤਾਂ ਤੇ ਪ੍ਰਾਪਤੀਆਂ ਦੇ ਸਹਾਰੇ ਨਿੱਤ ਬਦਲਦੀ, ਤੇਜ਼ ਹੁੰਦੀ, ਢਹਿੰਦੀ ਉਸਰਦੀ ਜੀਵਨ ਗਤੀ ਨੇ ਮਨੁੱਖ ਨੂੰ ਵਧੇਰੇ ਯਥਾਰਥਵਾਦੀ, ਆਲੋਚਨਾਤਮਕ ਤੇ ਬੁੱਧੀਵਾਦੀ ਬਣਾਇਆ ਤਾਂ ਉਹਦੇ ਪਰੰਪਰਾਵਾਦੀ ਧਾਰਮਕ, ਸਮਾਜਕ, ਵਿਸ਼ਵਾਸ਼ਾਂ ਦੀਆਂ ਨੀਂਹਾਂ ਹਿੱਲ ਗਈਆਂ। ਕੀਮਤਾਂ, ਵਿਸ਼ਵਾਸਾਂ ਦੇ ਆਦਰਸ਼ਾਂ ਦੀ ਇਸ ਤੋੜ ਭੱਜ ਵਿਚ ਮਨੁੱਖ ਦਾ ਨਾ ਸਿਰਫ਼ ਆਪਣੇ ਵਿਰਸੇ ਸਗੋਂ ਆਪਣੇ ਆਪ ਵਿਚੋਂ ਵੀ ਵਿਸ਼ਵਾਸ ਡੋਲ ਗਿਆ। ਇਸ ਅਵਿਸ਼ਵਾਸ ਦੀ ਹਾਲਤ ਵਿਚੋਂ ਗਹਿਰੇ ਵਿਸ਼ਾਦ ਨੇ ਜਨਮ ਲਿਆ। "ਖੰਡਰਾਂ ਤੇ ਉਸਾਰੀ" "ਝੁੰਝਲਾ ਕੇ ਸ਼ੁਦੈਣ ਹੋਈ ਬੇਬਸੀ" "ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ" ਅਜਿਹੇ ਹੀ ਜੀਵਨ ਅਨੁਭਵ ਦੀਆਂ ਬਾਕੀ ਕਹਾਣੀਆਂ ਹਨ।

ਵਿਗਿਆਨ ਨੇ ਜਦੋਂ ਮਨੁੱਖ ਨੂੰ ਇਸ ਜਗਤ ਵਿਚ ਉਹਦੀ ਥਾਂ ਦਸੀ। ਪਰਕਿਰਤੀ ਦਾ ਉਹਦੇ ਨਾਲ ਰਿਸ਼ਤਾ ਸਮਝਾਇਆ ਤਾਂ ਉਹ ਸਿਧਾ ਤਣ ਕੇ ਖਲੋਣ ਜੋਗਾ ਹੋ ਗਿਆ। ਵਿਕਾਸ-ਵਾਦੀ ਸਿਧਾਂਤ ਨੇ ਉਹਦਾ ਆਪੇ ਵਿਚ ਵਿਸ਼ਵਾਸ ਜਗਾਇਆ ਤਾਂ ਉਹ ਤਾਰਾਮੰਡਲ ਤਕ ਨੂੰ ਆਪਣੀ ਪਹੁੰਚ ਵਿਚ ਗਿਣਨ ਲਗਿਆ। ਅਜਿਹੀ ਹੀ ਵਿਗਿਆਨਕ ਦ੍ਰਿਸ਼ਟੀ ਦਾ ਧਾਰਨੀ ਹੋ ਕੇ ਗੁਰਬਖ਼ਸ਼ ਸਿੰਘ ਸਾਹਿਤਕਾਰ ਦੇ ਕਰਤੱਵ ਤੇ ਟੀਚੇ ਬਾਰੇ ਲਿਖਦਾ ਹੈ, "ਅਮਰ ਸਾਹਿਤ ਬੇਬਸੀ ਦਾ ਹਾਵਾ ਨਹੀਂ, ਨਾ ਨਿਰਪੱਖ ਜਿਹਾ ਇਤਿਹਾਸਕ ਬਿਆਨ ਹੈ। ਅਮਰ ਸਾਹਿਤ ਮਨੁੱਖ ਦੀ ਹਰ ਜਦੋਜਹਿਦ ਦਾ ਹਮਦਰਦ ਸਾਥੀ ਹੈ। ਕੀ ਗੁਣਾਂ ਤੇ ਕੀ ਹੁਨਰਾਂ ਵਿਚ, ਕੀ ਪਿਆਰ ਤੇ ਕੀ ਨਫ਼ਰਤ ਵਿਚ, ਕੀ ਜਿੱਤਾਂ ਤੇ ਕੀ ਹਾਰਾਂ ਵਿਚ, ਕੀ ਸਖ਼ਾਵਤ ਤੇ ਕੀ ਈਰਖਾ ਵਿਚ, ਮਨੁੱਖ ਹੀ ਸਾਹਿਤ ਦਾ ਸ਼ਾਹਜ਼ਾਦਾ ਹੈ। ਤੇ ਇਸ ਸ਼ਾਹਜ਼ਾਦੇ ਨੂੰ ਜ਼ਿੰਦਗੀ ਦੇ ਰਣਖੇਤਰ ਵਿਚ ਚੜ੍ਹੇ ਪੀੜੇ ਰਖਣਾ, ਇਹਦੀਆਂ ਇਖ਼ਲਾਕੀ ਕੀਮਤਾਂ ਨੂੰ ਉਚਿਆਏ ਰਹਿਣਾ, ਇਹਦੇ ਸੁਆਦਾਂ, ਪਿਆਰ ਤੇ ਖ਼ੂਬਸੂਰਤੀ ਲਈ ਇਹਦੀਆਂ ਰਚਨਾਵਾਂ ਨੂੰ ਉਚਿਆਏ ਰਹਿਣਾ ਸਾਹਿਤ ਦਾ ਉਦੇਸ਼ ਤੇ ਹੁਨਰ ਹੈ। ਮਨੁੱਖ ਦੀ ਅੰਤਰ ਜਿੱਤ ਇਹਦੇ ਹਰ ਗੀਤ ਦੀ ਸਮੱਸਿਆ ਹੈ।[2]

੧. ਚੰਗੇਰੀ ਦੁਨੀਆਂ — ਗੁਰਬਖ਼ਸ਼ ਸਿੰਘ, ੧੯੬੨ ਐਡੀਸ਼ਨ।
੨. ਜ਼ਿੰਦਗੀ ਦੀ ਰਾਸ — ਗੁਰਬਖ਼ਸ਼ ਸਿੰਘ, ੧੯੬੩ ਐਡੀਸ਼ਨ, ਪੰਨਾ ੪੪।

ਇਸ ਉਦੇਸ਼ ਦੇ ਸਹਾਰੇ ਹੀ ਉਹ "ਖ਼ੁਸ਼ੀ ਦੀ ਸਿਖਰ ਤੇ ਚਿੰਤਾ ਦਾ ਪਾਤਾਲ" "ਜ਼ਿੰਦਗੀ ਵਾਰਸ ਹੈ" "ਕਿਹਰੂ ਦਸ ਨੰਬਰੀਆ" "ਸਤੀ ਮਾਤਾ" ਵਰਗੀਆਂ ਚੰਗੀਆਂ ਕਹਾਣੀਆਂ ਲਿਖ ਸਕਿਆ ਹੈ । ਜਿਨ੍ਹਾਂ ਵਿਚ ਉਹ ਆਪਣੇ ਸਮੇਂ ਦੀ ਗਤੀ ਪਹਿਚਾਣਦਾ ਹੋਇਆ ਇਹਦੇ ਦੁੱਖਾਂ ਦਰਦਾਂ ਵਿਚ ਭਿਜ ਕੇ ਕੋਈ ਗੱਲ ਆਖਦਾ ਹੈ । ਗੱਲ ਆਖਦਾ ਹੀ ਨਹੀਂ ਚੇਤੰਨਤਾ ਨੂੰ ਤਕੜਾ ਹਲੂਣਾ ਦਿੰਦਾ ਹੈ । ਮਨੁੱਖ ਦੇ ਚੰਗੇਪਣ ਵਿਚ ਵਿਸ਼ਵਾਸ ਜਗਾਂਦਾ ਹੈ ।

ਇਹ ਉਹ ਸਮਾਂ ਹੈ ਜਦੋਂ ਮਨੁੱਖ ਆਪਣੀ ਪਰੰਪਰਾ ਨਾਲੋਂ ਟੁੱਟ ਕੇ ਯਤੀਮ ਹੋ ਕੇ ਜਿਊਣ ਲਗਿਆ । ਅੱਗਾ ਪਿਛਾ ਭੁੱਲ ਉਹ "ਹੁਣ" ਤੇ ਹੀ ਖਲੋ ਗਿਆ । ਕੋਈ ਆਦਰਸ਼ ਨਾ ਰਿਹਾ, ਕੋਈ ਸੇਧ ਨਾ ਰਹੀ । ਕੋਈ ਰਾਹ ਨਾ ਛਡਿਆ । ਰਾਹਾਂ ਦੇ ਗੁਆਚਣ ਤੋਂ ਕੋਈ ਸਹਿਮ ਨਾ ਜਾਗਿਆ । ਰੱਬ ਨੂੰ ਮਖ਼ੌਲ ਕਰਦਾ ਮਨੁੱਖ ਖ਼ੁਦ ਇਕ ਮਖੌਲ ਬਣ ਗਿਆ । ਇਸ ਆਪਾ ਧਾਪੀ ਤੇ ਟੁੱਟ ਭੱਜ ਦਾ ਸਿਖਰ ਵਿਸ਼ਵ ਯੁਧਾਂ ਦੇ ਰੂਪ ਵਿਚ ਪਰਗਟ ਹੋਇਆ ਤਾਂ ਮਨੁੱਖ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਘਬਰਾ ਕੇ ਮੁੜ ਮਨੁੱਖ ਦੇ ਆਪੇ ਨੂੰ ਟੋਲਣ ਲਗਿਆ । ਅਮਨ ਲਹਿਰਾਂ ਤੁਰੀਆਂ, ਸੰਸਥਾਵਾਂ ਬਣੀਆਂ ।

ਇਸ ਸਮੇਂ ਦਾ ਮਨੁੱਖ ਆਪਾ ਵਿਰੋਧੀ ਰੁਚੀਆਂ ਦੇ ਦਵੰਧ ਤੇ ਖਲੋਤਾ ਹੋਇਆ ਦਿਸਦਾ ਹੈ । ਇਕ ਪਾਸੇ ਵਿਗਿਆਨ ਬਹੁਤ ਕੁਝ ਉਹਦੇ ਵਸ ਕਰ ਕੇ ਉਹਦਾ ਜਿਊਣਾ ਸੌਖਾ ਕਰ ਰਿਹਾ ਹੈ, ਪਰ ਦੂਜੇ ਪਾਸੇ ਵਿਗਿਆਨ ਦ੍ਰਿਸ਼ਟੀਆਂ ਜਾਣ ਕਰ ਕੇ ਉਹਦੇ ਕੋਲੋਂ ਉਹਦੇ ਸੁਪਨਿਆਂ ਦਾ ਸੰਸਾਰ ਖੋਹ ਰਹੀ ਹੈ । ਮਨੋਵਿਗਿਆਨਕ, ਵੰਸਵਾਦ, ਪ੍ਰਸਥਿਤੀਵਾਦ ਨੇ ਉਸ ਨੂੰ ਦੇਵਤਿਆਂ ਤੇ ਦੈਂਤਾਂ ਦੀ ਸ਼ਰੇਣੀ ਵਿਚੋਂ ਕੱਢ ਉਸ ਨੂੰ ਮਨੁੱਖੀ ਰੂਪ ਵਿਚ ਸਾਡੇ ਸਾਹਮਣੇ ਲਿਆਂਦਾ । ਉਸ ਮਨੁੱਖੀ ਰੂਪ ਵਿਚ ਜਿਹੜਾ ਸਰਬ ਸ਼ਕਤੀਮਾਨ ਵੀ ਆਪ ਹੀ ਮਿਥਦਾ ਹੈ । ਇਸ ਨਾਲ ਭਾਣਾ, ਰਜ਼ਾ ਤੇ ਕਿਸਮਤ ਲਾਂਭੇ ਹੋ ਕੇ ਖਲੋ ਗਏ । ਮਨੁੱਖ ਆਪਣੀ ਕਿਸਮਤ ਦਾ ਆਪ ਮਾਲਕ ਬਣ ਕੇ ਸਾਡੇ ਸਾਹਮਣੇ ਆਉਂਦਾ ਹੈ । ਇਸ ਨਾਲ ਜੀਊਣ ਮਰਨ ਦੇ ਅਰਥ ਹੀ ਬਦਲ ਗਏ । ਇਸ ਚੇਤਨਤਾ ਦੇ ਸਹਾਰੇ ਹੀ ਗੁਰਬਖ਼ਸ਼ ਸਿੰਘ "ਸ਼ਬਨਮ", "ਰਾਧਾ", "ਕਿਹਰੂ ਦਸ ਨੰਬਰੀਆ", ਤੇ "ਕੰਵਲ ਕਲੀ" ਵਰਗੀਆਂ ਕਹਾਣੀਆਂ ਲਿਖ ਸਕਿਆ ਹੈ । ਜਿਥੇ ਇਹ ਪਾਤਰ ਸਾਰੀਆਂ ਵਿਰੋਧੀ ਤਾਕਤਾਂ ਨਾਲ ਟਕਰਾ ਕੇ ਆਪਣਾ ਜਿਊਣ ਦਾ ਹੱਕ ਪ੍ਰਾਪਤ ਕਰ ਲੈਂਦੇ ਹਨ । ਜਿਊਣ ਦਾ ਹਰ ਬੰਦੇ ਨੂੰ ਇਕੋ ਜਿਹਾ ਹੀ ਅਧਿਕਾਰ ਹੈ ਇਸ ਗੱਲ ਦੀ ਪਹਿਚਾਨ ਉਸ ਨੂੰ ਸਮਾਜਵਾਦੀ ਵਿਚਾਰਧਾਰਾ ਨੇ ਕਰਵਾਈ ।

ਇਸ ਯੁਗ ਵਿਚ ਮਸ਼ੀਨਪਤੀ ਜਦੋਂ ਸਮਾਜਕ ਆਰਥਕ ਤੇ ਰਾਜਨੀਤਕ ਖੇਤਰ ਵਿਚ ਹਾਵੀ ਹੋਣ ਲਗੇ ਤਾਂ ਆਰਥਕ ਅਨਿਸਚਿਤਤਾ ਆਈ । ਬੇਕਾਰੀ ਵਧੀ । ਜਿਸ ਨੇ ਮਧ-ਵਰਗ ਵਿਚ ਨਿਰਾਸ਼ਾ ਲਿਆਂਦੀ । ਜਿਸ ਨੇ ਫ਼ਾਸ਼ਿਸਟ ਪਰਵਿਰਤੀਆਂ ਨੂੰ ਇਹਨਾਂ ਵਿਚੋਂ ਸੰਘਰਸ਼ ਤੇ ਵਿਦਰੋਹ ਦਾ ਸਾਹਿਤ ਪੈਦਾ ਹੋਇਆ । ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ "ਕੰਵਲ ਕਲੀ" ਕਾਤਲ ਕੌਣ" ਇਹਨਾਂ ਹੀ ਬਿਰਤੀਆਂ ਨੂੰ ਪਰਗਟਾਂਦੀਆਂ ਹਨ ।

ਮਾਨਵੀ ਸੰਬੰਧ ਵੀ ਜਦੋਂ ਵਪਾਰਕ ਰੂਪ ਧਾਰ ਗਏ ਤਾਂ ਮਨੁੱਖ ਦੇ ਵਿਚਾਰ, ਅਨੁਭਵ ਤੇ ਕਰਮ ਵਿਚੋਂ ਇਕਸੁਰਤਾ ਗੁੰਮਣ ਲੱਗੀ । ਅਨੇਕਾਂ ਅੰਤਰ-ਵਿਰੋਧੀ ਵਿਚਾਰਧਾਰਾਵਾਂ ਦੇ ਵਿਚਕਾਰ ਖਲੋਤੇ ਮਨੁੱਖ ਦਾ ਵਿਅਕਤਿਤਵ ਇਕ ਇਕਾਈ ਦੀ ਥਾਂ ਖੰਡ ਸਮੂਹ ਦਾ ਰੂਪ ਧਾਰ ਗਿਆ । ਇਸ ਦਵੰਧ, ਇਸ ਪਾੜ ਤੇ ਖਲੋਤਾ ਹੋਣ ਕਰ ਕੇ ਉਸ ਦਾ ਚੈਨ ਖੁਸ ਗਿਆ । ਅਨਿਸਚਿਤਤਾ



ਤੇ ਬੇਚੈਨੀ ਵਧੀ । ਗੁਰਬਖ਼ਸ਼ ਸਿੰਘ ਇਸ ਸਾਰੇ ਅਨੁਭਵ ਤੋਂ ਲਾਂਭੇ ਕਿਵੇਂ ਰਹਿ ਸਕਦਾ ਸੀ । "ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ" "ਪੂਜ ਮਾਤਾ" "ਤੁਸੀਂ ਹਮੇਸ਼ਾ ਮੇਰੀ ਦੁਨੀਆਂ ਬਣੇ ਰਹੋਗੇ" ਅਜਿਹੇ ਹੀ ਗ਼ਮਗੀਨ, ਉਦਾਸ, ਭਟਕਦੀ ਜ਼ਿੰਦਗੀ ਦੇ ਚਿਤਰ ਉਲੀਕਦੀਆਂ ਹਨ ।

ਇਸ ਸਮੇਂ ਮਨੁੱਖ ਜਦੋਂ ਖੰਡ ਰੂਪ ਵਿਚ ਸੋਚਣ ਲਗਿਆ ਜਿਊਣ ਲਗਿਆ ਤਾਂ ਨਾਵਲ ਜੋ ਸੰਪੂਰਨ ਮਨੁੱਖ ਦੀ ਪੂਰੀ ਕਹਾਣੀ ਕਹਿੰਦਾ ਹੈ ਪਿਛੇ ਹਟਣ ਲਗਿਆ ਤੇ ਕਹਾਣੀ ਅੱਗੇ ਆਉਣ ਲੱਗੀ ਜੋ ਮਨੁੱਖੀ ਜ਼ਿੰਦਗੀ ਦੀ ਕੋਈ ਇਕ ਤੰਦ ਲੈ ਕੇ ਸਾਰਾ ਪੰਧ ਮੁਕਾ ਲੈਂਦੀ ਹੈ ।[੧] ਇਥੇ ਗੁਰਬਖ਼ਸ਼ ਸਿੰਘ ਨੇ ਕਹਾਣੀ ਦੀ ਪ੍ਰੀਭਾਸ਼ਾ ਸਮਝਦਿਆਂ ਟਪਲਾ ਖਾਧਾ ਹੈ । ਉਹ ਕਹਾਣੀ ਰਾਹੀਂ ਉਸ ਪਲ ਦਾ ਜ਼ਿਕਰ ਨਹੀਂ ਕਰਦਾ ਜੋ ਮਨੁੱਖ ਦੀ ਜੀਵਨ ਤੇ ਜਗਤ ਬਾਰੇ ਚੇਤੰਨਤਾ ਨੂੰ ਤਿੱਖਿਆਂ ਕਰਦਾ ਹੈ । ਜੋ ਜ਼ਿੰਦਗੀ ਦੇ ਅਰਥ ਸਮਝਾਣ ਜੋਗਾ ਹੋਣ ਕਰ ਕੇ ਅਰਥ ਮਈ ਹੈ । ਸਗੋਂ ਉਹ ਨਿੱਕੀ ਕਹਾਣੀ ਰਾਹੀਂ ਮਨੁੱਖ ਦੀ ਵੱਡੀ ਜ਼ਿੰਦਗੀ ਬਾਰੇ ਦਸਣ ਬੈਠ ਜਾਂਦਾ ਹੈ । "ਅਨੋਖੇ ਤੇ ਇਕੱਲੇ" "ਕੇਸਰੀ ਦੀ ਗੱਡ" "ਰਾਏਜ਼ਾਦਾ ਬਿਧੀਚੰਦ" "ਪੂਜਮਾਤਾ" ਆਦਿ ਕਹਾਣੀਆਂ ਅਨੇਕਾਂ ਵਰ੍ਹਿਆਂ ਉਤੇ ਬਿਖਰੀਆਂ ਹੋਈਆਂ ਹਨ । ਵਰ੍ਹਿਆਂ ਵਿਚ ਤੁਰਦੀਆਂ ਜੇ ਉਹ ਜ਼ਿੰਦਗੀ ਦੇ ਅਰਥ ਤਕ ਨਹੀਂ ਅਪੜਦੀਆਂ ਤਾਂ ਉਹ ਮਨੁੱਖੀ ਮਨ ਨੂੰ ਖ਼ੁਸ਼ੀ ਦੇਣ ਦੇ ਸਮਰੱਥ ਨਹੀਂ ਹੁੰਦੀਆਂ । ਖ਼ੁਸ਼ੀ ਤੇ ਅਰਥ ਦੀ ਖ਼ਾਤਰ ਹੀ ਤਾਂ ਕਲਾਕਾਰ ਕਹਾਣੀ ਦੀ ਸਿਰਜਨਾ ਕਰਦਾ ਹੈ ।

ਫ਼ਰਾਂਸੀਸੀ ਇਨਕਲਾਬ, ਸਨਅਤੀ ਇਨਕਲਾਬ, ਵਿੱਦਿਆ ਦੇ ਵਾਧੇ, ਮਧ ਸ਼ਰੇਣੀ ਦੇ ਫੈਲਾਓ ਤੇ ਵਿਗਿਆਨਕ ਉੱਨਤੀ ਦੇ ਪ੍ਰਤੀਕਰਮ ਵਜੋਂ ਜ਼ਿੰਦਗੀ ਵਿਚੋਂ 'ਵਿਸ਼ੇਸ਼' ਤੇ "ਸਾਧਾਰਨ" ਪਰਧਾਨ ਹੋਏ । ਪਰ ਗੁਰਬਖ਼ਸ਼ ਸਿੰਘ ਵਿਸ਼ੇਸ਼ ਤੋਂ ਸਾਧਾਰਨ ਵਲ ਆਉਣ ਦੀ ਥਾਂ ਸਾਧਾਰਨ ਮਨੁੱਖ ਦੇ ਵਿਸ਼ੇਸ਼ ਅਨੁਭਵ ਨੂੰ ਪੇਸ਼ ਕਰਨ ਲਗਿਆ । "ਸ਼ਬਨਮ" "ਰਾਧਾ" ਕਹਾਣੀਆਂ ਸਾਧਾਰਨ ਔਰਤ ਦੇ ਵਿਸ਼ੇਸ਼ ਅਨੁਭਵ ਨੂੰ ਪੇਸ਼ ਕਰਦੀਆਂ ਹਨ । "ਦਿਲ ਦੌਲਤ ਦੇ ਹੀਰੇ ਪੰਨੇ" ਸਾਧਾਰਾਨ ਲੋਕਾਂ ਦਾ ਅਸਾਧਾਰਨ ਵਿਚਰਨ ਉਲੀਕਦੀ ਹੈ । ਇਸ ਤਰ੍ਹਾਂ ਉਸ ਦੇ ਪਾਤਰ ਜਨ-ਜੀਵਨ ਦਾ ਭਾਗ ਹੋਣ ਦੀ ਥਾਂ ਵਖਰ ਦਿਸਦੇ ਹਨ । ਇਸ ਗੱਲ ਬਾਰੇ ਗੁਰਬਖ਼ਸ਼ ਸਿੰਘ ਆਪ ਵੀ ਆਖਦਾ ਹੈ "ਕਈਆਂ ਨੂੰ ਇਹਨਾਂ ਮੇਰੀਆਂ ਕਹਾਣੀਆਂ ਦੇ ਪਾਤਰ ਸਾਧਾਰਨ ਨਾ ਹੋਣ ਕਰ ਕੇ ਅਸੁਭਾਵਕ ਜਾਪ ਸਕਦੇ ਹਨ । ਪਰ ਇਹ ਸਾਰੇ ਦੇ ਸਾਰੇ ਮੈਂ ਆਪਣੇ ਆਲੇ ਦੁਆਲੇ ਦੀ ਸਾਧਾਰਨ ਜ਼ਿੰਦਗੀ ਵਿਚੋਂ ਲਏ ਹਨ । ਸਾਧਾਰਨ ਜ਼ਿੰਦਗੀ ਵਿਚ ਵਸਦੇ ਸਨ ਇਹ ਅਨੋਖੇ ਤੇ ਇਕੱਲੇ । ਤੇ ਅਨੋਖਿਆਂ ਤੇ ਇਕੱਲਿਆਂ ਨਾਲ ਮੇਰੀ ਦਿਲ ਦੀ ਡੂੰਘੀ ਸਾਂਝ ਹੈ ।"[੨]

ਜ਼ਿੰਦਗੀ ਵਿਚ ਅਸਾਧਾਰਨਤਾ ਵੀ ਹੈ, ਪਰ ਲੇਖਕ ਨੇ ਤਾਂ ਇਕ ਰਾਹੀਂ ਅਨੇਕ ਦੀ ਗੱਲ

---

1. James Branch once explained that a writer's task is to take the reader from the blinding confusion of the street into the darkness and quiet of the theater, where he tries to explain, concisely and quietly, the meaning of the chaos outside. Master's of the Modern Short Story edited by Walter Harigburst 1955, Harcourt Brace & Co. New York.

੨. ਜ਼ਿੰਦਗੀ ਵਾਰਸ ਹੈ — ਗੁਰਬਖ਼ਸ਼ ਸਿੰਘ, ੧੯੬੦ ਐਡੀਸ਼ਨ, ਭੂਮਿਕਾ ਵਿਚੋਂ ।

ਆਖਣੀ ਹੁੰਦੀ ਹੈ । ਅੱਜ ਜਨ ਸਾਧਾਰਨ ਦਾ ਯੁਗ ਹੈ ਤੇ ਇਹ ਅਸਾਧਾਰਨਤਾ ਦੀ ਕੀਮਤ ਤੇ ਵਚਿਤਰਤਾ ਪਰਵਾਨ ਨਹੀਂ ਕਰਦਾ । ਇਸ ਲਈ ਗੁਰਬਖ਼ਸ਼ ਸਿੰਘ ਯੁਗ ਚੇਤਨਾ ਦੇ ਹਾਣ ਦਾ ਹੋ ਕੇ ਨਹੀਂ ਤੁਰ ਸਕਿਆ ।

ਇਸ ਭੌਤਕਵਾਦੀ ਯੁਗ ਵਿਚ ਮਨੁੱਖ ਲਈ ਜਦੋਂ ਨਰਕ ਸਵਰਗ ਦੇ ਲਾਰੇ ਮੁਕ ਗਏ ਤੇ ਅੱਗਾ ਸੁਆਰਨ ਦੀ ਗੱਲ ਨਾ ਰਹੀ ਤਾਂ ਉਹਦੇ ਸਾਰੇ ਯਤਨ ਇਸੇ ਜੀਵਨ ਵਲ ਮੁੜੇ । ਇਸੇ ਨੂੰ ਸਾਵਾਂ, ਪਧਰਾ, ਸੁਖਾਵਾਂ ਬਣਾਨ ਲਈ ਇਹਦੇ ਰਾਜਸੀ ਢਾਂਚੇ, ਆਰਥਕ ਪਰਬੰਧ, ਧਾਰਮਕ ਅਕੀਦਿਆਂ ਤੇ ਸਮਾਜਕ ਮਾਨਵਤਾਵਾਂ ਦੀ ਮੁੜ ਜਾਂਚ ਪੜਤਾਲ ਸ਼ੁਰੂ ਹੋ ਗਈ ਤੇ ਉਸ ਸਭ ਕਾਸੇ ਨੂੰ ਬੇਕਾਰ ਆਖ ਕੇ ਰੱਦ ਕਰ ਦਿਤਾ ਗਿਆ ਜੋ ਮਨੁੱਖੀ ਹਿੱਤ ਤੇ ਮਨੁੱਖੀ ਵਿਕਾਸ ਦਾ ਰਾਹ ਉਲੰਘਦਾ ਹੈ । ਗੁਰਬਖ਼ਸ਼ ਸਿੰਘ ਆਪਣੀਆਂ ਕਹਾਣੀਆਂ ਨੂੰ ਇਸੇ ਰਾਹ ਤੇ ਤੋਰਨ ਦੀ ਕੋਸ਼ਸ਼ ਕਰਦਾ ਹੈ । "ਸਤੀਮਾਤਾ" ਵਿਚ ਉਹ ਮਹਿੰਗੇ ਉਲਾਰ, ਬੇਲੋੜੇ ਧਾਰਮਕ ਪਾਖੰਡਾਂ ਵਲ ਉਂਗਲ ਚੁਕਦਾ ਹੈ। "ਰਾਏਜ਼ਾਦਾ ਬਿਧੀ ਚੰਦ" ਤੇ "ਕਾਤਲ ਕੌਣ" ਵਿਚ ਉਹ ਹਾਲਤ ਰਾਜਸੀ ਨਜ਼ਾਮ ਦੀ ਹਮਾਇਤ ਵਿਚ ਪਲਦੇ ਹਾਲਤ ਕਾਨੂੰਨਾਂ ਨੂੰ ਨਿੰਦਦਾ ਹੈ। "ਇਸਤਰੀ ਮੁਹਰਾ ਹੈ ਮਰਦ ਦੀ ਸ਼ਤਰੰਜ ਦਾ" ਕਹਾਣੀ ਵਿਚ ਉਹ ਇਸਤਰੀ ਦੀ ਸਮਾਜਕ ਸਥਿਤੀ ਦੀ ਪੜਚੋਲ ਕਰਦਾ ਹੈ । "ਪ੍ਰੀਤਾਂ ਦੀ ਪਹਿਰੇਦਾਰ" ਵਿਚ ਉਹ ਸਰਮਾਏਦਾਰ ਦੇ ਵਿਕਾਰ ਨੂੰ ਨੰਗਾ ਕਰਦਾ ਹੈ । ਇਸ ਦ੍ਰਿਸ਼ਟੀਕੋਣ ਬਾਰੇ ਉਹ ਆਪ ਵੀ ਲਿਖਦਾ ਹੈ ਕਿ ਇਹਨਾਂ ਕਹਾਣੀਆਂ ਵਿਚ ਮੇਰਾ ਟੀਚਾ ਏਨਾ ਮੌਲਿਕ ਹੈ ਕਿ "ਇਹਨਾਂ ਕਹਾਣੀਆਂ ਵਿਚ ਮੇਰਾ ਟੀਚਾ ਏਨਾ ਮੌਲਿਕ ਜਾਂ ਕਲਾਤਮਿਕ ਲਿਖਾਰੀ ਹੋਣ ਦਾ ਨਹੀਂ ਸੀ, ਜਿੰਨਾ ਕੁਝ ਇਕ ਸਮਾਜੀ ਕੀਮਤਾਂ ਸੰਬੰਧੀ ਆਪਣੇ ਸਮਕਾਲੀਆਂ ਨੂੰ ਸੁਚੇਤ ਕਰਨਾ ਸੀ ।[1]

ਜੀਵ ਵਿਗਿਆਨੀਆਂ ਦੇ ਵਿਕਾਸਵਾਦੀ ਸਿਧਾਂਤ ਨੇ ਮਨੁੱਖ ਦੇ ਰੱਬੀ ਰੂਪ ਵਾਲੇ ਵਿਸ਼ਵਾਸ ਨੂੰ ਤੋੜਿਆ ਤੇ ਉਹਨੂੰ ਸੰਘਰਸ਼ ਦੀ ਮਹੱਤਤਾ ਸਮਝਾਈ । ਮਾਰਕਸਵਾਦੀ ਫ਼ਿਲਾਸਫ਼ੀ ਨੇ ਜਦੋਂ ਦਸਿਆ ਕਿ ਕਦਰਾਂ ਕੀਮਤਾਂ, ਆਚਾਰ ਵਿਵਹਾਰ, ਆਦਰਸ਼, ਪ੍ਰਾਪਤੀਆਂ ਸਭ ਵਖਰੀਆਂ ਵਖਰੀਆਂ ਭੌਤਕ ਪ੍ਰਸਥਿਤੀਆਂ ਦੀ ਉਪਜ ਹੁੰਦੀਆਂ ਹਨ । ਤਾਂ ਇਸ ਭੌਤਕ ਜਗਤ ਦੀ ਮਹੱਤਤਾ ਵਧੀ । ਮਾਰਕਸ ਨੇ ਭੌਤਕ ਪ੍ਰਾਪਤੀਆਂ ਲਈ ਵਰਗ ਸੰਘਰਸ਼ ਦਾ ਰਾਹ ਦਸਿਆ ਤਾਂ ਜੋ ਇਕ ਵਰਗ ਰਹਿਤ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ ।

ਇਸੇ ਵਰਗ ਸੰਘਰਸ਼ ਨੂੰ ਉਲੀਕਦੀਆਂ, ਇਸੇ ਦੀ ਸੇਧ ਵਿਚ ਤੁਰਦੀਆਂ, ਇਸ ਰਾਹ ਦੇ ਹਨੇਰੇ ਚਾਨਣ ਦੀ ਕਹਾਣੀ ਕਹਿੰਦੀਆਂ ਗੁਰਬਖ਼ਸ਼ ਸਿੰਘ ਨੇ ਅਨੇਕਾਂ ਕਹਾਣੀਆਂ ਦਿਤੀਆਂ । "ਕੰਵਲ ਕਲੀ" "ਕਾਤਲ ਕੌਣ" । ਕਹਾਣੀਆਂ ਵਿਚ ਉਹ ਸਪਸ਼ਟ ਭਾਂਤ ਸਮਾਜਵਾਦੀ ਵਿਚਾਰਧਾਰਾ ਨੂੰ ਅਪਣਾ ਕੇ ਤੁਰਦਾ ਹੈ ।

ਵਰਗ ਸੰਘਰਸ਼ ਤੇਜ਼ ਕਰਨ ਲਈ ਉਹ ਕਿਰਤੀ ਕਾਮੇ ਨੂੰ ਉਹਦੀ ਹੀਣੀ ਅਵਸਥਾ ਤੋਂ ਜਾਣੂੰ ਕਰਵਾਉਂਦਾ ਹੈ । ਹਾਣੀ ਸ਼ਰੇਣੀ ਦੇ ਅਤਿਆਚਾਰਾਂ ਨੂੰ ਨੰਗਿਆਂ ਕਰਦਾ ਹੈ । ਹੀਣੀ ਤੇ ਹਾਣੀ ਸ਼ਰੇਣੀ ਦੀ ਟੱਕਰ ਵਿਚੋਂ ਮਨੁੱਖ ਦੀ ਅੰਤਮ ਜਿੱਤ ਦਾ ਭਰੋਸਾ ਦ੍ਰਿੜ੍ਹ ਕਰਵਾਉਂਦਾ ਹੈ ।

---

੧. ਵੀਨਾ ਵਿਨੋਦ — ਗੁਰਬਖ਼ਸ਼ ਸਿੰਘ, ੧੯੬੦ ਐਡੀਸ਼ਨ, ਮੁਖਬੰਧ ਵਿਚੋਂ ।



ਇਸ ਪਖੋਂ "ਰਾਏਜ਼ਾਦਾ ਬਿਧੀ ਚੰਦ" "ਕਾਤਲ ਕੌਣ" "ਕੰਵਲ ਕਲੀ" ਉਸ ਦੇ ਇਹਨਾਂ ਉਦੇਸ਼ਾਂ ਨੂੰ ਹੀ ਲੈ ਕੇ ਤੁਰਦੀਆਂ ਹਨ ।

ਸਮਾਜਵਾਦੀ ਸਾਹਿਤ ਦਾ ਆਧਾਰ ਦਵੰਦਾਤਮਕ ਭੌਤਕਵਾਦ ਹੈ । ਭੌਤਕਵਾਦੀ ਧਰਮ, ਕਾਮ ਮੋਕਸ਼ ਨੂੰ ਅਰਥ ਦੇ ਅਧੀਨ ਤੁਰਦੇ ਵੇਖਦਾ ਹੈ । ਇਸੇ ਲਈ ਜ਼ਿੰਦਗੀ ਵਿਚ ਆਰਥਕ ਪ੍ਰਾਪਤੀਆਂ ਲਈ ਸਾਧਨ ਲਭਦਾ ਹੈ । ਸਾਧਨਾ ਤਕ ਅਪੜਨ ਦਾ ਸਾਹਸ ਦੇਣ ਲਈ ਉਹ ਮਨੁੱਖ ਨੂੰ ਉਸ ਦੇ ਚੌਗਿਰਦੇ ਵਿਚ ਰਖ ਕੇ ਉਸ ਨੂੰ ਉਸ ਦੇ ਅਤਿ ਸੰਸਾਰਕ ਰੂਪ ਵਿਚ ਚਿਤਰਦਾ ਹੈ । ਪਰਸਥਿਤੀਆਂ ਨੂੰ ਜੀਵਨ ਦੀਆਂ ਸੰਚਾਲਕ ਸ਼ਕਤੀਆਂ ਮੰਨ ਕੇ ਮਨੁੱਖ ਨੂੰ ਇਹਨਾਂ ਤੇ ਹਾਵੀ ਹੋਣ ਦੀ ਪ੍ਰੇਰਨਾ ਦਿੰਦਾ ਹੈ । ਅਜਿਹੇ ਹੀ ਵਿਚਾਰਾਂ ਨੂੰ ਅਗੇ ਰਖ ਕੇ ਗੁਰਬਖ਼ਸ਼ ਸਿੰਘ "ਸ਼ਬਨਮ" ਕਹਾਣੀ ਵਿਚ ਕਾਰ ਕਰ ਸਕਣ ਵਿਚੋਂ ਜ਼ਿੰਦਗੀ ਦੀ ਖ਼ੁਸ਼ਹਾਲੀ ਲਭਦਾ ਹੈ । "ਕੰਵਲ ਕਲੀ" ਵਿਚ ਆਪਣੇ ਹੱਕਾਂ ਲਈ ਜਦੋ ਜਹਿਦ ਉਲੀਕਦਾ ਹੈ ।

ਇਥੇ ਅਪੜ ਕੇ ਗੁਰਬਖ਼ਸ਼ ਸਿੰਘ ਮਨੁੱਖ ਦੀਆਂ ਵਕਤੀ ਲੋੜਾਂ ਤੇ ਭੌਤਕ ਪ੍ਰਾਪਤੀਆਂ ਤੇ ਹੀ ਖੜੋ ਗਿਆ ਹੈ, ਪਰ ਮਨੁੱਖ ਦੀ ਅੰਦਰਲੀ ਤੇ ਬਾਹਰਲੀ ਭਰਪੂਰਤਾ ਦੀ ਅਜ਼ਲੀ ਲੋਚਾ ਨੂੰ ਉਸ ਨੇ ਚੜ੍ਹਦੇ ਢਲਦੇ ਪਰਛਾਵਿਆਂ ਤੱਕ ਹੀ ਸੀਮਤ ਕਰ ਦਿਤਾ ਹੈ ।

ਉਹ ਦ੍ਰਿਸ਼ਮਾਨ ਦੀਆਂ ਪ੍ਰਾਪਤੀਆਂ ਤੇ ਹੀ ਖੜੋ ਗਿਆ ਹੈ । ਪਰ ਕੁਝ ਖੋ ਕੇ ਹੀ ਕੁਝ ਪਾਇਆ ਜਾ ਸਕਦਾ ਹੈ ਇਸ ਗੱਲ ਵਲ ਨਹੀਂ ਜਾਂਦਾ । ਮਨੁੱਖ ਕੀ ਖੋਂਦਾ ਹੈ ਤੇ ਕੀ ਪਾਉਂਦਾ ਹੈ । ਕੀ ਖੋਣ ਤੇ ਕੀ ਪਾਉਣ ਲਈ ਤਿਆਰ ਰਹਿੰਦਾ ਹੈ । ਇਸ ਪਾਉਣ ਤੇ ਗੁਆਉਣ ਦੀ ਚੋਣ ਪਿਛੇ ਕਿਹੜੀਆਂ ਕੀਮਤਾਂ ਖੜੋਤੀਆਂ ਹੋਈਆਂ ਹੁੰਦੀਆਂ ਹਨ । ਇਸ ਪਾਉਣ ਤੇ ਗੁਆਉਣ ਦੀ ਨਿਰੰਤਰ ਗਤੀ ਮਨੁੱਖ ਦੇ ਕਿੰਨੀ ਕੁ ਵਸ ਵਿਚ ਹੈ ਤੇ ਕਿੰਨਾ ਕੁ ਮਨੁੱਖ ਇਸ ਦੇ ਵਸ ਹੋ ਕੇ ਤੁਰਦਾ ਹੈ ਇਹੀ ਤਾਂ ਮਨੁੱਖ ਦੀ ਕਹਾਣੀ ਹੈ । ਪਰ ਗੁਰਬਖ਼ਸ਼ ਸਿੰਘ ਪਾਤਰਾਂ ਨੂੰ ਇਸ ਘੋਲ ਵਿਚ ਜੂਝਦੇ, ਡਿਗਦੇ, ਟੁਟਦੇ, ਉਠਦੇ ਅਨਿਸਚਿਤ ਅੰਤ ਵਲ ਵਧਦੇ ਨਹੀਂ ਦਿਖਾਉਂਦਾ ਸਗੋਂ ਉਹਨਾਂ ਨੂੰ ਨਿਸਚਿਤ ਰਾਹ ਤੇ ਤੋਰ ਕੇ ਨਿਸਚਿਤ ਥਾਂ ਤੇ ਪੁਚਾ ਦਿੰਦਾ ਹੈ । ਪਾਤਰ ਸਾਰੇ ਦੇ ਸਾਰੇ ਪਾਲਤੂ ਹੋਣ ਕਰਕੇ ਉਹਦੇ ਦਸੇ ਰਾਹ ਤੋਂ ਜ਼ਰਾ ਵੀ ਇਧਰ ਉਧਰ ਨਹੀਂ ਕਦਮ ਪੁਟਦੇ । ਇਸ ਤਰ੍ਹਾਂ ਉਹ ਮਨੋਵਿਗਿਆਨਕ ਸੱਚ ਨੂੰ ਝੁਠਲਾ ਕੇ, ਗੂੜ੍ਹੇ ਰੰਗਾਂ ਵਿਚ ਰੰਗੇ ਲੇਖਕ ਦੇ ਖ਼ਿਆਲਾਂ ਦੇ ਪ੍ਰਗਟਾਅ ਬਣ ਕੇ ਰਹਿ ਜਾਂਦੇ ਹਨ । "ਲੇਖਕ ਬੇਸ਼ਕ ਪਾਤਰਾਂ ਵਿਚ ਹੋਵੇ, ਪਰ ਇਉਂ ਜਿਵੇਂ ਰੱਬ ਕੁਦਰਤ ਵਿਚ ਹੈ ਜੋ ਸਭ ਥਾਂ ਹੈ ਫਿਰ ਵੀ ਦਿਸਦਾ ਕਿਧਰੇ ਨਹੀਂ ।"

ਆਪਣੇ ਵਿਚਾਰਾਂ ਦੇ ਪ੍ਰਗਟਾਅ ਲਈ, ਉਹ ਜ਼ਿੰਦਗੀ ਨੂੰ ਈਮਾਨਦਾਰੀ ਨਾਲ ਆਂਕਣ ਦੀ ਥਾਂ ਵਿਚੋਂ ਉਹ ਕੁਝ ਛੱਡ ਜਾਂਦਾ ਹੈ ਜੋ ਉਸ ਦੀ ਮਨੋਰਥ ਸਿਧੀ ਲਈ ਠੀਕ ਨਾ ਬੈਠਦਾ ਹੋਵੇ । "ਰਾਏਜ਼ਾਦਾ ਬਿਧੀ ਚੰਦ" ਏਡਾ ਮਾੜਾ ਹੈ ਕਿ ਉਹ ਆਪਣੇ ਮਾੜੇਪਨ ਦੀ ਵਿਆਖਿਆ ਤੋਂ ਵੀ ਸੰਕੋਚ ਨਹੀਂ ਕਰਦਾ ਕਿਉਂਕਿ ਇਹ ਵਿਆਖਿਆ ਲੇਖਕ ਨੂੰ ਚਾਹੀਦੀ ਹੈ । ਅਮੀਰਾਂ ਦੇ ਭੈੜ ਪਰਗਟਾਅ ਤਕ ਹੀ ਲੇਖਕ ਰਹਿ ਗਿਆ ਹੈ, ਪਰ ਉਹ ਇਹ ਨਹੀਂ ਵੇਖਦਾ ਕਿ ਬਿਧੀ ਚੰਦ ਕਦੋਂ ਕਿਉਂ ਤੇ ਕਿਵੇਂ ਇਸ ਪਾਸੇ ਵਲ ਝੁਕ ਗਿਆ ਹੈ ? ਉਸ ਅੰਦਰਲੇ ਸੱਚ ਵਿਚ ਜਿਉਂਦੇ ਮਨੁੱਖ ਨੂੰ ਕੀ ਬਚਾਇਆ ਜਾ ਸਕਦਾ ਹੈ ਕਿ ਨਹੀਂ ? ਲੇਖਕ ਨੇ ਉਸ ਨੂੰ ਘਿਰਣਾਮਈ ਬਣਾ ਕੇ ਹੀ ਗੱਲ ਮੁਕਾ ਦਿਤੀ ਹੈ । ਉਹ ਚੈਖਵ ਵਾਂਗ ਜ਼ਿੰਦਗੀ ਦੇ ਨਿਕਸੁਕ ਵਿਚੋਂ ਕਹਾਣੀ ਨਹੀਂ ਉਸਾਰਦਾ ਸਗੋਂ ਵਡੇ ਵਡੇ ਹਾਦਸਿਆਂ ਰਾਹੀਂ ਬਿਆਨ ਕਰਦਾ ਹੈ ।

"ਪ੍ਰੀਤਾਂ ਦੀ ਪਹਿਰੇਦਾਰ" "ਅਨਾਥ ਰਾਹਿਨਾ" "ਜ਼ਿੰਦਗੀ ਮੋੜੀ ਜਾ ਸਕਦੀ ਹੈ ਮੌਤ ਨਹੀਂ" ਆਦਿ ਸਭ ਵਡੇ ਹਾਦਸਿਆਂ ਦੀਆਂ ਕਹਾਣੀਆਂ ਹਨ ਜਿਹੜੀਆਂ ਮਨੁੱਖੀ ਅਨੁਭਵ ਦੇ ਕਿਸੇ ਸੱਚ ਨੂੰ ਪਰਗਟਾਣ ਦੀ ਥਾਂ ਮਨੁੱਖ ਦਾ ਰੂਪ ਵਿਗਾੜ ਕੇ ਪੇਸ਼ ਕਰਦੀਆਂ ਹਨ। ਮਨੁੱਖ ਦਾ ਇਹ ਵਿਗੜਿਆ ਰੂਪ ਚੇਤਨਤਾ ਦੇ ਬਚਪਨ ਵਿਚ ਜ਼ਰੂਰ ਸਾਡੀ ਉਤਸੁਕਤਾ ਜਗਾਂਦਾ ਹੈ, ਪਰ ਇਕ ਪਰੌੜ੍ਹ ਮਨ ਲਈ ਉਹ ਸਸਤੀ ਗਲਪ ਬਣਦੀ ਹੈ। ਕਿਸੇ ਕਾਰਨ ਗੁਰਬਖ਼ਸ਼ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਚੇਤੰਨ ਤੇ ਬੌਧਿਕ ਪਾਠਕ ਲਈ ਬਹੁਤ ਖਿੱਚ ਨਹੀਂ ਰਖਦੀਆਂ।

ਮਨੋਰਥ ਸਿਧੀ ਲਈ ਜਦੋਂ ਅਨੁਭਵ ਨੂੰ ਪਛਾੜ ਕੇ, ਕਹਾਣੀ ਨੂੰ ਜਾਣ ਬੁਝ ਕੇ ਕਿਸੇ ਖ਼ਾਸ ਪਾਸੇ ਵਲ ਘਸੀਟਿਆ ਜਾਂਦਾ ਹੈ ਤਾਂ ਉਹ ਜ਼ਿੰਦਗੀ ਦੀ ਕੋਈ ਕਾਤਰ ਪੇਸ਼ ਕਰਨ ਦੀ ਥਾਂ ਦੰਭ ਰਚਦੀਆਂ ਹਨ। ਜਿਹੜੀਆਂ ਜਨ-ਸਾਧਾਰਨ ਦੇ ਜੀਵਨ ਅਨੁਭਵ ਨਾਲ ਇਕਸੁਰ ਹੋ ਕੇ ਨਹੀਂ ਤੁਰਦੀਆਂ ਜਿਸ ਕਰਕੇ ਉਹਨਾਂ ਦੇ ਪਾਤਰ ਜਾਂ ਤਾਂ ਗਿਠਮੁਠੀਏ ਹੋ ਨਿਬੜਦੇ ਹਨ ਜਾਂ ਦੇਵ ਦੈਂਤ ਜਿਨ੍ਹਾਂ ਵਲ ਮਨੁੱਖ ਹੈਰਾਨ ਹੋ ਹੋ ਤਾਂ ਤੱਕ ਸਕਦਾ ਹੈ, ਪਰ ਉਹਨਾਂ ਨੂੰ ਆਪਣਾ ਹੀ ਇਕ ਹੋਰ ਰੂਪ ਸਮਝ ਭਿਆਲੀ ਨਹੀਂ ਪਾ ਸਕਦਾ। ਇਸੇ ਲਈ "ਪੂਜ ਮਾਤਾ" "ਦੇਸ ਬੰਧੂ" ਅਨੋਖੇ ਤੇ ਇਕੱਲੇ ਪਾਲ ਤੇ ਸੈਲੀ, ਪਿਆਰ ਕਬਜ਼ਾ ਨਹੀਂ......" ਦਾ ਨਾਇਕ ਸਾਧਾਰਨ ਅਨੁਭਵ ਦੀ ਕਿਸੇ ਸਚਾਈ ਨੂੰ ਨਹੀਂ ਪਰਗਟਾਂਦੇ।

ਗੁਰਬਖ਼ਸ਼ ਸਿੰਘ ਆਖਦਾ ਹੈ ਕਿ ਮੇਰੀ ਸਾਰੀ ਰਚਨਾ ਗ਼ਲਤ ਕੀਮਤਾਂ ਦੇ ਵਿਰੁਧ ਪਰਗਟ ਜਾਂ ਅਪਰਗਟ ਗਿਲਾ ਹੈ। ਇਸ ਤਰ੍ਹਾਂ ਉਹ ਕਹਾਣੀ ਨੂੰ ਸਾਧਨ ਬਣਾਉਂਦਾ ਹੈ ਆਪਣੇ ਗਿਲੇ ਪਰਗਟਾਣ ਦਾ। ਇਥੇ ਕਲਾ ਮਨੁੱਖ ਦੇ ਡੂੰਘੇ ਆਪੇ ਦਾ ਪਰਗਟਾਅ ਤੇ ਆਪੇ ਦੇ ਵਖਰੇ ਵਖਰੇ ਸਤਰ ਦੀ ਪਛਾਣ ਕਰਵਾਣ ਦੀ ਥਾਂ ਸਤਰੀ ਖੜ ਖੜ ਦੇ ਬਿਆਨ ਤੇ ਹੀ ਖੜੋ ਜਾਂਦੀ ਹੈ। ਗੁਰਬਖ਼ਸ਼ ਸਿੰਘ ਇਕ ਸਾਧਾਰਨ ਸਮਾਜਵਾਦੀ ਸਾਹਿਤਕਾਰ ਵਾਂਗ ਕਹਾਣੀ ਨੂੰ ਮਨੁੱਖੀ ਹਿਤਾਂ ਲਈ ਵਰਤਦਾ ਹੈ, ਪਰ ਉਹ ਇਸ ਗੱਲ ਵਲ ਧਿਆਨ ਨਹੀਂ ਦਿੰਦਾ ਕਿ ਕਲਾ ਸਾਮਿਅਕ ਤੇ ਵਿਖਿਆਰਥੀ ਹਿਤਾਂ ਤੋਂ ਉਤਾਂਹ ਜਾ ਕੇ "ਹਿਤ" ਦੇ ਵੀ ਨਵੇਂ ਸਤਰ, ਨਵੇਂ ਅਰਥ ਸਿਰਜਣ ਦੇ ਸਮਰੱਥ ਹੁੰਦੀ ਹੈ। ਉਹ ਮਿਥੇ ਵਿਆਪਕ ਹਿਤਾਂ ਤਕ ਹੀ ਖੜੋ ਗਿਆ ਹੈ।[1]

ਇਸ ਤਰ੍ਹਾਂ ਸਾਮਿਅਕ ਤੇ ਵਿਖਿਆਰਥੀ ਮਿਥੇ ਹਿਤਾਂ ਤੇ ਖਲੋ ਜਾਣਾ ਕਲਾ ਨੂੰ ਕਾਲਬਧ ਕਰਨਾ ਹੁੰਦਾ ਹੈ। ਜਿਹੜੀ ਕਲਾ ਕਾਲਬਧ ਹੋ ਗਈ ਉਹ ਉਸ ਕਾਲ ਦੇ ਨਾਲ ਹੀ ਮਰ ਜਾਂਦੀ ਹੈ। ਜਦੋਂ ਤੀਕ ਕਹਾਣੀ ਆਪਣੇ ਸਮੇਂ ਵਿਚ ਖੜੋ ਕੇ ਸਾਰੇ ਸਮਿਆਂ ਦੀ ਗੱਲ ਕਰਨ ਜੋਗੀ ਨਹੀਂ ਹੁੰਦੀ ਜਦੋਂ ਤੀਕ ਮਨੁੱਖ ਰਾਹੀਂ ਮਨੁੱਖਤਾ ਦੀ ਗੱਲ ਨਹੀਂ ਛੋਂਹਦੀ ਉਦੋਂ ਤੀਕ ਉਹ ਚਿਰੰਜੀਵ ਨਹੀਂ ਹੋ ਸਕਦੀ। ਗੁਰਬਖ਼ਸ਼ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਆਪਣੇ ਵਕਤ ਦੀ ਗੱਲ ਕਰਦੀਆਂ ਹਨ ਵਕਤ ਤੋਂ ਪਾਰ ਨਹੀਂ ਲਿਜਾਂਦੀਆਂ।

ਇਸ ਤਰ੍ਹਾਂ ਆਪਣੇ ਵਕਤ ਵਿਚ ਖੜੋ ਕੇ ਲਿਖਣ ਵਾਲੇ ਦੀ ਲਿਖਤ ਦਾ ਸੁਭਾ ਵੀ

1. The story writer embodies truth in people, giving it the warmth and vitality of human experience he uses specific incidents to symbolize universal conditions of life — Masters of the Modern Short Story (edited).



ਅਖ਼ਬਾਰੀ ਹੋ ਜਾਂਦਾ ਹੈ। ਗੁਰਬਖ਼ਸ਼ ਸਿੰਘ ਉਂਜ ਵੀ ਅਖ਼ਬਾਰ ਨਵੀਸ ਹੈ। ਉਸ ਕੋਲ ਕੋਈ ਵਡੀ ਪਾਰਦ੍ਰਿਸ਼ਟੀ ਨਹੀਂ। ਉਹ ਵਕਤੀ ਗੱਲਾਂ ਨੂੰ ਬੇਹੀਆਂ ਸਸਤੀਆਂ ਲੱਗਣ ਤੋਂ ਬਚਾਣ ਲਈ ਤੇ ਰੋਚਕ ਪਰਭਾਵਸ਼ਾਲੀ ਬਣਾਨ ਲਈ ਜਜ਼ਬਾਤੀ ਪੁੱਠ ਦੇ ਕੇ ਪੇਸ਼ ਕਰਦਾ। ਇਸ ਤਰ੍ਹਾਂ ਜਜ਼ਬਾਤੀ ਵਹਿਣ ਵਿਚ ਵਹਿ ਕੇ ਉਹ ਗੰਭੀਰ ਚਿੰਤਨ ਤੋਂ ਲਾਂਭੇ ਰਹਿ ਜਾਂਦਾ ਹੈ। ਜਜ਼ਬਾਤੀ ਉਬਾਲ ਜਿਡੀ ਤੇਜ਼ੀ ਨਾਲ ਆਉਂਦਾ ਹੈ ਉਤਨੀ ਹੀ ਤੇਜ਼ੀ ਨਾਲ ਵਹਿ ਜਾਂਦਾ ਹੈ ਜਿਸ ਕਰਕੇ ਉਹ ਕਲਾ ਸਦ ਜੀਵੀ ਨਹੀਂ ਬਣ ਸਕਦੀ। ਗੁਰਬਖ਼ਸ਼ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਦਾ ਸੁਭਾ ਇਸੇ ਕਿਸਮ ਦਾ ਹੈ।

ਟਾਲਸਟਾਏ ਅਤੇ ਗੋਰਕੀ ਵੀ ਸਾਮਿਅਕ ਸਮੱਸਿਆਵਾਂ ਲੈਂਦੇ ਹਨ, ਪਰ ਉਹ ਵਰਤਮਾਨ ਵੀ ਭੂਤ ਤੇ ਭਵਿਸ਼ ਦਾ ਹਿਸਾ ਬਣਾ ਕੇ ਪੇਸ਼ ਕਰਦੇ ਹਨ। ਟਾਲਸਟਾਏ ਦੀ ਕਹਾਣੀ "ਮਨੁੱਖ ਨੂੰ ਕਿੰਨੀ ਧਰਤੀ ਦੀ ਲੋੜ ਏ" ਇਕ ਵਕਤ ਦੀ ਗੱਲ ਵੀ ਕਰਦੀ ਹੈ ਤੇ ਉਹ ਗੱਲ ਸਾਰੇ ਸਮਿਆਂ ਲਈ ਵੀ ਓਡੀ ਹੀ ਸੱਚੀ ਹੈ ਜਿਡੀ ਆਪਣੇ ਸਮੇਂ ਲਈ। ਇਕ ਮਨੁੱਖ ਰਾਹੀਂ ਇਹ ਕਹਾਣੀ ਮਨੁੱਖੀ ਲੋਚਾਂ ਪਰਾਪਤੀਆਂ ਤੇ ਉਹਨਾਂ ਦੇ ਅੰਤ ਬਾਰੇ ਸਰਬ ਸਮਿਆਂ ਦਾ ਸੱਚ ਇਹ ਕਹਾਣੀ ਸਾਡੇ ਸਾਹਮਣੇ ਲਿਆਉਂਦੀ ਹੈ। ਪਰ ਗੁਰਬਖ਼ਸ਼ ਸਿੰਘ ਮਨੁੱਖ ਦੀ ਇਸ ਲੋਚਾ ਤੇ ਪਰਾਪਤੀ ਦੀ ਕਹਾਣੀ ਨੂੰ ਇਕ ਖ਼ਾਸ ਸਮੇਂ ਵਿਚ ਸ਼ੁਰੂ ਕਰਦਾ ਹੈ ਤੇ ਉਸੇ ਸਮੇਂ ਵਿਚ ਮੁਕਾ ਦਿੰਦਾ ਹੈ, ਪਰ ਉਹ ਇਸ ਗੱਲ ਵਲ ਧਿਆਨ ਨਹੀਂ ਦਿੰਦਾ ਕਿ ਇਕ ਬਿਨਸਨਹਾਰ ਮਨੁੱਖ ਅਬਿਨਾਸ਼ੀ ਮਨੁੱਖਤਾ ਦਾ ਭਾਗ ਵੀ ਹੈ। ਹਰ ਇਕ ਨਾਲ ਮਰ ਮਿਟਣ ਵਾਲਾ ਸਮਾਂ ਅਨੰਤ ਕਾਲ ਦਾ ਹਿੱਸਾ ਵੀ ਹੈ। ਮਨੁੱਖਤਾ ਮਰਦੀ ਨਹੀਂ, ਸਮਾਂ ਮੁਕਦਾ ਨਹੀਂ। ਫਿਰ ਕਹਾਣੀ ਜ਼ਿੰਦਗੀ ਨੂੰ ਖੜੋਤੇ ਰੂਪ ਵਿਚ ਕਿਵੇਂ ਲੈ ਸਕਦੀ ਹੈ। ਗੁਰਬਖ਼ਸ਼ ਸਿੰਘ ਕਹਾਣੀ ਨੂੰ ਸਿਧਾਂਤਾਂ ਵਿਚ ਡਬੋ ਕੇ ਮਾਰ ਦਿੰਦਾ ਹੈ ਤੇ ਗੂੜ੍ਹੇ ਰੰਗਾਂ ਵਿਚ ਰੰਗ ਕੇ ਬੇਰੰਗਾ ਕਰ ਦਿੰਦਾ ਹੈ।

ਵਕਤੀ ਸਮੱਸਿਆਵਾਂ ਲੇਖਕ ਦੀ ਪ੍ਰੇਰਨਾ ਬਣ ਸਕਦੀਆਂ ਹਨ। ਉਸ ਦੀ ਸੇਧ ਨੀਅਤ ਕਰ ਸਕਦੀਆਂ ਹਨ। ਅਰਥ ਭਰਪੂਰ ਬਣਾ ਸਕਦੀਆਂ ਹਨ, ਪਰ ਤਦ ਹੀ ਜੇ ਲੇਖਕ ਉਹਨਾਂ ਦੇ ਸੁਭਾ ਨੂੰ ਸਮਝ ਕੇ, ਉਹਨਾਂ ਦੀ ਸਮਰਥਾ ਵੀ ਜਾਣ ਕੇ, ਉਹਨਾ ਦੇ ਅਧਾਰਤ ਕੀਮਤਾਂ ਪਛਾਣ ਕੇ, ਕੀਮਤਾਂ ਰਾਹੀਂ ਮਨੁੱਖ ਦੇ ਜੀਵਨ ਤੇ ਜਗਤ ਕਾਲ ਬਣ ਕੇ ਵਿਗੜ ਕੇ ਰਿਸ਼ਤਿਆਂ ਤਕ ਅਪੜ ਸਕੇ। ਪਰ ਗੁਰਬਖ਼ਸ਼ ਸਿੰਘ ਇਥੋਂ ਤੀਕ ਜਾਣ ਦੀ ਥਾਂ ਫ਼ੈਸਲੇ ਦੇਣ ਲਗ ਜਾਂਦਾ ਹੈ ਕਿ ਕੀ ਚੰਗਾ ਹੈ ਤੇ ਕੀ ਮਾੜਾ ਹੈ। ਇਸੇ ਲਈ ਗੁਰਬਖ਼ਸ਼ ਸਿੰਘ ਦੀਆਂ ਬਹੁਤੀਆਂ ਕਹਾਣੀਆਂ ਚੰਗੇ ਮਾੜੇ ਵਿਚਕਾਰ ਸਪੱਸ਼ਟ ਲੀਕ ਖਿਚਦੀਆਂ ਫ਼ੈਸਲੇ ਸੁਣਾਂਦੀਆਂ ਹਨ, ਜੀਵਨ ਤੇ ਜਗਤ ਦੀ ਕੋਈ ਡੂੰਘੀ ਪਹਿਚਾਨ ਨਹੀਂ ਕਰਵਾਂਦੀਆਂ। ਉਹ ਪੱਤਰਕਾਰੀ ਸੁਭਾ ਵਾਲੀਆਂ ਹਵਾ ਦਾ ਰੁਖ਼ ਦੇਖ ਕੇ ਤੁਰਨ ਵਾਲੀਆਂ, ਲੋਕ ਪੱਧਰ ਤੇ ਉਤਰ ਕੇ ਗੱਲ ਕਰਦੀਆਂ, ਸਤਰੀ ਸੁਧਾਰਵਾਦੀ ਹਨ।

ਵਰਤਮਾਨ ਦੇ ਨੇੜੇ ਨੇੜੇ ਤੁਰਨ ਵਾਲੀਆਂ ਲਿਖਤਾਂ ਲੋਕਾਂ ਨੂੰ ਵਧੇਰੇ ਚੰਗੀ ਤਰ੍ਹਾਂ ਦੇਖ, ਜਾਣ ਤੇ ਸਮਝ ਸਕਦੀਆਂ ਹੁੰਦੀਆਂ ਹਨ ਤੇ ਇਹ ਨੇੜਤਾ ਅਨੁਭਵ ਦੀ ਸਚਾਈ ਲਿਆਣ ਵਿਚ ਵਧੇਰੇ ਸਹਾਇਕ ਹੋ ਸਕਦੀ ਹੈ। ਪਰ ਗੁਰਬਖ਼ਸ਼ ਸਿੰਘ ਇਸ ਸਚਾਈ ਤੋਂ ਲਾਂਭੇ ਰਹਿ ਜਾਂਦਾ ਹੈ ਕਿਉਂਕਿ ਉਹ ਜ਼ਿੰਦਗੀ ਜਿਵੇਂ ਹੈ ਤੋਂ ਵਧ ਜਿਵੇਂ ਚਾਹੀਦੀ ਹੈ ਤੇ ਜ਼ੋਰ ਦਿੰਦਾ ਹੈ।

ਇਸ ਤਰ੍ਹਾਂ ਜੋ ਚਾਹੀਦਾ ਹੈ ਦੇ ਗੂੜ੍ਹੇ ਰੰਗਾਂ ਵਲ ਜਾ ਕੇ ਮਨੁੱਖ ਅਸਲੀ ਰੰਗ ਹੀ ਵਿਸਾਰ ਬੈਠਦਾ ਹੈ। ਅਜਿਹੀ ਲਿਖਤ ਹਮਦਰਦ ਪਰਗਟਾਅ ਦੀ ਥਾਂ ਚਾਲਾਕ ਬਿਆਨੀ ਹੋ ਨਿਬੜਦੀ ਹੈ ਜਿਸ ਵਿਚ ਜੀਵਨ ਤੋਂ ਵਧ ਲੇਖਕ ਆਪ ਬੋਲਦਾ ਦਿਸਦਾ ਹੈ।

ਗੁਰਬਖ਼ਸ਼ ਸਿੰਘ ਦੇ ਅਨੁਭਵ ਦੇ ਪਤਲੇਪਨ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਗੁਰਬਖ਼ਸ਼ ਸਿੰਘ ਨਿਰੋਲ ਮਧਵਰਗ ਦਾ ਲੇਖਕ ਹੈ। ਮਧਵਰਗ ਦੇ ਲੋਕਾਂ ਦੀਆਂ ਵੀ, ਜਵਾਨੀ ਦੀਆਂ ਜਾਂ ਕਹਿ ਲਵੋ ਭਾਵਕ ਸਮੱਸਿਆਵਾਂ ਦਾ। ਇਸ ਘੇਰੇ ਨੂੰ ਛਡ ਕੇ ਜਦੋਂ ਉਹ ਸਮਾਜਵਾਦੀ ਅਖਵਾਉਣ ਦੇ ਲਾਲਚ ਸਦਕਾ ਕਿਰਤੀ ਕਾਮਿਆਂ ਕਿਸਾਨਾਂ ਦੀ ਗੱਲ ਛੋਂਹਦਾ ਹੈ ਤਾਂ ਅਨੁਭਵ ਦੀ ਨੇੜਤਾ ਨਾ ਹੋਣ ਕਰ ਕੇ ਉਹਦਾ ਵਰਨਣ ਸਤਹੀ ਹਮਦਰਦੀ ਉਪਭਾਵਕ ਤੇ ਸਮੱਸਿਆਵਾਂ ਗੇਣਵੀਆਂ ਹੀ ਰਹਿ ਜਾਂਦੀਆਂ ਹਨ। ਉਹ ਰਵਾਇਤੀ ਜਿਹੀਆਂ ਗੱਲਾਂ ਨੂੰ ਬੜੇ ਰੋਚਕ ਜਿਹੇ ਢੰਗ ਨਾਲ ਸਾਡੇ ਸਾਹਮਣੇ ਲਿਆਉਂਦਾ ਹੈ। ਇਸ ਰਵਾਇਤੀ ਜਿਹੀ ਜਾਣਕਾਰੀ ਨੂੰ ਮੰਨਣ ਯੋਗ ਤੇ ਰੋਚਕ ਬਣਾਨ ਲਈ ਆਪ ਵਿਚ ਆ ਖਲੋਂਦਾ ਹੈ। "ਦਾਗ਼", "ਸ਼ਬਨਮ", "ਰਾਧਾ", "ਰਮੋਲਾ" "ਮੇਰਾ ਨਿਸਫਲ ਪਿਆਰ" ਆਦਿ ਅਨੇਕਾਂ ਕਹਾਣੀਆਂ ਵਿਚ ਲੇਖਕ ਆਪਣੀ ਤਲਿਸਮੀ ਸ਼ਖ਼ਸੀਅਤ ਦਾ ਰੋਅਬ ਪਾਉਂਦਾ ਹੈ। ਤਥ ਤੇ ਯਥਾਰਥ ਤੇ ਖਲੋਤਾ ਲੇਖਕ ਇਸ ਨੂੰ ਦਿਲਕਸ਼ ਬਣਾਨ ਲਈ ਸਰੇ ਬਿਆਨ ਦੀ ਥਾਂ, ਸੁਭਾਵਕ ਚਿਤਰਨ ਦੀ ਥਾਂ, ਲੇਖਕ ਵਰਨਣ ਨੂੰ ਰੰਗੀਨ ਬਣਾ ਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਦਾ ਰੰਗੀਨ ਵਰਨਣ ਆਪਣੇ ਆਪ ਵਿਚ ਭਾਵੇਂ ਕੇਡਾ ਹੀ ਖ਼ੂਬਸੂਰਤ ਕਿਉਂ ਨਾ ਹੋਵੇ, ਜ਼ਿੰਦਗੀ ਦੇ ਸੱਚ ਨੂੰ ਜਦੋਂ ਝੁਠਲਾਂਦਾ ਹੈ ਤਾਂ ਉਸ ਦਾ ਮੁੱਲ ਬਹੁਤਾ ਨਹੀਂ ਰਹਿ ਜਾਂਦਾ। ਇਸੇ ਲਈ ਡਾ: ਮੋਹਨ ਸਿੰਘ ਨੇ ਗੁਰਬਖ਼ਸ਼ ਸਿੰਘ ਦੀ ਲਿਖਤ ਨੂੰ ਇਕ ਬਾਜ਼ਾਰੀ ਔਰਤ ਵਰਗੀ ਚਲਿਤਰੋ ਦਸਿਆ ਹੈ ਜਿਸ ਵਿਚ ਸੱਚ ਨਾਲੋਂ ਬਨਾਵਟ ਵਧੇਰੇ ਹੈ।

ਕਾਵਿਕ ਤੇ ਭਾਵਕ ਰੰਗੀਨੀ ਦਾ ਪ੍ਰੇਮੀ ਗੁਰਬਖ਼ਸ਼ ਸਿੰਘ ਕਹਾਣੀਆਂ ਵਿਚ ਪਾਤਰਾਂ ਨੂੰ ਉਹਨਾਂ ਦੀ ਸੁਭਾਵਕ, ਮੌਕੇ, ਮਾਹੌਲ, ਉਮਰ ਪੇਸ਼ੇ, ਵਿੱਦਿਆ, ਅਨੁਸਾਰ ਬੋਲੀ ਵਿਚ ਨਹੀਂ ਬੋਲਣ ਦਿੰਦਾ ਸਗੋਂ ਹਰ ਇਕ ਤੋਂ ਆਪਣੀ ਹੀ ਬੋਲੀ ਬੁਲਾਉਂਦਾ ਹੈ। ਕੇਥਰੀਨ ਏਨ ਪੋਰਟਰ ਵਾਂਗ ਉਹ ਇਹ ਨਹੀਂ ਸਮਝਦਾ ਕਿ ਇਕ ਮਨੁੱਖ ਵੀ ਅਨੇਕ ਸਵਰਾਂ ਦਾ ਧਾਰਨੀ ਹੁੰਦਾ ਹੈ ਸਗੋਂ ਉਹਦੇ ਸਾਰੇ ਪਾਤਰ ਬੋਲੀ ਦੇ ਲਿਹਾਜ਼ ਨਾਲ ਇਕੋ ਸਵਰ ਦੇ ਧਾਰਨੀ ਹਨ ਤੇ ਉਹ ਸਵਰ ਵੀ ਉਹਨਾਂ ਦਾ ਆਪਣਾ ਨਹੀਂ।

ਪਰ ਗੁਰਬਖ਼ਸ਼ ਸਿੰਘ ਨੂੰ ਉਸ ਦੇ ਪਿਛੋਕੜ ਨਾਲੋਂ ਕੱਟ ਕੇ ਵਰਤਮਾਨ ਦੇ ਮਾਪਾਂ ਤੋਲਾਂ ਨਾਲ ਪਰਖਣਾ ਉਸ ਨਾਲ ਬੇਇਨਸਾਫ਼ੀ ਕਰਨਾ ਹੈ। ਉਸ ਦੀਆਂ ਕਹਾਣੀਆਂ ਆਪਣੇ ਸਮੇਂ ਦੇ ਸਮਾਜ ਦੀਆਂ ਸਮੱਸਿਆਵਾਂ ਨੂੰ ਚਿਤਰਦੀਆਂ ਹਨ। ਉਸ ਵਲ ਲੋਕਾਂ ਦਾ ਰਵੱਈਆ ਦਸਦੀਆਂ ਹਨ। ਉਸ ਰਵੱਈਏ ਦੀ ਪੜਚੋਲ ਕਰਦੀਆਂ ਹਨ। ਸੇਧ ਦਿੰਦੀਆਂ ਹਨ। ਆਪਣੇ ਸਮੇਂ ਦੀ ਰੂਹ (ਸਪਿਰਟ) ਨੂੰ ਦਸਦੀਆਂ ਹਨ। ਜੀਵਨ ਦਾ ਰੰਗ ਤੇ ਸੁਭਾ ਦੀਆਂ ਸਤਰਾਂ ਉਲੀਕਦੀਆਂ ਹਨ।

ਉਹਦੇ ਸਮੇਂ ਨਾਲ ਮੇਲਿਆਂ ਗੁਰਬਖ਼ਸ਼ ਸਿੰਘ ਬੜਾ ਚੇਤੰਨ ਕਲਾਕਾਰ ਹੈ ਜਿਹੜਾ ਲੋਕਾਂ ਨੂੰ ਰਾਜਸੀ, ਧਾਰਮਕ, ਆਰਥਕ ਸਮਾਜਕ ਸਮੱਸਿਆਵਾਂ ਨੂੰ ਉਹਨਾਂ ਦੇ ਰਵਾਇਤੀ ਤੇ ਪਰੰਪਰਾਵਾਦੀ



ਰੂਪ ਤੋਂ ਨਿਖੇੜ ਕੇ ਆਧੁਨਿਕ ਜੀਵਨ ਤੇ ਜਗਤ ਦੇ ਪਰਕਰਣ ਵਿਚ ਰਖ ਕੇ ਉਹਨਾਂ ਦੀ ਸਾਰਥਕਤਾ ਤੇ ਨਿਰਆਰਥਕਤਾ ਸਮਝਾਉਂਦਾ ਹੈ।

ਉਹ ਲੋਕਾਂ ਦਾ ਲਿਖਾਰੀ ਹੈ। ਲੋਕਾਂ ਦੇ ਨਾਲ ਤੁਰਦਾ ਹੈ।

ਉਸ ਨੇ ਆਪਣੇ ਸਮੇਂ ਦੀ ਤੋਰ ਨੂੰ ਪਹਿਚਾਨਿਆ। ਉਸ ਅਨੁਸਾਰ ਲੋਕਾਂ ਦੀਆਂ ਲੋੜਾਂ ਨੂੰ ਅਗੇ ਰਖ ਕੇ ਕਹਾਣੀ ਨੂੰ ਤੋਰਿਆ। ਲੋਕਾਂ ਅਗੇ ਉਹਨਾਂ ਦੀਆਂ ਅਤਿ ਸੰਸਾਰਕ ਲੋੜਾਂ ਥੁੜਾਂ, ਪਹੁੰਚਾਂ ਪਰਾਪਤੀਆਂ ਦਾ ਨਕਸ਼ਾ ਖਿੱਚ ਕੇ ਉਹਨਾਂ ਨੂੰ ਇਸ ਸਭ ਕਾਸੇ ਬਾਰੇ ਚੇਤੰਨਤਾ ਦਿਤੀ। ਉਹ ਲੋਕਾਂ ਦੇ ਨਾਲ ਮਿਲ ਕੇ ਖਲੋਤਾ ਤੇ ਉਹਨਾਂ ਨੂੰ ਇਕ ਰੰਗੀਨ ਸੁਪਨਾ ਉਸਾਰਨ ਵਿਚ ਮਦਦ ਕੀਤੀ ਜਿਸ ਦੀ ਪੂਰਨਤਾ ਵਿਚ ਉਹ ਮਨੁੱਖ ਤੇ ਮਨੁੱਖੀ ਸਮਾਜ ਦਾ ਕਲਿਆਨ ਲਭਦਾ ਹੈ। ਕਲਾਕਾਰ ਦੇ ਕਰਤਵ ਬਾਰੇ ਉਹ ਇਸ ਨੂੰ ਸਪਸ਼ਟ ਕਰਦਾ ਹੈ ਕਿ "ਸਮਕਾਲੀਆਂ ਦੇ ਵਾਧੇ ਲਈ ਰੀਝਾਂ ਨੂੰ ਪਰਬਲ ਕਰ ਸਕਦਾ, ਉਹਨਾਂ ਦਾ ਆਪਾ ਭਰਨ ਲਈ ਜਦੋ ਜਹਿਦ ਨੂੰ ਇੰਨ ਬਿੰਨ ਚਿਤਰ ਸਕਦਾ, ਉਹਨਾਂ ਦੀਆਂ ਰੁਕਾਵਟਾਂ ਉਤੇ ਰੌਸ਼ਨੀ ਪਾ ਕੇ ਉਹਨਾਂ ਦੀ ਯੋਗਤਾ ਵਧਾਣਾ, ਉਹਨਾਂ ਦੇ ਸਵਾਦ ਤਿੱਖੇ ਕਰਨਾ, ਜ਼ਿੰਦਗੀ ਮਾਨਣ ਦੇ ਨਵੇਂ ਰੂਪ ਉਲੀਕਣਾ ਸਾਹਿਤ ਦਾ ਮੁਖ ਕਰਤਵ ਹੈ[੧]।

ਗੁਰਬਖ਼ਸ਼ ਸਿੰਘ ਦ੍ਰਿਸ਼ਮਾਨ ਤੇ ਦ੍ਰਿਸ਼ਮਾਨ ਤੋਂ ਅਗਾਂਹ ਭਾਵ ਜਗਤ ਤੇ ਹੀ ਖੜੋ ਗਿਆ ਹੈ, ਪਰ ਇਸ ਭਾਵ ਜਗਤ ਤੋਂ ਪਰੇ ਇਕ ਅਮੂਰਤ ਸਹਿਜ ਸੰਸਾਰ ਵੀ ਹੁੰਦਾ ਹੈ ਜਿਥੇ ਮਨੁੱਖ ਸਾਰੀਆਂ ਪੜਤਾਲਾਂ ਲਾਹ ਕੇ ਨੰਗਾ ਸੱਚ ਲੈ ਕੇ ਅਪੜਦਾ ਹੈ। ਜਿਥੇ ਅਪੜ ਕੇ ਆਤਮ ਤੇ ਅਨਾਤਮ ਦਾ ਰਿਸ਼ਤਾ ਉਹਨੂੰ ਰਵਾਇਤੀ ਰੂਪ ਵਿਚ ਨਹੀਂ ਸਗੋਂ ਸੁਭਾਵਕ ਰੂਪ ਵਿਚ ਦਿਸਦਾ ਹੈ ਜਿਥੇ ਉਹ "ਸਭਜ" ਜਾਂ "ਸੁੰਦਰ" ਬਣਾਨ ਦੀ ਖ਼ਾਤਰ ਸੱਚ ਨੂੰ ਨਹੀਂ ਝੁਠਲਾਂਦਾ ਸਗੋਂ ਜੋ ਸੱਚ ਹੈ ਉਸ ਨੂੰ ਸੁੰਦਰ ਮੰਨਦਾ ਹੈ। ਉਥੇ ਅਪੜ ਕੇ ਮਨੁੱਖ ਜੀਵਨ ਤੇ ਜਗਤ ਨਾਲ ਆਪਣੇ ਰਿਸ਼ਤੇ ਨੂੰ ਨਵੇਂ ਸਿਰਿਓਂ ਦੇਖਦਾ, ਪਰਖਦਾ ਤੇ ਵਿਉਂਤਦਾ ਹੈ। ਜਿਥੇ ਖੜੋ ਕੇ ਉਹ ਇਸ ਸਭ ਕਾਸੇ ਤੋਂ ਉਤਾਂਹ ਵੀ ਝਾਕ ਸਕਦਾ ਹੈ। ਜਿਥੇ ਸਭ ਕਾਸੇ ਤੋਂ ਵਿਰਕਤ ਹੋ ਕੇ ਸੰਸਾਰ ਨਾਲ ਸੰਬੰਧ ਜੋੜਦਾ ਹੈ ਜਿਥੇ ਸਾਰੇ ਸੰਸਾਰੀ ਸਬੰਧ ਹੁੰਦਿਆਂ ਉਹ ਵਿਰਕਤ ਹੋ ਕੇ ਜਿਉਂਦਾ ਹੈ। ਗੁਰਬਖ਼ਸ਼ ਸਿੰਘ ਇਡੀ ਦੂਰ ਤੀਕ ਨਹੀਂ ਜਾਂਦਾ।

ਉਹ ਸਾਵੀਂ ਪਧਰੀ ਜ਼ਿੰਦਗੀ ਲੋੜਦਾ ਹੈ, ਪਰ ਜ਼ਿੰਦਗੀ ਨੂੰ ਉਚਾਣਾਂ ਤੇ ਖੜੋ ਕੇ ਨਹੀਂ ਦੇਖਦਾ ਜਿਥੇ ਅਪੜ ਕੇ ਮਨੁੱਖੀ ਉਚਾਈ ਦੇ ਸਾਹਮਣੇ ਜ਼ਿੰਦਗੀ ਦੀਆਂ ਸਾਰੀਆਂ ਉਚਾਣਾਂ ਨਿਵਾਣਾਂ ਬੌਣੀਆਂ ਲਗਣ ਲਗ ਪੈਂਦੀਆਂ ਹਨ।

ਅਜ ਕਲ੍ਹ ਉਹ ਲਾਲ ਰੰਗ ਦਾ ਸ਼ੈਦਾਈ ਹੈ, ਪਰ ਉਹ ਇਹ ਨਹੀਂ ਸਮਝਦਾ ਕਿ ਇਕ ਰੰਗ ਚਿੱਟਾ ਵੀ ਹੁੰਦਾ ਹੈ ਜਿਸ ਦਾ ਕੋਈ ਰੰਗ ਨਹੀਂ ਹੁੰਦਾ, ਪਰ ਜਿਸ ਵਿਚ ਸਾਰੇ ਰੰਗ ਸਮਾਏ ਹੁੰਦੇ ਹਨ। ਇਸ ਤਰ੍ਹਾਂ ਜ਼ਿੰਦਗੀ ਕਿਸੇ ਵਾਦ ਵਿਚ ਸਿਮਟ ਕੇ ਨਹੀਂ ਤੁਰਦੀ ਸਗੋਂ ਸਾਰੇ ਵਾਦ ਜ਼ਿੰਦਗੀ ਦੀ ਵਿਆਖਿਆ ਲਈ ਆਉਂਦੇ ਹਨ।

---

੧. ਜ਼ਿੰਦਗੀ ਦੀ ਰਾਸ — ਗੁਰਬਖ਼ਸ਼ ਸਿੰਘ ੧੯੬੩ ਐਡੀਸ਼ਨ — ਸਫ਼ਾ ੨੫੫। ਕਸਤੂਰੀ ਲਾਲ ਐਂਡ ਸਨਜ਼ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਉਹਦੇ ਪਾਤਰ ਜ਼ਿੰਦਗੀ ਨੂੰ ਉਸ ਦੇ ਖੜੋਤੇ ਹੋਏ ਰੂਪ ਵਿਚ ਪੇਸ਼ ਕਰਦੇ ਹਨ। ਉਹ ਜ਼ਿੰਦਗੀ ਦੇ ਪਲ ਪਲ ਵਟਦੇ, ਪਰ ਫਿਰ ਵੀ, ਸਥਿਰ ਪਰ ਪਲ ਪਲ ਵਟਦੇ ਰੂਪ ਦੇ ਦਵੰਧ ਨੂੰ ਨਹੀਂ ਉਲੀਕਦੇ। ਜੀਵਨ ਦੇ ਹਰ ਪਲ ਵਿਚ ਟੁਟ ਭਜ ਤੇ ਵਿਗਾਸ ਹੁੰਦਾ ਜਾਂਦਾ ਹੈ। ਜੀਵਨ ਦਾ ਹਰ ਪਲ ਕੁਝ ਨਵਾਂ ਸੁਹਲਾ ਸਿਰਜਣ ਦੇ ਸਮਰਥ ਹੁੰਦਾ ਹੈ। ਇਹਨਾਂ ਛਿਣਾਂ ਵਿਚਲੇ ਜੀਵਨ ਤੇ ਮੌਤ ਨੂੰ ਇਕੱਠਿਆਂ ਆਪਣੇ ਸਾਹਾਂ ਵਿਚ ਸਮੋ ਕੇ ਜਦੋਂ ਜ਼ਿੰਦਗੀ ਤੁਰਦੀ ਹੈ। ਅਜਿਹੀ ਜ਼ਿੰਦਗੀ ਦਾ ਅਨੁਭਵ ਉਹ ਨਹੀਂ ਕਰਾਂਦੇ, ਸਗੋਂ ਗੁਰਬਖ਼ਸ਼ ਸਿੰਘ ਦਾ ਆਖਾ ਮੰਨ ਉਹ ਜ਼ਿੰਦਗੀ ਦੇ ਕਿਨਾਰੇ ਕਿਨਾਰੇ ਤੁਰੇ ਜਾਂਦੇ ਹਨ।

ਆਧੁਨਿਕ ਕਹਾਣੀ ਸਥੂਲ ਤੋਂ ਸੂਖਮ ਵਲ ਵਧੀ ਹੈ, ਪਰ ਗੁਰਬਖ਼ਸ਼ ਸਿੰਘ ਮਨੁੱਖ ਦੇ ਅੰਦਰਲੇ ਸੱਚ ਨੂੰ ਬਹੁਤਾ ਨਹੀ ਪਛਾਣਦਾ ਜੋ ਬਾਹਰਲੇ ਯਥਾਰਥ ਨਾਲੋਂ ਮਨੁੱਖ ਦੇ ਕਿਤੇ ਵਧੇਰੇ ਨੇੜੇ ਹੁੰਦਾ ਹੈ। ਉਹ ਸਥੂਲ ਦੇ ਭਾਵਕ ਵਰਨਣ ਤਕ ਹੀ ਜਾਂਦਾ ਹੈ। ਪ੍ਰੇਮ ਚੰਦ ਦੀ ਕਹਾਣੀ ਵਾਂਗ ਉਹ ਜੀਵਨ ਦੇ ਸਤਹੀ ਰੂਪ ਦੀ ਗੱਲ ਬਹੁਤੀ ਕਰਦਾ ਹੈ, ਪਰ ਅਜ ਬਹੁਤਾ ਕੁਝ ਸਤਾ ਦੇ ਇਧਰ ਉਧਰ ਹੀ ਵਾਪਰ ਜਾਂਦਾ ਹੈ। ਸਤਾ ਦੇ ਰੰਗ ਰੂਪ ਨੂੰ ਵੀ ਬਦਲ ਜਾਂਦਾ ਹੈ। ਇਸੇ ਲਈ ਉਸ ਵਿਚਲੇ ਮਨੁੱਖਾਂ ਦਾ ਸਰੂਪ ਸੌਖਾ ਤੇ ਸਰਲ ਅਕਹਿਰਾ ਹੈ। ਉਹ ਜਟਿਲ ਮਾਨਣ ਬਿਰਤੀਆਂ ਦੇ ਉਹਲੇ ਸੂਖਮ ਤਾਣੇ ਬਾਣੇ ਤੀਕ ਨਹੀਂ ਅਪੜਦਾ। ਇਹਨਾਂ ਕਹਾਣੀਆਂ ਵਿਚੋਂ ਵਿਅਕਤੀ ਸਮਾਨ ਅਰਥਾਂ ਵਿਚ ਆਉਂਦਾ ਹੈ, ਬਹੁ-ਅਰਥਕ ਨਹੀਂ ਬਣਦਾ। ਉਹ ਹੋਂਦ ਦੇ ਵਖਰੇ ਸਤਹਾਂ, ਚੇਤਨ ਦੇ ਧਰਾਤਲਾਂ ਭਾਵ ਜਗਤ ਦੀਆਂ ਪੌੜੀਆਂ ਚੜ੍ਹਦਾ ਲਹਿੰਦਾ ਨਹੀਂ ਰਹਿੰਦਾ। ਉਹ ਖੜੋਤਾ ਹੋਇਆ ਹੈ ਜਿਥੇ ਖੜੋਣ ਨੂੰ ਗੁਰਬਖ਼ਸ਼ ਸਿੰਘ ਨੇ ਉਸ ਨੂੰ ਆਖ ਦਿਤਾ ਹੋਇਆ ਹੈ। ਇਸੇ ਲਈ ਜੇਮਜ਼ ਜਾਇਸ, ਡੀ. ਐਚ. ਲਾਰੰਸ ਅਗਯ ਤੇ ਮੋਹਨ ਰਾਕੇਸ਼ ਦੇ ਪਾਤਰਾਂ ਵਾਂਗ ਉਹਨਾਂ ਨੂੰ ਚਿਤਰਨ ਲਈ ਬਹੁ-ਅਰਥਕ ਸ਼ਬਦਾਂ ਦੀ ਲੋੜ ਨਹੀਂ ਪੈਂਦੀ। ਨਾ ਹੀ ਇਹਨਾਂ ਵਾਂਗ ਉਹ ਵਿਅਕਤੀ ਸਤਯ ਨੂੰ ਯੁਗ ਚੇਤਨਾ ਅਨੁਸਾਰ ਦੇ ਸਕਿਆ ਹੈ ਕਿ ਅਜ ਦਾ ਮਨੁੱਖ ਖੰਡਿਤ ਰੂਪ ਵਿਚ ਖੰਡਿਤ ਬਿਰਤੀਆਂ ਨਾਲ ਖੰਡਿਤ ਸੰਸਾਰ ਵਿਚ ਜੀਊਂਦਾ ਹੈ। ਜਿਥੇ ਹਰ ਪਲ ਬੜਾ ਕੁਝ ਉਹਦਾ ਤੋੜ ਭੰਨ ਜਾਂਦਾ ਹੈ ਤੇ ਇਸ ਟੁੱਟ ਭਜ ਤੋਂ ਹਰ ਪਲ ਉਹ ਨਵੀਂ ਉਸਾਰੀ ਅਰੰਭਦਾ ਹੈ। ਉਸਾਰਦਾ ਉਸਾਰਦਾ ਉਹ ਬੁੱਢਾ ਹੋ ਜਾਂਦਾ ਹੈ। ਕੁਦਰਤ ਹੱਸਦੀ ਹੈ। ਇਸ ਹਾਸੇ ਤੇ ਉਹ ਹੱਸ ਛਡਦਾ ਹੈ। ਇਥੇ ਅਪੜ ਕੇ ਉਹ ਜਿਊਣ ਤੇ ਮਰਨ ਦੇ ਨਵੇਂ ਅਰਥ ਲਭਦਾ ਹੈ। ਪਰ ਗੁਰਬਖ਼ਸ਼ ਸਿੰਘ ਜਿਊਣ ਤੇ ਮਰਨ ਦੇ ਵਿਆਪਕ ਰਵਾਇਤੀ ਅਰਥਾਂ ਤੇ ਹੀ ਖੜੋ ਗਿਆ ਹੈ।

ਵਿਅਕਤੀ ਚਿੰਤਨ, ਵਿਅਕਤੀ ਸਤਯ, ਵਿਅਕਤੀ ਯਥਾਰਥ ਦੇ ਵੀ ਅਨੇਕ ਧਰਾਤਲ ਅਨੇਕ ਸਤਰ ਹਨ। ਵਿਅਕਤੀ ਮੰਗਲ ਦੇ ਵੀ ਅਨੇਕ ਸਵਰ ਹੋ ਸਕਦੇ ਹਨ। ਪਰ ਗੁਰਬਖ਼ਸ਼ ਸਿੰਘ ਵਿਅਕਤੀ ਹਿਤ ਤੇ ਵਿਅਕਤੀ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਬਹੁਤੀ ਦੂਰ ਤੀਕ ਨਹੀਂ ਲਿਜਾ ਸਕਿਆ। ਰੀਤਾਂ ਸੁਗੰਧਾਂ ਦੇ ਉਹ ਰਵਾਇਤੀ ਰੂਪ ਤੇ ਖੜੋ ਗਿਆ ਹੈ। ਸਮਾਜਕ ਚੇਤੰਨਤਾ ਦਾ ਸਰੂਪ ਹਿੰਦੀ ਲੇਖਕ ਰਾਜੇਂਦਰ ਯਾਦਵ ਵਾਂਗ ਹਿਰਦੇਗਤ ਹੈ। ਅਨੇਕ ਥਾਂਵਾਂ ਤੇ ਹਿੰਦੀ ਲੇਖਕ ਯਸ਼ਪਾਲ ਦੀਆਂ ਕਹਾਣੀਆਂ ਵਾਂਗ ਗੁਰਬਖ਼ਸ਼ ਸਿੰਘ ਦੀਆਂ ਕਹਾਣੀਆਂ ਵਿਚੋਂ ਵੀ ਪਰਚਾਰ ਦੀ ਗੰਧ ਆਉਂਦੀ ਰਹਿੰਦੀ ਹੈ।

ਗੁਰਬਖ਼ਸ਼ ਸਿੰਘ ਆਪਣੀ ਕਹਾਣੀ ਵਿਚ ਬਹੁਤੀ ਸੰਕੇਤ ਦੀ ਵਰਤੋਂ ਨਹੀਂ ਕਰਦਾ ਸਗੋਂ



ਵਰਨਣ ਦਾ ਸਹਾਰਾ ਲੈਂਦਾ ਹੈ। ਅਜ ਤਾਂ ਕਹਾਣੀ ਇਕ ਸੰਕੇਤ ਬਣਨ ਤਕ ਚਲੀ ਗਈ ਹੈ, ਪਰ ਗੁਰਬਖ਼ਸ਼ ਸਿੰਘ ਇਕ ਲੇਖਕਾਰ ਵੀ ਹੈ ਇਸ ਲਈ ਉਹਦਾ ਬਹੁਤਾ ਧਿਆਨ ਜ਼ਿੰਦਗੀ ਚਿਤਰਨ ਦੀ ਥਾਂ ਗੱਲ ਆਖਣ ਵਲ ਲਗਿਆ ਰਹਿੰਦਾ ਹੈ।

ਗੁਰਬਖ਼ਸ਼ ਸਿੰਘ ਆਪਣੇ ਯੋਗ ਦੇ ਹਾਣ ਦਾ ਹੋ ਕੇ ਨਹੀਂ ਤੁਰ ਸਕਿਆ ਉਹ ਆਪਣੇ ਸਮੇਂ ਦੇ ਸਮਾਜ ਦੀ ਪੈਦਾਵਾਰ ਜ਼ਰੂਰ ਹੈ। ਉਹ ਆਪਣੇ ਸਮੇਂ ਦੀਆਂ ਗ਼ਲਤ ਰਾਜਸੀ ਧਾਰਮਕ, ਆਰਥਕ ਸਮਾਜਕ ਕੀਮਤਾਂ ਦੇ ਵਿਰੁਧ ਆਵਾਜ਼ ਉਠਾਉਂਦਾ ਹੈ। ਇਹਨਾਂ ਨੂੰ ਬਦਲਣ ਲਈ ਪਹਿਲੇ ਸੁੰਦਰ ਸ਼ਖ਼ਸੀਅਤ ਟੋਲਦਾ ਸੀ, ਪਰ ਹੁਣ ਸੰਗਰਾਮ ਦਾ ਰਾਹ ਦਸਦਾ ਹੈ ਤਾਂ ਜੋ ਕੋਈ ਭਗਤ ਸਿੰਘ ਫਾਂਸੀ ਤੇ ਨਾ ਟੰਗਿਆ ਜਾਵੇ। ਕੋਈ "ਨਾਜ਼" ਪੈਸੇ ਦੀ ਖ਼ਾਤਰ ਆਪਣਾ ਜਿਸਮ ਵੇਚਣ ਲਈ ਮਜਬੂਰ ਨਾ ਹੋਵੇ। ਕੋਈ ਕੁੜੀ ਖ਼ੁਸ਼ੀ ਦੀ ਸਿਖਰ ਤੇ ਚਿੰਤਾ ਦਾ ਪਾਤਾਲ ਨਾ ਦੇਖੇ। ਕਿਸੇ ਰੁਕਨੀ ਦਾ ਰਲੀਆ ਕੋਈ ਮੀਆਂ ਕਤਲ ਨਾ ਕਰਵਾ ਸਕੇ। ਕੋਈ ਨੀਰੂ ਨਾਰਦਾਂ ਨੂੰ ਖੋ ਕੇ ਪਾਗਲ ਹੋਇਆ ਨਾ ਫਿਰੇ। ਕਿਸੇ ਦਿਲਦਾਰ ਦਾ ਰਾਹ ਕੋਈ ਧਾਰਮਕ ਖਾਈ ਨਾ ਉਲੰਘੇ।

ਮਨੁੱਖ ਦੀਆਂ ਸਤਹੀ ਸਮੱਸਿਆਵਾਂ ਹਨ। ਇਸ "ਅਜ" ਨੇ ਪਤਾ ਨਹੀਂ ਕਿੰਨੀਆਂ "ਕੱਲਾਂ" ਤੇ ਹਾਵੀ ਰਹਿਣਾ ਹੈ। ਪਹਿਲੇ ਮਨੁੱਖ ਨੇ ਇਹਨਾਂ ਨਾਲ ਨਿਪਟਣਾ ਹੈ ਫਿਰ ਹੀ ਇਸ ਤੋਂ ਅਗਲੀ ਕੋਈ ਗੱਲ ਸੋਚੀ ਜਾ ਸਕਦੀ ਹੈ। ਅਜ ਦੀ ਜ਼ਿੰਦਗੀ ਵਿਚ ਗੁਰਬਖ਼ਸ਼ ਸਿੰਘ ਆਪਣੇ ਲੋਕਾਂ ਦੇ ਨਾਲ ਖਲੋਂਦਾ ਹੈ।

ਗੁਰਬਖ਼ਸ਼ ਸਿੰਘ ਨੇ ਬੋਲੀ ਨੂੰ ਉਹ ਸਮਰਥਾ ਦਿਤੀ ਹੈ ਜਿਸ ਨਾਲ ਬੜਾ ਕੁਝ ਅਕਹਿ ਕਿਹਾ ਜਾਣ ਲਗ ਪਿਆ ਹੈ। ਇਸ ਪਖੋਂ ਪੰਜਾਬੀ ਕਹਾਣੀ ਗੁਰਬਖ਼ਸ਼ ਸਿੰਘ ਦੀ ਸਦਾ ਰਿਣੀ ਰਹੇਗੀ।

# ਸਤਯਮ......ਸ਼ਿਵਮ......ਸੁੰਦਰਮ ?

ਗੁਲਜ਼ਾਰ ਸਿੰਘ ਸੰਧੂ

ਸਾਵੀਂ-ਸੁਧਰੀ-ਭਖਦੀ ਜੀਵਨ ਚੰਗਿਆੜੀ ਗੁਰਬਖ਼ਸ਼ ਸਿੰਘ ਦਾ ਸਤਯਮ...ਸ਼ਿਵਮ... ਸੁੰਦਰਮ ਵੀ ਹੈ ਤੇ ਤ੍ਰਾਸ਼ੀਦਮ...ਪ੍ਰਸਤੀਦਮ...ਸ਼ਿਕਸਤਮ ਵੀ। ਸ਼ਬਦਾਂ ਦੀ ਕੋਈ ਤਿਕੜੀ ਹੀ ਸੰਪੂਰਨਤਾ ਦਾ ਚਿੰਨ੍ਹ ਬਣ ਸਕਦੀ ਹੈ। ਦੋ ਨੁਕਤੇ ਮੇਲਿਆਂ ਤਿਕੋਨ ਨਹੀਂ ਬਣਦੀ ਤੇ ਤਿਕੋਨ ਹੀ ਪ੍ਰਾਪਤੀ ਦਾ ਚਿੰਨ੍ਹ ਹੋ ਸਕਦਾ ਹੈ......ਲਕੀਰ ਨਹੀਂ। ਇਕ ਨੁਕਤਾ ਆਧਾਰ ਬਣਦਾ ਹੈ, ਦੂਜਾ ਮੰਜ਼ਲ ਤੇ ਤੀਜਾ ਉਸ ਮੰਜ਼ਲ ਤੇ ਅਪੜਨ ਦਾ ਪੈਂਡਾ। ਤੀਜਾ ਰਲਿਆ ਕੰਮ ਗਲਦਾ ਨਹੀਂ ਸੌਰਦਾ ਹੀ ਹੈ। ਇਹ ਉਸ ਟੱਕਰ ਦਾ ਕੰਮ ਵੀ ਦਿੰਦਾ ਹੈ ਜਿਹੜੀ ਸੰਪੂਰਨਤਾ ਦਾ ਮਾਧਿਅਮ ਬਣਦੀ ਹੈ।

ਗੁਰਬਖ਼ਸ਼ ਸਿੰਘ ਦੇ ਜੀਵਨ ਦਰਸ਼ਨ ਦਾ ਆਧਾਰ, ਸਾਵਾਂ ਪੱਧਰਾ ਹੈ, ਪੈਂਡਾ ਸੁਖਾਵਾਂ-ਸੁਧਰਾ ਤੇ ਮੰਜ਼ਲ ਭਖਦੀ ਹੋਈ। ਜਿਹੜਾ ਇਸ ਮੰਜ਼ਲ ਨੂੰ ਪਾ ਗਿਆ ਉਹ ਪਰਮ ਮਨੁੱਖ। ਇਹ ਗੱਲ ਵਖਰੀ ਹੈ ਕਿ ਉਸ ਦੇ ਜੀਵਨ ਸਿਧਾਂਤ ਦੀਆਂ ਸਾਂਵੀ ਪੱਧਰੀ ਤੇ ਸੁਖਾਵੀਂ ਸੁਧਰੀ, ਦੋ ਬਾਹੀਆਂ ਤਾਂ ਮਜ਼ਬੂਤ ਹਨ, ਭਖਣ ਵਾਲੀ ਨਹੀਂ। ਜੇ ਉਸ ਵਿਚ ਭਖਾਅ ਹੈ ਤਾਂ ਉਹ ਵੀ ਇਕ ਤਰ੍ਹਾਂ ਦਾ ਟਿਕਾਅ ਹੀ ਹੈ। ਉਸ ਨੇ ਜੀਵਨ ਦੀ ਬਾਂਹ ਫੜ ਕੇ ਇਸ ਨੂੰ ਘਰ-ਸੰਘਰਸ਼ ਤੋਂ ਰੋਕੀ ਰਖਿਆ ਹੈ। ਕੁਝ ਏਸੇ ਤਰ੍ਹਾਂ ਜਿਵੇਂ ਉਹ ਆਪਣੇ ਆਰਥਕਤਾ-ਸਾਹਿਤ ਵਿਚ ਲੋੜਾਂ ਤੇ ਲੋੜਾਂ ਨੂੰ ਪੂਰੀਆਂ ਕਰਨ ਦੇ ਯਤਨਾਂ ਤਕ ਤਾਂ ਗਿਆ ਹੈ, ਪਰ ਇਹਨਾਂ ਦੀ ਪ੍ਰਾਪਤੀ ਅਤੇ ਸੰਤੁਸ਼ਟੀ ਦੀ ਜ਼ਿਮੇਂਵਾਰੀ ਤਕ ਨਹੀਂ।

ਇਹ ਇਕਸਾਰਤਾ ਤੇ ਸਾਵਾਂਪਨ ਉਸ ਨੇ ਆਪਣੀ ਪ੍ਰੀਤ ਸਿਧਾਂਤ ਵਿਚ ਵੀ ਕਾਇਮ ਰਖਿਆ ਹੈ। ਪ੍ਰੀਤ ਵਿਚ ਉਸ ਨੇ ਪਹਿਚਾਣ ਤੋਂ ਪਰਵਾਨਗੀ ਤਕ ਦਾ ਪੈਂਡਾ ਤਾਂ ਕੀਤਾ ਹੈ, ਪਰ ਕਬਜ਼ੇ ਤੇ ਅਪਣਤ ਦੀ ਮੰਜ਼ਲ ਤੋਂ ਉਰਲੇ ਪਾਰ ਤਕ।

ਗੁਰਬਖ਼ਸ਼ ਸਿੰਘ ਨੇ ਸਤਯਮ-ਸ਼ਿਵਮ ਨੂੰ ਸੁੰਦਰਮ ਦੇ ਇਸ ਪਾਰ ਖਲ੍ਹਾਰੀ ਰਖਿਆ ਹੈ ਤੇ ਤ੍ਰਾਸ਼ੀਦਮ-ਪ੍ਰਸਤੀਦਮ ਦੀ ਭਾਵਨਾ ਨੂੰ ਸ਼ਿਕਸਤਮ ਦੀ ਭਾਵਨਾ ਦੇ ਇਸ ਪਾਰ। ਇਹੀਓ ਸਾਵਾਂਪਨ ਤੇ ਇਕਸਾਰਤਾ ਉਸ ਦੀ ਸ਼ਕਤੀ ਹੈ ਤੇ ਇਹੀਓ ਉਸ ਦੀ ਕਮਜ਼ੋਰੀ। ਸ਼ਕਤੀ ਇਸ ਲਈ ਕਿ ਇਹ ਸਾਵੀਂ ਪੱਧਰੀ ਸਦਭਾਵਨਾ ਤੇ ਮੰਡਨ ਦਾ ਪੈਂਡਾ ਹੈ......ਖੰਡਨ ਦਾ ਨਹੀਂ। ਕਮਜ਼ੋਰੀ ਇਸ ਲਈ ਕਿ ਇਹ ਖ਼ੂਬਸੂਰਤ ਪੈਂਡਾ ਤਾਂ ਹੈ ਪ੍ਰਾਪਤੀ ਨਹੀਂ। ਖੰਡਨ ਬਾਝ ਮੰਡਨ ਦਾ ਮੁੱਲ ਨਹੀਂ ਪੈਂਦਾ ਤੇ ਕਬਜ਼ੇ ਤੇ ਅਪਣਤ ਬਿਨਾਂ ਪਹਿਚਾਣ ਤੇ ਪਰਵਾਨਗੀ ਦਾ। ਸਥਿਤੀ ਦੀ ਨਬਜ਼ ਨੂੰ ਪਹਿਚਾਨਣਾ, ਆਪਣੇ ਸਿਧਾਂਤ ਨੂੰ ਇਸ ਵਿਚ ਮਕਬੂਲ ਕਰਵਾਣਾ ਤੇ ਫੇਰ



ਉਸ ਤੇ ਵਿਜੈ ਪਾਉਣਾ ਕ੍ਰਾਂਤੀਕਾਰੀ ਅਮਲ ਦੇ ਘਟੋ ਘਟ ਤਿੰਨ ਪੜਾਅ ਅਵੱਸ਼ ਹਨ ਦੋ ਨਹੀਂ। ਜੇ ਪਹਿਚਾਣ ਸਤਿ ਹੈ, ਸਤਿ ਨੂੰ ਤ੍ਰਾਸ਼ਨਾ ਹੈ ਤਾਂ ਸੁੰਦਰਤਾ ਕਬਜ਼ੇ ਜਾਂ ਖੰਡਨ ਲਈ ਸੱਦਾ ਹੈ। ਪਰਵਾਨਗੀ ਸ਼ਿਵ ਤੇ ਪ੍ਰਸਤਸ਼ ਤਾਂ ਇਕ ਪੈਂਡਾ ਹੀ ਹੈ, ਕਬਜ਼ੇ ਖੰਡਨ ਤੇ ਸੁੰਦਰਤਾ ਤਕ ਅਪੜਨ ਦਾ। ਗੁਰਬਖ਼ਸ਼ ਸਿੰਘ ਨੇ ਜਿਸ ਸੱਚ-ਤਯ ਨੂੰ ਤ੍ਰਾਸ਼ਿਆ ਹੈ ਉਸ ਦੀ ਪ੍ਰਸਤਸ਼ ਹੀ ਕੀਤੀ ਹੈ, ਖੰਡਨ ਨਹੀਂ। ਗੁਰਬਖ਼ਸ਼ ਸਿੰਘ ਦੀ ਵਡਿਆਈ ਇਸ ਵਿਚ ਹੈ ਕਿ ਜੇ ਉਸ ਨੇ ਸੁੰਦਰਤਾ ਭਖਾਅ, ਕਬਜ਼ਾ, ਖੰਡਨ ਤੇ ਸੰਤੁਸ਼ਟੀ ਦੀ ਸਿਖਰ ਨੂੰ ਨਹੀਂ ਛੁਹਿਆ ਤਾਂ ਇਸ ਨੂੰ ਛੁਹਣ ਲਈ ਖੁਲ੍ਹਾ ਦਰ ਤਾਂ ਉਸਾਰਿਆ ਹੈ।

ਆਪਣੀ ਸਿਰਜੀ ਸੁੰਦਰਤਾ ਦੇ ਖੰਡਰਾਂ ਉਤੇ ਨਵੀਂ ਸੁੰਦਰਤਾ ਦੀ ਉਸਾਰੀ ਤੱਕ ਸਕਣਾ ਕਿਸੇ ਪ੍ਰਸੰਨ ਲੰਮੀ ਉਮਰ ਵਾਲੇ ਭਾਗੀ ਜੀਵ ਦੇ ਹੀ ਵੰਡੇ ਆਉਂਦਾ ਹੈ। ਕਾਸ਼ ਇਹ ਉਮਰਾ ਏਨੀ ਲੰਮੀ ਹੋ ਸਕੇ ਕਿ ਉਹ ਆਪਣੀ ਅੱਖੀਂ ਆਪਣੇ ਸਿਧਾਂਤਾਂ ਦਾ ਖੰਡਨ ਤੱਕ ਸਕੇ...... ਉਸ ਦੇ ਸਿਧਾਂਤਾਂ ਦਾ ਖੰਡਨ ਕਰਨ ਲਈ ਪਤਾ ਨਹੀਂ ਸਾਨੂੰ ਕਿੰਨੇ ਦਹਾਕੇ ਹੋਰ ਚਾਹੀਦੇ ਹਨ।

# ਐਕਟਿਵਿਟੀ ਸਕੂਲ, ਪ੍ਰੀਤ ਨਗਰ

## ਸ: ਗੁਰਬਖ਼ਸ਼ ਸਿੰਘ ਦੀ ਇਕ ਕਾਮਯਾਬ ਯੋਜਨਾ

ਪ੍ਰੋ: ਜਗਦੀਸ਼ ਸਿੰਘ

ਸ: ਗੁਰਬਖ਼ਸ਼ ਸਿੰਘ ਦਾ ਕਿਹੜਾ ਚਿਤਰ ਚਿਤਰਿਆ ਜਾਏ ? ਕਿਤਨੇ ਹੀ ਰੂਪਾਂ ਵਿਚ ਲੋਕਾਂ ਨੇ ਉਹਨਾਂ ਨੂੰ ਵੇਖਿਆ, ਸੁਣਿਆ ਤੇ ਪੜ੍ਹਿਆ ਹੈ। ਉਹਨਾਂ ਦੇ ਹਰ ਰੂਪ ਦਾ ਚਿਤਰ, ਹਰ ਕਲਾਕਾਰ ਆਪਣੀ ਕਲਪਨਾ ਅਨੁਸਾਰ ਹੀ ਬਣਾਏਗਾ। 'ਪ੍ਰੀਤ ਲੜੀ' ਦੇ ਪਾਠਕ ਵੀ ਜੇ ਉਹਨਾਂ ਦੀਆਂ ਛੱਪੀਆਂ ਤਸਵੀਰਾਂ ਤੋਂ ਜਾਣੂੰ ਨਾ ਹੋਣ ਤਾਂ ਸ਼ਾਇਦ ਇਹਨਾਂ ਦੇ ਮਨ ਅੰਦਰ ਕਿਸੇ ਰਾਂਝੇ ਆਸ਼ਕ ਜਾਂ ਅਲਬੇਲੇ ਪੁੰਨੂ ਦਾ ਚਿਤਰ ਹੀ ਸਮਾ ਜਾਂਦਾ, ਕਈ ਸੂਝਵਾਨ ਪਾਠਕਾਂ ਨੂੰ ਉਹਨਾਂ ਦੀ ਬਜ਼ੁਰਗ ਸ਼ਖ਼ਸੀਅਤ, ਚਿੱਟੀ ਧੌਲੀ ਦਾਹੜੀ ਤੇ ਸਿਆਣੇ ਹੱਡ ਬੀਤੇ "ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ" ਦੇ ਕਿੱਸੇ ਕੁਝ ਅਜੀਬ ਜਿਹੇ ਲਗਦੇ ਹਨ, ਉਹ ਹੈਰਾਨ ਹਨ ਕਿ ਪੰਝਤਰਾਂ ਸਾਲਾਂ ਦਾ ਬਜ਼ੁਰਗ ਸਤਾਰਾਂ ਅਠਾਰਾਂ ਸਾਲਾਂ ਦੇ ਮੁੰਡੇ ਕੁੜੀਆਂ ਵਾਂਗ ਪ੍ਰੀਤ ਦੀਆਂ ਕਹਾਣੀਆਂ ਪਾਂਦਾ ਰਹਿੰਦਾ ਹੈ।

ਪ੍ਰੀਤ ਦਾ ਹੋਕਾ ਇਹ ਪਿਛਲੇ ਚਾਰ ਦਹਾਕਿਆਂ ਤੋਂ ਦੇ ਰਹੇ ਹਨ — ਪਹਿਲੋਂ "ਪ੍ਰੀਤ ਲੜੀ" ਦੀ ਧੁੰਨ, ਫਿਰ ਪ੍ਰੀਤ ਨਗਰ ਦਾ ਚਿਤਰ, ਸੰਸਾਰ ਪ੍ਰੀਤ ਮੰਡਲ ਦੇ ਸੁਪਨੇ, ਪ੍ਰੀਤ ਮਿਲਣੀਆਂ ਤੇ ਹੁਣ "ਪ੍ਰੀਤ ਘਰ" ਦੀਆਂ ਨਵੀਆਂ ਸਕੀਮਾਂ। ਇਹਨਾਂ ਦੀ ਹਰ ਨਵੀਂ ਧੜਕਣ ਇਕ ਨਵੇਂ ਸੁਪਨੇ ਦਾ ਰੂਪ ਧਾਰ ਲੈਂਦੀ ਹੈ, ਹਰ ਨਵਾਂ ਸੁਪਨਾ ਦਿਨ ਰਾਤ ਇਹਨਾਂ ਦੇ ਮਨ ਵਿਚ ਸਮਾਇਆ ਰਹਿੰਦਾ ਹੈ।

ਸੁਪਨਿਆਂ ਦਾ ਜਾਦੂਗਰ ਹੈ ਗੁਰਬਖ਼ਸ਼ ਸਿੰਘ। ਕਿਸੇ ਸੁਪਨ ਦੇਸ਼ ਦਾ ਵਾਸੀ ਵਿਚਰ ਰਿਹਾ ਹੈ ਇਸ ਧਰਤੀ ਤੇ — ਕਿਸੇ ਤਾਂਘ ਦਾ ਖਿਚਿਆ, ਕਿਸੇ ਜਾਦੂ ਦਾ ਕੀਲਿਆ, ਕਿਸੇ ਇਸ਼ਕ ਦਾ ਡੰਗਿਆ ਇਹ ਲਿਖਾਰੀ ਕਈਆਂ ਨੂੰ ਮੋਹ ਲੈਂਦਾ ਹੈ। ਇਹਨਾਂ ਦੀ ਕਲਮ ਵਿਚ ਜਾਦੂ ਹੈ, ਇਹਨਾਂ ਦੀ ਸ਼ਖ਼ਸੀਅਤ ਵਿਚ ਮਿਕਨਾਤੀਸੀ ਖਿੱਚ ਹੈ, ਇਹਨਾਂ ਦੇ ਸਾਥ ਵਿਚ ਇਕ ਅਨੋਖਾ ਨਿੱਘ ਹੈ।

ਐਕਟਿਵਿਟੀ ਸਕੂਲ, ਪ੍ਰੀਤ ਨਗਰ ਸਰਦਾਰ ਗੁਰਬਖ਼ਸ਼ ਸਿੰਘ ਦੇ ਉਹਨਾਂ ਅਨੇਕਾਂ ਸੁਪਨਿਆਂ ਵਿਚੋਂ ਇਕ ਐਸਾ ਸੁਪਨਾ ਸੀ ਜਿਸ ਦਾ ਜਨਮ ਪ੍ਰੀਤ ਨਗਰ ਦੀ ਖੁਲ੍ਹੀ ਪੌਣ ਵਿਚ ਹੋਇਆ। ਉਸ ਬੰਜਰ ਧਰਤੀ ਵਿਚ ਇਸ ਦੀ ਪਨੀਰੀ ਲਗੀ, ਕੋਂਪਲਾਂ ਉਗੀਆਂ, ਯੋਗ ਸਿੰਚਾਈ ਤੇ ਖਾਦ ਨਾਲ ਬਿਰਛ ਵਧਿਆ ਫੁਲਿਆ, ਇਸ ਦੀ ਮਹਿਕ ਫੈਲੀ ਤੇ ਫਲ ਲਗੇ। ਦੇਸ਼ ਦੇ ਬਟਵਾਰੇ ਨੇ ਇਸ ਹੋਣੀਆਂ ਭਰਪੂਰ ਸੰਸਥਾ ਨੂੰ ਖ਼ਤਮ ਕਰ ਦਿਤਾ, ਪਰ ਇਸ ਅਲੌਕਿਕ ਤਜਰਬੇ ਨੇ ਕਈ ਸਕੂਲਾਂ ਲਈ ਚੰਗੀਆਂ ਲੀਹਾਂ ਪਾਈਆਂ। ਇਥੋਂ ਦੇ ਪੜ੍ਹੇ ਵਿਦਿਆਰਥੀ ਦੇਸ਼



ਦੇ ਕੋਨੇ ਕੋਨੇ ਵਿਚ ਤੇ ਬਾਹਰਲੇ ਕਈ ਦੇਸ਼ਾਂ ਵਿਚ ਮਿਲਦੇ ਹਨ। ਉਸ ਸਕੂਲ ਦੀਆਂ ਨਿੱਘੀਆਂ ਤੇ ਮਿੱਠੀਆਂ ਯਾਦਾਂ ਅਜੇ ਵੀ ਉਹਨਾਂ ਦੇ ਮਨ ਵਿਚ ਹਨ।

ਅਨੋਖਾ ਤੇ ਅਲੌਕਿਕ ਤਜਰਬਾ ਸੀ ਐਕਟਿਵਿਟੀ ਸਕੂਲ। ਅਮਰੀਕਾ ਵਰਗੇ ਉਦੋਂ ਦੇ ਖੁਲ੍ਹੇ ਡੁਲ੍ਹੇ ਦੇਸ਼ ਵਿਚ ਦੇਖੇ ਬੱਚਿਆਂ ਦੇ ਸਕੂਲਾਂ ਤੋਂ ਸ: ਗੁਰਬਖ਼ਸ਼ ਸਿੰਘ ਨੇ ਪਰੇਰਨਾ ਤੇ ਉਤਸ਼ਾਹ ਲਿਆ ਹੋਇਆ ਸੀ। ਏਥੋਂ ਦੇ ਸਾਹ-ਘੁਟਵੇਂ ਵਾਤਾਵਰਨ ਵਾਲੇ ਸਕੂਲਾਂ ਨੂੰ ਦੇਖ ਕੇ ਉਹਨਾਂ ਦਾ ਮਨ ਉਪਰਾਮ ਸੀ। ਪ੍ਰੀਤ ਨਗਰ ਦੇ ਜਨਮ ਮਗਰੋਂ ਇਹ ਜ਼ਰੂਰੀ ਹੋ ਗਿਆ ਸੀ ਕਿ ਏਥੇ ਵਸਦੇ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਵੀ ਪ੍ਰੀਤ ਨਗਰ ਦੇ ਆਦਰਸ਼ਾਂ ਦੇ ਅਨੁਕੂਲ ਹੀ ਹੋਵੇ ਤਾਂ ਜੋ ਏਥੋਂ ਦੀ ਪੁੰਗਰਦੀ ਪਨੀਰੀ ਚੰਗੀ ਤਰ੍ਹਾਂ ਪ੍ਰਫੁਲਤ ਹੋਵੇ।

ਸ: ਗੁਰਬਖ਼ਸ਼ ਸਿੰਘ ਦੀ ਹਰ ਸਕੀਮ ਦਾ ਦਾਇਰਾ ਵੱਡਾ ਹੁੰਦਾ ਹੈ। ਉਹ ਨਿਰੋਲ ਆਪਣੇ ਆਲਦੁਆਲੇ ਲਈ ਹੀ ਵਿਉਂਤ ਨਹੀਂ ਬਣਾਂਦੇ। ਉਹਨਾਂ ਦੀ ਹਰ ਯੋਜਨਾ ਸੰਸਾਰ ਭਰ ਲਈ ਹੁੰਦੀ ਹੈ। ਉਹਨਾਂ ਲਈ ਇਹ ਦੁਨੀਆਂ ਇਕ ਸਰਬ ਸਾਂਝੀ ਮਨੁੱਖਤਾ ਹੈ ਜਿਸ ਵਿਚ ਗੋਰੇ, ਕਾਲੇ, ਹਿੰਦੂ, ਮੁਸਲਮਾਨ, ਸਿੱਖ, ਈਸਾਈ, ਨਾਸਤਕ, ਆਸਤਕ ਦਾ ਕੋਈ ਵਿਤਕਰਾ ਨਹੀਂ।

ਐਕਟਿਵਿਟੀ ਸਕੂਲ, ਪ੍ਰੀਤ ਨਗਰ ਲਈ ਇਹਨਾਂ ਨੇ ਸਟਾਫ਼ ਦੇ ਸਾਹਮਣੇ ਇਹ ਹੀ ਆਦਰਸ਼ ਰਖਿਆ ਸੀ ਕਿ ਬੱਚੇ ਦੀ ਸ਼ਖ਼ਸੀਅਤ ਨੂੰ ਪ੍ਰਫੁਲਤ ਹੋਣ ਲਈ ਇਕ ਪਿਆਰ ਭਰਪੂਰ ਵਾਤਾਵਰਨ ਪੈਦਾ ਕਰਨਾ ਹੈ ਜਿਥੇ ਉਸ ਦੇ ਮਨ ਤੇ ਦਿਮਾਗ਼ ਨੂੰ ਖੇੜੇ ਵਿਚ ਲਿਆਉਣ ਲਈ ਪੂਰੇ ਵਸੀਲੇ ਪ੍ਰਾਪਤ ਹੋਣ। ਸਟਾਫ਼ ਨੇ ਆਪਣਾ ਸਿਲੇਬਸ ਆਪ ਤਿਆਰ ਕਰਨਾ ਸੀ, ਕੋਰਸ ਆਪ ਬਣਾਏ ਸਨ ਤੇ ਇਮਤਿਹਾਨਾਂ ਦੀ ਸਕੀਮ ਵੀ ਆਪਣੀ ਹੀ ਤਿਆਰ ਕਰਨੀ ਸੀ। ਕਾਫ਼ੀ ਕਠਨ ਮਸਲੇ ਸਨ ਸਕੂਲ ਦੇ ਸਟਾਫ਼ ਲਈ, ਪਰ ਜਿਸ ਉਤਸ਼ਾਹ-ਭਰਪੂਰ ਨਗਰ ਵਿਚ ਅਸੀਂ ਜਾ ਪਹੁੰਚੇ ਸਾਂ, ਉਥੇ ਹਰ ਤਜਰਬੇ ਦੀ ਕਦਰ ਹੁੰਦੀ ਸੀ। ਆਦਰਸ਼ਵਾਦ ਦਾ ਜ਼ਮਾਨਾ ਸੀ, ਹਰ ਕਿਸੇ ਦੀ ਕੋਸ਼ਸ਼ ਹੁੰਦੀ ਸੀ ਕਿ ਜਿਨ੍ਹਾਂ ਆਸਾਂ ਤੇ ਰੀਝਾਂ ਨਾਲ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ, ਉਹ ਪੂਰੀਆਂ ਕੀਤੀਆਂ ਜਾਣ। ਇਹ ਸਾਂਝਾ ਜਿਹਾ ਕੰਮ ਸੀ ਜਿਸ ਵਿਚ ਹਰ ਇਕ ਨੂੰ ਇਕ ਦੂਜੇ ਦਾ ਹੱਥ ਵਟਾਣ ਦੀ ਖ਼ੁਸ਼ੀ ਹੁੰਦੀ ਸੀ।

ਸਕੂਲ ਦਾ ਵਾਤਾਵਰਨ ਬੜਾ ਨਿੱਘਾ ਤੇ ਅਪਣਤ ਭਰਪੂਰ ਸੀ। ਸ: ਗੁਰਬਖ਼ਸ਼ ਸਿੰਘ ਨੂੰ ਸਭ ਵੱਡੇ ਛੋਟੇ, ਬੱਚੇ, ਕਾਮੇ, ਆਂਢੀ ਗੁਆਂਢੀ, ਸੱਜਣ ਮਿੱਤਰ 'ਦਾਰ ਜੀ' ਬੁਲਾਂਦੇ, ਉਹਨਾਂ ਦੀ ਸੁਪਤਨੀ ਨੂੰ 'ਮਾਤਾ ਜੀ', 'ਪ੍ਰਿੰਸੀਪਲ ਨੂੰ' 'ਭਾਪਾ ਜੀ', ਉਸਤਾਦ ਸਭ 'ਭਰਾ ਜੀ,' ਉਸਤਾਨੀਆਂ 'ਭੈਣ ਜੀ'। ਹਰੇਕ ਬੱਚੇ ਨੂੰ ਚੰਗੀ ਤਰ੍ਹਾਂ ਜਾਣਨਾ ਹਰ ਅਧਿਆਪਕ ਦਾ ਫ਼ਰਜ਼ ਸੀ। ਉਸ ਦੇ ਗੁਣਾਂ ਨੂੰ ਪ੍ਰਫੁੱਲਤ ਹੋਣ ਦੀ ਖੁਲ੍ਹ ਦੇਣ ਦੀ ਹਰੇਕ ਦੀ ਕੋਸ਼ਸ਼ ਹੁੰਦੀ ਸੀ। ਸਟਾਫ਼ ਦਾ ਆਪਣਾ ਮੇਲ ਜੋਲ ਬੜਾ ਸੁਖਾਵਾਂ ਸੀ। ਸਭ ਰਲ ਮਿਲ ਕੇ ਇਕ ਟੀਮ ਵਾਂਗ ਕੰਮ ਕਰਦੇ ਸਨ।

ਪ੍ਰੀਤ ਨਗਰ ਵਿਚ ਵਸਦੇ ਪਰਵਾਰਾਂ ਦੀਆਂ ਘਟ ਵਧ ਪੜ੍ਹੀਆਂ ਇਸਤ੍ਰੀਆਂ ਨੂੰ ਸਕੂਲ ਦੇ ਕਿਸੇ ਨਾ ਕਿਸੇ ਆਹਰੇ ਲਗਾ ਦੇਣਾ ਸ: ਗੁਰਬਖ਼ਸ਼ ਸਿੰਘ ਦੀ ਹਿੰਮਤ ਸੀ। ਜੋ ਬੱਚਿਆਂ ਨੂੰ ਪੜ੍ਹਾ ਸਕਦੀ ਸੀ, ਉਸ ਨੂੰ ਪੜ੍ਹਾਨ ਤੇ ਲਗਾ ਦਿਤਾ, ਜੋ ਬੋਰਡਿੰਗ ਵਿਚ ਕਿਸੇ ਤਰ੍ਹਾਂ ਮਦਦ ਕਰ ਸਕਦੀ ਸੀ, ਉਸ ਨੂੰ ਉਹ ਡਿਊਟੀ ਦੇ ਦਿਤੀ, ਜੋ ਰਾਸ਼ਨ ਰਸਦ ਵਿਚ ਮਾਹਿਰ ਸੀ,

ਉਸ ਦੇ ਜ਼ੁਮੇ ਉਹ ਕੰਮ ਲਗਾ ਦਿਤਾ; ਜਿਸ ਨੂੰ ਨਾਟਕਾਂ ਦਾ ਸ਼ੌਕ ਸੀ, ਉਸ ਦੇ ਇਹਨਾਂ ਗੁਣਾਂ ਦਾ ਲਾਭ ਉਠਾਇਆ। ਆਪਣੀ ਸੁਪਤਨੀ ਨੂੰ ਹਿਸਾਬ ਕਿਤਾਬ ਦੇਖਣ ਤੇ ਹੋਰ ਇੰਤਜ਼ਾਮ ਕਰਨ ਦਾ ਕੰਮ ਸੌਂਪ ਦਿਤਾ। ਪ੍ਰੀਤ ਸੈਨਿਕਾਂ ਤੇ ਹੋਰ ਸਾਥੀਆਂ ਨੂੰ ਵੀ ਕਈ ਡਿਊਟੀਆਂ ਦੇ ਦਿਤੀਆਂ। ਹਰੇਕ ਨੂੰ ਸਕੂਲ ਆਪਣਾ ਆਪਣਾ ਲਗਣ ਲਗ ਪਿਆ। ਜਿਸ ਤਰ੍ਹਾਂ ਘਰ ਵਿਚ ਬੱਚਿਆਂ ਦੀ ਰੌਣਕ ਹੁੰਦੀ ਹੈ, ਐਕਟਿਵਿਟੀ ਸਕੂਲ ਉਸ ਨਵੀਂ ਕਾਲੋਨੀ ਦੀ ਰੌਣਕ ਬਣ ਗਿਆ। ਜਦ ਗਰਮੀਆਂ ਦੀਆਂ ਛੁੱਟੀਆਂ ਵਿਚ ਦੋ ਮਹੀਨੇ ਲਈ ਸਕੂਲ ਬੰਦ ਹੁੰਦਾ ਤਾਂ ਪ੍ਰੀਤ ਨਗਰ ਸੁੰਨਾ ਸੁੰਨਾ ਲਗਦਾ।

ਛੁੱਟੀਆਂ ਮਗਰੋਂ ਜਦ ਸਕੂਲ ਖੁਲ੍ਹਣਾ ਹੁੰਦਾ ਸਾਰੇ ਪ੍ਰੀਤ ਨਗਰ ਲਈ ਜਿਸ ਤਰ੍ਹਾਂ ਜੰਞ ਆ ਗਈ ਹੁੰਦੀ। ਹਰ ਕਿਸੇ ਦੀ ਕੋਈ ਨਾ ਕੋਈ ਡਿਊਟੀ ਲਗ ਜਾਂਦੀ। ਸਭ ਖਿੜੇ ਮੱਥੇ ਆਪਣਾ ਫ਼ਰਜ਼ ਨਿਭਾਹੁੰਦੇ। ਸ: ਗੁਰਬਖ਼ਸ਼ ਸਿੰਘ ਤੋਂ ਲੈ ਕੇ ਇਕ ਛੋਟੇ ਤੋਂ ਛੋਟੇ ਸੇਵਾਦਾਰ ਨੂੰ ਚਾਅ ਜਿਹਾ ਚੜ੍ਹ ਜਾਂਦਾ। ਬੱਚਿਆਂ ਨੂੰ ਛਡਣ ਆਉਣ ਵਾਲੇ ਮਾਪੇ ਤੇ ਸਬੰਧੀਆਂ ਨੂੰ ਸਭ ਕੋਈ ਜਾਣਦਾ, ਸਭ ਲੋਕ ਬੜੇ ਚਾਅ ਨਾਲ ਉਹਨਾਂ ਨੂੰ ਮਿਲਦੇ। ਸ: ਗੁਰਬਖ਼ਸ਼ ਸਿੰਘ ਲਈ ਤੇ ਸਟਾਫ਼ ਲਈ ਇਹ ਦਿਨ ਖ਼ਾਸ ਮਹਾਨਤਾ ਰਖਦੇ ਸਨ। ਬੱਚਿਆਂ ਦੇ ਮਾਪਿਆਂ ਨੂੰ ਮਿਲਣ ਤੋਂ ਉਹਨਾਂ ਨੂੰ ਆਪਣੇ ਵਿਦਿਆਰਥੀਆਂ ਬਾਰੇ ਬੜਾ ਕੁਝ ਪਤਾ ਲਗਦਾ — ਪ੍ਰੀਤ ਨਗਰ ਦੇ ਸਕੂਲ ਦੇ ਵਾਤਾਵਰਨ ਦਾ ਕੀ ਅਸਰ ਉਹ ਆਪਣੇ ਘਰਾਂ ਵਿਚ ਲੈ ਕੇ ਗਏ, ਕੀ ਕੀ ਸ਼ਕਾਇਤਾਂ ਘਰ ਪਹੁੰਚੀਆਂ। ਇਹਨਾਂ ਮੁਲਾਕਾਤਾਂ ਤੋਂ ਸਕੂਲ ਦੀ ਕਾਮਯਾਬੀ ਤੇ ਤਰੁੱਟੀਆਂ ਦਾ ਪਤਾ ਲਗਦਾ ਰਹਿੰਦਾ। ਹਰ ਬੱਚੇ ਤੇ ਹਰ ਅਧਿਆਪਕ ਅਧਿਆਪਕਾ ਨੂੰ ਨੇੜਿਉਂ ਹੋ ਕੇ ਜਾਨਣ ਦਾ ਮੌਕਾ ਮਿਲਦਾ। ਬੱਚੇ ਦੇ ਘਰ ਦੇ ਵਾਤਾਵਰਤਨ ਬਾਰੇ ਵੀ ਮਾਪਿਆਂ ਤੋਂ ਵਾਕਫ਼ੀ ਮਿਲਦੀ ਜਿਸ ਨਾਲ ਅਧਿਆਪਕਾਂ ਨੂੰ ਉਹਨਾਂ ਦੀ ਪੜ੍ਹਾਈ ਤੇ ਸ਼ਖ਼ਸੀਅਤ ਬਾਰੇ ਯੋਗ ਅਗਵਾਈ ਮਿਲਦੀ।

ਸ: ਗੁਰਬਖ਼ਸ਼ ਸਿੰਘ ਐਕਟਿਵਿਟੀ ਸਕੂਲ ਦੇ ਜਨਮ ਦਾਤਾ ਸਨ। ਇਹ ਸਕੂਲ ਇਹਨਾਂ ਦੇ ਅਗਾਂਹ ਵਧੂ ਖ਼ਿਆਲਾਂ ਦਾ ਇਕ ਸਾਖ਼ਿਅਤ ਰੂਪ ਸੀ। ਇਸ ਸਕੂਲ ਵਿਚ ਯੋਗ ਵਾਤਾਵਰਨ ਪੈਦਾ ਕਰਨ ਲਈ ਤੇ ਇਸ ਨੂੰ ਠੀਕ ਲੀਹਾਂ ਤੇ ਲਿਜਾਣ ਲਈ ਇਹਨਾਂ ਦੀ ਅਗਵਾਈ ਤੇ ਪ੍ਰੇਰਨਾ ਸਦਾ ਮਿਲਦੀ ਰਹਿੰਦੀ ਸੀ। ਬਾਕੀ ਦੇ ਆਦਰਸ਼ਾਂ ਨੂੰ ਸਮਝਣਾ ਤੇ ਉਸ ਨੂੰ ਅਮਲੀ ਰੂਪ ਦੇਣਾ ਸੌਖਾ ਨਹੀਂ ਹੁੰਦਾ। ਇਹੋ ਜਿਹੇ ਨਵੀਨ ਤਜਰਬੇ ਲਈ ਯੋਗ ਅਧਿਆਪਕਾਂ ਦੀ ਚੋਣ ਕਰਨੀ ਕੋਈ ਸੌਖੀ ਗੱਲ ਨਹੀਂ ਹੁੰਦੀ। ਤਾਂ ਵੀ ਕੁਝ ਇਹੋ ਜਿਹੇ ਉਸਤਾਦ ਤੇ ਉਸਤਾਦਨੀਆਂ ਸਾਨੂੰ ਮਿਲ ਗਏ ਜੋ ਬੱਚਿਆਂ ਨੂੰ ਬੜਾ ਹੀ ਪਿਆਰ ਕਰਦੇ ਤੇ ਪੜ੍ਹਾਣ ਵਿਚ ਵੀ ਨਿਪੁੰਨ ਸਨ। ਉਹਨਾਂ ਦੀ ਗਿਣਤੀ ਭਾਵੇਂ ਥੋੜ੍ਹੀ ਸੀ, ਪਰ ਉਹ ਦੂਜਿਆਂ ਲਈ ਮਿਸਾਲ ਸਨ ਤੇ ਬੱਚਿਆਂ ਵਿਚ ਹਰਮਨ ਪਿਆਰੇ ਸਨ। ਉਹਨਾਂ ਨੂੰ ਅੱਜ ਵੀ ਪੰਝੀ ਤੀਹ ਸਾਲਾਂ ਮਗਰੋਂ ਜਦੋਂ ਕੋਈ ਪੁਰਾਣੇ ਵਿਦਿਆਰਥੀ ਮਿਲਦੇ ਹਨ ਤਾਂ ਬੜੇ ਤਪਾਕ ਨਾਲ ਮਿਲਦੇ ਹਨ, ਉਹਨਾਂ ਦੀ ਬੜੀ ਇਜ਼ਤ ਕਰਦੇ ਹਨ। ਕਈ ਮਾੜੇ ਅਧਿਆਪਕ ਵੀ ਆਏ ਉਹਨਾਂ ਦੀਆਂ ਭੁੱਲੀਆਂ ਵਿਸਰੀਆਂ ਯਾਦਾਂ ਹੀ ਬਾਕੀ ਰਹਿ ਗਈਆਂ ਹਨ। ਕਈਆਂ ਦੀ ਚੋਣ ਵਿਚ ਭੁੱਲ ਹੋ ਗਈ ਹੋਣੀ ਹੈ, ਕਈਆਂ ਨੇ ਪ੍ਰੀਤ ਨਗਰ ਨੂੰ ਗ਼ਲਤ ਸਮਝਿਆ ਹੋਣਾ ਹੈ। ਆਪਣੇ ਸਾਥੀਆਂ ਦੀ ਚੋਣ ਕਰਨ ਲਗਿਆਂ ਸ: ਗੁਰਬਖ਼ਸ਼ ਸਿੰਘ ਨੂੰ ਵੀ ਕਈ ਵਾਰ ਟਪਲੇ ਲਗਦੇ ਰਹੇ। ਜੀਵਨ ਵਿਚ ਥਿੜਕੇ



ਕਈ ਸੱਜਣ ਪ੍ਰੀਤ ਨਗਰ ਵਿਚ ਪਨਾਹ ਲੈਣ ਆਉਂਦੇ ਰਹੇ, ਕਈ ਆਦਰਸ਼-ਵਾਦੀ ਆਪਣਾ ਜੀਵਨ ਅਰਪਨ ਕਰਨ ਆ ਜਾਂਦੇ, ਕਈ ਆਪਣੇ ਭਾਂਤ ਭਾਂਤ ਦੇ ਤਜਰਬਿਆਂ ਦੇ ਚਮਤਕਾਰ ਦਿਖਾਣ ਲਈ ਉਥੇ ਆ ਪਹੁੰਚਦੇ। ਸ: ਗੁਰਬਖ਼ਸ਼ ਸਿੰਘ ਕਈਆਂ ਤੇ ਮੋਹਿਤ ਹੋ ਜਾਂਦੇ, ਪਰ ਜਦ ਉਹਨਾਂ ਨੂੰ ਕੋਈ ਨਿਗਰ ਕੰਮ ਸੌਂਪਿਆ ਜਾਂਦਾ ਤਾਂ ਇਹਨਾਂ ਵਿਚੋਂ ਕਈਆਂ ਦੀਆਂ ਤਰੁੱਟੀਆਂ ਉਹਨਾਂ ਦੇ ਰਸਤੇ ਵਿਚ ਰੁਕਾਵਟ ਬਣ ਕੇ ਦੀਵਾਰ ਵਾਂਗ ਖੜੀਆਂ ਹੋ ਜਾਂਦੀਆਂ। ਕਈ ਹੋਰ ਸਾਥੀ ਆਪਣੇ ਸੌਂਪੇ ਕੰਮਾਂ ਵਿਚ ਦਖ਼ਲ ਅੰਦਾਜ਼ੀ ਪਸੰਦ ਨਾ ਕਰਦੇ, ਕਈ ਹਕੂਮਤ ਕਰਨ ਦੇ ਆਦੀ ਹੁੰਦੇ।। ਸੋ ਭਿੰਨ ਭੇਦ ਤੇ ਰਾਏ ਦਾ ਮਤ ਭੇਦ ਹੋਣਾ ਜ਼ਰੂਰੀ ਸੀ ਜੋ ਹਰ ਸੰਸਥਾ ਵਿਚ ਹੁੰਦਾ ਹੈ। ਸ: ਗੁਰਬਖ਼ਸ਼ ਸਿੰਘ ਦੀ ਸਦਾ ਕੋਸ਼ਸ਼ ਹੁੰਦੀ ਕਿ ਔਖੇ ਤੋਂ ਔਖੇ ਮੁਆਮਲੇ ਨੂੰ ਸੁਲਾਹ ਸਫ਼ਾਈ ਨਾਲ ਸੁਲਝਾਇਆ ਜਾਏ।

ਬੱਚਿਆਂ ਦੀ ਖ਼ੁਰਾਕ, ਉਹਨਾਂ ਦੇ ਰੋਜ਼ ਦੇ ਨੇਮ, ਰਹਿਣੀ ਬਹਿਣੀ, ਪੜ੍ਹਾਈ, ਸਿਹਤ, ਸਫ਼ਾਈ ਆਦਿ ਅਨੇਕਾਂ ਝਮੇਲੇ ਹੁੰਦੇ ਸਨ। ਹਰੇਕ ਦੀ ਤਸੱਲੀ ਕਰ ਸਕਨੀ ਤਾਂ ਜੋ ਸ਼ਿਕਵਾ ਸ਼ਿਕਾਇਤ ਨਾ ਹੋਵੇ, ਬੜਾ ਕਠਿਨ ਕੰਮ ਸੀ। ਡੰਡੇ ਦੀ ਹਕੂਮਤ ਉਥੇ ਸੀ ਨਹੀਂ, ਹਰੇਕ ਮਸਲੇ ਦਾ ਹੱਲ ਪ੍ਰੀਤ ਪਿਆਰ ਨਾਲ ਹੱਲ ਕਰਨ ਦੀ ਕੋਸ਼ਸ਼ ਹੀ ਹੁੰਦੀ ਸੀ। ਕਦੇ ਘਰੋਂ ਵਿਛੜੇ ਲਾਡਲੇ ਬੱਚੇ ਨਰਾਜ਼, ਕਦੇ ਵਾਰਡਨ ਭੈਣ ਜੀ ਜਾਂ ਭਰਾ ਜੀ ਗ਼ੁੱਸੇ, ਕਦੇ ਕੰਮ ਕਰਨ ਵਾਲੇ ਸੇਵਾਦਾਰਾਂ ਦੀ ਸ਼ਾਮਤ, ਕਿਸੇ ਉਸਤਾਦ ਉਸਤਾਦਨੀ ਤੇ ਗਿਲਾ......ਰੋਜ਼ ਕੋਈ ਨਾ ਕੋਈ ਉਲਝਨ ਪਈ ਰਹਿੰਦੀ। ਦਾਰ ਜੀ ਕਦੇ ਕਿਸੇ ਨੂੰ ਮਨਾਂਦੇ, ਕਦੇ ਕਿਸੇ ਨੂੰ ਸਮਝਾਂਦੇ, ਕਦੇ ਕਿਸੇ ਦੀ ਸੁਲਾਹ ਕਰਾਂਦੇ। ਕਈ ਕਈ ਘੰਟੇ ਕਈ ਕਈ ਦਿਨ ਲਗ ਜਾਂਦੇ ਦਾਰ ਜੀ ਨੂੰ ਉਹਨਾਂ ਮੁਆਮਲਿਆਂ ਨੂੰ ਨਜਿੱਠਨ ਲਈ। ਕਦੇ ਸ਼ਿਕਾਇਤ ਕਰਨ ਵਾਲੇ ਬੱਚਿਆਂ ਨਾਲ ਗੱਲਬਾਤ, ਕਦੇ ਅਧਿਆਪਕਾਂ ਨਾਲ ਸਲਾਹ ਮਸ਼ਵਰਾ, ਕਦੇ ਸੱਜਣਾਂ ਮਿੱਤਰਾਂ ਨਾਲ ਕਾਨਫ਼ਰੰਸ, ਉਹਨਾਂ ਦੀ ਕੋਸ਼ਸ਼ ਸਦਾ ਇਹ ਹੀ ਹੁੰਦੀ ਕਿ ਕਿਸੇ ਨਾਲ ਬੇਇਨਸਾਫ਼ੀ ਨਾ ਹੋ ਜਾਏ। ਬੜਾ ਸਬਰ ਚਾਹੀਦਾ ਹੈ, ਹਰ ਇਕ ਦੀ ਰਾਏ ਸੁਣਨ ਤੇ ਸਮਝਨ ਲਈ ਜਿਸ ਦੇ ਉਹ ਧਨੀ ਹਨ।

ਬੱਚਿਆਂ ਨਾਲ ਰਲ ਕੇ ਬੱਚਿਆਂ ਵਾਂਗ ਹਨ। ਹੱਸ ਖੇਡ ਸਕਣਾ ਇਕ ਬੜਾ ਗੁਣ ਹੈ ਜੋ ਹਰ ਸਿਆਣੇ ਮਰਦ ਇਸਤਰੀ ਵਿਚ ਨਹੀਂ ਹੁੰਦਾ। ਮਾਸੂਮ ਬੱਚਿਆਂ ਦੀਆਂ ਨਿੱਕੀਆਂ ਮੋਟੀਆਂ ਖ਼ਾਹਸ਼ਾਂ ਦੀ ਕਦਰ ਕਰ ਸਕਣੀ ਵੀ ਕਿਸੇ ਕਿਸੇ ਨੂੰ ਹੀ ਆਉਂਦੀ ਹੈ, ਘਰੋਂ ਵਿਛੜੇ ਬੋਰਡਿੰਗ ਵਿਚ ਰਹਿੰਦੇ ਬੱਚਿਆਂ ਦੀ ਕੁਦਰਤੀ ਖ਼ਾਹਿਸ਼ ਹੁੰਦੀ ਸੀ ਕਿ ਦੀਵਾਲੀ ਲੋਹੜੀ ਆਦਿ ਦੇ ਤਿਉਹਾਰ ਜੋ ਉਹ ਆਪਣੇ ਘਰਾਂ ਵਿਚ ਬੜੇ ਜੋਸ਼ ਨਾਲ ਮਨਾਂਦੇ ਸਨ, ਉਹਨਾਂ ਨੂੰ ਉਸੇ ਤਰ੍ਹਾਂ ਉਥੇ ਵੀ ਮਨਾਣ। ਸ: ਗੁਰਬਖ਼ਸ਼ ਸਿੰਘ ਬੱਚਿਆਂ ਨਾਲ ਰਲ ਮਿਲ ਕੇ ਦੀਵਾਲੀ ਨੂੰ ਪਟਾਕੇ ਚਲਾਂਦੇ ਤੇ ਰੰਗ ਰਲੀਆਂ ਮਨਾਂਦੇ। ਏਸੇ ਲਈ ਉਹ ਸਦਾ ਬੱਚਿਆਂ ਵਿਚ ਹਰਮਨ ਪਿਆਰੇ 'ਦਾਰ ਜੀ' ਸਨ। ਬੱਚਿਆਂ ਦੀ ਖ਼ੁਸ਼ੀ ਲਈ ਕੋਈ ਨੇਮ ਵੀ ਬਦਲਣੇ ਪੈਂਦੇ ਤਾਂ ਉਹ ਸਟਾਫ਼ ਨੂੰ ਪ੍ਰੇਰ ਕੇ ਬਦਲ ਦੇਂਦੇ। ਬੋਰਡਿੰਗ ਦੇ ਬੱਚਿਆਂ ਨੂੰ ਨਗਦ ਪੈਸੇ ਖ਼ਰਚਣ ਲਈ ਨਹੀਂ ਸਨ ਦਿਤੇ ਜਾਂਦੇ। ਉਹਨਾਂ ਦੇ ਹਿਸਾਬ ਵਿਚ ਮਾਪਿਆਂ ਵਲੋਂ ਦਿਤੇ ਪੈਸੇ ਸਕੂਲ ਵਿਚ ਜਮ੍ਹਾਂ ਰਹਿੰਦੇ ਸਨ ਜੋ ਉਹਨਾਂ ਦੀਆਂ ਜ਼ਾਤੀ ਚੀਜ਼ਾਂ ਲਈ ਲੋੜ ਅਨੁਸਾਰ ਦਿਤੇ ਜਾਂਦੇ। ਸ਼ਾਮ ਨੂੰ ਰੋਜ਼ ਵਾਰੋ ਵਾਰੀ ਬੱਚਿਆਂ ਦੇ ਮਨ ਪਸੰਦ ਦੀਆਂ ਖਾਣ ਵਾਲੀਆਂ ਚੀਜ਼ਾਂ ਦਾ ਪ੍ਰਬੰਧ ਕੀਤਾ ਜਾਂਦਾ। ਪਰ ਤਜਰਬੇ ਤੋਂ ਦੇਖਿਆ ਗਿਆ ਕਿ ਕੁਝ ਚੋਰੀ ਛਿਪੇ ਦੁਕਾਨ ਤੋਂ ਜਾ ਕੇ ਮਿਠਾਈਆਂ

ਆਦਿ ਖ਼ਰੀਦ ਕੇ ਖ਼ਾਂਦੇ ਰਹਿੰਦੇ। ਬੱਚਿਆਂ ਦੀ ਕੁਦਰਤੀ ਖ਼ਾਹਿਸ਼ ਨੂੰ ਸਮਝਦਿਆਂ ਹੋਇਆਂ ਕਿ ਆਪਣੀ ਹੱਥੀਂ ਪੈਸੇ ਖ਼ਰਚ ਕੇ ਆਪਣੀ ਮਨ ਪਸੰਦ ਦੀ ਚੀਜ਼ ਖਾਣੀ ਚਾਹੁੰਦੇ ਹਨ, ਉਹਨਾਂ ਨੇ ਸਟਾਫ਼ ਨਾਲ ਸਲਾਹ ਕਰ ਕੇ ਖ਼ਾਸ ਰਕਮ ਜੇਬ ਖ਼ਰਚ ਲਈ ਦੇਣੀ ਮਨਜ਼ੂਰ ਕਰ ਦਿਤੀ, ਬੱਚਿਆਂ ਦੀ ਖ਼ੁਸ਼ੀ ਦੀ ਹੱਦ ਨਾ ਰਹੀ, ਬੋਰਡਿੰਗ ਵਿਚ ਮਿਲਦੀ ਚੀਜ਼ ਨਾਲੋਂ ਉਹ ਘਟ ਹੀ ਖਾਂਦੇ, ਪਰ ਜਿਸ ਦਾ ਜੀ ਕਰਦਾ ਉਹ ਲੱਡੂ ਖਾਂਦਾ, ਕੋਈ ਬਰਫ਼ੀ ਲੈਂਦਾ, ਕੋਈ ਪਕੌੜੇ ਹੀ ਖਾਂਦਾ, ਹਰੇਕ ਦੀ ਤਸੱਲੀ ਹੋ ਜਾਂਦੀ।

ਖੇਲਾਂ ਤੇ ਡਰਾਮਿਆਂ ਵਿਚ ਵੀ ਸ: ਗੁਰਬਖ਼ਸ਼ ਸਿੰਘ ਬੱਚਿਆਂ ਦੇ ਨਾਲ ਰਲ ਕੇ ਪੂਰਾ ਹਿੱਸਾ ਲੈਂਦੇ ਉਹਨਾਂ ਨਾਲ ਤਾਸ਼ ਵੀ ਖੇਲਦੇ, ਉਹਨਾਂ ਦੀਆਂ ਮਾਸੂਮ ਗੱਲਾਂ ਵੀ ਸੁਣਦੇ ਤੇ ਉਹਨਾਂ ਦੇ ਮਨਾਂ ਅੰਦਰ ਝਾਤੀ ਮਾਰਨ ਦੀ ਕੋਸ਼ਿਸ਼ ਕਰਦੇ।

ਕਿਸੇ ਦੇ ਮਨ ਨੂੰ ਸਮਝ ਸਕਨਾ, ਉਸ ਦੇ ਵਲਵਲਿਆਂ ਤੇ ਉਸ ਦੀਆਂ ਰੀਝਾਂ ਨੂੰ ਅਪਨਾ ਸਕਨਾ ਹਰ ਇਕ ਦੇ ਵਸ ਦੀ ਗੱਲ ਨਹੀਂ, ਮਨੁੱਖੀ ਮਨ ਦੇ ਆਲੋਚਕ ਲਿਖਾਰੀਆਂ ਦਾ ਇਹ ਇਕ ਗੁਣ ਹੈ। ਸ: ਗੁਰਬਖ਼ਸ਼ ਸਿੰਘ ਨੇ ਨਿਰਾ ਜਵਾਨ ਮਰਦ ਤੇ ਇਸਤ੍ਰੀਆਂ ਦੇ ਜਜ਼ਬਿਆਂ ਨੂੰ ਸਮਝ ਕੇ ਹੀ ਕਹਾਣੀਆਂ ਨਹੀਂ ਲਿਖੀਆਂ। ਆਪ ਬੱਚਿਆਂ ਲਈ ਵੀ ਕਹਾਣੀਆਂ ਲਿਖੀਆਂ ਹਨ। ਜਦ ਐਕਟਿਵਿਟੀ ਸਕੂਲ ਵਲੋਂ ਬਾਲ ਲਾਇਬਰੇਰੀ ਦੀਆਂ ਪੁਸਤਕਾਂ ਪਰਕਾਸ਼ਤ ਹੋਈਆਂ ਤਾਂ ਆਪ ਦੀ ਲਿਖੀ ਪੁਸਤਕ "ਗੁਲਾਬੀ ਐਨਕਾਂ" ਇਸੇ ਲੜੀ ਦਾ ਇਕ ਭਾਗ ਸੀ ਜੋ ਬੜੀ ਸਲਾਹੀ ਗਈ। "ਬਾਲ ਸੰਦੇਸ਼" ਵਿਚ ਵੀ ਆਪ ਬੱਚਿਆਂ ਲਈ ਲਿਖਦੇ ਰਹਿੰਦੇ।

ਐਕਟਿਵਿਟੀ ਸਕੂਲ, ਪ੍ਰੀਤ ਨਗਰ ਮਸਾਂ ਸਤ ਸਾਲ ਹੀ ਚਲਿਆ। ਇਸ ਨੇ ਆਪਣੇ ਵਕਤ ਵਿਚ ਕਾਫ਼ੀ ਸ਼ੁਹਰਤ ਹਾਸਲ ਕੀਤੀ। ਪੰਜਾਬ ਸਰਕਾਰ, ਪੰਜਾਬ ਯੂਨੀਵਰਸਿਟੀ ਤੇ ਅਨੇਕਾਂ ਵਿੱਦਿਅਕ ਮਾਹਿਰਾਂ ਨੇ ਇਸ ਦੀ ਕਦਰ ਪਾਈ। ਕਈ ਦੇਸਾਂ ਦੇ ਬੱਚੇ ਇਸ ਸਕੂਲ ਵਿਚ ਪੜ੍ਹਨ ਲਈ ਆਏ। ਸਕੂਲ ਦੇ ਬੱਚਿਆਂ ਨੇ ਪੜ੍ਹਾਈ, ਸੰਗੀਤ ਤੇ ਆਰਟ ਵਿਚ ਨਾਮਨਾ ਖਟਿਆ। ਸ: ਗੁਰਬਖ਼ਸ਼ ਸਿੰਘ ਦੀਆਂ ਕਾਮਯਾਬ ਯੋਜਨਾਂ ਵਿਚੋਂ ਇਹ ਇਕ ਐਸੀ ਯੋਜਨਾ ਸੀ ਜਿਸ ਦੀ ਸੁਖਾਵੀਂ ਯਾਦ ਨੂੰ ਉਹ ਤੇ ਉਹਨਾਂ ਦੇ ਉਦੋਂ ਦੇ ਸਾਥੀ ਸਦਾ ਮਾਨ ਨਾਲ ਯਾਦ ਕਰਦੇ ਹਨ।



# ਦੂਰੋਂ ਨੇੜਿਓਂ ਦਾਰ ਜੀ

ਜਗਜੀਤ ਸਿੰਘ ਆਨੰਦ

ਪਿਛਲੇ ਛੱਬੀ ਸਤਾਈ ਸਾਲ ਤੋਂ ਸ: ਗੁਰਬਖ਼ਸ਼ ਸਿੰਘ ਜੀ ਦੇ ਪਰਵਾਰ ਨਾਲ ਰਿਸ਼ਤਾ ਅਜਿਹਾ ਰਿਹਾ ਹੈ ਕਿ ਉਹਨਾਂ ਸੰਬੰਧੀ ਕੋਈ ਬਾਹਰਮੁਖੀ ਗੱਲ ਆਖ ਸਕਣੀ ਸੌਖੀ ਨਹੀਂ — ਕਿਉਂਕਿ ਜਿਸ ਨੂੰ ਮੈਂ ਬਾਹਰਮੁਖੀ ਸਮਝਦਾ ਹੋਵਾਂ ਉਸ ਵਿਚ ਅਚੇਤ ਹੀ ਅੰਤਰਮੁਖਤਾ ਦੀ ਲੇਸ ਆ ਜਾਣੀ ਕੁਦਰਤੀ ਹੈ।

"ਪ੍ਰੀਤ ਲੜੀ" ਦੇ ਨਾਲ ਪਛਾਣ ਕਿਉਂਕਿ ਦਾਰ ਜੀ ਨਾਲ ਨੇੜਲੀ ਨਿੱਜੀ ਛੋਹ ਨਾਲੋਂ ਦਸ ਸਾਲ ਪੁਰਾਣੀ ਹੈ, ਸਧਾਰਨ ਹਾਲਤ ਵਿਚ ਸੌਖਾ ਰਾਹ ਇਹ ਹੁੰਦਾ ਕਿ ਮੈਂ ਆਪਣੇ ਆਪ ਨੂੰ ਉਹਨਾਂ ਪਹਿਲੇ ਦਸਾਂ ਸਾਲਾਂ ਤਕ ਹੀ ਸੀਮਤ ਰਖਦਾ। ਪਰ ਉਸ ਦੌਰ ਨਾਲ ਇਨਸਾਫ਼ ਕਰਨ ਲਈ ਘਟੋ ਘਟ ਜ਼ਰੂਰੀ ਗੱਲ ਇਹ ਸੀ ਕਿ ੧੯੩੩—੪੩ ਦੇ "ਪ੍ਰੀਤ ਲੜੀ" ਦੇ ਅੰਕਾਂ ਦੇ ਪੱਤਰੇ ਹੀ ਫਰੋਲ ਲੈਂਦਾ ਤਾਂ ਜੁ ਸਮੇਂ ਦੀ ਧੂੜ ਨੇ ਮਨ ਦੀ ਸਲੇਟ ਦੇ ਜਿਹੜੇ ਨਕਸ਼ ਧੁੰਦਲੇ-ਪੇਤਲੇ ਕਰ ਦਿਤੇ ਹਨ, ਕੁਝ ਕੁ ਉੱਘੜ ਆਉਂਦੇ। ਪਰ ਉਹਨਾਂ ਸਾਲਾਂ ਦੇ ਅੰਕ ਮੇਰੇ ਨਿੱਜੀ ਪੁਸਤਕਾਲੇ ਵਿਚ ਹਨ ਨਹੀਂ, ਤੇ ਪ੍ਰੀਤ ਨਗਰ ਜਾਣ ਜੋਗੀ ਵਿਹਲ ਨੇੜੇ ਦੇ ਅਗਲੇ ਦਿਨਾਂ ਵਿਚ ਨਿਕਲਦੀ ਨਹੀਂ ਦਿਸਦੀ। ਤੇ ਕਿਉਂਕਿ ਦਾਰ ਜੀ ਦੇ ਜਨਮ ਦੇ ੭੫ਵੇਂ ਸਾਲ ਨਾਲ ਸਬੰਧਤ ਯਾਦ-ਪੁਸਤਕ ਨੂੰ ਪਿੱਛੇ ਪਾਉਣ ਦਾ ਸਾਰਾ ਭਾਰ ਮੈਂ ਆਪਣੇ ਮੋਢਿਆਂ ਉਤੇ ਨਹੀਂ ਲੈਣਾ ਚਾਹੁੰਦਾ, ਅਤੇ ਸੁਹਿਰਦ ਸੰਪਾਦਕਾਂ ਨੂੰ ਕੋਈ ਨਾਂਹ ਕਰ ਸਕਣ ਜੋਗਾ ਮੇਰੇ ਕੋਲ ਹੀਆ ਨਹੀਂ, ਇਸ ਲਈ ਭੁੱਲਿਆ ਵਿਸਰਿਆ ਜੋ ਕੁਝ ਚੇਤੇ ਆ ਰਿਹਾ ਹੈ, ਅਨਘੜਿਆ ਹੀ ਭੇਟ ਕਰ ਰਿਹਾ ਹਾਂ।

ਜਿਹੜੇ ਘਰ ਦਾ ਮੈਂ ਜੰਮ-ਪਲ ਹਾਂ, ਉਸ ਵਿਚ ਪੰਜਾਬੀ ਦੀ ਹਰ ਕਿਤਾਬ ਰਿਸਾਲਾ ਆਪੇ ਹੀ ਤੁਰਿਆ ਆਉਂਦਾ ਸੀ। "ਪ੍ਰੀਤਮ" ਦੇ ਮੇਰੇ ਪਿਤਾ ਜੀ ਆਨਰੇਰੀ ਐਡੀਟਰਾਂ ਵਿਚੋਂ ਸਨ ਤੇ "ਫੁਲਵਾੜੀ" ਵਾਲੇ "ਦਰਦ" ਜੀ ਨਾਲ ਉਹਨਾਂ ਦਾ ਸਨੇਹ ਉਸ ਪੱਤਰ ਦੇ ਹੋਂਦ ਵਿਚ ਆਉਣ ਨਾਲੋਂ ਵੀ ਪਹਿਲਾਂ ਦਾ ਸੀ। "ਪ੍ਰੀਤ ਲੜੀ" ਵੀ ਆਪਣੇ ਪਹਿਲੇ ਪਰਚੇ ਤੋਂ ਹੀ ਉਸ ਘਰ ਵਿਚ ਪਹੁੰਚਣ ਲਗ ਪਈ।

ਭਾਵੇਂ ਉਮਰ ਉਦੋਂ ਮਸਾਂ ਯਾਰਾਂ-ਬਾਰਾਂ ਸਾਲਾਂ ਦੀ ਹੋਵੇਗੀ, ਪਰ "ਪ੍ਰੀਤ ਲੜੀ" ਆਉਣ ਤੋਂ ਪਹਿਲਾਂ ਉਪਰੋਕਤ ਦੋ ਸਾਹਿਤਕ ਪੱਤਰਾਂ ਤੋਂ ਇਲਾਵਾ ਦੈਨਿਕ "ਅਸਲੀ ਤੇ ਕੌਮੀ ਦਰਦ" ਅਤੇ ਸਪਤਾਹਿਕ "ਫ਼ਤਹਿ" ਤੇ "ਮੌਜੀ" ਨਾਲ ਮੇਰੀ ਚੰਗੀ ਤਕੜੀ ਪਛਾਣ ਸੀ।

ਘਰ ਵਿਚ ਸਿੱਖੀ ਪ੍ਰਭਾਵ ਡੂੰਘਾ ਸੀ, ਤੇ ਮੈਂ ਵੀ ਉਸੇ ਰੰਙਣ ਵਿਚ ਪੂਰੀ ਤਰ੍ਹਾਂ ਰੰਗਿਆ ਹੋਇਆ ਸਾਂ, ਪਰ ਜਿੰਨੀ ਉਤਸੁਕਤਾ ਨਾਲ ਬਾਬੇ ਵਰਿਆਮੇ ਵਾਲੇ "ਮੌਜੀ" ਦੇ ਲੇਖਾਂ ਨੂੰ ਉਡੀਕਦਾ ਹੁੰਦਾ ਸਾਂ, ਹੋਰ ਕਿਸੇ ਲਿਖਤ ਨੂੰ ਨਹੀਂ ।

"ਪ੍ਰੀਤ ਲੜੀ" ਦਾ ਪਹਿਲਾ ਪਰਚਾ ਇਕ ਅਜੂਬਾ ਲਗਾ — ਨਾ "ਫੁਲਵਾੜੀ", "ਪ੍ਰੀਤਮ" ਵਾਲੀ ਸਿੱਖੀ ਦੀ ਭਾਹ ਲੱਭਦੀ ਸੀ, ਨਾ "ਮੌਜੀ" ਵਾਲਾ ਹਾਸ-ਰਸ ਝਲਕਦਾ ਸੀ । ਅੱਧਾ ਪਰਚਾ ਪੰਜਾਬੀ ਵਿਚ, ਅੱਧਾ ਅੰਗਰੇਜ਼ੀ ਵਿਚ, ਗਹਿਰ-ਗੰਭੀਰ ਜਿਹਾ, ਅਕਲਵਾਨ ਜਿਹਾ, ਕੁਝ ਥਾਵਾਂ ਤੋਂ ਮੇਰੀ ਸਮਝ-ਅਕਲ ਤੋਂ ਪਰੇ । ਪੰਜਾਬੀ ਭਾਵੇਂ ਅੰਗਰੇਜ਼ੀ ਨਾਲੋਂ ਢੇਰ ਵੱਧ ਆਉਂਦੀ ਸੀ, ਪਰ ਪਰਚੇ ਦੇ ਵਿਕੋਲਿਤਰੇਪਣ ਦਾ ਪ੍ਰਤੀਕ ਹੋਣ ਕਾਰਨ ਅੰਗਰੇਜ਼ੀ ਭਾਸ਼ਾ ਵਾਲਾ ਭਾਗ ਪਹਿਲਾ ਧਿਆਨ ਮੰਗਦਾ ਸੀ । ਕਿਉਂਕਿ ਮੁੱਢ ਵਿਚ ਗੁਰਬਾਣੀ ਦੀ ਤੁਕ ਦੀ ਥਾਂ "ਕਿਸੇ ਦਿਲ ਸਾਂਝ ਦੀ ਧੜਕਣ" ਨੇ ਲੈ ਰਖੀ ਸੀ, ਸੰਪਾਦਕ ਵਲੋਂ ਕੋਈ ਨਵੀਂ ਲੀਹ ਤੋਰਨ ਦਾ ਪ੍ਰਭਾਵ ਆਪਣੇ ਆਪ ਪਿਆ ਪੈਂਦਾ ਸੀ ।

ਭਾਵੇਂ ਇਸ਼ਕ ਕਦੇ ਬੁੱਢਾ ਨਹੀਂ ਹੁੰਦਾ, ਤੇ ਇਸ ਗੱਲ ਦਾ ਇਹਸਾਸ ਕਿ ਹੁਣ ਦਾ ਗੁਰਬਖ਼ਸ਼ ਸਿੰਘ ਵੀ ਕਿੰਨਾ ਕਣ ਕਣ ਵਿਚ ਇਸ਼ਕ ਸਮੋਈ ਬੈਠਾ ਹੈ ਉਹਨਾਂ ਸਾਰਿਆਂ ਨੂੰ ਹੋ ਗਿਆ ਜਿਨ੍ਹਾਂ ੨੯ ਅਪ੍ਰੈਲ ਨੂੰ ਐਗਰੀਕਲਚਰਲ ਯੂਨੀਵਰਸਿਟੀ ਵਿਚ ਹੋਏ ਸਮਾਰੋਹ ਸਮੇਂ ਉਸ ਨੂੰ ਆਪਣੇ ਰਾਂਗਲੇ ਦਿਲ ਦੀ ਬਾਤ ਪਾਉਂਦੇ ਸੁਣਿਆ, ਉਹਨਾਂ ਦਿਨਾਂ ਵਾਲਾ ਗੁਰਬਖ਼ਸ਼ ਸਿੰਘ ਹੁਣ ਵਾਲੇ ਨਾਲੋਂ ਵੱਧ ਗੂੰਜਵਾਂ, ਵੱਧ ਟੁਣਕਵਾਂ, ਵੱਧ ਟੱਕਰਵਾਂ ਪ੍ਰੀਤ-ਆਸ਼ਕ ਸੀ । ਹੋ ਸਕਦਾ ਹੈ ਕਿ ਮੇਰੇ ਇਸ ਇਹਸਾਸ ਵਿਚ ਮੇਰੀ ਉਮਰ ਦਾ ਵੀ ਦਖ਼ਲ ਹੋਵੇ, ਕਿਉਂਕਿ ਇਕ ਬਾਲ ਮਨ ਜਿੰਨੀ ਛੇਤੀ ਤੇ ਜਿੰਨੀ ਡੂੰਘੀ ਹੱਦ ਤਕ ਪ੍ਰਭਾਵਤ ਹੁੰਦਾ ਹੈ ਬਾਲਗ ਮਨ ਨਹੀਂ ਹੋ ਸਕਦਾ, ਪਰ ਸਿਰਫ਼ ਆਪਣੇ ਪ੍ਰੀਤ ਫ਼ਲਸਫ਼ੇ ਦੇ ਪੱਖ ਤੋਂ ਹੀ ਨਹੀਂ, ਸਾਡੇ ਪੇਚੀਦਾ ਸਮਾਜ ਦੀਆਂ ਝੂਠੀਆਂ ਇਖ਼ਲਾਕੀ ਕਦਰਾਂ ਨੂੰ, ਇਸ ਦੇ ਵਹਿਮਾਂ-ਭਰਮਾਂ ਨੂੰ, ਇਸ ਦੀਆਂ ਸੰਕੀਰਨ-ਸੋਚਾਂ ਨੂੰ ਉਹਨਾਂ ਪਹਿਲੇ ਸਾਲਾਂ ਵਾਲਾ ਗੁਰਬਖ਼ਸ਼ ਸਿੰਘ ਜਿਸ ਜੋਸ਼ ਤੇ ਦਲੇਰੀ ਨਾਲ ਵੰਗਾਰਦਾ ਸੀ, ਉਸ ਦੀ ਕਲਮ ਦਾ ਨਸ਼ਤਰ ਸਾਡੇ ਸਮਾਜੀ ਫੋੜਿਆਂ ਦਾ ਗੰਦਾ ਮੁਆਦ ਕੱਢਣ ਲਈ ਜਿਸ ਫੁਰਤੀ ਤੇ ਜਿਸ ਮੁਹਾਰਤ ਨਾਲ ਚਲਦਾ ਸੀ, ਤੇ ਉਹ ਬਾਲਪਣ ਤੋਂ ਜੁਆਨੀ ਵਿਚ ਵਟ ਰਹੀ ਮੇਰੀ ਪੀੜ੍ਹੀ ਨੂੰ ਜਿਵੇਂ ਝੂਣਦਾ-ਝੰਜੋੜਦਾ ਸੀ, ਉਸ ਦਾ ਚੇਤਾ ਹੀ ਮੇਰੇ ਅੰਦਰੇ ਵਿਚ ਇਕ ਅਨੋਖੀ ਝੁਣਝੁਣੀ ਛੇੜ ਜਾਂਦਾ ਹੈ ।

ਭਾਵੇਂ ਸ਼ਬਦਾਂ ਦਾ ਜਾਦੂਗਰ ਹੋਣ ਦਾ ਝਉਲਾ ਉਹ ਪਹਿਲੇ ਦੋ-ਭਾਸ਼ੀ ਅੰਕਾਂ ਵਿਚ ਹੀ ਦੇਂਦਾ ਸੀ, ਪਰ ਜਦੋਂ ਗੁਰਬਖ਼ਸ਼ ਸਿੰਘ ਦਾ ਆਪਣੀ ਮਾਤ-ਬੋਲੀ ਵਿਚ ਆਪਾ ਪ੍ਰਗਟਾ ਸਕਣ ਬਾਰੇ ਭਰੋਸਾ ਵਧਿਆ ਤੇ ਅੰਗਰੇਜ਼ੀ ਦਾ ਆਸਰਾ ਲੈਣਾ ਉਸ ਨੇ ਛੱਡ ਦਿਤਾ, ਉਸ ਦੀ ਲਿਖਤ ਵਿਚ ਲੋਹੜੇ ਦੀ ਰਵਾਨੀ ਆ ਗਈ, ਜਿਹੜੀ ਇਕ ਸ਼ੂਕਦੇ ਦਰਿਆਈ ਰੋੜ੍ਹ ਵਾਂਗ ਤੁਹਾਡੇ ਸਾਰੇ ਸਹਿੰਸਿਆਂ, ਤੁਅੱਸਬਾਂ ਨੂੰ ਹੂੰਝੀ ਤੁਰੀ ਜਾਂਦੀ ਸੀ । ਬੰਦਾ ਸਾਰੇ ਦਾ ਸਾਰਾ ਹੁਲਾਰਿਆ ਜਾਂਦਾ ਸੀ ਤੇ ਉਸ ਦਾ ਮਾਨਸਕ ਚਿਤਰ-ਪਟ ਅਣਜਾਣੇ ਹੀ ਬਦਲ ਜਾਂਦਾ ਸੀ ।

ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਗੁਰਬਖ਼ਸ਼ ਸਿੰਘ ਸਾਡੇ ਧਰਮ-ਮੱਠਾਂ ਦੇ ਨਵੇਂ ਪੁਰਾਣੇ ਮਹੰਤਾਂ ਦਾ ਗ਼ੁੱਸਾ ਏਨਾ ਉਤੇਜਤ ਕਰਨ ਵਿਚ ਕਾਮਯਾਬ ਹੋ ਗਿਆ ਸੀ ਕਿ ਉਸ ਦੀ



"ਪ੍ਰੀਤ ਲੜੀ" ਦਾ ਦਾਖ਼ਲਾ ਸਾਰੇ ਗੁਰਦਵਾਰਿਆਂ ਦੀਆਂ ਹੱਦਾਂ ਵਿਚ ਵਿਵਰਜਤ ਹੋ ਚੁੱਕਾ ਸੀ । 'ਪ੍ਰੀਤ ਲੜੀ" ਅਜੇ ਦੋਂਹ ਵਰ੍ਹਿਆਂ ਦੀ ਵੀ ਨਹੀਂ ਸੀ ਹੋਈ ਤੇ ਮੈਂ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ । ਪੱਤਝੜ ਦੀ ਆਉਂਦ ਨੇ ਸੂਰਜ ਦੀਆਂ ਕਿਰਨਾਂ ਵਿਚੋਂ ਹੁਨਾਲ ਵਾਲੀ ਚੋਭ ਕੱਢ ਸੁੱਟੀ ਸੀ ਤੇ ਤਰਨ ਤਾਰਨ ਦੇ ਦਰਬਾਰ ਸਾਹਿਬ ਦੇ ਵਿਸ਼ਾਲ ਸਰੋਵਰ ਦਾ ਕੰਢਾ ਮੁੜ ਮੇਰੀ ਪੜ੍ਹਨ-ਥਾਂ ਬਣ ਚੁੱਕਾ ਸੀ । ਮੈਂ ਟੱਲੀਆਂ ਵਾਲੇ ਬੁੰਗੇ ਸਾਹਮਣੀ ਰੌਂਸ ਦਾ ਉਹਲਾ ਲੈ ਚੌਥੀ ਪੌੜੀ ਉਤੇ ਲੱਤਾਂ ਲਮਕਾਈ, ਤੀਜੀ ਉਤੇ ਬੈਠਾ, "ਪ੍ਰੀਤ ਲੜੀ" ਦਾ ਤਾਜ਼ਾ ਪਰਚਾ ਪੜ੍ਹ ਰਿਹਾ ਸਾਂ । ਭਾਵੇਂ ਮੈਂ ਸੱਜੀ ਬਾਹੀ ਦਾ ਦਰਬਾਰ ਸਾਹਿਬ ਨਾਲੋਂ ਚੋਖਾ ਹਟਵਾਂ ਥਾਂ ਚੁਣਿਆ ਸੀ, ਕਿਉਂਕਿ ਉਥੇ ਕੋਈ ਸੇਵਾਦਾਰ ਘਟ ਹੀ ਵਿਖਾਈ ਦੇਂਦਾ ਸੀ, ਪਰ ਪਰਚੇ ਤੇ ਪੱਤਰਿਆਂ ਉਤੇ ਪਏ ਪਰਛਾਵੇਂ ਤੋਂ ਤ੍ਰਭਕ ਕੇ ਜਦੋਂ ਮੈਂ ਪਿਛਾਂਹ ਵੇਖਿਆ, ਇਕ ਸੇਵਾਦਾਰ ਸੋਟਾ ਲਈ ਮੇਰੇ ਮੋਢਿਆਂ ਉਤੋਂ ਦੀ ਉਸ ਉਤੇ ਝਾਕ ਰਿਹਾ ਸੀ । ਮੈਂ ਠਠੰਬਰ ਗਿਆ ਤੇ ਬੁੱਲ੍ਹਾਂ ਤੇ ਸਹਿਮ-ਪੇਪੜੀ ਜੰਮ ਗਈ । ਸੇਵਾਦਾਰ ਦੀਆਂ ਅੱਖਾਂ ਵਿਚ ਰੋਸ਼ਨੀ ਪਹਿਲਾਂ ਸ਼ਰਾਰਤ ਭਰੀ ਜਾਪੀ, ਪਰ ਜਦੋਂ ਉਸ ਵਿਚਲੀ ਸੱਜਣਤਾਈ ਸਾਫ਼ ਦਿਸ ਪਈ, ਮੈਂ ਸਮਝਿਆ ਹੈੱਡਮਾਸਟਰ ਸਾਹਿਬ ਦੇ ਮੁੰਡੇ ਨੂੰ ਉਸ ਨੇ ਪਛਾਣ ਲਿਆ ਹੈ ਤੇ ਮੇਰਾ ਸਾਹ ਵਿਚ ਸਾਹ ਆਇਆ । ਪਰ ਅਸਲ ਵਿਚ ਉਸ ਨੇ ਆਪਣੀ "ਪ੍ਰੀਤ ਲੜੀ" ਪਛਾਣ ਲਈ ਸੀ ਤੇ ਉਸ ਦੀ ਪੜ੍ਹਨ-ਭੁੱਖ ਜਾਗ ਪਈ ਸੀ । ਮੇਰੀ ਉਮਰ ਨਾਲੋਂ ਮੈਨੂੰ ਵੱਧ ਵਡਿਆਉਣ ਵਾਲੇ ਸੰਬੋਧਨੀ ਬੋਲੇ ਨੂੰ ਵਰਤਦੇ ਹੋਏ ਉਸ ਕਿਹਾ, "ਭਾ ਜੀ, ਤੁਸੀਂ ਰੌਂਸ ਉਤੇ ਖਲੋ ਕੇ ਰਤਾ ਬਿੜਕ ਰਖਣੀ, ਲਿਆਓ ਇਕ ਝੁੱਟੀ ਮੈਂ ਵੀ ਲਾ ਲਵਾਂ ।" ਇਹ ਮੇਰੀ ਤੇ ਸੇਵਾਦਾਰ ਇੰਦਰ ਸਿੰਘ ਲਹੁਕੇ ਦੀ ਮਿੱਤਰਤਾ ਦਾ ਆਰੰਭ ਸੀ ਜਿਹੜੀ ਤਰਨ ਤਾਰਨੋਂ ਕਾਲਜ ਚਲੇ ਜਾਣ ਤਕ ਕਾਇਮ ਰਹੀ ।

ਇਸ ਤੋਂ ਛੇਤੀ ਪਿਛੋਂ ਹੀ "ਗੁਰੂ ਨਾਨਕ ਦਰਸ਼ਨ" ਵਾਲੇ ਗਿਆਨੀ ਸਤਿਨਾਮ ਸਿੰਘ ਨੇ ਲੇਖ "ਪਰਮ ਮਨੁੱਖ" ਵਿਰੁਧ ਜ਼ਹਾਦ ਛੇੜ ਦਿਤਾ । ਮੈਨੂੰ ਉਹ ਲੇਖ ਬੜਾ ਚੰਗਾ ਲਗਾ ਸੀ ਤੇ ਮੈਂ ਸਮਝਦਾ ਸਾਂ ਕਿ ਗੁਰਬਖ਼ਸ਼ ਸਿੰਘ ਨੇ ਇਕ ਪਾਸੇ ਗੁਰੂ ਗੋਬਿੰਦ ਸਿੰਘ ਨੂੰ "ਮਨੁੱਖ" ਆਖਣ ਦੀ ਦਲੇਰੀ ਕਰ ਕੇ ਦੂਜੇ ਪਾਸੇ ਉਸ ਨਾਲ "ਪਰਮ" ਦਾ ਵਿਸ਼ਲੇਸ਼ਣ ਲਾਉਣ ਦੀ ਉਸਤਾਦੀ ਕਰ ਕੇ ਸ਼ਰਧਾਲੂਆਂ ਦੇ ਡੰਗ ਤੋਂ ਆਪਣਾ ਆਪ ਬਚਾ ਲਿਆ ਹੈ ਤੇ ਗੁਰੂ ਗੋਬਿੰਦ ਸਿੰਘ ਦਾ ਨਵਾਂ ਮੁੱਲ ਅੰਗਿਆ ਹੈ ਜਿਹੜਾ ਉਸ ਦੇ ਮਹਾਨ ਵਿਅਕਤੀਤਵ ਨੂੰ ਹੋਰ ਵੀ ਨਿਖਾਰ ਕੇ ਪੇਸ਼ ਕਰਦਾ ਹੈ । ਪਰ ਮੈਂ ਸ਼ਰਧਾਲੂਆਂ ਦੇ ਅੰਧ-ਵਿਸ਼ਵਾਸ਼ ਦਾ ਅੰਦਾਜ਼ਾ ਘਟਾ ਕੇ ਲਾ ਰਿਹਾ ਸਾਂ ; ਜਿਹੜਾ ਤੂਫ਼ਾਨ ਗੁਰਬਖ਼ਸ਼ ਸਿੰਘ ਦੀ ਇਸ ਲਿਖਤ ਵਿਰੁਧ ਉਠ ਖਲੋਤਾ ਉਸ ਤੋਂ ਭੌਂਚਕ ਕੇ ਰਹਿ ਗਿਆ । ਡਰ ਲਗਦਾ ਸੀ ਕਿ ਇਸ ਵਿਹੁਲੇ ਵਿਰੋਧ ਦਾ ਡੰਗਿਆ ਕੋਈ ਸਿਰ-ਫ਼ਿਰਿਆ ਗੁਰਬਖ਼ਸ਼ ਸਿੰਘ ਨੂੰ ਹੀ ਨਾ ਸੋਧ ਦੇਵੇ ।

ਪਰ ਇਸ ਮਾਮਲੇ ਬਾਰੇ ਮੈਨੂੰ ਵੱਡੀ ਖ਼ੁਸ਼ੀ ਉਦੋਂ ਹੋਈ ਜਦੋਂ "ਗੁਰ ਸੇਵਕ ਸਭਾ" ਨਾਮੀ ਜਥੇਬੰਦੀ ਵਿਚ ਜੁੜੇ ਸਿੱਖ ਵਿਦਵਾਨਾਂ ਨੇ ਗਿਆਨੀ ਸਤਿਨਾਮ ਸਿੰਘ ਦੇ ਧੂੰਆਂਧਾਰ ਪਰਚਾਰ ਦੇ ਬਾਵਜੂਦ ਸ: ਗੁਰਬਖ਼ਸ਼ ਸਿੰਘ ਦੇ ਲੇਖ ਨੂੰ ਠੀਕ ਠਹਿਰਾਇਆ । ਭਾਵੇਂ ਮੇਰੇ ਪਿਤਾ ਜੀ ਸਿੱਖੀ ਵਿਸ਼ਵਾਸ਼ਾਂ ਵਿਚ ਬੜੇ ਪਰਪੱਕ ਸਨ ਤੇ ਗੁਰੂ ਸਾਹਿਬਾਨ ਵਿਚ ਅਗਾਧ ਸ਼ਰਧਾ ਰਖਦੇ ਸਨ, ਉਹਨਾਂ ਤੇ ਪ੍ਰੋ: ਤੇਜਾ ਸਿੰਘ ਨੇ ਗੁਰਬਖ਼ਸ਼ ਸਿੰਘ ਦੀ ਲੇਖਣੀ ਵਿਚਲੀ ਸੁਹਿਰਦਤਾ ਪਛਾਣ ਲਈ ਤੇ ਉਸ ਦੇ ਹੱਕ ਵਿਚ ਆਪਣੀ ਕਲਮ ਚਲਾਈ ।

ਉਪਰੋਕਤ ਪ੍ਰਭਾਵ ਮੇਰੇ ਜੀਵਨ ਦੇ ਉਸ ਦੌਰ ਨਾਲ ਸੰਬੰਧਤ ਹਨ ਜਦੋਂ ਮੈਂ ਅਜੇ ਗਾਂਧੀ ਜੀ ਦੇ "ਸੱਚ ਦੀ ਪ੍ਰਾਪਤੀ ਦੇ ਯਤਨ" ਤੋਂ ਤੁਰ ਕੇ ਮਸਾਂ ਜਵਾਹਰ ਲਾਲ ਦੀ "ਸਵੈ-ਜੀਵਨੀ" ਤਕ ਪਹੁੰਚਾ ਸਾਂ। ਦੂਜੇ ਸ਼ਬਦਾਂ ਵਿਚ ਵਿਚਾਰਧਾਰਾਂ ਤੇ ਪੱਖ ਤੋਂ ਮੈਂ ਅਜੇ ਬੁਰਜੁਆਜ਼ੀ ਦੇ ਦਿਸ-ਹੱਦੇ ਨੂੰ ਟੱਪ ਨਹੀਂ ਸਾਂ ਸਕਿਆ ਅਤੇ ਮੇਰੀ ਰਾਜਸੀ ਸੂਝ ਆਪਣੇ ਦੇਸ ਦੀਆਂ ਹੱਦਾਂ ਨਹੀਂ ਸੀ ਲੰਘੀ। ਉਹਨੀਂ ਦਿਨੀਂ ਗੁਰਬਖ਼ਸ਼ ਸਿੰਘ ਵਲੋਂ ਅਮਰੀਕੀ ਜੀਵਨ ਦੇ ਸੁਹਜ-ਸਵਾਦ ਤੇ ਸਦਾਚਾਰ ਦੀ ਸਵੱਛਤਾ ਦੇ ਸੋਹਲੇ ਮੈਨੂੰ ਅੱਤ-ਕਥਨੀ ਤਾਂ ਭਾਸਦੇ ਸਨ, ਪਰ ਰੜਕਦੇ ਨਹੀਂ ਸਨ। ਪਰ ਸਕੂਲ ਦੇ ਆਖ਼ਰੀ ਤੇ ਕਾਲਜ ਦੇ ਪਹਿਲੇ ਸਾਲਾਂ ਵਿਚ ਜਦੋਂ ਮੈਂ ਮਾਰਕਸੀ ਵਿਚਾਰਧਾਰਾ ਵਲ ਖਿਚਿਆ ਗਿਆ ਤੇ ਸੰਸਾਰ ਨੀਤੀ ਸਬੰਧੀ ਰਜਨੀ ਪਾਮ ਦੱਤ ਦੀਆਂ ਲਿਖਤਾਂ ਨੇ ਅੰਗਰੇਜ਼ੀ ਸ਼ਹਿਨਸ਼ਾਹੀਅਤ ਦੀ ਧੱਕੜਸ਼ਾਹੀ ਤੋਂ ਇਲਾਵਾ ਅਮਰੀਕੀ ਸਾਮਰਾਜ ਦੀ ਲੁੱਟ-ਖਸੁੱਟ ਨੂੰ ਵੀ ਮੇਰੀ ਸੂਝ ਦਾ ਹਿੱਸਾ ਬਣਾ ਦਿਤਾ, ਜਦੋਂ ਲੈਨਿਨ ਦੀ ਪੁਸਤਕ "ਰਾਜ ਤੇ ਇਨਕਲਾਬ" ਨੇ ਤੇ ਸੋਵੀਅਤ ਕਮਿਊਨਿਸਟ ਪਾਰਟੀ ਦੇ "ਸੰਖੇਪ ਇਤਿਹਾਸ" ਵਿਚ ਦਿਤੇ ਮਾਰਕਸਵਾਦ-ਲੈਨਿਨਵਾਦ ਦੇ ਸਾਰ ਨੇ ਮੈਨੂੰ ਜਮਾਤੀ ਵੰਡ, ਜਮਾਤੀ ਲੁੱਟ-ਖਸੁੱਟ ਤੇ ਜਮਾਤੀ ਸੰਘਰਸ਼ ਦਾ ਗਿਆਨ ਦਿਤਾ, ਗੁਰਬਖ਼ਸ਼ ਸਿੰਘ ਦੀਆਂ ਅਕਸਰ ਲਿਖਤਾਂ ਮੈਨੂੰ ਨਿਹਫਲ ਆਦਰਸ਼ਵਾਦੀ ਲਗਣ ਲਗ ਪਈਆਂ ਤੇ ਉਸ ਵਲੋਂ ਅਮਰੀਕੀ ਜੀਵਨ-ਢੰਗ ਦੀ ਸਿਫ਼ਤ ਸ਼ਲਾਘਾ ਤਾਂ ਖ਼ਾਸ ਕਰ ਚੁੱਭਣ ਲਗ ਪਈ। ਤਦ ਵੀ ਜਦੋਂ ਗੁਰਬਖ਼ਸ਼ ਸਿੰਘ ਸਾਡੀਆਂ ਆਪਣੀਆਂ ਸਮਾਜੀ-ਸਦਾਚਾਰਕ ਕਦਰਾਂ ਦੇ ਖੋਖਲੇਪਣ ਨੂੰ ਬੇਨਕਾਬ ਕਰਦਾ ਤੇ ਸਾਡੇ ਕਈ ਅਜਿਹੇ ਮਿਥਣਾਂ ਦਾ ਮਖ਼ੌਲ ਉਡਾਉਂਦਾ ਜਿਹੜੇ ਅਚੇਤ ਹੀ ਸਾਡੀ ਮਾਨਸਿਕ ਉਣਤਰ-ਬਣਤਰ ਉਤੇ ਛਾ ਚੁਕੇ ਸਨ ਤੇ ਸਾਡੇ ਅੰਦਰ ਸੁਤੰਤਰ ਸੋਚ ਦੇ ਵਿਕਾਸ ਦਾ ਰਾਹ ਰੋਕ ਰਹੇ ਸਨ, ਤਾਂ ਮੇਰੇ ਅੰਦਰੋਂ ਗੁਰਬਖ਼ਸ਼ ਸਿੰਘ ਦਾ ਪ੍ਰਸ਼ੰਸਕ ਮੁੜ ਜਾਗ ਉਠਦਾ।

ਕਾਲਜ ਦੇ ਪਹਿਲੇ ਸਾਲਾਂ ਦੀ ਇਕ ਘਟਨਾ ਮੇਰੇ ਚੇਤੇ ਵਿਚ ਚੰਗੀ ਤਰ੍ਹਾਂ ਵੱਸੀ ਹੋਈ ਹੈ ਤੇ ਇਹ ਗੁਰਬਖ਼ਸ਼ ਸਿੰਘ ਨਾਲ ਮੇਰੇ ਪਹਿਲੇ ਮੇਲ ਨਾਲ ਸੰਬੰਧਤ ਹੈ। ਵਾਈ. ਐਮ. ਸੀ. ਏ. ਲਾਹੌਰ ਵਿਚ ਇਕ ਸਭਾ ਸਦੀ ਗਈ ਸੀ ਜਿਸ ਵਿਚ ਯੂਨੀਅਨਿਸਟਾਂ ਵਲੋਂ ਮੀਰ ਮਕਬੂਲ ਮਹਿਮੂਦ ਨੂੰ ਜੋ, ਉਹਨੀਂ ਦਿਨੀਂ ਪੰਜਾਬ ਦਾ ਮੁਖ ਪਾਰਲੀਮੈਂਟਰੀ ਸਕੱਤਰ ਤੇ ਹਾਕਮ ਪਾਰਟੀ ਦਾ ਸਭ ਤੋਂ ਵਧੀਆ ਬੁਲਾਰਾ ਸੀ, ਕਾਂਗਰਸ ਵਲੋਂ ਦੀਵਾਨ ਚਮਨ ਲਾਲ ਨੂੰ, ਵਿਦਵਾਨਾਂ ਵਲੋਂ ਗੁਰਬਖ਼ਸ਼ ਸਿੰਘ ਨੂੰ ਤੇ ਵਿਦਿਆਰਥੀਆਂ ਵਲੋਂ ਮੈਨੂੰ ਬੋਲਣ ਲਈ ਆਖਿਆ ਗਿਆ। ਵਿਸ਼ਾ ਮੈਨੂੰ ਠੀਕ ਯਾਦ ਨਹੀਂ, ਪਰ ਏਨਾ ਚੇਤੇ ਹੈ ਕਿ ਮੈਨੂੰ ਸ: ਗੁਰਬਖ਼ਸ਼ ਸਿੰਘ ਤੋਂ ਪਹਿਲਾਂ ਬੋਲਣ ਲਈ ਆਖਿਆ ਗਿਆ। ਹਰ ਕਿਸੇ ਨੇ ਆਪਣੀ ਵਿਚਾਰਧਾਰਾ ਦਾ ਪੱਖ ਪੂਰਨਾ ਸੀ। ਮਾਰਕਸੀ ਸ਼ਬਦਾਵਲੀ ਦੀ ਰੰਗਣ ਨਵੀਂ ਨਵੀਂ ਚੜ੍ਹੀ ਸੀ ਤੇ ਉਸ ਦੀ ਵਰਤੋਂ ਪਹਿਲੇ ਚਾਅ ਵਿਚ ਕੁਝ ਵਧੇਰੇ ਹੀ ਕਰਦਾ ਸਾਂ। ਯੂਨੀਅਨਿਸਟਾਂ ਦੇ ਪਿਛੇ-ਖਿਚੂ, ਸਾਮਰਾਜ-ਪੱਖੀ ਰੋਲ ਉਤੇ ਵਰ੍ਹਣ ਤੇ ਕਾਂਗਰਸ ਦੀ ਕਮਜ਼ੋਰ ਸਿਆਸਤ ਉਤੇ ਵਿਅੰਗ ਕੱਸਣ ਪਿਛੋਂ ਮੈਂ ਸ: ਗੁਰਬਖ਼ਸ਼ ਸਿੰਘ ਨੂੰ ਯੂਟੋਪੀਅਨ (ਸੁਪਨ-ਮੱਲਿਆ) ਸਮਾਜੀ-ਸੁਧਾਰਕ ਆਖਿਆ, ਜਿਹੜਾ ਬੜਾ ਕੁਝ ਚੰਗਾ ਕਰਨਾ ਲੋਚਦਾ ਹੋਇਆ ਵੀ ਬੁਰਜੁਆ-ਆਦਰਸ਼ਵਾਦੀ ਵਿਚਾਰਾਂ ਦੀ ਰਾਮਕਾਰ ਨੂੰ ਨਹੀਂ ਸੀ ਟੱਪ ਸਕਿਆ। ਪਰ ਜਦੋਂ ਆਪਣੇ ਬਾਰੇ ਗੱਲ ਸ਼ੁਰੂ ਕਰਨ ਲਗਾ ਤਾਂ ਇਹ ਆਖਣੋਂ ਨਾ ਰਹਿ ਸਕਿਆ, "ਗੁਰਬਖ਼ਸ਼ ਸਿੰਘ ਸੁਧਾਰਵਾਦੀ ਲੀਕਾਂ ਨਹੀਂ ਟੱਪ ਸਕਿਆ, ਪਰ



ਜੇ ਇਹ ਸਾਡੀਆਂ ਵੇਲਾ ਵਿਹਾ ਚੁੱਕੀਆਂ ਸਮਾਜੀ-ਸਦਾਚਾਰਕ ਕਦਰਾਂ ਵਿਰੁਧ ਬੇਫ਼ਿਕਰੀ ਨਾਲ ਕਲਮ ਨਾ ਚਲਾਉਂਦਾ ਤਾਂ ਮੈਂ ਸਿਆਸੀ ਆਰਥਕ ਢਾਂਚੇ ਵਿਰੁਧ ਬਗ਼ਾਵਤ ਦਾ ਰਾਹ ਨਹੀਂ ਸੀ ਮੱਲ ਸਕਣਾ। ਅੱਜ ਮੇਰਾ ਤੇ ਇਸ ਦਾ ਪਾੜਾ ਵੱਡਾ ਹੈ, ਪਰ ਮੈਨੂੰ ਹਰ ਪਰੰਪਰਾਵਾਦੀ ਸੋਚ ਨਾਲ ਟਕਰਾਉਣਾ ਇਸੇ ਨੇ ਸਿਖਾਇਆ ਹੈ।'

ਤਦ ਵੀ, ਅਗਲੇ ਕੁਝ ਸਾਲਾਂ ਵਿਚ, ਜਿਹੜੇ ਦੂਜੀ ਸੰਸਾਰ ਜੰਗ ਦੇ ਮੁੱਢਲੇ ਸਾਲ ਸਨ, ਗੁਰਬਖ਼ਸ਼ ਸਿੰਘ ਵਿਰੁਧ ਮੇਰੇ ਤੁਅੱਸਬਾਂ ਵਿਚ ਵਾਧਾ ਹੀ ਹੋਇਆ। ਸਾਡੀ ਪਾਰਟੀ ਸਾਮਰਾਜੀ ਜੰਗ ਵਿਰੁਧ ਜੰਗ ਛੇੜਨ ਦਾ ਹੋਕਾ ਦੇ ਕੇ ਮੈਦਾਨ ਵਿਚ ਉਤਰੀ ਸੀ ਤੇ ਇਸ ਵਿਰੁਧ ਦਮਨ ਨੇ ਪਹਿਲੀ ਪਾਲ ਦੇ ਸਾਰੇ ਆਗੂਆਂ ਨੂੰ ਪਹਿਲਾਂ ਮੁਜ਼ੱਫਰਗੜ੍ਹ, ਮੀਆਂ ਵਾਲੀ ਤੇ ਮੁਲਤਾਨ ਦੀਆਂ ਜੇਲਾਂ ਵਿਚ ਅਤੇ ਅੰਤ ਨੂੰ ਦਿਓਲੀ ਕੈਂਪ ਪੁਚਾ ਦਿਤਾ। ਲੀਡਰਸ਼ਿਪ ਦਾ ਇਹ ਖੱਪਾ ਭਰਨ ਲਈ ਮੈਨੂੰ ਵੀ ਆਪਣੇ ਤਿੰਨ ਚਾਰ ਹੋਰ ਸਾਥੀਆਂ ਨਾਲ ਪੜ੍ਹਾਈ ਵਿਚੇ ਛੱਡ ਕੇ ਅੰਡਰ-ਗਰਾਊਂਡ ਹੋਣਾ ਪਿਆ ਅਤੇ ਲਾਹੌਰ, ਅੰਮ੍ਰਿਤਸਰ, ਮਿੰਟਗੁਮਰੀ ਤੇ ਮੁਲਤਾਨ ਦੇ ਜ਼ਿਲਿਆਂ ਵਿਚ ਹਰ ਰੋਜ਼ ਨਵਾਂ ਅੱਡਾ ਬਦਲ ਕੇ ਬਚਣ ਦਾ ਰਾਹ ਫੜਨਾ ਪਿਆ।

"ਪ੍ਰੀਤ ਲੜੀ" ਗੁਪਤ ਵਾਸ ਸਮੇਂ ਵਧੇਰੇ ਗਹੁ ਨਾਲ ਪੜ੍ਹਦਾ ਸਾਂ (ਤਸ਼ੱਦਦ ਦੇ ਚੱਕਰ, ਲਹਿਰ ਦੀ ਕਮਜ਼ੋਰੀ ਤੇ ਆਪਣੀ ਨਾਤਜਰਬਾਕਾਰੀ ਕਾਰਨ ਵਿਹਲ ਏਨੀ ਹੁੰਦੀ ਸੀ ਕਿ ਕਈ ਵਾਰ ਸਾਹ-ਘੁਟਵੀਂ ਹੱਦ ਤੱਕ ਬੋਝਲ ਬਣ ਜਾਂਦੀ ਸੀ), ਪਰ ਇਸ ਦੀ ਖਿੱਚ ਘਟਦੀ ਜਾਂਦੀ ਸੀ ਤੇ ਇਸ ਨਾਲ ਖਿਝ ਵਧਦੀ ਜਾਂਦੀ ਸੀ। ਮੈਂ ਸਮਝਦਾ ਸਾਂ ਕਿ ਇਹ ਪਰਚਾ ਅਜੋਕੇ ਸਿਆਸੀ-ਸਮਾਜੀ ਪ੍ਰਬੰਧ ਅੰਦਰ ਹੀ ਸੌਖੇਰੇ ਜੀਵਨ ਦੇ ਸੁਪਨੇ ਧੜਕਾ ਕੇ ਲੋਕਾਂ ਦੀਆਂ ਇਨਕਲਾਬੀ ਭਾਵਨਾਵਾਂ ਨੂੰ ਮੱਧਮ ਕਰਨ ਦਾ ਰੋਲ ਅਦਾ ਕਰ ਰਿਹਾ ਹੈ ਤੇ ਸ: ਗੁਰਬਖ਼ਸ਼ ਸਿੰਘ ਆਪਣਾ ਗੁਰੂ-ਡੰਮ ਬਣਾ ਰਿਹਾ ਹੈ।

ਜਦੋਂ ਜੰਗ ਦਾ ਖ਼ਾਸਾ ਬਦਲ ਜਾਣ ਕਾਰਨ ਗੁਪਤਵਾਸ ਤੋਂ ਬਾਹਰ ਆਇਆ ਤੇ ਲਹੌਰੋਂ ਜਾਰੀ ਹੋਏ ਸਪਤਾਹਕ "ਜੰਗੇ-ਅਜ਼ਾਦੀ" ਦੇ ਯੂਨਿਟ ਦੀ ਸਕੱਤਰੀ ਸਾਂਭੀ, ਨਵਤੇਜ ਆਪਣੇ ਦੋ ਦੋਸਤਾਂ ਦੇਵ ਤੇ ਸ਼ੌਕਤ ਸਮੇਤ ਸਾਡੀ ਪਾਰਟੀ ਦੀ ਵਿਦਿਆਰਥੀ ਲਹਿਰ ਵਿਚ ਖਿੱਚਿਆ ਜਾ ਚੁਕਾ ਸੀ। ਉਸ ਨੇ ਲਾਹੌਰ ਸ਼ਹਿਰ ਦੀ ਪਾਰਟੀ ਜ਼ਿਲਾ ਕਮੇਟੀ ਦੇ ਇਕ ਸਕੂਲ (ਮਾਰਕਸੀ ਵਿਖਿਆਨਾਂ ਦੀ ਲੜੀ) ਵਿਚ ਭਾਗ ਲਿਆ ਸੀ ਜਿਸ ਵਿਚ ਮੈਂ ਸ਼ਾਇਦ ਕੌਮਾਂਤਰੀ ਅਵਸਥਾ ਬਾਰੇ ਬੋਲਿਆ ਸਾਂ। ਸਕੂਲ ਪਿਛੋਂ ਉਹ ਇਕ ਦਿਨ ਮੇਰੇ ਕੋਲ ਪਾਰਟੀ ਹੈੱਡਕੁਆਰਟਰ ਆਇਆ ਤੇ ਉਸ ਨੇ ਮੈਨੂੰ ਆਪਣੇ ਪਿਤਾ ਜੀ ਨਾਲ ਮਿਲਾਣ ਦੀ ਇੱਛਿਆ ਪ੍ਰਗਟ ਕੀਤੀ। ਪਰ ਮੈਂ ਇਹ ਆਖ ਕੇ ਨਾਂਹ ਕਰ ਦਿਤੀ ਕਿ ਸ: ਗੁਰਬਖ਼ਸ਼ ਸਿੰਘ ਤਾਂ ਆਪ ਇਕ ਬੋਹੜ ਹੈ, ਉਸ ਨੇ ਸਾਡੇ ਫ਼ਲਸਫ਼ੇ ਤੋਂ ਕੀ ਪ੍ਰਭਾਵਤ ਹੋਣਾ ਹੈ; ਉਸ ਦੀ ਛਾਂ ਹੇਠ ਤਾਂ ਕੋਈ ਹੋਰ ਬਰੂਟਾ ਵੀ ਨਹੀਂ ਉੱਗ ਸਕਦਾ। ਨਵਤੇਜ ਦੇ ਇਸ ਤੋੜ ਨੇ ਨਿਰੁੱਤਰ ਕਰ ਦਿਤਾ ਕਿ ਉਹ ਵੀ ਤਾਂ ਦਾਰ ਜੀ ਦੀ ਛਾਂ ਹੇਠ ਪਲ ਕੇ ਮਾਰਕਸਵਾਦ ਤਕ ਪਹੁੰਚਿਆ ਸੀ। ਪਰ ਤਦ ਵੀ ਮਿਲਣੀ ਮੈਂ ਅਗੇ ਪਾ ਦਿਤੀ।

ਏਨੇ ਨੂੰ ਅਗਸਤ ਜਾਂ ਸਤੰਬਰ ਦੀ 'ਪ੍ਰੀਤ ਲੜੀ" ਆ ਗਈ, ਜਿਸ ਵਿਚ ਸ: ਗੁਰਬਖ਼ਸ਼ ਸਿੰਘ ਨੇ ਫ਼ਾਸ਼ਿਜ਼ਮ ਦੀ ਪੂਰੀ ਪੁਣਛਾਣ ਕਰ ਕੇ ਫ਼ਾਸ਼ਿਜ਼ਮ-ਵਿਰੋਧੀ ਜੰਗ ਵਿਚ

ਸਾਰੀਆਂ ਦੇਸ਼ਭਗਤਕ ਤਾਕਤਾਂ ਨੂੰ ਇਕਮੁੱਠ ਕਰਨ ਦਾ ਹੋਕਾ ਦਿਤਾ ਸੀ। ਗੱਲ ਤਾਂ ਇਸ ਲੇਖ ਵਿਚ ਸਾਡੀ ਪਾਰਟੀ ਨੀਤੀ ਵਾਲੀ ਹੀ ਆਖੀ ਗਈ ਸੀ, ਪਰ ਸ: ਗੁਰਬਖ਼ਸ਼ ਸਿੰਘ ਦੇ ਕੀਲਵੇਂ ਲਿਖਣ ਢੰਗ ਤੋਂ ਅਲੱਗ ਕੁਝ ਦਲੀਲਾਂ ਵੀ ਨਿਆਰੀਆਂ ਤੇ ਨਿੱਜੀ ਸਨ। ਮਨ ਹੀ ਮਨ ਵਿਚ ਮੈਨੂੰ ਗੁਰਬਖ਼ਸ਼ ਸਿੰਘ ਨੂੰ ਬੋਹੜ ਆਖ ਬੈਠਣ ਦਾ ਮੰਦਾ ਲਗਾ ਤੇ ਮੈਂ ਹੈਰਾਨ ਹੋਇਆ ਕਿ ਇਸ ਉਮਰ ਤੇ ਪ੍ਰਸਿੱਧੀ ਨੂੰ ਪਹੁੰਚ ਕੇ ਵੀ ਉਸ ਨੇ ਨਵਾਂ ਕੁਝ ਗ੍ਰਹਿਣ ਕਰਨ ਵਿਚ ਕਸਰ ਨਹੀਂ ਛੱਡੀ। ਤੇ ਹੁਣ ਮੈਂ ਆਪ ਉਸ ਨਿਆਰੇ ਨਿਵੇਕਲੇ ਲੇਖਕ ਨੂੰ ਮਿਲਣ ਲਈ ਬੇਕਰਾਰ ਹੋ ਉਠਿਆ।

ਇਹ ਮੁਲਾਕਾਤ ਸ: ਗੁਰਬਖ਼ਸ਼ ਸਿੰਘ ਦੀ ਅਗਲੀ ਲਾਹੌਰ ਫੇਰੀ ਸਮੇਂ ਸਾਡੇ ਹੈੱਡ-ਕੁਆਰਟਰਜ਼ ਦੇ ਨੇੜੇ ਹੀ ਲਕਸ਼ਮੀ ਬਿਲਡਿੰਗ ਦੇ ਇਕ ਕਮਰੇ ਵਿਚ ਕਰਵਾਈ ਗਈ, ਜਿਸ ਵਿਚ ਨਵਤੇਜ ਤੇ ਉਸ ਦੇ ਕੁਝ ਹੋਰ ਸਾਥੀ ਕਿਰਾਏ ਉਤੇ ਰਹਿੰਦੇ ਸਨ ਤੇ ਜਿਸ ਨੂੰ ਉਹਨਾਂ ਲਾਹੌਰ ਦੇ ਪ੍ਰਸਿਧ ਹੋਟਲ "ਫ਼ਲੈਟੀਜ਼" ਦਾ ਨਾਂਅ ਦੇ ਰਖਿਆ ਸੀ। ਇਸ ਮਿਲਣੀ ਵਿਚ ਸ: ਗੁਰਬਖ਼ਸ਼ ਸਿੰਘ ਦੀ ਮਿੱਠਤ ਤੇ ਨਿਮਰਤਾ ਨੇ ਬੜਾ ਪ੍ਰਭਾਵਤ ਕੀਤਾ ਤੇ ਮਨ ਹੀ ਮਨ ਵਿਚ ਮੈਂ ਬੜਾ ਸ਼ਰਮਿੰਦਾ ਹੋਇਆ ਕਿ ਅਜਿਹੇ ਮਨੁੱਖ ਨੂੰ ਮੈਂ ਮਿਲਣੋਂ ਨਾਂਹ ਕਰ ਰਖੀ ਸੀ।

ਸ: ਗੁਰਬਖ਼ਸ਼ ਸਿੰਘ ਮੈਨੂੰ ਬੜੇ ਮਲੂਕ ਦਿਲ ਵਾਲੇ ਲਗੇ। ਉਹ ਆਪ ਜ਼ਿੰਦਗੀ ਦੇ ਡੂੰਘੇ ਪ੍ਰਸੰਸਕ ਸਨ ਅਤੇ ਨਿੰਦਿਆ ਤੇ ਨੁਕਤਾਚੀਨੀ ਆਪਣੀ ਤਾਂ ਕਿਧਰੇ ਰਹੀ ਕਿਸੇ ਹੋਰ ਦੀ ਵੀ ਨਹੀਂ ਸਨ ਸਹਾਰ ਸਕਦੇ। ਉਹਨਾਂ ਕਿਹਾ ਕਿ ਉਹ ਖ਼ੁਸ਼ ਹੋਣਗੇ ਜੇ ਮੈਂ ਅਗਲੀ "ਪ੍ਰੀਤ ਮਿਲਣੀ" ਉਤੇ ਆਵਾਂ ਅਤੇ ਆਪਣੇ ਸਾਥੀਆਂ ਤੇ ਆਗੂਆਂ ਨੂੰ ਵੀ ਨਾਲ ਲੈ ਕੇ ਆਵਾਂ।

ਮੈਨੂੰ ਯਾਦ ਹੈ ਕਿ ਇਹ ੧੯੪੩ ਦੇ ਮਾਰਚ ਵਿਚ ਹੋਈ ਪ੍ਰੀਤ ਮਿਲਣੀ ਸੀ। ਫ਼ਰੈਡਾ ਤੇ ਬੀ. ਪੀ. ਐਲ. ਬੇਦੀ ਵੀ ਮੇਰੇ ਨਾਲ ਗਏ ਸਨ ਤੇ ਮੈਂ ਫ਼ਰੈਡਾ ਦੀ ਅੰਗਰੇਜ਼ੀ ਤਕਰੀਰ ਦਾ ਤਰਜਮਾ ਕੀਤਾ ਸੀ। ਰੌਣਕਾਂ ਬਹੁਤ ਸਨ ਅਤੇ ਨਵਤੇਜ ਤੇ ਉਸ ਦੀ ਭੈਣ ਉਮਾ ਨੇ ਰਾਤ ਦੇ ਸਭਿਆਚਾਰਕ ਪ੍ਰੋਗਰਾਮ ਵਿਚ ਸ: ਗੁਰਬਖ਼ਸ਼ ਸਿੰਘ ਦੇ ਇਕ ਨਾਟਕ ਵਿਚ ਪ੍ਰੇਮੀ ਪ੍ਰੇਮਿਕਾ ਦਾ ਰੋਲ ਅਦਾ ਕੀਤਾ ਸੀ। ਉਹਨੀਂ ਦਿਨੀਂ ਸਮਾਜੀ ਸੋਚ ਇੰਨੀ ਸੰਕੀਰਨ ਹੁੰਦੀ ਸੀ ਕਿ ਕੁਝ ਹਲਕਿਆਂ ਵਿਚ ਭੈਣ ਭਰਾ ਵਲੋਂ ਅਜਿਹਾ ਰੋਲ ਖੇਡਣ ਉਤੇ ਕਰੜੀ ਨੁਕਤਾਚੀਨੀ ਕੀਤੀ ਗਈ।

ਉਸ ਪਿਛੋਂ ਤਾਂ ਨਵਤੇਜ ਦੇ ਭੈਣ ਭਰਾ ਜਦੋਂ ਲਾਹੌਰ ਆਉਂਦੇ, ਹਮੇਸ਼ਾ ਹੈੱਡ-ਕੁਆਰਟਰਜ਼ ਮਿਲ ਕੇ ਜਾਂਦੇ ਤੇ ਮੈਨੂੰ ਮੁੜ ਪ੍ਰੀਤ ਨਗਰ ਆਉਣ ਦੀ ਪੱਕੀ ਕਰ ਕੇ ਜਾਂਦੇ। "ਸਤਰੰਗੀ ਪੀਂਘ" ਦਾ ਅਨੁਵਾਦ ਛੇਤੀ ਮੁਕਾਉਣ ਲਈ ਜਦੋਂ ਨਵਤੇਜ ਨੂੰ ਮੈਂ ਇਸ ਵਿਚ ਹੱਥ ਵਟਾਉਣ ਦਾ ਨਿਉਂਦਾ ਦਿਤਾ ਤੇ ਉਸ ਨੇ ਕਿਹਾ ਦੋਵੇਂ ਪ੍ਰੀਤ ਨਗਰ ਬੈਠ ਕੇ ਇਹ ਕੰਮ ਸਿਰੇ ਲਾ ਦੇਈਏ, ਮੈਨੂੰ ਲਗਾਤਾਰ ਦੋ ਹਫ਼ਤੇ ਸ: ਗੁਰਬਖ਼ਸ਼ ਸਿੰਘ ਦੇ ਘਰ ਰਹਿਣ ਦਾ ਮੌਕਾ ਮਿਲਿਆ। ਨੇੜਿਉਂ ਜਾਣ ਕੇ ਮੈਂ ਨਾ ਸਿਰਫ਼ ਉਹਨਾਂ ਦੇ ਨਿਤਨੇਮ ਤੋਂ ਪ੍ਰਭਾਵਤ ਹੋਇਆ, ਸਗੋਂ ਮੇਜ਼ ਉਤੇ ਨਿੱਕੇ ਨਿਰਛਲ ਮਖ਼ੌਲਾਂ ਨੇ ਤਾਂ ਉਹਨਾਂ ਦੀਆਂ ਲਿਖਤਾਂ ਨਾਲੋਂ ਵੀ ਮੇਰੇ ਉਤੇ ਵਧ ਜਾਦੂ ਧੂੜਿਆ।

ਫਿਰ ਤਾਂ ਇਕ ਅਜਿਹੇ ਰਿਸ਼ਤੇ ਦਾ ਆਰੰਭ ਹੋਇਆ, ਜਿਸ ਕਾਰਨ ਮੈਂ ਹਰ ਪੰਦਰੀਂ ਦਿਨੀਂ ਪ੍ਰੀਤ ਨਗਰ ਜਾਣ ਲਗਾ। ਮੈਨੂੰ ਯਾਦ ਹੈ ਕਿ ਸ: ਗੁਰਬਖ਼ਸ਼ ਸਿੰਘ ਨੂੰ ਮੇਰਾ ਉੱਚੀ



ਬੋਲਣਾ ਤੇ ਗੱਲ-ਬਾਤ ਵਿਚ ਅੰਗਰੇਜ਼ੀ ਮਾਰਨਾ ਚੰਗਾ ਨਹੀਂ ਸੀ ਲਗਦਾ ਤੇ ਇਕ ਕੁਲ ਵਕਤੀ ਪੇਸ਼ਾਵਰ ਇਨਕਲਾਬੀ ਦੇ ਜੀਵਨ ਦਾ ਆਰਥਕ ਪਹਿਲੂ ਤੋਂ ਭਵਿੱਖ ਹੀ ਹਨੇਰਾ ਲੱਭਦਾ ਸੀ। ਪਰ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਉਰਮਿਲ ਤੇ ਮੈਂ ਆਪਣੇ ਫ਼ੈਸਲੇ ਵਿਚ ਦ੍ਰਿੜ੍ਹ ਸਾਂ, ਉਹਨਾਂ ਇਕ ਤਾਂ ਮਾਤਾ ਜੀ ਨੂੰ ਮਨਾ ਸਕਣ ਲਈ ਸਮਾਂ ਮੰਗਿਆ ਤੇ ਦੂਜੇ ਕਿਹਾ ਕਿ ਮੈਂ ਆਪਣੇ ਪਿਤਾ ਜੀ ਨੂੰ ਰਾਜ਼ੀ ਕਰ ਕੇ ਉਹਨਾਂ ਪਾਸੋਂ ਬਕਾਇਦਾ ਚਿੱਠੀ ਲਿਖਵਾਵਾਂ। "ਜਵਾਨ ਹੁੰਦੀ ਧੀ ਨਾਲ ਲਿੰਗ ਵਿਚਾਰ" ਉਰਮਿਲ ਦੀ ਤੇ ਮੇਰੀ ਦੋਸਤੀ ਦੇ ਚਾਣਚਕ ਉਹਨਾਂ ਸਾਹਮਣੇ ਆਉਣ ਦੇ ਪ੍ਰਭਾਵ ਹੇਠ ਹੀ ਲਿਖਿਆ ਗਿਆ ਸੀ ਤੇ ਸਾਡੀ ਬੋਲੀ ਵਿਚ ਇਸ ਵਿਸ਼ੇ ਉਤੇ ਉਸ ਸਮੇਂ ਅਜਿਹੀ ਖੁਲ੍ਹੀ ਲਿਖਤ ਲਿਖ ਸਕਣਾ ਸਾਹਸ ਦੀਆਂ ਨਵੀਂਆਂ ਸਿਖਰਾਂ ਛੋਹਣ ਦੇ ਤੁੱਲ ਸੀ।

ਉਰਮਿਲ ਦੀ ਪੜ੍ਹਾਈ, ਦੇਸ ਦੀ ਵੰਡ ਤੇ ਮੇਰੀ ਲੰਮੀ ਜੇਲਬੰਦੀ ਕਾਰਨ ਸਾਡਾ ਵਿਆਹ ਕੋਈ ਅੱਠ ਸਾਲ ਪਿਛੇ ਪੈ ਗਿਆ। ਪਰ ਲਾਹੌਰ ਦੇ ਸਮੇਂ ਵਿਚ ਉਹਨਾਂ ਨਾ ਸਿਰਫ਼ ਆਪਣੇ ਘਰ ਦੀ ਛੱਤ ਹੇਠ ਸਦਾ ਮੈਨੂੰ ਆਪਣੇ ਘਰ ਦੇ ਜੀਆਂ ਵਾਂਗ ਰਖਿਆ, ਸਗੋਂ ਮੇਰੇ ਗੁਪਤ ਰਹਿਣ ਸਮੇਂ ਉਰਮਿਲ ਨੂੰ ਮੈਨੂੰ ਮਿਲਣ ਲਈ ਮਹਿਰੌਲੀ ਤੋਂ ਪੰਜਾਬ ਆਉਣ ਦੀ ਖੁਲ੍ਹ ਦਿਤੀ ਤੇ ਮੇਰੀ ਗ੍ਰਿਫ਼ਤਾਰੀ ਪਿਛੋਂ ਜਦੋਂ ਆਪਣੀ ਪ੍ਰੇਮਿਕਾ ਨਾਲ ਮੁਲਾਕਾਤ ਕਰ ਸਕਣ ਦੀ ਮੇਰੀ ਦਰਖ਼ਾਸਤ ਜੇਲਾਂ ਦੇ ਇਨਸਪੈਕਟਰ ਜਨਰਲ ਨੇ ਰੱਦ ਕਰ ਦਿਤੀ, ਉਰਮਿਲ ਨੂੰ ਇਹ ਦਰਖ਼ਾਸਤ ਦੇ ਦੇਣ ਦੀ ਖੁਲ੍ਹ ਵੀ ਦੇ ਦਿਤੀ ਕਿ ਉਹ ਆਪਣੇ ਨਜ਼ਰਬੰਦ ਪਤੀ ਨੂੰ ਮਿਲਣ ਦੀ ਆਗਿਆ ਚਾਹੁੰਦੀ ਹੈ। ਨੌਕਰਸ਼ਾਹੀ ਅੰਨ੍ਹਪੁਣੇ ਕਾਰਨ ਉਸੇ ਅਫ਼ਸਰ ਨੇ ਦਸਾਂ ਦਿਨਾਂ ਪਿਛੋਂ ਹੀ ਉਰਮਿਲ ਦੀ ਦਰਖ਼ਾਸਤ ਉਤੇ "ਹਾਂ" ਲਿਖ ਦਿਤੀ ਜਿਸ ਨੇ ਮੇਰੀ ਦਰਖ਼ਾਸਤ ਉਤੇ "ਨਾਂਹ" ਲਿਖੀ ਸੀ, ਭਾਵੇਂ ਦੋਵਾਂ ਵਿਚਲਾ ਵੇਰਵਾ ਇਕੋ ਸੀ।

ਉਸ ਤੋਂ ਪਿਛੋਂ ਦੇ ਸਬੰਧਾਂ ਦੀ ਕਹਾਣੀ ਤਾਂ ਬਹੁਤ ਲੰਮੀ ਹੈ, ਪਰ ਉਪਰਲੇ ਪੰਨਿਆਂ ਵਿਚ ਮੈਂ ਸ: ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਦੇ ਉਹਨਾਂ ਪਹਿਲੂਆਂ ਨੂੰ ਆਪਣੇ ਉਘੜ-ਦੁਘੜੇ ਸ਼ਬਦਾਂ ਵਿਚ ਬਿਆਨ ਕਰਨ ਦਾ ਜਤਨ ਕੀਤਾ ਹੈ ਜਿਨ੍ਹਾਂ ਦਾ ਮੈਨੂੰ ਨਿੱਜੀ ਅਨੁਭਵ ਹੋਇਆ। ਜੇ ਇਹ ਪੰਨੇ ਉਹਨਾਂ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਕਿਸੇ ਨਿੱਕੇ ਜਿਹੇ ਅਣਡਿੱਠੇ ਪਹਿਲੂ ਉਤੋਂ ਵੀ ਕੰਨੀਂ ਸਰਕਾ ਸਕੇ ਹੋਣ ਤਾਂ ਮੈਂ ਇਸ ਘਾਲ ਨੂੰ ਥਾਂਇ ਪਈ ਸਮਝਾਂਗਾ।

# ਅਲਪੱਥਰ

ਦੇਵਿੰਦਰ ਸਤਿਆਰਥੀ

ਪਰਦਾ ਉੱਠਣ ਮਗਰੋਂ ਨਾਟਕ ਦਾ ਅਗਲਾ ਅੰਕ ਸ਼ੁਰੂ ਹੋ ਜਾਂਦਾ ਹੈ।

ਜ਼ਰੂਰੀ ਨਹੀਂ ਕਿ ਨਾਟਕ ਦਾ ਨਾਂ "ਅਲਪੱਥਰ" ਹੋਵੇ।

ਕੱਚ ਦੀ ਦੀਵਾਰ। ਆਰ-ਪਾਰ ਇਕ-ਦੂਜੇ ਨੂੰ ਸਲਾਮ ਆਖਦੇ ਲੋਕ। ਦ੍ਰਿਸ਼ ਮਿੱਤ੍ਰਤਾ ਦਾ। ਇਸ ਦ੍ਰਿਸ਼ ਵਿਚ ਇਕ ਜਾਣਿਆ-ਪਛਾਣਿਆ ਚਿਹਰਾ ਉਭਰ ਕੇ ਆਉਂਦਾ ਹੈ।

ਚਿੱਟੀ ਦਸਤਾਰ। ਚਿੱਟੀ ਦਾੜ੍ਹੀ। ਚਿੱਟਾ ਚੂੜੀਦਾਰ ਪਜਾਮਾ। ਤੇ ਕਾਲੀ ਅਚਕਨ। ਐਨਕਾਂ 'ਚੋਂ ਝਾਕਦੇ ਹਸੂੰ ਹਸੂੰ ਨੈਣ।

ਪੰਜਾਬੀ ਭਾਸ਼ਾ ਦਾ ਮਹਾਨ ਸਾਹਿਤਕਾਰ, ਜਿਸ ਨੇ ਪਿਛਲੇ ਚਾਰ ਦਹਾਕਿਆਂ ਵਿਚ ਲੇਖਕਾਂ ਦੀਆਂ ਚਹੁੰ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ ਹੈ।

ਨਿਕਟਵਰਤੀ ਉਸ ਨੂੰ 'ਦਾਰ ਜੀ' ਆਖ ਕੇ ਸਤਿਕਾਰਦੇ ਹਨ।

ਪੂਰਾ ਪਤਾ: ਸਰਦਾਰ ਗੁਰਬਖ਼ਸ਼ ਸਿੰਘ, ਸੰਪਾਦਕ ਪ੍ਰੀਤ ਲੜੀ, ਪ੍ਰੀਤ ਨਗਰ, ਪੰਜਾਬ (ਹਿੰਦੁਸਤਾਨ)।

ਇਹ ਪਤਾ ਉਹਨਾਂ ਪੱਤਰਾਂ ਤੇ ਲਿਖਿਆ ਰਹਿੰਦਾ ਹੈ, ਜੋ ਦੇਸ਼-ਵਿਦੇਸ਼ ਤੋਂ ਦੈਨਿਕ ਡਾਕ ਵਿਚ 'ਦਾਰ ਜੀ' ਦੀ ਮੇਜ਼ ਤੇ ਪਹੁੰਚਦੇ ਹਨ।

ਇਹਨਾਂ ਪੱਤਰਾਂ ਵਿਚ ਮਿੱਤਰਤਾ ਦੀ ਬੀਣਾ ਦੀ ਝਣਕਾਰ ਹੁੰਦੀ ਹੈ।

ਮੈਂ ਦਾਰ ਜੀ ਤੋਂ ਬਹੁਤ ਕੁਝ ਸਿਖਿਆ ਹੈ। ਉਹਨਾਂ ਦਾ ਪਿਆਰ ਇਕ ਲੋਕ ਗੀਤ-ਯਾਤ੍ਰੀ ਦੇ ਰੂਪ ਵਿਚ ਪ੍ਰਾਪਤ ਹੋਇਆ। ਗੱਲ ੧੯੩੪ ਦੀ। ਲੋਕ ਗੀਤ ਸੰਬੰਧੀ ਮੇਰਾ ਪਹਿਲਾ ਲੇਖ ਕਲਕੱਤੇ ਦੇ ਦੈਨਿਕ "ਦੇਸ਼-ਦਰਪਣ" 'ਚੋਂ ਲੈ ਕੇ ਦਾਰ ਜੀ ਨੇ ਪ੍ਰੀਤ ਲੜੀ ਵਿਚ ਪ੍ਰਕਾਸ਼ਤ ਕੀਤਾ। ਅਗਲੇ ਵਰ੍ਹੇ ਮੈਂ ਲੋਕ-ਗੀਤ ਯਾਤਰਾ ਦੇ ਸਿਲਸਿਲੇ ਵਿਚ ਪੇਸ਼ਾਵਰ ਗਿਆ ਤਾਂ ਨੌਸ਼ਹਿਰੇ ਲਾਗੇ ਸਮਾਧ ਅਕਾਲੀ ਫੂਲਾ ਸਿੰਘ ਜਾ ਕੇ ਦਾਰ ਜੀ ਨੂੰ ਮਿਲਿਆ।

ਉਸ ਮੁਲਾਕਾਤ ਦਾ ਪ੍ਰਭਾਵ-ਚਿਤਰ "ਹਿੰਦੁਸਤਾਨ ਦੇ ਲੋਕ ਗੀਤ" ਪ੍ਰੀਤ ਲੜੀ ਵਿਚ ਦਾਰ ਜੀ ਦੀ ਸਿੱਕੇਬੰਦ ਕਲਮ ਰਾਹੀਂ ਪੰਜਾਬੀ ਪਾਠਕਾਂ ਤਕ ਪਹੁੰਚਿਆ। ਮੇਰੀ ਪੁਸਤਕ ਗਿੱਧਾ ਪ੍ਰਕਾਸ਼ਤ ਹੋਈ, ਤਾਂ ਅੰਤਿਕਾ ਦੇ ਤੌਰ ਤੇ ਦਾਰ ਜੀ ਦੀ ਲਿਖੀ ਉਹ ਰਚਨਾ "ਸਾਹਿਤ ਦੀ ਕਹਿਕਸ਼ਾਂ" ਸ਼ੀਰਸ਼ਕ ਨਾਲ ਸ਼ਾਮਲ ਕੀਤੀ ਗਈ।

ਉਸ ਤੋਂ ਬਾਅਦ ਦਾਰ ਜੀ ਦਾ ਸਹਿਯੋਗ ਬਰਾਬਰ ਮਿਲਦਾ ਰਿਹਾ।



ਦਾਰ ਜੀ ਨਾਲ ਜਦ ਵੀ ਮੁਲਾਕਾਤ ਹੋਈ ਉਹਨਾਂ ਦੀ ਗੁਫ਼ਤਗੂ ਵਿਚ ਦਿਨ-ਦਿਹਾਰ ਵਾਲੀ ਮਸਤੀ ਤੇ ਅੱਖ-ਪਲਕਾਰੇ ਵਿਚ ਪੈਦਾ ਹੋਣ ਵਾਲੀ ਪਿਆਰ-ਛੋਹ ਮਿਲੀ।

ਦਾਰ ਜੀ ਤੋਂ ਮੈਨੂੰ ਹਰ ਵੇਰ ਨਵੇਂ ਦਿਸ-ਹੱਦਿਆਂ ਦੀ ਸੂਚਨਾ ਪ੍ਰਾਪਤ ਹੋਈ। ਤੇ ਇਸ ਅਹਿਸਾਸ ਵਿਚ ਵਾਧਾ ਹੋਇਆ ਕਿ ਕੁਲ ਦੁਨੀਆਂ ਸਾਡਾ ਰੰਗ ਮੰਚ ਹੈ।

ਗਿਆਨ ਵਿਚ ਵਾਧਾ ਕਰਨ ਲਈ ਵੱਖ ਵੱਖ ਵਿਸ਼ਿਆਂ ਦੀਆਂ ਕਿਤਾਬਾਂ ਪੜ੍ਹਨ ਦੀ ਰੀਝ ਵਿਚ ਮੈਂ ਦਾਰ ਜੀ ਨੂੰ ਗੁਰੂ ਮੰਨਦਾ ਹਾਂ। ਸੁਝ ਆਪੋ ਆਪਣੀ। ਗੁਰੂ ਨੂੰ ਜਿਹੜੀਆਂ ਗੱਲਾਂ 'ਕਲਿਕ' ਕਰਦੀਆਂ ਹਨ, ਉਹ ਸ਼ਿੱਸ਼ ਨੂੰ ਵੀ ਕਰਨ, ਇਹੀ ਲਾਜ਼ਮੀ ਨਹੀਂ।

ਕਦੀ ਕਦੀ ਮੈਂ ਦਾਰ ਜੀ ਨੂੰ ਪੂਰਨ 'ਮੌਨ-ਪੁਰਸ਼' ਦੇ ਰੂਪ ਵਿਚ ਵੀ ਵੇਖਿਆ ਹੈ। ਜਿਵੇਂ ਖ਼ਾਮੋਸ਼ੀ ਵੀ ਇਕ 'ਟਾਪੂ' ਹੋਵੇ।

'ਹੰਝੂਆਂ ਦੇ ਸਮੁੰਦਰ ਵਿਚ ਤਰਦਾ ਟਾਪੂ' — ਜਿਵੇਂ ਕਿ ਗੁਰਦੇਵ ਟੈਗੋਰ ਨੇ ਆਪਣੇ ਕਿਸੇ ਨਿਬੰਧ ਵਿਚ ਕਿਸੇ ਅੰਗਰੇਜ਼ ਕਵੀ ਦਾ ਹਵਾਲਾ ਦੇ ਕੇ ਲਿਖਿਆ ਹੈ।

ਤਰਦੇ ਟਾਪੂ ਕਈ ਵੇਰ ਆਪੋ ਵਿਚ ਮਿਲ ਜਾਂਦੇ ਹਨ, ਤੇ ਫੇਰ ਜੁਦਾ ਹੋ ਜਾਂਦੇ ਹਨ।

ਅਸੀਂ ਕਈ ਵੇਰ ਮਿਲੇ, ਤੇ ਕਈ ਵੇਰ ਜੁਦਾ ਹੋਏ।

ਮੁੜ ਮਿਲਣ ਦੀ ਚਾਹ ਬਰਾਬਰ ਬਣੀ ਰਹੀ।

ਦਾਰ ਜੀ ਇੰਜ ਮੁਸਕਰਾਉਂਦੇ ਹਨ, ਜਿਵੇਂ ਕੋਈ ਬਾਰੀ ਖੁੱਲ੍ਹ ਜਾਵੇ।

ਦਾਰ ਜੀ ਦੀਆਂ ਗੱਲਾਂ ਘੁੱਗੀਆਂ ਵਾਂਗ ਮਨ ਦੇ ਰੌਸ਼ਨਦਾਨ 'ਚੋਂ ਘੂੰ ਘੂੰ ਕਰਦੀਆਂ ਹਨ। ਤੇ ਵਿਸ਼ਵ-ਸ਼ਾਂਤੀ ਵਿਚ ਮੇਰਾ ਵਿਸ਼ਵਾਸ਼ ਹੋਰ ਵੀ ਪਕੇਰਾ ਹੋ ਜਾਂਦਾ ਹੈ।

ਅਤੀਤ ਤੇ ਭਵਿੱਖ ਦਾ ਸੁਮੇਲ ਇਹੋ ਹੈ ਦਾਰ ਜੀ ਦੀ ਕਲਮ ਦੀ ਕਰਾਮਾਤ।

ਬਾਰੀ ਦੇ ਬਾਹਰ ਦਾ ਦ੍ਰਿਸ਼.........ਝੀਲ ਵਿਚ ਟਾਪੂ.........ਟਾਪੂ ਵਿਚ ਸੁਨਹਿਰੀ ਕਲਸ਼ ਵਾਲਾ ਮੰਦਿਰ......ਚਿਤਰਕਾਰ ਵਾਲੀ ਦ੍ਰਿਸ਼ਟੀ ਨਾਲ ਕਦੀ ਮੈਂ ਕੱਲੇ ਕਾਰੇ ਯਾਤਰੀ ਵਾਂਗ ਮਹਿਸੂਸ ਕਰਦਾ ਹਾਂ ਕਿ ਕੋਈ ਫ਼ੱਵਾਰਾ ਹਵਾ ਨੂੰ ਚੁੰਮ ਰਿਹਾ ਹੈ।

ਕੋਈ ਮੈਨੂੰ 'ਕੰਡੇ ਦੀ ਮਹਿਕ' ਆਖਦਾ ਹੈ, ਕੋਈ 'ਖੰਭ-ਕਟਾ ਫ਼ਰਿਸ਼ਤਾ' ਕੋਈ 'ਮਹਾਂਚੋਰ' ਆਖ ਕੇ ਮੇਰੇ 'ਫ਼ਰਾਡ' ਹੋਣ ਦੀ ਵਾਰਤਾ ਸ਼ੁਰੂ ਕਰ ਦਿੰਦਾ ਹੈ। ਤੇ ਜਵਾਬ ਵਿਚ ਮੈਂ ਇਹੋ ਆਖਦਾ ਹਾਂ, "ਬਈ, ਇਹ ਦੀਵਾਨਾ ਤੁਹਾਡੀ ਮਜਲਿਸ 'ਚੋਂ ਐਨੀ ਛੇਤੀ ਨਹੀਂ ਜਾਣ ਲੱਗਾ।"

ਨਿੰਦਿਆ ਪੁਰਾਣ ਦੀ ਉੱਘ-ਸੁੱਘ ਦਾਰ ਜੀ ਨੂੰ ਵੀ ਮਿਲਦੀ ਰਹਿੰਦੀ ਹੈ।

ਪਿਛਲੀ ਮੁਲਾਕਾਤ ਵਿਚ ਉਹਨਾਂ ਸਮਝਾਇਆ:

"ਜੋ ਤੁਹਾਨੂੰ ਸਮਝਦੇ ਨਹੀਂ, ਉਹਨਾਂ ਦੇ ਐਨੇ ਨੇੜੇ ਜਾਣ ਨਾਲ ਇਹੋ ਦੁਰਗਤ ਬਣਦੀ ਏ। ਮੈਨੂੰ ਉਸ ਦਿਨ ਦੀ ਉਡੀਕ ਏ, ਜਦ ਤੁਸੀਂ ਆਪਣੇ ਤੇ ਆਪਣੇ ਇਹਨਾਂ 'ਮਿਹਰਬਾਨਾਂ' ਵਿਚਕਾਰ ਲੁੜੀਂਦੀ ਵਿੱਥ ਬਣਾਏ ਰੱਖਣ ਵਲ ਕਦਮ ਉਠਾਉਗੇ।"

ਆਜ਼ਾਦੀ ਤੋਂ ਮਗਰੋਂ ਮੇਰੇ ਨਾਲ ਸਭ ਤੋਂ ਵੱਡੀ ਜ਼ਿਆਦਤੀ ਪੈਪਸੂ ਦੇ ਭਾਸ਼ਾ ਵਿਭਾਗ ਵਲੋਂ ਹੋਈ, ਜਦ ਪੰਜਾਬੀ ਦੇ ਪੰਜ ਉੱਘੇ ਵਾਰਤਕ-ਲੇਖਕਾਂ ਦਾ ਸਰਕਾਰੀ ਸਨਮਾਨ ਕੀਤਾ ਗਿਆ।

ਉਸ ਸਮਾਗਮ ਤੇ ਪਟਿਆਲੇ ਦੀ ਫੂਲ ਟਾਕੀ ਵਿਚ, ਆਪਣੇ ਭਾਸ਼ਨ ਵਿਚ ਮੈਂ ਆਖਿਆ :

"ਦੋਸਤੋ, ਕਿਹੜੇ ਇੰਚੀ ਫੁੱਟੇ ਨਾਲ ਤੁਸਾਂ ਸਾਨੂੰ ਮਾਪ ਕੇ ਇਸ ਸਨਮਾਨ ਲਈ ਚੁਣਿਆਂ ?

"ਪ੍ਰਿੰਸੀਪਲ ਤੇਜਾ ਸਿੰਘ, ਨਾਨਕ ਸਿੰਘ, ਈਸ਼ਵਰ ਚੰਦ ਨੰਦਾ ਤੇ ਸਰਦਾਰ ਗੁਰਬਖ਼ਸ਼ ਸਿੰਘ ਦੇ ਬਰਾਬਰ ਤੁਸੀਂ ਮੈਨੂੰ ਕਿਹੜੇ ਹਿਸਾਬ ਨਾਲ ਖੜਾ ਕਰ ਦਿਤਾ ? ਤੇਜਾ ਸਿੰਘ ਜੀ ਨੇ ਗਿੱਧਾ ਦੀ ਭੂਮਿਕਾ ਤੇ ਸਰਦਾਰ ਗੁਰਬਖ਼ਸ਼ ਸਿੰਘ ਨੇ ਗਿੱਧੇ ਦੀ ਅੰਤਿਕਾ ਨਾ ਲਿਖੀ ਹੁੰਦੀ ਤਾਂ ਪੰਜਾਬੀ ਲੇਖਕ ਦੇ ਰੂਪ ਵਿਚ ਮੇਰੀ ਨੁੱਕ ਨਾ ਬੱਝਦੀ । ਆਪਣੇ ਹਿੱਸੇ ਦਾ ਸਨਮਾਨ ਮੈਂ ਇਹਨਾਂ ਸਾਹਿਤਕਾਰਾਂ ਨੂੰ ਹੀ ਦੇਣਾ ਪਸੰਦ ਕਰਾਂਗਾ ।"

ਦਾਰ ਜੀ ਦਾ ਅਸਰ ਕੋਈ ਮੇਰੀ ਰਚਨਾ ਵਿਚ ਲੱਭਣਾ ਚਾਹੇ, ਤਾਂ ਉਸ ਨੂੰ ਕਾਫ਼ੀ ਮਿਹਨਤ ਕਰਨੀ ਪਵੇਗੀ ।

ਮੇਰੇ ਹੱਥ ਦੀ ਤਲੀ ਤੇ ਦਾਰ ਜੀ ਦਾ ਨਾਂ ਮੁਸਕਰਾਂਦਾ ਹੈ ।

ਉਹਨਾਂ ਦਾ ਪਿਆਰ ਮੇਰੀ ਆਵਾਜ਼ ਵਿਚ ਘੁੰਮ ਰਿਹਾ ਹੈ ।

ਮੇਰਾ ਰੋਣਾ ਮੇਰਾ ਆਪਣਾ ਹੈ । ਪਰ ਮੇਰੀ ਮੁਸਕਾਨ ਵਿਚ ਦਾਰ ਜੀ ਦੀ ਸੌਂਦਰਯ ਪ੍ਰਿਯ ਰੁਚੀ ਦੀ ਮਹਿਕ ਹੈ ।

'ਬੜੇ ਘੱਟ ਫ਼ਰਿਸ਼ਤੇ ਨੇ ਜੋ ਗਾਉਂਦੇ ਨੇ ।'

'ਹਜ਼ਾਰ ਵਾਇਲਿਨਾਂ ਮੇਰੇ ਹੱਥ ਦੀ ਤਲੀ ਵਿਚ ਸਮਾ ਗਈਆਂ ਨੇ ।'

ਸ਼ਾਮੀਂ ਅਸੀਂ ਦਾਰ ਜੀ ਦੇ ਨਾਲ ਸੈਰ ਕਰਨ ਨਿਕਲੇ ਤਾਂ ਕਾਫ਼ੀ ਦੂਰ ਨਿਕਲ ਗਏ ।

ਦਾਰ ਜੀ ਮੂਡ ਵਿਚ ਸਨ । ਕਦੀ ਸਾਹਿਤ ਅਕਾਦਮੀ ਦੇ ਇਨਾਮ ਦੀ ਗੱਲ ਤੁਰ ਪੈਂਦੀ ਹੈ । ਕਦੀ ਉਹ ਆਪਣੀ ਵਿਦੇਸ਼-ਯਾਤਰਾ ਦੀ ਗੱਲ ਛੇੜ ਦਿੰਦੇ ।

ਮੀਨਾਰਾਂ ਤੋਂ ਉਡਦੇ ਪੰਛੀਆਂ ਵਾਂਗ ਗੱਲ ਕਿਤੇ ਦੀ ਕਿਤੇ ਜਾ ਪਹੁੰਚਦੀ ।

ਮੈਂ ਵਿਸਤਾਰ ਨਾਲ ਸਪੇਨਿਸ਼ ਕਵੀ ਪਾਬਲੋ ਨੇਰੂਦਾ ਨਾਲ ਦਿੱਲੀ ਵਿਚ ਹੋਈ ਆਪਣੀ ਮੁਲਾਕਾਤ ਦੀ ਗੱਲ ਸਣਾਈ ਤੇ ਖ਼ਾਸ ਤੌਰ ਤੇ ਨੇਰੂਦਾ ਦੀ ਆਖੀ ਇਸ ਗੱਲ ਦਾ ਜ਼ਿਕਰ ਕੀਤਾ ਕਿ "ਮੇਰੀ ਕਵਿਤਾ ਮੇਰੇ ਕੋਟ ਵਾਂਗ ਹੈ !"

ਗੱਲਾਂ ਗੱਲਾਂ ਵਿਚ ਲੋਰਕਾ ਦੀ ਕਵਿਤਾ ਦੀਆਂ ਟੂਕਾਂ ਵੀ ਸਾਹਮਣੇ ਆਈਆਂ ।

'ਮੈਂ ਆਪਣੀ ਬਾਲਕੋਨੀ ਬੰਦ ਕਰ ਦਿਤੀ ਏ ।

ਮੈਂ ਰੋਣਾ ਨਹੀਂ ਸੁਣਨਾ ਚਾਹੁੰਦਾ......"

"ਉਸ ਨੇ ਆਪਣਾ ਪਰਛਾਵਾਂ ਰੇਸ਼ਮੀ ਚਿੱਟੇ ਦੀਵਾਨ ਤੇ ਲੰਮਾ ਪੈ ਗਿਆ ਵੇਖਿਆ । ਤੇ ਉਸ ਆਠਰੇ ਹੋਏ ਮੁੰਡੇ ਨੇ ਕੁਹਾੜੇ ਨਾਲ ਸ਼ੀਸ਼ਾ ਤੋੜ ਦਿਤਾ । ਜਦ ਉਹ ਟੁੱਟਾ ਤਾਂ ਛਾਂ ਦੀ ਵੱਡੀ ਸਾਰੀ ਨਦੀ ਉਸ ਦੇ ਅਤਿ-ਸੁਹਣੇ ਕਮਰੇ ਵਿਚ ਹੜ੍ਹ ਵਾਂਗ ਵਹਿਣ ਲੱਗੀ ।"

ਗੱਲਾਂ ਵਿਚ ਭਾਂਤ ਭਾਂਤ ਦੇ ਹਵਾਲੇ ਸ਼ਾਇਦ ਦਾਰ ਜੀ ਲਈ ਅਕੇਵਾਂ ਸਿੱਧ ਹੋਏ । ਤੇ ਛੇਤੀ ਹੀ ਉਹ ਨਿਰਮਲ ਅਰਪਨ ਨਾਲ ਗੱਲੀਂ ਜੁਟ ਗਏ ।



ਨਿਰਮਲ ਅਰਪਨ ਨੇ ਲਗਦੇ ਹੱਥ ਇਕੋ ਡੀਕੇ ਤਿੰਨ-ਚਾਰ ਕਵਿਤਾਵਾਂ ਸੁਣਾ ਛੱਡੀਆਂ ।

ਦਾਰ ਜੀ ਨੇ ਨਿਰਮਲ ਦੀਆਂ ਕਵਿਤਾਵਾਂ ਦੀ ਸਲਾਹੁਤਾ ਕਰਦਿਆਂ ਆਖਿਆ :

"ਸਾਡੇ ਦੇਸ਼ ਵਿਚ ਵੀ ਲੋਰਕਾ ਤੇ ਪਾਬਲੋ ਨੇਰੂਦਾ ਪੈਦਾ ਹੋ ਸਕਦੇ ਹਨ ।"

ਮੈਂ ਗੱਲ ਨੂੰ ਮੋੜਾ ਦੇ ਕੇ ਕਿਹਾ, "ਦਾਰ ਜੀ, ਹਾਲੇ ਲੋਰਕਾ ਤੇ ਨੇਰੂਦਾ ਦੇ ਆਉਣ ਵਿਚ ਦੇਰ ਏ । ਹੁਣ ਵਾਪਸ ਚਲਣਾ ਚਾਹੀਦਾ ਏ । ਨ੍ਹੇਰਾ ਪੈ ਗਿਆ ।"

ਕੱਲਰ ਵਾਲੀ ਧਰਤੀ ਵਿਚ ਸਾਡੇ ਪੈਰ ਧਸਦੇ ਰਹੇ ਤੇ ਅਸੀਂ ਵਾਪਸ ਮੁੜਨ ਦਾ ਖ਼ਿਆਲ ਭੁੱਲ ਕੇ ਹੋਰ ਅਗਾਂਹ ਵਧ ਗਏ ।

ਅਖ਼ੀਰ ਪਿਛੇ ਮੁੜਨ ਦੀ ਗੱਲ ਤੁਰੀ ।

"ਪ੍ਰੀਤ ਨਗਰ ਦੀਆਂ ਬੱਤੀਆਂ ਬਲਨ ਤਾਂ ਪਤਾ ਚੱਲੇ ਕਿ ਪ੍ਰੀਤ ਨਗਰ ਕਿਸ ਪਾਸੇ ਹੈ ।" ਦਾਰ ਜੀ ਨੇ ਕਿਹਾ ।

ਤੇ ਇਸ ਗੱਲ ਤੇ ਅਸੀਂ ਹੱਸ ਪਏ ।

ਅਗਲੇ ਦਿਨ ਮੈਂ ਤੇ ਨਿਰਮਲ, ਦਾਰ ਜੀ ਦੇ ਸਪੁੱਤਰ ਨਵਤੇਜ ਨਾਲ ਗੱਲਾਂ ਕਰ ਰਹੇ ਸਾਂ ।

ਦਾਰ ਜੀ ਦੂਰੋਂ ਆਉਂਦੇ ਦਿਸੇ । ਕੋਲ ਆਏ ਤਾਂ ਉਹਨਾਂ ਦੇ ਹੱਥ ਵਿਚ ਤਾਰ ਸੀ ।

ਤਾਰ ਉਹਨਾਂ ਮੇਰੇ ਹੱਥ ਵਿਚ ਦੇ ਦਿਤੀ ।

ਇਹ ਤਾਰ ਮੇਰੇ ਘਰੋਂ ਆਈ ਸੀ ।

'ਕਵਿਤਾ ਮਰ ਗਈ......' ਤਾਰ ਕਿੰਨੀ ਸ਼ੋਕ ਮਈ ਸੀ ।

ਮੈਂ ਕਿਹਾ, "ਦਾਰ ਜੀ, ਇਸ ਦੀ ਖ਼ਬਰ ਨਿਰਮਲ ਨੂੰ ਨਹੀਂ ਹੋਣੀ ਚਾਹੀਦੀ ।"

"ਇਹ ਕਿਵੇਂ ਹੋ ਸਕਦਾ ਹੈ ?" ਦਾਰ ਜੀ ਨੇ ਕਿਹਾ । ਤੇ ਫੇਰ ਮੈਂ ਨਿਰਮਲ ਨੂੰ ਨਾਲ ਲੈ ਕੇ ਅੰਮ੍ਰਿਤਸਰ ਤੁਰਦਾ ਲਗਾ ।

ਦਾਰ ਜੀ ਨਾਲ ਜਦ ਵੀ ਮੁਲਾਕਾਤ ਹੋਈ, ਉਹਨਾਂ ਮੇਰੇ ਮਾਨਸਿਕ ਸੰਤੁਲਨ ਦੀ ਪ੍ਰਸੰਸਾ ਕੀਤੀ, ਤੇ ਨਾਲ ਇਹ ਕਹਿਣੋਂ ਸੰਕੋਚ ਨਾ ਕੀਤਾ :

'ਲੋਰਕਾ ਤੇ ਪਾਬਲੋ ਨੇਰੂਦਾ ਤੋਂ ਬਹੁਤ ਕੁਝ ਸਿਖਿਆ ਜਾ ਸਕਦਾ ਹੈ । ਤੇ ਸ਼ਾਇਦ ਲੋਰਕਾ ਦੀ ਇਹ ਗੱਲ ਸੌ ਫ਼ੀ ਸਦੀ ਸੱਚ ਹੈ ਗ਼ਮ ਦੀਆਂ ਹਜ਼ਾਰ ਵਾਇਲਿਨਾਂ ਮੇਰੇ ਹੱਥ ਦੀ ਤਲੀ ਵਿਚ ਸਮਾ ਗਈਆਂ ਹਨ ।"

"ਦਾਰ ਜੀ ਦੀ ਸ਼ਖ਼ਸੀਅਤ ਉਤਨੀ ਹੀ ਉਚੇਰੀ ਹੈ ਜਿਤਨੀ ਕਸ਼ਮੀਰ ਦੀ ਅਲਪੱਥਰ ਝੀਲ ।"

ਇਹ ਗੱਲ ਮੈਂ ਕਈ ਵੇਰ ਸੋਚੀ ਹੈ ।

ਦਾਰ ਜੀ ਦੀ ਸ਼ਖ਼ਸੀਅਤ ਦੀ ਉਸਾਰੀ ਵਿਚ ਉਹਨਾਂ ਦੀ ਪਤਨੀ ਦਾ ਬਹੁਤ ਹੱਥ ਹੈ । ਜਿਨ੍ਹਾਂ ਨੂੰ ਅਸੀਂ ਸਾਰੇ 'ਮਾਤਾ ਜੀ' ਆਖਦੇ ਹਾਂ ।

ਮੇਰਾ ਇਹ ਸੁਭਾਗ ਹੈ ਕਿ 'ਦਾਰ ਜੀ' ਦਾ ਪਿਆਰ ਪਰਾਪਤ ਹੋਣ ਦੇ ਨਾਲ 'ਮਾਤਾ ਜੀ' ਦੀ ਮਮਤਾ ਵੀ ਮੇਰੇ ਲਈ ਸਦਾ ਵਰਦਾਨ ਸਿੱਧ ਹੁੰਦੀ ਰਹੀ ਹੈ ।

# ਪੀੜਾਂ ਮਠੀਆਂ ਕਰਨ ਵਾਲਾ

ਕੁਲਵੰਤ ਸਿੰਘ ਵਿਰਕ

ਭਾਵੇਂ ਪ੍ਰੀਤ ਲੜੀ ੧੯੩੦ ਵਿਚ ਚਾਲੂ ਹੋਈ, ਮੈਂ ਇਹ ਪਹਿਲੀ ਵਾਰ ੧੯੩੮ ਵਿਚ ਹੀ ਪੜ੍ਹੀ ਜਦੋਂ ਮੈਂ ਲਾਹੌਰ ਐਫ. ਸੀ. ਕਾਲਜ ਵਿਚ ਦਾਖ਼ਲ ਹੋਇਆ। ਇਹ ਨਹੀਂ ਕਿ ਸਾਡੇ ਘਰ ਪੰਜਾਬੀ ਦਾ ਕੋਈ ਪਰਚਾ ਆਉਂਦਾ ਨਹੀਂ ਸੀ। ਅੰਮ੍ਰਿਤਾ ਪ੍ਰੀਤਮ ਦੇ ਪਿਤਾ ਹਿਤਕਾਰੀ ਜੀ ਦਾ ਰਣਜੀਤ ਨਗਾਰਾ, ਦਰਦ ਜੀ ਦੀ ਫੁਲਵਾੜੀ, ਸਰਦਾਰ ਲਾਭ ਸਿੰਘ ਨਾਰੰਗ ਦਾ ਪ੍ਰੀਤਮ ਅਤੇ ਗਿਆਨੀ ਲਾਲ ਸਿੰਘ ਗੁਜਰਾਂਵਲੀਏ ਦਾ ਬਾਲਕ -- ਇਹ ਸਾਰੇ ਆਉਂਦੇ ਸਨ। ਅਕਾਲੀ ਪਾਰਟੀ ਦਾ ਅਖ਼ਬਾਰ ਅਕਾਲੀ ਪੱਤ੍ਰਿਕਾ ਅਤੇ ਚੀਫ਼ ਖ਼ਾਲਸਾ ਦੀਵਾਨ ਦਾ ਸਿੱਖ ਸੇਵਕ ਵੀ ਆਉਂਦੇ ਸਨ। ਪਰ ਪ੍ਰੀਤ ਲੜੀ ਨਹੀਂ ਆਉਂਦਾ ਸੀ। ਸਕੂਲ ਵਿਚ ਆਉਣ ਦਾ ਕੋਈ ਸਵਾਲ ਹੀ ਨਹੀਂ ਸੀ ਕਿਉਂਕਿ ਉਹ ਗੌਰਮਿੰਟ ਦਾ ਸੀ। ਸਕੂਲ ਛੱਡ ਕੇ ਜਦੋਂ ਮੈਂ ਗੁਜਰਾਂਵਾਲੇ ਦੇ ਖ਼ਾਲਸਾ ਕਾਲਜ ਵਿਚ ਦਾਖਲ ਹੋਇਆ ਤਾਂ ਉਥੇ ਲਾਇਬ੍ਰੇਰੀ ਵਿਚ ਇਹ ਪਰਚਾ ਨਹੀਂ ਆਉਂਦਾ ਸੀ। ਓਥੋਂ ਹਟ ਕੇ ਜਦੋਂ ਮੈਂ ਐਫ. ਸੀ. ਕਾਲਜ ਆਇਆ ਤਾਂ ਉਥੇ ਇਹ ਪਰਚਾ ਪੜ੍ਹਨ ਨੂੰ ਮਿਲਿਆ।

ਕਾਲਜ ਦੀ ਲਾਇਬ੍ਰੇਰੀ ਬੜੀ ਵਡੀ ਅਤੇ ਬੜੀ ਵਧੀਆ ਸੀ। ਅੰਗਰੇਜ਼ ਅਤੇ ਅਮਰੀਕਨ ਪ੍ਰੋਫ਼ੈਸਰ ਆਪਣੇ ਕਮਰਿਆਂ ਵਿਚ ਪਰਚੇ ਮੰਗਵਾ ਲੈਣ ਦੀ ਥਾਂ ਆਪ ਨਿਮਰਤਾ ਨਾਲ ਲਾਇਬ੍ਰੇਰੀ ਵਿਚ ਆਉਂਦੇ ਅਤੇ ਮੁੰਡਿਆ ਦੇ ਨਾਲ ਬੈਠ ਕੇ ਪੜ੍ਹਦੇ। ਪੜ੍ਹਨਾ ਖ਼ਤਮ ਕਰਕੇ ਪਰਚਾ ਓਸੇ ਥਾਂ ਜਾ ਕੇ ਰਖਦੇ ਜਿਥੋਂ ਉਹ ਚੁਕਿਆ ਹੁੰਦਾ। ਲਾਇਬ੍ਰੇਰੀ ਵਿਚ ਦੁਨੀਆਂ ਦੇ ਸਭ ਤੋਂ ਉੱਤਮ ਪਰਚੇ ਆਉਂਦੇ, ਉਹਨਾਂ ਵਿਚ ਪ੍ਰੀਤ ਲੜੀ ਵੀ ਪਈ ਹੁੰਦੀ। ਪੰਜਾਬੀ ਦਾ ਇਹ ਪਰਚਾ ਉਨੀ ਹੀ ਅੜ੍ਹਕ ਮੜ੍ਹਕ ਵਾਲਾ ਅਤੇ ਆਧੁਨਿਕ ਸੀ ਜਿੰਨੇ ਕੋਲ ਪਏ ਅੰਗਰੇਜ਼ੀ ਦੇ ਪਰਚੇ। ਸਾਡੇ ਪ੍ਰੋਫ਼ੈਸਰ ਆਪ ਤਾਂ ਇਸ ਨੂੰ ਨਾ ਪੜ੍ਹ ਸਕਦੇ, ਪਰ ਸਾਡੇ ਤੀਕ ਅਪੜਾਨ ਦੀ ਇੱਛਾ ਜਰੂਰ ਰਖਦੇ। ਪੜ੍ਹ ਕੇ ਇਸ ਨੂੰ ਲਿਖਣ ਵਾਲੇ ਲਈ ਅਥਾਹ ਸਤਿਕਾਰ ਜਾਗਦਾ, ਨਾਲ ਨਾਲ ਹੈਰਾਨੀ ਵੀ ਹੁੰਦੀ ਕਿ ਇਸ ਤਰ੍ਹਾਂ ਦੀ ਸੋਚ ਅਤੇ ਲਿਖਤ ਕਿਵੇਂ ਸੰਭਵ ਹੋ ਗਈ। ਗੁਰਬਖ਼ਸ਼ ਸਿੰਘ ਦਾ ਨਿੱਜਤਵ ਬੜਾ ਅਲੌਕਿਕ ਲਗਦਾ। ਜਦੋਂ ਮੈਂ ਸੁਣਿਆ ਕਿ ਉਸ ਦਾ ਪੁੱਤਰ ਨਵਤੇਜ ਉਸੇ ਕਾਲਜ ਵਿਚ ਪੜ੍ਹਨ ਆਇਆ ਹੈ ਤਾਂ ਮੇਰੀ ਉਸ ਨੂੰ ਵੇਖਣ ਅਤੇ ਟੋਹਣ ਦੀ ਉਤਸੁਕਤਾ ਕੁਝ ਏਸੇ ਤਰ੍ਹਾਂ ਸੀ ਜਿਸ ਤਰ੍ਹਾਂ ਪਿਛਲੇ ਸਾਲ ਚੰਨ ਤੋਂ ਆਏ ਪੱਥਰਾਂ ਦਾ ਮੁਆਇਨਾ ਕਰਨ ਲਈ ਵਿਗਿਆਨੀਆਂ ਵਿਚ ਹੋਵੇਗੀ।

ਐਫ਼. ਸੀ. ਕਾਲਜ ਤੋਂ ਹਟ ਕੇ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਆ ਗਿਆ। ਏਥੇ



ਦੀ ਲਾਇਬਰੇਰੀ ਵਿਚੋਂ ਫਿਰ ਪ੍ਰੀਤ ਲੜੀ ਗ਼ਾਇਬ ਸੀ। ਇਹ ਕੋਈ ਭੁੱਲ ਨਹੀਂ ਸੀ। ਉਚੇਚਾ ਕਦਮ ਸੀ। ਸਾਡੀ ਜਮਾਤ ਕਾਲਜ ਵਿਚ ਸਭ ਤੋਂ ਉੱਚੀ ਸੀ। ਇਸ ਲਈ ਇਕ ਤਰ੍ਹਾਂ ਨਾਲ ਬੁਧੀਵਾਨੀ ਦਾ ਕੇਂਦਰ ਸੀ। ਏਥੋਂ ਦੇ ਸਭਿਆਚਾਰ ਦੇ ਸਭ ਤੋਂ ਵਡੇ ਸਰਬਰਾਹ ਨੇ ਇਕ ਦਿਨ ਕਿਹਾ ਕਿ ਜਦੋਂ ਮਨੁੱਖ ਜੀਵਨ ਲਈ ਹਿੰਮਤ ਹਾਰ ਬਹਿੰਦਾ ਹੈ ਤਾਂ ਉਹ ਪ੍ਰੀਤ ਲੜੀ ਦਾ ਲੇਖਕ ਬਣ ਜਾਂਦਾ ਹੈ। ਮੈਨੂੰ ਕੁਝ ਸਮਝ ਨਾ ਆਈ। ਹਾਰਣ ਜਿੱਤਣ ਦਾ ਤੇ ਕੋਈ ਸਵਾਲ ਹੀ ਨਹੀਂ ਸੀ। ਕੇਵਲ ਅਵਸਥਾ ਨੂੰ ਸੁਝਣ ਦੀ ਗੱਲ ਸੀ।

ਖ਼ਾਲਸਾ ਕਾਲਜ ਵਿਚ ਵਿੱਦਿਆ ਖ਼ਤਮ ਕਰਨ ਪਿਛੋਂ ਮੈਂ ਪ੍ਰੀਤ ਨਗਰ ਵੇਖਣ ਗਿਆ। ਦੋ ਤਿੰਨ ਜਣੇ ਅਸੀਂ ਅੰਮ੍ਰਿਤਸਰ ਤੋਂ ਸਾਈਕਲਾਂ ਉਤੇ ਅਪੜੇ। ਪ੍ਰੀਤ ਨਗਰ ਇਕ ਖ਼ੁਸ਼ੀ ਦਾ ਘਰ ਲਗਾ। ਕੋਈ ਦਿਨ ਦਿਹਾਰ ਸੀ। ਸਰਦਾਰ ਗੁਰਬਖ਼ਸ਼ ਸਿੰਘ ਇਕ ਗਰਾਉਂਡ ਦੇ ਕੰਢੇ ਸਾਥੀਆਂ ਜਾਂ ਉਪਾਸ਼ਕਾ ਨਾਲ ਬੈਠੇ ਇਕ ਮੈਚ ਵੇਖ ਰਹੇ ਸਨ। ਕਿਸੇ ਦੀ ਪੰਜ ਛੇ ਸਾਲ ਦੀ ਬੱਚੀ ਨੇ ਆ ਕੇ ਪਿਛੋਂ ਉਹਨਾਂ ਦੀਆਂ ਅੱਖਾਂ ਦਬ ਲਈਆਂ, ਪਤਾ ਨਹੀਂ ਉਹਨਾਂ ਆਪਣੀਆਂ ਅੱਖਾਂ ਕੀ ਆਖ ਕੇ ਛੁਡਾਈਆਂ, ਪਰ ਪ੍ਰਤੱਖ ਸੀ ਕਿ ਬੱਚੇ ਏਥੇ ਵਡਿਆਂ ਨਾਲੋਂ ਵੀ ਬਹੁਤੀਆਂ ਮੌਜਾਂ ਕਰ ਰਹੇ ਸਨ। ਸ਼ਾਮ ਨੂੰ ਇਕ ਨਿੱਕਾ ਜਿਹਾ ਜਲਸਾ ਹੋਇਆ। ਕੋਈ ਕਨਾਤ ਛੋਲਦਾਰੀ ਨਹੀਂ ਸੀ। ਲੋਕੀਂ ਭੁੰਜੇ ਘਾਹ ਉਤੇ ਬੈਠੇ ਸਨ। ਐਲਾਨ ਹੋਇਆ ਕਿ ਹੁਣ ਰੰਧਾਵਾ ਸਾਹਿਬ ਬੋਲਣਗੇ। ਕੋਲ ਬੈਠੇ ਕਿਸੇ ਨੇ ਦਸਿਆ ਕਿ ਯੂ. ਪੀ. ਦੇ ਕਿਸੇ ਜ਼ਿਲੇ ਵਿਚ ਡਿਪਟੀ ਕਮਿਸ਼ਨਰ ਹਨ। ਪ੍ਰੀਤ ਨਗਰ ਵੇਖਣ ਆਏ ਹੋਏ ਹਨ। ਮੈਂ ਹੈਰਾਨ ਸਾਂ ਕਿ ਇਕ ਅਸਲੀ ਅਹੁਦੇ ਉਤੇ ਲਗਾ ਹੋਇਆ ਡਿਪਟੀ ਕਮਿਸ਼ਨਰ, ਦੂਜੇ ਪਰਾਂਤ ਤੋਂ ਏਥੇ ਕਿਉਂ ਆ ਗਿਆ, ਜਿਥੇ ਨਾ ਕੋਈ ਧਰਮ ਨੂੰ ਮੰਨਦਾ ਹੈ, ਨਾ ਸਮਾਜ ਨੂੰ ਅਤੇ ਨਾ ਰੁਤਬੇ ਨੂੰ। ਨਿੱਕਰ ਕਮੀਜ਼ ਪਾਈ ਰੰਧਾਵਾ ਸਾਹਿਬ ਉਠ ਕੇ ਖੜੇ ਹੋ ਗਏ। ਉਹਨਾਂ ਕਿਹਾ ਮੈਂ ਪਿੰਡਾਂ ਥਾਵਾਂ ਨੂੰ ਸੁੰਦਰ ਬਣਿਆ ਵੇਖਣਾ ਭਾਲਦਾ ਹਾਂ। ਜਿਥੇ ਕਿਧਰੇ ਵੀ ਮੈਂ ਇਸ ਪਾਸੇ ਵਲ ਕੋਈ ਉੱਦਮ ਹੋਇਆ ਸੁਣਦਾ ਹਾਂ, ਝਟ ਜ਼ਾ ਕੇ ਵੇਖਦਾ ਹਾਂ। ਪ੍ਰੀਤ ਨਗਰ ਵੀ ਇਹੋ ਜਿਹਾ ਹੀ ਇਕ ਉੱਦਮ ਹੈ। ਵੇਖੀਏ ਇਹ ਕਿੰਨਾ ਕੁ ਪਸਰਦਾ ਹੈ। ਡਿਪਟੀ ਕਮਿਸ਼ਨਰ ਉਦੋਂ ਆਪਣੇ ਸ਼ਹਿਰ ਵਿਚ ਵੀ ਢੋਲ ਢਮਕੇ ਨਾਲ ਹੀ ਨਿਕਲਦੇ ਸਨ। ਏਥੇ ਪਿੰਡ ਜਿਹੇ ਵਿਚ ਉਹ ਆਮ ਬੰਦਿਆਂ ਵਾਂਗ ਬੈਠੇ ਸਨ। ਕੀ ਇਹ ਵੀ ਪ੍ਰੀਤ ਨਗਰ ਦਾ ਅਸਰ ਸੀ ਕਿ ਅੰਗਰੇਜ਼ਾਂ ਦਾ ਇਕ ਡਿਪਟੀ ਕਮਿਸ਼ਨਰ ਆਦਮੀ ਬਣ ਗਿਆ ਸੀ ? ਜਾਂ ਉਹ ਪਹਿਲਾਂ ਹੀ ਆਦਮੀ ਸੀ ਅਤੇ ਇਸੇ ਲਈ ਪ੍ਰੀਤ ਨਗਰ ਆਇਆ ਸੀ।

ਕੋਈ ਪੰਜਾਬੀ ਅਖ਼ਬਾਰ ਬਾਜ਼ਾਰ ਵਿਚ ਨਹੀਂ ਵਿਕਦਾ ਸੀ, ਹੋਕਾ ਕੇਵਲ ਮਿਲਾਪ, ਪਰਤਾਪ, ਵੀਰ ਭਾਰਤ ਤੇ ਟ੍ਰੀਬਿਊਨ ਦਾ ਵਜਦਾ ਸੀ। ਰਾਜਨੀਤਿਕ ਪਾਰਟੀਆਂ ਵਾਲੇ ਘਰ ਆ ਕੇ ਚੰਦੇ ਲੈ ਜਾਂਦੇ (ਇਸ ਨੂੰ ਉਹ ਸਹਾਇਤਾ ਆਖਦੇ ਅਤੇ ਰਸੀਦਾਂ ਵੀ ਇਸੇ ਤਰ੍ਹਾਂ ਹੀ ਕਟਦੇ)। ਫਿਰ ਉਹ ਡਾਕ ਰਾਹੀ ਪਰਚੇ ਘਲਦੇ ਰਹਿੰਦੇ। ਜਦੋਂ ਪਰਚਾ ਘਰ ਅਪੜਦਾ ਤਾਂ ਉਸ ਉਤੇ ਪਈ ਤਰੀਕ ਅਜੇ ਉਸ ਤੋਂ ਅਗਲੇ ਦਿਨ ਦੀ ਹੁੰਦੀ। ਤਰੀਕ ਤੋਂ ਬੇਪਰਵਾਹੀ ਇਸ ਕਰ ਕੇ ਸੀ ਕਿ ਇਹਨਾਂ ਅਖ਼ਬਾਰਾਂ ਦਾ ਖ਼ਬਰਾਂ ਨਾਲ ਕੋਈ ਵਾਸਤਾ ਨਹੀਂ ਸੀ। ਉਹਨਾਂ ਕੇਵਲ ਆਪਣੀ ਪਾਰਟੀ ਦਾ ਪਰਚਾਰ ਕਰਨਾ ਹੁੰਦਾ। ਪਰਚਾਰ ਲਈ ਇਕ ਦੋ ਤਰੀਕਾਂ ਏਧਰ ਓਧਰ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਸੀ। ਖ਼ਬਰਾਂ ਨਾਲ ਤਾਂ ਕੀ, ਇਹਨਾਂ ਸਿੱਖ

ਅਖ਼ਬਾਰਾਂ ਨੂੰ ਪੰਜਾਬੀ ਨਾਲ ਵੀ ਕੋਈ ਵਾਸਤਾ ਨਹੀਂ ਸੀ। ਅਕਾਲੀ ਪਤ੍ਰਿਕਾ ਕਦੀ ਉਰਦੂ ਵਿਚ ਛਪਣ ਲਗ ਜਾਂਦਾ। ਪਤ੍ਰਿਕਾ ਸ਼ਬਦ ਉਰਦੂ ਵਿਚ ਲਿਖਿਆ ਮੈਨੂੰ ਬੜਾ ਅਜੀਬ ਲਗਦਾ ਕਿਧਰੋਂ ਬਿਲਕੁਲ ਹੇਠਾਂ ਨੂੰ ਵੜ ਜਾਂਦਾ ਅਤੇ ਕਿਧਰੋਂ ਉਤਾਂਹ ਨੂੰ ਚੜ੍ਹ ਜਾਂਦਾ। ਪਿੰਡਾਂ ਦੇ ਲੋਕ ਕਰਤਾਰ ਸਿੰਘ ਕਲਾਸਵਾਲੀਏ ਦਾ 'ਤੇਜ ਖ਼ਾਲਸਾ' ਜਾਂ 'ਰਾਜ ਖ਼ਾਲਸਾ' ਪੜ੍ਹਦੇ। ਪੜ੍ਹਦੇ ਤਾਂ ਘਟ ਹੀ ਸਨ, ਸੁਣਦੇ ਬਹੁਤਾ ਪਿੰਡ ਦੇ ਗਰੰਥੀ ਕੋਲੋਂ। "ਖ਼ਾਲਸੇ" ਨੇ ਗਿਲਜਿਆਂ ਨੂੰ ਮਾਰ ਸੁਟਿਆ ਦੀ ਧਾਰਨਾ ਮੁੜ ਮੁੜ ਕੇ ਲੋਕਾਂ ਦੇ ਦਿਲਾਂ ਨੂੰ ਖ਼ੁਸ਼ ਕਰਦੀ। ਕਾਲੀਦਾਸ ਗੁਜਰਾਂਵਾਲੀਏ ਦਾ 'ਰੂਪ ਬਸੰਤ' ਤੇ 'ਹਕੀਕਤ ਰਾਏ' ਵੀ ਬਹੁਤ ਚਲਦੇ ਸਨ। ਮਾੜੇ ਲੋਕ ਹੀਰ ਵੀ ਪੜ੍ਹਦੇ। ਮਾੜੇ ਲੋਕ ਮੈਂ ਇਸ ਕਰ ਕੇ ਆਖਦਾ ਹਾਂ ਕਿ ਸਿੰਘ ਸਭਾ ਲਹਿਰ ਤੋਂ ਪਿਛੋਂ ਇਹ ਅਜੇ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉਤੇ ਪਰਵਾਨ ਨਹੀਂ ਹੋਈ ਸੀ। ਜਦੋਂ ਪੰਜਾਬ ਯੂਨੀਵਰਸਿਟੀ (ਲਾਹੌਰ) ਦੇ ਗਿਆਨੀ ਦੇ ਕੋਰਸ ਲਈ ਹੀਰ ਵਾਰਸ ਸ਼ਾਹ ਲਾਉਣ ਦਾ ਕਿੱਸਾ ਛਿੜਿਆ ਤਾਂ ਕਹਿੰਦੇ ਹਨ ਕਿ ਤਜਵੀਜ਼ ਕਰਨ ਵਾਲੇ ਮੈਂਬਰ ਨੂੰ ਇਕ ਮੁਖ਼ ਲਫ਼ ਮੈਂਬਰ ਨੇ ਕਿਹਾ, "ਤੁਹਾਡੀ ਹੋਵੇ ਕੁੜੀ ਤੇ ਨੌਕਰ ਨਾਲ ਉਹ ਜਾਏ ਭਜ ਤੇ ਉਹਦਾ ਲਿਖਿਆ ਜਾਏ ਕਿੱਸਾ, ਫਿਰ ਅਸੀਂ ਵੇਖਾਂਗੇ ਤੁਸੀਂ ਕਿਵੇਂ ਲਾਉਂਦੇ ਉਹ ਕਿਸੇ ਕੋਰਸਾਂ ਵਿਚ।"

ਇਸ਼ਕ ਦੀ ਕੋਈ ਗੱਲ ਸੁਣਨੀ ਹੀ ਔਖੀ ਸੀ। ਵਾਈ. ਐਮ. ਸੀ. ਏ. ਹਾਲ ਲਾਹੌਰ ਵਿਚ ੧੯੩੩ ਵਿਚ "ਪਿਆਰ ਵਿਆਹ" ਉਤੇ ਇਕ ਡੀਬੇਟ ਹੋਇਆ। ਇਹ ਡੀਬੇਟ ਸੁਣ ਕੇ ਲੋਕ ਇੰਨੇ ਮਛਰੇ ਕਿ ਉਹਨਾਂ ਨੇ ਹਾਲ ਦੇ ਸ਼ੀਸ਼ੇ ਅਤੇ ਕੁਰਸੀਆਂ ਤੋੜ ਦਿਤੀਆਂ। ਰਾਣਾ ਜੰਗ ਬਹਾਦਰ ਅਤੇ ਡਾਕਟਰ ਮੋਹਨ ਸਿੰਘ ਵੀ ਇਸ ਡੀਬੇਟ ਵਿਚ ਬੋਲੇ। ਇਹ ਖ਼ਬਰ ਟ੍ਰੀਬਿਊਨ ਦਾ ਬੰਗਾਲੀ ਐਡੀਟਰ ਕਾਲੀਨਾਥ ਰੇ (ਬਚ ਕੇ) ਅੰਗਰੇਜ਼ੀ ਸਰਕਾਰ ਦੇ ਵਿਰੁਧ ਲਿਖਦਾ। ਕਈ ਵਾਰ ਉਹ ਸਿਵਲ ਐਂਡ ਮਿਲਟਰੀ ਗਜ਼ਟ ਦੀਆਂ ਲਿਖਤਾਂ ਵਿਰੁਧ ਲਿਖ ਕੇ ਹੀ ਡੰਗ ਸਾਰ ਲੈਂਦਾ। ਪੜ੍ਹੇ ਲਿਖੇ ਲੋਕਾਂ ਨੂੰ ਆਨਾ ਖ਼ਰਚ ਕੇ ਜਾਂ ਮੰਗ ਕੇ ਟ੍ਰੀਬਿਊਨ ਪੜ੍ਹਨ ਨਾਲ ਹੀ ਅਜ਼ਾਦੀ ਦੀ ਲਹਿਰ ਵਿਚ ਭਾਗ ਲੈਣ ਦਾ ਅਨੁਭਵ ਹੋ ਜਾਂਦਾ। ਠਗੀ ਦਾ ਇਹ ਹਾਲ ਸੀ ਕਿ ਇਸ ਪਰਮੁਖ ਅਖ਼ਬਾਰ ਵਿਚ ਪੂਰੀਆਂ ਤਿੰਨ ਤਿੰਨ ਕਾਲਮਾਂ ਦੇ ਇਸ਼ਤਿਹਾਰ ਲਿੰਗਕ ਕਮਜ਼ੋਰੀ ਨੂੰ ਹਟਾਣ ਦੀ ਦਵਾਈ ਦੇ ਛਪਦੇ। ਕਈ ਇਸ਼ਤਿਹਾਰ ਉਰਦੂ ਵਿਚ ਹੁੰਦੇ ਆਦਰਸ਼ ਰਸਾਇਨ — ਕੋਹ ਹਮਾਲਾ ਕੀ ਤਾਕਤ ਬਖ਼ਸ਼ ਜੜੀ ਬੂਟੀਉਂ ਕਾ ਮੁਰੱਕਬ — ਖ਼ਾਸ ਕਮਜ਼ੋਰੀ ਕੇ ਲੀਏ ਬਿਹਤਰੀਨ ਚੀਜ਼ ਹੈ। ਕਵੀਰਾਜ ਹਰਨਾਮ ਦਾਸ ਬੀ. ਏ. ਦਾ ਪਰਚੇ ਇਲਮੋ ਅਮਲ (ਗਿਆਨ ਅਤੇ ਕਰਮ) ਦਾ ਇਸ਼ਤਿਹਾਰ ਵੀ ਉਰਦੂ ਵਿਚ ਛਪਦਾ। "ਸਾਲ ਦਾ ਚੰਦਾ ਦੋ ਰੁਪਏ ਹੈ ਛੇਤੀ ਗਾਹਕ ਬਣਨ ਵਾਲਿਆਂ ਨੂੰ ਹਦਾਇਤ ਨਾਮਾ ਖ਼ਾਵੰਦ ਜਾਂ (ਬੀਵੀ) ਮੁਫ਼ਤ। ਜਾਂ ਫਿਰ ਇਸ ਤਰ੍ਹਾਂ "ਬਹੁਤੇ ਭੋਗ ਤੋਂ ਹੋਈ ਲਿੰਗਕ ਕਮਜ਼ੋਰੀ ਅਤੇ ਨਾਮਰਦੀ ਲਈ ਅਚੁਕ ਦਵਾਈ।"

ਪਖੰਡ ਇੰਨਾਂ ਵਧਿਆ ਹੋਇਆ ਸੀ ਕਿ ਟ੍ਰੀਬਿਊਨ ਵਿਚ ਇਹੋ ਜਿਹੀਆਂ ਖ਼ਬਰਾਂ ਮਾਨ ਨਾਲ ਛਾਪੀਆਂ ਜਾਂਦੀਆਂ। "ਭਗਤ ਧੰਨਾ ਮੱਲ ਜੀ ਨੇ ਸੰਸਾਰੀ ਜੀਵਨ ਅਸਲੋਂ ਹੀ ਤਿਆਗ ਦਿਤਾ ਹੈ। ਉਹਨਾਂ ਆਪਣੀ ਸਾਰੀ ਚੁਕ ਅਤੇ ਅਚੁਕ ਜਾਇਦਾਦ ਦਾ ਪਟਾ ਆਪਣੇ ਪੁੱਤਰਾਂ ਦੇ ਨਾਂ ਲਿਖ ਕੇ ਰਜਿਸਟਰੀ ਕਰਵਾ ਦਿਤੀ ਹੈ। ਹੁਣ ਉਹ ਆਪਣਾ ਸਾਰਾ ਜੀਵਨ ਅਛੂਤ ਉਧਾਰ ਵਿਚ ਲਗਾਉਣਗੇ।" ਮਤਲਬ ਇਹ ਹੁਣ ਉਹ ਆਪਣਾ ਡੰਗ ਲੋਕਾਂ ਦੇ ਸਿਰੋਂ ਹੀ ਸਾਰਨਗੇ।

ਹੋਰ ਤੇ ਹੋਰ ਹਿੰਦੁਸਤਾਨੀ ਸੁੰਦਰਤਾ ਦਾ ਵੀ ਕੋਈ ਮੁੱਲ ਨਹੀਂ ਸੀ। ਇਸ਼ਤਿਹਾਰਾਂ ਵਿਚ



ਲਕਸ ਸਾਬਨ ਨਾਲ ਜਿਨ੍ਹਾਂ ਦਾ ਰੰਗ ਰੂਪ ਨਿਖਰਿਆ ਹੁੰਦਾ ਉਹ ਹਿੰਦੁਸਤਾਨੀ ਨਹੀਂ ਅੰਗਰੇਜ਼ ਐਕਟਰੈੱਸਾਂ ਹੁੰਦੀਆਂ। ਅੰਮ੍ਰਿਤਸਰ ਵਿਚ ਯੂਨੀਵਰਸਿਟੀ ਸਥਾਪਤ ਕਰਨ ਦੀ ਇੱਛਾ ਹਾਸੋਹੀਣੀ ਸੀ। ਪ੍ਰੋਫ਼ੈਸਰ ਪ੍ਰੀਤਮ ਸਿੰਘ ਬਹਾਈ ਨੇ ਟ੍ਰੀਬਿਊਨ ਅਖ਼ਬਾਰ ਵਿਚ ਲਿਖਿਆ : "ਸਿੱਖ ਯੂਨੀਵਰਸਿਟੀ ਉਸ ਸਮਿਗਰੀ ਉਤੇ ਰੀਸਰਚ ਕਰਵਾਏਗੀ ਜਿਹੜੀ ਇਕ ਆਮ ਅਲਮਾਰੀ ਦੇ ਅਧੇ ਖ਼ਾਨੇ ਵਿਚ ਆ ਜਾਂਦੀ ਹੈ। ਨਾਲ ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਕੁਝ ਸਾਲਾਂ ਵਿਚ ਇਹ ਯੂਨੀਵਰਸਿਟੀ ਕਿਸੇ ਜਗਦੀਸ਼ ਚੰਦਰ ਬੋਸ ਜਾਂ ਸੀ. ਵੀ. ਭਗਤ ਨੂੰ ਜਨਮ ਦੇਵੇਗੀ। ਇਹ ਵੀ ਆਸ਼ਾ ਹੈ ਕਿ ਸਿੱਖ ਗਰੈਜੂਏਟ ਇਸ ਤਰ੍ਹਾਂ ਬਾਹਰ ਸੁਟੇਗੀ ਜਿਵੇਂ ਤੰਦੂਰ ਵਿਚੋਂ ਰੋਟੀਆਂ ਨਿਕਲਦੀਆਂ ਹਨ।"

ਇਹੋ ਜਿਹੇ ਮਾਹੌਲ ਵਿਚ ਪੰਜਾਬੀ ਦੀ ਕੋਈ ਲੱਤ ਬਾਂਹ ਕਿਧਰੇ ਲਭਦੀ ਨਹੀਂ ਸੀ, 'ਸੌ ਫ਼ੀ ਸਦੀ ਬੋਲਦੀਆਂ ਅਤੇ ਗਾਉਂਦੀਆਂ ਫ਼ਿਲਮਾਂ ਦੇ ਨਾਂ ਟ੍ਰੀਬਿਊਨ ਵਿਚ ਦੇਵਨਾਗਰੀ ਲਿਪੀ ਜਾਂ ਬੰਗਲਾ ਲਿਪੀ ਵਿਚ ਤਾਂ ਛਾਪੇ ਜਾ ਸਕਦੇ ਸਨ, ਪਰ ਗੁਰਮੁਖੀ ਲਿਪੀ ਵਿਚ ਨਹੀਂ। ਸਰ ਜੋਗਿੰਦਰ ਸਿੰਘ ਲਖਨਊ ਦੇ ਨਵਾਬਾਂ ਬਾਰੇ ਨਾਵਲ ਅੰਗਰੇਜ਼ੀ ਵਿਚ ਲਿਖਦੇ।

ਇਸ ਮਾਹੌਲ ਵਿਚ ਵਿਚਰ ਕੇ ਗੁਰਬਖ਼ਸ਼ ਸਿੰਘ ਨੇ ਪੰਜਾਬੀ (ਗੁਰਮੁਖੀ ਲਿਪੀ) ਵਿਚ ਕਿਹਾ "ਜ਼ਿੰਦਗੀ ਨੂੰ ਪੁਰਾਣੇ ਸ਼ਿਵਾਲਿਆਂ ਅੰਦਰ ਪੁਰਾਣੇ ਬੁੱਤਾਂ ਦੀ ਪੂਜਾ ਵਿਚ ਗੁਜ਼ਾਰਨਾ ਏਸ ਤਰ੍ਹਾਂ ਹੈ ਜਿਵੇਂ ਰੇਲ ਦੇ ਪੁਰਾਣੇ ਟਾਈਮ ਟੇਬਲ ਵਿਚ ਗੱਡੀਆਂ ਦੇ ਵਕਤ ਵੇਖਣੇ। ਇਹੀ ਕਾਰਨ ਹੈ ਕਿ ਸਾਡੀ ਬਹੁਤ ਦੁਨੀਆਂ ਗੱਡੀਓਂ ਘੁਸੀ ਘੁਸੀ ਜਾਪ ਰਹੀ ਹੈ।"

ਹੋਰ, ਜ਼ਿੰਦਗੀ ਇਕ ਵਰਕਸ਼ਾਪ ਹੈ ਜਿਥੇ ਕਾਮਿਆਂ ਨੂੰ ਬੜੀ ਮੁਸ਼ਕਤ ਕਰਨੀ ਪੈਂਦੀ ਹੈ, ਤੇ ਪ੍ਰੀਤ ਇਕ ਵਰਕਸ਼ਾਪ ਨਾਲ ਸੰਯੁਕਤ ਪਾਰਕ ਹੈ ਜਿਥੇ ਉਹ ਛੁੱਟੀ ਦੇ ਸਮੇਂ ਆਪਣਾ ਥਕੇਵਾਂ ਲਾਹੁੰਦੀ ਅਤੇ ਆਪਣੇ ਹਥਲੇ ਪ੍ਰੋਗਰਾਮ ਲਈ ਤਾਜ਼ਗੀ ਪ੍ਰਾਪਤ ਕਰਦੇ ਹਨ। "ਪੁਰਾਣੀਆਂ ਬੇਲੋੜ ਬੰਦਸ਼ਾਂ ਤੋਂ ਮੁਕਤ ਹੋ ਕੇ ਮਨੁੱਖੀ ਪ੍ਰੀਤ ਦੀ ਗੋਦ ਵਿਚ ਆਉਣ ਦਾ ਇਹ ਇਕ ਸੁਨੇਹਾ ਸੀ। ਇਸ ਹਨੇਰੇ ਦੇ ਪਰਸਾਰ ਲਈ ਜਿਹੜਾ ਕੇਂਦਰ ਚੁਣਿਆ ਗਿਆ ਉਹ ਪਿੰਡਾਂ ਥਾਵਾਂ ਵਿਚਕਾਰ ਸੀ। ਅਮਰੀਕਾ ਵਿਚ ਪੜ੍ਹੇ ਆਦਮੀ ਲਈ ਇਹ ਆਪਣੇ ਆਪ ਵਿਚ ਇਕ ਬੜਾ ਦਲੇਰੀ ਭਰਿਆ ਕਦਮ ਸੀ। ਇਸ ਤੋਂ ਵੀ ਔਖੀ ਗੱਲ ਇਹ ਸੀ ਕਿ ਜਿਨ੍ਹਾਂ ਲੋਕਾਂ ਵਿਚਕਾਰ ਸਰਦਾਰ ਗੁਰਬਖ਼ਸ਼ ਸਿੰਘ ਜਾ ਕੇ ਰਹੇ ਉਹਨਾਂ ਦਾ ਸੁਨੇਹਾ ਸੁਣਨ ਲਈ ਘਟ ਤੋਂ ਘਟ ਤਿਆਰ ਸਨ ਅਤੇ ਉਹਨਾਂ ਤੋਂ ਵਖਰੀ ਨਸਲ ਦੇ ਸਨ। ਉਹਨਾਂ ਲਈ ਪੜ੍ਹਨ ਲਿਖਣ ਦਾ ਇਕੋ ਹੀ ਮੰਤਵ ਹੋ ਸਕਦਾ ਸੀ — ਸਰਕਾਰੀ ਨੌਕਰੀ। ਜੀਵਨ ਨੂੰ ਚੰਗਾ ਬਣਾਉਣ ਦਾ ਵੀ ਇਹੋ ਹੀ ਸਾਧਨ ਸੀ। ਇਹੋ ਜਿਹੇ ਮਾਹੌਲ ਵਿਚ ਪ੍ਰੀਤ ਲੜੀ ਦਾ ਕੋਈ ਕੀ ਕਰੇ ਜਿਹੜੀ ਜੀਵਨ ਜਾਚ ਤਾਂ ਦਸਦੀ ਸੀ, ਪਰ ਸਰਕਾਰੀ ਨੌਕਰੀ ਦਾ ਰਾਹ ਨਹੀਂ ਦਸਦੀ ਸੀ। ਇਸ ਮਾਹੌਲ ਵਿਚ ਸਰਦਾਰ ਗੁਰਬਖ਼ਸ਼ ਸਿੰਘ ਨੇ ਆਪਣਾ ਕੰਮ ਨਿਜੀ ਤੌਰ ਉਤੇ ਅਤੇ ਇਕ ਤਰ੍ਹਾਂ ਦੀ ਇਕਾਂਤ ਵਿਚ ਜਾਰੀ ਰਖਿਆ। ਉਹਨਾਂ ਕੋਈ ਧੜਾ ਜਾਂ ਪਾਰਟੀ ਨਹੀਂ ਖੜੀ ਕੀਤੀ ਕਿਉਂਕਿ ਉਹ ਕਲਾਕਾਰ ਸਨ।

ਛੇਤੀ ਹੀ ਪ੍ਰੀਤ ਨਗਰ ਲਾਹੌਰ ਅਤੇ ਅੰਮ੍ਰਿਤਸਰ ਵਿਚ ਰਹਿੰਦੇ ਲੇਖਕਾਂ ਲਈ ਯਾਤਰਾ ਦਾ ਅਸਥਾਨ ਬਣ ਗਿਆ। ਬਹੁਤ ਸਾਰੇ ਲੇਖਕ ਉਥੇ ਮਕਾਨ ਬਣਾ ਕੇ ਰਹਿਣ ਲਗ ਪਏ। ਅੰਮ੍ਰਿਤਾ ਪ੍ਰੀਤਮ, ਸਾਹਿਰ ਲੁਧਿਆਨਵੀ, ਦੇਵਿੰਦਰ ਸਤਿਆਰਥੀ ਆਦਿ ਲੇਖਕ ਲਾਹੌਰ ਤੋਂ

ਟੋਲੀਆਂ ਬਣਾ ਕੇ ਪ੍ਰੀਤ ਨਗਰ ਜਾਂਦੇ। ਹਿੰਦੀ ਪੰਜਾਬੀ ਵਿਚ ਕਈ ਨਾਵਲ ਇਸ ਥਾਂ ਬਾਰੇ ਲਿਖੇ ਗਏ ਹਨ।

ਸਰਦਾਰ ਗੁਰਬਖ਼ਸ਼ ਸਿੰਘ ਨੇ ਆਪ ਕਿਸੇ ਵੀ ਹੋਰ ਪੰਜਾਬੀ ਲੇਖਕ ਨਾਲੋਂ ਬਹੁਤਾ ਲਿਖਿਆ ਹੈ। ਕਿਸੇ ਵੀ ਲਾਇਬਰੇਰੀ ਵਿਚ ਸਭ ਤੋਂ ਵਧ ਕਿਤਾਬਾਂ ਉਹਨਾਂ ਦੀਆਂ ਹੋਣਗੀਆਂ। ਹਰ ਤਿੰਨ ਚਾਰ ਮਹੀਨੇ ਪਿਛੋਂ ਇਕ ਕਿਤਾਬ ਦੀ ਸਮਿਗਰੀ ਬਣ ਜਾਂਦੀ ਹੈ। ਨਵੇਂ ਲੇਖਕਾਂ ਨੂੰ ਸ਼ਿਕਾਇਤ ਹੈ ਕਿ ਆਪਣੇ ਪਰਚੇ ਦਾ ਬਹੁਤਾ ਭਾਗ ਸਰਦਾਰ ਗੁਰਬਖ਼ਸ਼ ਸਿੰਘ ਆਪ ਲਿਖ ਦੇਂਦੇ ਹਨ ਅਤੇ ਉਹਨਾਂ ਦੀਆਂ ਲਿਖਤਾਂ ਲਈ ਥਾਂ ਨਹੀਂ ਬਚਦੀ। ਇਹ ਸ਼ਿਕਾਇਤ ਅਸਲ ਵਿਚ ਉਹਨਾਂ ਨੂੰ, ਉਹਨਾਂ ਪ੍ਰੀਤ ਲੜੀ ਦਿਆਂ ਪਾਠਕਾਂ ਕੋਲ ਕਰਨੀ ਚਾਹੀਦੀ ਹੈ ਜਿਹੜੇ ਸਭ ਤੋਂ ਵਧ ਸਰਦਾਰ ਗੁਰਬਖ਼ਸ਼ ਸਿੰਘ ਨੂੰ ਹੀ ਪੜ੍ਹਨਾ ਲੋਚਦੇ ਹਨ, ਇਸੇ ਲਈ ਪ੍ਰੀਤ ਲੜੀ ਦੀ ਵਿਕਰੀ ਬਾਕੀ ਸਾਰੇ ਪੰਜਾਬੀ ਪਰਚਿਆਂ ਨਾਲੋਂ ਬਹੁਤੀ ਹੈ।

ਮੈਂ ਜਦੋਂ ਪ੍ਰੀਤ ਲੜੀ ਨੂੰ ਹੱਥ ਵਿਚ ਫੜਦਾ ਹਾਂ ਤਾਂ ਸਭ ਤੋਂ ਪਹਿਲਾਂ ਪਾਠਕਾਂ ਦੀਆਂ ਸਰਦਾਰ ਗੁਰਬਖ਼ਸ਼ ਸਿੰਘ ਵਲ ਲਿਖੀਆਂ ਚਿੱਠੀਆਂ ਅਤੇ ਉਹਨਾਂ ਦੇ ਜਵਾਬ ਪੜ੍ਹਦਾ ਹਾਂ। ਨੌਜਵਾਨ ਅਤੇ ਵਡੇਰੇ ਲੋਕ, ਇਸਤ੍ਰੀਆਂ ਅਤੇ ਮਰਦ ਸਾਰੇ ਆਪਣੀ ਦਿਲ ਦੀ ਡੂੰਘੀ ਤੋਂ ਡੂੰਘੀ ਗੱਲ ਅਤੇ ਗੂੜ੍ਹੇ ਤੋਂ ਗੂੜ੍ਹਾ ਭੇਦ ਉਹਨਾਂ ਨੂੰ ਲਿਖ ਕੇ ਭੇਜਦੇ ਹਨ। ਉਹਨਾਂ ਦੇ ਆਸਰੇ ਉਹ ਆਪਣੀ ਦੁਬਿਧਾ ਵਿਚੋਂ ਨਿਕਲਣਾ ਚਾਹੁੰਦੇ ਹਨ, ਆਪਣੀਆਂ ਪੀੜਾਂ ਮਠੀਆਂ ਕਰਨੀਆਂ ਚਾਹੁੰਦੇ ਹਨ ਅਤੇ ਜੀਵਨ ਦੀ ਔਝੜ ਵਿਚੋਂ ਰਾਹ ਲਭਦੇ ਹਨ। ਕੀ ਕਿਸੇ ਹੋਰ ਪੰਜਾਬੀ ਕੋਲ ਏਨੇ ਲੋਕ ਆਪਣੇ "ਸ਼ੰਕੇ" ਅਤੇ ਦੁਖ ਲੈ ਕੇ ਜਾਂਦੇ ਹਨ।

ਸਰਦਾਰ ਗੁਰਬਖ਼ਸ਼ ਸਿੰਘ ਇਸ ਸਵਾਲ ਦੇ ਪਾਸਿਓਂ ਦੀ ਹੋ ਕੇ ਨਹੀਂ ਲੰਘਦੇ। ਕੋਈ ਗੱਲ ਹਸ ਕੇ ਨਹੀਂ ਟਾਲਦੇ। ਹਰ ਇਕ ਸਵਾਲ ਨੂੰ ਬੜੀ ਗੰਭੀਰਤਾ ਨਾਲ ਲੈਂਦੇ ਹਨ। ਸਵਾਲ ਮੁੜ ਮੁੜ ਉਹੋ ਜਿਹੇ ਵੀ ਹੁੰਦੇ ਹਨ। (ਮਨੁੱਖ ਦੇ ਦੁਖ ਅਤੇ ਸ਼ੰਕੇ ਬਹੁਤੇ ਵੰਨ ਸੁਵੰਨੇ ਨਹੀਂ ਹੁੰਦੇ)। ਪਰ ਜਵਾਬ ਹਰ ਵਾਰ ਸਜਰੀ ਅਤੇ ਪਹਿਲੇ ਜਿੰਨੀ ਜ਼ੋਰਦਾਰ ਭਾਸ਼ਾ ਵਿਚ ਆਉਂਦਾ ਹੈ। ਉਹ ਕਦੀ ਇਹ ਨਹੀਂ ਕਹਿੰਦੇ ਕਿ ਇਸ ਸਵਾਲ ਦਾ ਜਵਾਬ ਮੈਂ ਪਹਿਲਾਂ ਦੇ ਬੈਠਾ ਹੋਇਆ ਹਾਂ। ਹਰ ਸਵਾਲ ਨੂੰ ਉਹ ਆਪਣੇ ਖ਼ਿਆਲਾਂ ਨੂੰ ਦੂਜਿਆਂ ਤੀਕ ਅਪੜਾਣ ਲਈ ਇਕ ਨਵਾਂ ਅਵਸਰ ਗਿਣਦੇ ਹਨ।

ਉਹ ਇਕ ਮੁਹਿੰਮ ਉਤੇ ਉਤਰੇ ਹੋਏ ਹਨ। ਉਹਨਾਂ ਦੇ ਆਪਣੇ ਜਾਂ ਕਿਸੇ ਹੋਰ ਦੇ ਅਨਜਾਣ ਜਾਂ ਹੁਸੜ ਜਾਣ ਦਾ ਕੋਈ ਸਵਾਲ ਨਹੀਂ ਹੈ। ਇਸ ਮੁਹਿੰਮ ਨੂੰ ਅਰੰਭ ਹੋਇਆਂ ੩੭ ਵਰ੍ਹੇ ਹੋ ਗਏ ਹਨ। ਹਰ ਸਵੇਰ ਇਹ ਨਵੇਂ ਜੋਸ਼ ਨਾਲ ਆਰੰਭ ਹੁੰਦੀ ਹੈ। ਜਿੰਨੀ ਵਡੀ ਇਹ ਮੁਹਿੰਮ ਹੈ, ਜਿੰਨਾ ਉਚਾ ਨਿਸ਼ਾਨਾ ਹੈ ਓਨਾ ਹੀ ਦ੍ਰਿੜ੍ਹ ਵਿਸ਼ਵਾਸ ਹੈ। "ਅਣ-ਵਿਆਹੀ ਮਾਂ" ਇਸ ਤਰ੍ਹਾਂ ਆਰੰਭ ਹੁੰਦੀ ਹੈ ਮੇਰੀ ਕੋਈ ਕਹਾਣੀ ਨੁਕਤਾਚੀਨੀ ਤੋਂ ਬਿਨਾਂ ਪੜ੍ਹ ਜਾਣ ਵਾਲੀ ਨਹੀਂ ਹੁੰਦੀ, ਕਿਉਂਕਿ ਅਜੇ ਤਕ ਕਦੀ ਵੀ ਆਪਣੇ ਜਾਂ ਦੂਜਿਆਂ ਦੇ ਦਿਲ ਪਰਚਾਵੇ ਲਈ ਕੁਝ ਨਹੀਂ ਲਿਖ ਸਕਿਆ। ਮੇਰੀ ਲੇਖਣੀ ਦਾ ਹਰ ਭਾਗ ਗ਼ਲਤ ਕੀਮਤਾਂ ਦੇ ਖਿਲਾਫ਼ ਪ੍ਰਗਟ ਜਾਂ ਅਪ੍ਰਗਟ ਗਿਲਾ ਹੈ। "ਅਨੋਖੇ ਤੇ ਇਕੱਲੇ" ਕਹਾਣੀ ਸੰਗ੍ਰਹਿ ਦੀ ਭੂਮਿਕਾ ਵਿਚ ਲਿਖਿਆ ਹੈ : ਜਿਹੜੀ ਕੌਮ ਆਪਣੇ ਪ੍ਰੀਤ ਪ੍ਰਵਾਹ ਦੇ ਕੁਦਰਤੀ ਵਹਿਣ ਨਾਲ ਆਪਣਾ ਇਖ਼ਲਾਕ ਇਕ ਸੁਰ ਕਰ ਸਕੇਗੀ ਉਹੀ ਦੁਨੀਆਂ ਦੀ ਸਭ ਤੋਂ ਖ਼ੁਸ਼ਹਾਲ ਕੌਮ ਹੋਵੇਗੀ।



# ਗੁਰਬਖ਼ਸ਼ ਸਿੰਘ

ਸੰਤ ਸਿੰਘ ਸੇਖੋਂ

ਆਧੁਨਿਕ ਪੰਜਾਬੀ ਸਾਹਿਤ ਵਿਚ ਗੁਰਬਖ਼ਸ਼ ਸਿੰਘ ਦੀ ਪਦਵੀ ਮਹਾਨ ਤੇ ਆਕਾਰ ਵਿਰਾਟ ਹੈ। ਜਦੋਂ ੧੯੩੩-੩੪ ਵਿਚ ਉਸ ਦਾ ਮਾਸਕ ਪਤ੍ਰ 'ਪ੍ਰੀਤ ਲੜੀ' ਸਰਹੱਦੀ ਸੂਬੇ ਦੇ ਇਕ ਕਸਬੇ ਨੁਸ਼ਹਿਰੇ ਵਿਚੋਂ ਪ੍ਰਕਾਸ਼ਤ ਹੋਣਾ ਅਰੰਭ ਹੋਇਆ ਤਾਂ ਬਹੁਤੇ ਲੋਕਾਂ ਨੂੰ ਇਉਂ ਹੀ ਪ੍ਰਤੀਤ ਹੁੰਦਾ ਸੀ ਕਿ ਆਪਣੇ ਤੋਂ ਪਹਿਲੇ ਗੁਰਦੁਆਰਿਆਂ ਦੀ ਸਹਾਇਤਾ ਨਾਲ ਚਲ ਰਹੇ ਹੋਰ ਕਈ ਮਾਸਕ ਪਤ੍ਰਾਂ ਵਾਕਰ ਇਸ ਦੀ ਉਮਰ ਵੀ ਅਲਪ ਹੀ ਰਹਿ ਜਾਵੇਗੀ। ਪਰ ਗੁਰਬਖ਼ਸ਼ ਸਿੰਘ ਇਕ ਇੰਜੀਨੀਅਰ ਸੀ ਜਿਸ ਨੇ ਸੜਕਾਂ, ਪੁਲ ਤੇ ਬੈਰਕਾਂ ਤੇ ਵਧੇਰੇ ਪਾਇਦਾਰ ਫ਼ੌਜੀ ਇਮਾਰਤਾਂ ਵੀ ਬਣਾਈਆਂ ਸਨ। ਪੰਜਾਬੀ ਪਤ੍ਰਕਾਰੀ ਤੇ ਸਾਹਿਤ ਰਚਨਾ ਵਿਚ ਵੀ ਉਸ ਨੇ ਆਪਣੀ ਇੰਜੀਨੀਅਰ ਦੀ ਕਲਾ ਦੀ ਵਿਉਂਤਕਾਰੀ ਤੋਂ ਕੰਮ ਲਿਆ।

ਜਦੋਂ ਗੁਰਬਖ਼ਸ਼ ਸਿੰਘ ਨੇ ਲਿਖਣਾ ਸ਼ੁਰੂ ਕੀਤਾ ਤਾਂ ਉਸ ਦੀ ਸੋਚਣੀ ਵਿਚ ਅਮਰੀਕਨ ਜੀਵਨ-ਸ਼ੈਲੀ ਵਲ ਇਕ ਡੂੰਘਾ ਸ਼ਰਧਾ ਭਾਵ ਠਾਠਾਂ ਮਾਰਦਾ ਸੀ। ਅਮਰੀਕਾ ਦੀ ਇਹ ਜੀਵਨ-ਸ਼ੈਲੀ ਨਿਰ-ਸੰਦੇਹ ਉਸ ਸਮੇਂ ਦੇ ਅਮਰੀਕਨ ਲੋਕ-ਤਾਂਤ੍ਰਿਕ ਉਦਾਰਵਾਦ ਦੀ ਉਪਜ ਸੀ ਜਦੋਂ ਅਮਰੀਕਾ ਦੀ ਸੱਤਾਧਾਰੀ ਸ਼੍ਰੇਣੀ ਦੇ ਭਾਵ-ਵਿਚਾਰ ਸਮਾਜਵਾਦ ਦੇ ਵਿਰੋਧ ਨਾਲ ਕਠੋਰ ਤੇ ਕੱਟੜ ਨਹੀਂ ਹੋਏ ਸਨ।

ਗੁਰਬਖ਼ਸ਼ ਸਿੰਘ ਦੀ ਲਿਖਤ ਦਾ ਪ੍ਰਭਾਵ ਪੰਜਾਬੀ ਪੜ੍ਹੇ ਲਿਖੇ ਲੋਕਾਂ ਉਤੇ ਛੇਤੀ ਹੀ ਪ੍ਰਗਟ ਹੋਣ ਲਗ ਪਿਆ। ਉਸ ਦੇ ਲੇਖਾਂ ਦਾ ਪਹਿਲਾ ਸੰਗ੍ਰਹਿ 'ਸਾਵੀਂ ਪਧਰੀ ਜ਼ਿੰਦਗੀ' ਉਸ ਪ੍ਰਭਾਵ ਦੇ ਸੁਭਾਵ ਦਾ ਸੂਚਕ ਸੀ। ਉਹਦੇ ਵਿਚਾਰ ਤੇ ਕਰਮ ਵਿਚ ਧਾਰਮਕ, ਸਮਾਜਕ ਤੇ ਘਰੋਗੀ ਸੰਬੰਧਾਂ ਵਿਚ ਇਕ ਸਹਿਜ ਭਾਵੀ ਉਦਾਰਤਾ ਤੇ ਖੁਲ੍ਹ-ਦਿਲੀ ਦਾ ਪ੍ਰਚਾਰ ਕਰਦਾ ਸੀ ਤੇ ਨਿਜੀ ਜੀਵਨ ਵਿਚ ਪੱਛਮ ਦੀ ਸੁਧਰੀ ਸੰਵਰੀ ਹੋਈ ਰਹਿਣੀ ਬਹਿਣੀ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੰਦਾ ਸੀ। ਇਸਤ੍ਰੀ ਤੇ ਪੁਰਸ਼ ਵਿਚ ਸਾਧਾਰਣ ਸਮਾਜਕ ਸੰਬੰਧਾਂ ਨੂੰ ਸੂਖਮ ਤੇ ਕੋਮਲ ਬਣਾਨ ਲਈ ਉਹ ਇਕ ਪ੍ਰਕਾਰ ਦੇ ਸਹਿਜਵਾਦੀ ਪਿਆਰ ਦਾ ਸੰਦੇਸ਼ ਦੇਂਦਾ ਸੀ ਜਿਸ ਦੀ ਭਾਰਤੀ ਸਮਾਜਕ ਜੀਵਨ ਵਿਚ ਬਹੁਤ ਘਾਟ ਸੀ। ਮਧ-ਵਰਗੀ ਲੋਕਾਂ ਨੂੰ ਇਹ ਦ੍ਰਿਸ਼ਟੀਕੋਨ ਬਹੁਤ ਪ੍ਰਭਾਵਤ ਕਰਦਾ ਸੀ। ਵਿਸ਼ੇਸ਼ ਕਰ ਕੇ ਇਸਤ੍ਰੀਆਂ ਅਤੇ ਆਰਥਕ ਤੇ ਸਮਾਜਕ ਜੀਵਨ ਦੀਆਂ ਤਣਾਹਟਾਂ ਤੋਂ ਥੱਕੇ ਹੋਏ ਪੁਰਸ਼ਾਂ ਨੂੰ ਗੁਰਬਖ਼ਸ਼ ਸਿੰਘ ਦੇ ਵਿਚਾਰਾਂ ਤੇ ਸ਼ਬਦਾਵਲੀ ਵਿਚੋਂ ਸੱਚਮੁਚ ਹੀ ਸਾਂਵੇ ਪਧਰੇ ਜੀਵਨ ਦੇ ਸੁਪਨੇ ਸਾਕਾਰ ਹੁੰਦੇ ਦਿਸਦੇ ਹਨ।

ਗੁਰਬਖ਼ਸ਼ ਸਿੰਘ ਨੇ ਨਿੱਕੀਆਂ ਕਹਾਣੀਆਂ ਤੇ ਨਾਟਕ ਵੀ ਲਿਖੇ। ਨਾਟਕਾਂ ਦਾ ਤਾਂ ਬਹੁਤਾ

ਕੁਝ ਨਹੀਂ ਬਣਿਆ, ਪਰ ਨਿੱਕੀਆਂ ਕਹਾਣੀਆਂ ਇਕ ਵਿਸ਼ੇਸ਼ ਪ੍ਰਕਾਰ ਦਾ ਕਲਾ-ਰੂਪ ਬਣ ਗਈਆਂ ਹਨ। ਇਹਨਾਂ ਨਾਟਕਾਂ ਤੇ ਕਹਾਣੀਆਂ ਵਿਚ ਉਸ ਨੇ ਆਪਣੇ ਅਖਾਣ, 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਅਨੁਸਾਰ ਇਸਤ੍ਰੀ-ਪੁਰਸ਼ਾਂ ਤੇ ਮੇਲ ਜੋਲ ਵਿਚ ਆਪਣੇ ਢੰਗ ਦੀ ਸਹਿਜ ਪ੍ਰੀਤ ਦਾ ਸੰਚਾਰ ਕਰਵਾਣਾ ਚਾਹਿਆ ਹੈ। ਭਾਰਤੀ ਤੇ ਪੰਜਾਬੀ ਸਮਾਜ ਵਿਚ ਪਤੀ-ਪਤਨੀ ਪ੍ਰੀਤ ਤੋਂ ਬਾਹਰ ਦੀ ਸੁੱਚੀ ਸਦ-ਭਾਵੀ ਪ੍ਰੀਤ ਲਈ ਵੀ ਥਾਓਂ ਘਟ ਹੀ ਦਿਤੀ ਜਾਂਦੀ ਰਹੀ ਹੈ। ਸਾਡੇ ਬੰਧਨਾਂ ਵਿਚ ਜਕੜੇ ਆਰਥਕ ਤੇ ਘਰੋਗੀ ਜੀਵਨ ਸੰਬੰਧਾਂ ਦੇ ਵਿਸ਼ਾਦ ਤੇ ਉਪ੍ਰਾਮਤਾ ਨੂੰ ਘਟਾਣਾ ਤੇ ਉਸ ਦੀ ਥਾਂ ਇਕ ਸਦ-ਭਾਵੀ ਮੈਤ੍ਰੀ-ਰਸ ਉਤਪੰਨ ਕਰਨਾ ਗੁਰਬਖ਼ਸ਼ ਸਿੰਘ ਦਾ ਯਤਨ ਰਿਹਾ ਹੈ ਜਿਸ ਦਾ ਉਸ ਦੇ ਪਾਠਕਾਂ ਦੇ ਤੇ ਸਮਾਜ ਦੇ ਕੁਝ ਭਾਗਾਂ ਵਲੋਂ ਵਿਰੋਧ ਵੀ ਹੁੰਦਾ ਰਿਹਾ।

ਸਾਡੇ ਘਰਾਂ ਵਿਚ ਦੇਵਰ-ਭਰਜਾਈ, ਜੀਜਾ-ਸਾਲੀ ਤੇ ਚਚੇਰਾਂ, ਮਮੇਰਾਂ ਤੇ ਮਸੇਰਾਂ ਵਿਚ ਮੇਲ ਜੋਲ ਸਦਾ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਰਿਹਾ ਹੈ ਤੇ ਕਈ ਵਾਰੀ ਸਾਡੇ ਸੰਕੀਰਣ ਸਮਾਜਕ ਵਾਤਾਵਰਣ ਵਿਚ ਇਹ ਸ਼ੱਕ ਪਹਿਲਾਂ ਲੁਕਵਾਂ ਛਿਪਵਾਂ ਤੇ ਫਿਰ ਵਧੇਰੇ ਖੁਲ੍ਹੇ ਵਿਗਾੜ ਦਾ ਕਾਰਨ ਬਣ ਜਾਂਦਾ ਰਿਹਾ ਹੈ। ਗੁਰਬਖ਼ਸ਼ ਸਿੰਘ ਨੇ ਇਸ ਮੇਲ ਜੋਲ ਨੂੰ ਸਹਿਜ-ਸੁਭਾਵੀ ਤੇ ਪ੍ਰੀਤ-ਮਈ ਬਣਾਨ ਦਾ ਉਪਦੇਸ਼ ਦਿਤਾ ਜੋ ਕਾਫ਼ੀ ਸਫ਼ਲ ਵੀ ਹੋਇਆ ਹੈ।

ਇਸੇ ਤਰ੍ਹਾਂ ਸਾਡੇ ਪੇਂਡੂ ਜੀਵਨ ਵਿਚ ਗ਼ਰੀਬ ਸ਼੍ਰੇਣੀਆਂ ਦੇ ਮੁੰਡੇ ਕੁੜੀਆਂ ਦਾ ਪਿਆਰ ਕਈ ਵਾਰੀ ਜ਼ਿਮੀਂਦਾਰਾ ਆਕ੍ਰਮਣ ਦਾ ਸ਼ਿਕਾਰ ਹੋ ਜਾਂਦਾ ਰਿਹਾ ਹੈ। ਇਸਤ੍ਰੀ ਵਿਚ ਏਸ ਪ੍ਰਭਾਵ ਅਧੀਨ ਉਤਪੰਨ ਹੋਏ ਜੋਬਨ-ਰਸ ਨੂੰ ਕਈ ਵਾਰੀ ਜ਼ਿਮੀਂਦਾਰ ਨਿਚੋੜ ਲੈਂਦਾ ਰਿਹਾ ਹੈ। ਗੁਰਬਖ਼ਸ਼ ਸਿੰਘ ਨੇ ਇਸ ਸਥਿਤੀ ਨੂੰ ਜ਼ਿਮੀਂਦਾਰ ਵਲੋਂ ਸਾਧਾਰਣ ਕਿਰਸਾਣ ਦੇ ਜੀਵਨ-ਸੁਖ ਨੂੰ ਲੁੱਟੇ ਜਾਣ ਦਾ ਪ੍ਰਤੀਨਿਧ ਰੂਪ ਬਣਾਇਆ ਹੈ। ਉਸ ਦੀਆਂ ਵਿਸ਼ਾਲਤਰ ਸਮਾਜਕ ਮੰਤਵ ਵਾਲੀਆਂ ਕਹਾਣੀਆਂ ਵਿਚ ਵੀ ਇਸੇ ਤਰ੍ਹਾਂ ਆਦਰਸ਼ਵਾਦੀ ਬਣ ਜਾਣ ਦੀ ਰੁਚੀ ਪ੍ਰਧਾਨ ਰਹੀ ਹੈ।

ਸੁਤੰਤਰਤਾ ਤੋਂ ਪਿਛੋਂ ਗੁਰਬਖ਼ਸ਼ ਸਿੰਘ ਸਮਾਜਵਾਦ ਵਲ, ਵਿਸ਼ੇਸ਼ ਕਰ ਕੇ ਸਾਮਵਾਦੀ ਪਾਰਟੀਆਂ ਤੇ ਦੇਸ਼ਾਂ ਵਲ ਵਧੇਰੇ ਖਿਚਿਆ ਗਿਆ ਹੈ ਤੇ ਉਸ ਨੇ ਸਾਮਵਾਦੀ ਸਮਾਜਵਾਦ ਦਾ ਖੁਲ੍ਹਾ ਪ੍ਰਚਾਰ ਵੀ ਕੀਤਾ ਹੈ ਭਾਵੇਂ ਇਸ ਵਿਚ ਵੀ ਉਹ ਆਪਣੇ ਰੋਮਾਂਚਕ ਆਦਰਸ਼ਵਾਦ ਨੂੰ ਛਡ ਨਹੀਂ ਸਕਿਆ।

ਗੁਰਬਖ਼ਸ਼ ਸਿੰਘ ਪੰਜਾਬੀ ਵਿਚ ਧਾਰਮਕ ਤੇ ਆਚਰਣਕ ਵਲਗਣਾਂ ਤੋਂ ਸੁਤੰਤਰ ਵਿਸ਼ਾਲ-ਭਾਵੀ ਗੱਦ ਦਾ ਰਚਣਹਾਰ ਸਿਧ ਹੋਇਆ ਹੈ। ਉਸ ਨੇ ਇਸ ਨੂੰ ਇਕ ਮਿੱਠ-ਬੋਲੜੀ ਸ਼ੈਲੀ ਪ੍ਰਦਾਨ ਕੀਤੀ ਹੈ ਜਿਸ ਵਿਚ ਅਲੰਕ੍ਰਿਤ ਉਕਤੀਆਂ ਤੇ ਨਵੇਂ ਸੱਮਾਸਾਂ ਦੀ ਭਰਮਾਰ ਹੈ ਜੋ ਕਈ ਵਾਰ ਵਿਆਕਰਣ ਦੇ ਸੰਜਮ ਨੂੰ ਵੀ ਉਲੰਘ ਜਾਂਦੇ ਹਨ।



# ਪੁਲਾੜੀ ਯੁੱਗ ਵਿਚ ਸੁਹਜ

ਨਰਿੰਦਰਪਾਲ ਸਿੰਘ

ਪਿਆਰੇ ਗੁਰਬਖ਼ਸ਼ ਸਿੰਘ ਜੀ,

ਤੁਹਾਡੀ ੭੫ਵੀਂ ਵਰ੍ਹੇ-ਗੰਢ ਉਤੇ ਤੁਹਾਨੂੰ ਵਧਾਈ। ਸਾਨੂੰ ਵੀ — ਸਾਹਿਤਕਾਰਾਂ ਨੂੰ — ਪੰਜਾਬ ਨੂੰ, ਭਾਰਤ ਨੂੰ, ਵਿਸ਼ਵ ਸਾਹਿਤਕਾਰਾਂ ਤੇ ਸਾਹਿਤ-ਰਸੀਆਂ ਨੂੰ। ਅਸੀਂ ਸਾਰੇ ਚਿੰਤਕ ਇਕ ਵਿਸ਼ੇਸ਼ ਤੇ ਅਸਾਧਾਰਨ ਪਰੀਸ਼ਦ ਦੇ ਸਦੱਸ ਹਾਂ, ਤੇ ਤੁਹਾਡੀ ਇਹ ਵਰ੍ਹੇ-ਗੰਢ ਅਸਾਂ ਸਭਨਾਂ ਵਾਸਤੇ ਇਕ ਖ਼ਾਸ ਭਾਵ ਅਰਥ ਰਖਦੀ ਹੈ।

ਵੈਸੇ ਉਹ ਕਹਿ ਰਹੇ ਹਨ ਕਿ ਅੱਜ ਤੁਸੀਂ ਆਪਣੇ ਪੰਝੱਤ੍ਰ ਵਰ੍ਹੇ ਪੂਰੇ ਕੀਤੇ ਹਨ। ਮੈਂ ਤਾਂ ਮੰਨਦਾ ਨਹੀਂ ਜੇ। ਤਿੰਨ ਕੁ ਮਹੀਨੇ ਪਹਿਲੇ, ਜਦੋਂ ਗੁਰੂ ਨਾਨਕ ਸੈਮੀਨਾਰ ਉਤੇ ਮੈਂ ਤੁਹਾਨੂੰ ਦਿੱਲੀ ਮਿਲਿਆ ਸਾਂ, ਤਾਂ ਤੁਸੀਂ ਮੈਨੂੰ ਏਨੇ ਕੁ ਹੀ ਵਡੇ ਲਗੇ ਸੀ। ਮੇਰੇ ਆਪਣੇ ਬਸ ਚੰਦ ਸਾਲ ਹੀ ਜਠੇਰੇ। ਏਸੇ ਲਈ ਹੀ ਮੈਂ ਤੁਹਾਨੂੰ ਪਿਆਰੇ 'ਦਾਰ ਜੀ' ਸੰਬੋਧਨ ਨਹੀਂ ਕੀਤਾ। ਤੁਸੀਂ ਤਾਂ ਮੇਰੇ ਵਡੇ ਭਰਾ ਨਾਲੋਂ ਵੀ ਨਿਕੇ ਹੋ। 'ਦਾਰ ਜੀ' ਕਹਿ ਕੇ ਤੁਹਾਨੂੰ ਪਸ਼ੇਮਾਨ ਕਰਾਂ, ਮੈਂ ਕੋਈ ਵੀਹ ਪੰਝੀ ਸਾਲਾਂ ਦਾ ਅੱਲ੍ਹੜ ਥੋੜਾ ਹਾਂ?

ਜਗਤ ਦੇ ਜਨ ਸਾਧਾਰਨ ਹੈਰਾਨ ਹੁੰਦੇ ਹਨ ਕਿ ਤੁਸੀਂ, ਮੈਂ ਤੇ ਸਾਡੇ ਪਰੀਸ਼ਦ ਦੇ ਹੋਰ ਸਦੱਸ ਇੰਜ ਉਮਰ ਨੂੰ ਕਿੰਜ ਧੱਕਾ ਦੇ ਕੇ ਹੱਸਦੇ ਮੁਸਕਰਾਂਦੇ ਰਹਿੰਦੇ ਹਨ! ਇਹ ਸਦਾ ਹੀ ਹੈਰਾਨ ਹੁੰਦੇ ਆਏ ਹਨ। ਤੇ ਜਵਾਬ ਰਿਹਾ ਹੈ ਕਿ ਜੀ ਦਿਲ ਜੁਆਨ ਰਖੋ, ਪਰਉਪਕਾਰੀ ਬਣੇ ਰਹੋ, ਲੋਕ ਸੇਵਾ ਕਰੋ, ਮਨ ਸਾਫ਼, ਵਿਚਾਰ ਸ਼ੁਧ, ਤੇ ਖ਼ੁਰਾਕ ਸੰਜਮੀ ਰਖੋ। ਇਹ ਬਕਵਾਸ ਹੈ। ਅਸਲ ਕਾਰਨ ਮੈਂ ਦਸਦਾ ਹਾਂ। ਸਾਡੇ ਪਰੀਸ਼ਦ-ਸਦੱਸ ਸਿਰਫ਼ ਇਸ ਧਰਤੀ ਉਤੇ ਨਹੀਂ ਜੀਊਂਦੇ, ਧਰਤੀ ਦੀ ਠੋਸਤਾ ਤੇ ਇਹਦੀ ਆਕਰਸ਼ਣਤਾ ਜਾਂ ਆਕਰਸ਼ਣ-ਸ਼ਕਤੀ ਬੜੀ ਸਥੂਲ ਹੈ। ਧਰਤੀ ਦਾ ਤੇ ਧਰਤੀ ਦਵਾਲੇ ਪਸਰਿਆ ਵਾਯੂ-ਮੰਡਲ, ਕਹਿੰਦੇ ਹਨ, ਇਕ ਸੁਕੇਅਰ (ਵਰਗਾਕਾਰ) ਇੰਚ ਨੂੰ ਪੰਦਰਾਂ ਪਾਊਂਡ ਦੇ ਭਾਰ ਨਾਲ ਦਬਾਈ ਰਖਦਾ ਹੈ। ਭਾਵ ਕਿ ਇਕ ਮਨੁੱਖ ਦਾ ਸ਼ਰੀਰਕ ਤਲ ਪੰਦਰਾਂ ਟਨ ਭਾਰ ਨਾਲ ਨੱਪਿਆ ਪਿਆ ਹੈ। ਜੇ ਇਸ ਭਾਰ ਨੂੰ ਚੀਰ ਕੇ ਅਸੀਂ ਪੁਲਾੜ ਵਿਚ ਪੁਲਾਂਘ ਪੁੱਟ ਸਕੀਏ, ਤਾਂ ਭਾਰ, ਵਰ੍ਹੇ ਤੇ ਸਮੇਂ ਦਾ ਬੰਧਨ ਬੜੀ ਹੱਦ ਤਕ ਟੁੱਟ ਜਾਂਦਾ ਹੈ, (ਜਿਵੇਂ ਜ਼ਮੀਨ ਉਤੇ ਇਕ ਸੌ ਅੱਸੀ ਪਾਊਂਡ ਭਾਰਾ ਮਨੁੱਖ ਚੰਨ ਉਤੇ ਸਿਰਫ਼ ਤੀਹ ਪਾਊਂਡ ਭਾਰਾ ਹੋਵੇਗਾ)।

ਹਾਂ, ਇਹੋ ਗੱਲ ਹੈ, ਤੁਸੀਂ ਅਸੀਂ ਨਿਗੂਣੀਆਂ ਪਾਬੰਦੀਆਂ, ਭਾਰਾਂ, ਅਵਧੀਆਂ ਤੇ ਸੀਮਾ-ਰੇਖਾਵਾਂ ਤੋਂ ਮੁਕਤ ਹਾਂ। ਮਾਨੋਂ ਤੁਸੀਂ ਅਮਰ ਹੋ, ਮੈਂ ਤੁਹਾਨੂੰ ਸਹਿਜੇ ਹੀ ਪੰਜਾਹ ਸਾਲ —

ਮੇਰੇ ਪੁਲਾੜੀ ਪੰਜਾਹ ਸਾਲ ਹੋਰ ਹੂ-ਬ-ਹੂ ਇੰਨ ਬਿੰਨ ਵੇਖ ਸਕਣ ਦੀ ਆਸ਼ਾ ਕਰ ਸਕਦਾ ਹਾਂ ।

ਮੈਂ ਤੁਹਾਨੂੰ ੧੯੪੦ ਕਿ ੧੯੪੧ ਵਿਚ ਪਹਿਲੀ ਵਾਰ ਪ੍ਰੀਤ ਨਗਰ ਵੇਖਿਆ ਸੀ । ਤੁਸੀਂ ਉਦੋਂ ਭਾਵੇਂ ਪੰਜਾਹਾਂ ਤੋਂ ਕਿਤੇ ਘਟ ਸੀ, ਪਰ ਮੈਨੂੰ ਉਦੋਂ ਵੀ ਬਸ ਤੁਸੀਂ ਅੱਜ ਵਾਂਗ ਹੀ ਲਗੇ ਸਓ । ਦਾੜ੍ਹੀ ਤੁਹਾਡੀ ਉਦੋਂ ਵੀ ਚਿੱਟੀ ਸੀ (ਹੈ ਕਿ ਨਹੀਂ ?) ਦਸਤਾਰ ਤੁਹਾਡੀ ਅੱਜ ਵਾਂਗ ਉਦੋਂ ਵੀ ਘੱਟਵੀਂ ਤੇ ਦਰਸ਼ਨੀ ਸੀ। ਇਹੋ ਜਿਹਾ ਹੀ ਨੂਰ ਛਿੜਕਿਆ ਹੋਇਆ ਸੀ ਤੁਹਾਡੇ ਮੁਖੜੇ ਉਤੇ, ਇਹੀ ਤਾਂ ਅਮਰਤ੍ਵ, ਅਪਰਿਵਰਤਨਤਾ ਤੇ ਅਵਿਨਾਸ਼ਤਾ ਹੈ, ਜਿਦ੍ਹਾ ਜ਼ਿਕਰ ਮੈਂ ਉਤੇ ਕੀਤਾ ਹੈ ।

ਤੇ ਇਹ ਕੋਈ ਕਾਵਿਯ-ਮਈ ਭੁਲੇਖਾ ਨਹੀਂ, ਨਾ ਹੀ ਤੁਹਾਡੀ ਅਢੁਕਵੀਂ ਚਾਪਲੂਸੀ ! ਇਹ ਵਾਸਤਵਿਕਤਾ ਹੈ । ਹੋਰ ਤੇ ਹੋਰ ੧੯੪੦-੪੧ ਵਿਚ ਮੈਂ ਪ੍ਰੀਤ ਲੜੀਆ ਸਾਂ । ਹੁਣ ਉਹ ਵੀ ਨਹੀਂ । ਕਿੰਨੇ ਵਰ੍ਹਿਆਂ ਦਾ ਨਹੀਂ । ਜ਼ਿੰਦਗੀ ਕਈ ਉਛਾੜ, ਵਾਦ, ਵਿਵਾਦ, ਢੱਕਣ, ਕੱਜਣ, ਸਰਪੋਸ਼, ਗ਼ਿਲਾਫ਼, ਪੜਦੇ ਲਾਹ ਆਈ ਹੈ ।

ਨੌਵੀਂ ਜਮਾਤ ਵਿਚ ਸਾਂ, ਜਦੋਂ ਮੈਂ ਪ੍ਰੀਤ ਲੜੀਆ ਬਣਿਆਂ । ਆਪਣੀ ਮਾਂ-ਬੁੱਢੀ ਮਾਂ, ਸਾਡੇ ਪਰੀਸ਼ਦ ਦੀ ਸਦੱਸ ਨਹੀਂ ਸੀ ਉਹ ਵਿਚਾਰੀ — ਨਾਲ ਹੁੰਦੀਆਂ ਤਕਰਾਰਾਂ ਮੈਨੂੰ ਅੱਜ ਤਕ ਯਾਦ ਹਨ । ਉਹਨਾਂ ਕੁਝ ਪਤਵੰਤਿਆਂ — ਗੁਰਦਵਾਰਾ ਕਮੇਟੀ ਦੇ ਪ੍ਰਧਾਨ, ਸਕੱਤਰ, ਮੇਰੇ ਭਣਵੱਈਏ ਆਦਿ — ਅੱਗੇ ਵੀ ਸ਼ਿਕਾਇਤ ਕੀਤੀ । ਨਿਤ ਨਿਤ ਦੋ ਦੋ ਵਾਰ ਮੱਥਾ ਟੇਕਣ ਵਾਲਾ, ਪੰਜ ਬਾਣੀਆਂ ਕੰਠ ਕਰਨ ਵਾਲਾ, ਉੱਤਮਤਾ ਦਾ ਸ਼ਰਧਾਲੂ, ਹੋਣਹਾਰ ਬਿਰਵਾ, ਬਾਬੇ ਦੀ ਮਿਹਰ ਦਾ ਖ਼ਾਸ ਚਹੇਤਾ ਕਿੰਜ ਪ੍ਰੀਤ ਲੜੀਆ ਬਣ ਗਿਆ ? ਮੈਂ ਕੋਈ ਤਿੰਨ ਚਾਰ ਸਾਲ ਪ੍ਰੀਤ ਲੜੀਆ ਰਿਹਾ, ਪਰ ਇਹ ਸਾਰੀ ਮੇਰੀ ਕਹਾਣੀ ਹੈ ।

ਤੁਹਾਡੀ ਕਹਾਣੀ ਹੈ ਕਿ ਤੁਸੀਂ ਕਈ ਪ੍ਰੀਤ ਲੜੀਏ ਘੜੇ । ਤੁਹਾਡੀ ਕਹਾਣੀ ਹੈ ਕਿ ਤੁਸੀਂ ਇਕ ਤਰ੍ਹਾਂ ਦੀ ਸੰਪਰਦਾਇ ਹੋਂਦ ਵਿਚ ਲਿਆਂਦੀ । ਤੁਸੀਂ ਇਕ ਮਾਰਗ ਪ੍ਰਜ੍ਵਲਤ ਕੀਤਾ । ਤੁਹਾਡੀ ਕਰਨੀ ਹੈ, ਗੁਰੂ ਜੀ (ਮੇਰੇ ਧਾਰਮਕ ਸਿੱਖ ਭਰਾਵੋ, ਇਸ ਸ਼ਬਦ ਦੀ ਵਰਤੋਂ ਨਾਲ ਮੇਰੇ ਆਪਣੇ ਗੁਰੂਆਂ ਵਲ ਕੋਈ ਸੈਣਤ ਨਹੀਂ । ਇਹ ਸ਼ਬਦ ਅਸਲੋਂ ਭਾਸ਼ਾ ਵਿਗਿਆਨਕ ਪ੍ਰਕਰਣ ਵਿਚ ਵਰਤਿਆ ਗਿਆ ਹੈ) ਇਕ ਮਤਿ ਤੋਰਿਆ ।

ਇਸ ਸੰਪਰਦਾਇ ਤੇ ਇਸ ਮੱਤ ਦੇ ਕੀ ਲੱਛਣ ਸਨ, ਕੀ ਗੁਣ ਤੇ ਕਿਹੜੀਆਂ ਵਿਸ਼ੇਸ਼ਤਾਵਾਂ ? ਪ੍ਰਥਮ ਲੱਛਣ, ਕਿ ਇਹ ਪਾਰਥਿਵ ਤੇ ਸੰਸਾਰਕ ਵਸਤੂ ਸੀ, ਦੂਜਾ ਗੁਣ ਕਿ ਇਹਦੀ ਨੀਂਹ ਸੱਭਿਆਚਾਰ, ਸ਼ਿਸ਼ਟ-ਰੀਤੀ, ਤੇ ਅਦਬੋ-ਅਦਾਬ ਸੀ । ਹਾਂ ਜੀ, ਇਹ ਪੁਰ-ਤਕੱਲਫ਼, ਬਾ-ਅਦਬ ਹੋਣ ਦਾ ਮੱਤ ਸੀ, ਤੇ ਤੀਜੀ ਵਿਸ਼ੇਸ਼ਤਾਈ ਕਿ ਇਹਦੇ ਵਿਚ ਸਥੂਲ ਵਿਗਿਆਨਕ ਅੰਸ਼ ਸੀ । ਅਸਲੋਂ ਵਿਗਿਆਨਕ ਸਾਧਾਰਨ ਤਬਕੇ ਲਈ ਬਹੁਤ ਗੂੜ੍ਹ ਹੋਣਾ ਸੀ ਤੇ ਅਸਲੋਂ ਗਿਆਨਵਾਨ, ਢੇਰ ਸੁਘੜ । ਬਸ, ਇਕ ਅਜਿਹੀ ਕੱਚ-ਪੱਕੀ ਦੀ ਬੌਧਕ ਭੁੱਖ ਸੀ ਪੰਜਾਬੀ ਪੜ੍ਹੇ ਲਿਖੇ ਹੋਇਆਂ ਨੂੰ । ਇਹ ਸਨ ਤੁਹਾਡੀ ਸੰਪਰਦਾਇ ਦੀਆਂ ਖ਼ਾਸੀਅੱਤਾਂ ।

ਵਲਾਇਤ (ਭਾਵ ਇੰਗਲੈਂਡ), ਯੋਰਪ ਤੇ ਅਮਰੀਕਾ ਤਾਂ ਓਦੋਂ ਤਕ ਕਈ ਹੋਰ ਵੀ ਹੋ ਆਏ ਸਨ, ਪੜ੍ਹੇ ਲਿਖੇ, ਗੂੜ੍ਹ ਗਿਆਨੀ ਤੇ ਵਿਗਿਆਨਕ ਵੀ ਹੋਰ ਕਈ ਸਨ । ਪੱਛਮੀ ਸਭਿਅਕ ਤੌਰ ਤਰੀਕੇ ਵੀ ਕਈ ਪਛਾਣਦੇ ਸਨ । ਜਵਾਹਰ ਲਾਲ ਜੀ ਦੀ ਅਗਵਾਈ ਥੱਲੇ ਆਜ਼ਾਦੀ



ਲਈ ਘੋਲ ਵੀ ਬੌਧਕ, ਸਭਿਆਚਾਰਕ ਤੇ ਗਣ-ਰਾਜੀ ਪੁਰ-ਤਕੱਲੁਫ਼ੀ ਅਪਣਾ ਰਿਹਾ ਸੀ ਤੇ ਆਪਣੇ ਲਖ਼ਸ਼ ਤੋਂ ਐਨੀਂ ਦੂਰ ਨਹੀਂ ਸੀ, ਪਰ ਕਿਸੇ ਕੋਲ, ਘਟੋ ਘਟ ਪੰਜਾਬ ਵਿਚ, ਇਹੋ ਜਿਹੀ ਸੋਝੀ ਤੇ ਬੋਧ ਨਹੀਂ ਸੀ ਕਿ ਉਹ ਲਿਖਤੀ ਸ਼ਬਦ ਦੇ ਜਾਦੂ ਰਾਹੀਂ ਪ੍ਰੀਤ ਲੜੀਆਂ ਦੀਆਂ ਲੜੀਆਂ ਹੀ ਲੜੀਆਂ ਝਿਲਮਿਲਾ ਸਕੇ ।

ਸੋ ਤੁਸੀਂ ਝਿਲਮਿਲਾਈਆਂ ਪ੍ਰੀਤ ਲੜੀਆਂ ਦੀਆਂ ਲੜੀਆਂ ਤੇ ਦੂਜਾ ਸ਼ਬਦਾਂ ਤੇ ਸ਼ੈਲੀ ਦੀਆਂ ਲੜੀਆਂ । ਪਰ ਤੁਹਾਡੀ ਵਡੀ ਦੇਣ ਇਕ ਖ਼ਾਸ ਸਮੇਂ ਵਿਚ ਇਕ ਖ਼ਾਸ ਖ਼ੱਤਾ ਪੂਰਨਾ ਸੀ । ਇਸ ਦੇਣ ਵਿਚ ਹੀ ਤੁਹਾਡੀ ਸਰੇਸ਼ਟਤਾ ਹੈ । ਇਕ ਅਜਿਹੀ ਉੱਮਤ ਨੂੰ ਜਨਮ ਦੇਣਾ ਜਿਹੜੀ ਪ੍ਰਕਾਸ਼ਵਾਨ ਤੇ ਰੌਸ਼ਨ ਦਿਮਾਗ਼ ਸੀ, ਜਿਹੜੀ ਉੱਜਲੀ ਤੇ ਸੁਗਮ ਸੀ । ਇਹੀ ਇਸ ਦੇਣ ਦਾ ਇਤਿਹਾਸਕ ਪੱਖ ਹੈ, ਤੇ ਮੇਰੀ ਆਦਤ ਜਾਂ ਰਉਂ ਹੈ ਕਿਸੇ ਦੀ ਦੇਣ ਨੂੰ ਸਦਾ ਇਤਿਹਾਸਕ ਪੱਖੋਂ ਅਵੱਸ਼ ਪਰਖਣਾ, ਨਹੀਂ ਤਾਂ ਇਹ ਨਿਤਾ ਪ੍ਰਤੀ ਦੇ ਖਾਣ, ਪੀਣ, ਟੱਟੀ ਕਰਨ ਵਾਲੀ ਗੱਲ ਹੋਈ।

ਵੈਸੇ ਅਸਾਂ ਭਾਰਤੀਆਂ ਨੂੰ ਆਦਤ ਹੈ ਇਤਿਹਾਸਕ ਤੇ ਰੌਸ਼ਨਾਏ ਪੱਖਾਂ ਵਲੋਂ ਅੱਖਾਂ ਨੂੰ ਮੂੰਦਨਾ, ਲਓ ਗੁਰੂ ਨਾਨਕ ਸੈਮੀਨਾਰ ਦੀ ਹੀ ਮਿਸਾਲ, ਜਦੋਂ ਮੈਂ ਤੁਹਾਨੂੰ ਦਿੱਲੀ ਮਿਲਿਆ ਸਾਂ, ਹੋਰ ਵੀ ਲਓ ਗੁਰੂ ਨਾਨਕ ਦੀ ਇਸ ਪੰਜਵੀਂ ਸ਼ਤਾਬਦੀ ਸੰਬੰਧੀ ਹੋਏ ਸਮਾਰੋਹਾਂ, ਲਿਖਤਾਂ ਤੇ ਭਾਸ਼ਨਾਂ ਦੀ ਮਿਸਾਲ । ਦਸੋ ਜੀ, ਕਿਨ੍ਹਾਂ ਉਹਨਾਂ ਦੀ ਦੇਣ ਦਾ ਰਾਜਸੀ ਤੇ ਆਰਥਕ ਪੱਖ ਉਘਾੜਿਆ ? ਮੈਂ । ਨਹੀਂ ਤਾਂ ਬਸ ਉਹਨਾਂ ਦੀ ਕਵਿਤਾ, ਦੇਵ ਬਾਣੀ, ਭਗਤ ਬਾਣੀ, ਹਿੰਦੂ ਮੁਸਲਮ ਏਕਤਾ, ਆਚਰਣ ਦੀ ਦ੍ਰਿੜ੍ਹਤਾ, ਭਾਵਾਂ ਦੀ ਉੱਚਮਤਾ, ਰਾਵਾਂ ਰਖਣ ਦੀ ਦਲੇਰੀ ਤੇ ਅਜੋਕੇ ਸਮੇਂ ਵਿਚ ਉਹਨਾਂ ਦੀ ਅਖੌਤੀ ਲੋੜ ਹੀ ਦਰਸਾਈ ਗਈ ਹਰ ਥਾਂ । ਜਿਵੇਂ ਜੇ ਅੱਜ ਤੋਂ ਪੰਜ ਸੌ ਸਾਲ ਪਿਛੇ ਮਹਾਤਮਾ ਗਾਂਧੀ ਦੀ ਸ਼ਤਾਬਦੀ ਮਨਾਉਂਦਿਆਂ ਅਸੀਂ ਉਹਦੀ ਸਿਰਫ਼ ਹਿੰਦੂ ਮੁਸਲਮ ਏਕਤਾ, ਉਹਦੀ ਅਹਿੰਸਾ, ਉਹਦੀ ਗੀਤਾ ਦਾ ਟੀਕਾ ਤੇ ਬਸ ਉਹਦੀ ਦੇਣ ਬ੍ਰਿਤੀ ਦੇ ਗੀਤ ਗਾਈਏ ਤੇ ਰਾਜਨੀਤਕ ਪਿੜ ਵਿਚ ਉਹਦੀ ਵਡਿਆਈ ਨੂੰ ਬਿਲਕੁਲ ਅੱਖੋਂ ਉਹਲੇ ਕਰ ਦਈਏ ।

ਤੁਹਾਡੇ ਨਾਲ ਵੀ ਤੁਹਾਡੇ ਪ੍ਰਸੰਸਕ ਸ਼ਾਇਦ ਇੰਜੇ ਹੀ ਕਰਨ । ਪ੍ਰਸੰਸਕਾਂ ਦਾ ਕਸੂਰ ਕੋਈ ਨਹੀਂ । ਸਾਡੇ ਨਜ਼ਰੀਏ ਹੀ ਅਜਿਹੀ ਬੁਰੀ ਤਰ੍ਹਾਂ ਸੀਮਤ ਹਨ । ਖ਼ੂਹ ਹੀ ਸਮੁੰਦਰ ਹੈ ।

ਅੱਜ ਦੇ ਉੱਨਤ ਪੰਜਾਬ ਵਿਚੋਂ, ਇਹਦੇ ਲਹਿਲਹਾਂਦੇ ਖੇਤਾਂ ਵਿਚੋਂ, ਇਹਦੇ ਸਾਰੇ ਭਾਰਤ ਨੂੰ ਖੁਆਂਦੇ ਅੰਨ ਦੇ ਗੋਦਾਮਾਂ ਵਿਚੋਂ, ਇਹਦੇ ਉੱਚ ਤੇ ਵਿਸ਼ਵ-ਪ੍ਰਸਿਧ ਖਿਡਕਾਰਾਂ ਵਿਚੋਂ, ਇਹਦੇ ਖੁੱਲ੍ਹੇ ਡੁੱਲ੍ਹੇ ਫ਼ੌਜੀ ਜਵਾਨਾਂ ਤੇ ਅਫ਼ਸਰਾਂ ਵਿਚੋਂ, ਇਹਦੇ ਖਾਂਦੇ, ਪੀਂਦੇ ਤੇ ਭਰਪੂਰ ਜੀਵਨ ਜੀਂਦੇ ਸੁੰਦਰ ਮਰਦਾਂ ਤੇ ਤੀਵੀਆਂ ਵਿਚੋਂ, ਮੈਨੂੰ ਤੁਹਡਾ ਚਿਹਰਾ ਤੇ ਤੁਹਾਡੀ ਸ਼ਖ਼ਸੀਅਤ ਝਿਲਮਿਲਾਂਦੀ ਦਿਸਦੀ ਹੈ । ਤੁਸਾਂ ਲਗ ਭਗ ਵੀਹ ਪੰਝੀ ਸਾਲ ਇਕ ਅਜਿਹੇ ਭਰਪੂਰ ਆਚਰਨ ਦੀ ਨੁਹਾਰ ਨੂੰ ਸਿੰਚਿਆ ਹੈ । ਇਹ ਉੱਮਤ ਤੁਹਾਡੀ ਸੁਨਹਿਰੀ ਸ਼ਖ਼ਸੀਅਤ ਦੀ ਵਰਖਾ ਹੈ, ਇਹ ਤੁਹਾਡੀ ਲਿਖਤਾਂ ਦੀ ਖਾਦ ਦਾ ਕ੍ਰਿਸ਼ਮਾ ।

ਤੇ ਲਓ ਹੁਣ ਤੁਹਾਡੀਆਂ ਸਾਹਿਤਕ ਲੜੀਆਂ ਬਾਰੇ......ਪਰ ਨਹੀਂ ਮੈਂ ਕਦੀ ਰਸਮੀ ਸ਼ਰਧਾਂਜਲੀਆਂ ਨਹੀਂ ਦਿਤੀਆਂ, ਕਦੀ ਰਸਮੀ ਤੇ ਹੁਕਮੀ ਕਰ ਨਹੀਂ ਤਾਰੇ । ਇਕ ਚੇਤੰਨ

ਵਿਲੱਖਣਤਾ ਦਾ ਸਹਾਰਾ ਹੈ; ਸਦਾ ਰਿਹਾ ਹੈ; ਇਹ ਇਕ ਭਾਂਤ ਦੀ ਪ੍ਰਵਿਰਤੀ ਪ੍ਰਸ਼ੰਸਾ ਸਮਝੋ ਜਾਂ ਵਾਸਤਵਿਕ ਪ੍ਰਤਿਕੂਲਤਾ ਭਰੀ ਸ਼ਰਧਾਂਜਲੀ ।

ਤੁਹਾਡੀ ਲਿਖਤ ਵਿਚ ਇਕ ਜਾਦੂ ਸੀ, ਇਕ ਜਾਦੂ ਹੈ । ਤੁਹਾਡੇ ਵਾਕਾਂ ਦੀ ਬਣਤਰ ਵਿਚ ਇਕ ਅਨੂਠਾ ਪੈਟਰਨ ਹੈ । ਤੁਹਾਡੇ ਸ਼ਬਦਾਂ ਦੇ ਚੁਣਾਓ ਵਿਚ ਇਕ ਗੁਪਤ ਆਕਰਸ਼ਣਤਾ ਹੈ । ਤੁਸੀਂ ਆਲੀ ਭੋਲੀ ਗੱਲ ਨੂੰ ਗੂੜ੍ਹ ਬਣਾ ਸਕਦੇ ਹੋ ਤੇ ਰਮਜ਼ਾਂ ਭਰੇ ਵਿਚਾਰਾਂ ਦੀ ਅਤਿ ਸਾਦਗੀ ਨਾਲ ਤਰਜਮਾਨੀ ਕਰ ਸਕਦੇ ਹੋ ।

ਤੁਸੀਂ ਬੜਾ ਕੁਝ ਕੀਤਾ ਹੈ, ਕਰ ਰਹੇ ਹੋ, ਪਰ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ ਕਿ ਅਜੇ ਤੁਸੀਂ ਬੜਾ ਕੁਝ ਕਰਨਾ ਵੀ ਹੈ ਤੁਸੀਂ ਇਕ ਸਮੁਚੀ ਪੀੜ੍ਹੀ ਨੂੰ ਉਤਸਾਹਿਤ ਕੀਤਾ ਹੈ, ਪਰ ਅਜ ਮੈਂ ਤੁਹਾਡੇ ਵਾਸਤੇ ਪਰੇਰਨਾ ਦਾ ਇਕ ਸੋਮਾਂ ਬਣਨਾ ਚਾਹੁੰਦਾ ਹਾਂ । ਗੁਰੂ ਜਿਨ੍ਹਾਂ ਦੇ ਉੱਡਣੇ, ਚੇਲੇ ਜਾਣ ਛੜੱਪ — ਜਾਂ ਕੀ ਕਹਿੰਦੇ ਹਨ ?

ਗੱਲ ਇਹ ਹੈ ਕਿ ਤੁਹਾਡੀ ਸੰਪਰਦਾਇ ਤੇ ਤੁਹਾਡੀ ਪ੍ਰੀਤ ਲੜੀ ਵਾਂਗ ਤੁਹਾਡੀ ਲੇਖਣੀ ਨੇ ਵੀ ਇਕ ਖ਼ਾਸ ਸਮੇਂ ਦੀ ਇਕ ਖ਼ਾਸ ਦੌੜ ਦਾ ਦਮ ਭਰਿਆ ਹੈ । ਇਸ ਬੋਲੀ ਨੂੰ ਇਕ ਸੁਹਜ-ਮਈ ਆਧੁਨਿਕਤਾ ਦੀ ਲੋੜ ਸੀ । ਇਸ ਬੋਲੀ ਨੂੰ ਇਕ ਪੁਰ-ਇਖ਼ਲਾਕ, ਪਰ ਨਿਤਾਪ੍ਰਤੀ ਦੀ ਵਰਤੋਂ ਵਿਚ ਲਿਆਏ ਜਾ ਸਕਣ ਵਾਲੇ ਸ਼ਬਦ ਭੰਡਾਰ ਦੀ ਲੋੜ ਸੀ । ਠੇਠ ਜਾਂ ਮਧ ਪੰਜਾਬੀ ਨੂੰ ਤੁਸਾਂ ਰਸਿਕ ਸੁਰੀਲਾ ਤੇ ਮਿੱਠਾ ਬਣਾਇਆ । (ਜਿਹੜੀ ਰਹਿੰਦੀ ਕਸਰ ਸੀ ਉਹ ਦੇਸ਼ ਦੇ ਬਟਵਾਰੇ ਤੇ ਉਸ ਤੱਥ ਤੋਂ ਉਪਜੇ ਪ੍ਰਤਿਕਰਮਾਂ ਨੇ ਪੂਰੀ ਕਰ ਦਿਤੀ । ਹੁਣ ਪੰਜਾਬੀ ਸਰਕਾਰੀ ਭਾਸ਼ਾ ਹੈ) । ਏਸੇ ਲਈ ਸ਼ਾਇਦ ਤੁਹਾਡੀਆਂ ਸਾਹਿਤਕ ਰਚਨਾਵਾਂ ਤੇ ਦੂਜੀ ਲੇਖਣੀ ਦੀ ਬਣਤਰ ਤੇ ਪਿਛੋਕੜ ਵਿਚ ਇਕ ਅੰਤਰ ਹੈ, ਮੈਂ ਹੈਰਾਨ ਹਾਂ, ਕਿ ਕਿਵੇਂ ਤੁਹਾਡੇ ਜਿਹਾ ਯਥਾਰਥਵਾਦੀ ਤੇ ਸਾਮਵਾਦੀ ਵਿਚਾਰਾਂ ਵਾਲਾ ਮਨੁੱਖ ਕਹਾਣੀਆਂ ਤੇ ਡਰਾਮੇ ਲਿਖਦਿਆਂ ਸੁਹਜਵਾਦੀ ਤੇ ਰਸਵਾਦੀ ਹੋ ਜਾਂਦਾ ਹੈ, ਤੁਹਾਡੀ ਹਰ ਸਾਹਿਤਕ ਲੇਖਣੀ ਵਿਚੋਂ ਆਦਰਸ਼ਵਾਦੀ, ਜਾਂ ਇਥੋਂ ਤਕ, ਕਿ ਪਰਉਪਕਾਰਵਾਦੀ ਝਲਕਾਰੇ ਪੈਂਦੇ ਹਨ । ਕਾਰਨ ਮੈਂ ਜਾਣਦਾ ਹਾਂ । ਕਈ ਹਨ । ਇਕ ਕਿ ਤੁਸੀਂ ਕਲਾਵਾਦੀ ਨਹੀਂ, ਭਾਵ ਕਿ ਕਲਾ ਕਲਾ ਵਾਸਤੇ ਵਿਚਾਰ ਦੇ ਧਾਰਨੀ ਨਹੀਂ । ਇਕ ਕਿ ਤੁਸੀਂ ਮੰਤਵ-ਮੰਦ ਲੇਖਕ ਤੇ ਇਨਸਾਨ ਹੋ । ਇਕ ਕਿ ਤੁਹਾਨੂੰ ਮਨੁੱਖ ਦੀ ਹੋਣੀ ਉਤੇ ਵਿਸ਼ਵਾਸ ਹੈ, ਇਕ ਕਿ ਤੁਸੀਂ ਕੋਮਲਤਾ ਤੇ ਸੁੰਦਰਤਾ ਦੇ ਆਸ਼ਕ ਹੋ । ਇਤਿਆਦਿ ।

ਪਰ ਹੁਣ ਮਸਲਾ ਇਹ ਹੈ ਕਿ ਸਾਡੇ ਸਾਹਿਤ ਦਾ ਧੁਰਾ ਅਜੇ ਤਕ ਵੀ ਸੁਹਜਵਾਦ ਹੈ । ਯੁਕਤੀ, ਸੰਕਲਪ ਤੇ ਆਸ਼ੇ ਭਾਵੇਂ ਕੀ ਹੋਣ, ਕਿਸੇ ਵੀ ਅਗਾਂਹ ਵਧੂ ਜਾਂ ਸਾਮਵਾਦੀ ਲੇਖਕ ਨੂੰ ਹੀ ਲੈ ਲਓ, ਪਰ ਨਿਭਾ ਵਿਚ ਸਰੋਦੀ ਟੁਣਕਾਰ ਹੈ, ਰੁਮਾਂਸਵਾਦ ਹੈ, ਬੇਲੋੜੀ ਰਸਿਕਤਾ ਹੈ । ਗਗਨ ਨਿੱਤਰਦੇ ਨਹੀਂ, ਬੱਦਲਵਾਈ ਵਿਚ ਸੇਧਤਾ ਅਲੋਪ ਹੁੰਦੀ ਲਗਦੀ ਹੈ, ਜਾਂ ਕਹੋ ਕਿ ਮਿਹਨਤ ਕਰ ਕੇ ਪਛਾਨਣੀ ਤੇ ਲੱਭਣੀ ਪੈਂਦੀ ਹੈ ।

ਬਈ ਕਿਥੇ ਹੈ ਉਦੈ ਤੇ ਅਸਤ ਹੁੰਦੇ ਸੂਰਜ ਦੀ ਮਧੁਰਤਾ ਤੇ ਸੁੰਦਰਤਾ ? ਜੇ ਸੱਚ ਜਾਨਣਾ ਚਾਹੀਏ ਤਾਂ ਨਾ ਕਦੀ ਸੂਰਜ ਉਦੈ ਹੁੰਦਾ ਹੈ, ਨਾ ਕਦੀ ਅਸਤ ; ਸਿਰਫ਼ ਧਰਤੀ ਜ਼ਰਾ ਘੁੰਮ ਗਈ ਹੈ ਆਪਣੇ ਧੁਰੇ ਉਤੇ ਕਿਥੇ ਹੈ ਅਸਮਾਨ ? ਜਿਵੇਂ ਮੇਰੇ ਨਵੇਂ ਨਾਵਲ "ਟਾਪੂ" ਦੇ ਅਖ਼ੀਰ ਵਿਚ ਆਉਂਦਾ ਹੈ, "ਇਕ ਵਿਮਾਨ ਪੁਲਾੜ ਨੂੰ ਚੀਰਦਾ ਘੂਰਦਾ ਲੰਘ ਗਿਆ —



ਸ਼ਾਂਾਂ ਸ਼ਾਰਪਾਂਾਂ, ਘੂੰ ਊ ਊਂ ਊਂ, ਘਰਰਰ, ਸ਼ੂਊਂ ਊਂ ਊਂ । ਪਿੱਪਲ ਉਤੇ ਵਿਮਾਨ, ਵਿਮਾਨ ਉਪਰ ਅਸਮਾਨ ਸੀ । ਅਸਮਾਨ ਕਿ ਪੁਲਾੜ । ਫਿਰ ਕਿਉਂ ਕਹਿੰਦੇ ਹਨ ਅਸਮਾਨ ? ਕਹਿਣ ਵਾਸਤੇ ਜੀ, ਬੋਲੀ ਘੜਨ ਵਾਲਿਆਂ ਬੋਲੀ ਬੋਲਣ ਵਾਲਿਆਂ ਦਾ ਬੁੱਤਾ ਸਾਰਨ ਲਈ । ਨੀਲਾ ਅਸਮਾਨ ਨਹੀਂ, ਪੁਲਾੜ ਹੈ, ਇਹੋ ਤਾਂ ਮਾਯਾ ਹੈ । ਜੋ ਹੈ, ਉਹ ਨਹੀਂ, ਜੋ ਨਹੀਂ, ਉਹ ਹੈ," ਅਸਾਂ ਬੋਲੀ ਤੇ ਸ਼ਬਦ ਘੜੇ ਸਨ ਜਦੋਂ ਸਾਡਾ ਪੁਲਾੜ ਬਾਰੇ ਗਿਆਨ ਅਗਿਆਨ ਸੀ । ਸਾਡੀ ਬੋਲੀ ਅਸਲ ਅਗਿਆਨੀਆਂ ਦੀ ਬੋਲੀ ਹੈ । ਪਰ ਇਸ ਨਾਲ ਅਸੀਂ ਕੰਮ ਚਲਾਉਣਾ ਚਾਹੁੰਦੇ ਹਾਂ ਅਜ ਵੀ ਤੇ ਉਸੇ ਤਰ੍ਹਾਂ ਪਹਿਲਿਆਂ ਵਾਂਗ ਹੀ । ਅਜ, ਜਦੋਂ ਕਿ ਅਸੀਂ ਗਿਆਨਵਾਨ ਹਾਂ ਅਜ ਜਦੋਂ ਕਿ ਅਸੀਂ ਸੂਰਜ — ਸੂਰਜ ਸੂਰਜ ਨਹੀਂ ਤਾਰਾ ਹੈ, ਭਾਵ ਬਾਕੀ ਤਾਰਿਆਂ ਨਾਲੋਂ ਇਹ ਕੋਈ ਭਿੰਨ ਨਹੀਂ — ਚੰਨ, ਮੰਗਲ, ਯੂਰੇਨਸ, ਬ੍ਰਿਹਸਪਤ ਦੇ ਅਨੇਕ ਰਾਜ਼ ਜਾਣਦੇ ਹਾਂ । ਅਜ ਜਦ ਕਿ ਆਪ ਚੰਨ ਉਤੇ ਪਹੁੰਚ ਗਏ ਹਾਂ ।

ਮਨੁੱਖ ਦੀ ਚੰਨ ਯਾਤਰਾ ਨੇ ਧਰਤੀ ਗ੍ਰਹਿ ਦੀ ਨੁਹਾਰ ਅਸਲੋਂ ਬਦਲ ਦਿਤੀ ਹੈ । ਇਹ ਇਕ ਨਵੇਂ ਯੁਗ ਦਾ ਆਦਿ ਹੈ ਤੇ ਆਧੁਨਿਕ ਸੰਕਲਪ ਤੇ ਆਧੁਨਿਕ ਵਿਚਾਰ ਹੀ ਇਸ ਅਥਾਹ ਗਿਆਨ ਦਾ ਪਾਰਾਵਾਰ ਪਾ ਸਕਦੇ ਹਨ । ਇਸ ਅਥਾਹ ਗਿਆਨ ਨਾਲ ਬੋਲੀ ਨੂੰ ਇਕ ਨਵੇਂ ਸੱਚੇ ਵਿਚ ਘੜਨ ਦੀ ਲੋੜ ਹੈ । ਕੀ ਹੈ ਉਦੈ ਤੇ ਅਸਤ ਹੁੰਦੇ ਸੂਰਜ ਦੀ ਸੁੰਦਰਤਾ ਤੇ ਕੀ ਹੈ ਪਿਆਰ ? ਕੀ ਹਨ ਇਹਨਾਂ ਦੇ ਮਿਆਰ ਤੇ ਕੀ ਹਨ ਇਹਨਾਂ ਦੇ ਨਾਪ ਤੋਲ ? ਪਲੈਟੋ ਕਹਿੰਦਾ ਸੀ ਕਿ ਸੁੰਦਰਤਾ ਸੁਨਹਿਰੀ ਔਸਤ ਦਾ ਪ੍ਰਗਟਾਅ ਹੈ ਕਈ ਫ਼ਿਲਾਸਫ਼ਰ ਕਹਿੰਦੇ ਹਨ, ਕਿ ਇਹ ਵੇਖੀ ਜਾਂਦੀ ਸ਼ੈ ਬਾਰੇ ਮਨੁੱਖ ਦੇ ਮਨ ਵਿਚ ਬਣਦੇ ਚਿਤ੍ਰਾਂ ਦੀ ਇਕ ਲੜੀ ਹੈ । ਇਤਿਆਦਿ । ਕੀ ਹੈ ਪਿਆਰ ? ਇਕ ਦੂਜੇ ਵਾਸਤੇ ਇਕ ਭਾਂਤ ਦੀ ਸੰਵੇਦਨਾ, ਸਭਿਅਤਾ ਤੇ ਸੰਸਕ੍ਰਿਤੀ ਦੇ ਵਿਕਾਸ ਨਾਲ ਇਹਦੇ ਨਾਲ ਕਿੰਨਾ ਕੁਝ ਸੋਂਹਦਾ ਅਸੋਂਹਦਾ ਜੁੜ ਗਿਆ । ਪਿਆਰ ਪਵਿੱਤਰ ਕਿਉਂ ? ਤੇ ਕਿਹੜਾ ਪਿਆਰ ਹੈ ਜਿਹੜਾ ਟੁੱਟ ਨਹੀਂ ਸਕਦਾ ਜਾਂ ਭੁੱਲ ਨਹੀਂ ਸਕਦਾ ? (ਪ੍ਰਭਜੋਤ ਨਾਲ ਵੀ ਅਜਕਲ੍ਹ ਇਸ ਮਸਲੇ ਉਤੇ ਗਰਮਾ ਗਰਮ ਬਹਿਸ ਮੁਬਾਹਿਸਾ ਰਹਿੰਦਾ ਹੈ । ਮੈਂ ਪਿਆਰ ਨੂੰ ਬੂਰਵਾ ਵਿਕਾਸ ਕਹਿੰਦਾ ਹਾਂ — ਅਜੋਕੇ ਪ੍ਰਾਪਤ ਕੀਤੇ ਗਿਆਨ ਦੀ ਰੌਸ਼ਨੀ ਵਿਚ । ਉਹ ਕਹਿੰਦੀ ਹੈ ਕਿ ਇਹ ਇਕ ਅਮਰ ਤੇ ਸਦੀਵੀ ਜਜ਼ਬਾ ਹੈ ਤੇ ਸਾਨੂੰ ਇਹਨੂੰ ਝੁਟਲਾਣ ਦਾ ਕੋਈ ਹੱਕ ਨਹੀਂ ।)

ਮਤਲਬ ਹੈ ਗੁਰੂ ਜੀ, ਕਿ ਪਿਛਲੀ ਅੱਧੀ ਸਦੀ ਦੀ ਗਿਆਨ ਪ੍ਰਾਪਤੀ ਨੇ (ਜਦੋਂ ਤੁਸੀਂ ਲਿਖਣਾ ਸ਼ੁਰੂ ਕੀਤਾ), ਜ਼ਿੰਦਗੀ, ਕੀਮਤਾਂ, ਜਜ਼ਬਿਆਂ, ਨਾਪਾਂ, ਤੋਲਾਂ ਤੇ ਮਿਆਰਾਂ ਵਿਚ ਕ੍ਰਾਂਤੀ ਲੈ ਆਂਦੀ ਹੈ, ਤੇ ਸਾਡੀ ਬੋਲੀ ਵਿਚ ਸਿਰਫ਼ ਤੁਸੀਂ ਹੀ ਹੋ, ਜਿਹੜੇ ਇਸ ਉਧੜ ਗੁਧੜ ਹੋਏ ਲੇਖੇ ਨੂੰ ਭਾਵ ਦੇ ਸਕਦੇ ਹੋ । ਮੈਦਾਨ ਸਾਫ਼ ਹੈ ਤੇ ਸਮਾਂ ਵੀ, ਤੁਹਾਡੀ ਪ੍ਰਤਿਭਾ ਦੀ ਉਡੀਕ ਹੈ, ਕਲਮ ਚੁਕੋ ਤੇ ਬਹਿ ਜਾਓ । ਪ੍ਰੀਤ ਲੜੀ, ਨਵਤੇਜ ਨੂੰ ਸੌਂਪ ਦਿਓ ਤੇ ਸਾਨੂੰ ਕੁਝ ਕਹਾਣੀਆਂ, ਕੁਝ ਕਿੱਸੇ, ਕੁਝ ਨਾਟਕ ਤੇ ਜੇ ਹੋ ਸਕੇ ਤਾਂ ਕੁਝ ਨਾਵਲ ਵੀ ਸੌਂਪੋ । ਨਵਤੇਜ ਵੀ ਵਧੇ ਫੁਲੇ, ਤੁਸੀਂ ਵੀ ਵਧੋ ਫੁਲੋ, ਤੇ ਅਸੀਂ ਸਭ ਸਦੱਸ ਵੀ ।

ਇਕ ਨਵਾਂ ਮੋੜ ਆਇਆ ਹੈ ਅਜ ਤੁਹਾਡੀ ਜ਼ਿੰਦਗੀ ਵਿਚ । ਮੋੜਾਂ ਬਿਨਾਂ ਜ਼ਿੰਦਗੀ ਕੀ ? ਅਗੇ ਵੀ ਕਈ ਮੋੜ ਤੁਸੀਂ ਕੱਟੇ ਹੋਣਗੇ । ਕਈ ਮੋੜਾਂ ਪਿਛੋਂ ਸ਼ਾਇਦ ਬੀਤੇ ਦੀ ਰਸਿਕਤਾ ਟੁੰਬਦੀ ਰਹੀ ਹੋਵੇਗੀ ਤੇ ਕਈ ਵਾਰ ਨਵੇਂ ਮੋੜ ਪਿਛੋਂ ਆਏ ਦ੍ਰਿਸ਼ਾਂ ਤੇ ਝਾਕੀਆਂ

ਨੇ ਪਿਛਲੇ ਨੂੰ ਇਕਵਾਰਗੀ ਹੀ ਭੁਲਾ ਦਿਤਾ ਹੋਵੇਗਾ, ਪਰ ਮੇਰੀ ਮੰਨੋ, ਅਜ ਦਾ ਮੋੜ, ਸਭ ਪਹਿਲੇ ਮੋੜਾਂ ਤੋਂ ਮਹੱਤਵ ਤੇ ਰੂਪਸ਼ਾਲੀ ਹੈ। ਵੇਖੋ ਸਾਡੇ ਪਰੀਸ਼ਦ ਦੇ ਕਿੰਨੇ ਸਦੱਸ ਤੁਹਾਨੂੰ ਸ਼ੁਭ ਇੱਛਾਵਾਂ ਦੇ ਰਹੇ ਹਨ।

ਤੇ ਭੁੱਲਣਾ ਨਾ ਕਿ ਇਹ ਮੋੜ ਤੇ ਇਹ ਧੜਾ ਸਿਰਫ਼ ਜ਼ਮੀਨ ਉਤੇ ਤੇ ਆਯੂ ਵਿਚ ਆਇਆਂ ਹੀ ਇਕ ਮੋੜ ਤੇ ਧੜਾ ਨਹੀਂ ਇਹ ਪੁਲਾੜੀ ਯੁਗ ਵਿਚ ਆਇਆ ਇਕ ਮੋੜ ਤੇ ਪੜਾਅ ਹੈ ਤੇ ਇਹਦੀਆਂ ਸੰਭਾਵਨਾਵਾਂ ਕਿਤੇ ਵਧ ਬਹੁਮੁੱਲੀਆਂ, ਤੇ ਸੁਨਹਿਰੀ ਤੇ ਅਮੋਲਕ ਹਨ।

ਕਾਸ਼! ਮੈਂ ਆਪ ਪ੍ਰੀਤ ਨਗਰ ਆ ਕੇ ਇਸ ਅਵਸਰ ਨੂੰ ਅਭੁੱਲ ਬਣਾਂਦਾ, ਪਰ ਪ੍ਰਦੇਸੀਆਂ ਦੀਆਂ ਮਜਬੂਰੀਆਂ! ਪੈਰਾਂ ਵਿਚ ਇਕ ਚੱਕਰ ਹੈ। ਬਸ ਉਦੋਂ — ੧੯੪੦/੪੧ — ਵਿਚ ਹੀ ਆਇਆ ਸਾਂ ਪ੍ਰੀਤ ਨਗਰ! ਪਰ ਅਜੇ ਤਾਂ ਬੜਾ ਸਮਾਂ ਪਿਆ ਹੈ। ਜਦੋਂ ਇਹਨਾਂ ਜੰਘੀਆਂ ਤੇ ਭੁਜਾਂ ਵਿਚ ਦੂਰ ਉਡਣ ਦੀ ਸੱਤਾ ਨਹੀਂ ਰਹੇਗੀ, ਤਾਂ ਸ਼ਾਇਦ ਪ੍ਰੀਤ ਕੁਟੀਰ ਪਹੁੰਚ ਕੇ ਸਸਤਾਵਾਂ!

ਸੋ ਲਓ ਇਕ ਵਾਰ ਫਿਰ ਆਪਣੀ ਇਸ ੭੫ਵੀਂ ਵਰ੍ਹੇ-ਗੰਢ ਉਤੇ ਮੇਰੀਆਂ ਪਰੇਰਨਾ ਪੂਰਤ ਸ਼ੁਭ ਇੱਛਾਵਾਂ।



# ਦਿਲ ਦੀ ਪੀੜ ਨਰੋਈ !!

ਭਗਵੰਤ ਸਿੰਘ

ਪੌਣੀ ਸਦੀ ਭਰਪੂਰ-ਤਜਰਬਿਆਂ, ਭਰਪੂਰ-ਉਤਸ਼ਾਹ, ਭਰਪੂਰ-ਦੇਸ ਪ੍ਰਦੇਸ ਵਿਚ ਵਸਦੇ ਪ੍ਰੀਤ ਸਨੇਹੀਆਂ ਨਾਲ ਸਾਂਝਾਂ ਭਰਪੂਰ ਜੀਵਨ ਜੀਊ ਚੁਕਿਆ ਗੁਰਬਖ਼ਸ਼ ਸਿੰਘ ਅਜੇ ਵੀ ਸਾਡੇ ਜੀਵਨ ਨੂੰ ਜੀਊਣ ਜੋਗਾ ਬਣਾਉਣ ਲਈ ਸੁਚੱਜੇ ਸੁਝਾਅ ਆਪਣੀ ਲੇਖਣੀ ਰਾਹੀਂ ਦਿਤੀ ਜਾ ਰਿਹਾ ਹੈ।

ਪੰਜਾਬੀ ਸਾਹਿੱਤ ਵਿਚ ਪੱਛਮੀ ਸਾਹਿਤਕ ਕੀਮਤਾਂ ਦੀ ਪਿਉਂਦ ਲਾਉਣ ਵਾਲਾ ਵੀ ਇਹ ਹੀ ਸਾਡਾ ਵਡਿੱਕਾ ਹੈ — ਪੂਰਨ ਸਿੰਘ ਨੇ ਵੀ ਇਸ ਬੰਨੇ ਕਨਾਇ ਅਤੇ ਇਸ਼ਾਰਿਆਂ ਨਾਲ ਗੱਲਾਂ ਕੀਤੀਆਂ ਸਨ ਆਪਣੇ ਖੁੱਲ੍ਹੇ ਖ਼ੁਲਾਸੇ ਲੇਖਾਂ ਤੇ ਲਿਖਤਾਂ ਵਿਚ, ਪਰ ਜਿਸ ਸਿਆਣਪ ਨਾਲ ਗੁਰਬਖ਼ਸ਼ ਸਿੰਘ ਅਮਰੀਕੀ, ਰੂਸੀ ਅਤੇ ਹੋਰ ਬਦੇਸ਼ੀ ਪਾਤਰ, ਜਿਨ੍ਹਾਂ ਨਾਲ ਬਾਹਰਲੇ ਦੇਸਾਂ ਦਾ ਰਟਣ ਕਰਨ ਸਮੇਂ ਉਸ ਦਾ ਸੰਪਰਕ ਬਣਿਆਂ, ਜਾਂ ਇਹਨਾਂ ਦਿਸੌਰਾਂ ਦੇ ਉੱਚ ਸਾਹਿਤ ਦੇ ਅਧਿਅਨ ਰਾਹੀਂ ਜਾਣਕਾਰੀ ਹੋਈ, ਉਹਨਾਂ ਦਾ ਗੁਰਬਖ਼ਸ਼ ਸਿੰਘ ਦਾ ਪੰਜਾਬੀ ਸਾਹਿਤ ਵਿਚ ਆਪਣਿਆਂ ਲੇਖਾਂ ਅਤੇ ਕਹਾਣੀਆਂ ਵਿਚ ਅਪਣੱਤ ਨਾਲ ਜ਼ਿਕਰ ਕਰਨਾ ਤਾਂ ਸਾਨੂੰ ਸੰਸਾਰ-ਪ੍ਰੀਤ-ਮੰਡਲ ਦਾ ਸੁਫ਼ਨਾ ਸਾਕਾਰ ਹੋਣ ਵਿਚ ਅਤਿਅੰਤ ਸਹਾਈ ਹੋ ਸਕਦਾ ਹੈ। ਰੂਸੀ, ਅਮਰੀਕੀ ਕਿਰਤੀ ਸਾਨੂੰ ਸਾਡੇ ਵੇਖੇ ਡਿੱਠੇ ਸਾਕ ਲਗਣ ਲੱਗ ਪੈਂਦੇ ਹਨ।

ਮੇਰੇ ਬਾਲ-ਮਨ ਵਿਚ, ਗੁਰਬਖ਼ਸ਼ ਸਿੰਘ ਰਚਿਤ ਸਾਹਿਤ ਦੁਆਰਾ ਹੀ ਬੰਧਨਾ-ਰਹਿਤ ਜੀਵਨ ਜੀਊਣ ਦਾ ਚਾਅ ਜਾਗਿਆ ਸੀ। ਇਹ ੧੯੪੦ ਦੀ ਗੱਲ ਹੈ, ਮਾਡਲ ਟਾਊਨ ਲਾਹੌਰ ਤੋਂ ਇਕ ਲੰਮ-ਸਲੰਮੇ ਪ੍ਰਭੂ-ਰੰਗ-ਰੱਤੜੇ ਜੱਟ-ਸੰਤ ਸਾਡੇ ਸ਼ਹਿਰ ਉਕਾੜਾ (ਪਾਕਿਸਤਾਨ) ਪਧਾਰੇ। ਗੁਰਬਾਣੀ ਦੇ ਰੱਸੀਏ ਤੇ 'ਪ੍ਰੀਤ ਲੜੀ' ਦੇ ਮੱਦਾਹ। ਇਸ ਸੰਤ ਜੀ ਮਹਾਰਾਜ ਦੁਆਰਾ ਹੀ ਮੈਂ ਪ੍ਰੀਤ ਲੜੀ ਅਤੇ ਗੁਰਬਖ਼ਸ਼ ਸਿੰਘ ਜੀ ਨਾਲ ਗ਼ਾਇਬਾਨਾ ਤੌਰ ਤੇ ਪ੍ਰੀਚਿਤ ਹੋਇਆ। ਦੋ ਵਡੀਆਂ ਮੋਟੀਆਂ ਜਿਲਦਾਂ ਵਿਚ ਨੂੜੀਆਂ ਦੋ ਸਾਲਾਂ ਦੀਆਂ ਪ੍ਰੀਤ ਲੜੀਆਂ (ਸ਼ਾਇਦ ੧੯੩੮/੧੯੩੯ ਸਾਲਾਂ ਦੀਆਂ ਕਾਪੀਆਂ) ਮੈਂ ਸੰਤ ਜੀ ਕੋਲੋਂ ਲੈ ਕੇ ਪੜ੍ਹੀਆਂ। ਅੰਮ੍ਰਿਤਾ ਪ੍ਰੀਤਮ (ਜੋ ਉਦੋਂ ਕੇਵਲ ਅੰਮ੍ਰਿਤ ਕੌਰ ਹੁੰਦੀ ਸੀ) ਦੀ ਇਕ ਵਡੀ ਪੂਰੇ ਸਫ਼ੇ ਤੇ ਚੌੜੇ ਲੱਪੇ ਵਾਲੀ ਸਾੜ੍ਹੀ ਪਾਈ (ਜਿਸ ਵਿਚ ਸਿਰ ਵੀ ਕੱਜਿਆ ਹੋਇਆ ਸੀ) ਤਸਵੀਰ ਵੀ ਮੈਨੂੰ ਨਜ਼ਰ ਆਈ, ਜਿਸ ਤੇ ਕੁਝ ਇਸ ਤਰ੍ਹਾਂ ਲਿਖਿਆ ਹੋਇਆ ਸੀ : "ਜੀਵਨ ਸੰਗਰਾਮ ਵਿਚ ਤੁਹਾਡੇ ਰਾਹ ਵਿਚ ਕਈ ਔਕੜਾਂ ਆਉਣਗੀਆਂ — ਤੁਸੀਂ 'ਦੇਸ' ਦੇ ਸਿਪਾਹੀ ਬਣੋਂ, ਮੈਂ ਗੌਂ ਕੇ ਤੁਹਾਡੀ ਹਰ ਔਕੜ ਦੂਰ ਕਰਾਂਗੀ।" ਉਦੋਂ ਮੇਰੇ ਮਨ ਵਿਚ ਅੰਮ੍ਰਿਤਾ ਪ੍ਰੀਤਮ ਦੀ ਸੁਚੇਤ ਅਕਲ ਲਈ

ਬਹੁਤ ਮੋਹ-ਤ੍ਰੇਹ ਜਾਗਿਆ। ਹੋਰ ਵੀ ਹੁਣ ਉਚ ਕੋਟੀ ਦੇ ਵਿਚਰਦੇ ਸਾਹਿਤਕਾਰਾਂ — ਮੋਹਨ ਸਿੰਘ, ਦੁੱਗਲ, ਸਤਿਆਰਥੀ, ਪ੍ਰੋ: ਪ੍ਰੀਤਮ ਸਿੰਘ ਅਤੇ ਪ੍ਰੀਤਮ ਸਿੰਘ ਸਫ਼ੀਰ, ਗਾਰਗੀ (ਬਲਵੰਤ) ਅਤੇ ਬਾਵਾ ਬਲਵੰਤ ਆਦਿ ਦੀਆਂ ਲਿਖਤਾਂ ਨਾਲ ਪੰਜਾਬੀ ਪਾਠਕਾਂ ਨੂੰ ਸਰਦਾਰ ਗੁਰਬਖ਼ਸ਼ ਸਿੰਘ ਨੇ ਆਪਣੀ ਪ੍ਰੀਤ ਲੜੀ ਦੁਆਰਾ ਵਾਕਿਫ਼ ਕਰਾਇਆ। ਇੰਜ ਸਰਦਾਰ ਗੁਰਬਖ਼ਸ਼ ਸਿੰਘ ਨੇ ਪੰਜਾਬੀ ਸਾਹਿਤ ਨੂੰ ਪੁਰਾਤਨ ਘਿਸੀਆਂ ਪਿਟੀਆਂ ਕੀਮਤਾਂ ਤੋਂ ਆਜ਼ਾਦ ਕਰਵਾਇਆ ਅਤੇ ਚੜ੍ਹਦੀ ਕਲਾ ਵਿਚ ਨਵੀਨ ਢੰਗ ਨਾਲ ਵਿਚਾਰ-ਸਿੰਚਾਰ ਕਰਨ ਦਾ ਆਹਰ ਬਖ਼ਸ਼ਿਆ।

ਮਿੱਠ ਬੋਲੜੇ ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਲੋਕ ਉਸ ਦੇ ਗਿਰਦ ਜੋਕ ਦਰ ਜੋਕ ਇਕੱਠੇ ਹੋਣ ਲੱਗ ਪਏ; ਉਹਦੇ 'ਪ੍ਰੀਤ ਨਗਰ' ਦੀ ਯਾਤਰਾ ਕਰਨ ਅਤੇ ਉਥੇ ਚਲਦੇ ਐਕਟਿਵਿਟੀ ਸਕੂਲ ਤੋਂ ਲਾਭ ਉਠਾਉਣ ਲਈ। ਆਜ਼ਾਦੀ ਦੀ ਲੜਾਈ ਵਿਚ ਗੁਰਬਖ਼ਸ਼ ਸਿੰਘ ਨੇ ਆਪਣੀ ਲੇਖਣੀ ਰਾਹੀਂ ਹਿੱਸਾ ਪਾਇਆ, ਭੁੱਖਾਂ ਤੇ ਦੁੱਖਾਂ ਓਦੋਂ ਜ਼ਖ਼ਮੀ ਚੀਨ ਤੇ ਭੁੱਖੇ ਬੰਗਾਲ ਦਾ ਜ਼ਿਕਰ ਕਰਦੇ ਲੇਖ-ਨਜ਼ਮਾਂ ਪ੍ਰੀਤ ਲੜੀ ਵਿਚ ਸ਼ਾਮਲ ਕੀਤੀਆਂ। ਵੰਡ ਤੋਂ ਬਾਅਦ ਆਜ਼ਾਦ ਭਾਰਤ ਵਿਚ ਹੋ ਰਹੀ ਜਨਤਾ ਦੀ ਦਸ਼ਾ ਵਲ ਵੀ ਸੁਧਾਰਕ ਦੀ ਦਰਿਸ਼ਟੀ ਤੋਂ ਸਰਕਾਰ ਨੂੰ ਆਪਣਾ ਫ਼ਰਜ਼ ਪਛਾਨਣ ਦੀ ਪੱਕੀ ਕੀਤੀ।

ਬਹੁ ਪੱਖੀ ਗੁਰਬਖ਼ਸ਼ ਸਿੰਘ ਨੇ ਐਮਰਸਨ, ਰੱਸਲ, ਮਾਈਕਲ ਓਵਰਮੈਨ ਆਦਿ ਦਾਰਸ਼ਨਿਕਾਂ ਦੀਆਂ ਗੰਭੀਰ ਲਿਖਤਾਂ ਤੋਂ ਪ੍ਰਭਾਵਿਤ ਹੋ ਪੰਜਾਬੀ ਆਪਣੀ ਮਾਤ ਬੋਲੀ — ਵਿਚ ਭਰਪੂਰ ਸਾਹਿਤ ਸਿਰਜਣਾ ਕੀਤੀ, ਕਹਾਣੀ, ਨਾਟਕ, ਜੀਵਨੀ, ਲੇਖ, ਸਫ਼ਰਨਾਮੇ ਆਦਿ ਹਰ ਸਾਹਿਤ ਵੰਨਗੀ ਤੇ ਸੂਖ਼ਸ਼ਮ ਸੂਝ ਰਾਹੀਂ ਅਤੇ ਪ੍ਰਤਿਭਾਸ਼ਾਲੀ ਵਿਅਕਤਤੱਵ ਦੁਆਰਾ ਨਿਪੁੰਨਤਾ ਪ੍ਰਾਪਤ ਕੀਤੀ।

'ਪ੍ਰੀਤ ਲੜੀ' ਇਕ ਮਾਸਕ ਪੱਤਰ ਦੀ ਬਜਾਇ ਇਕ ਸੰਸਥਾ ਬਣ ਨਿਬੜਿਆ। ਲੋਕ ਗੁਰਬਖ਼ਸ਼ ਸਿੰਘ ਦੇ ਲਿਖਿਆਂ ਐਡੀਟੋਰੀਅਲ ਨੋਟਾਂ ਅਤੇ ਮੁਖ ਲੇਖਾਂ ਦੁਆਰਾ ਹਾਲਾਤੇ-ਹਾਜ਼ਰਾ ਬਾਰੇ ਪ੍ਰੌਢ ਰਾਇ ਕਾਇਮ ਕਰਨ ਲਗੇ।

ਗੁਰਬਖ਼ਸ਼ ਸਿੰਘ ਇਕ ਚੰਗੇ ਪਿਤਾ ਦੇ ਰੂਪ ਵਿਚ ਸਾਨੂੰ ਕਈ ਵਾਰੀ ਪ੍ਰਗਟ ਹੁੰਦਾ ਹੈ, ਜਦੋਂ ਉਹ ਕਿਤੇ ਕਿਤੇ ਉਕ ਗਏ, ਜਾਂ ਕੁਝ ਵਧੇਰੇ ਆਜ਼ਾਦ-ਖ਼ਿਆਲਾਂ ਦੀ ਪਰਦਰਸ਼ਨੀ ਕਰਦੇ, ਨਵਤੇਜ ਸਿੰਘ ਦੀ ਮਦਦ ਨੂੰ ਆਉਂਦਾ ਹੈ। ਪਿਛਲੇ ਸਾਲ ਜਦ ਨਵਤੇਜ ਦੀ ਕਹਾਣੀ "ਪਹਿਲੀ ਚੁੰਮੀ" ਬਾਰੇ ਸਫ਼ਾਈ ਦੇਣ ਵਜੋਂ ਗੁਰਬਖ਼ਸ਼ ਸਿੰਘ ਨੇ ਇਕ ਲੇਖ ਲਿਖਿਆ ਜਿਸ ਵਿਚ ਕੁਝ ਕੁ ਲੇਖਿਕਾਵਾਂ ਦੀ ਸਫ਼ਾਈ ਦੇ ਗਵਾਹ ਵਜੋਂ ਲਿਖੀਆਂ ਚਿੱਠੀਆਂ-ਮਜ਼ਮੂਨ ਦਾ ਹਵਾਲਾ ਦਿਤਾ; ਤਾਂ ਬਤੌਰ ਬਾਪ ਗੁਰਬਖ਼ਸ਼ ਸਿੰਘ ਮੇਰੀ ਨਿਗਾਹ ਵਿਚ ਬਹੁਤ ਉਚੇਰਾ ਹੋ ਗਿਆ। ਮੈਂ ਸੋਚਾਂ: ਕੀ ਸੀ ਜੇ ਮੇਰਾ ਪਿਤਾ ਜੀ ਮੈਨੂੰ ਵੀ ਆਪਣੀ ਮਨ-ਮਰਜ਼ੀ ਦੀ ਯੁਵਤੀ ਵਰ ਲੈਣ ਦੀ ਆਗਿਆ ਦੇ ਦੇਂਦੇ? (ਭਾਵੇਂ: ਹੁਣ ਵੀ ਮੇਰਾ ਵਿਵਾਹਿਤ ਜੀਵਨ ਅਤੀ ਸੁਖੀ ਹੈ)।

'ਪ੍ਰੀਤ-ਘਰ' ਬਣਾਉਣ ਦੀ ਜਿਹੜੀ ਹੁਣ ਧੁਨ ਪ੍ਰੀਤ ਸਨੇਹੀਆਂ ਤੇ ਗੁਰਬਖ਼ਸ਼ ਸਿੰਘ ਜੀ ਦੇ ਸੁਝਾਅ ਦੇਣ ਤੇ ਸਵਾਰ ਹੋਈ ਹੈ, ਨਿਸਚੇ ਹੀ ਉਸ ਦੇ ਚੰਗੇ ਪਰਣਾਮ ਨਿਕਲਣਗੇ। ਓਦਰੇ ਹੁਸੜੇ ਲੇਖਕ — ਸਾਡੇ ਵਰਗੇ ਜਿਨ੍ਹਾਂ ਦਾ ਅੱਗਾ ਪਿੱਛਾ ਕੋਈ ਨਹੀਂ, ਕੇਵਲ ਬਾਹਵਾਂ ਹੀ



ਹਨ — ਅਜਿਹੇ ਬਿਸਰਾਮ ਟਿਕਾਣਿਆਂ ਵਿਚ ਕੁਝ ਦਿਨ ਗੁਜ਼ਾਰ ਕੇ ਫਿਰ ਜੀਵਨ ਲਈ ਨਵੀਂ ਰੀਝ ਪੈਦਾ ਕਰ ਘਰੋ ਘਰੀ ਪਰਤ ਜਾਇਆ ਕਰਨਗੇ।

ਸਾਹਿਤ ਅਕਾਡਮੀ ਦੇ ਇਨਾਮ ਦੀ ਪ੍ਰਥਾ ਦੁਆਰਾ ਕਈ ਲੋਕ ਏਸ ਪੈਮਾਨੇ ਰਾਹੀਂ ਸਾਹਿਤਕਾਰਾਂ ਦੀ ਵਡਿੱਤਣ ਪਰਖਣ ਲੱਗ ਪਏ ਹਨ। ਅਜ਼ੀਜ਼ ਸ਼ਿਵ ਕੁਮਾਰ ਨੂੰ ਜਦ ੧੯੬੬-੬੭ ਦਾ ਸਾਹਿੱਤ ਅਕਾਡਮੀ ਦਾ ਪੁਰਸਕਾਰ ਮਿਲਿਆ, ਤਾਂ ਹਮ-ਉਮਰ ਹੋਣ-ਨਾਤੇ ਮੁਬਾਰਕ ਦੇਣ ਵਜੋਂ ਲਿਖੀ ਚਿੱਠੀ ਵਿਚ ਹੀ ਮੈਂ ਉਹਨੂੰ ਕਿਹਾ: "ਇਹ ਪੁਰਸਕਾਰ ਤੈਨੂੰ ਸਾਧਨਾ ਕਰਨ ਤੋਂ ਨਾ ਕਿਤੇ ਵਿਰਵਿਆਂ ਰੱਖੇ! ਇਹ ਪੁਰਸਕਾਰ ਜੋ ਤੈਨੂੰ ਪ੍ਰਾਪਤ ਹੋਇਆ ਹੈ ਮੱਤ ਭੁੱਲੀਂ ਸ੍ਰੀਮਤੀ ਪ੍ਰਭਜੋਤ ਕੌਰ ਨੂੰ ਵੀ ਮਿਲ ਚੁਕਿਆ ਹੈ, ਅਤੇ ਹੋਣੀ ਦੇ ਕਾਰੇ ਕਾਰਨ ਅਜੇ ਸ: ਗੁਰਬਖ਼ਸ਼ ਸਿੰਘ ਅਤੇ ਪ੍ਰਿੰ: ਸੰਤ ਸਿੰਘ ਸੇਖੋਂ ਨੂੰ ਫੜਾਈ ਨਹੀਂ ਦਿਤਾ। ਗ਼ਾਲਿਬ ਨੇ ਲਿਖਿਐ: 'ਹਮ ਹੈਂ ਤੋ ਅਭੀ ਰਾਹ ਮੇਂ ਹੈਂ ਸੰਗੇ ਗਿਰਾਂ ਔਰ' — ਤੇਰਾ ਦਾਈਆ ਵੀ ਡਾ: ਗੋਪਾਲ ਸਿੰਘ 'ਦਰਦੀ' ਵਾਂਗ ਨੋਬਲ ਪ੍ਰਾਈਜ਼ ਵਿਜੇਤਾ ਬਣਨ ਦਾ ਹੋਣਾ ਚਾਹੀਦਾ ਹੈ।" ਸ: ਗੁਰਬਖ਼ਸ਼ ਸਿੰਘ ਸਨਮਾਨ ਕਰਾਉਣ ਦੇ ਖ਼ਿਲਾਫ਼ ਨਹੀਂ। ਸਾਹਿਤ ਸਮੀਖ਼ਿਆ ਬੋਰਡ ਜਲੰਧਰ ਵਲੋਂ ਉਹਨਾਂ ਦੀ ਕਿਸੇ ਪੁਸਤਕ ਦੇ ਸਰੇਸ਼ਟ ਸਾਹਿਤ ਰਚਨਾ ਵਰਗ ਪਹਿਲਾਂ ਦਾ ਜਦ ਉਹਨਾਂ ਨੂੰ ਸਰਟੀਫ਼ੀਕੇਟ ਅੰਮ੍ਰਿਤਸਰ, ਉਸ ਸੰਸਥਾ ਵਲੋਂ ੧੯੬੧ ਵਿਚ ਮਿਲਿਆ, ਤਾਂ ਉਹ ਬ-ਖ਼ੁਸ਼ੀ ਇਹ ਇਨਾਮ ਪ੍ਰਾਪਤ ਕਰਨ ਗਏ। ਪਰ "ਇਸ਼ਕ ਜਿਨ੍ਹਾਂ ਦੇ ਹੱਡੀਂ ਰਚਿਆ" ਦਾ ਇਨਾਮ ਜੇ ਉਹਨਾਂ ਦਾ ਕਿਸੇ ਚੀਫ਼ ਜੱਜ ਦੇ ਇਹ ਤਰਕ ਉਠਾਣ ਤੇ ਖੁੰਝਿਆ ਕਿ ਉਹ ਮੌਲਿਕ ਰਚਨਾ ਨਹੀਂ ਤਾਂ ਗੁਰਬਖ਼ਸ਼ ਸਿੰਘ ਨੇ ਮਲਾਲ ਨਹੀਂ ਆਉਣ ਦਿਤਾ। ਇੰਜ ਗੁਰਬਖ਼ਸ਼ ਸਿੰਘ ਸੱਚ ਮੁੱਚ ਆਪਣੀ ਉਮਰ ਜੇਡੀ ਲੰਮੀ ਅਕਲ ਦਾ ਧਾਰਨੀ ਦਿਸਦਾ ਹੈ। ਸਾਨੂੰ ਵੱਡਾ ਵੱਡਾ ਲਗਦਾ ਹੈ।

ਆਖ਼ਰ ਗੁਰਬਖ਼ਸ਼ ਸਿੰਘ ਵਿਚ ਕੀ ਖ਼ੂਬੀ ਏ ਕਿ ਉਹ ਬਿਰਧ ਬਾਬਾ ਨਹੀਂ ਲੱਗਦਾ — ਆਪਣੀਆਂ ਲਿਖਤਾਂ ਅਤੇ ਹੋਰ ਵਰਤਾਵੇ ਤੋਂ? ਚੰਡੀਗੜ੍ਹ ਕੋਈ ੭/੮ ਸਾਲ ਹੋਏ ਇਕ ਪ੍ਰੋਫ਼ੈਸਰ ਮਿੱਤਰ ਨੇ ਉਹਨਾਂ ਨੂੰ ਚਾਹ ਤੇ ਬੁਲਾਇਆ। ਸਾਨੂੰ ਵੀ ਕੁਝ ਹੋਰ ਲੋਕਲ ਸਾਹਿਤਕਾਰਾਂ ਸਮੇਤ ਉਥੇ ਸਦਿਆ। ਪ੍ਰੋਫ਼ੈਸਰ ਸਾਹਿਬ ਦੀ ਧਰਮ-ਪਤਨੀ ਨੇ ਬੜੇ ਸਲੀਕੇ ਨਾਲ ਮੇਜ਼ ਤੇ ਕਾਫ਼ੀ ਕੁਝ ਪਰੋਸਿਆ। ਪਰ ਜਦ ਸਾਰੇ ਮਹਿਮਾਨ ਚਾਹ ਦੀ ਮੇਜ਼ ਤੇ ਇਕੱਠੇ ਹੋਏ; ਤਾਂ ਪ੍ਰੋਫ਼ੈਸਰ ਦੀ ਸੰਗਾਊ ਧਰਮ ਪਤਨੀ, ਜੋ ਪਿਛਲੇ ੧੭/੧੯ ਸਾਲ ਤੋਂ ਸਾਡੀ ਮਾਨਯੋਗ ਵੱਡੀ ਭਾਬੀ ਹੈ, (ਪਰ ਹਮੇਸ਼ਾ ਅਸਾਂ ਸਭਨਾਂ ਤੋਂ ਕੰਨਿਆਉਂਦੀ ਏ) ਚਾਹ ਪੀਣ ਲਈ ਨਾਲ ਸ਼ਾਮਲ ਨਾ ਹੋਈ। ਸ: ਗੁਰਬਖ਼ਸ਼ ਸਿੰਘ ਨੇ ਕਿਹਾ, "ਕਿੱਥੇ ਹਨ ਉਹ ਅਦਿੱਖ, ਕਿਰਤੀ, ਸੁਚੱਜੇ ਹੱਥ ਜਿਨ੍ਹਾਂ ਇਹ ਪਦਾਰਥ ਤਿਆਰ ਕੀਤੇ ਹਨ — ਆਓ ਮੇਰੀ ਪੁਤਰੀ, ਇੰਜ ਨਹੀਂ ਅਸੀਂ ਚਾਹ ਪੀਆਂਗੇ, ਉਚੇਚ ਛੱਡੋ ਤੇ ਆਉ, ਹੁਣ ਸਾਰਾ ਟੱਬਰ ਰਲ ਕੇ ਚਾਹ ਪੀਵੀਏ"; ਇੰਜ ਸਾਡੀ ਭਾਬੀ ਸਾਡੇ ਟੱਬਰ ਵਿਚ ਪਹਿਲੀ ਵਾਰੀ ਸ਼ਾਮਲ ਹੋਈ। ਸਾਡੀ ਇਕ ਸਥਾਨਕ ਧਰਮ-ਭੈਣ ਏਸ ਗੱਲੋਂ ਹਮੇਸ਼ਾ ਗੌਰਵ ਪ੍ਰਗਟ ਕਰਦੀ ਹੈ ਕਿ ਉਹਨਾਂ ਦੇ ਆਨੰਦ ਕਾਰਜ ਸਮੇਂ ਗੁਰਬਖ਼ਸ਼ ਸਿੰਘ ਨੇ ਸਿੱਖਿਆ ਦਿਤੀ ਸੀ। ਇਸ ਸਿੱਖਿਆ ਦੇ ਪ੍ਰਭਾਵ ਹੇਠ ਹੀ ਉਸ ਸੁਅੰਗਣੀ ਵਿਅਕਤੀ ਦੇ ਖੁੱਲ੍ਹੇ ਖ਼ੁਲਾਸੇ-ਪਣ ਤੋਂ ਕਈ ਵਾਰੀ ਮਾਹੌਲ ਦੀ ਟੈਨਸ਼ਨ ਦੂਰ ਹੋਈ। ਇੰਜ ਕਈ ਸਰਾਪੀਆਂ ਰੂਹਾਂ ਬਖ਼ਸ਼ੀਆਂ ਗਈਆਂ, ਸਾਧਾਰਨ ਵਿਅਕਤੀਆਂ ਘੱਟ ਗੁੰਝਲਦਾਰ

ਹੋ ਵਿਚਰਨ ਲਗੀਆਂ ਅਤੇ ਕਈਆਂ ਦੀ ਨੈਣ-ਜਯੋਤੀ ਵਿਚ ਸ਼ੋਖ਼ੀ ਏਸ ਲਿਬਰੇਟਰ ਦੀਆਂ ਲਿਖਤਾਂ ਪੜ੍ਹ ਕੇ ਆਈ। ਸਾਧਾਰਣ ਸੂਝ ਤੀਖਣ-ਬਿਬੇਕ-ਬੁੱਧੀ-ਵੇਤਾ ਬਣੀ। ਗੁਰਬਖ਼ਸ਼ ਸਿੰਘ ਨੇ ਮੇਰੀ ਜਾਚੇ "ਦਿਲ ਦੀ ਪੀੜ" ਨੂੰ "ਨਰੋਇਆਂ ਰਖਿਆ ਹੈ" — ਬਾਹਰ ਗਿਆਂ ਪ੍ਰੀਤ ਪਾਠਕਾਂ ਨੂੰ ਇੰਜ ਚਿੱਠੀਆਂ ਲਿਖਦਾ ਹੈ, ਜਿਵੇਂ ਸੱਚ ਮੁੱਚ ਉਹਨਾਂ ਨੂੰ ਇਹਦਾ ਹੇਰਵਾ ਹੋਵੇ, ਅਤੇ ਇੰਜ ਸੱਚ ਮੁੱਚ ਉਹ ਪਾਠਕਾਂ ਤੋਂ ਹਮਦਰਦੀ ਅਤੇ ਪਿਆਰ ਖਸ ਲੈਂਦਾ ਹੈ; ਉਹਨਾਂ ਨੂੰ ਉਚੇ ਚੱਜ ਆਚਾਰ ਰਾਹੀਂ ਮੋਹ ਲੈਂਦਾ ਹੈ; ਅਤੇ ਆਪਣੇ ਇਕ ਸ਼ੇਅਰ ਰਾਹੀਂ ਗੱਲ ਮੁਕਾਂਦਾ ਹਾਂ ਜੋ ਗੁਰਬਖ਼ਸ਼ ਸਿੰਘ ਦੇ ਜੀਵਨ ਪ੍ਰਤਿ ਉਤਸ਼ਾਹ ਦੇ ਪ੍ਰਥਾਇ ਸਮਝੋ:

"ਉਮਰਾ ਨੇ ਕਈ ਸਾਲ ਲਿਤਾੜੇ
ਦਿਲ ਦੀ ਪੀੜ ਨਰੋਈ ਵੇ ਹੋ
ਕੀ ਇਹ ਵਸਤ ਇਸ਼ਕ ਗ਼ਮ ਬਖ਼ਸ਼ੀ ?
ਰੋਜ਼ ਪੁਛੇਂਦਾ ਕੋਈ ਵੇ ਹੋ !!"



# ਕਿਰਤੀਆਂ ਦਾ ਲਿਖਾਰੀ – ਗੁਰਬਖ਼ਸ਼ ਸਿੰਘ

ਡਾ: ਦਲੀਪ ਸਿੰਘ 'ਦੀਪ'

ਗੁਰਬਖ਼ਸ਼ ਸਿੰਘ ਮੂਲ ਤੌਰ ਤੇ ਇਕ ਕਿਸਾਨ ਹਿਤੂ ਲੇਖਕ ਹੈ। ਕਿਰਤ ਉਸ ਦਾ ਪਰਮ ਧਰਮ ਹੈ। ਉਸ ਨੇ ਕਿਰਤ ਦੇ ਉਸਾਰੂ ਵਸਫ਼ ਬਾਰੇ ਪੜ੍ਹਿਆ, ਸੁਣਿਆ, ਅਨੁਭਵਿਆ! ਉਸ ਨੂੰ ਕਿਰਤੀਆਂ ਦੇ ਸਾਥ ਵਿਚੋਂ ਨਿਘ, ਪਰੇਰਨਾ ਅਤੇ ਤਾਜ਼ਗੀ ਮਿਲੀ, ਜਿਸ ਨੂੰ ਉਸ ਨੇ ਜੀਵਨ ਦਾ ਅਸਲੀ ਉਸਰੱਈਆ ਆਖਿਆ, ਜਿਨ੍ਹਾਂ ਦਾ ਉਹ ਸਨੇਹੀ ਬਣਿਆ, ਵਕੀਲ ਬਣਿਆ ਅਤੇ ਆਗੂ ਸਦਾਇਆ। ਉਸ ਦੇ ਸਾਹਿਤ ਦੇ ਵਿਸ਼ੇਸ਼ ਵਿਸ਼ਿਆਂ ਵਿਚੋਂ ਕਿਰਤ ਅਤੇ ਕਿਰਤੀਮੁਖ ਵਿਸ਼ੇ ਹਨ।

ਗੁਰਬਖ਼ਸ਼ ਸਿੰਘ ਦੀਆਂ ਰਚਨਾਵਾਂ ਨੂੰ ਪੜ੍ਹਦਿਆਂ ਇੰਜ ਲਗਦਾ ਹੈ ਕਿ ਜਿਵੇਂ ਉਸ ਦੇ ਕਿਰਤ ਅਤੇ ਕਿਰਤੀ ਦੇ ਵਿਚਾਰਾਂ ਵਿਚ ਕਾਰਲ ਮਾਰਕਸ ਦੇ ਕਿਰਤ-ਸੰਕਲਪ ਦੀ ਰੂਹ ਬੋਲਦੀ ਹੋਵੇ ਅਤੇ ਉਹ ਉਸੇ ਤਰ੍ਹਾਂ ਹੀ ਕਿਰਤੀਆਂ ਕਾਮਿਆਂ ਦੇ ਰਾਜ ਲਈ ਇਨਕਲਾਬ ਦੀ ਚਨੌਤੀ ਦੇ ਰਿਹਾ ਹੋਵੇ। ਇਸ ਵਿਚ ਸੰਦੇਹ ਨਹੀਂ ਕਿ ਕਮਿਊਨਿਸਟ ਦੇਸ਼ਾਂ ਦੇ ਭਰਮਣ ਨੇ ਉਸ ਅੰਦਰ 'ਕਿਰਤ ਪਰਮੋ ਧਰਮੋ' ਦੀ ਭਾਵਨਾ ਨੂੰ ਪ੍ਰਜ੍ਵਲਤ ਕੀਤਾ ਅਤੇ 'ਜੋ ਕਿਰਤ ਕਰੇ ਸੁ ਖਾਏ, ਕਾਹਿਲ ਭੁੱਖਾ ਮਰ ਜਾਏ' ਦੇ ਮਾਟੋ ਨੂੰ ਸਾਹਮਣੇ ਰਖ ਕੇ ਦੇਸ਼ ਦੇ ਵਰਤਮਾਨ ਨਜ਼ਾਮ ਨੂੰ ਬਦਲਣ ਦੀ ਕਲਪਨਾ ਕੀਤੀ, ਜਿਥੇ ਵਿਹਲੜ ਚਤੁਰਤਾ ਦੇ ਹਥਿਆਰ ਅਤੇ ਪੂੰਜੀ ਦੇ ਬਲ ਨਾਲ ਸ੍ਰੇਸ਼ਟ ਨਹੀਂ ਅਖਵਾਏਗਾ ਅਤੇ ਜਿਥੇ ਘਾਲਣਾ ਘਾਲਣ ਵਾਲਾ ਰਜ ਕੇ ਖਾਏਗਾ ਅਤੇ ਸਰਦਾਰ ਅਖਵਾਏਗਾ। ਪਰ ਕਿਰਤ ਅਤੇ ਕਿਰਤੀ ਬਾਰੇ ਭਾਵਨਾ ਦਾ ਵਿਸ਼ੇਸ਼ ਸ੍ਰੋਤ ਉਸ ਲਈ ਸਿੱਖ ਗੁਰੂ ਹਨ, ਜਿਨ੍ਹਾਂ ਨੇ 'ਪਰ ਧਨ', 'ਪਰ ਹਕ', 'ਪਰ ਕਿਰਤ' ਤੇ ਪਲਣ ਵਾਲੇ ਪੂੰਜੀਪਤੀ ਅਖੌਤੀ ਸ੍ਰੇਸ਼ਟ ਭਦਰ ਪੁਰਸ਼ਾਂ ਦੀ ਬਿਰਤੀ ਵਿਚੋਂ ਲਹੂ ਦਰਸਾ ਕੇ, ਪੂੰਜੀ ਵਡਿਆਈ ਦੇ ਤਲਿਸਮ ਨੂੰ ਉਡਾਇਆ ਅਤੇ ਦੁੱਧ ਵਰਗੀ ਪਵਿੱਤਰ ਕਿਰਤ ਕਰਨ ਵਾਲੇ ਸਾਧਾਰਨ ਵੇਸ ਅਤੇ ਜੀਵਨ ਵਾਲੇ ਅਣਗੌਲੇ ਮਨੁੱਖ ਨੂੰ ਸਮਾਜ ਦਾ ਸ਼੍ਰੋਮਣੀ ਪੁਰਖ ਕਿਹਾ, ਜਿਸ ਦਾ ਕਿ ਗੁਰੂ ਨਾਨਕ ਬਣਿਆ ਅਤੇ ਜਿਸ ਨੂੰ ਸਮਾਜ ਵਿਚ ਮਹਾਨ ਸਥਾਨ ਦੇਣ ਦੀ ਜਿਸ ਨੇ ਆਵਾਜ਼ ਉਠਾਈ। ਉਸ ਦੀ ਸੰਗਤ ਵਿਚ ਰੱਬ ਵਸਦਾ ਦੱਸਿਆ। ਜਿਸ ਦੀ ਭਾਵਨਾ ਸਮੁੱਚੇ ਜੀਵਨ ਨੂੰ ਛਿਲ ਰੰਦ ਕੇ ਨਵਾਂ ਰੂਪ ਦੇਂਦੀ ਰਹਿੰਦੀ ਹੈ। ਕਿਰਤ ਗੁਰੂ ਨਾਨਕ ਦੇ ਬੁਨਿਆਦੀ ਅਸੂਲਾਂ ਵਿਚੋਂ ਇਕ ਹੈ ਅਤੇ ਗੁਰਬਖ਼ਸ਼ ਸਿੰਘ ਜਦ ਵੀ ਗੁਰੂ ਦਰਸ਼ਨ ਅਤੇ ਜੀਵਨ ਦੇ ਇਸ ਪੱਖ ਬਾਰੇ ਲਿਖਦਾ ਹੈ ਤਾਂ ਉਸ ਦੀ ਕਲਮ ਅੰਦਰ ਨਵੇਂ ਪ੍ਰਾਣ ਆ ਜਾਂਦੇ ਹਨ। ਉਸ ਦੀ ਭਾਵਨਾ ਵਜਦ ਵਿਚ ਆਉਂਦੀ ਹੈ। 'ਕੋਧਰੇ ਦੀ ਰੋਟੀ' ਇਕਾਂਗੀ ਇਸੇ ਇਕ ਆਸ਼ੇ ਤੇ ਲਿਖੀ ਇਕ ਸੁੰਦਰ ਕਿਰਤ ਹੈ।

ਕਿਰਤੀਆਂ ਦੀ ਸਰਦਾਰੀ ਦੇ ਵਿਚਾਰ ਨੂੰ ਵਿਸ਼ੇਸ਼ ਬਲ ਦੇਣ ਵਾਲੇ ਮਹਾਨ ਆਗੂ ਨਾਨਕ ਦੀ ਇਸ ਮਹਾਨ ਦੇਣ ਦਾ ਚੇਤਾ ਕਰਦਿਆਂ ਹੀ ਉਸ ਦੇ ਭਾਵ ਸ਼ਰਧਾ ਨਾਲ ਉਛਾਲੇ ਮਾਰਦੇ ਹਨ, ਜਿਸ ਨੂੰ ਪ੍ਰਗਟਾਉਂਦਾ ਉਹ ਕਹਿੰਦਾ ਹੈ : "ਮੈਂ ਨਿਧਰਿਆਂ ਦੀ ਧਿਰ ਬਾਬੇ ਨਾਨਕ ਦੇ ਸ੍ਰੀ ਮੁਖ ਵਾਕ ਦੀ ਓਟ ਲੈ ਕੇ ਆਪਣਾ ਦਿਲ ਪੇਸ਼ ਕਰਦਾ ਹਾਂ, ਤੇ ਆਪਣੇ ਸਰਲ ਦਿਲ ਤੇ ਕਾਮੇ ਵੀਰਾਂ ਦਾ ਧਿਆਨ ਬਾਬਾ ਜੀ ਦੀ ਬੰਧਨ-ਤੋੜ ਸ਼ਖ਼ਸੀਅਤ ਵਲ ਕਰਾਣਾ ਚਾਹੁੰਦਾ ਹਾਂ" (ਪਰਮ ਮਨੁੱਖ — ੨੮)। 'ਉਸ ਸ਼ਖ਼ਸੀਅਤ ਨੇ ਕਾਮਿਆਂ ਦੇ ਸਵੈਮਾਨ ਨੂੰ ਉਭਾਰਿਆ। ਉਹ ਖੇਤਾਂ ਵਿਚ ਕਾਮਿਆ ਕੋਲ ਗਏ। ਉਹਨਾਂ ਨੂੰ ਤਸੱਲੀ ਦਿਤੀ ਕਿ ਉਹਨਾਂ ਦੀ ਵਾਹੀ ਹੀ ਬੰਦਗੀ ਹੈ। ਉਹ ਹਲ ਨਾਲ ਧਰਤੀ ਵਿਚ ਸਿਆੜ ਨਹੀਂ ਕੱਢਦੇ, ਉਹ ਜ਼ਿੰਦਗੀ ਦੇ ਵੇਦ ਸ਼ਾਸਤਰ ਲਿਖ ਰਹੇ ਹਨ......ਉਹਨਾਂ ਕੰਮ ਨੂੰ ਹੀ ਜ਼ਿੰਦਗੀ ਦਾ ਅਸਲੀ ਰਾਹ ਦੱਸਿਆ......ਜਿਸ ਨੇ ਪਿੰਡ ਪਿੰਡ ਸ਼ਹਿਰ ਸ਼ਹਿਰ ਫਿਰ ਕੇ ਕਿਰਤ ਕਮਾਈ ਦੀ ਬਾਦਸ਼ਾਹਤ ਦਾ ਸੁਨੇਹਾ ਦਿਤਾ......ਕਿਸਾਨਾਂ ਨੂੰ ਬਹੁਤ ਘਟ ਅੱਗੇ ਕਿਸੇ ਰਹਿਬਰ ਨੇ ਏਡੀ ਵੱਡੀ ਤਸੱਲੀ ਦਿਤੀ ਹੋਵੇਗੀ। ਕਾਮਿਆਂ ਦੀ ਮੁਸ਼ੱਕਤ ਭਰੀ ਜ਼ਿੰਦਗੀ ਨੂੰ ਹਰ ਕੋਈ ਅੱਗੇ ਪਿਛੇ ਦੀਆਂ ਆਸਾਂ ਨਾਲ ਹੋਰ ਗੁੰਝਲਦਾਰ ਬਣਾਈ ਰਖਦਾ ਸੀ। ਪਰ ਗੁਰੂ ਸਾਹਿਬ ਨੇ ਕੰਮ ਦੀ ਵਡਿਤਣ ਦਾ ਨਾਅਰਾ ਜਨਤਾ ਦੇ ਕੰਨੀਂ ਪਾਇਆ, (ਪਰਮ ਮਨੁੱਖ)।

ਕਿਰਤ ਵਿਚ ਕਰਤਾਰੀ ਗੁਣ ਹੁੰਦਾ ਹੈ। ਰੱਬ ਨੇ ਕਿਰਤੀ ਨੂੰ ਬਣਾਇਆ ਹੈ ਅਤੇ ਕਿਰਤੀ ਸੰਸਾਰ ਨੂੰ ਬਣਾਂਦਾ ਹੈ। ਉਹ ਇਕ ਕਲਾਕਾਰ ਹੈ ਜੋ ਜੀਵਨ ਨੂੰ ਸੁਹਣਾ ਬਣਾਉਣ ਲਈ ਚਿਤਵਦਾ ਹੈ ਅਤੇ ਉਸ ਦੀ ਮਿਹਨਤ ਅਮਲੀ ਰੂਪ ਦੇ ਕੇ ਸਾਕਾਰ ਕਰਦੀ ਹੈ। ਚੰਗਾ ਬਣਨ ਬਣਾਉਣ ਦੀ ਕਲਪਨਾ ਤਾਂ ਕਈ ਕਰ ਸਕਦੇ ਹਨ, ਪਰ ਚੰਗਾ ਬਣਨਾ ਬਣਾਉਣਾ ਕਿਰਤੀ ਨੂੰ ਹੀ ਆਉਂਦਾ ਹੈ। ਬਿਨਾਂ ਕਿਰਤੀ ਦੇ ਸਭ ਕੁਝ ਖਲੋਤਾ ਖਲੋਤਾ ਹੀ ਰਹਿ ਜਾਵੇ। ਗੁਰਬਖ਼ਸ਼ ਸਿੰਘ ਆਪਣੇ ਬਾਲਪਣ ਵਿਚ ਗਵਾਂਢ ਵਿਚ ਰਹਿੰਦੇ ਕੂਚਗਰ ਨੂੰ ਵੇਖਦਾ ਹੈ ਜਿਸ ਦੀ ਰੰਗੀਨ ਉਸਾਰੂ ਕਲਾ ਤੋਂ ਉਹ ਇਸ ਕਦਰ ਪ੍ਰਭਾਵਤ ਹੁੰਦਾ ਹੈ ਕਿ ਉਸ ਦੇ ਭਾਵ ਆਪ ਮੁਹਾਰੇ ਬੋਲਦੇ ਹਨ :

"ਮੈਂ ਸੁਣਿਆ ਹੋਇਆ ਸੀ, ਬੰਦਿਆਂ ਨੂੰ ਰੱਬ ਬਣਾਂਦਾ ਹੈ। ਏਸ ਰੱਬ ਦੀ ਤਸਵੀਰ ਕਈ ਵਰ੍ਹੇ ਮੇਰੇ ਮਨ ਵਿਚ ਏਸ ਕੂਚਗਰ ਨਾਲ ਮਿਲਦੀ ਜੁਲਦੀ ਰਹੀ।" (ਨਵਾਂ ਸ਼ਿਵਾਲਾ)

ਫੇਰ ਇਕ ਤਰਖਾਣ ਦੇ ਕੰਮ ਨੂੰ ਵੇਖਦਾ ਹੈ। ਉਹਦੀ ਕਰਤਾਰੀ ਕਲਾ ਦਾ ਪ੍ਰਸੰਸਨੀਯ ਬਣ ਜਾਂਦਾ ਹੈ। ਉਹ ਖ਼ੁਸ਼ੀ ਮਾਨਣ ਵਾਲਿਆਂ ਨੂੰ ਖ਼ੁਸ਼ੀ ਪੈਦਾ ਕਰਨ ਵਾਲੇ ਅਜਿਹੇ ਕਲਾਕਾਰਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਂਦਾ ਹੈ :

"ਇਕ ਤਰਖਾਣ ਆਪਣੇ ਅੱਡੇ ਤੇ ਬੈਠਾ ਕੰਮ ਕਰ ਰਿਹਾ ਸੀ। ਉਹਦੇ ਇਕ ਪਾਸੇ ਗਟੂਆਂ ਗੇਲੀਆਂ ਦਾ ਢੇਰ ਸੀ। ਇਹਨਾਂ 'ਚੋਂ ਗੰਢਾਂ ਕੱਢ ਕੇ, ਉਹ ਸ਼ਾਹ ਕਾਰੀਗਰ ਸ਼ਿੰਗਾਰ — ਮੇਜ਼ ਬਣਾਂਦਾ ਸੀ। ਆਹ; ਕਿਹੋ ਜਿਹੇ ਉਹ ਮੇਜ਼ — ਕਿ ਇਨਸਾਨੀ ਹੁਸਨ ਵੀ ਉਹਨਾਂ ਸਾਹਮਣੇ ਲਾ ਜਵਾਬ ਖਲੋ ਜਾਂਦਾ ਸੀ। ਇਹ ਜਮਾਂਦਰੂ ਕਲਾਕਾਰ ਹਨ — ਜ਼ਿੰਦਗੀ ਦੇ ਜਾਦੂਗਰ, ਪਿਆਰੇ ਤੇ ਪੂਜਯ। ਇਹ ਪਰੇਰਦੇ ਤੇ ਜ਼ਿੰਦਗੀ ਵਿਚ ਖ਼ੁਸ਼ੀ ਵਧਾਂਦੇ ਹਨ। ਇਹਨਾਂ ਦੇ ਸਾਹਮਣੇ ਸਾਡੀ ਬੁਰਾਈ ਬੇ-ਹਰਕਤ ਤੇ ਹੁਸਨ-ਤਰਿਸ਼ਨਾ ਧ੍ਰੂ ਬਣ ਜਾਂਦੀ ਹੈ।"

ਕਲਾ ਦੀ ਸਿਰਜਨਾ ਮਿਹਨਤ ਨਾਲ ਹੀ ਹੁੰਦੀ ਹੈ। ਮਿਹਨਤੀ ਮਨੁੱਖ ਕੁਝ ਨਾ ਕੁਝ



ਉਸਾਰੀ ਵਿਚ ਯੋਗਦਾਨ ਦੇਂਦਾ ਹੈ। ਲੇਖਕ ਦਾ ਅਹਿਸਾਸ ਹੈ ਕਿ 'ਅਸੀਂ ਸਾਰੇ, ਸਾਧਾਰਨ ਮਿੱਟੀ ਦੇ ਬਣੇ ਹੋਏ, ਇਹੋ ਜਿਹੇ ਕਲਾਕਾਰ ਭਾਵੇਂ ਨਹੀਂ ਬਣ ਸਕਦੇ।......ਤਾਂ ਵੀ ਆਪਣੀ ਛੋਟੀ ਜਿਹੀ ਜ਼ਿੰਦਗੀ ਨੂੰ ਮਿਹਨਤ ਤੇ ਸਬਰ ਨਾਲ ਅਸੀਂ ਸਾਰੇ ਕਲਾ ਦਾ ਇਕ ਟੁਕੜਾ ਬਣਾ ਸਕਦੇ ਹਾਂ' (ਨਵਾਂ ਸ਼ਿਵਾਲਾ — ੧੨)।

ਕਿਸੇ ਦੇਸ਼ ਦੀ ਅਮੀਰੀ ਸੋਨੇ ਚਾਂਦੀ ਦੀਆਂ ਖਾਨਾਂ ਨਾਲ ਨਹੀਂ ਹੁੰਦੀ। ਸੋਨਾ ਚਾਂਦੀ ਜਾਂ ਹੋਰ ਸੰਪਤੀ ਪਈ ਹੋਈ ਸੁੰਦਰਤਾ ਮਈ ਆਕਰਸ਼ਣ ਨਹੀਂ ਬਣ ਜਾਂਦੀ। ਪਦਾਰਥ ਜਾਂ ਸਮਗਰੀ ਨੂੰ ਜਦ ਕਾਰੀਗਰ ਮਿਹਨਤ ਅਤੇ ਜੁਗਤੀ ਨਾਲ ਰੂਪ ਦੇਂਦਾ ਹੈ ਤਾਂ ਉਹ ਜੀਵਨ ਦੀ ਸੁਹਣਪ, ਅਮੀਰੀ ਅਤੇ ਖ਼ੁਸ਼ੀ ਦਾ ਅਸਲ ਯੋਗ ਸਾਧਨ ਬਣਦਾ ਹੈ। ਦੇਸ਼ ਨੂੰ ਅਮੀਰ ਬਣਾਉਣ ਵਾਲੇ ਇਹਨਾਂ ਕਿਰਤੀਆਂ ਦੀ ਮਹਾਨਤਾ ਦੀ ਲੇਖਕ ਸੋਝੀ ਕਰਾਂਦਾ ਹੈ :

"ਹਰੇਕ ਕੁਰਸੀ, ਹਰੇਕ ਤਸਵੀਰ, ਹਰੇਕ ਮੋਟਰ, ਹੁਨਰ ਤੇ ਮਿਹਨਤ ਨਾਲ ਬਣਾਨੀ ਪੈਂਦੀ ਹੈ ਤੇ ਹਰੇਕ ਫੁੱਲ ਹੁਨਰ ਤੇ ਮਿਹਨਤ ਨਾਲ ਉਗਾਣਾ ਪੈਂਦਾ ਹੈ। ਸੋਨਾ ਚਾਂਦੀ ਅਮੀਰੀ ਨਹੀਂ, ਚੀਜ਼ਾਂ ਅਮੀਰੀ ਹਨ, ਜਿਹੜੀਆਂ ਲੋਕ ਬਣਾਂਦੇ ਹਨ। ਨਹਿਰਾਂ, ਪੁਲ, ਸੜਕਾਂ, ਮਕਾਨ, ਰੇਲਾਂ, ਫ਼ਰਨੀਚਰ, ਅਨਾਜ, ਬਿਜਲੀ, ਮਸ਼ੀਨਾਂ, ਦਰੀਆਂ, ਕਾਲੀਨ, ਕਪੜੇ, ਗਹਿਣੇ ਤੇ ਅਨਗਿਣਤ ਚੀਜ਼ਾਂ ਅਮੀਰੀ ਹਨ। ਸੜਕਾਂ ਪੱਥਰਾਂ ਦੀਆਂ ਬਣਦੀਆਂ ਹਨ, ਪੱਥਰਾਂ ਨਾਲ ਸਾਡੇ ਪਹਾੜ ਭਰੇ ਪਏ ਹਨ। ਕੁਰਸੀਆਂ ਮੇਜ਼ ਸਟੂਲ ਲੱਕੜੀ ਦੇ ਬਣਦੇ ਹਨ, ਤੇ ਟਾਹਲੀਆਂ, ਦਿਉਦਾਰ, ਸਾਗਵਾਨ ਮੁਦਤਾਂ ਤੋਂ ਕੰਵਾਰੇ ਸਾਡੇ ਜੰਗਲਾਂ ਵਿਚ ਝੂੰਮ ਰਹੇ ਹਨ। ਸਾਡੀਆਂ ਕਾਨਾਂ ਲੋਹੇ ਤੇ ਕੋਇਲੇ ਨਾਲ ਆਫ਼ਰੀਆਂ ਸਾਡੇ ਹੱਥਾਂ ਵਲ ਇਸ਼ਾਰੇ ਕਰ ਰਹੀਆਂ ਹਨ।......ਦੌਲਤ ਲੁੱਟ ਕੇ ਨਹੀਂ ਲਿਆਂਦੀ ਜਾਂਦੀ, ਆਪਣੀ ਧਰਤੀ 'ਚੋਂ ਪੁੱਟ ਕੇ ਕੱਢੀ ਜਾਂਦੀ ਹੈ।"। (ਨਵਾਂ ਸ਼ਿਵਾਲਾ — ੨੫-੨੬)

ਕਿਰਤ ਨਾਲ ਹੀ ਕਲਿਆਣ ਹੈ। ਲੇਖਕ ਨੇ ਪੱਛਮੀ ਦੇਸ਼ਾਂ ਦੀ ਪ੍ਰਗਤੀ ਦਾ ਰਾਜ਼ ਇਹੋ ਹੀ ਲੱਭਿਆ ਕਿ ਉਥੇ ਵਧੇਰੇ ਕਰ ਕੇ ਕਾਮੇ ਹਨ। ਕੰਮ ਲਈ ਉਹਨਾਂ ਨੂੰ ਲਗਨ ਹੈ, ਕੰਮ ਵਿਚੋਂ ਉਹਨਾਂ ਨੂੰ ਅਨੰਦ ਮਿਲਦਾ ਹੈ। ਕੰਮ ਕਰਨ ਨੂੰ ਘਟੀਆਪਨ ਨਹੀਂ ਸਮਝਦੇ ਜਿਵੇਂ ਕਿ ਸਾਡੇ ਦੇਸ਼ ਵਿਚ ਅਕਸਰ ਅਹਿਸਾਸ ਹੈ। ਕਾਮੇ ਨੂੰ ਸਮਾਜ ਵਿਚ ਇੱਜ਼ਤ ਹੈ। ਅਸੀਂ ਕਾਮੇ ਨੂੰ 'ਕੰਮੀ' ਕਹਿ ਕੇ ਤ੍ਰਿਸਕਾਰਦੇ ਹਾਂ। ਬਿਨਾਂ ਹੱਥੀਂ ਕੰਮ ਕਰਨ ਵਾਲਾ ਚਿੱਟ-ਕਪੜੀਆ ਸਤਿਕਾਰ ਦਾ ਪਾਤਰ ਬਣਦਾ ਹੈ। ਦੇਸ਼ ਉਸਾਰੀ ਦੀ ਪਰਬਲ ਭਾਵਨਾ ਵਾਲਾ ਗੁਰਬਖ਼ਸ਼ ਸਿੰਘ ਦੁੱਖ ਮਹਿਸੂਸ ਕਰਦਾ ਹੈ ਜਦ ਕਿ ਦੇਸ਼ ਦੇ ਅਸਲ ਉਸਰੱਈਆਂ ਨੂੰ ਆਦਰ ਨਹੀਂ ਮਿਲਦਾ ਅਤੇ ਦੂਜਿਆਂ ਦੀ ਕਿਰਤ ਤੇ ਪਲਣ ਵਾਲੀਆਂ ਸਤਿਕਾਰ ਯੋਗ ਹਸਤੀਆਂ ਅਖਵਾਉਂਦੀਆਂ ਹਨ। ਲੇਖਕ ਵਿਅੰਗ ਕਰਦਾ ਹੈ :

"ਮਿਹਨਤ ਕਰਨ ਵਾਲੇ ਲੋਕ ਬਹੁਤ ਨਹੀਂ ਹੁੰਦੇ, ਖ਼ਾਸ ਕਰ ਕੇ ਸਾਡੇ ਦੇਸ਼ ਵਿਚ, ਜਿਥੇ ਵਿਹਲੜਾਂ ਨੂੰ ਅੱਲ੍ਹਾ-ਲੋਕ (ਪ੍ਰਮੇਸ਼ਰ-ਪਹੁਤੇ) ਹੋਣ ਦਾ ਸਤਿਕਾਰ ਝਟ ਮਿਲ ਜਾਂਦਾ ਹੈ।" (ਅਨੋਖੇ ਤੇ ਇਕੱਲੇ — ੩੯)

ਵਿੱਦਿਆ ਦੇ ਚਾਨਣ ਨਾਲ ਪ੍ਰਜ੍ਵਲਤ ਹੋਣਾ ਜ਼ਰੂਰੀ ਹੈ ਕਿਉਂਕਿ ਅਵਿੱਦਿਆ ਭਰਮ, ਵਹਿਮ ਉਪਜਾਂਦੀ ਮਨੁੱਖੀ ਦ੍ਰਿਸ਼ਟੀ ਨੂੰ ਸੀਮਤ ਹਨੇਰੇ ਵਿਚ ਰਖਦੀ, ਪਰ ਲੇਖਕ ਆਪਣੇ ਦੇਸ਼ ਵਲ ਝਾਤੀ ਮਾਰਦਾ ਮਹਿਸੂਸ ਕਰਦਾ ਹੈ ਕਿ ਏਥੇ ਵਿੱਦਿਆ ਪ੍ਰਾਪਤੀ ਨਾਲ ਅਕਸਰ ਨੌਜਵਾਨ

ਅ-ਕਿਰਤੀ ਬਣ ਜਾਂਦੇ ਹਨ, ਉਹ ਮਿੱਟੀ ਅਤੇ ਪਸੀਨੇ ਤੋਂ, ਜੋ ਜੀਵਨ ਇਮਾਰਤ ਦੀ ਉਸਾਰੀ ਲਈ ਗਾਰੇ ਦਾ ਕੰਮ ਕਰਦੇ ਹਨ, ਦੂਰ ਰਹਿਣ ਵਿਚ ਉਚਿਤ ਸਮਝਦੇ ਹਨ। ਵਰਤਮਾਨ ਯੁਗ ਨੇ ਇਹ ਦਸ ਦਿਤਾ ਹੈ ਕਿ ਜਿਥੇ ਗਿਆਨ-ਵਿਗਿਆਨ ਨੇ ਕਈ ਚਮਤਕਾਰ ਕਰ ਕੇ ਮਨੁੱਖ ਦੀਆਂ ਅੱਖਾਂ ਖੋਹਲ ਦਿਤੀਆਂ ਹਨ ਉਥੇ ਮਨੁੱਖੀ ਮਿਹਨਤ ਅਤੇ ਸਬਰ ਨੇ ਵੀ ਕਮਾਲ ਕਰ ਵਿਖਾਇਆ ਹੈ। ਪ੍ਰਕਿਰਤਕ ਸ਼ਕਤੀ ਨਾਲ ਮਾਨਵ-ਸ਼ਕਤੀ ਹੱਥ ਮਿਲਾਈ ਸਮੁੱਚੇ ਸੰਸਾਰ ਦੇ ਜੀਵਨ ਦੀ ਉਸਾਰੀ ਵਲ ਅਗੇ ਵਧ ਰਹੇ ਹਨ। ਇਸ ਲਈ ਲੇਖਕ ਮਹਿਸੂਸ ਕਰਦਾ ਹੈ ਕਿ ਦੇਸ਼ ਦੀ ਉਸਾਰੀ ਲਈ ਨੌਜਵਾਨਾਂ ਦਾ ਧਿਆਨ ਵਧੇਰੇ ਕਿਰਤ ਦੇ ਕੰਮਾਂ ਵਲ ਹੋਣਾ ਚਾਹੀਦਾ ਹੈ। ਵਿੱਦਿਆ ਦੀ ਰਾਣੀ ਜੇ ਕਿਰਤ ਦੇ ਰਾਣੇ ਨਾਲ ਵਿਆਹੀ ਜਾਵੇ ਤਾਂ ਕਈ ਨੌਨਿਹਾਲ ਕਲਾਵਾਂ ਨੂੰ ਜਨਮ ਦੇ ਸਕਦੇ ਹਨ। ਲੇਖਕ ਦੇਸ਼ ਦੀ ਬੇਰੋਜ਼ਗਾਰੀ ਦੇ ਮਸਲੇ ਨੂੰ ਅਤੇ ਨੌਜਵਾਨਾਂ ਅੰਦਰਲੇ ਵਿਸ਼ਾਦ ਭਾਵ ਨੂੰ ਭਾਂਪਦਾ ਉਹਨਾਂ ਨੂੰ ਪਰੇਰਨਾ ਕਰਦਾ ਹੈ :

"ਤੁਸੀਂ ਪੜ੍ਹੋ-ਖ਼ੂਬ ਪੜ੍ਹੋ, ਪਰ ਚੰਗਾ ਕਿਸਾਨ, ਚੰਗਾ ਤਰਖਾਣ, ਚੰਗਾ ਲੁਹਾਰ, ਚੰਗਾ ਸਾਇੰਸਦਾਨ ਜਾਂ ਚੰਗਾ ਮਸ਼ੀਨਮੈਨ ਜਾਂ ਕਿਸੇ ਤਰ੍ਹਾਂ ਦਾ ਚੰਗਾ ਉਸਾਰੂ ਕਾਮਾ ਬਣਨ ਲਈ ਪੜ੍ਹੋ। ਤੁਸੀਂ ਅਜ ਹੀ ਨਿਰਨਾ ਕਰੋ, ਤੁਹਾਡੇ ਸ਼ੌਕ ਕੀ ਹਨ, ਤੁਸੀਂ ਉਸਰਈਆਂ ਵਿਚ ਕਿਹੜਾ ਥਾਂ ਲੈਣਾ ਚਾਹੋਗੇ। ਕਾਮਿਆਂ ਲਈ ਦੁਨੀਆਂ ਦੀਆਂ ਕਈ ਸਿਖਰਾਂ ਖ਼ਾਲੀ ਪਈਆਂ ਹਨ। ਆਪਣਾ ਹੁਨਰ ਚੁਣ ਕੇ ਉਸ ਦੇ ਲਈ ਪੜ੍ਹਾਈ ਕਰੋ।......ਜ਼ਿੰਦਗੀ ਤਸੀਲਦਾਰ, ਥਾਣੇਦਾਰ, ਸਕੱਤਰ, ਕਮਿਸ਼ਨਰ ਏਨੇ ਨਹੀਂ ਮੰਗਦੀ, ਜਿੰਨੇ ਇਹ ਹੁਨਰਮੰਦ ਕਾਮੇ ਮੰਗਦੀ ਹੈ। ਇਹ ਅਣਗਿਣਤ ਕਾਮੇ ਮੰਗਦੀ ਹੈ। ਹੁਨਰਮੰਦ ਕਾਮੇ ਹੀ ਉਹ ਬੇ-ਫ਼ਿਕਰੀ ਤੇ ਖ਼ੁਦ-ਮੁਖ਼ਤਾਰੀ ਹਾਸਲ ਕਰ ਸਕਦੇ ਹਨ, ਜਿਹੜੀ ਮਨੁੱਖ ਦੀ ਤਾਂਘ ਹੈ।"

"ਅਜ ਤਕ ਝੱਟ ਟਪਾ ਲੈਣਾ ਹੀ ਬੜੀ ਖ਼ੁਸ਼-ਕਿਸਮਤੀ ਗਿਣਿਆਂ ਜਾਂਦਾ ਰਿਹਾ ਹੈ। ਹੁਣ ਉਹ ਜ਼ਮਾਨਾ ਆ ਰਿਹਾ ਹੈ, ਜਿਸ ਵਿਚ ਕੰਮ ਦੀ ਇੱਜ਼ਤ, ਸ਼ਾਨ ਤੇ ਬਹਾਦਰੀ ਸਮਝਿਆ ਜਾਏਗਾ — ਝਟ ਟਪਾਣਾ ਮੌਤ ਨਾਲੋਂ ਚੰਗਾ ਨਹੀਂ ਸਮਝਿਆ ਜਾਏਗਾ।" (ਰੀਝਾਂ ਦੀ ਖੱਡੀ — ੧੭)

ਕਿਰਤ ਵਧੇਰੇ ਗੁਣਕਾਰੀ ਅਤੇ ਲਾਭਦਾਇਕ ਬਣ ਜਾਂਦੀ ਹੈ ਜਦ ਇਲਮ ਅਤੇ ਸਿਖਲਾਈ ਉਸ ਨੂੰ ਸਹੀ ਸੇਧ ਦੇਂਦੀ ਹੈ, ਪਰੇਰਨਾ ਅਤੇ ਸ਼ਕਤੀ ਦੇਂਦੀ ਹੈ। ਪੜ੍ਹਨ ਅਤੇ ਅਮਲ ਦੀ ਸਾਂਝ ਜੀਵਨ ਸਫਲਤਾ ਲਈ ਸਹੀ ਜੁਗਤੀ ਹੈ। ਨਿਰਾਸਤਾ ਨੂੰ ਆਸਤਾ ਵਿਚ ਬਦਲਣ ਅਤੇ ਜੀਵਨ ਨੂੰ ਮਾਲਾਮਾਲ ਕਰਨ ਲਈ ਗੁਰਬਖ਼ਸ਼ ਸਿੰਘ ਸਹੀ ਦ੍ਰਿਸ਼ਟੀ ਦੇਂਦਾ ਹੈ :

"ਦੁਨੀਆਂ ਦੇ ਕੋਠੇ ਸੁਨਹਿਰੀ ਦਾਣਿਆਂ ਨਾਲ ਉਹੀ ਕਿਸਾਨ ਭਰ ਸਕਦਾ ਹੈ, ਜਿਸ ਨੇ ਖੇਤੀ-ਬਾੜੀ ਉਤੇ ਕਿੰਨਾ ਕੁਝ ਪੜ੍ਹਿਆ ਤੇ ਕਿੰਨਾ ਤਜਰਬਾ ਕੀਤਾ ਹੋਵੇਗਾ। ਲੀਰਾਂ ਵਗਦੀ ਦੁਨੀਆਂ ਨੂੰ ਸੋਹਣੇ ਪਹਿਰਣ ਨਾਲ ਉਹੀ ਸ਼ਿੰਗਾਰ ਸਕਦਾ ਹੈ, ਜਿਹੜੀ ਥੋੜ੍ਹੀ ਮਿਹਨਤ ਨਾਲ ਬਹੁਤਾ ਕਪੜਾ ਬੁਣਨ ਵਾਲੀਆਂ ਮਸ਼ੀਨਾਂ ਚਲਾਣਾ ਸਿਖਦਾ ਹੈ। ਹਨੇਰੀ ਦੁਨੀਆਂ ਨੂੰ ਉਹੀ ਜਗਮਗਾ ਸਕਦਾ ਹੈ ਜਿਹੜਾ ਬਿਜਲੀ ਦੇ ਕੰਮਾਂ ਵਿਚ ਮਹਾਰਤ ਹਾਸਲ ਕਰਦਾ ਹੈ।" (ਰੀਝਾਂ ਦੀ ਖੱਡੀ-੧੭)

ਨੌਜਵਾਨਾਂ ਨੂੰ ਪੜ੍ਹਾਈ ਕਰ ਕੇ ਭਵਿਖਤ ਦੀ ਨਿਰਾਸਤਾ ਤੋਂ ਬਚਣ ਲਈ ਸਾਵਧਾਨ ਕਰਦਾ ਹੋਇਆ ਰੋਜ਼ੀ ਲਈ ਸਹੀ ਅਗਵਾਈ ਦੇਂਦਾ ਹੈ :

"ਜ਼ਿੰਦਗੀ ਦੇ ਬੜੇ ਹੁਨਰ ਹਨ, ਇਹਨਾਂ ਹੁਨਰਾਂ ਲਈ ਪੜ੍ਹੋ। ਨਿਰਾ ਹਿਸਾਬ, ਨਿਰਾ



ਜੁਗਰਾਫ਼ੀਆ, ਨਿਰਾ ਇਤਿਹਾਸ ਪੜ੍ਹਿਆਂ ਤੁਸੀਂ ਕਿਸੇ ਦਫ਼ਤਰ ਦੇ ਕਲਰਕ ਬਣ ਸਕਦੇ ਹੋ, ਪਰ ਦੁਨੀਆਂ ਦੇ ਉਸਰੱਈਏ ਨਹੀਂ ਬਣ ਸਕਦੇ। ਆਉਣ ਵਾਲੇ ਜ਼ਮਾਨੇ ਵਿਚ ਖ਼ਿਤਾਬ, ਮੁਖ ਕਲਰਕਾਂ, ਠੇਕੇਦਾਰਾਂ ਤੇ ਅਫ਼ਸਰਾਂ ਨੂੰ ਨਹੀਂ ਦਿਤੇ ਜਾਣਗੇ, ਸਗੋਂ ਬਹੁਤੀ ਕਣਕ ਪੈਦਾ ਕਰਨ ਵਾਲਿਆਂ ਨੂੰ, ਬਹੁਤੀਆਂ ਜੁੱਤੀਆਂ, ਬਹੁਤੇ ਕਪੜੇ, ਬਹੁਤੇ ਘਰ ਬਣਾਨ ਵਾਲਿਆਂ ਨੂੰ। ਇਹਨਾਂ ਦੀ ਅਜ ਬੇ-ਕਦਰੀ ਹੋਣ ਕਰ ਕੇ ਸਾਡੇ 'ਚੋਂ ਬਹੁਤ ਲੋਕ ਸੜਕਾਂ ਉਤੇ ਫਾਕੇ ਕੱਟ ਰਹੇ ਹਨ।" (ਰੀਝਾਂ ਦੀ ਖੱਡੀ — ੧੮)

ਇਹ ਵਿਚਾਰ ਉਹਨਾਂ ਨੌਜਵਾਨਾਂ ਦੇ ਹੱਥਾਂ ਵਿਚ ਹਰਕਤ ਲਿਆਉਂਦਾ ਹੈ ਜਿਹੜੇ ਤਕਨੀਕੀ ਵਿੱਦਿਆ ਪ੍ਰਾਪਤ ਕਰ ਕੇ ਵੀ ਕੇਵਲ ਬਾਬੂ ਬਣਨਾ ਲੋਚਦੇ ਹਨ ਅਤੇ ਹਥ, ਪੈਰ, ਕਪੜੇ ਨੂੰ ਮਿੱਟੀ ਘੱਟੇ ਤੋਂ ਦੂਰ ਰਖਣ ਅਤੇ ਹੱਡਾਂ ਨੂੰ ਮਿਹਨਤ ਦੀ ਛੁਹ ਨਹੀਂ ਲਗਣ ਦੇਂਦੇ। ਖੇਤਾਂ ਵਿਚੋਂ ਕੰਮ ਕਰਦੇ ਸ਼ਹਿਰ ਕਾਲਜਾਂ ਵਿਚ ਆਉਂਦੇ ਹਨ ਅਤੇ ਫੇਰ ਪਿੰਡ ਵਿਚ ਜਾਣ ਤੋਂ ਉਹ ਕਤਰਾਉਂਦੇ ਜਿਥੇ ਕਿ ਉਹਨਾਂ ਦੀ ਵਧੇਰੇ ਲੋੜ ਮਹਿਸੂਸ ਹੁੰਦੀ ਹੈ। ਖੇਤੀ ਵਿਗਿਆਨ ਵਿਚ ਸੰਪੰਨ ਜਦ ਨੌਜਵਾਨ ਆਪ ਵਾਹੀ ਸੰਭਾਲਣਗੇ ਤਾਂ ਨਿਸਚੇ ਹੀ ਖ਼ੁਸ਼ਹਾਲੀ ਉਹਨਾਂ ਵਲ ਹੱਥ ਵਧਾਵੇਗੀ। ਗੁਰਬਖ਼ਸ਼ ਸਿੰਘ ਲਿਖਦਾ ਹੈ :

"ਕਿਸਾਨ ਦੇ ਅਮਲ ਤੇ ਖੇਤੀ-ਵਿਗਿਆਨ ਦੀ ਖੋਜ ਦੇ ਸੁਮੇਲ ਨਾਲ ਹੀ ਸਾਡਾ ਦੇਸ਼ ਅੰਨ-ਸੰਕਟ ਨੂੰ ਮੁਕਾ ਕੇ ਖ਼ੁਸ਼ਹਾਲੀ ਵਲ ਵਧ ਸਕਦਾ ਹੈ।" (ਪ੍ਰੀਤ ਲੜੀ — ਮਈ ੧੯੬੯)

ਸ: ਗੁਰਬਖ਼ਸ਼ ਸਿੰਘ ਕਿਰਤੀਆਂ ਦਾ ਸਾਥੀ ਅਤੇ ਉਹਨਾਂ ਦੇ ਹਿੱਤਾਂ ਦਾ ਵਕੀਲ ਹੈ ਇਸ ਕਰ ਕੇ ਕਿਉਂਕਿ ਉਹ ਇਹਨਾਂ ਕਿਰਤੀਆਂ ਨੂੰ ਜੀਵਨ ਦੇ ਅਸਲ ਉਸਰੱਈਏ ਸਮਝਦਾ ਹੈ। ਉਹ ਆਪ ਲਿਖਦਾ ਹੈ :

"ਮੈਂ ਮਜ਼ਦੂਰ ਦਾ ਲਿਖਾਰੀ ਹਾਂ, ਕਿਸਾਨ ਦਾ ਵਕੀਲ ਹਾਂ। ਇਹਨਾਂ ਨਾਲ ਹੰਝੂ ਵਗਾਣ ਵਾਲਾ ਯਤੀਮਾਂ ਦੀਆਂ ਆਹਾਂ ਸੁਣਨ ਵਾਲਾ ਹਾਂ। ਮੈਂ ਕਹਿੰਦਾ ਹਾਂ ਜਦ ਤਕ ਕਾਰਖ਼ਾਨੇ ਮਜ਼ਦੂਰਾਂ ਦੇ ਤੇ ਖੇਤ ਕਿਸਾਨਾਂ ਦੇ ਨਹੀਂ, ਓਦੋਂ ਤਕ ਕੋਈ ਵੀ ਅਸਲੀ ਅਰਥਾਂ ਵਿਚ ਖ਼ੁਸ਼ਹਾਲ ਨਹੀਂ ਹੋ ਸਕਦਾ।" (ਭਖਦੀ ਜੀਵਨ ਚੰਗਿਆੜੀ)

# ਗੁਰਬਖ਼ਸ਼ ਸਿੰਘ– ਨਵੀਂ ਪੀੜ੍ਹੀ ਦੀਆਂ ਨਜ਼ਰਾਂ ਵਿਚ

ਗੁਰਦਿਆਲ ਸਿੰਘ 'ਪੱਡਾ'

ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਰੰਗੀਨ ਸੁਪਨਿਆਂ ਦਾ ਸਿਰਜਨਹਾਰ ਹੈ। ਉਸਾਰੂ ਕਲਪਨਾ ਦਾ ਉਪਾਸ਼ਕ ਹੈ। ਪਿਆਰ ਦਾ ਦੇਵਤਾ ਹੈ। ਨੌਜਵਾਨ ਦਿਲਾਂ ਦੀ ਧੜਕਨ ਹੈ। ਪੁੰਗਰ ਰਹੀ ਜਵਾਨੀ ਲਈ ਆਸਾਂ ਭਰਿਆ ਅਗਵਾਈ ਦੇਣ ਵਾਲਾ ਚਮਕਦਾ ਸਿਤਾਰਾ ਹੈ। ਸਰਵ-ਸਾਂਝੀ ਪ੍ਰੀਤ ਤੇ ਭਾਈਚਾਰੇ ਨੂੰ ਪਵਿੱਤਰ ਛੁਹਾਂ ਦੇਣ ਵਾਲਾ ਮਨੁੱਖ ਹੈ। ਸ਼ਾਇਦ ਗੁਰਬਖ਼ਸ਼ ਸਿੰਘ ਹੀ ਮੇਰੀਆਂ ਨਜ਼ਰਾਂ ਵਿਚ ਪੰਜਾਬੀ ਦਾ ਇਕ ਅਜਿਹਾ ਵਾਰਤਕ ਲਿਖਾਰੀ ਹੈ, ਜਿਸ ਦੇ ਨਿਬੰਧ ਨੂੰ ਪੜ੍ਹਦੇ ਸਮੇਂ ਉਸ ਦਾ ਪਾਠਕ ਅੱਕਦਾ ਨਹੀਂ, ਆਦਰਸ਼-ਹੀਨ ਨਹੀਂ ਹੁੰਦਾ ਤੇ ਗੰਦੇ ਖ਼ਾਬ ਨਹੀਂ ਲੈਂਦਾ। ਉਹ ਗੰਦੀ ਤੋਂ ਗੰਦੀ ਥਾਂ ਤੇ ਵੀ ਆਦਰਸ਼ ਪੈਦਾ ਕਰ ਦਿੰਦਾ ਹੈ।

ਗੁਰਬਖ਼ਸ਼ ਸਿੰਘ ਦੀ ਸਭ ਤੋਂ ਸੋਹਣੀ ਦੇਣ ਉਸ ਦਾ ਮਾਸਕ ਪੱਤ੍ਰ "ਪ੍ਰੀਤ ਲੜੀ" ਹੈ, ਜਿਸ ਦੁਆਰਾ ਉਹ ਅਨੇਕਾਂ ਪੰਜਾਬੀ ਪਾਠਕਾਂ ਦੀ ਬੜੀ ਹੀ ਵਫ਼ਾਦਾਰੀ ਨਾਲ ਸੇਵਾ ਕਰ ਰਿਹਾ ਹੈ। ਇਸ ਤੋਂ ਬਾਅਦ ਉਸ ਦੀਆਂ ਕਿੰਨੀਆਂ ਹੀ ਕਹਾਣੀਆਂ, ਸੁਲਝੇ ਹੋਏ ਲੇਖਾਂ ਤੇ ਹੋਰ ਪੱਖਾਂ ਤੇ ਲਿਖੀਆਂ ਉਸਾਰੂ ਕਿਤਾਬਾਂ ਪੰਜਾਬੀ ਪਾਠਕਾਂ ਨੂੰ ਇਕ ਅਮੁੱਲੀ ਦੇਣ ਹਨ। ਕੋਈ ਵੀ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲਾ ਵਿਅਕਤੀ ਉਸ ਦੀ ਰਚਨਾ ਤੋਂ ਅਣਵਾਕਫ਼ ਨਹੀਂ।

ਗੁਰਬਖ਼ਸ਼ ਸਿੰਘ ਦੀ ਸਾਰੀ ਰਚਨਾ ਦਾ ਮੂਲ ਮਨੋਰਥ ਧਰਤੀ ਨੂੰ ਸਵਰਗ ਬਣਿਆ ਵੇਖਣਾ ਹੈ ਉਹ ਸਵਰਗ, ਜਿਥੇ ਪਿਆਰ ਹੀ ਪਿਆਰ ਹੋਵੇ; ਜਿਥੇ ਮਨੁੱਖਤਾ ਦੀ ਸਰਬ-ਸਾਂਝੀ ਪੀੜ ਹੋਵੇ; ਜਿਥੇ ਪਿਆਰ ਆਜ਼ਾਦੀ ਨਾਲ ਪਲ ਸਕੇ; ਜਿਥੇ ਪਿਆਰ ਕਬਜ਼ਾ ਨਾ ਹੋਵੇ; ਜਿਥੇ ਧਰਮ ਸਾਨੂੰ ਦੂਜੇ ਧਰਮਾਂ ਨਾਲ ਨਫ਼ਰਤ ਨਾ ਸਿਖਾਵੇ; ਜਿਥੇ ਆਪਸੀ ਮਿਲਵਰਤਣ ਇਨਸਾਨੀਅਤ ਰੂਪ ਵਿਚ ਹੋਵੇ; ਜਿਥੇ ਸਾਂਝੇ ਭਲੇ ਵਿਚ ਹੀ ਆਪਣਾ ਭਲਾ ਸਮਝਿਆ ਜਾਵੇ, ਜਿਥੇ ਖੁਲ੍ਹਾ ਖਾਣ ਨੂੰ, ਖੁਲ੍ਹਾ ਪਾਉਣ ਨੂੰ ਤੇ ਖੁਲ੍ਹਾ ਮਾਨਣ ਨੂੰ ਮਿਲੇ; ਜਿਥੇ ਸੋਚਣ-ਸ਼ਕਤੀ ਆਜ਼ਾਦ ਤੇ ਉਸਾਰੂ ਹੋਵੇ ਤੇ ਦਿਲ ਹਰ ਵਕਤ ਨਵੀਆਂ ਰੀਝਾਂ ਲਈ ਤੜਫਦਾ ਹੋਵੇ।

ਪਿਆਰ ਦੀਆਂ ਹੱਦਾਂ ਸਿਰਜਦੇ ਸਮੇਂ ਗੁਰਬਖਸ਼ ਸਿੰਘ ਜੀਵਨ ਨੂੰ ਵਧ ਤੋਂ ਵਧ ਸੁਹਣਾ ਤੇ ਸੁਖਾਵਾਂ ਵੇਖਣਾ ਚਾਹੁੰਦਾ ਹੈ — ਉਹ ਪਿਆਰ ਜਿਥੇ ਦੂਈ-ਦਵੈਤ ਹੋਵੇ ਹੀ ਨਾ। ਪਰ ਇਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਸਾਡੇ ਸਿਆਣੇ ਆਗੂ ਗੁਰਬਖ਼ਸ਼ ਸਿੰਘ ਜੀ ਕਦੇ ਕਦੇ ਪਿਆਰ ਜਾਂ ਵਫ਼ਾ ਦੀਆਂ ਹੱਦਾਂ ਹੀ ਲੰਘ ਜਾਂਦੇ ਹਨ। ਮੇਰਾ ਖ਼ਿਆਲ ਹੈ ਕਿ ਹਰ ਕੋਈ ਗੁਰਬਖ਼ਸ਼ ਸਿੰਘ



ਜਿੰਨਾ ਖ਼ੁਸ਼ਕਿਸਮਤ ਨਹੀਂ ਹੋ ਸਕਦਾ ਕਿ ਉਸ ਦਾ ਜੀਵਨ ਸਾਥੀ ਜ਼ਰੂਰ ਹੀ ਏਡੇ ਵਿਸ਼ਾਲ ਦਿਲ ਵਾਲਾ ਹੋਵੇ ਕਿ ਉਹ ਉਸ ਤੇ ਕਿਸੇ ਤਰ੍ਹਾਂ ਦੀ ਵੀ ਨਿਗਰਾਨੀ ਨਾ ਰਖੇ, ਸ਼ਕ ਨਾ ਕਰੇ। ਵਫ਼ਾ ਕਿਸੇ ਹੱਦ ਅੰਦਰ ਰਹਿ ਕੇ ਪਾਲਣੀ ਹੀ ਚਾਹੀਦੀ ਹੈ। ਮੈਂ ਤਾਂ ਕਹਾਂਗਾ ਕਿ ਹਰ ਵਿਅਕਤੀ ਦੀ ਜੀਵਨ ਜਾਂ ਪਿਆਰ ਫ਼ਿਲਾਸਫ਼ੀ ਆਪਣੇ ਜੀਵਨ-ਸਾਥੀ ਦੀਆਂ ਆਦਤਾਂ ਅਤੇ ਉਸ ਦੇ ਹਿਰਦੇ ਦੀ ਵਿਸ਼ਾਲਤਾ ਮੁਤਾਬਕ ਹੀ ਹੋਣੀ ਚਾਹੀਦੀ ਹੈ। ਸਭ ਤੋਂ ਪਹਿਲੀ ਖ਼ੁਸ਼ੀ ਘਰ ਦਾ ਜੀਵਨ ਹੀ ਹੋ ਸਕਦਾ ਹੈ। ਸਭ ਤੋਂ ਪਹਿਲੀ ਇਨਸਾਨੀਅਤ ਆਪਣੇ ਜੀਵਨ-ਸਾਥੀ ਦੀਆਂ ਨਜ਼ਰਾਂ ਵਿਚ ਇਨਸਾਨ ਬਣਨਾ ਤੇ ਬਣ ਕੇ ਰਹਿਣਾ ਹੋਵੇਗਾ। ਜੀਵਨ-ਸਾਥੀ ਦੇ ਸੁਭਾ ਮੁਤਾਬਕ ਹੀ ਸਾਨੂੰ ਆਪਣੀਆਂ ਪਿਆਰ ਰੁਚੀਆਂ ਬਣਾਉਣੀਆਂ ਹੋਣਗੀਆਂ। ਹਾਂ ਅਗਰ ਦੋਵਾਂ ਦੇ ਦਿਲ ਵਿਸ਼ਾਲ ਤੇ ਇਕ ਵਿਚਾਰ ਵਾਲੇ ਹੋਣ ਤਾਂ ਜਿਵੇਂ ਮਰਜ਼ੀ ਕਰੋ। ਆਪਣੇ ਘਰ ਦੀ ਸ਼ਾਂਤੀ ਬਰਬਾਦ ਕਰ ਕੇ ਦੁਨੀਆਂ ਦੇ ਹਰ ਵਿਅਕਤੀ ਨਾਲ ਖੁਲ੍ਹਾ ਪਿਆਰ ਕਮਾਉਣਾ ਔਖਾ ਹੋਵੇਗਾ।

ਇਸ ਤੋਂ ਬਾਅਦ ਪ੍ਰਭੂ ਦੀ ਹੋਂਦ ਜਾਂ ਅਣਹੋਂਦ ਬਾਰੇ ਵੀ ਗੁਰਬਖ਼ਸ਼ ਸਿੰਘ ਕੁਝ ਕੁਝ ਦੁਵੱਲੀ ਨੀਤੀ ਤੋਂ ਕੰਮ ਲੈਂਦਾ ਹੈ। ਬੇਸ਼ਕ ਪ੍ਰਭੂ ਦਾ ਜਿਹੜਾ ਰੂਪ ਆਪ ਹੀ ਮੰਨਦੇ ਹਨ, ਉਹ ਹੀ ਅਸਲੀ ਅਨੁਭਵ ਹੈ; ਪਰ ਫਿਰ ਵੀ ਕਦੇ ਕਦੇ ਆਪ ਇਸ ਅਨੁਭਵ ਨੂੰ ਅਸਿੱਧੇ ਰੂਪ ਵਿਚ ਪ੍ਰਗਟ ਕਰਦੇ ਹਨ। ਠੀਕ ਹੈ, ਪ੍ਰਭੂ ਦੀ ਹੋਂਦ ਕੇਵਲ ਇਕ ਵਿਸ਼ਵਾਸ ਹੀ ਹੈ। ਵਿਸ਼ਵਾਸ ਤੋਂ ਬਗ਼ੈਰ ਮਨੁੱਖ ਲਈ ਜੀਉਣਾ ਮੁਸ਼ਕਲ ਹੈ। ਪ੍ਰਭੂ ਇਕ ਅਜਿਹਾ ਵਿਸ਼ਵਾਸ ਹੈ ਜੋ ਅਨੁਭਵਾਂ ਦੀ ਦੁਨੀਆਂ ਤੋਂ ਉਤਾਂਹ ਉਠ ਕੇ ਪ੍ਰਾਪਤ ਹੁੰਦਾ ਹੈ; ਜਿਸ ਦੇ ਸਰੂਪ ਤੇ ਗੁਣਾਂ ਨੂੰ ਕੋਈ ਵੀ ਪੂਰੀ ਤਰ੍ਹਾਂ ਨਹੀਂ ਸਮਝ ਸਕਿਆ ਤੇ ਜਿਸ ਦੀ ਖ਼ੁਮਾਰੀ ਜੀਵਨ ਨੂੰ ਪਵਿੱਤਰ ਤੇ ਰੌਸ਼ਨ ਕਰਦੀ ਹੈ। ਕੁਦਰਤ ਦੇ ਨਿਯਮ ਅਟੱਲ ਤੇ ਮਿਥੇ ਹੋਏ ਹਨ। ਕੋਈ ਸਵਰਗ ਨਰਕ ਨਹੀਂ ਹੈ। ਜੇ ਅਸੀਂ ਆਪਣੇ ਰਸਤੇ ਢੂੰਡ ਸਕਦੇ ਹੋਈਏ ਤਾਂ ਕੁਦਰਤ ਦੀਆਂ ਤਾਕਤਾਂ ਸਾਡੀ ਮਦਦ ਲਈ ਹਰ ਵਕਤ ਵਚਨ-ਬਧ ਹਨ। ਇਹਨਾਂ ਰਸਤਿਆਂ ਦੀ ਢੂੰਡ ਕਰਨ ਲਈ ਸਾਨੂੰ ਆਪਣੇ ਗਿਆਨ ਇੰਦਰਿਆਂ ਤੇ ਅਨੁਭਵਾਂ ਤੋਂ ਵੀ ਉਪਰ ਵਸਦੀ ਇਕ ਗੁੰਝਲਦਾਰ ਤਾਕਤ ਵਿਚ ਵਿਸ਼ਵਾਸ ਰਖਣਾ ਪਵੇਗਾ। ਹਰ ਤਰ੍ਹਾਂ ਦੇ ਪਵਿੱਤਰ ਤੇ ਉਸਾਰੂ ਅਨੁਭਵਾਂ ਨੂੰ ਮਿਲ ਕੇ ਹੀ ਤਾਂ ਅਸਲੀ ਰੱਬ ਬਣਦਾ ਹੈ। ਸ਼ਾਇਦ ਇਹਨਾਂ ਧਰਮ ਦੇ ਠੇਕੇਦਾਰਾਂ ਨਾਲੋਂ ਇਕ ਸਾਇੰਸਦਾਨ ਵਧੇਰੇ ਧਰਮੀ ਹੁੰਦਾ ਹੈ। ਉਸ ਨੂੰ ਰੱਬ ਦੀ ਜ਼ਿਆਦਾ ਲੋੜ ਪੈਂਦੀ ਹੈ, ਕਿਉਂਕਿ ਖੋਜ ਦਾ ਸੰਬੰਧ ਹੀ ਪਵਿੱਤਰ ਹਿਰਦੇ ਦੀ ਦਿਆਲਤਾ ਨਾਲ ਹੁੰਦਾ ਹੈ। ਬੇਸ਼ਕ ਤਾਕਤ ਕਦੇ ਵੀ ਪਾਠ ਜਾਂ ਮੰਤਰਾਂ ਦੇ ਉਚਾਰਣ ਨਾਲ ਨਹੀਂ ਮਿਲਦੀ, ਪਰ ਇਨਸਾਨ ਦੀ ਇਨਸਾਨੀਅਤ ਨੂੰ ਰੱਬ ਜ਼ਰੂਰ ਮਿਲਦਾ ਹੈ। ਸਭ ਕੁਝ ਦੇ ਬਾਵਜੂਦ ਵੀ ਸਾਨੂੰ ਅਜਿਹੇ ਵਿਸ਼ਾਲ ਅਸੀਮ, ਅਟੱਲ ਨਿਯਮਾਂ ਵਾਲੇ ਤੇ ਪਵਿੱਤਰ ਅਹਿਸਾਸਾਂ ਵਾਲੇ ਪ੍ਰਭੂ ਦੀ ਵੀ ਹੋਂਦ ਵਿਚ ਯਕੀਨ ਰੱਖਣਾ ਹੀ ਪਵੇਗਾ।

ਬਾਕੀ ਵਿਸ਼ਿਆ ਸੰਬੰਧੀ ਗੁਰਬਖ਼ਸ਼ ਸਿੰਘ ਦੀ ਸਮੁੱਚੀ ਰਚਨਾ ਸਲਾਹੁਣ ਯੋਗ ਹੈ। ਉਸ ਦੇ ਪਾਠਕ ਅੱਜ ਜੀਵਨ ਵਿਚ ਸਵਰਗ ਦਾ ਅਨੰਦ ਲੈ ਸਕਦੇ ਹਨ। ਅੱਜ ਸਾਡੇ ਨੌਜਵਾਨ ਹੇਰਾ ਫੇਰੀ ਤੋਂ ਕੰਮ ਲੈ ਕੇ ਜਾਂ ਫ਼ਿਰ ਗ਼ਲਤ ਰਸਤਿਆਂ ਦੁਆਰਾ ਤਕਦੀਰ ਘੜਨ ਦੇ ਚਾਹਵਾਨ ਨਹੀਂ ਹਨ। ਅੱਜ ਦੇ ਨੌਜਵਾਨ ਆਪਣੀ ਹੋਣੀ ਤੇ ਕਿਸਮਤ ਨਾਲ ਖ਼ੁਦ ਆਪ

ਘੁਲਣ ਲਈ ਤਿਆਰ ਹਨ ਤੇ ਕਦੇ ਵੀ ਨਿਮਾਣੇ ਅੰਨ੍ਹੇ ਬਣ ਕੇ ਜੀਊਣ ਲਈ ਤਿਆਰ ਨਹੀਂ। ਤਾਂ ਵੀ ਸਾਡੇ ਦਿਲਾਂ ਵਿਚ ਬਜ਼ੁਰਗਾਂ ਵਲੋਂ ਦਿਤੀ ਅਗਵਾਈ ਲਈ ਡੂੰਘਾ ਸਤਿਕਾਰ ਦਾ ਜਜ਼ਬਾ ਹੈ। ਹਮ ਉਮਰ ਦੇ ਲੋਕਾਂ ਨਾਲ ਉਸਾਰੂ ਰੀਝਾਂ ਭਰਿਆ ਪਿਆਰ ਹੈ। ਸੁਹਣੇ ਤੇ ਭੋਲੇ ਭਾਲੇ ਬੱਚੇ ਸਾਡਾ ਇਸ਼ਕ ਹਨ; ਪੜ੍ਹਾਈ ਤੇ ਹੋਰ ਕਈ ਰੀਝਾਂ ਸਾਡੀ ਜੀਵਨ ਅਰਾਧਨਾ ਹਨ। ਇਸ ਸਭ ਕੁਝ ਦੇਣ ਵਾਲਿਆਂ ਵਿਚੋਂ ਸਰਦਾਰ ਗੁਰਬਖ਼ਸ਼ ਸਿੰਘ ਚੋਣਵਾਂ ਦਰਜਾ ਰਖਦੇ ਹਨ। ਅਸੀਂ ਚਾਹਵਾਂਗੇ ਕਿ ਉਹ ਹੋਰ ਕਾਫ਼ੀ ਸਮਾਂ ਸਾਡੇ ਕੋਲ ਰਹਿ ਸਕਣ ਤੇ ਸਾਡੀ ਨੌਜਵਾਨ ਪੀੜ੍ਹੀ ਦੀ ਚੰਗੀ ਅਗਵਾਈ ਕਰ ਸਕਣ।



# ਇਕ ਫ਼ਰਿਸ਼ਤਾ ਸਾਂਵਲ ਜਿਹਾ

ਕੁਲਬੀਰ ਸਿੰਘ ਕਾਂਗ

੧੯੫੪ ਦੀ ਗੱਲ ਹੈ। ਮੈਂ ਉਦੋਂ ਮਜੀਠੇ ਵਿਚ ਸਕੂਲ-ਅਧਿਆਪਕ ਸਾਂ ਤੇ ਸ਼ਾਮ ਨੂੰ ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਂਦਾ ਹੁੰਦਾ ਸਾਂ। ਗਿਆਨੀ ਦੇ ਵਿਦਿਆਰਥੀਆਂ ਲਈ ਸਰਦਾਰ ਹੋਰਾਂ ਦੀ ਪੁਸਤਕ "ਮੇਰੀਆਂ ਅਭੁੱਲ ਯਾਦਾਂ" ਕੋਰਸ ਵਿਚ ਲਗੀ ਹੁੰਦੀ ਸੀ, ਬੜੀ ਹੀ ਦਿਲਚਸਪ ਤੇ ਪਿਆਰੀ ਕਿਤਾਬ ਹੈ। ਬਚਪਨ ਵਿਚ ਪ੍ਰੀਤ ਨਗਰ ਰਹਿੰਦਾ ਰਿਹਾ ਸਾਂ ਤੇ ਸਾਰੇ ਪ੍ਰੀਤ ਪਰਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸਾਂ। ਕੁਝ ਇਸ ਕਿਤਾਬ ਤੇ ਕੁਝ ਆਪਣੇ ਅਨੁਭਵ ਦੇ ਆਸਰੇ ਮੈਂ ਸਰਦਾਰ ਜੀ ਦੀ ਸ਼ਖ਼ਸੀਅਤ ਬਾਰੇ ਬੜੀ ਪਿਆਰੀ ਜਿਹੀ ਤਸਵੀਰ ਵਿਦਿਆਰਥੀਆਂ ਸਾਹਮਣੇ ਚਿਤਰੀ ਹੋਈ ਸੀ। ਕੁਝ ਕੁ ਵਿਦਿਆਰਥੀ (ਲੜਕੇ ਲੜਕੀਆਂ) ਆਲੇ ਦੁਆਲੇ ਦੇ ਅਧਿਆਪਕ ਸਨ ਤੇ ਸਰਦਾਰ ਜੀ ਦੇ ਸਹਿਜ ਪ੍ਰੀਤ ਫ਼ਲਸਫ਼ੇ ਬਾਰੇ ਬੜੇ ਅਨੋਖੇ ਸੁਆਲ ਪੁੱਛਦੇ ਰਹਿੰਦੇ ਸਨ। ਮੈਂ ਉਹਨਾਂ ਨੂੰ ਕਿਤਾਬੀ ਗਿਆਨ ਤਾਂ ਦੇ ਸਕਦਾ ਸਾਂ, ਪਰ ਅਜੇਹੇ ਪ੍ਰੀਤ-ਅਨੁਭਵ ਤੋਂ ਕੋਰਾ ਹੋਣ ਕਾਰਨ ਪੂਰਾ ਵਿਸਥਾਰ ਕਰਨ ਤੋਂ ਅਸਮਰਥ ਸਾਂ। ਸੋ ਫ਼ੈਸਲਾ ਹੋਇਆ ਕਿ ਸਰਦਾਰ ਜੀ ਨੂੰ ਇਥੇ ਆਉਣ ਦਾ ਨਿਮੰਤ੍ਰਣ ਦਿਤਾ ਜਾਵੇ। ਮੈਨੂੰ ਪਤਾ ਸੀ ਕਿ ਉਹਨਾਂ ਆਉਣਾ ਨਹੀਂ, ਪਰ ਤਾਂ ਵੀ ਚਿੱਠੀ ਲਿਖ ਦਿੱਤੀ।

ਉੱਤਰ ਆਇਆ ਕਿ ਤੁਸੀਂ ਗਿਣਤੀ ਵਿਚ ਬਹੁਤੇ ਤਾਂ ਨਹੀਂ, ਤੁਸੀਂ ਹੀ ਆਓ, ਨਾਲੇ ਪ੍ਰੀਤ ਨਗਰ ਦੀ ਸੈਰ ਕਰ ਜਾਓ, ਇਹ ਵੀ ਇਕ ਵਿੱਦਿਅਕ ਯਾਤ੍ਰਾ ਹੋ ਜਾਵੇਗੀ।

ਸਰਦਾਰ ਜੀ ਦੀ ਇਹ ਚਿੱਠੀ ਮੇਰੇ ਸ਼ਿਸ਼ਾਂ ਲਈ ਇਕ ਪ੍ਰਕਾਰ ਦਾ ਵਰਦਾਨ ਸੀ।

ਦਸ ਜਣਿਆਂ ਦਾ ਇਕ ਕਾਫ਼ਲਾ ਪ੍ਰੀਤ ਨਗਰ ਵਲ ਰਵਾਨਾ ਹੋ ਗਿਆ। ਇਕ ਵਡੇਰੀ ਉਮਰ ਦੇ ਮਾਸਟਰ ਜੀ ਨੇ ਡਬਲ ਰੋਟੀ, ਮੱਖਣ, ਕੇਕ, ਤੇ ਹੋਰ ਖਾਣ ਵਾਲੀਆਂ ਚੀਜ਼ਾਂ ਲੈ ਜਾਣ ਦੀ ਡੀਊਟੀ ਸੰਭਾਲ ਲਈ। ਸਤਵੰਤ, ਜੋਗਿੰਦਰ ਤੇ ਅੰਬਿਕਾ ਮਣੀ ਆਦਿ ਕੁੜੀਆਂ ਨੇ ਚਾਹ ਦੇ ਬਰਤਨ ਤੇ ਸਟੋਵ ਦਾ ਜ਼ਿੰਮਾ ਲੈ ਲਿਆ। ਇਹ ਸਾਰਾ ਪ੍ਰਬੰਧ ਅਸਾਂ ਇਹ ਸੋਚ ਕੇ ਕੀਤਾ ਕਿ ਉਥੇ ਸਰਦਾਰ ਜੀ ਨੇ ਤਾਂ ਜਿਵੇਂ ਕਿ ਸੁਣਦੇ ਸਾਂ ਵਿਹਾਰੀ ਕਿਸਮ ਦਾ ਵਰਤਾਉ ਕਰਨਾ ਹੈ, ਘਰੋਂ ਹੀ ਇੰਤਜ਼ਾਮ ਕਰ ਚਲੀਏ।

ਦੁਪਹਿਰ ਵੇਲੇ ਅਸੀਂ ਪ੍ਰੀਤ ਨਗਰ ਪੁੱਜੇ। ਉਹ ਨਗਰ, ਜੋ ਕਦੀ ਆਧੁਨਿਕ ਪ੍ਰਕਾਰ ਦੇ ਲੋਕਾਂ ਦੀ ਨੁਹਾਰ ਨਾਲ ਖਿੜੇ ਫੁੱਲ ਵਾਂਗ ਲਗਦਾ ਹੁੰਦਾ ਸੀ, ਹੁਣ ਹਸਤਨਾਪੁਰ ਜਾਪ ਰਿਹਾ ਸੀ। ਮੈਂ ਇਸ ਨਗਰ ਨੂੰ ਆਪਣੇ ਬਚਪਨ ਵਿਚ ਵੇਖਿਆ ਸੀ, ਮੇਰੇ ਜਵਾਨ ਹੋਣ ਤੇ ਇਹ (ਅਟੱਲ ਨਿਯਮ ਅਨੁਸਾਰ) ਬੁੱਢਾ ਹੋ ਗਿਆ ਸੀ। ਇਥੋਂ ਦੀਆਂ ਪੀਲੇ ਰੰਗ ਦੀਆਂ

ਕੋਠੀਆਂ ਦਾ ਪਲੱਸਤਰ ਮੀਂਹਾਂ ਦੇ ਪਾਣੀ ਨਾਲ ਘੁਲ ਕੇ ਮਿੱਟੀ ਵਿਚ ਰਲ ਚੁਕਾ ਸੀ। ਫ਼ੌਜੀ ਗੱਡੀਆਂ ਤੇ ਫ਼ੌਜੀ ਵਰਦੀਆਂ ਵਾਲੇ ਮਨੁੱਖਾਂ ਤੋਂ ਮਹਿਸੂਸ ਹੁੰਦਾ ਸੀ ਜਿਵੇਂ ਯੁੱਧ ਤੋਂ ਬਾਅਦ ਇਥੇ ਕਿਸੇ ਬ੍ਰਿਗੇਡ ਨੇ ਕਬਜ਼ਾ ਕੀਤਾ ਹੋਵੇ, ਇਹ ਪ੍ਰੀਤ ਨਗਰ ਹੁਣ ਉਜਾੜ ਨਗਰ ਜਾਪ ਰਿਹਾ ਸੀ, ਗੁਰਬਖ਼ਸ਼ ਸਿੰਘ ਦੇ ਆਪਣੇ ਸ਼ਬਦਾਂ ਵਿਚ ਕੋਈ "ਭੂਤਨਾ" ਇਸ ਨਗਰ ਵਿਚ ਫਿਰ ਗਿਆ ਸੀ। ਸਟੋਰਾਂ ਦੀਆਂ ਦੁਕਾਨਾਂ ਤੇ ਟਾਵਾਂ ਟਾਵਾਂ ਹੀ ਗਾਹਕ ਨਜ਼ਰ ਆਉਂਦਾ ਸੀ। ਇਹ ਦੁਕਾਨਾਂ ਹੁਣ ਦੂਰ ਦੂਰ ਵਸਦੇ ਪਹਾੜੀ ਢਾਬੇ ਹੀ ਜਾਪਦੀਆਂ ਸਨ। ਤਲਾਅ ਵਿਚ ਕੋਈ ਫ਼ਸਲ ਬੀਜੀ ਗਈ ਸੀ, ਇਥੇ ਕਦੀ ਓਪਨ ਏਅਰ ਥੀਏਟਰ ਵਰਗੇ ਡਰਾਮੇ ਖੇਡੇ ਜਾਂਦੇ ਸਨ। ਇਹਨਾਂ ਉਦਾਸ ਦ੍ਰਿਸ਼ਾਂ ਨੇ ਮੇਰਾ ਮਨ ਉਦਾਸ ਕਰ ਦਿਤਾ। ਇਕ ਮਹਾਂ ਅਨੁਭਵੀ ਦਾ ਸੁਪਨਾ ਬਿਖਰਿਆ ਪਿਆ ਸੀ, ਮੇਰਾ ਯੁਵਕ ਮਨ ਸਹਿਮ ਗਿਆ।

ਸਰਦਾਰ ਜੀ ਨੇ ਸਾਡੇ ਠਹਿਰਣ ਦਾ ਪ੍ਰਬੰਧ ਕੀਤਾ ਹੋਇਆ ਸੀ। ਸੂਚਨਾ ਦੇਣ ਹਿਤ ਮੈਂ ਉਹਨਾਂ ਦੀ ਪਹਿਲੀ ਕੋਠੀ ਦੇ ਸਟੱਡੀ ਰੂਮ ਵਿਚ ਗਿਆ। ਸਾਰੇ ਕਮਰੇ ਵਿਚ ਅਧਿਅਨ ਤੇ ਖ਼ਾਮੋਸ਼ੀ ਦਾ ਵਾਤਾਵਰਣ ਸੀ। ਮੇਜ਼ ਉਤੇ ਬਹੁਤ ਸਾਰੇ ਅੰਗਰੇਜ਼ੀ ਰਸਾਲੇ ਪਏ ਸਨ ਜਿਵੇਂ ਕਿਸੇ ਹੁਣੇ ਸਜਾ ਕੇ ਰਖੇ ਹੋਣ। ਅਲਮਾਰੀਆਂ ਉਹਨਾਂ ਦੀ ਸ਼ਖ਼ਸੀਅਤ ਵਾਂਗ ਲਿਸ਼ਕ ਰਹੀਆਂ ਸਨ। ਸਰਦਾਰ ਜੀ ਆਪਣੀ ਆਦਤ ਅਨੁਸਾਰ ਹੱਥ ਘੁੱਟ ਕੇ ਮਿਲੇ ਤੇ ਆਪਣੀ ਵਖੀ ਨਾਲ ਲਾ ਲਿਆ। ਸਾਂਵਲੇ ਰੰਗ, ਛੋਟੇ ਕੱਦ ਤੇ ਸੁਰਮਈ ਤੋਂ ਚੰਨ-ਚਿੱਟੀ ਹੁੰਦੀ ਦਾੜ੍ਹੀ ਵਾਲੇ ਇਸ ਪੁਰਖ ਵਿਚ ਕੋਈ ਅਨੋਖੀ ਜਿਹੀ ਕਸ਼ਸ਼ ਸੀ।

"ਆਪਣੇ ਵਿਦਿਆਰਥੀਆਂ ਨੂੰ ਇਥੇ ਹੀ ਲੈ ਆਓ, ਵਰਾਂਡੇ ਵਿਚ ਬੈਠ ਕੇ ਹੀ ਗੱਲਾਂ ਕਰਾਂਗੇ।"

ਵਿਦਿਆਰਥੀਆਂ ਨੂੰ ਉਹ ਬੜੇ ਪਿਆਰ ਨਾਲ ਮਿਲੇ, ਉਹਨਾਂ ਦੇ ਚਿਹਰਿਆਂ ਤੇ ਇਕ ਮਹਾਨ ਲੇਖਕ ਨੂੰ ਉਸ ਦੇ ਘਰ ਵਿਚ ਮਿਲ ਕੇ ਇਕ ਅਨੋਖੀ ਆਭਾ ਲਿਸ਼ਕ ਰਹੀ ਸੀ। ਵਰਾਂਡੇ ਵਿਚ ਦਰੀਆਂ ਵਿਛਾ ਕੇ ਅਸੀਂ ਬੈਠ ਗਏ।

"ਮਿਸਿਜ਼ ਨਵਤੇਜ ਤੁਹਾਡੇ ਲਈ ਲੂਣ ਵਾਲੇ ਪਰਾਉਂਠੇ ਬਣਾ ਰਹੀ ਹੈ, ਨਾਲ ਚਾਹ ਬਣ ਜਾਵੇਗੀ ਮੈਂ ਤਾਂ ਲੱਸੀ ਹੀ ਪੀਆਂਗਾ।"

ਅਸੀਂ ਸਾਰੇ ਅੰਦਰੋ ਅੰਦਰ ਸ਼ਰਮਿੰਦੇ ਹੋ ਗਏ, ਅਸੀਂ ਚੋਖਾ ਸਾਮਾਨ ਹੀ ਲੈ ਆਏ ਸਾਂ। ਸਰਦਾਰ ਜੀ ਨੇ ਚਿਹਰਿਆਂ ਦੀ ਪਰੇਸ਼ਾਨੀ ਤਾੜ ਲਈ, ਅਸੀਂ ਸੁਦਾਮੇ ਵਾਂਗ ਆਪਣਾ ਸਾਮਾਨ ਲੁਕਾਉਣਾ ਚਾਹੁੰਦੇ ਸਾਂ, ਪਰ ਉਸ ਸ਼ਾਮ ਰੰਗੇ ਕ੍ਰਿਸ਼ਨ ਨੇ ਆਪ ਹੀ ਕਹਿ ਦਿਤਾ "ਜੇ ਕੁਝ ਨਾਲ ਹੀ ਲੈ ਆਏ ਹੋ ਤਾਂ ਉਹ ਵੀ ਅੰਦਰ ਦੇ ਦਿਓ, ਤੁਸੀਂ ਬੀਬਾ ਆਪ ਜਾ ਕੇ ਹੱਥ ਵਟਾਓ," ਉਹਨਾਂ ਲੜਕੀਆਂ ਨੂੰ ਕਿਹਾ।

ਅਧੇ ਘੰਟੇ ਵਿਚ ਨਾਸ਼ਤੇ ਤੋਂ ਫ਼ਾਰਗ ਹੋ ਕੇ ਉਹ ਸਾਨੂੰ ਮੁਖ਼ਾਤਬ ਹੋਏ, "ਮੈਂ ਕੋਈ ਲੈਕਚਰ ਨਹੀਂ ਦੇ ਸਕਾਂਗਾ, ਮੈਥੋਂ ਕੁਝ ਜਨਰਲ ਜਿਹੇ ਸਵਾਲ ਪੁੱਛੋ, ਮੇਰੀ ਕਿਤਾਬ ਜਾਂ ਇਮਤਿਹਾਨ ਬਾਰੇ ਨਾ ਪੁਛਣੇ।"

ਉਹਨਾਂ ਦਿਨਾਂ ਵਿਚ ਇਕ ਵਿਦਿਆਰਥਣ ਸਹਿਜ ਪ੍ਰੀਤ ਦੇ ਫ਼ਲਸਫ਼ੇ ਬਾਰੇ ਬੜੀ ਉਲਝਨ ਵਿਚ ਸੀ, ਉਸ ਨੇ ਸਰਦਾਰ ਜੀ ਦੀ ਨਾਟ-ਪੁਸਤਕ "ਲਤਿਕਾ ਕੁਮਾਰੀ" ਦੀ ਭੂਮਿਕਾ ਵਿਚ ਸਹਿਜ ਪ੍ਰੀਤ ਬਾਰੇ ਪੜ੍ਹਿਆ ਸੀ। ਬੜੀ ਸਾਊ ਜਿਹੀ ਕੁੜੀ ਸੀ, ਕਿਸੇ ਪਿਆਰ ਵਿਚ



ਉਹ ਸਹਿਜ-ਪ੍ਰੀਤ ਨੂੰ ਹੰਢਾਉਣਾ ਚਾਹੁੰਦੀ ਸੀ, ਪਰ ਉਸ ਵਿਚ ਸਫਲ ਨਹੀਂ ਸੀ ਹੋ ਰਹੀ। ਉਸ ਨੇ ਇਹ ਸਮੱਸਿਆ ਮੇਰੇ ਸਾਹਮਣੇ ਵੀ ਰਖੀ ਸੀ, ਪਰ ਮੈਂ ਅਨੁਭਵ ਦੀ ਘਾਟ ਕਾਰਨ ਉਸ ਨੂੰ ਕੀ ਮਾਰਗ ਦਰਸਾਉਂਦਾ ?

ਉਸ ਨੇ ਦਾਰ ਜੀ ਨੂੰ ਪੁੱਛਿਆ, "ਤੁਹਾਡੀ ਸਹਿਜ ਪ੍ਰੀਤ ਵਾਲੀ ਵਿਚਾਰਧਾਰਾ ਪ੍ਰੈਕਟੀਕਲ ਨਹੀਂ ਜਾਪਦੀ, ਮੈਂ ਬਹੁਤ ਕੋਸ਼ਿਸ਼ ਕੀਤੀ ਹੈ, ਪਰ ਸਫ਼ਲ ਨਹੀਂ ਹੋ ਸਕੀ। ਤੁਸੀਂ ਹੀ ਕੁਝ ਦਸੋ, ਪਿਆਰ ਵਿਚ ਸਰੀਰਕ ਖਿੱਚ ਤਾਂ ਬੜੀ ਜਰੂਰੀ ਜਿਹੀ ਗੱਲ ਹੈ, ਕੋਈ ਇਸ ਤੋਂ ਉੱਚਾ ਨਹੀਂ ਉਠ ਸਕਦਾ। ਫਿਰ ਦੁਖ ਇਸ ਗੱਲ ਦਾ ਹੈ ਕਿ ਅਸੀਂ ਭਾਵੇਂ ਕਿੰਨੇ ਸੱਚੇ ਹੋਵੀਏ, ਲੋਕਾਂ ਦੀ ਨਜ਼ਰ ਵਿਚ ਝੂਠੇ ਜਾਪਦੇ ਹਾਂ।"

ਸਰਦਾਰ ਜੀ ਮੁਸਕ੍ਰਾ ਪਏ, ਉਹਨਾਂ ਦੇ ਮੁਸਕ੍ਰਾਂਦੇ ਚਿਹਰੇ ਉਤੇ ਪਤਲੇ ਫ਼ਰੇਮ ਵਾਲੀ ਐਨਕ ਵੀ ਮੁਸਕ੍ਰਾਂਦੀ ਜਾਪਦੀ ਸੀ, "ਸਹਿਜ ਪ੍ਰੀਤ ਦਾ ਸਿਧਾਂਤ ਮੇਰਾ ਕੋਈ ਆਪਣਾ ਨਹੀਂ, ਮੈਂ ਆਪ ਇਸ ਤੇ ਅਮਲ ਨਹੀਂ ਕਰ ਸਕਿਆ ਹਾਂ ਇਸੇ ਲਈ ਲੋਕਾਂ ਤਾਈਂ ਇਸ ਦੀ ਸਿਫ਼ਾਰਸ਼ ਕੀਤੀ ਸੀ। ਸਹਿਜ ਪ੍ਰੀਤ ਬਲਵਾਨ ਦਿਲਾਂ ਵਾਸਤੇ ਹੈ, ਤੁਸੀਂ ਹਾਲੇ ਹੋਰ ਅਭਿਆਸ ਕਰੋ ਇਕ ਦਿਨ ਮੰਜ਼ਿਲ ਤੇ ਪਹੁੰਚ ਜਾਵੋਗੇ।" ਬੜਾ ਸੰਖੇਪ ਤੇ ਠੋਸ ਜੁਆਬ ਸੀ।

ਸਾਰੇ ਹੀ ਵਿਦਿਆਰਥੀਆਂ ਨੇ ਕੋਈ ਨਾ ਕੋਈ ਪ੍ਰਸ਼ਨ ਕੀਤਾ, ਪਰ ਇਕ ਵਿਦਿਆਰਥਣ ਬਿਲਕੁਲ ਚੁੱਪ ਸੀ, ਸਰਦਾਰ ਜੀ ਬੋਲੇ, "ਇਸ ਬੀਬੀ ਨੇ ਚੁੱਪ-ਵਰਤ ਰਖਿਆ ਜਾਪਦਾ ਏ, ਸਿਹਤ ਲਈ ਬੜਾ ਚੰਗਾ ਹੁੰਦੈ।"

ਦਾਰ ਜੀ ਦੇ ਇਸ ਹਲਕੇ ਜਿਹੇ ਮਜ਼ਾਕ ਉਤੇ ਉਹ ਕੁੜੀ, ਜੋ ਬਹੁਤ ਘਟ ਬੋਲਦੀ ਸੀ, ਝਿਝਕਦੀ ਹੋਈ ਸਨਿਮਰ ਬੋਲੀ, "ਕੀ ਤੁਸੀਂ ਹਾਲੇ ਵੀ "ਮੱਖਣੀ" ਨੂੰ ਯਾਦ ਕਰਦੇ ਹੋ ?"

"ਮੈਂ ਹੀ ਨਹੀਂ, ਮੇਰੇ ਨਾਲ ਮੇਰੀ ਪਤਨੀ ਵੀ ਉਸ ਨੂੰ ਯਾਦ ਕਰਦੀ ਹੈ, ਪ੍ਰੀਤ ਕਦੀ ਨਾ ਭੁੱਲਣ ਵਾਲਾ ਤਜਰਬਾ ਹੈ, ਕੋਈ ਵੀ ਸੁਹਿਰਦ ਪ੍ਰੇਮੀ ਆਪਣੀ ਪ੍ਰੀਤ ਨਹੀਂ ਭੁੱਲ ਸਕਦਾ।"

"ਇਹਨੂੰ ਵੀ ਆਪਣਾ ਹੌਲਦਾਰ ਬੜਾ ਯਾਦ ਆਉਂਦੈ," ਉਸ ਦੀ ਇਕ ਸਾਥਣ ਨੇ ਉਸ ਲੜਕੀ ਨੂੰ, ਫ਼ੌਜੀ ਹਵਾਲਦਾਰ ਦੀ ਪਤਨੀ ਹੋਣ ਦੇ ਨਾਤੇ, ਇਕ ਪਿਆਰਾ ਜਿਹਾ ਹੁਲਾਰਾ ਦਿੱਤਾ।

ਵਿਦਿਆਰਥੀ ਸਰਦਾਰ ਜੀ ਨਾਲ ਵਾਰਤਾਲਾਪ ਵਿਚ ਇੰਜ ਜੁੱਟ ਗਏ ਸਨ ਜਿਵੇਂ ਉਹਨਾਂ ਦੀਆਂ ਸਭ ਮਾਨਸਿਕ ਮਰੀਜ਼ਾਂ ਦਾ ਮਾਹਿਰ ਡਾਕਟਰ ਮਿਲ ਗਿਆ ਹੋਵੇ, ਇਮਤਿਹਾਨ ਭੁੱਲ ਕੇ ਉਹ ਘਰੋਗੀ ਜਿਹੀਆਂ ਗੱਲਾਂ ਵਿਚ ਜੁੱਟੇ ਰਹੇ, ਕਦੀ ਕਦੀ ਵਿਚਾਲੇ ਮੈਂ ਵੀ ਕੋਈ ਗੱਲ ਛੇੜ ਦੇਂਦਾ, ਪਰ ਸਮੁੱਚਾ ਸਮਾਂ ਵਿਦਿਆਰਥੀ ਹੀ ਉਹਨਾਂ ਦੇ ਬੋਲਾਂ ਦਾ ਕੇਂਦਰ ਬਣੇ ਰਹੇ, ਖ਼ਾਸ ਕਰ ਕੇ ਕੁੜੀਆਂ ਦੀ ਉਹਨਾਂ ਵਲ ਬਹੁਤੀ ਹੀ ਖਿੱਚ ਰਹੀ। ਮੈਂ ਸੋਚ ਰਿਹਾ ਸਾਂ ੬੦ ਸਾਲ ਦੀ ਉਮਰ ਦਾ ਇਹ ਬਜ਼ੁਰਗ ਅਜੇ ਵੀ ਨੌਜਵਾਨ ਲੜਕੀਆਂ ਦਾ ਧਿਆਨ ਖਿਚਦਾ ਹੈ।

ਉਹ ਸਾਰਾ ਦਿਨ ਮੈਂ ਪ੍ਰੀਤ ਨਗਰ ਦੇ ਪ੍ਰੀਤ ਪਰਵਾਰ ਦੇ ਅਤੀਤ ਦੇ ਪਰਛਾਵਿਆਂ ਵਿਚ ਡੁੱਬਿਆ ਰਿਹਾ।

੧੯੪੭ ਤੋਂ ਪਹਿਲਾਂ ਮੈਂ ਗਰਮੀਆਂ ਦੀ ਛੁੱਟੀਆਂ ਸਮੇਂ ਪ੍ਰੀਤ ਨਗਰ ਆਪਣੇ ਚਾਚਾ ਜੀ (ਗਿ: ਜਸਵੰਤ ਸਿੰਘ) ਪਾਸ ਰਿਹਾ ਕਰਦਾ ਸਾਂ। ਸਾਰਾ ਨਗਰ ਇਕ ਸ਼ਖ਼ਸੀਅਤ ਦੇ ਜਾਦੂ ਪ੍ਰਭਾਵ ਵਿਚ ਬੱਝਾ ਹੋਇਆ ਸੀ, ਹਰ ਕੰਮ ਕਰਦੇ ਵਿਅਕਤੀ ਨੂੰ ਹਰ ਸਮੇਂ ਦਾਰ ਜੀ ਦੀ ਹੋਂਦ ਦਾ

ਅਹਿਸਾਸ ਰਹਿੰਦਾ । ਅਸੀਂ ਆਪਣੇ ਘਰਾਂ ਦੇ ਗਿੱਝੇ "ਦਾਦੀ", "ਭੂਆ" ਆਦਿਕ ਸਾਕਾਂ ਨੂੰ "ਜੀ" ਕਰਕੇ ਨਹੀਂ ਸਾਂ ਬੋਲਦੇ, ਪਰ ਇਥੇ ਹਰ ਰਿਸ਼ਤੇ ਅਤੇ ਨਿਕੇ ਵਡੇ ਗੁਆਂਢੀ ਨੂੰ "ਜੀ" ਕਰਕੇ ਬੁਲਾਉਣਾ ਪੈਂਦਾ, ਜੇ ਕਦੀ ਮੂੰਹੋਂ ਇਹ ਸਤਿਕਾਰਨੀ ਸ਼ਬਦ ਰਹਿ ਜਾਂਦਾ ਤਾਂ ਉਸ ਵੇਲੇ ਕੋਈ ਨਾ ਕੋਈ ਟੋਕ ਦੇਂਦਾ, "ਜੇ ਦਾਰ ਜੀ ਸੁਣ ਲੈਣ ਤਾਂ ਕੀ ਆਖਣ ?" ਹਰ ਨਜ਼ਰ ਦਾਰ ਜੀ ਦੀ ਨਜ਼ਰ ਦਾ ਕੇਂਦਰ ਹੋਣਾ ਲੋਚਦੀ, ਜਿਸ ਨਾਲ ਉਹ ਹੱਥ ਮਿਲਾ ਲੈਂਦੇ, ਉਹ ਸਾਰਾ ਦਿਨ ਆਪਣੇ ਹੱਥ ਨੂੰ ਪਿਆਰਦਾ ਰਹਿੰਦਾ, ਜੇ ਕਿਸੇ ਬੀਬੀ ਨੂੰ ਗਲਵਕੜੀ ਪਾ ਲੈਂਦੇ ਤਾਂ ਉਹ ਕਈ ਕਈ ਦਿਨ ਉਸੇ ਅਨੁਭਵ ਵਿਚ ਖੀਵੀ ਰਹਿੰਦੀ। ਖਾਣਾ ਸਾਰੇ ਇਕੋ ਹੀ ਕਿਚਨ ਵਿਚ ਖਾਂਦੇ, ਸਾਰੇ ਆਪਣੇ ਭਾਂਡੇ ਆਪ ਧੋਂਦੇ । ਰਾਤ ਦੀ ਰੋਟੀ ਤੋਂ ਬਾਅਦ ਸਰਕਲਾਂ ਵਿਚ ਸੈਰ ਕੀਤੀ ਜਾਂਦੀ ਜਾਂ ਮੌਸਮ ਅਨੁਸਾਰ ਕਿਚਨ ਦੇ ਅੰਦਰ ਜਾਂ ਬਾਹਰਵਾਰ ਕੋਈ ਸਭਿਆਚਾਰਕ ਪ੍ਰੋਗਰਾਮ ਕੀਤਾ ਜਾਂਦਾ । ਇਥੇ ਅਚਲਾ ਸਚਦੇਵ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੀ, ਫ਼ਿਜ਼ਾ ਵਿਚ ਸਹਿਰਾਈ ਤੇ ਹੋਰ ਕਵੀਆਂ ਦੇ ਗੀਤ ਗੂੰਜਦੇ, ਬੱਚੇ ਕੋਰਸ ਗੀਤ ਗਾਉਂਦੇ। ਸ: ਨਾਨਕ ਸਿੰਘ, ਨੌਰੰਗ ਸਿੰਘ, ਕਰਤਾਰ ਸਿੰਘ ਸਚਦੇਵ ਆਦਿਕ ਅਨੇਕਾਂ ਲੇਖਕ ਉਸ ਪ੍ਰੀਤ ਪਰਿਵਾਰ ਦੇ ਮੈਂਬਰ ਸਨ । ਸ਼ਾਮ ਵੇਲੇ ਕਲਾਸ ਵਿਚ 'ਇਨ ਡੋਰ' ਖੇਡਾਂ ਖੇਡੀਆਂ ਜਾਂਦੀਆਂ, ਫ਼ੁਟਬਾਲ ਦੇ ਮੈਦਾਨ ਵਿਚ ਵੀ ਜ਼ੋਰ ਅਜ਼ਮਾਈ ਹੁੰਦੀ । ਲਗ ਪਗ ਸਾਰੇ ਹੀ ਦਾਰ ਜੀ ਦੀ ਰਚਨਾ "ਪ੍ਰਸੰਨ ਲੰਮੀ ਉਮਰ" ਪੜ੍ਹ ਕੇ ਉਸ ਅਨੁਸਾਰ ਜੀਵਨ ਢਾਲ ਰਹੇ ਸਨ । ਸਾਰਿਆਂ ਦੇ ਚਿਹਰੇ ਤੇ ਪ੍ਰੀਤ ਦਾ ਰੰਗ ਲਿਸ਼ਕਦਾ ਸੀ, ਮਰਦ ਤੀਵੀਆਂ ਦੀ ਖੁਲ੍ਹ ਵੇਖਣ ਵਾਸਤੇ ਨਾਲ ਦੇ ਪਿੰਡਾਂ ਦੀਆਂ ਜ਼ਨਾਨੀਆਂ ਕਿੰਨਾ ਕਿੰਨਾਂ ਚਿਰ ਕੋਠੀਆਂ ਦੇ ਬਾਹਰ ਖਲੋਤੀਆਂ ਰਹਿੰਦੀਆਂ । ਉਹਨਾਂ ਦਾ ਖ਼ਿਆਲ ਸੀ ਕਿ ਇਥੇ ਹਰ ਕੋਈ ਜਿਸ ਨੂੰ ਚਾਹੇ ਪਿਆਰ ਕਰ ਸਕਦਾ ਹੈ, ਕੋਈ ਰੋਕ ਟੋਕ ਨਹੀਂ । ਕਈ ਲੋਕ ਇਸ ਨੂੰ "ਵਿਗੜੇ ਲੋਕਾਂ ਦੀ ਬਸਤੀ" ਕਹਿ ਕੇ ਨਿੰਦਦੇ ਸਨ । ਦਾਰ ਜੀ ਦੀਆਂ ਸਪੁਤਰੀਆਂ ਰੰਗ ਮੰਚ ਤੇ ਡਰਾਮੇ ਖੇਡਦੀਆਂ ਤੇ ਗੀਤ ਗਾਉਂਦੀਆਂ ਸਨ । ਮੈਨੂੰ ਯਾਦ ਹੈ ਕਿ ਇਕ ਵਾਰ ਚੁਗਾਵੇਂ (ਨਾਲ ਦੇ ਪਿੰਡ) ਵਿਚ ਇਕ ਪ੍ਰੀਤ-ਕਾਨਫ਼੍ਰੰਸ ਉਤੇ ਸਰਦਾਰ ਜੀ ਦੀਆਂ ਸਪੁੱਤਰੀਆਂ ਨੇ ਕੋਈ ਡਰਾਮਾ ਸਟੇਜ ਕੀਤਾ ਤੇ ਇਕ ਗੀਤ ਵੀ ਗਾਇਆ ਗਿਆ :

"ਚੀਨਾ ਇੰਜ ਛੜੀਂਦਾ
ਮੋਹਲਾ ਇੰਜ ਮਰੀਂਦਾ..........."

ਗੀਤ ਵਿਚ ਅੰਗਰੇਜ਼ ਸਰਕਾਰ ਦੀ ਨਿੰਦਾ ਸੀ, ਪ੍ਰੀਤ ਦਾ ਹੁਲਾਰਾ ਸੀ । ਇਲਾਕੇ ਵਿਚ ਹੁਲ ਪੈ ਗਈ ਕਿ ਪ੍ਰੀਤ ਲੜੀਆ ਸਰਦਾਰ ਇਲਾਕੇ ਨੂੰ ਵਿਗਾੜ ਕੇ ਛਡੇਗਾ । ਕਈ ਡੈਪੂਟੇਸ਼ਨ ਸਰਦਾਰ ਜੀ ਪਾਸ ਆਏ, ਧਮਕੀਆਂ ਦਿਤੀਆਂ ਗਈਆਂ, ਧਾਰਮਕ ਤੇ ਸਮਾਜਕ ਸੰਸਥਾਵਾਂ ਵਲੋਂ ਬਾਈਕਾਟ ਕੀਤਾ ਗਿਆ, ਉਹਨਾਂ ਦੀਆਂ ਸਪੁੱਤਰੀਆਂ ਨੂੰ ਰਾਜਸੀ ਬਿਨਾ ਤੇ ਜੇਲ ਵੀ ਜਾਣਾ ਪਿਆ, ਪਰ ਉਹ ਸਾਂਵਲ ਸ਼ਹਿਜ਼ਾਦਾ ਮੁਸਕਰਾਂਦਾ ਰਿਹਾ ।

ਗੁਰਬਖ਼ਸ਼ ਸਿੰਘ ਵਿਚ ਆਲੋਚਨਾ ਜਰਨ ਦੀ ਅਥਾਹ ਸ਼ਕਤੀ ਹੈ ਤੇ ਉਸ ਦੇ ਸਬਰ ਦੀ ਡੋਰ ਬੜੀ ਲੰਬੀ ਹੈ । ਜਦੋਂ ਉਸ ਨੇ ਸਿੱਖ ਗੁਰੂ ਸਾਹਿਬਾਨ ਬਾਰੇ "ਪਰਮ ਮਨੁੱਖ" ਪੁਸਤਕ ਲਿਖੀ ਤਾਂ ਵਿਰੋਧ ਦਾ ਤੂਫ਼ਾਨ ਖੜਾ ਹੋ ਗਿਆ ਸੀ । ਅੱਜ ਉਹਨਾਂ ਦੇ ੭੫ਵੇਂ ਜਨਮ ਦਿਨ ਤੇ ਜਦੋਂ ਵਾਈਸ ਚਾਂਸਲਰ ਨਾਰੰਗ ਜੀ ਨੇ ਉਹਨਾਂ ਨੂੰ ਗੁਰੂ ਨਾਨਕ ਸਾਹਿਬ ਦਾ ਜੀਵਨ ਲਿਖਣ ਲਈ



ਆਖਿਆ ਤਾਂ ਇੰਜ ਜਾਪਿਆ ਜਿਵੇਂ ਇਤਿਹਾਸ ਨੇ ਪੁਠਾ ਚੱਕਰ ਲਾਇਆ ਹੋਵੇ । ਪ੍ਰਿੰ: ਪ੍ਰੀਤਮ ਸਿੰਘ ਨੇ ਉਸੇ ਮੌਕੇ ਤੇ ਪੰਜਾਬੀ ਯੂਨੀਵਰਸਿਟੀ ਦੇ ਰਚਨਹਾਰਾਂ ਵਿਚ ਉਹਨਾਂ ਜਥੇਦਾਰਾਂ ਤੇ ਕਟਾਖ ਵੀ ਕੀਤਾ ਜਿਨ੍ਹਾਂ ਨੇ ਕਦੀ ਸਰਦਾਰ ਜੀ ਬਾਰੇ ਵਿਰੋਧ ਦੀ ਅੰਨ੍ਹੇਰੀ ਝੁਲਾਈ ਸੀ । ਉਸੇ ਹੀ ਸਟੇਜ ਤੇ ਭਾਈ ਜੋਧ ਸਿੰਘ ਜੀ ਬੈਠੇ ਸਨ ਜਿਨ੍ਹਾਂ ਨੇ ਸਰਦਾਰ ਜੀ ਵਿਰੁਧ ਫ਼ਤਵੇ ਲਾਉਣ ਵਾਲਿਆਂ ਦਾ ਸਾਥ ਦਿਤਾ ਸੀ । ਇਤਿਹਾਸ ਕਦੀ ਕਦੀ ਪੁੱਠਾ ਗੇੜਾ ਜ਼ਰੂਰ ਲਾਉਂਦਾ ਹੈ ।

ਪ੍ਰੀਤ ਨਗਰ ਵਿਚ ਸਰਦਾਰ ਜੀ ਨੇ ਫ਼ਿਰਕੂ ਭਾਵਨਾ ਨੂੰ ਉੱਕਾ ਹੀ ਮਿਟਾ ਦਿਤਾ ਸੀ । ਹਰ ਹਫ਼ਤੇ ਸਿੱਖ ਪਰਵਾਰ ਮੁਸਲਮਾਨ ਵੀਰਾਂ ਦੇ ਘਰ ਖਾਣਾ ਖਾਂਦੇ, ਅਗਲੀ ਵਾਰ ਉਹ ਪਰਵਾਰ ਇਧਰ ਆਉਂਦਾ । ਬਾਲਮੀਕ ਦੇ ਜਨਮ ਤੇ ਹਰੀਜਨ ਪਰਵਾਰਾਂ ਦੇ ਘਰੋਂ ਆਇਆ ਪ੍ਰਸ਼ਾਦ ਸਾਰੇ ਹੀ ਛਕਦੇ । ੧੯੪੭ ਵਿਚ ਜਦੋਂ ਫ਼ਿਰਕਾਪ੍ਰਸਤੀ ਦਾ ਭੂਤਨਾ ਆਪਣਾ ਨੰਗਾ ਨਾਚ ਨੱਚ ਰਿਹਾ ਸੀ ਤਾਂ ਸਰਦਾਰ ਜੀ ਆਪਣੇ ਮੁਸਲਮ ਭਰਾਵਾਂ ਨੂੰ ਆਪਣੀਆਂ ਕੋਠੀਆਂ ਵਿਚ ਆਸਰਾ ਦੇ ਰਹੇ ਸਨ, ਆਲੇ ਦੁਆਲੇ ਦੇ ਜਾਬਰ ਲੋਕਾਂ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਧਰ ਹਮਲਾ ਕਰ ਸਕਣ । ਅੰਤਲਾ ਦਿਨ ਪ੍ਰੀਤ ਨਗਰ ਦੇ ਇਤਿਹਾਸ ਦਾ ਸੁਨਹਿਰੀ ਦਿਨ ਸੀ । ਸਾਰੇ ਹੀ ਮੁਸਲਮ ਭਰਾ ਸਰਦਾਰ ਜੀ ਤੋਂ ਰੋ ਰੋ ਕੇ ਵਿਦਾ ਮੰਗ ਰਹੇ ਸਨ ਤੇ ਦਾਰ ਜੀ ਉਹਨਾਂ ਨੂੰ ਸਰੱਹਦ ਤਕ ਛਡਣ ਲਈ ਹਿੰਦੂ ਸਿੱਖ ਭਰਾਵਾਂ ਅਗੇ "ਪਾਨ ਦਾ ਬੀੜਾ" ਪੇਸ਼ ਕਰ ਰਹੇ ਸਨ, "ਕੋਈ ਹੈ ਜੋ ਆਪਣੀ ਜਾਨ ਤਲੀ ਤੇ ਰਖ ਕੇ ਰਾਤੋ ਰਾਤ ਇਹਨਾਂ ਨੂੰ ਸਰਹੱਦ ਤੇ ਪੁਚਾ ਆਵੇ, ਮੈਂ ਵੀ ਨਾਲ ਜਾਵਾਂਗਾ" ਸਭੇ ਚੁੱਪ ਸਨ, ਮੌਤ ਦਾ ਨਿਮੰਤ੍ਰਣ ਕੌਣ ਕਬੂਲੇ, ਅਖ਼ੀਰ ਇਕ ਪਤਲੇ ਜਿਹੇ ਸਿੱਖ ਨੌਜਵਾਨ ਨੇ ਆਪਣਾ ਨਾਂ ਪੇਸ਼ ਕੀਤਾ, ਇਕ ਹੋਰ ਰਲਿਆ । ਦੋਹਾਂ ਨੇ ਜ਼ਿੰਦਗੀ ਵਿਚ ਕਦੀ ਬੰਦੂਕ ਨਹੀਂ ਸੀ ਚਲਾਈ, ਉਹਨਾਂ ਨੇ ਸਰਦਾਰ ਜੀ ਨੂੰ ਆਪਣੇ ਨਾਲ ਆਉਣੋਂ ਰੋਕ ਦਿਤਾ ਤੇ ਆਪ ਸਰੱਹਦ ਵਲ ਠਿਲ੍ਹ ਪਏ । ਇਹ ਆਤਮ ਵਿਸ਼ਵਾਸ ਉਹਨਾਂ ਵਿਚ ਸਰਦਾਰ ਜੀ ਨੇ ਹੀ ਭਰਿਆ ਸੀ । ਸਾਂਵਲ ਫ਼ਰਿਸ਼ਤੇ ਦੇ ਇਹ "ਦੋ ਪਿਆਰੇ" ਰਾਤ ਦੇ ਅੰਨ੍ਹੇਰੇ ਨੂੰ ਚੀਰਦੇ ਹੋਏ ਵੀਰਾਂ ਨੂੰ ਸਰੱਹਦ ਤੇ ਛਡ ਕੇ ਸਹੀ ਸਲਾਮਤ ਵਾਪਸ ਆ ਗਏ । ਹੰਝੂਆਂ ਭਰੀਆਂ ਅੱਖਾਂ ਨਾਲ ਦਾਰ ਜੀ ਨੇ ਉਹਨਾਂ ਨੂੰ ਗਲ ਨਾਲ ਲਾ ਲਿਆ ।

ਇਸ ਤੋਂ ਬਾਅਦ ਪ੍ਰੀਤ ਨਗਰ ਦਾ ਸਾਰਾ ਸ਼ੀਰਾਜ਼ਾ ਬਿਖਰ ਗਿਆ । ਸਰਦਾਰ ਜੀ, ਰੰਧਾਵਾ ਜੀ ਦੇ ਕਹਿਣ ਤੇ ਮਹਿਰੋਲੀ (ਦਿੱਲੀ) ਚਲੇ ਗਏ, ਫਿਰ ਦਿੱਲੀ ਆਏ, ਪਰ ਪ੍ਰੀਤ ਨਗਰ ਦੀਆਂ ਗਲੀਆਂ ਉਹਨਾਂ ਬਿਨਾਂ ਸੁੰਨੀਆਂ ਸਨ, ਉਹ ਪ੍ਰੀਤ ਨਗਰ ਬਗ਼ੈਰ ਅਧੂਰੇ ਸਨ । ਪ੍ਰੀਤ ਨਗਰ ਦੀਆਂ ਬਾਹਾਂ ਨੇ ਉਹਨਾਂ ਨੂੰ ਫਿਰ ਆਪਣੀ ਗਲਵਕੜੀ ਵਿਚ ਕੱਸ ਲਿਆ ।

ਅਜ ਇਸ ਨਗਰ ਦੀ ਵੀਰਾਨੀ ਵੀ ਉਹਨਾਂ ਲਈ ਸ੍ਵਰਗ ਹੈ ।

ਗੁਰਬਖ਼ਸ਼ ਸਿੰਘ ਇਸ ਦੌਰ ਦਾ ਪਹਿਲਾ ਸਾਹਿਤਕਾਰ ਹੈ ਜਿਸ ਨੇ ਆਪਣੇ ਪ੍ਰਤੀ ਵਿਵੇਕਸ਼ੀਲ ਸ਼ਰਧਾ ਪੈਦਾ ਕੀਤੀ ਹੈ । ਹਰ ਮਹੀਨੇ ਹਜ਼ਾਰਾਂ ਲੋਕ ਪ੍ਰੀਤ ਲੜੀ ਦੀ ਉਡੀਕ ਕਰਦੇ ਹਨ । ਮੈਂ ਜਦੋਂ ਹੋਸ਼ ਸੰਭਾਲੀ ਤਾਂ ਵੇਖਿਆ ਕਿ ਪਿਤਾ ਜੀ ਨੇ ਅਕਤੂਬਰ ੧੯੩੩ ਤੋਂ ਪ੍ਰੀਤ ਲੜੀ ਦੀ ਹਰ ਸਾਲ ਦੀ ਫ਼ਾਈਲ ਸੰਭਾਲ ਰਖੀ ਹੈ । ਉਹ ਹਰ ਮਹੀਨੇ ਪ੍ਰੀਤ ਲੜੀ ਨੂੰ ਮੇਲੇ ਦੀ ਤਾਂਘ ਵਾਂਗ ਉਡੀਕਦੇ ਹਨ । ਘਰ ਦੇ ਸਾਰੇ ਮੈਂਬਰ ਵਾਰੀ ਵਾਰੀ ਸਿਰਫ਼ ਪ੍ਰੀਤ ਲੜੀ ਪੜ੍ਹਦੇ ਹਨ, ਤੇ ਸਭ ਤੋਂ ਪਹਿਲਾਂ ਪੜ੍ਹਦੇ ਹਨ : "ਮੇਰੇ ਝਰੋਖੇਂ 'ਚੋਂ" ਦੇ ਪ੍ਰਸ਼ਨ-ਉੱਤਰ, ਖ਼ਬਰੇ ਕੋਈ ਉਹਨਾਂ ਦਾ ਆਪਣਾ ਹੀ ਮਾਨਸਕ ਪ੍ਰਸ਼ਨ ਉਸ ਵਿਚ ਹੋਵੇ । ਸਰਦਾਰ ਜੀ

ਦੇ ਉੱਤਰ ਜੀਵਨ ਪ੍ਰਤੀ ਉਤਸ਼ਾਹ ਵਧਾਉਂਦੇ ਤੇ ਲਗਨ ਨਾਲ ਕੰਮ ਵਿਚ ਜੁੱਟੇ ਰਹਿਣ ਦੀ ਪਰੇਰਣਾ ਦੇਂਦੇ ਹਨ। ਉਹਨਾਂ ਦੇ ਇਹ ਪ੍ਰਸ਼ਨੋਤਰ ਤੇ ਲੇਖ ਪੜ੍ਹ ਕੇ ਕਈ ਵਾਰ ਇੰਜ ਜਾਪਦਾ ਹੈ ਜਿਵੇਂ ਅੰਦਰ ਕੋਈ ਸੁੱਤੀ ਸ਼ਕਤੀ ਜਾਗ ਪਈ ਹੋਵੇ। ਕਈ ਵੇਰ ਅੰਦਰਲਾ ਆਲੋਚਕ ਮਨ ਕਿੰਤੂ ਵੀ ਕਰਦਾ ਹੈ, ਪਰ ਉਹਨਾਂ ਦੇ ਸ਼ਬਦ-ਸੰਸਾਰ ਵਿਚ ਆਪਣੀ ਹੀ ਪ੍ਰਕਾਰ ਦੀ ਮਿਕਨਾਤੀਸੀ ਖਿਚ ਹੈ।

ਅੱਜ ਕ੍ਰਿਸ਼ੀ ਵਿਸ਼ਵ-ਵਿਦਿਆਲਾ ਵਿਚ ਸਰਦਾਰ ਜੀ ਦੀ ੭੫ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਬਲਰਾਜ ਸਾਹਨੀ ਤੋਂ ਲੈ ਕੇ ਸੇਖੋਂ ਤਕ ਸਾਰੇ ਬੁਲਾਰਿਆਂ ਨੇ ਇਕ ਜ਼ਬਾਨ ਹੋ ਕੇ ਕਿਹਾ ਕਿ "ਸਰਦਾਰ ਜੀ ੭੫ ਸਾਲਾਂ ਦੇ ਨਹੀਂ ਜਾਪਦੇ, ਮੰਨਣ ਨੂੰ ਜੀ ਨਹੀਂ ਕਰਦਾ। ਇਹ ਗੱਲ ਅਚੰਭਾ ਜਾਪਦੀ ਹੈ।"

ਪਰ ਸਰਦਾਰ ਜੀ ਦੀ ਬਰਫ਼-ਦੁੱਧ-ਚੰਨ ਚਿੱਟੀ ਦਾੜ੍ਹੀ ਆਪਣੀ ਉਮਰ ਦੀ ਗਾਥਾ ਸੁਣਾ ਰਹੀ ਹੈ। ਮੇਰਾ ਦਿਲ ਕਰ ਰਿਹਾ ਸੀ ਉਹਨਾਂ ਦੀ ਨੂਰੀ ਦਾੜ੍ਹੀ ਵਿਚ ਇਕ ਵਾਰ ਕੰਘਾ ਫੇਰਾਂ, ਕੈਸਾ ਕੋਮਲ ਅਨੁਭਵ ਹੋਵੇਗਾ, ਇਹ ਨੂਰਾਨੀ ਦਾੜ੍ਹੀ, ਚਾਂਦੀ ਦੀ ਉਸ ਡਲੀ ਵਾਂਗ ਹੈ ਜੋ ਕਦੀ ਆਦਿ ਕਾਲੀ ਮਨੁੱਖ ਨੂੰ ਜੰਗਲਾਂ ਤੇ ਪਹਾੜਾਂ ਦੀਆਂ ਕੁੰਦਰਾਂ ਵਿਚੋਂ ਲਿਸ਼ਕਾਰੇ ਮਾਰਦੀ ਲਭੀ ਹੋਵੇਗੀ। ਇਹ ਜ਼ਿੰਦਗੀ ਦੀ ਅਮਰ ਕਮਾਈ ਹੈ।

ਬੀਮਾਰ ਤੇ ਥੱਕੇ ਹੋਣ ਦੇ ਬਾਵਜੂਦ ਵੀ ਸਰਦਾਰ ਜੀ ਨੂੰ ਜੋਸ਼ ਆ ਗਿਆ ਕਿ ਉਹ ਵੀ ਬੋਲਣਗੇ, ਸਰਦਾਰਨੀ ਸਾਹਿਬਾ ਨੇ ਵੀ ਮਨ੍ਹਾਂ ਕੀਤਾ, ਪਰ ਉਹਨਾਂ ਵਿਚ ਇਕ ਬਾਲ ਉਤਸਾਹ ਤੇ ਹਠ ਜਿਹਾ ਜਾਗ ਪਿਆ ਸੀ, "ਅਜ ਮੈਂ ਜ਼ਰੂਰ ਬੋਲਾਂਗਾ, ਮੇਰੇ ਵਿਦਵਾਨ ਮਿੱਤਰੋ, ਮੈਨੂੰ ਇਕ ਬੱਚਾ ਸਮਝ ਕੇ ਜਜ਼ਬਾਤੀ ਗੱਲਾਂ ਕਰ ਲੈਣ ਦਿਓ........."

ਸਰਦਾਰ ਜੀ ਬੋਲ ਰਹੇ ਸਨ ਅਰੋਕ, ਅਟੋਕ ਚਸ਼ਮੇ ਦੇ ਪਾਣੀ ਵਾਂਗ ਉਹਨਾਂ ਦੇ ਜੀਵਨ ਦੀਆਂ ਵਿਸ਼ੇਸ਼ ਘੜੀਆਂ ਤੇ ਜੀਵਨ ਦਰਸ਼ਨ ਸਾਡੇ ਸਾਹਮਣੇ, ਉਛਲਦਾ ਤੁਰਿਆ ਆ ਰਿਹਾ ਸੀ। ਸਾਰਾ ਹਾਲ ਇਕ ਟੱਕ ਉਸ ੭੫ ਸਾਲਾਂ ਦੇ ਬਾਲਕ ਦੀਆਂ ਜਜ਼ਬਾਤੀ ਤੇ ਜੀਵਨ-ਤਜਰਬੇ ਨਾਲ ਗੁੱਧੀਆਂ ਗੱਲਾਂ ਨਾਲ ਕੀਲਿਆ ਬੈਠਾ ਸੀ।

ਮੈਨੂੰ ਉਹ ਦਿਨ ਯਾਦ ਆ ਰਿਹਾ ਸੀ, ਜਦੋਂ ਇਕ ਵਾਰ (੪੭ ਤੋਂ ਪਹਿਲਾਂ) ਪੰਡਤ ਨਹਿਰੂ ਪ੍ਰੀਤ ਨਗਰ ਆਏ ਸਨ। ਕਿਚਨ ਦੇ ਬਾਹਰਵਾਰ ਇਕ ਮੰਚ ਬਣਾਇਆ ਗਿਆ, ਸਰਦਾਰ ਜੀ ਉਦੋਂ ਅਟਕ ਅਟਕ ਕੇ ਬੋਲਦੇ ਸਨ, ਪੰਡਤ ਜੀ ਵੀ ਹਿੰਦੀ ਬੋਲਦੇ ਹਰ ਫ਼ਿਕਰੇ ਤੋਂ ਬਾਅਦ ਅਟਕ ਜਾਂਦੇ, ਅਜ ਗੁਰਬਖ਼ਸ਼ ਸਿੰਘ ਇਕ ਸਫ਼ਲ ਬੁਲਾਰੇ ਦੇ ਰੂਪ ਵਿਚ ਸਾਰੇ ਹਾਲ ਨੂੰ ਕੀਲੀ ਬੈਠੇ ਸਨ। ਸ਼ਾਇਦ ਕੋਈ ਅੰਦਰਲਾ ਉਮਾਹ ਸੀ ਜੋ ਬੇ-ਰੋਕ ਟੋਕ ਤੁਰੀ ਆ ਰਿਹਾ ਸੀ। ਦਰਿਆਵਾਂ ਦੇ ਪਾਣੀਆਂ ਨੂੰ ਕਦੀ ਕੋਈ ਅਟਕਾ ਨਹੀਂ ਸਕਿਆ, ਉਹ ਕਿਸੇ ਨਾ ਕਿਸੇ ਰੂਪ ਵਿਚ ਵਹਿੰਦੇ ਜ਼ਰੂਰ ਹਨ।

ਗੁਰਬਖ਼ਸ਼ ਸਿੰਘ ਨੇ ਆਪਣੀ ਪ੍ਰਸੰਨ ਲੰਮੀ ਉਮਰ ਵਿਚ "ਵਿਚਾਰਾਂ" ਦੀ ਇਕ ਲੰਮੀ ਯਾਤਰਾ ਕੀਤੀ ਹੈ, ਬਚਪਨ ਤੇ ਜਵਾਨੀ ਵਿਚ ਪਿਆਰ ਤੇ ਪੈਸੇ ਦਾ ਥੁੜਿਆ ਜਦੋਂ ਉਹ ਅਮਰੀਕਾ ਪਹੁੰਚਾ ਤਾਂ ਉਥੋਂ ਉਸ ਨੂੰ ਭੌਤਕਵਾਦੀ ਪਦਾਰਥਵਾਦੀ ਦੀ ਕੋਈ ਸੂਝ ਨਹੀਂ ਸੀ, ਇਕ ਸੁਪਨਾ ਲੈ ਕੇ ਉਸ ਪ੍ਰੀਤ ਨਗਰ ਉਸਾਰਿਆ, ਪਰ ਇਸ ਮੂਲੋਂ ਗ਼ਰੀਬ ਮੁਲਕ ਵਿਚ ਇਹ ਸੁਪਨਾ ਸਾਕਾਰ ਨਹੀਂ ਸੀ ਹੋ ਸਕਦਾ, ੧੯੪੯-੫੦ ਤੋਂ ਉਹ ਮਾਰਕਸਵਾਦੀ ਬਣ



ਗਿਆ, ਅਜ ਉਹ ਅਮਰੀਕਾ ਦੀਆਂ ਦੰਭੀ ਚਾਲਾਂ ਦੀ ਨਿੰਦਾ ਕਰਦਾ ਹੈ ਤਾਂ ਗਿਆਨ-ਵਿਹੂਣੇ ਲੋਕ ਉਸ ਨੂੰ ਮੌਕਾ ਪ੍ਰਸਤ ਆਖਦੇ ਹਨ। ਅਜ ਸਾਰਾ ਸੰਸਾਰ ਅੱਗ ਦੀ ਧੂਣੀ ਉਤੇ ਬੈਠਾ ਹੈ, ਪਤਾ ਨਹੀਂ ਇਹ ਅੱਗ ਕਦੋਂ ਮਘ ਪਵੇ, ਇਹ ਧੂਣੀ ਧੁਖਾਉਣ ਵਾਲੇ ਲੋਕਾਂ ਦੀ ਪ੍ਰਸੰਸਾ ਕਰੀ ਜਾਣਾ ਸਮੇਂ ਤੋਂ ਪਿਛਾਂਹ ਵਲ ਜਾਣਾ ਹੈ, ਪਰ ਸਾਡਾ ਇਹ ਕਰਮਸ਼ੀਲ ਯੋਧਾ — ਕਲਮਕਾਰ ਸਦਾ ਅਗੇ ਵਧਣ ਦੀ ਪਰੇਰਣਾ ਦੇਂਦਾ ਹੈ, ਉਹ ਆਪ ਕਿਉਂ ਪਿਛੇ ਰਹੇ ?

ਉਹ ਹੁਸੀਨ ਜ਼ਿੰਦਗੀ ਦਾ ਆਸ਼ਕ ਹੈ। ਮੈਂ ਜਦ ਵੀ ਉਸ ਨੂੰ ਮਿਲਦਾ ਹਾਂ ਤਾਂ ਉਸ ਦੇ ਸਾਂਵਲੇ ਚਿਹਰੇ ਤੇ ਇਕ ਨਵਾਂ ਹੁਸਨ ਟਹਿਕ ਰਿਹਾ ਨਜ਼ਰ ਆਉਂਦਾ ਹੈ, ਉਸ ਦੇ ਨਰਗਸ ਰੂਪੀ ਨਿੱਕੇ ਆਕਾਰ ਵਿਚੋਂ ਅਨੋਖੀ ਮਹਿਕ ਆਉਂਦੀ ਹੈ, ਇਹ ਮਹਿਕ ਉਸ ਦੇ ਸਾਹਿਤ ਵਿਚ ਹੈ, ਇਹੀ ਮਹਿਕ ਉਹ ਸਾਡੇ ਸਾਰਿਆਂ ਵਿਚ ਖਿਲਾਰਣਾ ਚਾਹੁੰਦਾ ਹੈ।

# ਗੁਰਬਖ਼ਸ਼ ਸਿੰਘ ਦੀ ਸਭ ਤੋਂ ਵੱਡੀ ਦੇਣ

ਡਾ: ਹਰਨਾਮ ਸਿੰਘ ਸ਼ਾਨ

ਸਰਦਾਰ ਗੁਰਬਖ਼ਸ਼ ਸਿੰਘ ਨੇ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਨੂੰ ਉੱਨਤ ਤੇ ਪ੍ਰਫੁੱਲਤ ਕਰਨ ਲਈ ਬਹੁਤ ਕੁਝ ਕੀਤਾ ਹੈ, ਬਹੁਤ ਕੁਝ ਦਿਤਾ ਹੈ।

ਕੌਣ ਜਾਣਦਾ ਸੀ ਕਿ ਕਾਲਜੀ ਪੜ੍ਹਾਈ ਵਿਚੇ ਛੱਡ, ਸਪਲਾਈ-ਵਿਭਾਗ ਵਿਚ ਭਰਤੀ ਹੋਇਆ ਇਕ ਕਲਰਕ, ਲੜਾਈ ਮੁਕਦਿਆਂ ਹੀ ਅਮਰੀਕਾ ਚਲਾ ਜਾਏਗਾ ਅਤੇ ਉਥੋਂ ਇੰਜੀਨੀਅਰੀ ਦੀ ਉੱਚ-ਡਿਗਰੀ ਲੈ ਕੇ ਦੇਸ ਪਰਤਦਿਆਂ ਹੀ ਰੇਲਵੇ ਦਾ ਇੰਜਨੀਅਰ ਲਗ ਜਾਏਗਾ? ਇਹ ਵੀ ਕੌਣ ਜਾਣਦਾ ਸੀ ਕਿ ਰੇਲਵੇ ਤੋਂ ਛੁੱਟੀ ਮਿਲਦਿਆਂ ਹੀ ਉਹ ਨਵੀਨ ਸਾਇੰਸਕ ਢੰਗਾਂ ਨਾਲ ਖੇਤੀ ਬਾੜੀ ਸ਼ੁਰੂ ਕਰ ਦੇਵੇਗਾ ਅਤੇ ਕੁਝ ਚਿਰ ਬਾਅਦ, ੩੮ ਵਰ੍ਹੇ ਦੀ ਉਮਰ ਵਿਚ, ਅਚਾਨਕ ਹੀ ਸਾਹਿਤ ਖੇਤਰ ਵਿਚ ਆ ਗੱਜੇਗਾ ਅਤੇ ਇਸ ਨਾਲ ਉਮਰਾਂ ਦੀ ਸਾਂਝ ਵੀ ਪਾ ਲਵੇਗਾ? ਉਦੋਂ ਇਹ ਵੀ ਕਿਸ ਨੂੰ ਪਤਾ ਸੀ ਕਿ ਉਸ ਦੇ ਪਰਵੇਸ਼ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਵੇਂ ਜੁਗ ਦਾ ਆਰੰਭ ਸਮਝਿਆ ਜਾਵੇਗਾ?

ਗੁਰਬਖ਼ਸ਼ ਸਿੰਘ ਨੇ ਪੰਜਾਬੀ ਬੋਲੀ ਤੇ ਸਾਹਿਤ ਨੂੰ ਰੰਗੀਨ ਤੇ ਅਮੀਰ ਬਣਾਉਣ ਲਈ, ਪੰਜਾਬੀ ਵਾਰਤਕ ਤੇ ਪੱਤਰਕਾਰੀ ਦੀ ਉੱਨਤੀ ਤੇ ਉਸਾਰੀ ਲਈ ਮੋਢੀ ਉਸਰੱਈਆਂ ਵਰਗਾ ਕੰਮ ਕੀਤਾ ਹੈ।

ਉਹਨਾਂ ਨੇ ਤਾਂ ਕੁਝ ਗੇਣਵੇ ਵਰ੍ਹਿਆਂ ਵਿਚ ਹੀ, ਮਾਤ ਬੋਲੀ ਦੀਆਂ ਲੁਕੀਆਂ ਸੰਭਾਵਨਾਵਾਂ ਉਘਾੜ ਕੇ ਅਤੇ ਇਸ ਰਾਹੀਂ ਡੂੰਘੇ ਤੋਂ ਡੂੰਘੇ, ਉੱਚੇ ਤੋਂ ਉੱਚੇ, ਸੂਖਮ ਤੋਂ ਸੂਖਮ ਭਾਵ ਕਾਨੀਬੰਦ ਕਰ ਕੇ ਲੇਖ ਕਹਾਣੀਆਂ ਤੇ ਇਕਾਂਗੀਆਂ ਆਦਿ ਰਾਹੀਂ ਇਸ ਦੀਆਂ ਝੋਲੀਆਂ ਭਰ ਦਿਤੀਆਂ। ਜੀਵਨ ਦੇ ਹਰ ਪੱਖ, ਹਰ ਵਿਸ਼ੇ ਉਤੇ ਪਹਿਲੀ ਵਾਰ ਇੰਨੀ ਭਰਪੂਰਤਾ, ਨਿਡਰਤਾ ਤੇ ਸਫਲਤਾ ਨਾਲ ਲਿਖਿਆ ਕਿ ਇਹ ਉਹਨਾਂ ਦੀ ਚੇਤੰਨ ਬੁੱਧੀ ਤੇ ਪ੍ਰਬੀਨ ਕਲਾ ਰਾਹੀਂ ਹਰ ਤਰ੍ਹਾਂ ਦੇ ਨਵੇਂ ਤੇ ਨਰੋਏ, ਸੈਕੂਲਰ ਤੇ ਸਾਇੰਸਿਕ ਵਿਚਾਰ ਪ੍ਰਗਟਾਉਣ ਦੇ ਵੀ ਸਮਰਥ ਸਿੱਧ ਹੋ ਗਈ।

ਸਮਕਾਲੀ ਸਾਹਿਤ ਦੇ ਵਿਸ਼ੇ ਤੇ ਰੂਪ, ਚਿਤੰਨ ਤੇ ਨੁਹਾਰ ਨੂੰ ਢਾਲਣ-ਸੰਵਾਰਨ ਵਿਚ ਵੀ ਉਹਨਾਂ ਦਾ ਚੋਖਾ ਹੱਥ ਹੈ। ਪੰਜਾਬੀ ਵਾਰਤਕ ਤੇ ਪੱਤਰਕਾਰੀ ਦੇ ਖੇਤਰ ਵਿਚ ਤਾਂ ਉਹਨਾਂ ਨੇ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਆਪ ਦੀ ਜਾਦੂ ਲੇਖਣੀ ਨੇ ਸਮੇਂ ਦੀ ਅਤਿ ਸੁੰਦਰ ਤੇ ਸ਼ਕਤੀਸ਼ਾਲੀ ਵਾਰਤਕ ਨੂੰ ਜਨਮ ਦਿਤਾ ਇਸ ਦੀ ਅਫ਼ਿਰਕੂ ਰੀਤ ਬੰਨ੍ਹਣ ਅਤੇ ਇਸ ਨੂੰ ਹਰ ਪਖੋਂ ਭਰਪੂਰ ਕਰਨ ਲਈ ਆਖ ਕੇ ਸਭ ਤੋਂ ਵਧ ਹਿੱਸਾ ਪਾਇਆ।



ਇਸੇ ਰਾਹੀਂ ਸਾਡੀਆਂ ਸਮਾਜਕ ਕੁਰੀਤੀਆਂ, ਸਦਾਚਾਰਕ ਕੁਲੱਛਣਾ ਅਤੇ ਸਭਿਆਚਾਰਕ ਕੁਸਿਫਤਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਉਹਨਾਂ ਨੂੰ ਸੁਧਾਰਨ ਲਈ ਵੰਗਾਰਿਆ, ਪਰੇਰਿਆ, ਉਸਾਰਿਆ ਤੇ ਉਤਸ਼ਾਹਿਆ ਇਸੇ ਦੁਆਰਾ ਇਕ ਸੁੰਦਰ ਤੇ ਸਰਬ-ਸਾਂਝੀ ਦੁਨੀਆਂ, ਸਾਂਵੀ ਤੇ ਪੱਧਰੀ ਜ਼ਿੰਦਗੀ ਨਰੋਏ ਤੇ ਭਰਪੂਰ ਭਾਈਚਾਰੇ ਨੂੰ ਉਸਾਰਨ ਦਾ ਪਰੋਗਰਾਮ ਪੇਸ਼ ਕੀਤਾ। ਫਿਰ ਇਸੇ ਰਾਹੀਂ ਪੰਜਾਬੀ ਪਾਠਕਾਂ ਨੂੰ "ਭਵਿੱਖਤ ਦੀ ਕਾਲੀ ਰਾਤ ਵਿਚ ਛੁਪੀਆਂ ਜੀਵਨ ਪ੍ਰਭਾਤ ਦੀਆਂ ਸੁਨਹਿਰੀ ਕਿਰਨਾਂ ਦੀ ਝਲਕ ਵਿਖਾਈ। ਨਿੱਤ-ਨਵੇਂ ਰਾਹਾਂ ਤੇ ਸਜਰੇ ਖ਼ਿਆਲਾਂ ਤੋਂ ਜਾਣੂੰ ਕਰਾਇਆ; ਅਤੇ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਪਰੇਰਨਾ (ਸਵੈ-ਪੂਰਨਤਾ ਦੀ ਲਗਨ) ਉਹਨਾਂ ਹੀ ਸਮਾਲੋਚਨਾ ਲਈ ਭੇਟਾ ਕੀਤੀ। ੧੯੩੨ ਵਿਚ ਅਰੰਭੀ "ਪ੍ਰੀਤ ਲੜੀ" ਦੇ ਸਰਵਰਕ ਉਤੇ ਅੰਕਿਤ ਇਸ ਨਿਸ਼ਾਨੇ:

"ਕਿਸੇ ਦਿਲ ਸਾਂਝੇ ਦੀ ਧੜਕਣ
ਕਿਸੇ ਪ੍ਰੀਤ ਗੀਤ ਦੀ ਲੈ;
ਪੱਤੇ 'ਪ੍ਰੀਤ-ਲੜੀ' ਦੇ ਦਸਣ
ਜਿਸ ਵਿਚ ਪਰੋਤੀ ਸਭੇ ਸ਼ੈ।"

ਦੀ ਸੇਧ ਕਾਇਮ ਰਖਦਿਆਂ, ਲਾਈਫ, ਲਵ ਐਂਡ ਲੌਂਗਿੰਗਜ਼ (ਜ਼ਿੰਦਗੀ, ਪਿਆਰ, ਤੇ ਜੀਵਨ-ਸੱਧਰਾਂ) ਬਾਰੇ ਦਿਲ ਖੋਲ੍ਹ ਕੇ ਲਿਖਿਆ। ਇਸ ਰਾਹੀਂ ਜ਼ਿੰਦਗੀ ਉਤੇ ਡਾਵਾਂਡੋਲ ਖੜੇ ਅਨੇਕ ਨੌਜਵਾਨਾਂ ਨਿਰਾਸ ਹੋ ਚੁਕੀਆਂ ਮੁਟਿਆਰਾਂ, ਰਸਹੀਨ ਹੋ ਚੁਕੇ ਬੁੱਢਿਆਂ ਤੇ ਅੱਧਖੜਾਂ ਨੂੰ ਗਾਡੀ ਰਾਹ ਦਸਿਆ ਖ਼ੁਸ਼ੀ ਤੇ ਤਰੱਕੀ ਦੀ ਆਸ ਬੰਨ੍ਹਾਈ ਆਪਣੀ ਪ੍ਰਤਿਭਾ, ਅਮੀਰ ਸ਼ਖ਼ਸੀਅਤ ਵਿਸ਼ਾਲ ਵਾਕਫ਼ੀ, ਨਵੀਨ ਦ੍ਰਿਸ਼ਟੀਕੋਨ ਤੇ ਲੋਕ ਪਿਆਰ ਦੀ ਲਾਗ ਲਾਈ; ਫ਼ੈਜ਼ ਪਹੁੰਚਾਇਆ ਅਤੇ ਕੁਝ ਕਰਨ, ਕੁਝ ਹੋਣ, ਕੁਝ ਬਣਨ ਲਈ ਪਰੇਰਿਆ।

ਇਸ ਪਰੇਰਨਾ ਨੇ 'ਪ੍ਰੀਤ ਲੜੀ' ਤੋਂ ਬਾਅਦ "ਪ੍ਰੀਤ ਸੈਨਿਕ" ਨੂੰ ਜਨਮ ਦਿਤਾ, ਇਸੇ ਪਰੇਨਾ ਨੇ 'ਪ੍ਰੀਤ ਲਹਿਰ' ਚਲਾਈ, 'ਪ੍ਰੀਤ ਸੈਨਾ' ਬਣਾਈ, 'ਪ੍ਰੀਤ ਨਗਰ' ਵਸਾਇਆ। ਇਹਨਾਂ ਦੀਆਂ ਵਿਉਂਤਾਂ ਉਸਾਰਨ ਤੇ ਆਦਰਸ਼ਾਂ ਨੂੰ ਪਰਚਾਰਨ ਲਈ, ਗੁਰਬਖ਼ਸ਼ ਸਿੰਘ ਨੇ ਰਜ ਕੇ ਲਿਖਿਆ। ਅਜਿਹਾ ਲਿਖਿਆ ਕਿ ਉਹਨਾਂ ਦੀਆਂ ਅਜਿਹੀਆਂ ਲਿਖਤਾਂ ਦੀ ਧੁੰਮ ਪੈ ਗਈ; ਉਹਨਾਂ ਨੂੰ ਪੜ੍ਹਨ-ਸੁਣਨ ਵਾਲਿਆਂ ਦਾ ਇਕ ਵਿਸ਼ੇਸ਼ ਘੇਰਾ ਬਣ ਗਿਆ। ਉਹਨਾਂ ਵਿਚੋਂ ਕਈ ਤਾਂ 'ਪ੍ਰੀਤ ਲੜੀ' ਦੇ ਹਰ ਲਫ਼ਜ਼, ਹੋਰ ਤਾਂ ਹੋਰ ਉਸ ਵਿਚ ਛਪਦੀ ਰਹੀ ਹਰ ਸੂਚਨਾ ਦੇ ਲਫ਼ਜ਼ ਵੀ, ਬੜੇ ਚਾਅ ਨਾਲ ਪੜ੍ਹਨ ਪੜ੍ਹਾਉਣ ਲਗ ਪਏ। ਇਹੋ ਕੁਝ ਜਦੋਂ ਕਿਤਾਬੀ ਰੂਪ ਵਿਚ ਛਪਣ ਲਗਾ ਤਾਂ ਉਹ ਇਕ ਬੱਝਵੇਂ ਤੇ ਬਾਕਾਇਦਾ ਰੂਪ ਵਿਚ ਵੀ ਹਜ਼ਾਰਾਂ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਲਗ ਪਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੰਜਾਬੀ ਵਿਚ ਇਕ ਖ਼ਾਸ ਕਿਸਮ ਦਾ ਪਾਠਕ ਘੇਰਾ ਪੈਦਾ ਹੋ ਗਿਆ।

ਪਾਠਕ-ਘੇਰੇ ਪੰਜਾਬੀ ਵਿਚ ਪਹਿਲਾਂ ਵੀ ਮੌਜੂਦ ਸਨ: ਸੂਫੀਆਂ ਦੀਆਂ ਕਾਫ਼ੀਆਂ, ਗੁਰੂਆਂ ਅਤੇ ਮਹਾਂ ਪੁਰਖਾਂ ਦੀਆਂ ਜੀਵਨੀਆਂ ਪੜ੍ਹਨ-ਸੁਣਨ ਵਾਲਿਆਂ ਦੇ ਰੋਮਾਂਚਕ ਕਿੱਸੇ ਪੁਰਾਤਨ ਕਥਾਵਾਂ ਤੇ ਸਦਾਚਾਰਕ ਚਿੱਠੇ ਪੜ੍ਹਨ ਸੁਣਨ ਵਾਲਿਆਂ ਦੇ। ਉਹਨਾਂ ਦੇ ਇਕ ਵਿਦਵਾਨ ਤੇ ਵਡੇ ਸਮਕਾਲੀ, ਭਾਈ ਵੀਰ ਸਿੰਘ ਵੀ ਵਰਤਮਾਨ ਸਮੇਂ ਉਹਨਾਂ ਤੋਂ ਪਹਿਲਾਂ ਇਕ ਵਿਅਕਤਕ ਤੇ ਵਿਲੱਖਣ ਜਿਹਾ ਪਾਠਕ ਘੇਰਾ ਪੈਦਾ ਕਰ ਚੁਕੇ ਜੋ ਅਜੇ ਤਕ, ਉਹਨਾਂ

ਦੇ ਸੁਰਗਵਾਸ ਹੋ ਜਾਣ (੧੯੪੭ ਵਿਚ) ਤੋਂ ਬਾਅਦ ਵੀ, ਉਹਨਾਂ ਦੀ ਲਿਖੀ ਹੋਈ ਕਿਰਤ ਨੂੰ ਪੜ੍ਹਦਾ, ਪਿਆਰਦਾ ਤੇ ਸਤਿਕਾਰਦਾ ਹੈ, ਪਰ ਭਾਈ ਸਾਹਿਬ ਦਾ ਵਿਸ਼ੇ-ਖੇਤਰ ਬਹੁਤਾ ਤਾਂ ਧਾਰਮਿਕ ਤੇ ਸਦਾਚਾਰਕ ਸੀ। ਇਸ ਲਈ ਆਪ ਦੇ ਬਹੁਤੇ ਪਾਠਕ ਵੀ ਅਜਿਹੇ ਖੇਤਰ ਦੇ ਹੀ ਅਨੁਯਾਈ ਸਨ। ਸ: ਗੁਰਬਖ਼ਸ਼ ਸਿੰਘ ਨੇ ਪੰਜਾਬੀ ਵਿਚ ਪਹਿਲੀ ਵਾਰ ਇਕ ਅਜਿਹੇ ਪਾਠਕ ਘੇਰੇ ਨੂੰ ਜਨਮ ਦਿਤਾ ਜੋ ਸਾਹਿਤਕ ਤੇ ਸਭਿਆਚਾਰਕ ਵਿਸ਼ੇ ਖੇਤਰ ਨਾਲ ਸੰਬੰਧਤ ਸੀ। ਇਸ ਘੇਰੇ ਵਿਚ ਸ਼ਾਮਲ ਹੋਏ ਕਈ ਪਾਠਕ ਉਹਨਾਂ ਦੀਆਂ ਲਿਖਤਾਂ ਪੜ੍ਹਦਿਆਂ ਪੜ੍ਹਦਿਆਂ ਆਪ ਉਹਨਾਂ ਵਾਂਗ ਸੋਚਣ ਤੇ ਲਿਖਣ ਲਗ ਪਏ, ਇਸ ਵਿਚ ਸ਼ਾਮਲ ਹੋਏ ਕਈ ਲੇਖਕ ਉਹਨਾਂ ਦੀ ਬੋਲੀ ਸ਼ੈਲੀ ਤੇ ਵਿਸ਼ੇ ਵਸਤੂ ਤੋਂ ਸੇਧ ਤੇ ਪਰੇਰਨਾ ਲੈਣ ਲਗ ਪਏ। ਅਜਿਹੇ ਲੇਖਕ ਫਿਰ ਉਜੇਹੇ ਹੋਰ ਪਾਠਕ ਵੀ ਪੈਦਾ ਕਰਨ ਲਗ ਪਏ, ਜਿਨ੍ਹਾਂ ਦਾ ਸਾਹਿਤ ਸੁਆਦ ਉਪਰੋਕਤ ਪਾਠ ਘੇਰਿਆਂ ਦੇ ਪਾਠਕਾਂ ਦੇ ਸਾਹਿਤ ਸੁਆਦ ਨਾਲੋਂ ਕਈ ਗੱਲੋਂ ਵਖਰਾ ਸੀ; ਜਿਨ੍ਹਾਂ ਦੀ ਜੀਵਨ ਦ੍ਰਿਸ਼ਟੀ ਉਹਨਾਂ ਨਾਲੋਂ ਕਈ ਪੱਖੋਂ ਵਿਸ਼ਾਲ ਸੀ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਪਾਠਕ ਘੇਰਾ ਮੋਕਲਾ ਹੋ ਗਿਆ; ਇਸ ਦਾ ਸਾਹਿਤ ਨਵੇਂ ਬੱਚਿਆਂ ਵਿਚ ਢਲਣ ਲਗ ਪਿਆ ਅਤੇ ਇਹ ਨਿੱਤ-ਨਵੇਂ ਤੇ ਨਰੋਏ ਵਿਸ਼ਿਆ ਦਾ ਧਾਰਨੀ ਹੋਣ ਲਗ ਪਿਆ। ਗੁਰਬਖ਼ਸ਼ ਸਿੰਘ ਨੇ ਅਜਿਹਾ ਝਾਕਾ ਖੋਲ੍ਹਿਆ ਕਿ ਪੰਜਾਬੀ ਲੇਖਕ ਦਿਲ ਖੋਲ੍ਹ ਕੇ ਲਿਖਣ ਲਗ ਪਏ; ਪੰਜਾਬੀ ਪਾਠਕ ਨਿਝੱਕ ਹੋ ਕੇ ਪੜ੍ਹਨ ਲਗ ਪਏ; ਅਤੇ ਗੁਰਬਖ਼ਸ਼ ਸਿੰਘ "ਪ੍ਰੀਤ ਲੜੀ" ਤੇ ਪੁਸਤਕਾਂ ਹਜ਼ਾਰਾਂ ਪੰਜਾਬੀ ਘਰਾਂ ਤੇ ਪੁਸਤਕਾਲਿਆਂ ਦਾ ਸ਼ਿੰਗਾਰ ਬਣ ਗਈਆਂ। ਉਹਨਾਂ ਨੂੰ ਪੜ੍ਹਨ ਤੇ ਵਿਚਾਰਨ ਵਾਲੇ ਲੋਕ ਉਹਨਾਂ ਵਰਗੇ ਹੋਰ ਪਤਰ ਤੇ ਪੁਸਤਕਾਂ ਲਿਖਣ ਛਾਪਣ ਤੇ ਪੜ੍ਹਨ ਪੜ੍ਹਾਨ ਲਈ ਉਤੇਜਿਤ ਹੋਣ ਲਗ ਪਏ। ਇਹ ਉਤੇਜਨਾ ਇਸ ਪਾਠਕ ਘੇਰੇ ਨੂੰ ਦਿਨੋ ਦਿਨ ਵਿਕਸਾਉਣ ਫੈਲਾਉਣ ਤੇ ਸਰਚਾਉਣ ਲਗ ਪਈ। ਇਹ ਉਤੇਜਨਾ ਤੇ ਇਸ ਦੇ ਸਿੱਟੇ ਵਜੋਂ ਉਪਜੇ, ਉਸਰੇ ਤੇ ਨਿਸਚੇ ਉਕਤ ਪਾਠਕ-ਘੇਰੇ ਨੂੰ ਹੀ ਮੈਂ ਉਹਨਾਂ ਦੀ ਸਭ ਤੋਂ ਵਡੀ ਤੇ ਯਾਦਗਾਰੀ ਦੇਣ ਸਮਝਦਾ ਹਾਂ।



## ਸ: ਗੁਰਬਖ਼ਸ਼ ਸਿੰਘ ਜੀ

ਡਾ: ਜਸਵੰਤ ਗਿੱਲ

ਸਾਡੀ ਮਾਂ ਬੋਲੀ ਦੇ ਬੜੇ ਪਿਆਰੇ ਤੇ ਮੋਢੀ ਲਿਖਾਰੀ ਹਨ। ਇਸ ਮਾਂ ਦੇ ਜੁੱਸੇ ਵਿਚ ਸਰਦਾਰ ਜੀ ਦੇ ਖ਼ਿਆਲਾਂ ਦੀ ਮਹਿਕ ਰਲੀ ਹੋਈ ਹੈ ਤੇ ਇਸ ਦੀ ਸ਼ਬਦਾਵਲੀ ਵਿਚ ਇਹਨਾਂ ਦੇ ਬੋਲਾਂ ਦੀ ਛਣਕਾਰ ਸਾਡੇ ਸਭਿਆਚਾਰ ਨੂੰ ਇਹਨਾਂ ਦੀ ਸ਼ੈਲੀ ਨੇ ਇਕ ਵਖਰੀ ਰੰਗੀਨੀ ਬਖ਼ਸ਼ੀ ਹੈ।

ਸਰਦਾਰ ਜੀ ਦਾ ਜ਼ਿਕਰ ਕਰਨ ਵੇਲੇ, ਅਸੀਂ ਉਹਨਾਂ ਨੂੰ ਗੁਰਬਖ਼ਸ਼ ਸਿੰਘ ਨਹੀਂ ਆਖਦੇ, ਦਾਰ ਜੀ ਬੁਲਾਂਦੇ ਹਾਂ। ਸਾਡੀ ਹੋਂਦ ਵਿਚ ਇਹ ਆਪ ਮੁਹਾਰੇ ਪਿਤਾ ਬਣ ਕੇ ਰਚੇ ਹੋਏ ਹਨ। ਇਹਨਾਂ ਦੀ ਸੋਚਣੀ ਦੇ ਕਈ ਕਣ, ਅਛੋਪਲੇ ਹੀ ਸਾਡੇ ਅੰਦਰ ਆਣ ਸਮਾਏ ਹਨ। ਸਾਡੀ ਮਾਨਸਕ ਉਸਾਰੀ ਵਿਚ ਇਹਨਾਂ ਬੜਾ ਹਿੱਸਾ ਪਾਇਆ ਹੈ। ਕਈ ਕਦਰਾਂ, ਕੀਮਤਾਂ ਦੀਆਂ ਨਵੀਆਂ ਇੱਟਾਂ ਘੜ ਸੰਵਾਰ ਕੇ, ਸਾਡੀ ਪੰਜਾਬੀ ਸਮਾਜਕ ਬਣਤਰ ਵਿਚ ਜੜੀਆਂ ਹਨ।

ਮੈਂ ਵੇਖਿਆ ਹੈ, ਅਜ ਦੀ ਨਵੀਂ ਪਨੀਰੀ, ਇਹਨਾਂ ਦੇ ਇਸ ਅਸਰ ਨੂੰ ਛੱਡਣ ਦਾ ਯਤਨ ਵੀ ਕਰਦੀ ਹੈ। ਉਸ ਨੂੰ ਇਹਨਾਂ ਦਾ ਦਿਤਾ ਜਾਮਾ ਭੀੜਾ ਜਾਪਦਾ ਹੈ, ਖ਼ਾਸ ਕਰ ਪਿਆਰ ਰੂਪ ਦਾ ਜਾਮਾ। ਪਰ ਜਦੋਂ ਦਾਰ ਜੀ ਨੇ ਇਹ ਜਾਮਾ ਸੀਤਾ ਸੀ, ਉਦੋਂ ਸਾਡੇ ਕਲਚਰ ਨੂੰ ਇਹ ਜਾਮਾ ਬੜਾ ਮੇਚ ਆਇਆ ਸੀ। ਉਸ ਸਮੇਂ ਅਜੇ ਪਿਆਰ, ਪ੍ਰੀਤ ਦਾ ਨਾਂ ਲੈਣਾ ਵੀ ਗੁਨਾਹ ਹੁੰਦਾ ਸੀ। ਧੀਆਂ ਧਿਆਣੀਆਂ ਹੀਰ-ਰਾਂਝੇ, ਸੋਹਣੀ ਮਹੀਵਾਲ ਦੇ ਕਿੱਸੇ ਨਹੀਂ ਸਨ ਪੜ੍ਹਦੀਆਂ। ਵੀਰ, ਆਪਣੀ ਸਕੀ ਭੈਣ ਨੂੰ, ਚਿੱਠੀ ਵਿਚ ਪਿਆਰੀ ਭੈਣ ਨਹੀਂ ਸੀ ਲਿਖਦਾ ਹੁੰਦਾ। "ਮਹਿਬੂਬਾ" ਪੰਜਾਬੀ ਬੋਲੀ ਦਾ ਅਛੂਤ ਤੇ ਹੀਣਾ ਜਿਹਾ ਸ਼ਬਦ ਸੀ। ਇਸ ਦੇ ਨਾਲ ਲਪੇਟਿਆ ਜਜ਼ਬਾ, ਲਕੋ ਕੇ ਖਾਣ ਵਾਲਾ ਗੁੜ ਸੀ। ਆਪਣੇ ਵਿਹੜੇ ਵਿਚ ਬਹਿ ਕੇ ਕੋਈ ਇਹ ਨਹੀਂ ਬੋਲ ਸਕਦਾ, ਤੇ ਇਸ ਨੂੰ ਸੁਣਨ ਤੋਂ ਵੀ ਕੰਨ ਸ਼ਰਮਸਾਰ ਸੀ।

ਇਸ ਮਾਹੌਲ ਵਿਚ ਆਪਣੇ ਪਿਆਰ ਦੀ ਪੀਂਘ ਝੂਟਣ ਲਈ, ਸ਼ਾਇਦ ਦਾਰ ਜੀ ਨੇ ਸਹਿਜ ਪ੍ਰੀਤ ਦੀ ਡੋਰ ਵਟੀ ਸੀ। ਤਨ ਦੇ ਭਾਰ ਨਾਲ ਇਹ ਟੁੱਟ ਜਾਂਦੀ ਹੈ। ਮਨ ਦੇ ਜ਼ੋਰ, ਇਸ ਡੋਰ ਦੀ ਪੀਂਘ ਨੂੰ ਭਾਵੇਂ ਕੋਈ ਸਤਵੇਂ ਅਸਮਾਨ ਲੈ ਚੜ੍ਹੇ ਤੇ ਇਸ ਪੀਂਘ ਉਤੇ ਚੜ੍ਹ ਕੇ, ਦਾਰ ਜੀ ਨੇ ਆਪੀਂ ਵੀ ਬੜੇ ਹੂਟੇ ਲਏ ਹਨ; ਤੇ ਉਹਨਾਂ ਦੀ ਪੀੜ੍ਹੀ ਨੇ, ਉਹਨਾਂ ਦੀ ਅਗਲੀ ਪੀੜ੍ਹੀ ਨੇ ਇਸ ਪੀਂਘ ਹੁਲਾਰੇ ਨਾਲ, ਆਪਣੇ ਜੀਵਨ ਦੀ ਲਹੂ ਚਾਲ ਤਿੱਖੀ ਕੀਤੀ ਹੈ।

ਤੇ ਇਹ ਡੋਰ ਹੁਣ ਤੀਜੀ ਪੀੜ੍ਹੀ ਦੇ ਜਜ਼ਬੇ ਦਾ ਬੋਝ ਨਹੀਂ ਚੁਕਦੀ; ਚੁੱਕ ਸਕਦੀ ਵੀ ਨਹੀਂ। ਪਿਛਲੇ ਤੀਹਾਂ ਵਰ੍ਹਿਆਂ ਵਿਚ ਮਨੁੱਖ ਤਨ ਉਤੇ ਜੋਬਨ ਦਾ ਨਵਾਂ ਨਿਖਾਰ ਜੋ ਆਇਆ

ਹੈ ਇਹਦੇ ਜਜ਼ਬਿਆਂ ਵਿਚ ਐਡੀਆਂ ਤਿੱਖੀਆਂ ਪੌਣਾਂ ਵਗਦੀਆਂ ਤੇ ਅਜਿਹੀਆਂ ਉਚੀਆਂ ਕਾਂਗਾਂ ਚੜ੍ਹਦੀਆਂ ਨੇ, ਕਿ ਇਹਦਾ ਆਪਾ ਪਾਟ ਪਾਟ ਪੈਂਦਾ ਹੈ, ਇਹਨੂੰ ਪੁਰਾਣਾ ਜਾਮਾ ਮੇਚ ਕਿਵੇਂ ਆਵੇ, ਤੇ ਇਸ ਪੀੜ੍ਹੀ ਨੂੰ ਰੋਕਦਾ ਕੌਣ ਹੈ ? ਇਹ ਆਪਣਾ ਜਾਮਾ, ਪਿਆਰ ਦਾ, ਕਲਚਰ ਦਾ, ਸਮਾਜਕ ਕਦਰਾਂ ਕੀਮਤਾਂ ਦਾ ਜਾਮਾ ਆਪੀਂ ਸੀਵੇਂ ।

ਮਾਪਿਆਂ ਦੇ ਸਿਰ ਉਤੇ ਬੱਚੇ ਚਾਂਘੜਾਂ ਮਾਰਦੇ ਹਨ, ਰੁਠ ਰੁਠ ਪੈਂਦੇ ਹਨ ਖਿਝ ਖਿਝ ਉਬਕੀਆਂ ਲੈਂਦੇ ਹਨ : ਇਹ ਰੋਟੀ ਕੱਚੀ ਹੈ, ਇਹ ਦਾਲ ਸੜ ਗਈ ਏ, ਸਬਜ਼ੀ ਵਿਚ ਲੂਣ ਵਧ, ਹਲਵੇ ਵਿਚ ਮਿੱਠਾ ਥੋੜ੍ਹਾ ਹੈ; ਇਹ ਕਪੜੇ ਪੁਰਾਣੇ, ਕੌਣ ਪਾਏ......। ਮਾਪੇ ਵਿਚਾਰੇ, ਆਪਣੇ ਬੱਚਿਆਂ ਦਾ ਅਹਾਰ ਕਿਥੋਂ ਲਿਆਂਦੇ, ਕਿਵੇਂ ਬਣਾਂਦੇ, ਉਹਨਾਂ ਦੇ ਪਹਿਰਨ ਲਈ ਕੀ ਕੀ ਉਪਰਾਲਾ ਕਰਦੇ ਹਨ, ਬੱਚੇ ਇਹ ਸਭ ਜਾਣਦੇ ਵੇਖਦੇ ਵੀ ਅਸਲੀਅਤ ਤੋਂ ਅੱਖਾਂ ਮੀਟ ਛਡਦੇ ਹਨ । ਤੇ......ਤੇ ਜਦੋਂ ਇਹਨਾਂ ਬੱਚਿਆਂ ਨੂੰ ਵੱਡੇ ਹੋ ਕੇ ਆਪਣੀ ਖ਼ੁਰਾਕ, ਬਸਤਰ ਆਪੀਂ ਕਮਾਣੇ, ਬਣਾਨੇ ਤੇ ਹੰਢਾਣੇ ਪੈਂਦੇ ਹਨ, ਫੇਰ......ਫੇਰ ਉਹਨਾਂ ਅੰਦਰ ਮਾਪਿਆਂ ਦੀ ਕਦਰ ਜਾਗਦੀ ਹੈ । ਉਦੋਂ ਉਹਨਾਂ ਦੇ ਪੈਰ ਕਈ ਵਾਰ ਆਪ ਮੁਹਾਰੇ ਮਾਪਿਆਂ ਦੇ ਪੈਰਾਂ ਦੀਆਂ ਪੈੜਾਂ ਲਭਦੇ ਨੇ । ਇਵੇਂ..... ਇਵੇਂ ਈ......ਇਹ ਤੀਜੀ ਪੀੜ੍ਹੀ ਵੀ, ਜਦੋਂ ਆਪਣਾ ਨਵਾਂ ਜਾਮਾ ਸੀਊਣ ਬੈਠਦੀ ਹੈ, ਉਦੋਂ ਫੇਰ ਸਰਦਾਰ ਗੁਰਬਖ਼ਸ਼ ਸਿੰਘ ਜੀ ਦੀ ਸ਼ਬਦਾਵਲੀ ਨੂੰ ਹੀ ਫੋਲਦੀ ਹੈ, ਲੱਭਣ ਲਈ, ਇਹਦੇ ਵਿਚੋਂ ਕਿਹੜਾ ਕਪੜਾ, ਕਿਹੜੀ ਕਾਤਰ, ਕਿਹੜੀ ਵੇਤਰ ਜੋੜ ਕੇ, ਉਹ ਆਪਣਾ ਜਾਮਾ ਸੁਆ ਲਏ, ਨਵਾਂ ਜਾਮਾ, ਜਿਹੜਾ ਉਸ ਦੇ ਵਧਦੇ ਤਨ, ਪਲਰਦੇ ਮਨ ਦੇ ਮੇਚ ਆ ਜਾਵੇ ।

"ਮੈਂ ਵੀ ਕੰਵਾਰਾ ਹਾਂ" ਮੈਨੂੰ ਦਾਰ ਜੀ ਦੇ ਬੋਲ ਚੇਤੇ ਆਉਂਦੇ ਹਨ ਤੇ ਅਸੀਂ ਸਾਰੇ ਜਾਣਦੇ ਹਾਂ, ਦਾਰ ਜੀ ਦੇ ਛੇ ਬੜੇ ਸਿਆਣੇ ਤੇ ਪਿਆਰੇ ਬੱਚੇ ਹਨ । ਤੇ ਇਹਨਾਂ ਦੀ ਮਾਂ, ਅਤਿ ਚੰਗੀ, ਅਤਿ ਸੂਝਵਾਨ ਜਿਸ ਨੇ ਸਾਰੀ ਉਮਰ ਦਾਰ ਜੀ ਦੇ ਗ੍ਰਿਹਸਥ ਦੀ ਗੱਡੀ ਰੇੜ੍ਹੀ ਹੈ । ਹੁਣ ਵੀ ਇਹਨਾਂ ਦੇ ਬਰਾਬਰ ਖੜੀ, ਇਸ ਗੱਡੀ ਨੂੰ ਆਪਣਾ ਮੋਢਾ ਦੇਂਦੀ ਹੈ, ਧਰਤੀ ਦੇ ਧੌਲ ਵਾਂਗ । ਦਾਰ ਜੀ ਦੇ ਗ੍ਰਿਹਸਥ ਦੀ ਗੱਡੀ ਮਾਤਾ ਜੀ ਦੇ ਮੋਢਿਆਂ ਆਸਰੇ ਖਲੋਤੀ ਹੈ । ਮਾਤਾ ਜੀ, ਪਲ ਦੀ ਪਲ, ਆਪਣੇ ਥੱਕੇ ਗੋਡਿਆਂ ਨੂੰ ਸਸਤਾਣ ਲਈ, ਜੇ ਬਹਿ ਜਾਣ, ਇਹ ਧਰਤੀ ਹਿਲ ਪੈਂਦੀ ਹੈ ।

ਤੇ ਦਾਰ ਜੀ ਦਾ ਦਿਲ ਅਜੇ ਵੀ ਕੰਵਾਰਾ ਹੈ । ਇਸ ਕੰਵਾਰੇ ਦਿਲ ਦਾ ਪਿਆਰ ਉਹ ਭੋਰਾ ਭੋਰਾ ਵੰਡਦੇ ਆਏ ਹਨ, ਆਪਣੀ ਉਮਰ ਦੀ ਸਾਰੀ ਵਾਟ । ਜੁਆਨੀ ਦੀ ਪ੍ਰਭਾਤ ਵੇਲੇ ਉਹਨਾਂ ਨੂੰ ਇਕ ਮੁਖ ਲਭਾ ਸੀ, ਜਿਸ ਦੇ ਤਨ ਉਤੇ, ਆਪਣੇ ਹਾਣ ਦੀ ਲਗੀ ਮੁਹਰ, ਦਾਰ ਜੀ ਨੂੰ ਪ੍ਰਤਖ ਦਿਸ ਪਈ ਸੀ । ਪਰ......ਫੇਰ ਸੂਰਜ ਉੱਚਾ ਹੋਇਆ, ਇਸ ਦੇ ਸੇਕ ਨਾਲ ਉਹ ਸੂਰਤ ਪੰਘਰਦੀ ਰਹੀ, ਪੰਘਰਦੀ ਰਹੀ ਤੇ ਅੰਤ ਸਾਰੀ ਕਾਇਨਾਤ ਉਤੇ ਉਹ ਫੈਲ ਗਈ । ਸਿਰਫ਼ ਉਸ ਸੂਰਤ ਦਾ ਸਾਇਆ, ਨਿਘ, ਚਾਨਣ, ਜਜ਼ਬਾ ਤੇ ਅਸਲੀਅਤ ਦਾਰ ਜੀ ਦੇ ਨਾਲ ਨਾਲ ਤੁਰੀ ਹੈ......ਸਾਰੀ ਉਮਰ..... ।

ਹੁਣ ਵੀ ਉਸ ਸੂਰਤ ਦੀ ਕਾਲਪਨਕ ਮੂਰਤ ਉਹਨਾਂ ਦੇ ਨਾਲ ਰਹਿੰਦੀ ਹੈ । ਕਦੇ ਰਾਤਾਂ ਨੂੰ ਅਛੋਪਲੇ ਜਿਹੇ, ਉਹ ਦਾਰ ਜੀ ਦੇ ਸੁਪਨਿਆਂ ਦੇ ਵਿਚਕਾਰ ਆ ਬਹਿੰਦੀ ਹੈ ਤੇ ਪਲ ਭਰ ਲਈ, ਅਸਲੀਅਤ ਤੇ ਕਲਪਨਾ ਦੀਆਂ ਕੰਧਾਂ ਇਕ ਦੂਜੇ ਨਾਲ ਟਕਰਾ ਕੇ, ਡਿਗ ਪੈਂਦੀਆਂ



ਨੇ; ਤੇ ਉਸ ਵੇਲੇ ਦਾਰ ਜੀ ਹੱਥ ਫੈਲਾ ਕੇ ਆਪਣੀ ਮਖਣੀ ਨੂੰ ਲਭਦੇ ਨੇ । ਕਦੇ ਉਹ ਆਪਣੀ ਪ੍ਰਿਆ ਨਾਲ ਉਡਨ ਖਟੋਲੇ ਵਿਚ ਬਹਿ ਕੇ ਮੰਗਲ ਤਾਰੇ ਦੀ ਸੈਰ ਕਰਨ ਉੱਡ ਪੈਂਦੇ ਹਨ । ਨੀਲ ਆਰਮ ਸਟਰਾਂਗ ਅਜੇ ਚੰਨ ਉਤੇ ਪਹੁੰਚਾ ਨਹੀਂ ਸੀ, ਜਦੋਂ ਦਾਰ ਜੀ ਮੰਗਲ ਦੀ ਧਰਤੀ ਗਾਹ ਆਏ ਸਨ । ਉਹਨਾਂ ਦੀ ਕਲਪਨਾ ਦਾ ਨਿਰਮਾਣ ਐਡਾ ਸ਼ਕਤੀਸ਼ਾਲੀ ਹੈ; ਕਦੇ ਆਧੁਨਿਕ ਪੀੜ੍ਹੀ ਦੇ ਜੁਆਨਾਂ ਨੂੰ ਵੀ ਉਸ ਕੋਲੋਂ ਭਾਫ ਉਧਾਰੀ ਲੈਣੀ ਪੈਂਦੀ ਹੈ ।

ਤੇ ਇਹ ਭਾਫ ਬਣਾਨ ਲਈ, ਦਾਰ ਜੀ ਨੂੰ ਮਸੀਂ ਦੋ ਘੁੱਟ ਪਾਣੀ ਮਿਲਿਆ ਸੀ; ਮਖਣੀ ਦੇ ਹੋਟਾਂ ਨੂੰ ਛੂਹ ਕੇ ਆਇਆ ਪਾਣੀ ਵੀ ਨਹੀਂ; ਸਿਰਫ਼ ਸਿਰਫ਼ ਉਸ ਦੇ ਹੱਥਾਂ ਦਾ ਖਿਚਿਆ ਪਾਣੀ ਤੇ ਪਰਾਈ ਜੂਠ ਦੇ ਗਲਾਸ ਵਿਚ ਪਵਾ ਕੇ, ਦਾਰ ਜੀ ਨੇ ਇਹ ਅੰਮ੍ਰਿਤ ਘੁਟ ਘੁਟ ਕਰ ਕੇ ਪੀਤਾ ਸੀ । ਤੇ ਇਸ ਦਾ ਨਸ਼ਾ ਸਾਰੀ ਉਮਰ ਉਹਨਾਂ ਦੇ ਨਾਲ ਹੈ, ਇਸ ਸਦਾ ਨਾਲ ਰਹਿਣਾ ਹੈ ।

ਇਸ ਅੰਮ੍ਰਿਤ ਸਦਕਾ ਹੀ, ਉਹਨਾਂ ਦੀਆਂ ਅੱਖਾਂ ਆਪਣੀਆਂ ਕਰਨੀਆਂ ਉਤੇ ਪਾਰਦਰਸ਼ੀ ਸ਼ੀਸ਼ਾ ਚੜ੍ਹਾ ਲੈਂਦੀਆਂ ਹਨ ਤੇ ਫੇਰ ਉਸ ਸ਼ੀਸ਼ੇ ਦੇ ਰੰਗ ਨਾਲ, ਕਿਸੇ ਸਜਣੀ ਦੇ ਪੈਰਾਂ ਵਿਚ ਮਖਣੀ ਦੀ ਟਹਿਕ ਆ ਰਲਦੀ ਹੈ ਤੇ ਉਸ ਦੀ ਸੈਂਡਲ ਨੂੰ ਦਾਰ ਜੀ ਮਲਕੜੇ ਜਿਹੇ ਆਪਣੀ ਜਿੰਦ ਨਾਲ ਛੁਹਾ ਲੈਂਦੇ ਹਨ, ਆਪਣੀ ਮਖਣੀ ਦੀ ਛੁਹ ਪਾਣ ਲਈ, ਇਹਦੇ ਲਈ, ਉਹਨਾਂ ਨੂੰ ਪਿਆਰ ਨਹੀਂ, ਸਿਰਫ਼ ਪਰਵਾਨਗੀ ਚਾਹੀਦੀ ਹੈ । ਪਿਆਰ......ਪਿਆਰ......ਤਾਂ ਉਹ ਸਿਰਫ਼ ਆਪਣੀ ਮਖਣੀ ਨੂੰ ਕਰਦੇ ਨੇ । ਤੇ ਜਿਸ ਮੁਖ ਦੀ ਸੂਰਤ ਸ਼ਾਇਦ ਉਸ ਮਹਿਬੂਬ ਨਾਲ ਮੇਲ ਖਾਂਦੀ ਹੋਵੇ, ਉਸ ਦੇ ਅਕਸ ਨੂੰ ਦਾਰ ਜੀ ਆਪਣੇ ਮੂੰਹ ਵੇਖਣ ਵਾਲੇ ਸ਼ੀਸ਼ੇ ਵਿਚ ਸਾਂਭ ਲੈਂਦੇ ਹਨ ।

ਪਿਆਰ, ਕਬਜ਼ਾ ਨਹੀਂ, ਪਛਾਣ ਹੈ, ਉਹਨਾਂ ਦਾ ਦਿਲ ਆਪ ਮੁਹਾਰੇ ਗਾਣ ਲਗਦਾ ਹੈ । ਇਸ ਗੀਤ ਨੂੰ ਗਲ ਨਾਲ ਲਾ ਕੇ, ਉਹਨਾਂ ਜੀਵਨ ਦੀ ਵਾਟ ਤੈਅ ਕੀਤੀ ਏ । ਉਹਨਾਂ ਨੂੰ ਰੱਜ ਨਹੀਂ ਆਇਆ......ਉਹ ਇਸ ਵਾਟ ਤੋਂ ਅਜੇ ਥੱਕੇ ਨਹੀਂ......"ਮੈਂ ਅਜੇ ਹੋਰ ਤੁਰਨਾ ਏ......ਬੜਾ ਫ਼ਾਸਲਾ ਤੈਅ ਕਰਨਾ ਏ......" ਤੇ ਉਹ ਕਾਹਲੀ ਕਾਹਲੀ ਤੁਰ ਪੈਂਦੇ ਨੇ......

"ਦਾਰ ਜੀ; ਹੌਲੀ......" ਉਮਾਂ ਉਹਨਾਂ ਦੀ ਧੀ ਤਰਲਾ ਕਰਦੀ ਹੈ । ਉਮਾਂ ਰਾਣੀ ਨੇ ਆਪਣੀ ਜਿੰਦ ਦੀ ਸਾਰੀ ਜਾਨ, ਦਾਰ ਜੀ ਦਿਆਂ ਕਦਮਾਂ ਵਿਚ ਧਰ ਦਿਤੀ ਹੈ, "ਦਾਰ ਜੀ ਦਾ ਦਿਲ ਕਿਤੇ ਥਕ ਨਾ ਜਾਏ ਓਮੀਂ ਭੈਣ ਨੂੰ ਬੜਾ ਫ਼ਿਕਰ ਲਗਾ ਰਹਿੰਦਾ ਹੈ ।

"......ਮੇਰਾ ਮਿਜ਼ਾਜ਼ ਲੜਕਪਨ ਸੇ ਆਸ਼ਕਾਨਾ ਥਾ" ਦਾਰ ਜੀ ਦੀ ਮੁਸਕਾਨ, ਓਮੀਂ ਧੀ ਨੂੰ ਉੱਤਰ ਦੇਂਦੀ ਹੈ ਤੇ ਦਾਰ ਜੀ ਆਪਣੇ ਇਸ਼ਕ ਵਿਚ ਮਤਵਾਲੇ ਹੋਏ, ਹੋਰ ਵੀ, ਹੋਰ ਵੀ, ਤੇਜ਼ ਕਦਮ ਪੁਟਦੇ ਨੇ......

ਉਹਨਾਂ ਦੇ ਪੁੱਟੇ ਕਦਮ, ਸਾਰੇ ਪੰਜਾਬੀ ਸੰਸਾਰ ਨੂੰ ਅਗੇ ਲਿਜਾਂਦੇ ਨੇ......ਤੇ ਅਸੀਂ ਸਾਰੇ ਮਿਲ ਕੇ ਉਹਨਾਂ ਦੇ ਕਦਮਾਂ ਦੀ ਖ਼ੈਰ ਮੰਗਦੇ ਹਾਂ......ਉਹਨਾਂ ਦੀ ਲੰਮੀ, ਉਮਰ ਲਈ ਅਰਦਾਸ ਕਰਦੇ ਹਾਂ......

ਇਹ ਸਾਡੀ ਮਾਂ ਬੋਲੀ ਦਾ ਚਮਕਦਾ ਲਿਖਾਰੀ ਸੂਰਜ, ਕਈ ਜੁਗੜੇ ਸਾਡੇ ਸਿਰਾਂ ਉਤੇ ਚਮਕਦਾ ਰਹੇ । ਇਹਦੀ ਰੌਸ਼ਨੀ ਨਾਲ ਸਾਡੀ ਇਸ ਮਾਂ ਦਾ ਮੂੰਹ ਲਾਲ ਗੁਲਾਲ ਦਿਸਦਾ ਹੈ, ਜਿਵੇਂ ਇਸ ਹੁਣ ਹੁਣੇ ਹੋਲੀ ਖੇਡੀ ਹੋਵੇ । ਦਾਰ ਜੀ ਨੇ ਪਿਆਰ ਦੀ ਹੋਲੀ ਖੇਡ ਕੇ, ਇਸ ਖੇਡ ਦੇ ਸੱਤੇ ਰੰਗ, ਆਪਣੀ ਮਾਂ ਬੋਲੀ ਦੇ ਮੂੰਹ ਉਤੇ ਧੂੜ ਦਿਤੇ ਹਨ । ਇਸ ਕਰਮ ਲਈ, ਅਸੀਂ ਸਾਰੇ ਸ਼ੁਕਰ ਗੁਜ਼ਾਰ ਆਂ, ਆਪਣੇ ਦਾਰ ਜੀ ਦੇ ।

# ਪੀਟਰ ਪੈਨ

ਐਨ. ਐਸ. ਮਾਂਗਟ, ਨੈਰੋਬੀ

ਸਰ ਵਿਨਸਟਨ ਚਰਚਿਲ ਆਪਣਾ ਅੱਸੀਵਾਂ ਜਨਮ ਦਿਨ ਮਨਾ ਰਿਹਾ ਸੀ। ਕਈ ਫ਼ੋਟੋਗਰਾਫ਼ਰ ਉਸ ਦੀਆਂ ਤਸਵੀਰਾਂ ਲੈ ਰਹੇ ਸਨ। ਚਰਚਿਲ ਦੀ ਤਸਵੀਰ ਉਤਾਰਨ ਤੋਂ ਬਾਅਦ ਇਕ ਹੱਸਦੇ ਨੌਜਵਾਨ ਨੇ ਉਹਦੇ ਕੋਲ ਜਾ ਕੇ ਕਿਹਾ, "ਮੈਂ ਆਸ ਰਖਦਾ ਹਾਂ ਕਿ ਮੈਂ ਤੁਹਾਡੀ ਫ਼ੋਟੋ ਤੁਹਾਡੇ ਸੌਵੇਂ ਜਨਮ ਦਿਨ ਉਤੇ ਲੈ ਸਕਾਂਗਾ" ਚਰਚਿਲ ਨੇ ਉਸ ਨੂੰ ਪੈਰਾਂ ਤੋਂ ਸਿਰ ਤਕ ਨੀਝ ਨਾਲ ਤੱਕਿਆ ਤੇ ਕਿਹਾ "ਯੰਗਮੈਨ ਕੋਈ ਵਜ੍ਹਾ ਨਹੀਂ ਕਿ ਤੇਰੀ ਇਹ ਆਸ਼ਾ ਪੂਰੀ ਨਾ ਹੋਵੇ, ਮੈਨੂੰ ਤਾਂ ਤੂੰ ਬਿਲਕੁਲ ਤੰਦਰੁਸਤ ਲਗਦਾ ਹੈਂ।"

ਜਦੋਂ ੨੯ ਅਪ੍ਰੈਲ, ੧੯੭੦ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਦਾਰ ਜੀ ਦੇ ਸਨਮਾਨ ਵਿਚ ਇਕ ਸਮਾਗਮ ਕਰਨਾ ਸੀ ਤਾਂ ਪਹਿਲੋਂ ਖ਼ਬਰਾਂ ਆਈਆਂ ਕਿ ਦਾਰ ਜੀ ਦੀ ਸਿਹਤ ਇਤਨੀ ਡਿੱਗੀ ਹੋਈ ਹੈ ਕਿ ਉਹ ਸ਼ਾਇਦ ਹੀ ਸਮਾਗਮ ਉਤੇ ਆ ਸਕਣ, ਜੇ ਆ ਵੀ ਗਏ ਤਾਂ ਸ਼ਾਇਦ ਭਾਸ਼ਨ ਨਹੀਂ ਦੇ ਸਕਣਗੇ। ਪਰ ਉਹ ਆਏ। ਔਡੀਟੋਰੀਅਮ ਭਰਿਆ ਹੋਇਆ ਸੀ। ਜਦੋਂ ਵਡੇ ਦਰਵਾਜ਼ੇ ਤੋਂ ਸਟੇਜ ਨੂੰ ਜਾਣ ਲਈ ਉਹ ਵਾਈਸ ਚਾਂਸਲਰ ਰੰਧਾਵਾ ਜੀ, ਆਪਣੇ ਸਮਕਾਲੀ ਲਿਖਾਰੀਆਂ ਤੇ ਆਪਣੀ ਪਤਨੀ ਤੇ ਬੱਚਿਆਂ ਨਾਲ ਹਾਲ ਵਿਚ ਦਾਖ਼ਲ ਹੋਏ ਤਾਂ ਆਪਣੇ ਛੋਟੇ ਛੋਟੇ ਛੋਹਲੇ ਕਦਮਾਂ ਨਾਲ ਸਭ ਤੋਂ ਅਗੇ ਨਿਕਲ ਗਏ। ਸਟੇਜ ਉਤੇ ਦੋ ਘੰਟੇ ਚਿਤੰਨ ਬੈਠਣ ਤੋਂ ਬਾਅਦ ਜਦੋਂ ਉਹ ਬੋਲਣ ਲਈ ਉਠੇ ਤਾਂ ਮਾਈਕ੍ਰੋਫ਼ੋਨ ਕੋਲ ਆ ਕੇ ਸਹਿਜ ਸੁਭਾ ਉਹ ਗੁਲਰੇਜ਼ੀ ਕੀਤੀ ਕਿ ਆਪਣੀਆਂ ਸੀਟਾਂ ਨਾਲ ਜੁੜੇ ਬੈਠੇ ਸਰੋਤਿਆਂ ਦੇ ਪੱਲੇ ਫੁੱਲਾਂ ਨਾਲ ਭਰ ਦਿਤੇ। ਜਦੋਂ ਤਿੰਨ ਘੰਟੇ ਬਾਅਦ ਸਮਾਪਤੀ ਹੋਈ ਤਾਂ ਉਹ ਅੱਧਾ ਘੰਟਾ ਬਾਹਰੋਂ ਆਏ ਸਨੇਹੀਆਂ ਨਾਲ ਮਿਲ ਕੇ, ਬੱਚਿਆਂ ਨੂੰ ਪਿਆਰ ਦੇ ਕੇ, ਬਾਹਰ ਤਕ ਵਿਦਾ ਕਰਨ ਆਏ।

ਮੈਂ ਤਾਂ ਜਲ੍ਹਿਆਂ ਵਾਲਾ ਤੇ ਨਨਕਾਣਾ ਸਾਹਿਬ ਦੇ ਸਾਕਿਆਂ ਤੋਂ ਬਾਅਦ ਹੀ ਦੇਸ ਤੋਂ ਬਾਹਰ ਚਲਾ ਗਿਆ ਸੀ। ਪਹਿਲੇ ਛੇ ਸੱਤ ਸਾਲ ਕੈਨੇਡਾ ਤੇ ਇੰਗਲੈਂਡ ਪੜ੍ਹਾਈ ਵਿਚ ਲੰਘੇ ਤੇ ਪਿਛਲੇ ਬਤਾਲੀ, ਤਰਤਾਲੀ ਕੈਨੀਆਂ ਵਿਚ ਜਿਥੇ ਕਿ ਮੈਂ ਹੁਣ ਵੀ ਹਾਂ। ਇਸ ਤਰ੍ਹਾਂ ਮੈਂ ਕੋਈ ਪੰਜਾਹ ਸਾਲ ਦੇਸੋਂ ਬਾਹਰ ਰਿਹਾ ਹਾਂ। ਮੇਰੀ ਪਹਿਲੀ ਪਛਾਣ ਦਾਰ ਜੀ ਨਾਲ "ਪਰਮ ਮਨੁੱਖ" ਪੜ੍ਹ ਕੇ ਹੋਈ। ਮੇਰੇ ਲਈ ਇਹ ਇਕ ਦੈਵੀ ਸੰਦੇਸ ਸੀ। "ਪਰਮ ਮਨੁੱਖ" ਦੇ ਮਜ਼ਮੂਨ ਦੀ ਕੋਮਲਤਾ ਦੇਖ ਕੇ ਮੈਂ ਹੈਰਾਨ ਹੋ ਗਿਆ ਕਿ ਕੋਈ ਲਿਖਾਰੀ ਪੰਜਾਬੀ ਬੋਲੀ ਵਿਚ ਲਿਖ ਕੇ ਵੀ ਐਮਰਸਨ ਨਾਲ ਤੁਲ ਸਕਦਾ ਹੈ। "ਪ੍ਰੀਤ ਲੜੀ" ਤੇ ਪ੍ਰੀਤ ਨਗਰ ਦੀ ਕਾਮਯਾਬੀ



ਨੂੰ ਪੜ੍ਹ, ਸੁਣ ਕੇ ਖ਼ੁਸ਼ੀ ਹੁੰਦੀ ਰਹੀ। ਦਾਰ ਜੀ ਦੀ ਲਿਖਤ ਦੀ ਮੇਰੇ ਮਨ ਵਿਚ ਡੂੰਘੀ ਪ੍ਰਸੰਸਾ ਸੀ ਪਰ ਇਕ ਪਾਠਕ ਦੇ ਰੂਪ ਵਿਚ।

੧੯੪੭ ਦੇ ਘਲੂਘਾਰੇ ਪਿਛੋਂ ਜਦੋਂ ਮਹਿਰੌਲੀ ਤੋਂ ਛਪੀ ਹੋਈ "ਪ੍ਰੀਤ ਲੜੀ" ਆਉਣ ਲਗੀ ਤਾਂ ਇਹਨਾਂ ਦੀਆਂ ਤਕਲੀਫ਼ਾਂ ਦਾਂ ਵੇਰਵਾ ਪੜ੍ਹ ਕੇ ਮੇਰੇ ਮਨ ਉਤੇ ਅਸਰ ਪਿਆ। ਮੈਂ ਸੋਚਾਂ ਕਿ ਜਿਹੜਾ ਲਿਖਾਰੀ "ਪਰਮ ਮਨੁੱਖ" ਰਚ ਸਕਦਾ ਹੈ ਉਹਨੂੰ ਪੈਸੇ ਦੀ ਟੋਟ ਹੋ ਜਾਣੀ ਕਿਡਾ ਅਨਰਥ ਹੈ। ਸੰਭਵ ਹੈ ਕਿ ਇਤਨਾ ਭਾਰੀ ਬੋਝ ਮਨ ਉਤੇ ਰਖ ਕੇ ਉਹ ਫੇਰ ਕਦੀ ਐਸੀ ਰਚਨਾ ਨਾ ਰਚ ਸਕੇ। ਇਹਨਾਂ ਦਾ ਕਰਜ਼ਾ, ਇੰਡੀਆ ਦੇ ਮੇਚੇ ਨਾਲ, ਪਹਾੜ ਜਿੱਡਾ ਸੀ। ਮੈਂ ਇਹਨਾਂ ਨੂੰ ਫ਼ੌਰੀ ਮਦਦ ਤੋਂ ਇਲਾਵਾ ਇਹ ਪੇਸ਼ਕਸ਼ ਕੀਤੀ ਕਿ ਮੈਂ ਉਹ ਸਾਰਾ ਕਰਜ਼ਾ ਲਾਹ ਦਿੰਦਾ ਹਾਂ। ਪਰ ਦਾਰ ਜੀ ਦੀ ਖ਼ੁਦਦਾਰੀ ਨੇ ਇਹ ਭੇਟਾ ਸਵੀਕਾਰ ਨਾ ਕੀਤੀ। ਸਮਾਂ ਗੁਜ਼ਰਨ ਨਾਲ ਤਸ਼ਵੀਸ਼ ਵਧਦੀ ਗਈ। ਕਈ ਲਹਿਣੇਦਾਰ ਹਮਦਰਦ ਸਨ, ਪਰ ਕਈ ਬਹੁਤ ਉਤਾਵਲੇ ਹੋ ਗਏ ਅਤੇ ਕਈ ਤਾਂ ਸ਼ਰਮਨਾਕ ਤੋਹਮਤਾਂ ਲਾਣੋਂ ਵੀ ਨਾ ਝਿਜਕੇ।

ਮੈਂ ਇਕ ਵਕੀਲ ਦੀ ਹੈਸੀਅਤ ਵਿਚ ਦਾਰ ਜੀ ਕੋਲੋਂ ਸਾਰਾ ਲੈਣ ਦੇਣ ਵਿਸਥਾਰ ਨਾਲ ਪੁਛ ਕੇ ਇਹਨਾਂ ਨੂੰ ਇਕ ਲਿਖਤੀ ਸਕੀਮ ਪੇਸ਼ ਕੀਤੀ। ਉਹਨਾਂ ਨੂੰ ਦਸਿਆ ਕਿ ਇਹ ਆਪਣਾ ਕਸ਼ਟ ਆਪ ਵਧਾ ਰਹੇ ਹਨ ਕਿਉਂਕਿ ਇਹ ਮੱਲੋ ਮੱਲੀ ਉਹਨਾਂ ਜ਼ੁਮੇਂਵਾਰੀਆਂ ਨੂੰ ਗਲ ਪਾਈ ਬੈਠੇ ਸਨ ਜਿਨ੍ਹਾਂ ਨਾਲ ਇਹਨਾਂ ਦਾ ਸਬੰਧ ਨਹੀਂ ਸੀ। ਮੈਂ ਦਸਿਆ ਕਿ ਸਾਰਾ ਕਰਜ਼ਾ ਉਹਨਾਂ ਸੰਸਥਾਵਾਂ ਦਾ ਸੀ ਜਿਹੜੀਆਂ ਜਾਂ ਲਿਮਿਟਿਡ ਜਾਂ ਚੈਰਿਟੇਬਲ ਸਨ। ਕੇਵਲ "ਪ੍ਰੀਤ ਲੜੀ" ਇਹਨਾਂ ਦੀ ਆਪਣੀ ਸੀ ਅਤੇ ਉਸ ਉਤੇ ਕੋਈ ਕਰਜ਼ਾ ਨਹੀਂ ਸੀ। "ਪ੍ਰੀਤ ਲੜੀ" ਤੋਂ ਸਿਵਾ ਉਹ ਕੋਰਟ ਰਾਹੀਂ ਸਾਰਿਆਂ ਨੂੰ "ਵਾਈਂਡ ਅੱਪ" ਕਰਵਾ ਦੇਣ। ਜਿਤਨਾਂ ਇਹਨਾਂ ਦਾ ਹਿੱਸਾ ਇਕ ਸ਼ੇਅਰ-ਹੋਲਡਰ ਦੇ ਤੌਰ ਉਤੇ ਸੀ। ਉਸ ਤੋਂ ਕਈ ਗੁਣਾਂ ਇਹ ਪਹਿਲਾਂ ਹੀ ਦੇ ਚੁਕੇ ਸਨ। ਦੂਸਰੇ, ਉਹ ਸਾਰੀਆਂ ਰਕਮਾਂ ਮਿਆਦੋਂ ਬਾਹਰ ਹੋ ਚੁਕੀਆਂ ਸਨ ਤੇ ਸਭ ਤੋਂ ਜ਼ਿਆਦਾ ਜਿਨ੍ਹਾਂ ਲੋਕਾਂ ਨੇ ਇਹਨਾਂ ਵਿਚੋਂ ਕਿਸੇ ਸੰਸਥਾ ਵਿਚ ਪੈਸੇ ਪਾਏ ਸਨ ਉਹਨਾਂ ਦਾ ਮਨੋਰਥ ਵਪਾਰ ਸੀ। ਜੇ ਕਿਤੇ ਪ੍ਰੀਤ ਨਗਰ ਤਰੱਕੀ ਕਰ ਜਾਂਦਾ ਤੇ ਉਹਨਾਂ ਦੇ ਸ਼ੇਅਰ ਦਸ ਗੁਣਾਂ ਕੀਮਤ ਦੇ ਹੋ ਜਾਂਦੇ ਤਾਂ ਉਹਨਾਂ ਕੋਈ ਸੁਗਾਤ ਨਹੀਂ ਸੀ ਦੇ ਦੇਣੀ ਤੇ ਹੁਣ ਜੇ ਉਹ ਤੁਹਾਡੀ ਗ਼ਲਤੀ ਨਾਲ ਨਹੀਂ, ਦੇਸ ਦੀ ਵੰਡ ਕਾਰਨ ਘਾਟੇ ਵਿਚ ਚਲੇ ਗਏ ਹਨ ਤਾਂ ਉਹ ਕਿਉਂ ਇਹ ਉਮੀਦ ਰਖਣ ਕਿ ਦਾਰ ਜੀ ਉਹ ਘਾਟਾ ਪੂਰਾ ਕਰਨ।

ਮੈਂ ਆਪਣੀ ਵਲੋਂ ਇਹ ਸਕੀਮ ਤਿਆਰ ਕਰ ਕੇ ਉਹਨਾਂ ਦੀ ਤੰਗੀ ਦਾ ਖ਼ਾਤਮਾ ਕਰ ਦਿਤਾ ਸੀ, ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਹਨਾਂ ਮੈਨੂੰ ਜਵਾਬ ਦਿਤਾ ਕਿ ਉਹ ਮੇਰੇ ਸ਼ੁਕਰ ਗੁਜ਼ਾਰ ਹਨ ਕਿ ਮੈਂ ਐਨੀ ਖੇਚਲ ਕੀਤੀ, ਪਰ ਉਹਨਾਂ ਨੂੰ ਅਫ਼ਸੋਸ ਹੈ ਕਿ ਉਹ ਇਸ ਨੂੰ ਵਰਤੋਂ ਵਿਚ ਨਹੀਂ ਲਿਆ ਸਕਦੇ ਕਿਉਕਿ ਜਿਨ੍ਹਾਂ ਸੱਜਣਾਂ ਨੇ ਪ੍ਰੀਤ ਨਗਰ ਦੀ ਕਿਸੇ ਸੰਸਥਾ ਵਿਚ ਮਾਇਆ ਪਾਈ ਸੀ ਤੇ ਉਹ ਉਸ ਵਿਸ਼ਵਾਸ ਕਰ ਕੇ ਪਾਈ ਸੀ, ਤੇ ਉਹ ਵਿਸ਼ਵਾਸ ਦਾ ਘਾਤ ਖ਼ਿਆਲ ਤਕ ਨਹੀਂ ਲਿਆ ਸਕਦੇ। ਇਹ ਪੜ੍ਹ ਕੇ ਮੇਰੇ ਪਹਿਲੇ ਲਫ਼ਜ਼ ਸਨ ਕਿ ਇਹ ਦਿਆਨਤਦਾਰੀ ਨਹੀਂ ਦੀਵਾਨਗੀ ਹੈ। ਪਰ ਮੈਂ ਉਹਨਾਂ ਨੂੰ ਉਸ ਦ੍ਰਿੜ੍ਹਤਾ ਤੋਂ ਹਿਲਾ ਨਾ ਸਕਿਆ ਤੇ ਮੈਨੂੰ ਵੀ ਉਹਨਾਂ ਦੇ ਨਾਲ ਟੁਰਨਾ ਪਿਆ।

ਸਰਸਰੀ ਨਜ਼ਰ ਨਾਲ ਅਸੀਂ ਕਹਿ ਸਕਦੇ ਹਾਂ ਕਿ ਇਹ ਕਿਹੜੀ ਵਡੀ ਗੱਲ ਹੈ ?

ਈਮਾਨਦਾਰੀ ਇਕ ਕਰਤੱਵ ਹੈ ਤੇ ਦਾਰ ਜੀ ਨੇ ਉਸ ਦਾ ਪਾਲਣ ਕੀਤਾ। ਪਰ ਜੇ ਅਸ ਉਸ ਸਮੇਂ ਦੇ ਹਾਲਾਤ ਅਨੁਭਵ ਕਰੀਏ ਤਾਂ ਪਤਾ ਲਗੇਗਾ ਕਿ ਇਹਨਾਂ ਨੇ ਡੇੜ੍ਹ ਲੱਖ ਰੁਪਏ ਦੀ ਜ਼ਿਮੇਂਵਾਰੀ ਦੀ ਇਖ਼ਲਾਕੀ ਮਜਬੂਰੀ ਇਸ ਨੂੰ ਲੈਣ ਦੀ ਨਹੀਂ ਸੀ। ਇਹਨਾਂ ਦਾ ਇੰਜ ਕਰਨਾ ਇਹਨਾਂ ਦੀ ਮਹਾਨਤਾ ਦਾ ਕਿੱਡਾ ਸਬੂਤ ਹੈ। ਮੈਂ ਇਸ "ਅਭਿਨੰਦਨ ਗ੍ਰੰਥ" ਵਿਚ ਸਾਂਝ ਨਾ ਪਾਉਂਦਾ ਜੇ ਕੋਈ ਹੋਰ ਪ੍ਰਸ਼ੰਸਕ ਇਹਨਾਂ ਦੇ ਇਸ ਮਹਾਨ ਸਦਾਚਾਰ ਦਾ ਵਰਣਨ ਕਰ ਸਕਦਾ ਹੁੰਦਾ, ਪਰ ਜਿਤਨੀ ਇਸ ਬਾਰੇ ਮੈਨੂੰ ਜਾਣਕਾਰੀ ਹੈ। ਸ਼ਾਇਦ ਕਿਸੇ ਹੋਰ ਨੂੰ ਨਾ ਹੋਵੇ।

ਦਾਰ ਜੀ ਨੇ ਕਦੇ ਮੇਰੇ ਕੋਲੋਂ ਆਪ ਮੰਗ ਨਹੀਂ ਕੀਤੀ। ਜਦੋਂ ਮੈਂ ਆਪਣੇ ਆਪ ਉਹਨਾਂ ਦੇ ਹੱਥ ਘੁੱਟੇ ਤਾਂ ਸਮੇਂ ਦੀ ਜ਼ਰੂਰਤ ਨਾਲੋਂ ਜ਼ਿਆਦਾ ਲੈਣੋਂ ਇਨਕਾਰ ਕਰ ਦਿਤਾ... ...ਇਹ ਕਹਿ ਕੇ ਕਿ ਉਹ ਇਕ ਬੜੇ ਕੀਮਤੀ ਤਜਰਬੇ ਵਿਚੋਂ ਲੰਘ ਰਹੇ ਹਨ — ਜਿਹਨੇ ਝੱਖੜਾਂ ਵਿਚ ਤੁਰਨਾ ਸਿਖਣਾ ਹੈ ਉਸ ਨੂੰ ਡੁੱਬਣ ਦਾ ਡਰ ਨਹੀਂ ਚਾਹੀਦਾ। ਪਰ ਉਹਨਾਂ ਦੀ ਇਹ ਫ਼ਿਲਾਸਫ਼ੀ ਮੈਨੂੰ ਅਪੀਲ ਨਹੀਂ ਸੀ ਕਰਦੀ। ਇਸੇ ਕਰ ਕੇ ਮੈਂ ਤੇ ਇਹਨਾਂ ਦੇ ਹੋਰ ਦੋ ਚਾਰ ਸਨੇਹੀ, ਸ਼ਾਇਦ ਇਕ ਦੂਜੇ ਨੂੰ ਅਦਿਖ, ਇਹ ਦੇਖਦੇ ਰਹੇ ਸੀ ਕਿ ਕੁਠਾਲੀ ਨੂੰ ਇਤਨੀ ਆਂਚ ਨਹੀਂ ਲਗਣ ਦੇਣੀ ਕਿ ਇਸ ਸੋਨੇ ਦੀ ਸੁਆਹ ਹੀ ਹੋ ਜਾਏ ਤੇ ਹਰ ਵੇਲੇ ਬੇੜੀ ਚੱਪੂ ਤਿਆਰ ਰਖਦੇ ਸੀ ਕਿ ਇਹਨਾਂ ਨੂੰ ਡੁੱਬਣ ਨਹੀਂ ਦੇਣਾ। ਬੜੀ ਖ਼ੁਸ਼ੀ ਹੈ ਕਿ ਦਾਰ ਜੀ ਕੁਠਾਲੀ ਅਤੇ ਝੱਖੜ ਵਿਚੋਂ ਬਾਹਰ ਨਿਕਲ ਆਏ ਹਨ।

ਮੈਂ ਪਹਿਲੀ ਵਾਰ ਦਾਰ ਜੀ ਨੂੰ ਮਿਲਣ ਪ੍ਰੀਤ ਨਗਰ ੧੯੫੪ ਵਿਚ ਗਿਆ, ਪਰ ਇਹ ਚੀਨ ਗਏ ਹੋਏ ਸਨ। ਮੈਂ ਉਹਨਾਂ ਲਈ ਇਕ ਚਿੱਠੀ ਛਡ ਆਇਆ ਜਿਹੜੀ ਉਹਨਾਂ ਕੋਲ ਹੁਣ ਤਕ ਹੈ। ਪਿਛਲੇ ਬਾਈ ਸਾਲਾਂ ਵਿਚ ਅਸੀਂ ਦੋਵੇਂ ਆਪਣੇ ਆਪਣੇ ਕੰਮਾਂ ਵਿਚ ਮਸਰੂਫ ਹੋਣ ਦੇ ਬਾਵਜੂਦ ਇਕ ਦੂਜੇ ਨੂੰ ਇਤਨਾਂ ਲਿਖਦੇ ਰਹੇ ਹਾਂ ਕਿ ਮੇਰੇ ਕੋਲ ਚਾਰ ਇੰਚ ਮੋਟੀ ਇਹਨਾਂ ਦੇ ਹੱਥ ਦੇ ਲਿਖੇ ਨਿਰੇ ਸੋਨੇ ਦੇ ਪਤਰਿਆਂ ਦੀ ਫ਼ਾਈਲ ਬਣ ਗਈ ਹੈ।

ਦੂਜੀ ਵਾਰ ਮੈਂ ਪ੍ਰੀਤ ਨਗਰ ੧੯੫੮ ਵਿਚ ਗਿਆ। ਲੋਪੋਕੀ ਤੋਂ ਲੈ ਕੇ ਇਕ ਲਗਾਤਾਰ ਚਲ੍ਹਾ ਸੀ ਜਿਸ ਵਿਚੋਂ ਕਾਰ ਬੈਲਾਂ ਨਾਲ ਖਿਚ ਕੇ ਕਢਣੀ ਪਈ। ਮੈਂ ਦਾਰ ਜੀ ਨੂੰ ਕਿਹਾ, "ਜੇ ਤੁਹਾਡੇ ਵਰਗਾ ਲਿਖਾਰੀ ਕਿਸੇ ਹੋਰ ਦੇਸ ਵਿਚ ਹੋਵੇ ਉਹਦੇ ਦਰ ਤਕ ਸੋਨੇ ਦੀ ਸੜਕ ਬਣ ਜਾਏ, ਪਰ ਅਫ਼ਸੋਸ ਹੈ ਕਿ ਇੰਡੀਆ ਵਿਚ ਇਹ ਕਦਰ ਕਿੱਥੇ। ਉਹਨਾਂ ਮੈਨੂੰ ਪਿਛੋਂ ਲਿਖਿਆ ਕਿ ਉਹਨਾਂ ਮੇਰੇ ਇਹ ਲਫ਼ਜ਼ ਉਦੋਂ ਦੇ ਚੀਫ਼ ਮਨਿਸਟਰ ਕੈਰੋਂ ਕੋਲ ਦੁਹਰਾਏ ਸਨ ਅਤੇ ਕੁਝ ਸਮੇਂ ਬਾਅਦ ਹੀ ਸੋਨੇ ਦੀ ਤਾਂ ਨਹੀਂ, ਪੱਕੀਆਂ ਇਟਾਂ ਦੀ ਸੜਕ ਪ੍ਰੀਤ ਨਗਰ ਲਈ ਬਣ ਗਈ।

ਦਾਰ ਜੀ ਨੇ ਅਠੱਤੀ ਸਾਲ ਦੀ ਉਮਰ ਵਿਚ ਲਿਖਣਾ ਸ਼ੁਰੂ ਕੀਤਾ। ਮੈਨੂੰ ਇਤਬਾਰ ਆ ਗਿਆ ਹੈ ਕਿ ਵਾਕਈ ਸ਼ੇਖ ਸਾਅਦੀ ਨੇ ਪੰਜਾਹ, ਪਤਾ ਨਹੀਂ ਸੱਠ ਜਾਂ ਹੋਰ ਕਿੰਨੇ ਸਾਲ ਦੇ ਹੋ ਕੇ ਫ਼ਾਰਸੀ ਪੜ੍ਹੀ ਸੀ ਅਤੇ ਗੁਲਿਸਤਾਂ ਬੋਸਤਾਂ ਲਿਖ ਮਾਰੀਆਂ। ਦਾਰ ਜੀ ਪੰਜਾਬੀ ਵਾਰਤਕ ਦੇ ਉਡੇ ਹੀ ਧਨੀ ਹਨ ਜਿਤਨਾ ਕਿ ਸ਼ੇਖ ਸਾਅਦੀ ਫ਼ਾਰਸੀ ਕਵਿਤਾ ਦਾ ਸੀ। ਜਦੋਂ ਮੇਰੇ ਕੋਲ ਆ ਕੇ ਠਹਿਰਦੇ ਹਨ ਤਾਂ ਇਹਨਾਂ ਦੀ ਬੇ-ਤਕੱਲਫ਼ੀ ਦੇਖ ਕੇ ਸ਼ੇਖ ਸਾਅਦੀ ਦੀ "ਦਾਅਵਤੇ ਸ਼ੀਰਾਜ਼ੀ" ਯਾਦ ਆ ਜਾਂਦੀ ਹੈ।



ਕਦੇ ਕਦੇ ਤਾਂ ਦਾਰ ਜੀ ਬੱਚੇ ਹੀ ਬਣ ਜਾਂਦੇ ਹਨ। ਇਕ ਵਾਰ ਜਦੋਂ ਉਹ ਮੇਰੇ ਕੋਲ ਫ਼ਰਵਰੀ ੧੯੭੦ ਵਿਚ ਲੁਧਿਆਣੇ ਆਏ ਸਨ ਤਾਂ ਇਕ ਦਿਨ ਉਹ ਕਾਫ਼ੀ ਲੰਮੀ ਕਾਨਫ਼ਰੰਸ ਤੋਂ ਪਿਛੋਂ ਘਰ ਪਰਤੇ ਤਾਂ ਮੈਂ ਹਸਬ ਮਾਮੂਲ ਉਹਨਾਂ ਨੂੰ ਕਿਹਾ "ਜਾਓ ਆਰਾਮ ਕਰ ਲਓ" ਉਹਨਾਂ ਕਿਹਾ, "ਤੁਸੀਂ ਕੀ ਕਰਨ ਲਗੇ ਹੋ ?" ਮੈਂ ਕਿਹਾ "ਜ਼ਰਾ ਬਾਹਰ ਚੱਕਰ ਲਾ ਆਵਾਂ" ਉਹਨਾਂ ਨਿਆਣਿਆਂ ਵਾਂਗ ਕਿਹਾ, "ਮੈਂ ਵੀ ਜਾਣੈਂ" ਅਸੀਂ ਸਾਰਾ ਪਰਵਾਰ ਕਾਰ ਵਿਚ ਬੈਠ ਕੇ ਚਲੇ ਗਏ। ਸਾਡੀ ਪਹਿਲੀ ਠਾਹਰ ਮਾਡਲ ਗਰਾਮ ਦੇ ਨੇੜੇ ਰੜੇ ਮੈਦਾਨ ਵਿਚ ਇਕ ਦਾਣੇ ਭੁੰਨਣ ਵਾਲੀ ਭੱਠੀ ਸੀ। ਇਕ ਬੜੀ ਸਿਆਣੀ ਸੁਚੱਜੀ ਮਾਈ ਉਥੇ ਸਿਆਲ ਵਿਚ ਭੱਠੀ ਭਖਾਇਆ ਕਰਦੀ ਸੀ। ਦਾਰ ਜੀ ਨੂੰ ਦੇਖ ਕੇ ਚਾਅ ਚੜ੍ਹ ਗਿਆ। ਕਾਰ ਤੋਂ ਉਤਰ ਕੇ ਉਹਨਾਂ ਉਸ ਬੀਬੀ ਨਾਲ ਗੱਲਾਂ ਕੀਤੀਆਂ। ਭੱਠੀ ਵਿਚ ਝੋਕਾ ਪਾਇਆ ਤੇ ਉਸ ਨੂੰ ਹੰਸੂ ਹੰਸੂ ਕਰਨ ਲਾ ਦਿਤਾ। ਉਸ ਦਿਨ ਉਸ ਮਾਈ ਨੇ ਇਕ ਉਚੇਚੀ ਮੜ੍ਹਕ ਨਾਲ ਮੁਰਮੁਰਿਆਂ ਦੇ ਪਰਾਗਿਆਂ ਨੂੰ ਹਵਾ ਲਵਾਈ ਤੇ ਛੋਲਿਆਂ ਉਤੇ ਕੁੱਜਾ ਫੇਰਿਆ। ਉਸ ਦਿਨ ਸਾਨੂੰ ਅਗੇ ਨਾਲੋਂ ਜੇ ਡੂਢੇ ਨਹੀਂ ਤਾਂ ਸਵਾਏ ਦਾਣੇ ਤਾਂ ਮਾਈ ਨੇ ਜ਼ਰੂਰ ਉਨੇ ਪੈਸਿਆਂ ਵਿਚ ਹੀ ਦੇ ਦਿਤੇ ਸਨ।

ਉਸ ਤੋਂ ਬਾਅਦ ਮੈਂ ਉਹਨਾਂ ਨੂੰ ਘੁਮਾਰ ਮੰਡੀ ਇਕ ਰੇਹੜੀ ਕੋਲ ਖੜਾ ਕੀਤਾ ਜੀਹਦੇ ਉਤੇ ਦੋ ਰੰਗੀਲੇ ਨਵੇਂ ਗਲ-ਘੁੰਮਣੀ ਵਾਲੇ ਘੜੇ ਪਏ ਸਨ। ਰਿਉੜੀਆਂ ਵਾਲਾ ਸਾਨੂੰ ਜਾਣਦਾ ਸੀ, ਉਸ ਤੱਕੜੀ ਸਾਂਭ ਲਈ।

ਦਾਰ ਜੀ ਨੇ ਕਿਹਾ, "ਬਈ ਗੁੜ ਦੀਆਂ ਦਈਂ, ਖੰਡ ਦੀਆਂ ਨਹੀਂ।"

"ਵਾਹ, ਸਰਦਾਰ ਜੀ ਤੁਸਾਂ ਤਾਂ ਅਸਲੀ ਸ਼ੈ ਮੰਗੀ ਏ।" ਉਹਨੇ ਕੜਾਕੇਦਾਰ ਰਿਉੜੀਆਂ ਤੋਲ ਦਿੱਤੀਆਂ।

ਤੁਰਨ ਲੱਗੇ ਸੀ ਕਿ ਦਾਰ ਜੀ ਨੇ ਕਿਹਾ ਕਿ ਉਹਨਾਂ ਤਾ ਆਪਣਾ ਵੱਖ ਲਫ਼ਾਫ਼ਾ ਲੈਣਾ ਹੈ। ਰਿਉੜੀਆਂ ਦਾ ਇਕ ਵੱਖਰਾ ਡੱਡੂ ਵਰਗਾ ਲਫ਼ਾਫ਼ਾ ਉਹਨਾਂ ਕਬਜ਼ੇ ਵਿਚ ਕਰ ਲਿਆ।

ਮੈਂ ਕਿਹਾ ਕਿ ਮੇਰੀ ਅੱਜ ਦੀ ਯਾਤਰਾ ਪੂਰੀ ਹੋ ਗਈ ਹੈ।

ਕੋਲ ਇਕ ਸਵੀਟਾਂ ਦੀ ਦੁਕਾਨ ਸੀ। ਦਾਰ ਜੀ ਕਹਿਣ ਲਗੇ,"ਬਈ ਇੰਜ ਨਹੀਂ, ਮੈਂ ਵੀ ਜੱਸੂ ਤੇ ਡਿੱਪੀ ਨੂੰ ਚਾਕਲੇਟ ਲੈ ਕੇ ਦੇਣੇ ਨੇ।"

ਮੈਂ ਬਥੇਰਾ ਹਟਾਇਆ ਕਿ ਐਨੀਆਂ ਚੀਜ਼ਾਂ ਹੁੰਦੇ ਹੋਏ ਲੋੜ ਨਹੀਂ, ਪਰ ਬੱਚਿਆਂ ਨੂੰ ਨਾਲ ਲੈ ਕੇ ਦੁਕਾਨ ਵਿਚ ਜਾ ਵੜੇ, ਚਾਕਲੇਟ ਦੇ ਵੱਡੇ ਵੱਡੇ ਸਲੇਬ ਉਹਨਾਂ ਦੇ ਹੱਥ ਫੜਾਏ ਤੇ ਇਕ ਆਪ ਲੈ ਲਿਆ। ਜਦੋਂ ਉਹਨਾਂ ਆਪਣੀ ਜੇਬ ਤੇ ਹੱਥ ਮਾਰਿਆ ਤਾਂ ਪਤਾ ਲੱਗਾ ਕਿ ਬਟੂਆ ਤਾਂ ਘਰ ਹੀ ਰਹਿ ਗਿਆ ਸੀ।

ਘਰ ਆਏ ਤਾਂ ਸਾਡੇ ਦਾਣਿਆਂ ਤੇ ਰਿਉੜੀਆਂ ਦੇ ਸਾਂਝੇ ਭੰਡਾਰ ਵਿਚੋਂ ਆਪਣਾ ਹਿੱਸਾ ਵੰਡਾ ਕੇ ਉਹ ਤੇ ਆਪਣਾ ਵਖਰਾ ਲਫ਼ਾਫ਼ਾ ਆਪਣੇ ਸਿਰਹਾਣੇ ਹੇਠ ਰੱਖ ਆਏ। ਮੈਨੂੰ ਖ਼ਾਸਾ ਸ਼ਕ ਹੈ ਕਿ ਉਹਨਾਂ ਰਾਤ ਨੂੰ ਵੀ ਦਾਣੇ ਰਿਉੜੀਆਂ ਚੱਬੇ ਹੋਣਗੇ।

ਦੂਸਰੇ ਦਿਨ ਮੈਂ ਆਪਣੇ ਧਿਆਨ ਵਿਚ ਪੜ੍ਹ ਰਿਹਾ ਸਾਂ ਤੇ ਦਾਰ ਜੀ ਥੋੜੀ ਦੂਰ ਬੈਠੇ ਜੱਸੂ ਨੂੰ ਘਰ ਦਾ ਕੰਮ ਦਸ ਰਹੇ ਸਨ। ਮਿੰਟ ਮਿੰਟ ਬਾਅਦ ਮੈਨੂੰ ਕੜਾਕਾ ਸੁਣ ਪਵੇ, ਦੇਖਾਂ ਤਾਂ ਦਾਰ ਜੀ ਹੌਲੀ ਦੇ ਕੇ ਇਕ ਰਿਉੜੀ ਜੇਬ ਵਿਚੋਂ ਕੱਢਣ ਤੇ ਕਾੜ ਕਰ ਕੇ ਚਬਾ ਲੈਣ।

ਉਹਨਾਂ ਮੈਨੂੰ ਵੀ ਬੋਝੇ ਵਿਚੋਂ ਕੱਢ ਕੇ ਦੇ ਦਿਤੀਆਂ । ਮੈਂ ਝਾਕਾਂ ਕਿ ਇਹਨਾਂ ਦੀਆਂ ਦਾੜ੍ਹਾਂ ਹਨ ਕਿ ਨੱਟ-ਕਰੈਕਰ । ਮੈਂ ਪੁਛਿਆ, 'ਇਸ ਹਿਸਾਬ ਤਾਂ ਤੁਸਾਂ ਆਪਣਾ ਲਫ਼ਾਫ਼ਾ ਖ਼ਤਮ ਕਰ ਦਿਤਾ ਹੋਣਾ ਹੈ ।" ਕਹਿਣ ਲੱਗੇ, "ਨਹੀਂ, ਇਹ ਤਾਂ ਜੱਸੂ ਲਿਆਈ ਸੀ ।"

ਮੈਨੂੰ ਉਹ ਕਹਾਣੀ ਯਾਦ ਆ ਗਈ । ਵੱਡੀ ਲੜਾਈ ਦੇ ਜ਼ਮਾਨੇ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਸਾਇੰਸਦਾਨ ਆਈਨ ਸਟਾਈਨ, ਨਾਜ਼ੀ ਅਤਿਆਚਾਰ ਤੋਂ ਬਚਣ ਖ਼ਾਤਰ ਯੂਰਪ ਛਡ ਕੇ ਅਮਰੀਕਾ ਚਲਾ ਗਿਆ । ਉਥੇ ਜਿਥੇ ਉਹ ਰਹਿੰਦਾ ਸੀ ਉਸ ਦੇ ਗੁਆਂਢ ਇਕ ਛੋਟੀ ਜਿਹੀ ਸਕੂਲ ਪੜ੍ਹਨ ਵਾਲੀ ਬੱਚੀ ਰਹਿੰਦੀ ਸੀ । ਲੋਕਾਂ ਨੇ ਵੇਖਿਆ ਕਿ ਤਕਰੀਬਨ ਹਰ ਰੋਜ਼ ਹੀ ਉਹ ਨਿੱਕੀ ਜਿਹੀ ਕੁੜੀ ਆਈਨ ਸਟਾਈਨ ਦੇ ਘਰ ਜਾਂਦੀ ਹੈ ਤੇ ਘੰਟੇ ਕੁ ਪਿਛੋਂ ਆਪਣੇ ਘਰ ਪਰਤਦੀ ਹੈ । ਕਿਸੇ ਨੇ ਆਈਨ ਸਟਾਈਨ ਨੂੰ ਪੁੱਛਿਆ ਕਿ ਉਹ ਭੋਰਾ ਕੁ ਕੁੜੀ ਨਾਲ ਘੰਟਾ ਘੰਟਾ ਕੀ ਗੱਲਾਂ ਕਰੀ ਜਾਂਦਾ ਹੈ । ਆਈਨ ਸਟਾਈਨ ਨੇ ਅੱਖ ਮਟੱਕਾ ਕਰ ਕੇ ਆਖਿਆ, "ਲੈ, ਹੇ, ਮੈਂ ਉਹਦੇ ਸਵਾਲ ਕਢ ਦਿੰਦਾ ਹਾਂ ਤੇ ਉਹ ਮੈਨੂੰ ਸਵੀਟਾਂ ਦੇ ਦਿੰਦੀ ਏ ।"

ਵਾਪਸ ਜਾਣ ਲੱਗੇ ਇਕਰਾਰ ਕਰ ਗਏ ਕਿ ਮਾਰਚ ਵਿਚ ਕਿਸਾਨ ਮੇਲੇ ਉਤੇ ਆਵਾਂਗੇ । ਮੈਨੂੰ ਉਡੀਕ ਸੀ, ਪਰ ਉਹ ਨਾ ਆਏ । ਬੀਬੀ ਓਮਾ, ਨਵਤੇਜ, ਬੀਬੀ ਪ੍ਰਵੀਨ ਤੇ ਦਰਸ਼ਨ ਸਿੰਘ ਹੋਤੀਂ ਆਏ ਤੇ ਦਸਿਆ ਕਿ ਦਾਰ ਜੀ ਦੀ ਸਿਹਤ ਨੇ ਉਹਨਾਂ ਨੂੰ ਆਉਣ ਦੀ ਆਗਿਆ ਨਹੀਂ ਦਿਤੀ ਸੀ । ਮੈਂ ਉਹਨਾਂ ਨੂੰ ਚਿੱਠੀ ਲਿਖੀ । ਉਸ ਦਾ ਜਵਾਬ ਦਾਰ ਜੀ ਵਲੋਂ ਮੈਨੂੰ ਐਤਵਾਰ ੨੨ ਮਾਰਚ ਨੂੰ ਐਕਸਪ੍ਰੈਸ ਚਿੱਠੀ ਨਾਲ ਮਿਲਿਆ । ਇਹ ਚਿੱਠੀ ਮੇਰੇ ਲਈ ਇਤਿਹਾਸਕ ਹੈ ਉਹ ਚਿੱਠੀ ਇਹ ਹੈ :

"ਮੇਰੇ ਪਿਆਰੇ ਨਾਹਰ ਸਿੰਘ ਜੀ......ਪਿਆਰ ਪੱਤਰ ਮਿਲਿਆ । ਤੁਹਾਡੀ ਮੇਰੀ ਸਿਹਤ ਬਾਰੇ ਫ਼ਿਕਰਮੰਦੀ ਬੜੀ ਸ਼ਫ਼ਾਕੁਨ ਸਾਬਤ ਹੋਈ ਹੈ । ਅਜੇ ਰਾਤ ਮੈਂ ਬੜਾ ਕਮਜ਼ੋਰ ਮਹਿਸੂਸ ਕਰ ਰਿਹਾ ਸਾਂ, ਪਰ ਖ਼ਤ ਪੜ੍ਹ ਕੇ ਖ਼ਤ ਲਿਖਣ ਜੋਗੀ ਤਾਕਤ ਆ ਗਈ ਹੈ । ਪਿਛਲੇ ਢਾਈ ਮਹੀਨੇ ਤੋਂ ਮੈਂ ਆਪਣੇ ਸਰੀਰ ਨਾਲ ਇਨਸਾਫ਼ ਨਹੀਂ ਸਾਂ ਕਰ ਰਿਹਾ......ਨਰਵਸ ਬ੍ਰੇਕਡਾਊਨ ਜਾਪਦਾ ਹੈ । ਮਿੱਤਰ ਮਿਲਣੀ ਮੁਕਾ ਕੇ ਆਇਆ ਹੀ ਸਾਂ ਕਿ ਰਾਣਾ ਪਰਤਾਪ ਦੇ ਘੋੜੇ ਵਾਂਗ ਮੰਜੇ ਉਤੇ ਪੈ ਗਿਆ । ਘੋੜੇ ਨਾਲ ਵਧੀਕੀ ਬੇਅੰਤ ਹੋਈ ਸੀ । ਉਹ ਜਿਊਂਦਾ ਨਾ ਰਹਿ ਸਕਿਆ । ਮੇਰੇ ਨਾਲ ਵਧੀਕੀ ਦੇ ਨਾਲ ਨਾਲ ਪਿਆਰ ਵੀ ਅੰਤਾਂ ਦਾ ਮਿਲਿਆ ਸੀ । ਇਸ ਲਈ ਮੈਂ ਜਿਊਂਦਾ ਹਾਂ । ਓਮਾ ਆ ਲਵੇ । ਉਹਦੀ ਸਲਾਹ ਨਾਲ ਮੈਂ ਇਕ ਹਫ਼ਤਾ ਤੁਹਾਡੇ ਕੋਲ ਆ ਰਹਿਣ ਦੀ ਸੋਚ ਰਿਹਾ ਹਾਂ । ਥਾਂ ਦੀ ਤਬਦੀਲੀ ਫ਼ਰਕ ਪਾਏਗੀ ਤੇ ਤੁਹਾਡਾ ਸਾਥ ਤਾਂ ਤਲਿਸਮ ਦਾ ਕੰਮ ਦੇਵੇਗਾ । ਬੜੇ ਪਿਆਰ ਨਾਲ......ਤੁਹਾਡਾ ਗੁਰਬਖ਼ਸ਼ ਸਿੰਘ ।"

ਮੈਂ ਇਸ ਚਿੱਠੀ ਨੂੰ ਆਪਣੇ ਲਈ ਇਤਿਹਾਸਕ ਇਸ ਲਈ ਕਹਿੰਦਾ ਹਾਂ ਕਿਉਂਕਿ ਦਾਰ ਜੀ ਨੇ ਇਹ ਕਹਿ ਕੇ ਕਿ ਉਹਨਾਂ ਨੂੰ ਮੇਰੇ ਕੋਲ ਆ ਕੇ ਸ਼ਫ਼ਾ ਮਿਲ ਸਕਦੀ ਹੈ ਮੈਨੂੰ ਅਤਿਅੰਤ ਮਾਨ ਦਿਤਾ ।

ਮੈਂ ਜਦੋਂ ਹੀ ਜਵਾਬ ਦਿਤਾ, "ਇਸ ਦਫ਼ਾ ਤੁਹਾਨੂੰ ਕੌੜੀ ਦਵਾਈ ਉਤੇ ਰਹਿਣਾ ਪਵੇਗਾ, ਰਿਉੜੀਆਂ ਨਹੀਂ, ਮੁਰਮੁਰੇ ਨਹੀਂ, ਭੱਠੀ ਤੇ ਜਾਣਾ ਬੰਦ ਤੇ ਸੇਬਾਂ ਸੰਗਤਰਿਆਂ ਉਤੇ ਗੁਜ਼ਾਰਾ ਕਰਨਾ ਪਵੇਗਾ ।"



ਨਵਤੇਜ ਦੀ ਟਰੰਕ ਕਾਲ ਆਈ ਕਿ ਫ਼ਲਾਈਇੰਗ ਮੇਲ ਆ ਰਹੇ ਹਨ । ਅਸੀਂ ਸਵਾ ਤਿੰਨ ਵਜੇ ਰੇਲਵੇ ਸਟੇਸ਼ਨ ਉਤੇ ਗਏ । ਮਨ ਵਿਚ ਡਰ ਲਗਦਾ ਸੀ ਕਿ ਸ਼ਾਇਦ ਦਾਰ ਜੀ ਨੂੰ ਸਟਰੇਚਰ ਤੇ ਹੀ ਲਿਆਉਣਾ ਪਵੇ, ਪਰ ਜਦੋਂ ਉਹ ਗੱਡੀ ਵਿਚੋਂ ਉਤਰੇ ਤਾਂ ਆਪਣਾ ਬੈਗ ਧਨਵੰਤ ਨੂੰ ਫੜਾ ਕੇ ਇਨ੍ਹਾਂ ਐਸੀ ਸ਼ੂਟ ਲਾਈ ਕਿ ਮੈਨੂੰ ਬਰਾਬਰ ਤੁਰਨਾ ਔਖਾ ਹੋ ਗਿਆ । ਮੈਂ ਕਿਹਾ, "ਪੀਟਰ ਪੈਨ ਜੀ, ਜ਼ਰਾ ਹੌਲੀ ।"

ਦਾਰ ਜੀ ਸਾਡੇ ਕੋਲ ਬਾਰਾਂ ਦਿਨ ਰਹੇ । ਇਹ ਤਾਂ ਪਤਾ ਨਹੀਂ ਕਿ ਉਹਨਾਂ ਦੀ ਸਿਹਤ ਉਤੇ ਕੀ ਅਸਰ ਪਿਆ, ਪਰ ਮੈਨੂੰ ਕਿੰਨੇ ਹੀ ਨਵੇਂ ਚੁਟਕਲੇ ਸੁਣਾ ਗਏ ।

ਗਿਆਨੀ ਗੁਰਮੁਖ ਸਿੰਘ ਜੀ ਮੁਸਾਫ਼ਿਰ ਹੋਰਾਂ ਨੇ ਦਾਰ ਜੀ ਨੂੰ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਹੈ, "ਅੱਜ ਪੰਝਤਰ੍ਹਵੇਂ ਸਾਲ ਦੇ ਜਨਮ ਦਿਨ ਪੁਰ ਸੰਦੇਸ਼ ਦਿੰਦਿਆਂ ਮੈਂ ਵੀ ਆਪਣੀ ਇਕ ਦਿਲੀ ਚਾਹ ਪ੍ਰਗਟ ਕਰਦਾ ਹਾਂ ਕਿ ਗੁਰਬਖ਼ਸ਼ ਸਿੰਘ ਜੀ ਦੀ ਮੌਜੂਦਗੀ ਵਿਚ ਅਸੀਂ ਉਹਨਾਂ ਦੀ ਸੌ ਸਾਲਾ ਜਯੰਤੀ ਮਨਾਈਏ, ਨਾਲ ਹੀ ਇਕ ਹੋਰ ਚਾਹ ਪ੍ਰਗਟ ਕਰਨ ਵਿਚ ਵੀ ਮੈਨੂੰ ਸੰਕੋਚ ਨਹੀਂ, ਉਸ ਸੌ ਸਾਲਾ ਜਯੰਤੀ ਦੇ ਸਮਾਗਮ ਵਿਚ ਕਿਧਰੇ ਦੂਰ ਨੇੜੇ ਮੈਂ ਵੀ ਬੈਠਾ ਹੋਵਾਂ ।"

ਧੰਨਵਾਦੀ ਹੋਵਾਂਗਾ ਜੇ "ਮੁਸਾਫ਼ਿਰ" ਹੋਰੀਂ ਮੇਰੇ ਲਈ ਆਪਣੇ ਨਾਲ ਦੀ ਸੀਟ ਰੱਖ ਛੱਡਣ ।

# ਚੰਗੀ ਰਹਿਣੀ ਬਹਿਣੀ ਦਾ ਮਾਲਕ

ਡਾ: ਮਾਨ ਸਿੰਘ ਨਿਰੰਕਾਰੀ

ਮੈਨੂੰ ਸ: ਗੁਰਬਖ਼ਸ਼ ਸਿੰਘ ਜੀ ਨੂੰ ਮਿਲਣ ਦਾ ਸੁਭਾਗ ੧੯੩੪-੩੫ ਵਿਚ ਹੋਇਆ ਸੀ। ਉਹਨਾਂ ਦਿਨਾਂ ਵਿਚ ਮੈਂ ਮੈਡੀਕਲ ਕਾਲਜ ਵਿਚ ਵਿਦਿਆਰਥੀ ਸੀ। ਉਹਨਾਂ ਦਿਨਾਂ ਵਿਚ, ਇਹਨਾਂ ਵਲੋਂ ਪ੍ਰਕਾਸ਼ਿਆ ਜਾਣ ਵਾਲਾ ਰਸਾਲਾ 'ਪ੍ਰੀਤ ਲੜੀ' ਜੋ ਕਿ ਅਜੇ ਸ਼ੁਰੂ ਹੀ ਹੋਇਆ ਸੀ, ਮੈਨੂੰ ਵੀ ਕਿਧਰੋਂ ਪ੍ਰਾਪਤ ਹੋਇਆ ਸੀ। ਪੰਜਾਬੀ ਦਾ ਇਹ ਪੱਤਰ, ਬਾਕੀ ਦੇ, ਸਮੇਂ ਦੇ, ਪੱਤਰਾਂ ਨਾਲੋਂ ਪੰਜਾਬੀ ਦੀ ਲੇਖਣੀ, ਸ਼ੈਲੀ ਕੋਈ ਅਨੂਪਮ ਕਿਸਮ ਦੀ ਹੀ ਪ੍ਰਤੀਤ ਹੁੰਦੀ ਸੀ। ਇਹਨਾਂ ਦੇ ਲੇਖਾਂ ਤੋਂ ਪੰਜਾਬੀ ਵਿਚ ਨਵਾਂ ਰਸ, ਨਵੀਂ ਮਿਠਾਸ ਅਤੇ ਨਵੀਂ ਲਯ ਦੀ ਖ਼ੁਸ਼ਬੋ ਆਉਂਦੀ ਸੀ।

ਮੈਂ ਇਹਨਾਂ ਨੂੰ ਨੌਸ਼ਹਿਰੇ (ਅਕਾਲੀ ਫੂਲਾ ਸਿੰਘ ਦੀ ਸਮਾਧ ਤੇ) ਇਕ ਚਿੱਠੀ ਲਿਖੀ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੁਰਬ ਮੈਡੀਕਲ ਕਾਲਜ ਵਿਚ ਮਨਾਇਆ ਜਾ ਰਿਹਾ ਹੈ ਅਤੇ ਉਹ ਇਸ ਪਵਿੱਤਰ ਪੁਰਬ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ। ਇਹਨਾਂ ਦਾ ਭਾਸ਼ਨ ਬਹੁਤ ਵਿਦਵਤਾ ਭਰਪੂਰ, ਪ੍ਰਭਾਵਸ਼ਾਲੀ ਅਤੇ ਦਿਲਾਂ ਤੇ ਅਸਰ ਕਰਨ ਵਾਲਾ ਸੀ।

ਮੈਡੀਕਲ ਕਾਲਜ ਵਿਚ ਸ: ਗੁਰਬਖ਼ਸ਼ ਸਿੰਘ ਜੀ ਨੇ ਹੋਸਟਲ ਵਿਚ ਮੇਰੇ ਕਮਰੇ ਵਿਚ ਹੀ ਨਿਵਾਸ ਕੀਤਾ ਅਤੇ ਮੈਨੂੰ ਇਹਨਾਂ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ।

ਫਿਰ ਵਾਪਸ ਜਾਣ ਤੋਂ ਬਾਅਦ ਇਹਨਾਂ ਨੇ ਮੈਨੂੰ ਉਹਨਾਂ ਦਿਨਾਂ ਵਿਚ ਹੀ ਨੁਸ਼ਹਿਰੇ ਆਪਣੇ ਕੋਲ ਆਉਣ ਦਾ ਸੱਦਾ ਦਿਤਾ ਕਿਉਂਕਿ ਸਾਡੀ ਮਿੱਤਰਤਾ ਕਾਫ਼ੀ ਗੂੜ੍ਹੀ ਹੋ ਗਈ ਸੀ।

ਮੈਂ ਇਹਨਾਂ ਦੇ ਘਰ ਜਾ ਕੇ ਵੇਖਿਆ ਕਿ ਭਾਵੇਂ ਇਹਨਾਂ ਦਾ ਘਰ ਪੱਕਾ ਨਹੀਂ ਬਣਿਆ ਸੀ, ਪਰ ਮਿੱਟੀ ਦਾ ਘਰ ਵੀ, ਸੁਆਰ ਕੇ, ਲਿੰਬ ਪੋਚ ਕੇ ਚੀਜ਼ਾਂ ਦਾ ਢੁਕਵੀਆਂ ਥਾਵਾਂ ਤੇ ਪਏ ਹੋਣ ਕਰ ਕੇ ਕਿਸੇ ਗੱਲੋਂ ਵੀ ਮਹੱਲਾਂ ਨੂੰ ਮਾਤ ਪਾਉਣ ਤੋਂ ਘੱਟ ਨਹੀਂ ਸੀ। ਇਹਨਾਂ ਦੇ ਘਰ ਦੇ ਆਲੇ ਦੁਆਲੇ ਦੀ ਸਫ਼ਾਈ, ਖੁਲ੍ਹੀ ਅਤੇ ਖ਼ੁਸ਼ਗਵਾਰ ਸਿਹਤ ਅਨੁਕੂਲ ਰਹਿਣੀ ਬਹਿਣੀ ਤੋਂ ਪ੍ਰਭਾਵਤ ਹੋਇਆ। ਮੈਂ ਇਹਨਾਂ ਦੇ ਕੱਚੇ ਨਿਵਾਸ ਨੂੰ ਵੀ ਮਹੱਲ ਨਾਲ ਤੁਲਨਾ ਦੇਣੋਂ ਨਹੀਂ ਰਹਿ ਸਕਦਾ।

ਪੰਜਾਬੀ ਵਿਚ ਤਾਂ ਇਹਨਾਂ ਦੀ ਕਲਮ ਦਾ ਜੌਹਰ ਹੈ ਹੀ ਸੀ, ਪਰ ਇਹਨਾਂ ਦਾ ਖੇਤੀਬਾੜੀ ਵਲ ਭਰਪੂਰ ਉਤਸ਼ਾਹ ਮੈਨੂੰ ਪ੍ਰਭਾਵਤ ਕੀਤੇ ਬਗ਼ੈਰ ਨਹੀਂ ਰਹਿ ਸਕਿਆ। ਇਹਨਾਂ ਦਾ ਹੀ ਇਹ ਕੰਮ ਹੈ ਕਿ ਇਹਨਾਂ ਨੇ ਕਾਸ਼ਤਕਾਰਾਂ ਲਈ ਅਤੇ ਖ਼ਾਸ ਕਰ ਪੰਜਾਬੀ ਕਾਸ਼ਤਕਾਰ ਭਰਾਵਾਂ



ਲਈ ਟਰੈਕਟਰ ਦੀ ਵਰਤੋਂ ਦੁਆਰਾ ਨਵੀਂ ਵਿਗਿਆਨਕ ਢੰਗ ਦੀ ਖੇਤੀਬਾੜੀ ਦਾ ਰਸਤਾ ਖੋਲ੍ਹ ਦਿਤਾ।

ਇਹਨਾਂ ਦੇ ਕੱਚੇ ਮਹੱਲ ਵਿਚ ਲਾਇਬ੍ਰੇਰੀ, ਸੁਥਰਾ ਬਾਥਰੂਮ, ਤੇਲ ਦੇ ਲੈਂਪ ਦਾ ਅਲੌਕਿਕ ਦ੍ਰਿਸ਼, ਨੀਲ-ਗਗਨ ਦੀ ਗੋਦ ਵਿਚ ਇਕ ਵਾਯੂਮੰਡਲ, ਘਰ ਵਿਚ ਮਿਲਵਰਤਨ ਦਾ ਸੁੱਖ ਅਤੇ ਹੋਰ ਇਤਆਦਿ ਪੱਖਾਂ ਤੋਂ ਤਾਂ ਮੈਂ ਪ੍ਰਭਾਵਤ ਹੋਇਆ ਹੀ ਸਾਂ, ਪਰ ਇਹਨਾਂ ਵਲੋਂ ਵਿਗਿਆਨਕ ਲੀਹਾਂ ਤੇ ਖੇਤੀਬਾੜੀ ਨੂੰ ਉਤਸ਼ਾਹ ਤਾਂ ਜਿਵੇਂ ਮੈਨੂੰ ਸੋਨੇ ਤੇ ਸੁਹਾਗਾ ਜਾਪਦਾ ਸੀ। ਇਕ ਸ਼ਾਮ ਨੂੰ ਮੈਂ ਇਹਨਾਂ ਦੇ ਨਾਲ ਦਰਿਆ ਕਾਬਲ ਤੇ ਕਿਸ਼ਤੀ ਦੀ ਸੈਰ ਕਰਨ ਵੀ ਗਿਆ ਇਸ ਤਰ੍ਹਾਂ ਸਾਡਾ ਹੋਰ ਗੂੜ੍ਹਾ ਸਬੰਧ ਬਣਦਾ ਗਿਆ।

ਫ਼ਿਰ ਲਾਹੌਰ ਆਉਣ ਤੇ ਵੀ ਸਾਡੀ ਮਿੱਤਰਤਾ ਪੀਡੀਆਂ ਗੰਢਾਂ ਵਾਂਗ ਪੱਕੀ ਰਹੀ।

ਜਿਵੇਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸ਼ੈਲੀ ਆਪਣੀ ਮਿਸਾਲ ਆਪ ਹੈ ਇਸੇ ਤਰ੍ਹਾਂ ਹੀ ਇਹਨਾਂ ਦੇ ਲਿਖਣ-ਢੰਗ ਨੂੰ ਵੀ 'ਗੁਰਬਖ਼ਸ਼ ਸਿੰਘ ਸ਼ੈਲੀ' ਦਾ ਸਨਮਾਨ ਪ੍ਰਾਪਤ ਹੈ। ਸ: ਗੁਰਬਖ਼ਸ਼ ਸਿੰਘ ਜੀ ਦੇ ਸਾਹਿਤ ਵਿਚ ਰੁਚੀ ਰਖਣ ਨਾਲ ਤਾਂ ਜਿਵੇਂ ਲੇਖਕਾਂ ਨੂੰ ਭਰਪੂਰ ਆਲੋਚਨਾ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ ਅਤੇ ਪਾਠਕਾਂ ਨੂੰ ਨਵਾਂ ਸੁਆਦ ਮਾਨਣ ਦਾ।

ਪਿਆਰ ਦੇ ਵਿਸ਼ੇ ਤੇ ਇਹਨਾਂ ਦੀ ਲਿਖਤ-ਕਰਾਮਾਤ ਨੇ ਨਵਾਂ ਇਨਕਲਾਬ ਲਿਆਂਦਾ ਅਤੇ ਪੰਜਾਬੀਆਂ ਨੂੰ ਪਿਆਰ ਦੇ ਪੱਖ ਤੋਂ ਭਰਪੂਰ ਜਾਣਕਾਰੀ ਮਿਲੀ। ਇਸ ਦੀ ਸ਼ੈਲੀ ਜਾਦੂਮਈ, ਸੁਆਦੀ, ਅਤੇ ਏਨੀ ਵਹਾ ਭਰੀ ਹੁੰਦੀ ਹੈ ਕਿ ਕਈ ਉਹ ਗੱਲਾਂ ਜਿਹੜੀਆਂ ਪਾਠਕ ਸਮਝ ਨਹੀਂ ਸਕਦਾ ਉਸ ਦਾ ਵੀ ਸੁਆਦ ਪਾਠਕ ਨੂੰ ਅਗੇ ਪੜ੍ਹਨ ਤੋਂ ਹੋੜਦਾ ਨਹੀਂ।

ਪ੍ਰਮਾਤਮਾਂ ਕਰੇ ਕਿ ਇਸ ਮਹਾਨ ਹਸਤੀ ਦੀ ਛਾਇਆ ਪੰਜਾਬੀ ਸਾਹਿਤ ਬਗ਼ੀਚੀ ਤੇ ਹਮੇਸ਼ਾਂ ਹਮੇਸ਼ਾਂ ਲਈ ਕਾਇਮ ਰਹੇ. ਤਾਂ ਕਿ ਪੰਜਾਬੀ ਭਾਸ਼ਾ ਦੀ ਇਹ ਮਹਿਕਦੀ ਫੁਲਵਾੜੀ ਨਵੇਂ ਨਿਖ਼ਾਰ ਨਾਲ ਖਿੜੇ ਅਤੇ ਇਹ ਨਿਖ਼ਾਰ ਕਦੀ ਸਾਰੀ ਦੁਨੀਆਂ ਲਈ ਉਜਾਲਾ ਬਣ ਸੰਸਾਰ ਨੂੰ ਰੁਸ਼ਨਾ ਦੇਵੇ।

# ਗੁਰਬਖ਼ਸ਼ ਸਿੰਘ ਦੀ ਸੁਵਿਚਾਰਤਾ

ਡਾਕਟਰ ਰ. ਲ. ਆਹੂਜਾ

ਗੁਰਬਖ਼ਸ਼ ਸਿੰਘ ਇਕ ਵਿਦਵਾਨ ਤੇ ਸੁਚੇਤ, ਬਜ਼ੁਰਗ ਤੇ ਪਰੀਪਕ, ਉੱਜਲਾ ਤੇ ਪ੍ਰੀਯ ਦਰਸ਼ਕ ਸੁਲਝਿਆ ਤੇ ਨਿਖਰਿਆ ਹੋਇਆ ਵਿਅਕਤੀ ਹੈ । ਇਹ ਭਾਰਤੀ ਸੰਸਕ੍ਰਿਤੀ ਦਾ ਇਕ ਬਿਹਤਰੀਨ ਨਮੂਨਾ ਹੈ । ਇਸ ਨੇ ਜੀਵਨ ਨੂੰ ਬੜੇ ਧੀਰਜ ਨਾਲ ਸਮੁੱਚੇ ਤੌਰ ਤੇ ਦੇਖਿਆ, ਬਿਤਾਇਆ ਅਤੇ ਹੰਢਾਇਆ ਹੋਇਆ ਵੀ ਹੈ । ਇਸ ਨੇ ਆਪਣੇ ਜੀਵਨ ਤੋਂ ਇਕ ਫ਼ਲਸਫ਼ਾ ਘੜਿਆ ਹੈ ਜੋ ਵਿਅਕਤੀਵਾਦ ਤੇ ਸਮਾਜਵਾਦ ਦਾ ਹਿੰਦੁਸਤਾਨੀ ਸੰਕਲਣ ਹੈ । ਹਿੰਦੁਸਤਾਨੀ ਪ੍ਰਤਿਭਾ ਅਤਿਵਾਦੀ ਨਹੀਂ ਇਸ ਕਾਰਨ ਇਹ ਚੋਣ, ਸਮਨਵੈ ਅਤੇ ਸੰਕਲਣ ਦੀ ਪ੍ਰਵਿਰਤੀਵਾਦੀ ਹੈ । ਗੁਰਬਖ਼ਸ਼ ਸਿੰਘ ਦੇ ਆਪਣੇ ਵਿਅਕਤੀਤਵ ਵਿਚ ਇਸ ਦੀ ਪ੍ਰਕ੍ਰਿਤੀ ਨੇ ਭਾਵੁਕਤਾ ਤੇ ਕਲਪਨਾ ਕੁੱਟ ਕੁੱਟ ਕੇ ਭਰ ਦਿਤੀ ਹੈ ਜੋ ਇਕ ਲਿਖਾਰੀ ਦੇ, ਵਿਸ਼ੇਸ਼ ਕਰ ਕੇ ਕਵੀ ਦੇ ਮੁੱਢਲੇ ਲੱਛਣ ਹਨ । ਇਹਨਾਂ ਨੇ ਗੁਰਬਖ਼ਸ਼ ਸਿੰਘ ਨੂੰ ਇਕ ਗੱਦ-ਕਵੀ ਜਾਂ ਕਾਵਿਮਈ ਗੱਦਕਾਰ ਬਣਾ ਦਿਤਾ ਹੈ ।

ਫ਼ਿਲਾਸਫ਼ੀ ਇਕ ਪ੍ਰਕਾਰ ਦਾ ਜੀਵਨ ਸ਼ਾਸਤਰ ਹੈ ਜਿਸ ਵਿਚ ਪ੍ਰਕਿਰਤੀ, ਸਮਾਜ ਅਤੇ ਮਨੁੱਖ ਦੇ ਸੰਬੰਧਾਂ ਦੀ ਪ੍ਰੀਭਾਸ਼ਾ ਅਤੇ ਵਿਆਖਿਆ ਕੀਤੀ ਜਾਂਦੀ ਹੈ । ਇਸ ਦੇ ਤਿੰਨ ਘਟਕ ਬੁਧੀ, ਅਨੁਭਵ ਅਤੇ ਕੁਦਰਤੀ ਸਥਿਤੀ ਹਨ । ਪਰ ਵਿਅਕਤੀਗਤ ਫ਼ਿਲਾਸਫ਼ੀ ਨਿੱਜੀ ਸੁਭਾ, ਤੇ ਨਿੱਜੀ ਸਥਿਤੀ ਵਿਚੋਂ ਵਿਕਸਤ ਹੁੰਦੀ ਹੈ । ਨਿੱਜੀ ਸੁਭਾ ਕੁਦਰਤ ਦੀ ਦੇਣ ਹੈ ਅਤੇ ਨਿੱਜੀ ਸਥਿਤੀ ਮਾਤਾ ਪਿਤਾ ਦੇ ਪ੍ਰਭਾਵਾਂ, ਕਾਰਵਿਹਾਰ ਅਤੇ ਸਮਾਜਕ ਵਾਯੂਮੰਡਲ ਦਾ ਸੰਪੂਰਣ ਯੋਗ ਫਲ ਹੈ । ਇਸ ਕਾਰਨ ਜਦ ਫ਼ਿਲਾਸਫ਼ੀ ਹਰ ਦੇਸ਼ ਤੇ ਕਾਲ ਦੀ ਭਿੰਨ ਭਿੰਨ ਹੋ ਸਕਦੀ ਹੈ, ਵਿਅਕਤੀਗਤ ਫ਼ਿਲਾਸਫ਼ੀ ਗਿਣਤੀ ਤੋਂ ਬਾਹਰ ਹੈ । ਹਰ ਇਕ ਮਨੁੱਖ ਦਾ ਫ਼ਲਸਫ਼ਾ ਵੱਖਰਾ ਵੱਖਰਾ ਹੁੰਦਾ ਹੈ ਭਾਵੇਂ ਅੱਧ ਤੋਂ ਵਧੇਰੀ ਸਾਂਝ ਕਿਉਂ ਨਾ ਹੋਵੇ, ਭਾਵੇਂ ਧਰਮ ਦੇ ਸਿਧਾਂਤਾਂ ਦੀ ਬਾਹਰਲੀ ਪਕੜ ਗਲ ਘੁਟ ਕਿਉਂ ਨਾ ਹੋਵੇ । ਸੋ ਗੁਰਬਖ਼ਸ਼ ਸਿੰਘ ਦੇ ਨਿੱਜੀ ਫ਼ਲਸਫ਼ੇ ਤੇ ਉਸ ਦੇ ਘਰ, ਧਰਤੀ, ਧਰਮ ਅਤੇ ਕਾਰ ਵਿਹਾਰ ਦੀਆਂ ਤੰਦਾਂ ਹਨ । ਉਸ ਵਿਚ ਸਮਾਜਵਾਦ ਦੀ ਵਿਚਾਰਧਾਰਾ ਹੈ; ਧਰਮ ਦਾ ਆਦਰਸ਼ਵਾਦ ਹੈ; ਧਰਤੀ ਦੀ ਸੁੰਦਰਤਾ ਅਤੇ ਘਰ ਦਾ ਪਿਆਰ ਹੈ । ਉਸ ਦੀ ਫ਼ਿਲਾਸਫ਼ੀ ਦੇ ਇਹ ਚਾਰ ਬੁਨਿਆਦੀ ਤੱਤਵ ਹਨ । ਇਹਨਾਂ ਵਿਚੋਂ ਕਿਸੇ ਇਕ ਨੂੰ ਕਢ ਦਿਉ ਉਸ ਦਾ ਫ਼ਲਸਫ਼ਾ ਅਧੂਰਾ ਰਹਿ ਜਾਂਦਾ ਹੈ ਅਤੇ ਇਸ ਦੀ ਵਿਆਖਿਆ ਪੂਰੀ ਤਰ੍ਹਾਂ ਨਹੀਂ ਹੋ ਸਕਦੀ । ਇਸ ਫ਼ਲਸਫ਼ੇ ਨੂੰ ਸਮਝਣ ਲਈ ਅਸੀਂ ਗੁਰਬਖ਼ਸ਼ ਸਿੰਘ ਦੇ ਤਿੰਨ ਵਿਸ਼ਿਆਂ ਨੂੰ ਲਵਾਂਗੇ । ਜੋ ਇਸ ਦੇ ਵਿਚਾਰਾਂ ਤੇ ਚਾਨਣਾ ਪਾਉਂਦੇ ਹਨ : 'ਗਿਆਨ', 'ਪਿਆਰ' ਅਤੇ 'ਸਾਹਿਤ' ।



## ੧. ਆਦਰਸ਼ਕ ਪੁਰਸ਼ ਦਾ ਸੰਕਲਪ

੧

ਗੁਰਬਖ਼ਸ਼ ਸਿੰਘ ਦਾ ਆਦਰਸ਼ਕ ਪੁਰਸ਼ ਗੁਰਬਖ਼ਸ਼ ਸਿੰਘ ਦਾ ਆਪਣਾ ਆਦਰਸ਼ਕਕਰਣ ਹੈ । ਉਹ ਕਿਸੇ ਦੀ ਪੂਜਾ ਨਹੀਂ ਕਰਦਾ, ਉਹ ਮੁਕਤੀ ਦਾ ਜਾਂ ਅਮਰਤਾ ਦਾ ਚਾਹਵਾਨ ਨਹੀਂ, ਪਰ ਫੇਰ ਵੀ "ਉਹਦੇ ਮੂੰਹ ਉਤੇ ਪਹੁਤੀ ਹੋਈ ਆਤਮਾ ਦਾ ਚੈਨ ਹੈ ।" ਉਹ "ਸਾਰੇ ਮਜ਼ਹਬਾਂ ਅਤੇ ਮਜ਼ਹਬਾਂ ਦੇ ਸਾਰੇ ਪੈਰੋਕਾਰਾਂ ਦਾ ਸਤਿਕਾਰ ਕਰਦਾ ਹੈ" ਪਰ ਕਿਸੇ ਤੋਂ ਗੁਮਰਾਹ ਨਹੀਂ ਹੋ ਸਕਦਾ, "ਕਿਉਂਜੁ ਉਸ ਦਾ ਆਪਣਾ ਇਸ਼ਟ ਸਾਰਾ ਬ੍ਰਹਿਮੰਡ ਹੈ" ਜਿਸ ਦਾ ਉਹ "ਇਕ ਨਿਗੂਣਾ ਜਿਹਾ ਭਾਗ ਆਪਣੇ ਆਪ ਨੂੰ ਸਮਝਦਾ" ਹੈ, "ਇਕ ਸਮੁਚਤਾ ਦਾ ਅਤਿ ਨਿੱਕਾ ਜਿਹਾ ਅੰਗ ਹੈ ।" ਇਸ ਦੀ ਹੋਂਦ ਨਵੇਕਲੀ ਨਹੀਂ । ਇਹ ਮਹਾਨ ਜੀਵਨ ਸਾਗਰ ਦੀ ਇਕ ਮੁਕ ਜਾਣ ਵਾਲੀ ਲਹਿਰ ਜਾਂ ਬੁਲਬੁਲਾ ਹੈ । ਉਸ ਦਾ ਪਿਛਲਾ ਜਨਮ ਨਹੀਂ ਅਤੇ ਨਾ ਹੀ ਉਸ ਨੂੰ ਇਸ ਦੇ 'ਗੁਨਾਹਾਂ' ਦੇ ਕਾਰਨ 'ਪਸ਼ਚਾਤਾਪ' ਹੈ । ਮੌਤ ਹੀ ਉਸ ਦੀ 'ਸੰਪੂਰਣਤਾ' ਹੈ ।

ਇਸ 'ਸੁਹਣੇ ਬਜ਼ੁਰਗ' ਨੂੰ ਕਿਸੇ ਨਾਲ ਨਫ਼ਰਤ ਨਹੀਂ, ਕਿਉਂਜੁ ਉਸ ਲਈ ਕੋਈ ਮੂਰਖ ਗੁਨਾਹਗਾਰ, ਗੁਮਰਾਹ, ਚੋਰ[1] ਜਾਂ ਬਦ ਇਖ਼ਲਾਕ ਨਹੀਂ । "ਇਹ ਸਭ ਕੁਝ ਹਸਤੀ ਦੇ ਵਿਕਾਸ ਦੀ ਅਵਸ਼ਕਤਾ ਦੇ ਭਿੰਨ ਭਿੰਨ ਰੂਪ ਹਨ ।" ਜਿਸ ਸਮੁਚਤਾ ਦਾ ਉਹ ਆਪ ਭਾਗ ਹੈ ਉਸੇ ਦੇ ਉਹ ਵੀ ਭਾਗ ਹਨ । ਯੁਧਾਂ ਵਿਚ ਜੋ 'ਲੱਖਾਂ' 'ਕਰੋੜਾਂ ਜਾਨਾਂ' ਦਾ ਖ਼ੂਨ ਕਰਦੇ ਹਨ ਅਤੇ ਸਭਿਅਤਾ ਨੂੰ ਤਬਾਹ ਕਰਦੇ ਹਨ ਉਹ ਵੀ 'ਚੰਗੇਰੀ ਜ਼ਿੰਦਗੀ ਤੇ ਡੂੰਘੇਰੇ ਅਮਨ ਮਾਣਨ ਦੀਆਂ ਰੀਝਾਂ ਨੂੰ ਤੇਜ਼ ਕਰਦੇ ਹਨ । ਇਸ ਆਦਰਸ਼ਕ ਮਨੁੱਖ ਦੇ ਅਨੁਸਾਰ "ਹਕੀਕਤ ਵਿਚ ਮੌਤ ਜ਼ਿੰਦਗੀ ਦੀ ਹੀ ਇਕ ਖ਼ਿਦਮਤਗਾਰ ਹੈ ।"

ਦੂਜੇ ਅਰਥਾਂ ਵਿਚ ਜਿਹੜਾ ਆਦਮੀ ਦੂਜੇ ਨੂੰ ਮਾਰ ਛਡਦਾ ਹੈ ਉਹ ਇਸ ਦ੍ਰਿਸਟੀ ਤੋਂ ਜ਼ਿੰਦਗੀ ਦਾ ਖ਼ਿਦਮਤਗਾਰ ਹੈ । ਇਸ ਆਦਰਸ਼ਵਾਦ ਵਿਚ "ਚੋਰ ਚੋਰ ਨਹੀਂ[1] ਅਤੇ ਕਾਤਲ ਮਕਤੂਲ ਦਾ ਖ਼ਿਦਮਤਗਾਰ ਹੈ ।" ਕਿਤਨਾ ਸਸਤਾ ਹੈ ਇਹ ਆਸ਼ਾਵਾਦ ! ਜੰਗਬਾਜ਼ਾਂ ਦੀ ਗਿਣਤੀ ਸਮੁਚੀ ਜ਼ਿੰਦਗੀ ਦੇ ਮੁਕਾਬਲੇ ਵਿਚ ਕੁਝ ਨਹੀਂ । ਇਹ ਲਹਿਰਾਂ ਮੁਕ ਜਾਣਗੀਆਂ ਜ਼ਿੰਦਗੀ ਦਾ ਸਾਗਰ ਹਮੇਸ਼ਾ ਇਸ ਤਰ੍ਹਾਂ ਚਲਦਾ ਰਹੇਗਾ ਜ਼ਿੰਦਗੀ ਦੇ ਪਾਣੀ ਵਧੇਰੇ ਨਿਰਮਲ ਹਨ ਅਤੇ ਇਹਨਾਂ ਉਤੇ ਉਠਦੀਆਂ ਲਹਿਰਾਂ ਦੇ ਰੂਪ ਨਿਤ ਸੁਹਣੇਰੇ ਹੁੰਦੇ ਜਾਣਗੇ ।" ਸੱਚ ਤਾਂ ਇਹ ਹੈ ਕਿ ਦਿਲ ਕੇ ਬਹਿਲਾਨੇ ਕੋ, ਗ਼ਾਲਿਬ, ਯਹ ਖ਼ਿਆਲ ਅੱਛਾ ਹੈ ।"

---

੧. ਜੇ ਚੋਰ ਚੋਰ ਨਹੀਂ, ਗੁਨਾਹਗਾਰ, ਗੁਨਾਹਗਾਰ ਨਹੀਂ, ਜਾਂ ਬਦ ਇਖ਼ਲਾਕ, ਬਦਇਖ਼ਲਾਕ ਨਹੀਂ, ਤਾਂ ਅਹੰਮ ਬ੍ਰਹਮੀ ਜਾਂ ਵੇਦਾਂਤੀ ਅਤੇ ਗੁਰਬਖ਼ਸ਼ ਸਿੰਘ ਪ੍ਰੀਤ ਨਾਗਰਿਕ ਦੇ ਵਿਚਕਾਰ ਅੰਤਰ ਕੇਵਲ ਨਾਮ ਮਾਤਰ ਹੀ ਹੋਇਆ । ਵਿਚਾਰਧਾਰਾ ਨੂੰ ਜੋ ਕਟੜਤਾ ਨਾਲ ਗ੍ਰਹਿਣ ਕਰਦਾ ਹੈ ਉਹ ਪਦਾਰਥਕ ਨਹੀਂ ਰਹਿੰਦਾ, ਪਰ ਭਾਵੁਕ ਤੇ ਆਦਰਸ਼ਵਾਦ ਹੋ ਜਾਂਦਾ ਹੈ ।

੨

ਤਕਦੀਰ ਬਾਰੇ ਵੀ ਗੁਰਬਖ਼ਸ਼ ਸਿੰਘ ਦਾ ਸਿਧਾਂਤ ਆਸ਼ਾਵਾਦੀ ਹੈ । ਉਸ ਦੀ ਬੁਨਿਆਦੀ ਭੁੱਲ ਵਿਚ ਹੈ ਕਿ ਵਿਕਾਸ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ । ਅਸਲ ਵਿਚ ਵਿਕਾਸ ਰੁਕ ਵੀ ਜਾਂਦਾ ਹੈ ਤੇ ਮੁੜ ਵੀ ਜਾਂਦਾ ਹੈ। ਪਰ ਸੁਹਣੇ ਬਜ਼ੁਰਗ ਦੇ ਅਨੁਸਾਰ 'ਤਕਦੀਰ ਹਰ ਕਿਸੇ ਦੀ ਸਹਾਇਕ ਹੁੰਦੀ ਹੈ — ਸਾਰਾ ਬ੍ਰਹਿਮੰਡ ਇਕ ਸਾਂਝੀ ਇਕਾਈ ਹੋਣ ਕਰ ਕੇ ਇਹਦੇ ਹਰ ਅੰਗ ਦੇ ਵਿਕਾਸ ਲਈ ਆਪ-ਮੁਹਾਰੀ ਸਹਾਇਤਾ ਦੇ ਸਾਧਨ ਬ੍ਰਹਿਮੰਡ ਦੀ ਪ੍ਰਕਿਰਤੀ ਹੈ।' 'ਤਕਦੀਰ ਦਾ ਕੰਮ' "ਹਰ ਕਿਸੇ ਦੇ ਉਦੇਸ਼ ਤੇ ਪੁਰਸ਼ਾਰਥ ਲਈ ਚੰਗਾ ਜੋ ਢੁਕਾਣਾ ਹੈ। ਦੂਜੇ ਅਰਥਾਂ ਵਿਚ ਤਕਦੀਰ ਸਦਾ ਸਹਾਇਕ ਹੁੰਦੀ ਹੈ, ਕਦੇ ਸਾਡੀ ਤੇ ਕਦੇ ਸਾਡੇ ਵੈਰੀ ਦੀ । ਗੱਲ ਤਾਂ ਇਕੋ ਹੋਈ ਭਾਵੇਂ ਪਾਕਿਸਤਾਨ ਹਾਰੇ ਭਾਵੇਂ ਭਾਰਤ ! ਸੁਹਣੇ ਬਜ਼ੁਰਗ ਨੂੰ ਕੀ ?

ਸੁਹਣੇ ਬਜ਼ੁਰਗ ਦੀ ਤਕਦੀਰ ਨੇ 'ਮੂੰਹ ਆਈ ਮੌਤ ਨੂੰ ਜ਼ਿੰਦਗੀ ਵਿਚ, ਨਿਰਾਸ਼ਾ ਨੂੰ ਆਸ ਵਿਚ' ਬਦਲ ਦਿਤਾ ਹੈ, ਇਸ ਕਾਰਨ ਨਹੀਂ ਕਿ ਉਹਦੇ ਆਪਣੇ ਪਹਿਲੇ ਕਰਮ ਚੰਗੇ ਸਨ, ਪਰ ਕੁਦਰਤੀ ਖ਼ਜ਼ਾਨਿਆਂ ਦੀ ਭਰਪੂਰਤਾ ਹਰ ਮਨੁੱਖੀ ਉੱਦਮ ਲਈ ਡੁੱਲ੍ਹ ਰਹੀ ਹੈ। ਜ਼ਿੰਦਗੀ ਦੀ ਇਸ ਦੌਲਤ ਦਾ ਕੋਈ ਪਾਰਾਵਾਰ ਨਹੀਂ ਅਤੇ ਹਰ ਕਿਸੇ ਦੀ ਵਿਰਾਸਤ ਹੈ। ਸ਼ਰਤ ਕੇਵਲ ਇਤਨੀ ਹੈ ਕਿ ਭਰੋਸਾ ਆਸ਼ਾਵਾਦ ਅਤੇ ਆਲੇ ਦੁਆਲੇ ਦੀਆਂ ਸੰਭਾਵਨਾ ਦੀ ਸਮਝ ਨਾਲ ਹਰ ਸਮੇਂ ਕੁਝ ਸੋਚੀਏ ਅਤੇ ਕੁਝ ਕਰੀਏ ਅਤੇ ਇਸ ਤਰ੍ਹਾਂ ਹਰ ਟੀਚੇ ਦੀ ਕੀਮਤ ਆਪ ਦੇਈਏ।

ਕੋਈ ਪੁੱਛੇ ਜੇ ਚੋਰ ਤੇ ਮੂਰਖ ਵੀ ਕੋਈ ਨਹੀਂ ਅਤੇ ਕੁਦਰਤ ਦੇ ਖ਼ਜ਼ਾਨੇ ਵੀ ਭਰਪੂਰ ਹਨ ਤਾਂ ਫੇਰ ਗ਼ਰੀਬੀ ਕਿਉਂ ਇਤਨੀ ਫੈਲੀ ਹੋਈ ਹੈ । ਸੁਹਣੇ ਬਜ਼ੁਰਗ ਦੀ ਫ਼ਿਲਾਸਫ਼ੀ ਹੈ ਜੋ ਆਪਣੀ ਅਮੀਰੀ ਨੂੰ ਰੱਬ ਦੀ ਬਖ਼ਸ਼ਿਸ਼ ਸਮਝਦੇ ਹਨ ਅਤੇ ਜੋ ਰੱਬ ਦੇ ਖ਼ਜ਼ਾਨੇ ਸਦਾ ਭਰਪੂਰ ਦੇਖਦੇ ਹਨ। "ਬੂਰਜ਼ਾ" ਦਰਸ਼ਨ ਇਸ ਤੋਂ ਭਿੰਨ ਹੈ ਕੀ ?

੩

ਤੀਜੀ ਥਾਂ ਤੇ ਇਸ 'ਸੁਹਣੇ ਬਜ਼ੁਰਗ' ਦੀ ਫ਼ਿਲਾਸਫ਼ੀ ਮਿਸਲਾਂ ਦੇ ਸਮੇਂ ਦੇ ਘੋੜ ਸਵਾਰਾਂ ਦੀ ਹੈ ਜੋ ਹਰ ਸਮੇਂ ਤਿਆਰ ਬਰ ਤਿਆਰ ਰਹਿੰਦੇ ਸਨ "ਗ਼ਮੀ, ਮੁਸੀਬਤ ਅਤੇ ਮੌਤ ਲਈ ਵੀ ।" ਨਾਦਰਸ਼ਾਹ, ਤਿਮਰਲਿੰਗ ਅਤੇ ਚੰਗੇਜ਼ਖ਼ਾਨ ਦੇ ਹਮਲਾਆਵਰ ਵੀ ਇਸ ਤਰ੍ਹਾਂ ਤਿਆਰ ਰਹਿੰਦੇ ਸਨ। ਪਰ ਇਤਨਾ ਕਾਫ਼ੀ ਨਹੀਂ, "ਉਹਦਾ ਯਕੀਨ ਹੈ ਕਿ ਨਿਗੂਣੇ ਤੋਂ ਨਿਗੂਣਾ ਮਨੁੱਖ ਵੀ ਜ਼ਿੰਦਗੀ ਨੂੰ ਚੰਗਾ ਤਕੜਾ ਘੋਲ ਦੇ ਸਕਦਾ ਹੈ ?" (ਕਿਹੜੇ ਨਿਜ਼ਾਮ ਵਿਚ ?) ਘੋਲ ਦੇਣ ਲਈ ਉੱਦਮ ਚਾਹੀਦਾ ਹੈ ਅਤੇ ਨਾਲ ਆਸ ਵੀ । ਇਸ 'ਸੁਹਣੇ ਬਜ਼ੁਰਗ' ਦੀ ਇਕ ਵਾਰ ਬਾਂਹ ਟੁੱਟ ਗਈ ਸੀ । ਫ਼ਿਕਰ ਲਾਉਣ ਦੀ ਥਾਂ ਤੇ ਉਸ ਨੇ ਉਤਸ਼ਾਹ ਨਾਲ ਇਲਾਜ ਕਰਾਇਆ ਅਤੇ ਠੀਕ ਹੋ ਗਿਆ । ਹੋਰ ਘੜੀਆਂ ਵੀ ਉਸ ਤੇ ਆਈਆਂ, ਗ਼ਰੀਬੀ ਦੀਆਂ, ਮੌਤ ਦੀਆਂ, ਪਰ ਇਸ ਨੇ ਹਿੰਮਤ ਨਾ ਹਾਰੀ, ਨਾਮੋਸ਼ੀ, ਮੌਤ, ਲੋਕ-ਵਿਚਾਰ ਦੀ ਪਰਵਾਹ ਨਹੀਂ ਕੀਤੀ । ਇਹਨਾਂ ਲਈ ਤਿਆਰ ਰਿਹਾ ।



ਉਸ ਦੀ ਸੰਕਲਪ ਸ਼ਕਤੀ ਦੇ ਕਾਰਨ "ਹਨੇਰਾ ਘਟ ਗਿਆ, ਕਿਰਨਾਂ ਦਾ ਝਉਲਾ ਪੈਣ ਲਗ ਪਿਆ ਤੇ ਖ਼ੂਬ ਦਿਨ ਚੜ੍ਹੇ ਤੇ ਰਾਤਾਂ ਭੁੱਲ ਗਈਆਂ......"

੪

ਕੁਦਰਤ ਦਾ ਵੀ ਇਹ ਪੁਜਾਰੀ ਹੈ ਇਹ 'ਸੁਹਣਾ ਬਜ਼ੁਰਗ' ਜਿਸ ਕਰ ਕੇ ਇਸ ਦੀ ਸਿਹਤ ਲਿਸ਼ਕਦੀ ਹੈ । ਆਪਣੀ ਪਹਿਲੀ ਰੋਟੀ ਉਸ ਦਾ ਜ਼ਿੰਦਗੀ ਨੂੰ ਪਰਣਾਮ ਹੈ । ਰਾਤ ਦਾ ਖਾਣਾ ਪੂਜਾ ਦੀਆਂ ਘੜੀਆਂ ਹਨ। ਅਸ਼ਨਾਨ ਉਹਦੀ ਇਕ ਵਡੀ ਖ਼ੁਸ਼ੀ ਹੈ । ਸਰੀਰ ਦੇ ਹਰ ਅੰਗ ਨੂੰ ਯਾਦ ਕਰਦਾ ਤੇ ਅਭਿਆਸ ਦਿੰਦਾ ਹੈ। ਸੂਰਜ, ਪੌਣ, ਪਾਣੀ ਦਾ ਇਹ ਆਸ਼ਕ ਹੈ। ਜਿਹੜੀ ਵੀ ਵਸਤ ਇਸ ਨੂੰ ਲੋੜ ਪਵੇ ਸੂਰਜ ਤੋਂ ਮੰਗ ਲੈਂਦਾ ਹੈ ਜਿਵੇਂ ਵੇਦਿਕ ਕਾਲ ਦੇ ਆਰੀਏ ਅਤੇ ਈਰਾਨ ਦੇ ਪਾਰਸੀ ਮੰਗਦੇ ਸਨ। ਇਸ ਤਰ੍ਹਾਂ ਇਸ ਬਜ਼ੁਰਗ ਨੇ ਜੀਵਨ ਨੂੰ ਮਾਣਿਆ ਹੈ: ਖਾਣ ਪੀਣ ਵਿਚ, ਵੇਸ ਭੂਸ਼ਾ ਤੇ ਪਹਿਰਾਵੇ ਵਿਚ, ਹੁਸਨ ਦੇ ਪਿਆਰ ਵਿਚ, ਸੁਆਰਥ ਤੇ ਨਿਰਪਖਤਾ ਵਿਚ, ਭਰੋਸੇ ਤੇ ਬੇਦਖ਼ਲੀ ਵਿਚ। ਐਸ਼ ਕੀਤੇ ਹਨ ਕਿਸੇ ਤੇ ਭਾਰੂ ਨਹੀਂ ਹੋਇਆ ਅਤੇ ਨਾ ਹੀ ਕਿਸੇ ਨੂੰ ਭਾਰੂ ਹੋਣ ਦਿਤਾ ਹੈ।

ਹਾਥੀ ਦੰਦ ਦੇ ਕਿਲ੍ਹੇ ਵਿਚ ਇਸ ਨੇ ਜੀਵਨ ਨੂੰ ਮਾਣਿਆ ਹੈ। ਸੋ ਇਹ ਆਸ਼ਾਵਾਦੀ ਫ਼ਿਲਾਸਫ਼ੀ ਸੁਖ, ਅਮੀਰੀ ਅਤੇ ਸਫ਼ਲਤਾ ਦੀ ਫ਼ਿਲਾਸਫ਼ੀ ਹੈ ਜਿਸ ਤਰ੍ਹਾਂ ਕਿ ਭਾਈ ਵੀਰ ਸਿੰਘ ਦੀ ਸੀ। ਇਸ ਵਿਚ ਵੇਦਾਂਤੀਆਂ ਦਾ ਆਦਰਸ਼ਵਾਦ ਜਾਂ ਬ੍ਰਹਮਵਾਦ, ਮਾਇਆ ਧਾਰੀਆਂ ਦਾ ਪਦਾਰਥਵਾਦ, ਪਰਾਚੀਨ ਆਰੀਆਂ ਦਾ ਅਤੇ ਯੂਨਾਨੀਆਂ ਦਾ ਪ੍ਰਕਿਰਤੀ ਪੂਜਾ, ਐਪੀਕਿਊਰਸ ਦਾ ਆਨੰਦਵਾਦ ਹੈ ।

"ਗਿਆਨ ਰੋਸ਼ਨੀ ਹੈ, ਮੁਕਤੀ ਹੈ, ਪਰਮ ਆਨੰਦ ਹੈ।" ਪਰ ਉਹ ਗਿਆਨ ਕਿਹੋ ਜਿਹਾ ਹੈ ? ਉਹ ਗਿਆਨ ਇਹ ਹੈ ਕਿ "ਇਹ ਸਾਰਾ ਬ੍ਰਹਿਮੰਡ ਇਕੋ ਇਕਾਂਕੀ ਹੈ।" ਜਿਸ ਤਰ੍ਹਾਂ ਮਨੁੱਖੀ ਸਰੀਰ, ਮਨੁੱਖੀ ਮਨ ਇਕ ਇਕਾਈ ਹੈ, ਇਸ ਤਰ੍ਹਾਂ ਮਾਦਾ ਤੇ ਆਤਮਾ ('ਮਾਦੇ ਦਾ ਜੀਵਨ ਪਰਗਟਾਵਾ') ਵੀ ਇਕਾਈ ਹਨ। ਇਸ ਇਕਾਈ ਦੀ ਸਰਬ-ਵਿਆਪੀ ਤਰਤੀਬ" ਵਿਚ ਹਰ ਇਕ ਦੀ ਆਪਣੀ ਆਪਣੀ ਥਾਂ ਹੈ। ਇਸ ਦੇ ਪਿਛੇ "ਆਪ ਮੁਹਾਰੀ ਸ਼ਕਤੀ" ਹੈ। ਇਹ ਮਾਦਾ ਅਮਰ ਹੈ। ਇਸ ਦਾ ਸੂਖਮ ਸਰੂਪ ਮਨੁੱਖੀ ਚੇਤਨਤਾ ਹੈ। ਇਹ ਮਾਦਾ ਸਦੀਵੀ ਹਰਕਤ ਵਿਚ ਰਹਿੰਦਾ ਹੈ ਜਿਸ ਤੋਂ ਧਰਤੀਆਂ, ਸੂਰਜ ਤੇ ਜ਼ਿੰਦਗੀ ਦੇ ਰੂਪ ਬਣੇ, ਦਿਮਾਗ਼ ਪੈਦਾ ਹੋਇਆ ਅਤੇ ਚੇਤਨਤਾ ਉਤਾਂਹ ਚੜ੍ਹ ਗਈ। "ਖ਼ਿਆਲ ਬਣੀ, ਧਰਮ ਬਣੀ, ਜਾਦੂਗਰੀ ਬਣੀ, ਸਾਇੰਸ ਬਣੀ, ਦੋਸਤੀ ਪਿਆਰ, ਅਮਨ, ਵੈਰ, ਨਫ਼ਰਤ ਜੰਗ, ਹੁਸਨ, ਇਸ਼ਕ ਕੁਰਬਾਨੀ ਸੇਵਾ ਬਣੀ — ਇਹ ਕਾਤਲ ਵੀ ਬਣੀ, ਪ੍ਰੇਮ ਵੀ ਬਣੀ ।"

"ਇਹ ਅਣਟੁੱਟ ਅਨਿਖੜਵੀਂ ਹਸਤੀ ਦਾ ਬੇਅੰਤ ਵਿਕਾਸ ਹੈ।" ਹਰ ਹੋਣੀ — ਅਨੰਤ ਹੋਂਦ ਦਾ ਵਿਕਾਸ ਹੈ। ਕੁਝ ਵੀ ਇਸ ਲੜੀ ਤੋਂ ਵਖਰਾ ਨਹੀਂ ਕੀਤਾ ਜਾ ਸਕਦਾ। ਕਿਸੇ ਇਕ ਭਾਗ ਦੀ ਤਕਦੀਰ, ਪੀੜ, ਅਮਨ, ਜੰਗ ਜਾਂ ਆਨੰਦ ਸਾਰੀ ਹਸਤੀ ਦਾ ਹੈ ਤੇ ਸਾਂਝਾ ਹੈ। "ਸਾਡੀ ਆਤਮਾ ਵਿਸ਼ਵ ਆਤਮਾ ਦੀ ਇਕ ਤਰੰਗ ਹੈ" ਜੋ ਸਾਡੇ ਹੀ ਵਿਸ਼ਵ ਦੇ ਵਿਕਾਸ ਦਾ ਚੇਤਨ ਸਰੂਪ ਹੈ।"

ਇਹ ਸਾਰਾ "ਗਿਆਨ ਰੌਸ਼ਨੀ ਹੈ, ਮੁਕਤੀ ਹੈ, ਪਰਮ ਆਨੰਦ ਹੈ।" ਅਰਥਾਤ ਇਸ ਗਿਆਨ ਤੋਂ "ਅਨੋਖਾ ਅਮਨ", "ਜਜ਼ਬਾਤੀ ਇਕਸੁਰਤਾ"।

ਉਹ ਬਜ਼ੁਰਗ ਨਿਜੀ ਮੁਕਤੀ, ਨਿਜੀ ਹਿਤ, ਨਿਜੀ ਤਕਦੀਰ, ਪੁੰਨ ਪਾਪ, ਦੇ ਡਰ ਤੋਂ, ਮੌਤ ਦੇ ਤੌਖਲੇ ਤੋਂ, ਡਰ ਤੋਂ, ਸ਼ਿਕਾਇਤਾਂ ਆਦਿ ਤੋਂ, ਭਰਮਾਂ ਤੇ ਪਰਛਾਵਿਆਂ ਤੋਂ ਉਪਰ ਚੜ੍ਹ ਜਾਂਦਾ ਹੈ ਅਤੇ ਸਮੁੱਚੀ ਹਸਤੀ ਦੀ ਇਕ ਵਿਸ਼ੇਸ਼ ਲਹਿਰ ਬਣ ਜਾਂਦਾ ਹੈ। ਗੀਤਾ ਵਿਚ ਇਸ ਤਰ੍ਹਾਂ ਦੇ ਮਨੁੱਖ ਨੂੰ "ਸਥਿਤ ਪ੍ਰਗਿ" ਕਿਹਾ ਗਿਆ ਹੈ। ਇਹ ਆਦਰਸ਼ਕ ਮਨੁੱਖ ਕਾਲਪਨਿਕ ਹੈ, ਅਤੇ ਯਥਾਰਥ ਜੀਵਨ ਵਿਚ ਵੇਖਣ ਜਾਂ ਸੁਣਨ ਵਿਚ ਨਹੀਂ ਆਉਂਦਾ।

## ੨. ਪਿਆਰ ਦਾ ਸੰਕਲਪ

### ੧

ਆਪਣੇ ਦੋ ਲੇਖਾਂ ਵਿਚ, "ਜ਼ਿੰਦਗੀ ਲਈ ਅਤਿ ਸੁਹਣੀ ਰਾਸ" ਅਤੇ "ਪਿਆਰ" ਵਿਚ ਗੁਰਬਖ਼ਸ਼ ਸਿਘ ਨੇ ਪਿਆਰ ਸੰਬੰਧੀ ਆਪਣੇ ਵਿਚਾਰ ਪਰਗਟ ਕੀਤੇ ਹਨ। ਇਹ ਵਿਚਾਰ ਆਦਰਸ਼ਕ ਭਾਵੁਕ ਅਤੇ ਕਲਪਨਾਤਮਕ ਹਨ। ਇਹਨਾਂ ਦਾ ਆਧਾਰ ਉਸ ਦੇ ਕਈ ਸਾਲਾਂ ਦੇ ਦੇਸੀ ਤੇ ਪ੍ਰਦੇਸੀ ਅਨੁਭਵ ਹੋਣਗੇ ਜਿਨ੍ਹਾਂ ਬਾਰੇ ਭਾਵੁਕ ਹੋਣਾ ਸੁਭਾਵਿਕ ਹੈ ਅਤੇ ਅਤਿਕਥਨੀ ਵੀ। ਸਫਲ ਪਿਆਰ ਵਿਚ ਭਾਵੁਕ ਨਾ ਹੋਣਾ ਅਤੇ ਅਤਿਕਥਨੀ ਕਰਨੀ ਕੋਈ ਵੱਡੀ ਗੱਲ ਨਹੀਂ। ਹਰ ਇਕ ਯੁਵਕ ਜਾਂ ਯੁਵਤੀ ਦਾ ਇਹ ਲੱਛਣ ਹੈ। ਪੁਰਾਣੇ ਪਿਆਰ ਦੀ ਯਾਦ ਵਿਚ ਬੁੱਢੇ ਵੀ ਕੁਝ ਦੇਰ ਲਈ ਨੌਜਵਾਨਾਂ ਵਾਂਗ ਸਗੋਂ ਵਧ ਕੇ ਭਾਵੁਕ ਹੋ ਜਾਂਦੇ ਹਨ। ਫੇਰ ਜੋ ਕੋਈ ਦੂਜਿਆਂ ਤੋਂ ਵਧ ਕਲਪਨਾ ਰਖਦਾ ਹੈ, ਉਹ, ਸਾਡੇ ਲਿਖਾਰੀ ਵਾਂਗ, ਜਿਤਨੇ ਵੀ ਅਲੰਕਾਰ ਲਭ ਸਕੇਗਾ, ਇਸ ਦੇ ਵਰਣਨ ਵਿਚ ਵਰਤੇਗਾ।

ਰੁਮਾਂਚਿਕ ਕਵੀ ਕੋਲਰਿਜ ਦੀ ਰੁਮਾਂਚਿਕ ਕਵਿਤਾ "Love" ਦਾ ਪਹਿਲਾ ਬੰਦ ਉਲਥਾ ਵਿਚ ਪੇਸ਼ ਕਰਦਾ ਹੋਇਆ, ਰੁਮਾਂਚਿਕ ਲਿਖਾਰੀ ਗੁਰਬਖ਼ਸ਼ ਸਿੰਘ ਇਸ ਨੂੰ "ਜ਼ਿੰਦਗੀ ਦਾ ਸ਼ੋਮਣੀ ਜਜ਼ਬਾ" ਦਸਦਾ ਹੈ:

"All thoughts all passions, all delights,
Whatever stirs this mortal frame,
All are but ministers of love
And feed his sacred flame."

ਇਹ ਜ਼ਿੰਦਗੀ ਦੀ ਸਦੀਵੀ ਧੜਕਨ ਹੈ ਅਤੇ ਜਿਸ ਦੀ "ਖ਼ੁਸ਼ੀ ਸਭ ਖ਼ੁਸ਼ੀਆਂ ਤੋਂ ਵਧੇਰੇ ਡੂੰਘੀ" ਹੈ। ਇਹ "ਉਸਤਾਦਾਂ ਦਾ ਉਸਤਾਦ" "ਸ਼ਹਿਨਸ਼ਾਹ" "ਯਾਰਾਂ ਦਾ ਯਾਰ", ਹੈ। ਇਹ ਇਕ "ਅਨੋਖਾ ਹੁਨਰ" ਹੈ ਜਿਸ ਦੇ "ਨੇਮ" ਹਨ ਅਤੇ "ਅਭਿਆਸ" ਵੀ ਹੈ। ਪਿਆਰ "ਪ੍ਰਭੂ" ਹੈ; "ਪ੍ਰਭੂ ਨਾਲ ਤੁਲਦਾ ਪਿਆਰ ਪ੍ਰਭੂ ਵਾਂਗ ਬ੍ਰਹਮ ਹੈ। ਇਹ ਉਸਾਰਦਾ ਹੈ, ਇਹ ਘੜਦਾ ਹੈ।" ਇਕ ਭਗਤ ਦੀ "ਠਾਕਰ ਮੂਰਤੀ" ਹੈ।

ਇਸ ਦੇ ਉਲਟ, ਪਿਆਰ "ਅੰਨ੍ਹਾਂ ਦੇਵਤਾ" ਨਹੀਂ; "ਰਸੀਲਾ ਫਲ" ਨਹੀਂ; ਮਾਨਣ



ਵਾਲੀ ਅਵਸਥਾ ਨਹੀਂ। ਇਹ ਖੋਹ ਕੇ ਨਹੀਂ ਲਿਆ ਜਾ ਸਕਦਾ; ਇਸ ਨੂੰ ਵਿਸ਼ੇ ਵਾਸ਼ਨਾ ਨਾਲ ਜੋੜਨਾ ਇਸ ਨੂੰ ਅਛੂਤ ਸਮਝਣਾ ਹੈ। ਇਹ ਤੁਹਫ਼ਿਆਂ ਤੇ ਸੁਗਾਤਾਂ ਦਾ ਮੁਥਾਜ ਨਹੀਂ। ਇਸ ਦੇ ਅਭਿਆਸ ਵਿਚ ਕਤਲ, ਖ਼ੁਦ ਕੁਸ਼ੀਆਂ ਬਦਲੇ ਦੇ ਵੈਰ ਓਪਰੇ ਹਨ। ਪਿਆਰ ਕੋਈ ਦਿਲ ਪਰਚਾਵਾ ਨਹੀਂ, ਹੁਸਨ ਉਤੇ ਮਾਲਕਾਨਾ ਦਾਅਵਾ ਨਹੀਂ, ਬੇ-ਅਟਕ ਐਸ਼ ਨਹੀਂ।

### ੨

ਗੁਰਬਖ਼ਸ਼ ਸਿੰਘ ਦਾ 'ਪਿਆਰ' ਕਰਾਮਾਤੀ ਹੈ, ਬੜੇ ਬੜੇ ਚਮਤਕਾਰ ਦਿਖਾਂਦਾ ਹੈ, ਲੋਹੇ ਨੂੰ ਸੋਨਾ ਬਣਾਉਂਦਾ ਹੈ:

"ਜਿਸ ਛੂਹ ਨਾਲ ਕਾਇਆਂ ਨਹੀਂ ਪਲਟੀ, ਉਹ ਛੂਹ ਪਿਆਰ ਦੀ ਨਹੀਂ।" "ਇਹਦੇ ਸਵਰਗ ਦੀਆਂ ਦੋ ਘੜੀਆਂ ਵੀ ਉਮਰਾਂ ਦੇ ਅਰਮਾਨਾਂ ਨਾਲੋਂ ਮਹਿੰਗੀਆਂ ਹਨ। ਇਹਦੀ ਹਲੂਣਿਆਂ ਭਰੀ ਇਕੋ ਪਰੇਰਨਾ ਜ਼ਿੰਦਗੀ ਭਰ ਦੀਆਂ ਮਾਯੂਸੀਆਂ ਦੂਰ ਕਰਦੀ ਜਾਪਦੀ ਹੈ। ਕੁਝ ਵੀ ਔਖਾ ਨਹੀਂ ਲਗਦਾ: ਪਹਾੜ ਵਡੇ ਨਹੀਂ ਜਾਪਦੇ, ਤਾਰੇ ਦੂਰ ਨਹੀਂ ਦਿਸਦੇ, ਜ਼ਿੰਦਗੀ, ਮੌਤ, ਧਰਤੀ, ਅਕਾਸ਼ ਦੇ ਚੌੜੇ ਦੁਮੇਲ ਦੂਰ ਦੂਰ ਤਕ ਚਾਨਣੇ ਹੋ ਜਾਂਦੇ ਹਨ।" ਇਹ ਅਤਿਕਥਨੀ ਮਨ ਦੀ ਅਸਾਧਾਰਣ ਦਸ਼ਾ ਦੇ ਵਰਣਨ ਲਈ ਭਾਵੇਂ ਠੀਕ ਲਗੇ, ਪਰ ਮਨ ਦੀ ਅਵਸਥਾ ਕਿਸ ਹਦ ਤਕ ਸਲਾਹੀ ਜਾ ਸਕਦੀ ਹੈ? ਰਤਾ ਹੋਰ ਦੇਖੋ:

"ਉਧਰ ਪਿਆਰ ਦਾ ਲਿਸ਼ਕਾਰਾ ਵੀ ਸਾਨੂੰ ਸਾਰੀ ਜ਼ਿੰਦਗੀ ਦੀਆਂ ਗੁੰਝਲਾਂ ਦੇ ਅਰਥ ਸਮਝਾ ਦੇਂਦਾ ਹੈ।......ਏਸ ਚਮਤਕਾਰੇ ਹੇਠਾਂ ਦੇਸਾਂ ਤੇ ਮੁਲਕਾਂ ਦੀਆਂ ਲਕੀਰਾਂ ਦੀਆਂ ਲਕੀਰਾਂ ਮਿਟ ਜਾਂਦੀਆਂ ਹਨ।"

ਜਾਂ ਤਾਂ ਅਜਿਹਾ 'ਪਿਆਰ' ਅਸੀਂ ਵੇਖਿਆ, ਸੁਣਿਆ ਤੇ ਅਨੁਭਵ ਨਹੀਂ ਕੀਤਾ ਜਾਂ ਅਜਿਹਾ ਪਿਆਰ ਵਿਰਲਾ ਜਾਂ ਕਾਲਪਨਿਕ ਹੈ। ਅਗੇ ਚਲੋ:

ਗੁਰਬਖ਼ਸ਼ ਸਿੰਘ ਜਿਹੇ "ਸਿਰਫ਼ ਆਸ਼ਕ ਹੀ ਜ਼ਿੰਦਗੀ ਦੀਆਂ ਸਿਖਰਾਂ ਤੇ ਜ਼ਿੰਦਗੀ ਦੇ ਥਲੇ ਨਾਪ ਸਕਦੇ ਹਨ....." ਤਾਂ ਫੇਰ ਰਾਂਝੇ ਤੇ ਮਹੀਵਾਲ ਹੀਰਾਂ ਤੇ ਸੁਹਣੀਆਂ ਹੀ ਇਸ ਯੋਗ ਹਨ।

"ਸਾਡੀ ਨਿਕੀ ਜਿਹੀ ਸ਼ਖ਼ਸੀਅਤ ਨਿਜੀ ਤਸੱਲੀ ਦੇ ਬੰਧਨਾਂ ਤੋਂ ਸੁਤੰਤਰ ਹੋ ਕੇ ਕੁਦਰਤ ਦੇ ਪੁੰਨ-ਪਾਪ, ਦੋਸਤੀ-ਦੁਸ਼ਮਣੀ ਤੋਂ ਬੇ-ਲਾਗ ਸਾਗਰ ਦੀ ਇਕ ਖੀਵੀ ਲਹਿਰ ਬਣ ਜਾਂਦੀ ਹੈ।" ਇਹ ਪਿਆਰ ਦਾ ਰਹੱਸਵਾਦ ਹੈ ਜੋ ਇਤਨਾ ਸੂਛਮ ਹੈ ਕਿ ਮਾਦਾ ਪ੍ਰਸਤੀ ਵੀ ਇਸ ਨੂੰ ਸੁਣ ਕੇ ਬੁਝਾਰਤਾਂ ਬੁਝਣ ਲਗ ਪਏਗੀ ਪਿਆਰ ਦੇ ਰਹੱਸਵਾਦ ਨੂੰ ਅਲੰਕਾਰਾਂ ਦੇ ਰੰਗ ਵਿਚ ਪੇਸ਼ ਕਰਦੇ ਹੋਏ ਪਿਆਰ ਪੁਜਾਰੀ ਗੁਰਬਖ਼ਸ਼ ਸਿੰਘ ਕਹਿੰਦਾ ਹੈ ਕਿ:

"ਸ਼ਬਨਮ ਵਾਂਗ ਸੁਹਣੇ ਤੇ ਕਿਰਨਾਂ ਜੇਡੇ ਉਚੇ ਪਿਆਰ ਦੀ ਗੋਦ ਵਿਚ ਦੋ ਦਿਲਾਂ ਦੀ ਮਿਲਣੀ ਸ਼ਖ਼ਸੀ ਜੀਵਨ ਦੇ ਇਤਿਹਾਸ ਦੀ ਅਤਿ ਮਹਾਨ ਘਟਨਾ ਹੈ!"

'ਤੱਕਣੀ' ਬਾਰੇ ਪਿਆਰ ਪੁਜਾਰੀ ਦਾ ਕਹਿਣਾ ਹੈ ਕਿ ਜਿਨ੍ਹਾਂ ਡੂੰਘਿਆਈਆਂ ਤਕ ਅਕਲ ਤੇ ਦਲੀਲ ਪਹੁੰਚ ਨਹੀਂ ਸਕਦੀਆਂ, ਉਹਨਾਂ ਨੂੰ ਇਹ ਇਕ ਤੱਕਣੀ ਨਾਲ ਰੌਸ਼ਨ ਕਰ ਦਿੰਦਾ ਹੈ। ਅਰਥਾਤ, ਅਕਲ ਨੂੰ ਵੀ ਪਿਆਰ ਸੁਜਾਖਾ ਕਰ ਦਿੰਦਾ ਹੈ।

ਗੁਰਬਖ਼ਸ਼ ਸਿੰਘ ਦੇ ਪਿਆਰ ਦਾ ਹੜ੍ਹ ਕਿਸੇ ਵੀ ਹੜ੍ਹ ਤੋਂ ਘਟ ਨਹੀਂ, ਸਗੋਂ ਅਦੁੱਤੀ ਹੈ:

"ਕੋਈ ਕੰਢਾ ਵੀ ਪਿਆਰ, ਹੜ੍ਹ ਸਾਹਮਣੇ ਪੱਕਾ ਨਹੀਂ। ਚੱਟਾਨਾਂ ਇਹਨੂੰ ਥੰਮ੍ਹ ਨਹੀਂ ਸਕਦੀਆਂ। ਏਸ ਸਮੁੰਦਰ ਦੇ ਜਵਾਰ ਭਾਟੇ ਵਾਂਗ ਦਿਨ ਉਤਰਦਾ ਤੇ ਚੜ੍ਹਦਾ ਹੈ।"

ਇਸ ਲੇਖ ਤੋਂ ਇਹ ਸਪੱਸ਼ਟ ਹੋ ਗਿਆ ਹੋਵੇਗਾ ਕਿ ਇਸ ਲੇਖ ਵਿਚ ਵਿਚਾਰ ਭਾਵਾਂ ਵਿਚ ਪਰਤ ਗਏ ਹਨ। ਇਸ ਪਿਆਰ ਦਾ ਫਲਸਫ਼ਾ ਇਤਨਾ ਨਹੀਂ ਮਿਲਦਾ ਜਿਤਨਾ ਕਿ ਪਿਆਰ ਦਾ ਰਹੱਸਵਾਦ ਹੈ। ਗੁਰਬਖ਼ਸ਼ ਸਿੰਘ ਵਿਚਾਰਵਾਨ ਦੀ ਥਾਂ ਤੇ ਪਿਆਰ ਪੁਜਾਰੀ ਬਣ ਗਿਆ ਹੈ।

੩

(ਕ) ਪਿਆਰ ਕੀ ਹੈ ਤੇ ਕੀ ਨਹੀਂ? ਪਿਆਰ ਦੇ ਕਰਿਸ਼ਮੇ ਕੀ ਕੀ ਹਨ? ਇਹ ਦੋ ਗੱਲਾਂ ਦਸਣ ਤੋਂ ਛੁੱਟ ਲਿਖਾਰੀ ਪਿਆਰ ਦੀ ਪ੍ਰਕਿਰਤੀ ਬਾਰੇ ਆਪਣੇ ਵਿਚਾਰ ਦਸਦਾ ਹੈ ਜਿਨ੍ਹਾਂ ਸੰਬੰਧੀ ਮਤਭੇਦ ਹੋ ਸਕਦਾ ਹੈ। ਉਸ ਦੇ ਅਨੁਸਾਰ ਕੁਦਰਤ ਦੀਆਂ ਦੋ ਬੁਨਿਆਦੀ ਸਚਾਈਆਂ ਹਨ: ਪਹਿਲੀ ਏਕ ਤੋਂ ਅਨੇਕ ਹੋਣਾ ਜੋ ਲਿੰਗ ਖਿਚ ਹੈ। ਦੂਜੀ ਸਥਾਈ ਪਿਆਰ ਹੈ ਜੋ ਮਨੁੱਖੀ ਵਿਕਾਸ ਦੇ ਉਪਰਲੇ ਪੱਧਰ ਦੀ ਅਵਸਥਾ ਹੈ। ਅਸੀਂ ਸਾਰੇ ਸਾਧਾਰਣ ਘਟ ਸੁਹਣੇ ਜਾਂ ਬੜੇ ਸੁਹਣੇ ਵੰਨ ਸੁਵੰਨੇ ਰੰਗਾਏ ਫਲੂਸ ਹਾਂ। ਸਾਡੇ ਹਰ ਕਿਸੇ ਦੇ ਅੰਦਰ ਬਿਜਲੀ ਦਾ ਇਕ ਨੁਕਤਾ ਹੈ ਜੋ ਆਮ ਤੌਰ ਤੇ ਜਗਦਾ ਨਹੀਂ ਹੁੰਦਾ, ਕਿਉਂਕਿ ਇਹਨੂੰ ਕਿਸੇ ਬਿਜਲੀ ਰੌਅ ਨਾਲ ਜੋੜ ਲੈਣਾ ਸਾਡੇ ਵਸ ਦੀ ਗੱਲ ਨਹੀਂ। ਕੋਈ ਤਾਰ ਅੰਦਰੋ ਅੰਦਰ ਕਿਸੇ ਦੂਜੇ ਦਿਲ ਨਾਲ ਜਾ ਜੁੜੀ, ਰੌਅ ਤੁਰ ਪਈ। ਚਾਣਚਕ ਬਿਜਲੀ ਨੁਕਤੇ ਉਤੇ ਕੋਈ ਸਮਾਂ ਲਟ ਲਟ ਕਰਨ ਲਗ ਪਈ। ਦੋਹਾਂ ਫਲੂਸਾਂ ਵਿਚ ਸ਼ਮ੍ਹਾਂ ਮਚ ਪਈਆਂ। ਸਮੇਂ ਦੇ ਇਕ ਟੋਟੇ ਲਈ ਦੋਵੇਂ ਦਿਲ ਜ਼ਿੰਦਗੀ ਦੀ ਗੋਦ ਵਿਚ ਘੁਟੇ ਗਏ। ਇਹ ਤਾਰ ਤੱਕਣੀ ਨਾਲ ਹਰਕਤ ਵਿਚ ਆਉਂਦੀ ਹੈ: "ਪਹਿਲੀ ਤੱਕਣੀ ਤੋਂ ਹੀ ਤਨ ਮਨ ਦੀਆਂ ਸਾਰੀਆਂ ਗੱਲਾਂ ਸਰਗਰਮ ਹੋ ਜਾਂਦੀਆਂ ਹਨ।" "ਪ੍ਰੇਮੀ ਤੇ ਪ੍ਰੇਮਿਕਾ ਦੇ ਅੰਦਰ ਇਨਕਲਾਬ ਹੜ੍ਹ ਪੈਂਦਾ ਹੈ......ਸਾਰੀ ਕਾਇਨਾਤ ਚੁੰਮਣ ਜੋਗ ਹੋ ਜਾਂਦੀ ਹੈ।" ਪਰ ਇਹ ਸਦੀਵੀ ਹੜ੍ਹ ਨਹੀਂ। "ਸਮੁੰਦਰ ਦੇ ਜਵਾਰਭਾਟੇ ਵਾਂਗ ਉਤਰਦਾ ਤੇ ਚੜ੍ਹਦਾ ਹੈ।" ਇਹ 'ਸਵਰਗਾਂ ਦੀ ਸਦੀਵੀ ਰਿਹਾਇਸ਼ ਨਹੀਂ' ਖਿਨ ਭੰਗੁਰ ਹੈ। "ਲਾ-ਇਲਾਜ ਈਰਖਾ ਦਿਲਾਂ ਨਾਲੋਂ ਪਿਆਰ ਤਾਰ ਉਖੇੜ ਦਿੰਦੀ ਹੈ......ਪਿਆਰ ਸ਼ਮ੍ਹਾਂ ਬੁਝ ਜਾਂਦੀ ਹੈ।" ਇਸ ਕਾਰਨ "ਪਿਆਰ ਸਦੀਵੀ ਢੂੰਡ ਹੈ।" "ਇਹ ਗੱਲ ਬਿਲਕੁਲ ਗਲਤ ਹੈ ਕਿ ਜ਼ਿੰਦਗੀ ਵਿਚ ਇਕੋ ਵਾਰੀ ਹੀ ਜੁੜਦੇ ਹਾਂ, ਇਕੋ ਵਾਰੀ ਹੀ ਪਿਆਰ ਸ਼ਮ੍ਹਾਂ ਬਲਦੀ ਹੈ।"

(ਖ) ਅਜਿਹੀ ਪ੍ਰਕਿਰਤੀ ਵਾਲਾ ਪਿਆਰ 'ਜਿਨਸੀ' ਕਿਹਾ ਜਾਂਦਾ ਹੈ ਜਿਸ ਨੂੰ ਲਿਖਾਰੀ ਨੇ 'ਲਿੰਗ-ਖਿਚ' ਕਿਹਾ ਹੈ। 'ਏਕ ਤੋਂ ਅਨੇਕ ਹੋਣਾ' ਇਸ ਦਾ ਕੁਦਰਤੀ ਕਾਰਨ ਹੈ। ਲਿੰਗ-ਖਿਚ ਸੁਭਾਵਕ ਤੌਰ ਤੇ ਯਥਾ ਕਾਮ ਵਰ ਚੁਣਾਈ ਹੈ। ਇਸ ਦੀ ਉਪਲਬਧੀ ਚਾਣਚਕ ਹੁੰਦੀ ਹੈ। ਇਸ ਦੀ ਜਾਗ ਭੁੱਖੇ ਬਘਿਆੜ ਵਾਂਗ ਹੈ। ਇਹ ਕੁਦਰਤੀ ਬੜੀ ਅਧਿਕਾਰਣੀ ਹੁੰਦੀ ਹੈ ਅਤੇ ਹਰ ਕੀਮਤ ਤੇ ਪ੍ਰੇਮ ਪਾਤਰ ਤੇ ਕਬਜ਼ਾ ਜਮਾਂਦੀ ਹੈ। ਹਰ ਪ੍ਰਕਾਰ ਦੀ ਸੇਵਾ ਤੇ ਤਿਆਗ ਦੇ ਬਦਲੇ ਵਫ਼ਾਦਾਰੀ ਦੀ ਮੰਗ ਕਰਦੀ ਹੈ। ਧੋਖੇ ਦੀ ਨਿਰਾਸ਼ਾ ਦੇ ਕਾਰਨ ਖ਼ੁਦਕੁਸ਼ੀ, ਕਤਲ ਜਾਂ ਤਲਾਕ ਤਕ ਪਾੜ ਵਧ ਜਾਂਦਾ ਹੈ। ਜਾਂ ਲਿਖਾਰੀ ਦੇ ਸ਼ਬਦਾਂ ਵਿਚ ਤਾਰ ਟੁਟ ਜਾਂਦੀ ਹੈ, ਸ਼ਮ੍ਹਾਂ ਬੁਝ ਜਾਂਦੀ ਹੈ ਅਤੇ ਢੂੰਡ ਅਗੇ ਟੁਰ ਪੈਂਦੀ ਹੈ ਕਿ ਉਚੇ ਪਿਆਰ ਵਿਚ ਸ਼ਰਮਾਣਾ ਤੇ ਸੰਗਣਾ ਪਰਬਤ ਜੇਡੀ ਭੁੱਲ ਹੈ। ਇਸ ਕਾਰਨ ਪਿਆਰ ਦੇ ਪਾਤਰ ਨੂੰ ਰੇਸ਼ਮ ਤੋਂ ਵੀ ਵਧ ਕੂਲੀਆਂ ਤਾਰਾਂ ਨਾਲ ਬੰਨ੍ਹ ਕੇ ਰਖਣਾ ਪੈਂਦਾ ਹੈ ਅਤੇ ਲਿਖਾਰੀ ਠੀਕ ਕਹਿੰਦਾ ਹੈ ਕਿ "ਜਿਸ ਪਿਆਰ ਵਿਚ ਉਸਾਰੀ ਨਹੀਂ, ਨਵਾਂ ਹੋਣਾ ਨਹੀਂ, ਭੰਨ ਕੇ ਘੜਿਆ ਜਾਣਾ ਨਹੀਂ, ਉਹ ਪਿਆਰ ਨਹੀਂ, ਅਕੇਵੇਂ ਦਾ ਪਰਛਾਵਾਂ ਹੈ।" "ਨਿੱਕੇ ਨਿੱਕੇ ਅਮਲ, ਨਿੱਕੇ ਨਿੱਕੇ ਧਿਆਨ, ਨਿਕੀਆਂ ਨਿਕੀਆਂ ਪੁੱਛਾਂ ਇਹਦਾ ਖ਼ਜ਼ਾਨਾ ਹਨ।" ਦੂਜੇ ਸ਼ਬਦਾਂ ਵਿਚ ਪਿਆਰ ਦੇ ਪਾਤਰ ਨੂੰ ਬਰਾਬਰ ਦਾ ਤੇ ਬਰਾਬਰ ਹਕਾਂ ਵਾਲਾ ਨਿਘਾ ਸਾਥੀ ਸਮਝਣਾ ਚਾਹੀਦਾ ਹੈ ਤਾਂ ਜੋ ਸ਼ਮ੍ਹਾਂ ਬਲਦੀ ਤੇ 'ਲਟ ਲਟ' ਕਰਦੀ ਰਵ੍ਹੇ।

ਲਿੰਗ-ਬ੍ਰਿਤੀ ਸਦੀਵੀ ਅਤੇ ਖ਼ੁਰਾਕ, ਪਾਣੀ ਤੇ ਹਵਾ ਵਾਂਗ ਪ੍ਰਾਥਮਿਕ ਲੋੜਾਂ ਵਿਚੋਂ ਇਕ ਹੈ। ਗ੍ਰਿਹਸਥ ਵਿਚ ਅਤੇ ਇਸ ਤੋਂ ਬਾਹਰ ਵੀ ਇਹ ਢੂੰਡ ਵਾਂਗ ਚੰਬੜੀ ਰਹਿੰਦੀ ਹੈ। ਜੀਵਨ ਦੀ ਇਕਾਈ ਇਸ ਤੋਂ ਸੰਪੂਰਣ ਹੁੰਦੀ ਹੈ। ਇਸ ਦੇ ਉਦਾਤੀਕਰਣ ਨਾਲ ਮਨੁੱਖ ਵਿਕਾਸ ਦੀ ਉਪਰਲੀ ਪੱਧਰ ਤੇ ਪਹੁੰਚ ਜਾਂਦਾ ਹੈ। ਇਹ ਦੋ ਜਜ਼ਬੇ ਨਹੀਂ, ਇਕੋ ਹੀ ਬ੍ਰਿਤੀ ਦੀਆਂ ਦੋ ਪੱਧਰਾਂ ਹਨ। ਲਲਿਤ ਕਲਾਵਾਂ ਦੀ ਸਿਰਜਨਾ ਦੇ ਪਿਛੇ ਵੀ ਇਸੇ ਲਿੰਗ-ਬ੍ਰਿਤੀ ਦਾ ਉਦਾਤੀਕਰਣ ਹੈ, ਫ਼ਲੂਸ ਵਾਲਾ ਟਹਿਕਿਆ ਪਿਆਰ ਨਹੀਂ।

(ਗ) ਦੂਜੀ ਪ੍ਰਕਾਰ ਦਾ ਪਿਆਰ ਜਿਨਸੀ ਤੋਂ ਵਖ ਹੈ ਇਹ ਬ੍ਰਿਤੀ natural tendency ਨਹੀਂ, ਉਪਾਰਜਿਤ ਲੱਛਣ ਹੈ। ਇਹ ਕਬੂਤਰਾਂ, ਬਿੱਲੀਆਂ, ਕੁੱਤਿਆਂ, ਤੋਤਿਆਂ, ਬਾਂਦਰਾਂ, ਘੋੜਿਆਂ, ਗਾਵਾਂ, ਮੱਝਾਂ ਆਦਿ ਨਾਲ ਵੀ ਹੋ ਜਾਂਦਾ ਹੈ। ਆਮ ਤੌਰ ਤੇ ਮਿੱਤਰ, ਸੰਬੰਧੀ, ਸਹਿਕਾਰੀ ਅਤੇ ਨਵੇਂ ਨਵੇਂ ਪਰਦੇਸੀ ਵੀ ਪਿਆਰ ਦਾ ਪਾਤਰ ਹੋ ਜਾਂਦੇ ਹਨ। ਇਸ ਪਿਆਰ ਵਿਚ ਹੜ੍ਹ ਨਹੀਂ ਆਉਂਦਾ, ਦਿਬਦ੍ਰਿਸ਼ਟੀ ਨਹੀਂ ਮਿਲਦੀ ਛਿਣ ਭਰ ਦਾ ਸਵੱਰਗ ਨਹੀਂ ਅਨੁਭਵ ਹੁੰਦਾ ਹੈ। ਇਹ ਅਨੁਕੂਲ ਸੁਭਾਵ ਵਿਚੋਂ ਫੁਟਦਾ ਹੈ; ਹਿਤ, ਸੇਵਾ, ਸ਼ੁਭ ਕਾਮਨਾਂ, ਸਹਾਇਤਾ, ਹਮਦਰਦੀ, ਦੁਆਰਾ ਉਗਦਾ ਹੈ ਅਤੇ ਮਨੋਭਾਵਾਂ ਵਿਚ ਪੱਕਦਾ ਤੇ ਫਲਦਾ ਫੁਲਦਾ ਹੈ। ਇਹ ਪਿਆਰ ਰੁਮਾਂਟਿਕ ਨਹੀਂ; ਯਥਾਰਥਕ ਹੈ ਅਤੇ ਨਿਰੋਲ ਭਾਵੁਕ ਹੀ ਨਹੀਂ, ਪਰ ਨਿਜੀ ਤੇ ਮਾਨਵੀ ਹੈ। ਮਾਤਾ ਬੱਚੇ ਦੇ ਪਿਆਰ ਦਾ ਕਾਰਨ ਇਹ ਹੈ ਜਿਸ ਦਾ ਮਤਰਈ ਮਾਂ ਤੇ ਬੱਚੇ ਦੇ ਸੰਬੰਧ ਵਿਚ ਅਕਸਰ ਅਭਾਵ ਰਹਿੰਦਾ ਹੈ।

(ਘ) ਇਸ ਤੋਂ ਛੁਟ ਹੋਰ ਨੁਕਤੇ ਵੀ ਹਨ ਜਿਨ੍ਹਾਂ ਤੇ ਮਤਭੇਦ ਦੀ ਸੰਭਾਵਨਾ ਹੋ ਸਕਦੀ ਹੈ। ਲਿਖਾਰੀ ਦੇ ਅਨੁਸਾਰ "ਪਿਆਰ ਕੋਈ ਰਸੀਲਾ ਫਲ ਜਾਂ ਮਾਣਨ ਵਾਲੀ ਅਵਸਥਾ ਨਹੀਂ।" ਇਸ ਤੋਂ ਵਧ ਕੇ ਭੋਲੇਪਨ ਦੀ ਗੱਲ ਕੀ ਹੋ ਸਕਦੀ ਹੈ? 'ਸੁਹਣੀ ਦੀਆਂ ਪਾਣੀ-ਤ੍ਰਿਪਦੀਆਂ ਬਾਹਵਾਂ ਗਲ ਪਾਣ ਤੇ, 'ਘੜੀ ਪੱਲ ਦਾ ਸਵਰਗ', ਇਕ ਇਕ ਘੜੀ ਵਿਚੋਂ......ਆਨੰਦ ਨਚੋੜਿਆ ਜਾਣਾ, 'ਸਮੁਚੀ ਜ਼ਿੰਦਗੀ ਨੂੰ ਕਲਾਵੇ' ਭਰਨਾ, ਇਕ ਟੋਟੇ ਲਈ ਜ਼ਿੰਦਗੀ ਦੀ ਗੋਦ ਵਿਚ ਘੁਟੇ ਜਾਣਾ ਹਲੂਣਿਆਂ ਭਰੀ ਪਰੇਰਨਾ ਦਾ ਮਿਲਣਾ, ਦੋ ਸਿਰਿਆਂ ਦੀ ਮਿਲਣੀ ਦਾ ਹੋਣਾ, ਆਪਣੇ ਤਿਹਾਏ ਪਾਟਦੇ ਬੁੱਲ੍ਹਾਂ ਨੂੰ ਅੰਮ੍ਰਿਤ ਕਟੋਰੇ ਵਿਚ ਡੋਬਣਾ, ਹਰ ਅੰਗ ਨੂੰ ਥਰਕਾਣਾ, ਅੱਖੀਆਂ ਨੂੰ ਨਸ਼ਿਆਣਾ ਆਦਿ। ਵਾਕੰਸ਼ ਪਿਆਰ ਮਾਣਨ ਦੇ ਹਨ ਅਤੇ ਕਿਸੇ ਹੋਰ ਕ੍ਰੀਆ ਦੀ ਸ਼ਬਦਾਵਲੀ ਦੇ ਨਹੀਂ ਹੋ ਸਕਦੇ।

ਵਿਚਾਰਾਂ ਦੀ ਜਾਪਦੀ ਅਸੰਗਤੀ ਤੇ ਅਸਪਸ਼ਟਤਾ ਦੇ ਹੋਰ ਨਮੂਨੇ ਇਕ ਦੋ ਹੋਰ ਵੀ ਹਨ:


(੧) "ਉਦੋਂ ('ਮਨੁੱਖ ਜ਼ਿੰਦਗੀ ਦੇ ਆਰੰਭ ਵਿਚ') ਲਿੰਗ ਖਿਚ ਏਡੀ ਪ੍ਰਬਲ ਸੀ ਕਿ ਸਭ ਇਸਤਰੀਆਂ ਤੇ ਸਭ ਮਰਦਾਂ ਦਾ ਲਿੰਗ ਜੀਵਨ ਸਾਂਝਾ ਸੀ" (੩੧, ੧੮) ਇਕ ਇਸਤਰੀ ਇਕ ਮਰਦ ਦਾ ਅਸੂਲ ਸਭਿਅਤਾ ਹੁਣੇ ਜਿਹੇ ਅਪਣਾ ਰਹੀ ਹੈ, ਪਰ ਪਿਆਰ ਦਾ ਇਹ ਅਸੂਲ ਅਜ਼ਲ ਤੋਂ ਚਲਿਆ ਆ ਰਿਹਾ ਹੈ।" (੩੬-੯) ਉਮਰ ਨਾਲ ਵਿਰੋਧ ਸਪੱਸ਼ਟ ਹੈ। ਇਹ 'ਅਜ਼ਲ' ਇਸਲਾਮੀ ਜਾਂ ਬਾਈਬਲੀ ਜਾਂ ਆਰੀਆ ਹੈ ? ਜਾਂ ਪਦਾਰਥਵਾਦੀ ?

੨. "ਪ੍ਰੇਮਿਕਾ ਦੀ ਢੂੰਡ ਵਿਚ ਲਿੰਗ ਮਨਜ਼ਲ ਨਹੀਂ, ਰਾਹ ਦੀ ਟੋਹ ਹੈ।" (੩੬,੧੪) ਜਦੋਂ ਪ੍ਰੇਮੀ ਆਪਣੀ ਪ੍ਰੇਮਿਕਾ ਦੀ ਢੂੰਡ ਵਿਚ ਹੁੰਦਾ ਹੈ, ਉਹਦੀ ਅਵਸਥਾ ਠਾਕਰ-ਮੂਰਤੀ ਢੂੰਡਦੇ ਭਗਤ ਵਰਗੀ ਹੁੰਦੀ ਹੈ। ਉਹ ਹਰ ਪੱਥਰ ਨੂੰ ਆਦਰ ਨਾਲ ਫੜਦਾ ਹੈ — ਕੀ ਪਤਾ ਕਿਹੜਾ ਪੱਥਰ ਠਾਕਰ ਦੀ ਮੂਰਤੀ ਨਿਕਲ ਪਵੇ। (੩੪,੧੬-੨੧)। ਕੀ ਇਹਦਾ ਇਹ ਭਾਵ ਵੀ ਹੋ ਸਕਦਾ ਹੈ ਕਿ ਪ੍ਰੇਮੀ ਹਰ ਸ਼ਮ੍ਹਾਂ ਜਗਾਉਣ ਵਾਲੀ ਇਸਤਰੀ ਨੂੰ ਟੋਂਹਦਾ ਹੈ ਇਹ ਪਤਾ ਕਰਨ ਲਈ ਕਿ ਕਿਹੜੀ ਅਸਲੀ ਪ੍ਰੇਮਿਕਾ ਹੋ ਸਕਦੀ ਹੈ ? ਉਸ ਦੀ ਢੂੰਡ ਜੇ ਸਦੀਵੀ ਹੋਈ ਅਤੇ ਸਵਰਗ ਵੀ ਖਿਣ ਭਰ ਦਾ ਹੋਇਆ। ਕਈ ਵਾਰ ਸ਼ਬਦਾਂ ਤੋਂ ਨਾ ਇੱਛਤ ਅਰਥ ਵੀ ਨਿਕਲ ਸਕਦੇ ਹਨ। ਸਰਮਾਇਆਦਾਰੀ ਕਾਲ ਵਿਚ ਪ੍ਰੇਮ ਦਾ ਮੁਕਾਬਲਾ ਅ-ਰਸਿਕ ਹੈ।





ਖੱਬਿਉਂ ਸੱਜੇ : ਗੁਰਬਖ਼ਸ਼ ਸਿੰਘ ਦੇ ਪਿਤਾ ਜੀ, ਗੁਰਬਖ਼ਸ਼ ਸਿੰਘ (ਛੇਵੇਂ ਵਰ੍ਹੇ ਵਿਚ) ਬਾਪੂ ਚੰਦਾ ਸਿੰਘ ਜੀ, ਪਿਛੇ ਗੁਰਬਖ਼ਸ਼ ਸਿੰਘ ਦੇ ਮਾਮਾ ਜੀ ਦੇ ਪੁੱਤਰ



ਗੁਰਬਖ਼ਸ਼ ਸਿੰਘ ੧੯੨੨ ਵਿਚ



੧੯੧੨ ਵਿਚ ਗੁਰਬਖ਼ਸ਼ ਸਿੰਘ ਜਦ ਮੈਟ੍ਰਿਕ ਪਾਸ ਕਰ ਚੁਕੇ ਸਨ ਅਤੇ ਵਿਆਹ ਦੀ ਤਿਆਰੀ ਸੀ




੧੯੨੭ ਵਿਚ ਜਦ ਕੌਇਟਾ ਵਿਚ ਐਸਿਸਟੈਂਟ ਇੰਜੀਨੀਅਰ ਲਗੇ



੧੯੨੯ ਵਿਚ ਸ: ਗੁਰਬਖ਼ਸ਼ ਸਿੰਘ ਆਪਣੀ ਪਤਨੀ ਨਵਤੇਜ ਅਤੇ ਓਮਾ ਨਾਲ

ਸ: ਗੁਰਬਖ਼ਸ਼ ਸਿੰਘ : ੪੧ਵੇਂ ਵਰ੍ਹੇ ਵਿਚ







ਉਮਰ ਦੇ ਪੰਜਾਹਵੇਂ ਵਰ੍ਹੇ ਵਿਚ

ਉਮਰ ਦੇ ਬਵੰਜਵੇਂ ਸਾਲ ਵਿਚ :
ਆਪਣੇ ਪਰਵਾਰ ਨਾਲ



ਉਮਰ ਦੇ ਸੱਤਰ੍ਹਵੇਂ ਵਰ੍ਹੇ ਵਿਚ





ਲਿਖਣ ਵਿਚ ਲੀਨ


ਡਾ: ਐਮ. ਐਸ. ਰੰਧਾਵਾ, ਸ: ਗੁਰਬਖ਼ਸ਼ ਸਿੰਘ, ਉਹਨਾਂ ਦੀ ਪਤਨੀ ਤੇ ਨੂੰਹ





ਦਾਰ ਜੀ ਤੇ ਮਾਤਾ ਜੀ

ਅਖ਼ਬਾਰ ਪੜ੍ਹਨ ਵਿਚ ਮਗਨ





ਸ: ਗੁਰਬਖ਼ਸ਼ ਸਿੰਘ ਤੇ ਨਵਤੇਜ ਸਿੰਘ



ਸ: ਗੁਰਬਖ਼ਸ਼ ਸਿੰਘ : ਬਲਰਾਜ ਸਾਹਨੀ, ਡਾ: ਭਾਈ ਜੋਧ ਸਿੰਘ, ਡਾ: ਐਮ. ਐਸ. ਰੰਧਾਵਾ, ਆਪਣੀ ਪਤਨੀ,
ਡਾ: ਕਿਰਪਾਲ ਸਿੰਘ ਨਾਰੰਗ ਤੇ ਡਾ: ਏ. ਐਸ. ਕਾਹਲੋਂ ਨਾਲ ।



ਸ: ਗੁਰਬਖ਼ਸ਼ ਸਿੰਘ ਦੇ ੭੫ਵੇਂ ਜਨਮ ਦਿਨ ਸਮੇਂ ਡਾ: ਐਮ. ਐਸ. ਰੰਧਾਵਾ
ਉਹਨਾਂ ਨੂੰ ਆਰਸੀ ਦਾ ਗੁਰਬਖ਼ਸ਼ ਸਿੰਘ ਅੰਕ ਭੇਟ ਕਰ ਰਹੇ ਹਨ




ਮਾਸਕੋ ਵਿਚ : ਖ਼ਰੁਸ਼ਚੋਵ ਨਾਲ ਗੁਰਬਖ਼ਸ਼ ਸਿੰਘ, ਪ੍ਰਭਜੋਤ ਕੌਰ, ਮੁਲਕਰਾਜ ਆਨੰਦ ਅਤੇ ਹੋਰ ਲੇਖਕ



ਸ: ਗੁਰਬਖ਼ਸ਼ ਸਿੰਘ, ਪੰਜਾਬੀ ਲੇਖਕਾਂ ਨਾਲ

ਸ: ਗੁਰਬਖ਼ਸ਼ ਸਿੰਘ ਆਪਣੇ ਸਮੁੱਚੇ ਪਰਵਾਰ ਨਾਲ






ਭਵਿੱਖ ਵਲ ਨਜ਼ਰ : ਚਿਤਰਕਾਰ ਜਸਵੰਤ ਸਿੰਘ



ਭਾਸ਼ਨ ਕਰ ਰਹੇ
ਸ: ਗੁਰਬਖ਼ਸ਼ ਸਿੰਘ



ਆਪਣੇ ਪੋਤਰੇ ਨਾਲ ਸੈਰ ਕਰਦੇ ਹੋਏ ਸ: ਗੁਰਬਖ਼ਸ਼ ਸਿੰਘ



# ਰਚਨਾਵਾਂ

# ਮਾਂ

ਜੇ ਕਿਤੇ ਇਕ ਜ਼ਿੰਦਗੀ ਦੂਜੀ ਕਿਸੇ ਜ਼ਿੰਦਗੀ ਵਿਚ ਜੀਵੀ ਜਾ ਸਕਦੀ ਹੈ, ਤਾਂ ਉਹਦਾ ਨਮੂਨਾ "ਮਾਂ" ਹੈ। ਬੱਚੇ ਦੀ ਸ਼ੁਹਰਤ ਅਛੂਤ ਹੋ ਗਈ ਹੈ, ਦੁਨੀਆਂ ਦੇ ਲੋਕਾਂ ਨੇ ਉਹਨੂੰ ਆਪਣੇ ਦਰਾਂ ਤੋਂ ਧ੍ਰਿਕਾਰ ਦਿਤਾ ਹੈ, ਤਾਂ ਵੀ ਮਾਂ, ਜੀਕਰ ਉਹ ਬੱਚੇ ਦੀ ਕਾਮਯਾਬੀ ਉਤੇ ਉਹਦੇ ਨਾਲੋਂ ਵੀ ਵਧੇਰੇ ਖ਼ੁਸ਼ ਹੁੰਦੀ ਸੀ, ਓਕਰ ਹੀ ਉਹਦੀ ਹਰ ਨਮੋਸ਼ੀ ਨੂੰ ਉਹਦੇ ਨਾਲੋਂ ਵੀ ਬਹੁਤਾ ਅਪਣਾਨ ਵਿਚ ਆਪਣੀ ਤਸੱਲੀ ਲਭਦੀ ਹੈ।

ਪਰ ਆਮ ਤੌਰ ਉਤੇ ਬੱਚਿਆਂ ਨੂੰ ਮਾਂ-ਪਿਆਰ ਦੀ ਮਹੱਤਤਾ ਦਾ ਪੂਰਾ ਪਤਾ ਓਦੋਂ ਹੀ ਲੱਗਦਾ ਹੈ, ਜਦੋਂ ਇਹ ਮਹਾਨ ਪਿਆਰ ਉਹਨਾਂ ਕੋਲੋਂ ਹਮੇਸ਼ਾਂ ਲਈ ਖੁਸ ਜਾਂਦਾ ਹੈ; ਜਦੋਂ ਉਹ ਆਪਣੀ ਮਾਂ ਨੂੰ ਆਪਣੀ ਪ੍ਰਸ਼ੰਸਾ ਦੱਸਣ ਦੀ ਖ਼ੁਸ਼ੀ ਦਾ ਮੌਕਾ ਗੁਆ ਚੁਕਦੇ ਹਨ।

ਬੱਚਿਆਂ ਦੇ ਖਰ੍ਹਵਿਆਂ ਰਾਹਾਂ ਰਸਤਿਆਂ ਉਤੇ ਮਾਂ ਆਪਣੇ ਲਾਸਾਨੀ ਪਿਆਰ ਦੇ ਫੁੱਲ ਬੁੱਕਾਂ-ਮੂੰਹੀਂ ਖ਼ਿਲਾਰਦੀ ਰਹਿੰਦੀ ਹੈ, ਇਹਨਾਂ ਫੁੱਲਾਂ ਨਾਲ ਪਥਰਾਏ ਔੱਡੋ-ਖੋੜੇ ਰਸਤਿਆਂ ਉਤੋਂ ਬੱਚੇ ਬੇ-ਡਰ ਲੰਘਦੇ ਰਹਿੰਦੇ ਹਨ, ਏਸ ਗੱਲੋਂ ਬਿਲਕੁਲ ਬੇ-ਪਤਾ ਕਿ ਕਿੰਨੀਆਂ ਮਚਕੋੜਾਂ ਤੋਂ ਇਹਨਾਂ ਫੁੱਲਾਂ ਦੀਆਂ ਮੋਟੀਆਂ ਤਹਿਆਂ ਨੇ ਉਹਨਾਂ ਨੂੰ ਬਚਾ ਕੇ ਰਖਿਆ ਹੈ।

ਹਾਦਸਿਆਂ ਭਰੀ ਜ਼ਿੰਦਗੀ ਦੀ ਫ਼ਿਲਮ ਛਪਾ-ਛਪ ਤੁਰਦੀ ਜਾਂਦੀ ਹੈ, ਤੇ ਮਾਂ ਦਾ ਪਿਆਰ ਮਿੱਠਾ ਸੰਗੀਤ ਬਣ ਕੇ ਇਹਦੇ ਨਾਲ ਤਾਲ ਦੇਂਦਾ ਰਹਿੰਦਾ ਹੈ। ਇਸ ਤਾਲ ਦਾ ਜ਼ਿੰਦਗੀ ਦੀ ਸੁਖਾਲੀ ਰਵਾਨੀ ਨਾਲ ਕੀ ਸੰਬੰਧ ਹੈ, ਇਹਦਾ ਗਿਆਨ ਓਦੋਂ ਹੀ ਹੁੰਦਾ ਹੈ, ਜਦੋਂ ਇਹ ਤਾਲ ਟੁੱਟ ਜਾਂਦੀ ਹੈ, ਤੇ ਜ਼ਿੰਦਗੀ ਦੀ ਫ਼ਿਲਮ ਖ਼ੁਸ਼ਕ ਹੁੰਦੀਆਂ ਜਾਂਦੀਆਂ ਗਰਾਰੀਆਂ ਉਤੇ ਖੜ-ਖੜਾਂਦੀ ਤੁਰਦੀ ਹੈ।

ਦੁਨੀਆਂ ਦੇ ਵੱਡੇ ਆਦਮੀ, ਐਬਰਾਹਮ ਲਿੰਕਨ, ਟੈਗੋਰ, ਗਾਂਧੀ, ਬਰਨਾਰਡ ਸ਼ਾਅ ਤੇ ਅਨੇਕਾਂ ਹੋਰ ਆਪਣੀਆਂ ਮਾਵਾਂ ਨੂੰ ਲਿੰਕਨ ਦੇ ਲਫ਼ਜ਼ਾਂ ਵਿਚ ਯਾਦ ਕਰਦੇ ਹਨ:

"ਜੋ ਕੁਝ ਮੈਂ ਹਾਂ, ਜਾਂ ਹੋਣ ਦੀ ਆਸ ਰਖਦਾ ਹਾਂ,
ਆਪਣੀ ਫ਼ਰਿਸ਼ਤਿਆਂ ਵਰਗੀ ਮਾਂ ਦਾ ਸਦਕਾ ਹਾਂ।"

ਸ਼ੁਰੂ ਉਮਰ ਵਿਚ ਹਰ ਬੱਚੇ ਨੂੰ ਆਪਣੇ ਏਸ ਖ਼ਜ਼ਾਨੇ ਦਾ ਅਚੇਤ ਜਿਹਾ ਅਨੁਭਵ ਹੁੰਦਾ ਹੈ। ਉਹ ਆਪਣੀ ਮਾਂ ਦੇ ਬਰਾਬਰ ਨਾ ਕਿਸੇ ਰੱਬ ਮਨੁੱਖ ਤੇ ਨਾ ਕਿਸੇ ਨੂੰ ਸੋਚ ਸਕਦਾ ਹੈ। ਉਹ ਆਪਣੀ ਮਾਂ ਦਾ ਨਿਰਾ ਦੁੱਧ ਹੀ ਨਹੀਂ ਪੀਂਦਾ, ਉਹਦੇ ਦਿਲ ਦੇ ਲਹੂ ਨੂੰ ਕਈ ਤਰੀਕਿਆਂ ਨਾਲ ਆਪਣੀ ਜਾਨ ਦਾ ਹਿੱਸਾ ਬਣਾਂਦਾ ਹੈ।

ਪਰ ਬਚਪਨ ਦੇ ਬਾਅਦ ਇਕ ਜ਼ਮਾਨਾ ਆ ਜਾਂਦਾ ਹੈ, ਜਦੋਂ ਮਾਂ ਦੇ ਦਿਲ ਦੇ ਲਹੂ ਦੀ ਮਨੁੱਖਾਂ ਨੂੰ ਲੋੜ ਨਹੀਂ ਰਹਿੰਦੀ। ਮਾਂ ਦੀ ਜ਼ਿੰਦਗੀ ਤੋਂ ਬਾਹਰ ਉਹਨਾਂ ਦੀ ਜ਼ਿੰਦਗੀ ਦਾ ਤਾਣਾ ਦੂਰ ਨੇੜੇ ਤਣਿਆਂ ਜਾਂਦਾ ਹੈ। ਉਹਨਾਂ ਨੂੰ ਕਈ ਪਿਆਰ ਤੇ ਕਈ ਸਾਥ ਮਿਲਦੇ ਹਨ,

ਕਾਮਯਾਬੀਆਂ ਤੇ ਸ਼ੁਹਰਤਾਂ ਦਾ ਸਰੂਰ ਆਉਂਦਾ ਹੈ । ਉਦੋਂ ਉਹ ਕਿੰਨਾ ਕਿੰਨਾ ਸਮਾਂ ਆਪਣੀ ਮਾਂ ਦੀ ਹੋਂਦ ਹੀ ਭੁੱਲ ਜਾਂਦੇ ਹਨ । ਕਈ ਵਾਰੀ ਮਾਂ ਉਤੇ ਪਤਨੀ ਵਲੋਂ ਹੋਈਆਂ ਬੇ-ਇਨਸਾਫ਼ੀਆਂ ਵੀ ਉਹ ਨਹੀਂ ਗੌਲਦੇ । ਮਾਂ ਆਪਣੇ ਪੁੱਤਰਾਂ ਦੀਆਂ ਕਾਮਯਾਬੀਆਂ ਬਾਰੇ ਜਾਣਨਾ ਚਾਹੁੰਦੀ ਹੈ, ਪੁੱਤਰ ਵਿਸਥਾਰ ਨਾਲ ਗੱਲ ਕਰਨ ਦਾ ਸਮਾਂ ਨਹੀਂ ਕੱਢ ਸਕਦੇ । ਮਾਂ ਪੁੱਤਰਾਂ ਦੀਆਂ ਚਿੰਤਾਵਾਂ ਵਿਚ ਹਿੱਸਾ ਲੈਣਾ ਚਾਹੁੰਦੀ ਹੈ — ਪੁੱਤਰ ਆਪਣੀਆਂ ਚਿੰਤਾਵਾਂ ਨੂੰ ਮਾਂ ਦੀ ਮੁੱਕ ਚੁਕੀ ਤਾਕਤ ਨਾਲੋਂ ਵੱਡਾ ਸਮਝ ਕੇ ਚੁੱਪ ਰਹਿੰਦੇ ਹਨ । ਮਾਂ ਨੂੰ ਮਿਲੇ ਬਗ਼ੈਰ ਹੀ ਕਈ ਵਾਰੀ ਉਹ ਬਾਹਰ ਚਲੇ ਜਾਂਦੇ ਹਨ — ਤੇ ਜਦੋਂ ਉਹ ਘਰ ਮੁੜਦੇ ਹਨ, ਕਈ ਵਾਰੀ ਮਾਂ ਦੀਆਂ ਬਾਹਾਂ ਅੱਡੀਆਂ ਰਹਿ ਜਾਂਦੀਆਂ ਤੇ ਪੁੱਤਰ ਕੋਲੋਂ ਦੀ ਸਿਰਫ਼ ਨਮਸਕਾਰ ਕਰ ਕੇ ਕਾਹਲੀ ਕਾਹਲੀ ਲੰਘ ਜਾਂਦੇ ਹਨ ।

ਮਨੁੱਖ ਬਣਿਆਂ ਪੁੱਤਰ ਸਮਝਦਾ ਹੈ, ਹੁਣ ਉਹਦੀ ਆਪਣੀ ਜ਼ਿੰਦਗੀ ਏਡੀ ਮਜ਼ਬੂਤ ਹੋ ਗਈ ਹੈ ਕਿ ਬੁੱਢੀ ਮਾਂ ਹੁਣ ਉਹਨੂੰ ਕੋਈ ਤਾਕਤ ਨਹੀਂ ਦੇ ਸਕਦੀ । ਉਹ ਨਹੀਂ ਜਾਣਦਾ ਕਿ ਜ਼ਿੰਦਗੀ ਤਾਕਤ ਨਾਲੋਂ ਵੀ ਵਧੇਰੇ ਪ੍ਰਸ਼ੰਸਾ ਤੇ ਪਿਆਰ ਦੀ ਮੁਹਤਾਜ ਹੈ ; ਤੇ ਮਾਂ ਤੋਂ ਛੁੱਟ ਕਿਦ੍ਹਾ ਪਿਆਰ ਸਦੀਵੀ ਹੈ, ਕਿਦ੍ਹੀ ਪ੍ਰਸ਼ੰਸਾ ਅਟੱਲ ਹੈ ? ਚੰਗੇ ਚੰਗੇ ਦੋਸਤਾਂ ਦੀ ਪ੍ਰਸ਼ੰਸਾ ਵਿਚ ਵਟ ਪੈ ਜਾਂਦੇ ਹਨ, ਜੀਵਨ-ਸਾਥੀਆਂ ਦੀਆਂ ਵਫ਼ਾਵਾਂ ਡੋਲ ਜਾਂਦੀਆਂ ਹਨ ।

ਤੁਹਾਡੇ ਘਰ ਦੀ ਉਹ ਥਾਂ ਜਿਥੋਂ ਤੁਹਾਡੀ ਮਾਂ ਤੁਹਾਡੇ ਕੰਮਾਂ ਵਿਚ ਦਖ਼ਲ ਨਾ ਦੇਂਦੀ ਹੋਈ ਤੁਹਾਡੇ ਲਈ ਵਾਧੇ ਮੰਗਦੀ ਰਹਿੰਦੀ ਹੈ, ਉਹ ਥਾਂ ਇਕ ਨਿਰਮਲ ਮਿੱਠਾ ਜਿਹਾ ਚਸ਼ਮਾ ਹੈ । ਜਦੋਂ ਤੁਸੀਂ ਹੱਸਦੇ ਆਉਂਦੇ ਹੋ, ਇਸ ਚਸ਼ਮੇ ਦੇ ਪਾਣੀਆਂ ਉਤੇ ਤੁਹਾਡੇ ਹਾਸੇ ਦੀ ਹਰ ਲਕੀਰ ਖੀਵੀ ਲਹਿਰ ਬਣ ਜਾਂਦੀ ਹੈ । ਪਰ ਜਦੋਂ ਤੁਸੀਂ ਉਦਾਸ ਮੂੰਹ ਨਾਲ ਇਹਦੇ ਵਿਚ ਤੱਕਦੇ ਹੋ, ਓਦੋਂ ਇਹਦੇ ਪਾਣੀ ਤੁਹਾਡੇ ਖਾਰੇ ਹੰਝੂਆਂ ਨੂੰ ਆਪਣੇ ਵਿਚ ਰਲਾ, ਤੁਹਾਡੀਆਂ ਰੁੰਨੀਆਂ ਅੱਖਾਂ ਵਿਚ ਨਵੀਂ ਮਿਠਾਸ ਭਰ ਦੇਂਦੇ ਹਨ ।

ਬੁੱਢੀ ਮਾਂ ਭਾਵੇਂ ਅੱਜ ਤੁਹਾਡੇ ਘਰੋਗੀ ਜੀਵਨ ਵਿਚ ਕੋਈ ਅਮਲੀ ਹਿੱਸਾ ਨਹੀਂ ਪਾ ਸਕਦੀ, ਪਰ ਤੁਹਾਡੇ ਘਰ ਦੇ ਵਾਯੂ-ਮੰਡਲ ਨੂੰ ਸੁਖਾਵਾਂ ਬਣਾਨ ਵਿਚ ਉਹਦੇ ਪਿਆਰ, ਉਹਦੀਆਂ ਅਸੀਸਾਂ, ਉਹਦੀਆਂ ਗਲਵੱਕੜੀਆਂ, ਉਹਦੀਆਂ ਹਮਦਰਦੀਆਂ ਦਾ ਅਜੇ ਵੀ ਸਭ ਤੋਂ ਬਹੁਤਾ ਹਿੱਸਾ ਹੈ । ਏਸ ਹਿੱਸੇ ਦੀ ਵਡਿਤਣ ਦਾ ਪਤਾ ਤੁਹਾਨੂੰ ਓਦਨ ਲੱਗੇਗਾ, ਜਿਦਣ ਤੁਹਾਡੇ ਘਰ ਦੀ ਪਿਆਰਾਂ-ਭਰੀ ਇਹ ਨੁੱਕਰ ਅਚਾਨਕ ਸੁੰਞੀ ਹੋ ਜਾਏਗੀ, ਤੇ ਆਪ-ਮੁਹਾਰੀਆਂ ਅਸੀਸਾਂ ਤੇ ਸ਼ੁਭ-ਇੱਛਾਵਾਂ ਦਾ ਸੋਮਾਂ ਸੁੱਕ ਜਾਏਗਾ ।

ਓਦੋਂ ਤੁਹਾਨੂੰ ਉਹ ਦਿਨ ਯਾਦ ਆਉਣਗੇ, ਜਦੋਂ ਤੁਸੀਂ ਮਾਂ ਦੇ ਕਮਰੇ ਵਿਚ ਵੜਦੇ ਸਓ ਤੇ ਉਹਦੀਆਂ ਕਮਜ਼ੋਰ ਅੱਖਾਂ ਵਿਚੋਂ ਲਿਸ਼ਕ ਉਠਦੀ, ਤੇ ਜਦੋਂ ਤੁਹਾਡੇ ਦਿਲ ਦੇ ਦਰ ਖੁਲ੍ਹੇ ਹੁੰਦੇ ਸਨ, ਤੁਹਾਡੀ ਸਾਰੀ ਦੁਨੀਆਂ ਝਮ-ਝਮ ਕਰਨ ਲੱਗ ਪੈਂਦੀ ਸੀ । ਕਮਜ਼ੋਰ ਬਾਹਾਂ ਵਿਚੋਂ ਇਕ ਗਲਵੱਕੜੀ ਉਠਦੀ ਤੇ ਤੁਹਾਡੇ ਅੰਗ ਅੰਗ ਵਿਚੋਂ ਜ਼ਿੰਦਗੀ ਦੀ ਥਕਾਵਟ ਕੱਢ ਲੈਂਦੀ ਸੀ ।

ਤੁਹਾਡੇ ਤੇ ਤੁਹਾਡੇ ਹਰ ਖ਼ਤਰੇ ਵਿਚਕਾਰ ਬਾਹਾਂ ਪਾ ਦੇਣ ਵਾਲੀ ਮਾਂ ਜਦੋਂ ਤੁਰ ਜਾਏਗੀ, ਓਦੋਂ ਤੁਸੀਂ ਉਹਨਾਂ ਬੇ-ਵਟਾਂਦਰਾ, ਬੇ-ਸੰਕੋਚ ਤੇ ਬੇ-ਸ਼ਰਤ ਸ਼ੁਭ-ਇੱਛਾਵਾਂ ਦੀ ਕਦਰ ਪਾ ਸਕੋਗੇ ਜਿਹੜੀਆਂ ਉਹਦੇ ਦਿਲੋਂ ਨਦੀ ਵਾਂਗ ਵਗਦੀਆਂ ਰਹਿੰਦੀਆਂ ਸਨ ।



ਜੀਊਣਾ ਵੀ ਇਕੋ ਵਾਰ ਤੇ ਮਾਂ-ਪਿਆਰ ਵੀ ਇਕੋ ਵਾਰ ! ਏਸ ਪਿਆਰ ਦਾ ਸੋਮਾ ਜਦੋਂ ਸੁਕ ਗਿਆ, ਇਹੋ ਜਿਹੇ ਪਿਆਰ ਦੀ ਕੋਈ ਲਹਿਰ ਤੁਹਾਡੇ ਜੀਵਨ ਨੂੰ ਨਹੀਂ ਚੁੰਮੇਗੀ । ਹੋਰ ਸਾਰੇ ਪਿਆਰ ਕਮਾਏ ਜਾ ਸਕਦੇ ਹਨ, ਢੂੰਡੇ ਜਾਂ ਖ਼ਰੀਦੇ ਜਾ ਸਕਦੇ ਹਨ, ਪਰ ਮਾਂ-ਪਿਆਰ ਇਕ ਦਾਤ ਹੈ — ਜਿੰਨਾ ਚਿਰ ਹੈ — ਜਦੋਂ ਖੋਹੀ ਗਈ — ਫੇਰ ਇਹਦਾ ਕੋਈ ਬਦਲ ਨਹੀਂ ।

ਏਸ ਦਾਤ ਦਾ ਲਾਭ, ਥੋੜਾ ਜਾਂ ਬਹੁਤਾ, ਲੱਗਭੱਗ ਸਾਰੇ ਬੱਚੇ ਉਠਾਂਦੇ ਹਨ ; ਪਰ ਇਹਦਾ ਸਵਰਗੀ ਸੁਆਦ ਉਹੀ ਬੱਚਾ ਮਾਣਦਾ ਹੈ, ਜਿਹੜਾ ਬਾਹਰ ਜਾਂਦਿਆਂ ਮਾਂ ਦੀ ਅਸੀਸ ਮੰਨਦਾ ਤੇ ਬਾਹਰੋਂ ਆਇਆਂ ਮਾਂ ਦੇ ਗਲ ਬਾਹਾਂ ਪਾਂਦਾ ਹੈ । ਉਹਦੇ ਕੋਲ ਬਹਿੰਦਾ, ਉਹਦੀਆਂ ਪਿਆਰ-ਉਮਡੀਆਂ ਅੱਖਾਂ ਵਿਚ ਤੱਕਦਾ ਹੈ, ਤੇ ਜਦੋਂ ਮਾਂ ਬੜੀ ਉਮੰਗ ਨਾਲ ਕਹਿੰਦੀ ਹੈ : "ਪੁੱਤਰ, ਕੋਈ ਚੰਗੀ ਜਿਹੀ ਗੱਲ ਸੁਣਾ !" ਤਾਂ ਸੋਚੀਂ ਨਹੀਂ ਪੈ ਜਾਂਦਾ ਕਿ ਰਾਜਨੀਤੀ ਮਾਂ ਨੇ ਸਮਝਣੀ ਨਹੀਂ, ਨਵੇਂ ਸਾਹਿਤ ਨਾਲ ਉਹਦੀ ਦਿਲਚਸਪੀ ਨਹੀਂ । ਉਸ ਨੇ ਮਾਂ ਦੀ ਦੁਨੀਆਂ ਵਿਚ ਇਕ ਉਮਰ ਬਿਤਾਈ ਹੈ — ਏਸ ਦੁਨੀਆਂ ਦੀਆਂ ਕਈ ਸੁਹਣੀਆਂ ਯਾਦਾਂ ਹਨ, ਜਦੋਂ ਜ਼ਿੰਦਗੀ ਵਿਚ ਉਹਦੀ ਮਾਂ ਦੀ ਚੰਗੀ ਮੋਕਲੀ ਥਾਂ ਹੁੰਦੀ ਸੀ । ਕਿਸ ਤਰ੍ਹਾਂ ਮਾਂ ਨੇ ਔਖੇ ਦਿਨ ਬਹਾਦਰੀ ਨਾਲ ਕੱਟੇ ਸਨ, ਕਿਸ ਤਰ੍ਹਾਂ ਜਵਾਨ ਵਿਧਵਾ ਨੇ ਖ਼ਾਨਦਾਨ ਦੀ ਇੱਜ਼ਤ ਸਾਂਭ ਕੇ ਰਖੀ ਸੀ, ਕਿਸ ਤਰ੍ਹਾਂ ਗੁਆਂਢੀਆਂ ਦੀ ਪ੍ਰਸ਼ੰਸਾ ਲਈ ਸੀ । ਉਹ ਦਿਨ ਯਾਦ ਕਰਾਓ, ਜਦੋਂ ਮਾਂ ਨੇ ਆਪਣੇ ਸਾਰੇ ਗਹਿਣੇ ਵੇਚ ਕੇ ਤੁਹਾਨੂੰ ਕਾਲਜ ਘਲਿਆ ਸੀ । ਉਹ ਦਿਨ ਯਾਦ ਕਰਾਓ, ਜਿਦਣ ਤੁਸਾਂ ਇਕ ਬੜਾ ਝੂਠ ਬੋਲਿਆ, ਤੇ ਤੁਸੀਂ ਸ਼ਰਮਿੰਦਗੀ ਦੇ ਮਾਰੇ ਮੌਤ ਪਏ ਮੰਗਦੇ ਸਓ — ਪਰ ਜਦੋਂ ਹੌਸਲਾ ਕਰ ਕੇ ਤੁਸਾਂ ਆਪਣੀ ਵੇਦਨਾ ਮਾਂ ਨੂੰ ਦੱਸ ਦਿੱਤੀ ਤੇ ਉਹਨੇ ਤੁਹਾਡੇ ਝੂਠ ਨੂੰ ਅਪਣਾ ਕੇ ਸੱਚ ਬਣਾ ਦਿਤਾ, ਨਾ ਪਿਓ ਨੂੰ ਤੇ ਨਾ ਭਰਾਵਾਂ ਨੂੰ ਤੁਹਾਡੇ ਝੂਠ ਦਾ ਕਦੇ ਪਤਾ ਲੱਗਾ ।

ਮਾਵਾਂ ਦੀ ਅਖ਼ੀਰਲੀ ਮੰਗ ਇਹ ਹੁੰਦੀ ਹੈ ਕਿ ਉਹ ਆਪਣੇ ਪੁੱਤਰਾਂ ਦੇ ਹੱਥਾਂ ਵਿਚ ਅਖ਼ੀਰਲਾ ਸੁਆਸ ਲੈਣ, ਉਹਨਾਂ ਨੂੰ ਕਿਸੇ ਆਪਣੇ ਬੱਚੇ ਦਾ ਦੁਖ ਨਾ ਸਹਿਣਾ ਪਵੇ । ਕੁਦਰਤੀ ਹੋਣੀ ਵੀ ਇਹੋ ਹੈ ਕਿ ਮਾਵਾਂ ਆਪਣੇ ਬੱਚਿਆਂ ਤੋਂ ਪਹਿਲਾਂ ਆਪਣਾ ਜੀਵਨ-ਪੰਧ ਮੁਕਾ ਲੈਣ । ਏਸ ਲਈ ਮਾਵਾਂ ਦਾ ਓੜਕ ਵਿੱਛੜ ਜਾਣਾ ਇਹੋ ਜਿਹੀ ਅਨਹੋਣੀ ਗੱਲ ਨਹੀਂ ਕਿ ਇਹਨੂੰ ਅਸਹਿ ਸਦਮਾ ਸਮਝਿਆ ਜਾਏ । ਭਾਗਾਂ ਵਾਲੀਆਂ ਮਾਵਾਂ ਪੁੱਤਰਾਂ ਦੀ ਗੋਦ ਵਿਚ ਹੀ ਅੱਖਾਂ ਮੀਟਦੀਆਂ ਹਨ । ਪਰ ਪੁੱਤਰ ਜੇ ਅਮਿੱਟ ਹਸਰਤਾਂ ਦੇ ਕੌੜੇ ਹੰਝੂਆਂ ਤੋਂ ਬਚਣਾ ਲੋੜਦੇ ਹਨ, ਤਾਂ ਉਹ ਅੱਜ ਹੀ ਆਪਣੀ ਮਾਂ ਦੇ ਕੋਲ ਜਾ ਕੇ ਉਹਦੀਆਂ ਆਪਣੇ ਬੱਚਿਆਂ ਲਈ ਧੜਕਦੀਆਂ ਬਾਹਾਂ ਗਲ ਵਿਚ ਪਾ ਲੈਣ, ਉਹਦਾ ਚੁੰਮਣ ਆਪਣੇ ਮੱਥੇ ਉਤੇ ਮਹਿਸੂਸ ਕਰਨ । ਏਸ ਚੁੰਮਣ ਨਾਲੋਂ ਵਧੇਰੇ ਸੱਚਾ ਅਮਲ ਹੋਰ ਜ਼ਿੰਦਗੀ ਨੇ ਕਦੇ ਨਹੀਂ ਵੇਖਿਆ ।

# ਕੰਗਾਲ ਕਵੀਆਂ ਦੀ ਕਲੱਬ

ਪਾਸਪੋਰਟ ਵਾਸਤੇ ਅਣਛੋਹੀ ਫ਼ੋਟੋ ਮੰਗੀ ਜਾਂਦੀ ਹੈ, ਕਿਉਂਕਿ ਪਾਸਪੋਰਟ ਦੇ ਮੰਤਵ ਲਈ ਹੂ-ਬ-ਹੂ ਅਕਸ ਦੀ ਲੋੜ ਹੁੰਦੀ ਹੈ, ਬਨਾਵਟ, ਸਜਾਵਟ, ਭੁਲੇਖਿਆਂ ਦਾ ਕਾਰਨ ਬਣ ਸਕਦੇ ਹਨ। ਓਸੇ ਤਰ੍ਹਾਂ ਕੰਗਾਲ ਕਵੀ ਆਪਣੀ ਕਵਿਤਾ ਦੀ ਅਣਛੋਹੀ ਫ਼ੋਟੋ ਦਾ ਦ੍ਰਿਸ਼ ਹੁੰਦਾ ਹੈ। ਏਸ ਅਣਛੋਹੀ ਫ਼ੋਟੋ ਵਿਚ ਛੁਹ-ਬਣਾਈ ਫ਼ੋਟੋ ਵਰਗੀ ਨਾ ਸਫ਼ੈਦੀ ਹੁੰਦੀ ਹੈ, ਨਾ ਚਿਹਰੇ ਦੇ ਮਹੁਕੇ ਦਾਗ਼ ਹਟਾਏ ਹੁੰਦੇ ਹਨ, ਪਰ ਜਾਨ ਬਹੁਤੀ ਹੁੰਦੀ ਹੈ, ਭਾਵੇਂ ਇਹ ਕਿਤੇ ਖਰ੍ਹਵੀ ਤੇ ਕੁਰੱਖ਼ਤ ਜਾਪੇ, ਪਰ ਇਹਦਾ ਪ੍ਰਭਾਵ ਵਧੇਰੇ ਜੀਊਂਦਾ ਹੁੰਦਾ ਹੈ।

ਫ਼ਰਾਂਸ ਦੀ ਰਾਜਧਾਨੀ, ਪੈਰਿਸ ਵਿਚ ਇਕ ਵਾਰੀ ਮੈਨੂੰ ਨਿਰੋਲ ਕਵੀਆਂ ਦੀ ਮੁਲਾਕਾਤ ਹੋ ਗਈ। ਉਸ ਵੇਲੇ ਤਕ ਕਵੀ ਤੇ ਮੈਂ ਬਹੁਤ ਵੇਖੇ ਹੋਏ ਸਨ। ਪ੍ਰਸਿਧ ਤੇ ਸਫ਼ਲ ਕਵੀਆਂ ਦੇ ਪਤਲੇ ਆਕਾਸ਼ ਵਿਚ ਧੀਮਾ ਸਾਹ ਲੈ ਕੇ ਵੇਖਿਆ ਹੋਇਆ ਸੀ, ਪਰ ਨਿਰੋਲ ਕਵੀ, ਜਿਨ੍ਹਾਂ ਦੇ ਦੁਆਲੇ ਨਾ ਸਫਲਤਾ ਤੇ ਨਾ ਪ੍ਰਸਿੱਧੀ ਹੋਵੇ, ਮੈਂ ਪੈਰਿਸ ਵਿਚ ਹੀ ਵੇਖੇ। ਹੋਣਗੇ ਤੇ ਸਭਨੀ ਥਾਂਈਂ, ਪਰ ਮੈਨੂੰ ਮਿਲਣ ਦਾ ਅਵਸਰ ਓਥੇ ਹੀ ਹੋਇਆ। ਉਹਨਾਂ ਦੇ ਆਕਾਸ਼ ਵਿਚ ਹਿੱਕ ਭਰ ਕੇ ਸਾਹ ਲਿਆ ਜਾ ਸਕਦਾ ਸੀ।

ਪੈਰਿਸ ਦਾ ਇਕ ਨੌਜਵਾਨ ਮੇਰਾ ਮਿੱਤਰ ਹੋ ਗਿਆ। ਉਹ ਮੇਰੇ ਹੋਟਲ ਵਿਚ ਆ ਕੇ ਮੇਰੀ ਲੇਖਣੀ ਪੜ੍ਹਿਆ ਸੁਣਿਆ ਕਰਦਾ ਸੀ, ਉਹ ਆਪ ਕਵੀ ਤੇ ਨਹੀਂ ਸੀ, ਪਰ ਕਵਿਤਾ ਦਾ ਪਰਮ ਸਨੇਹੀ ਸੀ। ਉਸ ਮੈਨੂੰ ਦਸਿਆ ਕਿ ਉਥੇ ਇਕ ਕੰਗਾਲ ਕਵੀਆਂ ਦੀ ਕਲੱਬ ਹੈ, ਪਰ ਉਥੇ ਉੱਚ ਸ਼੍ਰੇਣੀ ਦੇ ਆਦਮੀ ਇਸਤ੍ਰੀਆਂ ਜਾਣੋਂ ਸੰਗਦੇ ਹਨ, ਕਿਉਂਕਿ ਇਕ ਤੇ ਉਹ ਕਲੱਬ ਬੜੇ ਨਾਮੁਰਾਦ ਜਿਹੇ ਪਾਸੇ ਹੈ, ਦੂਜੇ ਉਸ ਕਲੱਬ ਦੇ ਮੈਂਬਰ ਆਮ ਸਮਾਜਕ ਨਿਯਮਾਂ ਦੇ ਅਨੁਸਾਰੀ ਨਹੀਂ ਹੁੰਦੇ। ਇਹ ਸੁਣ ਜੀਕਰ ਕਿਸੇ ਦੁਰਾਡੇ ਮਨੁੱਖ-ਦੀਪ ਦਾ ਬੇ-ਤਾਰ ਸੁਨੇਹਾ ਮੇਰੇ ਹਿਰਦੇ ਵਿਚੋਂ ਟੁਣਕ ਲੰਘਿਆ। ਨਾਮੁਰਾਦ ਪਾਸੇ ਦੀ ਤੇ ਬੇ-ਨਿਯਮੀ ਦੀ ਉਹਨੂੰ ਕੀ ਰੋਕ ਹੋਣੀ ਸੀ, ਜਿਦ੍ਹੇ ਲਈ ਕੰਜਰਖ਼ਾਨਿਆਂ ਵਿਚ ਮਹਿਲਾਂ ਨਾਲੋਂ ਘਟ ਸਤਿਕਾਰ ਯੋਗ ਮਨੁੱਖ ਨਹੀਂ ਵਸਦੇ; ਜਿਸ ਦੇ ਬਹੁਤੇ ਸੱਜਣ ਤੇ ਸੱਜਣੀਆਂ ਉਸ ਤਬਕੇ ਵਿਚ ਰਹਿੰਦੇ ਹਨ, ਜਿਸ ਨੂੰ ਸਾਊ ਤਬਕਾ ਦੁਰਾਚਾਰੀ ਆਖਦਾ ਹੈ।

ਅਸੀਂ ਕਲੱਬ ਦੇ ਬੂਹੇ ਅਗੇ ਪਹੁੰਚੇ। ਇਕ ਕਈ ਛੱਤੇ ਮਕਾਨ ਦੇ ਤਹਿਖ਼ਾਨੇ ਵਿਚ ਬੂਹਾ ਖੁੱਲ੍ਹਦਾ ਸੀ। ਸ਼ਾਮ ਦਾ ਸਮਾਂ ਤੇ ਪਾਸਾ ਕੰਗਾਲਾਂ ਦਾ ਹੋਣ ਕਰ ਕੇ ਨਗਰ-ਕਮੇਟੀ ਵਲੋਂ ਵੀ ਰੌਸ਼ਨੀ ਓਨੀ ਨਹੀਂ ਸੀ, ਜਿੰਨੀ ਮੁਰਾਦਾਂ ਵਾਲਿਆਂ ਦੇ ਬਾਜ਼ਾਰਾਂ ਵਿਚ। ਜਿਸ ਪੈਰਿਸ ਵਿਚ ਮੈਂ ਏਨਾ ਚਿਰ ਅੱਜ ਤਕ ਰਿਹਾ ਸਾਂ, ਉਹਦੇ ਨਾਲੋਂ ਪੈਰਿਸ ਦਾ ਇਹ ਪਾਸਾ ਏਡਾ ਵਖਰਾ ਸੀ ਕਿ ਮੈਂ ਉਹਨੂੰ ਕੋਈ ਹੋਰ ਸ਼ਹਿਰ ਸਮਝਦਾ ਸਾਂ।

ਅਸੀਂ ਅੰਦਰ ਵੜੇ, ਅੰਦਰ ਬੜਾ ਨਿੱਘਾ ਸੀ। ਨਿੱਘ ਅੰਗੀਠੀ ਵਿਚ ਬਲਦੀਆਂ ਲੱਕੜਾਂ



ਦਾ ਨਹੀਂ, ਮਨੁੱਖਾਂ ਦੀ ਹੱਸਦੀ ਤੇ ਖਿੜਵੀਂ ਭੀੜ ਦਾ ਸੀ। ਅੰਗੀਠੀ ਠੰਢੀ ਠਾਰ ਪਈ ਸੀ। ਜਨਵਰੀ ਦਾ ਮਹੀਨਾ ਹੋਣ ਕਰ ਕੇ ਮੇਰਾ ਸਰੀਰ ਠੰਢਾ ਸੀ, ਤੇ ਪ੍ਰਦੇਸੀ ਹੋਣ ਕਰ ਕੇ ਮੇਰਾ ਦਿਲ ਵੀ ਕਿਸੇ ਸੰਗ ਨਾਲ ਯਖ਼ ਜਾਪਦਾ ਸੀ। ਪਰ ਜਿਉਂ ਹੀ ਮੈਂ ਅੰਦਰ ਵੜਿਆ, ਕਵੀ-ਲੋਚਕਾਂ ਦੀਆਂ ਨਿੱਘੀਆਂ ਨਜ਼ਰਾਂ ਨੇ ਮੇਰੇ ਤਨ ਮਨ ਦੋਵੇਂ ਗਰਮਾ ਦਿਤੇ। ਮੇਰੀ ਦਸਤਾਰ ਤੇ ਓਪਰੀ ਸੂਰਤ ਵੇਖ ਕੇ ਕਈਆਂ ਹੱਥਾਂ ਵਿਚ ਸ਼ਰਾਬ ਦੇ ਗਲਾਸ ਰੁਕ ਗਏ ਤੇ ਕਈਆਂ ਜੋੜਿਆਂ ਨੇ ਆਪਣੇ ਨਾਚ ਥੰਮ੍ਹ ਲਏ। ਬੜਾ ਚੌੜਾ ਤੇ ਲੰਮਾ ਕਮਰਾ ਸੀ। ਕੋਈ ਡੇਢ ਸੌ ਇਸਤ੍ਰੀਆਂ ਮਰਦ ਭਾਂਤ ਭਾਂਤ ਦੀ ਮਸਤੀ ਵਿਚ ਰੁੱਝੇ ਹੋਏ ਸਨ। ਇੱਕੜ ਦੁੱਕੜ ਜੋੜਾ ਕਿਸੇ ਨੁੱਕਰੇ ਬੈਠਾ ਗੱਲਾਂ ਵੀ ਕਰ ਰਿਹਾ ਸੀ। ਏਸ ਕਲੱਬ ਦੇ ਖਾਣ ਪੀਣ ਦਾ ਠੇਕਾ ਇਕ ਇਸਤ੍ਰੀ ਕੋਲ ਸੀ। ਉਹ ਛੇਤੀ ਨਾਲ ਸਾਡੇ ਕੋਲ ਆ ਗਈ। ਮੇਰੇ ਸਾਥੀ ਨੇ ਮੇਰੀ ਵਾਕਫ਼ੀਅਤ ਕਰਾਈ। ਉਹ ਸਾਨੂੰ ਅਗੇਰੇ ਇਕ ਮੇਜ਼ ਉਤੇ ਲੈ ਗਈ। ਉਥੇ ਬੈਠਣ ਦੀ ਢਿੱਲ ਸੀ ਕਿ ਵਾਰੋ-ਵਾਰੀ ਸਾਰੇ ਕਮਰੇ ਦੀ ਵਸੋਂ ਨੇ ਮੇਰੇ ਦੁਆਲੇ ਝੁਰਮਟ ਲਾ ਦਿਤਾ। ਕਿਸੇ ਆਪਣੀ ਜੂਠੀ ਸ਼ਰਾਬ ਪਿਆਰ ਨਾਲ ਅਗਾਂਹ ਕਰ ਦਿਤੀ, ਕਿਸੇ ਘੁੱਟ ਕੇ ਹੱਥ ਮਿਲਾਇਆ, ਕਿਸੇ ਨੇ ਇਕ ਤਾੜ ਮੁਸਕਰਾਂਦੀਆਂ ਅੱਖਾਂ ਵਿਚੋਂ ਮੇਰੇ ਵਲ ਤੱਕਿਆ।

ਹੋਰਨੀਂ ਥਾਈਂ ਵੀ ਮੇਰੀ ਅਨੋਖੀ ਸੂਰਤ ਨੇ ਅੱਖਾਂ ਦੇ ਝੁਰਮਟ ਇਕੱਠੇ ਕੀਤੇ ਸਨ, ਪਰ ਉਹ ਅੱਖਾਂ ਬਹੁਤੀਆਂ ਤਮਾਸ਼ਬੀਨ ਤੇ ਇਖ਼ਲਾਕ ਦੇ ਨਿਯਮਾਂ ਤੋਂ ਡਰ ਕੇ ਚੋਰੀ ਚੋਰੀ ਤੱਕਣ ਵਾਲੀਆਂ ਹੁੰਦੀਆਂ ਸਨ। ਉਹਨਾਂ ਵਿਚੋਂ ਬਹੁਤੀਆਂ ਸਿਰਫ਼ ਵੇਖਣ ਨਾਲ ਹੀ ਸੰਤੁਸ਼ਟ ਹੋ ਜਾਂਦੀਆਂ ਸਨ, ਪਰ ਇਹ ਅੱਖਾਂ ਸਨ ਕਿ ਢਿੱਡ ਵਿਚ ਪਾ ਲੈਣਾ ਚਾਹੁੰਦੀਆਂ ਸਨ। ਮੈਨੂੰ ਫ਼ਰਾਂਸੀਸੀ ਬੋਲੀ ਬਹੁਤੀ ਨਹੀਂ ਸੀ ਆਉਂਦੀ, ਉਹਨਾਂ ਵਿਚੋਂ ਅੰਗਰੇਜ਼ੀ ਬੋਲੀ ਕਿਸੇ ਨੂੰ ਬੋਲਣ ਜਿੰਨੀ ਨਹੀਂ ਸੀ ਆਉਂਦੀ, ਪਰ ਬਿਨ ਬੋਲਿਓਂ ਜਿੰਨੀਆਂ ਗੱਲਾਂ ਮੈਂ ਉਸ ਰਾਤ ਓਸੇ ਕਮਰੇ ਵਿਚ ਕੀਤੀਆਂ, ਓਨੀਆਂ ਮੈਂ ਆਪਣੇ ਦੇਸ ਵਿਚ ਸਾਲ ਭਰ ਵਿਚ ਨਹੀਂ ਸਾਂ ਕਰ ਸਕਦਾ। ਅਜਕਲ ਮੈਨੂੰ ਗੱਲਾਂ ਕਰਨ ਦੀ ਭੁੱਖ ਲਗੀ ਰਹਿੰਦੀ ਹੈ; ਮਹੀਨੇ ਬੀਤ ਜਾਂਦੇ ਹਨ ਜਦੋਂ ਨਾ ਕੋਈ ਗੱਲ ਸੁਣਨ ਵਾਲਾ ਤੇ ਨਾ ਸੁਣਾਨ ਵਾਲਾ ਮਿਲਦਾ ਹੈ। ਇਹਦਾ ਭਾਵ ਇਹ ਨ: ੀਂ ਸੀ ਕਿ ਮੈਂ ਕਿਸੇ ਹਿਮਾਲੀਆ ਦੀ ਗ਼ਾਰ ਵਿਚ ਵਸਦਾ ਹਾਂ। ਨਹੀਂ, ਜੀਭ ਤੇ ਮੇਰੀ ਹਿਲਦੀ ਹੀ ਰਹਿੰਦੀ ਹੈ, ਕੰਨਾਂ ਨੂੰ ਚੁੱਪ ਜਤਨ ਕੀਤਿਆਂ ਵੀ ਨਸੀਬ ਨਹੀਂ ਹੁੰਦੀ, ਪਰ ਉਸ ਦਿਲਾਂ ਦੇ ਰੇਡੀਓ-ਯੰਤਰ ਵਿਚੋਂ, ਉਸ ਕਵੀ-ਕਲੱਬ ਵਿਚੋਂ, ਜਿਹੜਾ ਜ਼ਿਮੀਂ ਆਸਮਾਨ ਦਾ ਰਾਗ ਸੁਣਿਆ ਸੀ, ਉਹ ਦਿਲ ਵਿਚ ਸਦਾ ਚੂੰਢੀਆਂ ਭਰਦਾ ਹੈ; ਜਿਹੜਾ ਤਰਾਨਾ ਉਸ ਰਾਗ ਦੇ ਪ੍ਰਭਾਵ ਹੇਠ ਮੇਰੇ ਅੰਦਰੋਂ ਨੱਚਿਆ ਸੀ, ਉਹ ਆਪ-ਮੁਹਾਰੇ ਮੈਨੂੰ ਪੈਰਸ ਦੀਆਂ ਕੰਗਾਲ ਕੋਠੜੀਆਂ ਵਿਚ ਨਚਾ ਖੜਦਾ ਹੈ।

ਮੇਰੇ ਵਿਚ ਤਰੁੱਟੀਆਂ ਬਹੁਤ ਸਨ, ਪਰ ਉਹਨਾਂ ਰੱਬ ਨਾਲ ਜੁੜਿਆਂ ਨੇ ਕਿਸੇ ਇਕ ਦੀ ਪਰਵਾਹ ਨਾ ਕੀਤੀ, ਮੈਨੂੰ ਇਕਦਮ ਆਪਣਾ ਬਣਾ ਲਿਆ। ਬੋਲੀ ਨਹੀਂ ਸੀ ਆਉਂਦੀ, ਸ਼ਰਾਬ ਪੀਣ ਦਾ ਹੀਆ ਨਹੀਂ ਸੀ, ਨੱਚਣ ਦੀ ਜਾਚ ਨਹੀਂ ਸੀ, ਮਾਸ ਖਾਣੋਂ ਸੰਕੋਚ ਸੀ, ਤੇ ਕਪੜਿਆਂ ਨੂੰ ਵੀ ਉਹਨਾਂ ਦਿਆਂ ਵਾਂਗ ਟਾਕੀਆਂ ਨਹੀਂ ਸਨ ਲਗੀਆਂ ਹੋਈਆਂ, ਗੰਢੇ ਤਰੁੱਪੇ ਕਪੜੇ ਓਸ ਕਲੱਬ ਦਾ ਮਾਨੋਂ ਬਿੱਲਾ ਸੀ। ਨਾ ਉਹਨਾਂ ਵਰਗੀ ਨਿਯਮਾਂ ਤੋਂ ਸੁਤੰਤਰਤਾ ਮੇਰੇ ਵਿਚ ਸੀ। ਏਨੀਆਂ ਤਰੁੱਟੀਆਂ ਦੀ ਹੋਂਦ ਵਿਚ ਮੇਰੀ ਪਦਵੀ ਉਥੇ ਇਕ ਅਛੂਤ ਦੀ ਹੋਣੀ

ਚਾਹੀਦੀ ਸੀ, ਪਰ ਇਕ ਗੱਲ ਵਿਚ ਰੱਤੀ ਮਾਸਾ ਕਮਾਲ ਮੈਨੂੰ ਵੀ ਹਾਸਲ ਸੀ — ਮੈਂ ਇਹੋ ਜਿਹੇ ਵੇਲੇ ਆਪਣਾ ਦਿਲ ਛਾਤੀ 'ਚੋਂ ਕੱਢ ਕੇ ਅੱਖਾਂ ਦੀਆਂ ਪੁਤਲੀਆਂ ਵਿਚ ਧਰ ਸਕਦਾ ਹਾਂ। ਮੇਰੀਆਂ ਬਾਹਾਂ ਵਿਚ ਭਾਵੇਂ ਗਲਵਕੜੀ ਦੀ ਦਲੇਰੀ ਘਟ ਹੈ, ਪਰ ਮੇਰੀਆਂ ਅੱਖਾਂ ਵਿਚ ਇਸ ਹੁਨਰ ਦੀ ਸਿਖਰ ਹੈ — ਇਹ ਪਾਰਲੇ ਮੇਜ਼ ਉਤੇ ਬੈਠੇ ਅੰਗਾਂ ਵਿਚ ਗਲ-ਲਗਣੀ ਦੀ ਕੰਬਣੀ ਛੇੜ ਸਕਦੀਆਂ ਹਨ।

ਅੱਧੀ ਰਾਤ ਲੰਘ ਗਈ। ਮੇਰੇ ਲਈ ਸੱਜਣਾਂ ਨੇ ਉਚੇਚੀਆਂ ਟਮਾਟਰਾਂ ਦੀਆਂ ਸੈਂਡਵਿਚਾਂ ਬਣਵਾਈਆਂ। ਹਰ ਇਕ ਨੇ ਆਪਣੀ ਬੋਲੀ ਵਿਚ ਇਕ ਇਕ ਫ਼ਿਕਰਾ ਆਪਣੇ ਮਨੋਂ ਮੈਨੂੰ ਆਖਿਆ, ਤੇ ਇਕ ਇਕ ਮੈਂ ਪੰਜਾਬੀ ਵਿਚ ਆਖਿਆ। ਮੰਤਵ ਇਹ ਨਹੀਂ ਸੀ ਕਿ ਅਸੀਂ ਇਕ ਦੂਜੇ ਦੇ ਸ਼ਬਦ ਸਮਝ ਸਕੀਏ — ਸਿਰਫ਼ ਦਿਲ ਦੀ ਗੱਲ ਆਖਣ ਦਾ ਸੀ, ਭਾਵ ਆਪੇ ਦਿਲ ਪਏ ਸਮਝਣ। ਹਰ ਇਕ ਨੇ ਆਪਣੀ ਆਪਣੀ ਕਵਿਤਾ ਸੁਣਾਈ, ਮੈਂ ਵੀ ਪੰਜਾਬੀ ਵਿਚ ਕੁਝ ਸੁਣਾਇਆ। ਉਸ ਕਮਰੇ ਵਿਚ ਮੈਂ ਲਗਭਗ ਸਾਰਾ ਸਮਾਂ ਪੰਜਾਬੀ ਹੀ ਬੋਲੀ, ਕਿਉਂਕਿ ਉਥੇ ਅਸੀਂ ਸ਼ਬਦਾਂ ਵਿਚ ਗੱਲਾਂ ਨਹੀਂ ਸਾਂ ਕਰਦੇ, ਚਿੰਨ੍ਹਾਂ ਵਿਚ ਕਰਦੇ ਸਾਂ, ਇਸ ਲਈ ਆਪਣੀ ਬੋਲੀ ਮੈਨੂੰ ਪਰਾਈ ਨਾਲੋਂ ਵਧੇਰੇ ਅਸਰ-ਭਰਪੂਰ ਚਿੰਨ੍ਹ ਭਾਸਦਾ ਸੀ। ਕਈਆਂ ਕੁੜੀਆਂ ਨੇ ਮੇਰੀ ਦਾੜ੍ਹੀ ਵਿਚ ਪਤਲੀਆਂ ਪਤਲੀਆਂ ਉਂਗਲਾਂ ਫੇਰੀਆਂ, ਗਲ ਵਿਚ ਬਾਹਾਂ ਪਾਈਆਂ, ਅੱਖਾਂ ਦੇ ਨੇੜੇ ਮੂੰਹ ਕਰ ਕੇ ਆਪਣੀ ਕਵਿਤਾ ਪੜ੍ਹੀ। ਕਪੜੇ ਵਖ ਵਖ ਸਨ, ਪਰ ਉਥੇ ਇਸਤਰੀ ਮਰਦ ਦੀ ਪਛਾਣ ਨਹੀਂ ਸੀ ਪੈਂਦੀ। ਸਾਰੇ ਕਵਿਤਾ ਦੀ ਇਕੋ-ਲਿੰਗੀ ਆਤਮਾ ਮਾਲੂਮ ਹੁੰਦੇ ਸਨ।

ਇਹ ਉਹ ਰੰਗੀਨ ਕਵੀ ਸਨ, ਜਿਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਨਹੀਂ, ਕੋਈ ਉਹਨਾਂ ਨੂੰ ਪੜ੍ਹਦਾ ਨਹੀਂ, ਕਿਸੇ ਦੀ ਸਲਾਹੁਤਾ ਦਾ ਸੁਆਦ ਉਹਨਾਂ ਦਾ ਭਾਗ ਨਹੀਂ ਹੁੰਦਾ। ਇਹ ਉਹ ਕਵੀ ਹਨ, ਜਿਹੜੇ ਬਾਰਾਂ ਬਾਰਾਂ ਘੰਟੇ ਨਿਰਾਸੀਆਂ ਥਾਵਾਂ ਵਿਚ ਕੰਮ ਕਰਦੇ ਹਨ, ਤੇ ਜਿਨ੍ਹਾਂ ਦੀ ਕਵਿਤਾ ਗੰਦੀਆਂ ਪਲੇਟਾਂ ਸਾਫ਼ ਕਰਦਿਆਂ, ਗੰਦੇ ਕਪੜੇ ਧੋਂਦਿਆਂ, ਮੈਲੀਆਂ ਗਲੀਆਂ ਹੂੰਝਦਿਆਂ ਜਿਲਦਾਂ ਬੰਨ੍ਹਦਿਆਂ, ਹੋਟਲਾਂ ਵਿਚ ਆਕੜੀਆਂ ਧੌਣਾਂ ਵਾਲੇ ਮਹਿਮਾਨਾਂ ਨੂੰ ਰੋਟੀਆਂ ਖੁਆਂਦਿਆਂ, ਲੋਕਾਂ ਦੇ ਬੱਚੇ ਖਿਡਾਂਦਿਆਂ ਤੇ ਮਾਣ-ਮੱਤੀਆਂ ਸੁਆਣੀਆਂ ਦੀਆਂ ਝਿੜਕਾਂ ਖਾਂਦਿਆਂ, ਅਪੁੱਛਤਾ ਦੇ ਪਾਲੇ ਨਾਲ ਸੁੰਗੜਦੀਆਂ ਹਿੱਕਾਂ ਵਿਚੋਂ ਉਠਦੀ ਹੈ, ਤੇ ਆਏ ਖ਼ਤਾਂ ਦੇ ਲਿਫ਼ਾਫ਼ਿਆਂ ਜਾਂ ਖ਼ਤਾਂ ਦੀਆਂ ਕੋਰੀਆਂ ਥਾਵਾਂ ਉਤੇ ਲਿਖੀ ਹੁੰਦੀ ਹੈ। ਇਹ ਕਵੀ ਰਾਤ ਨੂੰ ਇਸ ਠੰਢੀ ਅੰਗੀਠੀ ਸਾਹਮਣੇ ਇਕ ਦੂਜੇ ਉਤੇ ਆਪਣੇ ਗਰਮ ਦਿਲ ਡੋਲ੍ਹ ਕੇ ਨਿਘੇ ਹੋ ਲੈਂਦੇ ਹਨ। ਹਰ ਇਕ ਆਪਣੀ ਕਵਿਤਾ ਪੜ੍ਹਦਾ ਹੈ, ਸਾਰੇ ਸੁਣਦੇ ਤੇ ਸਲਾਹੁੰਦੇ ਜਾਂ ਪੜਚੋਲ ਕਰਦੇ ਹਨ। ਜਿਹੜੇ ਚਾਰ ਪੈਸੇ ਇਹ ਮਜ਼ਦੂਰੀ ਵਿਚੋਂ ਬਚਾਉਂਦੇ ਹਨ, ਉਹ ਇਹ ਇਸ ਕਲੱਬ ਵਿਚ ਪਾਂਦੇ ਹਨ। ਤਦੇ ਇਹਨਾਂ ਦੇ ਬੂਟ ਟੁੱਟੇ ਹੋਏ ਤੇ ਕਪੜੇ ਟਾਕੀਆਂ ਵਾਲੇ ਹੁੰਦੇ ਹਨ। ਪਰ ਉਸ ਕਵੀ-ਕਮਰੇ ਵਿਚ ਹਰ ਇਕ ਮਹਾਨ ਕਵੀ ਜਾਪਦਾ ਸੀ। ਮੂੰਹ ਪ੍ਰਸੰਨ ਤੇ ਅੱਖਾਂ ਲਿਸ਼ਕਦੀਆਂ, ਬਾਹਾਂ ਖੱਲ੍ਹੀਆਂ ਤੇ ਦਿਲ ਨੱਚਦੇ। ਬਾਰ੍ਹਾਂ ਬਾਰ੍ਹਾਂ ਘੰਟੇ ਕੰਮ ਕਰ ਕੇ ਚਾਰ ਚਾਰ ਘੰਟੇ ਸੌਂ ਕੇ, ਇਹ ਸੁਹਣੇ ਹਿਰਦੇ ਇਹਨਾਂ ਚਹੁੰਆਂ ਪਲਾਂ ਦੇ ਖੇੜੇ ਦੇ ਆਸਰੇ ਜੀਵਨ ਦੀ ਮੋਮਬੱਤੀ ਦੋਹੀਂ ਸਿਰੀਂ ਬਾਲਦੇ ਹਨ। ਉਹ ਭਾਵੇਂ ਬੁਝ ਛੇਤੀ ਜਾਂਦੇ ਹਨ, ਪਰ ਉਸ ਕਵੀ-ਕਮਰੇ ਵਿਚ ਕੁਝ ਚਿਰ ਲਈ ਲਟ ਲਟ ਤਾਂ ਕਰ ਜਾਂਦੇ ਹਨ।



## ਸੁਹਣਾ ਵਤਨ

ਕਈ ਵਾਰੀ ਇਹ ਸਵਾਲ ਕਈਆਂ ਦੇ ਦਿਲੋਂ ਉਠਿਆ ਹੋਵੇਗਾ, ਕਿਹੜੀ ਤਕਦੀਰ ਨੂੰ ਉਹ ਆਪਣੀਆਂ ਖ਼ਾਹਿਸ਼ਾਂ ਦੀ ਸਿਖਰ ਸਮਝਦੇ ਹਨ।

ਉਮਰ ਦਾ ਚੋਖਾ ਹਿੱਸਾ ਇਸ ਬਾਰੇ ਮੇਰਾ ਯਕੀਨ ਇਹ ਰਿਹਾ ਹੈ ਕਿ ਜੇ ਕਿਸੇ ਚੰਗੇ ਕਾਰਵਿਹਾਰ ਰਾਹੀਂ ਮੇਰੀ ਦਿਆਨਤਦਾਰ ਆਮਦਨ ਏਨੀ ਵਧ ਜਾਵੇ ਕਿ ਮੈਂ ਕਿਸੇ ਵੇਲੇ ਸੰਕੋਚ ਲਈ ਮਜਬੂਰ ਨਾ ਹੋਵਾਂ, ਤੇ ਇਕ ਸੁਹਣੇ ਘਰ ਵਿਚ ਰਹਿ ਸਕਾਂ ਤੇ ਬੜੇ ਹੋਣਹਾਰ ਬੱਚਿਆਂ ਦਾ ਪਿਆਰਾ ਪਿਤਾ ਹੋਵਾਂ, ਤਾਂ ਮੈਂ ਆਪਣੀ ਜ਼ਿੰਦਗੀ ਸੰਪੂਰਨ ਹੁੰਦੀ ਸਮਝਾਂਗਾ। ਅੱਜ ਹੋਣੀਆਂ ਹ ਦਸਿਆਂ ਭਰੀ ਅੱਧੀ ਸਦੀ ਪਾਰ ਕਰ ਕੇ ਜਦੋਂ ਮੈਂ ਇਕਵੰਜਵੇ ਵਰ੍ਹੇ ਵਿਚ ਪੈਰ ਧਰਨ ਲਗਾ ਹਾਂ ਤਾਂ ਪਹਿਲਾ ਸਵਾਲ ਮੇਰੇ ਅੰਦਰੋਂ ਇਹ ਉਠਿਆ ਹੈ ਕਿ ਹੁਣ ਜੇ ਮੇਰੀ ਉਪਰਲੀ ਖ਼ਾਹਿਸ਼ ਦੇ ਤਿੰਨੇ ਹਿੱਸੇ ਪੂਰੇ ਹੋ ਗਏ ਹਨ, ਇਹਨਾਂ ਬਾਰੇ ਕਿਸੇ ਘਾਟ ਦੀ ਖੋਹ ਨਹੀਂ, ਫੇਰ ਕਿਉਂ ਮੇਰੀਆਂ ਖ਼ਾਹਿਸ਼ਾਂ ਦੀ ਸਿਖਰ ਅਗੇ ਨਾਲੋਂ ਵੀ ਦੁਰਾਡੀ ਜਾਪ ਰਹੀ ਹੈ, ਤੇ ਕਿਉਂ ਮੇਰੀ ਜ਼ਿੰਦਗੀ ਪਹਿਲਾਂ ਨਾਲੋਂ ਵੀ ਕਿਸੇ ਡੂੰਘੇਰੇ ਅਧੂਰੇਪਨ ਦੀ ਬੇ-ਆਰਾਮੀ ਵਿਚ ਹੈ ?

ਇਹਦਾ ਜਵਾਬ ਵੀ ਸਾਫ਼ ਸਾਹਮਣੇ ਆ ਗਿਆ ਹੈ, ਕਿ ਵਧਦੀ ਉਮਰ ਨੇ ਜਿਥੇ ਖ਼ੁਸ਼ੀ ਦੀ ਖ਼ਾਹਿਸ਼ ਹੋਰ ਵਧੇਰੇ ਨਿਖਾਰ ਦਿਤੀ ਹੈ, ਉਥੇ ਦੁਨੀਆਂ ਨਾਲ ਮੇਰਾ ਵਾਹ ਵੀ ਬੜਾ ਚੋੜਾ ਕਰ ਦਿਤਾ ਹੈ, ਜਿਸ ਕਰ ਕੇ ਦੁਨੀਆਂ ਦੀ ਚੰਗੀ ਮੰਦੀ ਰੰਗਤ ਤੋਂ ਬੇ-ਅਸਰ ਰਹਿਣਾ ਨਾ-ਮੁਮਕਿਨ ਹੋ ਗਿਆ ਹੈ। ਇਕ ਤਾਂ ਮੈਂ ਸਦਾ ਆਪਣੇ ਘਰ ਵਿਚ ਨਹੀਂ ਰਹਿ ਸਕਦਾ, ਦੂਜਾ ਮੇਰੇ ਘਰ ਵਿਚ ਬਹੁਤੇਰੀ ਦੁਨੀਆਂ ਇਹੋ ਜਿਹੀ ਆ ਜਾਂਦੀ ਹੈ, ਜਿਹੜੀ ਮੇਰੀ ਦੁਨੀਆਂ ਦਾ ਰੰਗ ਵਟਾ ਦੇਂਦੀ ਹੈ, ਜਿਸ ਦੇ ਰੂ-ਬ-ਰੂ ਮੇਰੇ ਫੁੱਲਦਾਨਾਂ ਦੇ ਹੱਸਦੇ ਫੁੱਲ ਉਦਾਸ ਤੇ ਮੇਰੇ ਬੱਚਿਆਂ ਦੇ ਖ਼ੁਸ਼ ਮੂੰਹ ਸੋਗੀ ਲੱਭਦੇ ਹਨ। ਹਰ ਰੋਜ਼ ਡਾਕੀਆ ਅਨੇਕਾਂ ਲਫ਼ਾਫ਼ੇ ਇਹੋ ਜਿਹੇ ਵੀ ਦੇ ਜਾਂਦਾ ਹੈ, ਜਿਨ੍ਹਾਂ ਵਿਚ, ਪੰਡੋਰਾਂ ਦੇ ਸੰਦੂਕ ਵਾਂਗ, ਭੁੱਖੇ ਢਿੱਡ, ਟੁੱਟੇ ਦਿਲ, ਭਰੀਆਂ ਅੱਖਾਂ, ਆਫ਼ਰੀਆਂ ਹਿੱਕਾਂ ਮੇਰੇ ਸਾਰੇ ਮੇਜ਼ ਉਤੇ ਖਿਲਰ ਜਾਂਦੇ ਹਨ। ਜਿਸ ਮੇਜ਼ ਨੂੰ ਸਵੇਰੇ ਮੈਂ ਰੀਝਾਂ ਨਾਲ ਸਜਾਇਆ ਸੀ, ਜਿਸ ਉਤੇ ਸੁਆਦ ਨਾਲ ਫੁੱਲ ਚੁਣੇ ਤੇ ਧੂਫ ਧੁਖਾਇਆਂ ਸੀ, ਉਹਦੀ ਹਰ ਚੀਜ਼ ਸ਼ਾਮ ਨੂੰ ਉਠਣ ਲਗਿਆਂ, ਹਉਕਿਆਂ ਆਹਾਂ ਹੇਠਾਂ ਲੁਕ ਜਾਂਦੀ ਹੈ। ਕਿੰਨਾ ਚਿਰ ਦੋਹਾਂ ਤਲੀਆਂ ਨਾਲ ਅੱਖਾਂ ਮੀਟ ਕੇ ਮੈਂ ਸੋਚਿਆ ਹੈ, ਤੇ ਸ਼ੁਦਾਈਆਂ ਵਾਂਗ ਮੇਜ਼ ਉਤੇ ਪਈਆਂ ਚੀਜ਼ਾਂ ਨੂੰ ਚੁੱਕ ਚੁੱਕ, ਝਾੜ ਝਾੜ, ਪੁੱਛਿਆ ਹੈ :

ਇਹ ਕਿਉਂ ?......ਮੈਂ ਕਈ ਕਿਸਮਾਂ ਦੇ ਫੁੱਲ ਉਗਾਂਦਾ ਹਾਂ, ਉਹ ਆਲੇ-ਦੁਆਲੇ ਦੇ ਹਉਕਿਆਂ ਨਾਲ ਝੁਲਸੇ ਦਿੱਸਦੇ ਹਨ। ਮੈਂ ਹਜ਼ਾਰਾਂ ਰੁਪਈਆਂ ਦੀ ਆਮਦਨ ਬਣਾਈ ਹੈ, ਪਰ ਮੇਰੇ ਲੋੜਵੰਦ ਸਾਥੀ ਰੋਜ਼ਾਨਾ ਮੈਨੂੰ ਇਹ ਯਕੀਨ ਕਰਾਂ ਜਾਂਦੇ ਹਨ ਕਿ ਮੇਰੇ ਕੋਲ ਕੁਝ ਵੀ ਨਹੀਂ — ਮੈਂ ਏਨਾ ਦੇ ਨਹੀਂ ਸਕਦਾ ਜਿੰਨਾ ਦੇਣੋਂ ਇਨਕਾਰ ਕਰਦਾ ਹਾਂ। ਮੈਂ ਬੜੇ ਪਿਆਰ

ਤੇ ਬੜੀ ਮਿਹਨਤ ਨਾਲ ਛੇ ਬੱਚੇ ਬਣਾਏ ਹਨ, ਪਰ ਕਿੰਨੇ ਹੀ ਹੋਰ ਬੱਚੇ ਮੇਰੀ ਜ਼ਿੰਦਗੀ ਵਿਚ ਆ ਗਏ ਹਨ, ਜਿਨ੍ਹਾਂ ਨਾਲ ਮੇਰੀ ਜ਼ਿੰਮੇਵਾਰੀ ਉਪਰਲੇ ਛੇਆਂ ਨਾਲੋਂ ਵੀ ਬਹੁਤੀ ਹੈ, ਤੇ ਇਹ ਸਾਰੇ ਹੋਣਹਾਰ ਨਹੀਂ। ਇਹਨਾਂ 'ਚੋਂ ਕਈਆਂ ਦੀ ਆਸ-ਜੋਤ ਹੀ ਬੁਝਾ ਦਿਤੀ ਗਈ ਹੈ। ਬੁੱਝੀਆਂ ਹੋਈਆਂ ਮਨੁੱਖੀ ਜਿੰਦਾਂ ਨੂੰ ਮੈਂ ਗਲ ਨਾਲ ਲਾ ਕੇ ਆਪਣੀ ਤੇ ਉਹਨਾਂ ਦੀ ਬੇ-ਬਸੀ ਉਤੇ ਅਣਵਗੇ ਅੱਥਰੂ ਭਰਦਾ ਤੇ ਪੀਂਦਾ ਰਹਿੰਦਾ ਹਾਂ, ਇਹ ਕਿਉਂ ?......... ਮੈਂ ਆਪਣੇ ਘਰ ਦੀ ਇਕ ਇਕ ਚੀਜ਼ ਨੂੰ ਰੋਜ਼ ਜੀਉਂਦੇ ਸਾਥੀਆਂ ਵਾਂਗ ਸਾਫ਼ ਕਰਵਾਂਦਾ ਤੇ ਪਿਆਰਦਾ ਹਾਂ। ਮੇਰਾ ਘਰ ਭਾਵੇਂ ਨਿਰਮਾਣ ਜਿਹਾ ਹੈ, ਪਰ ਕਦੇ ਕਦੇ ਮੈਨੂੰ ਪੰਘੂੜਾ ਜਿਹਾ ਭਾਸਦਾ ਹੈ, ਜਿਦ੍ਹੇ ਹਰ ਹੁਲਾਰੇ ਵਿਚ ਮੈਨੂੰ ਸਮਾਧੀ ਦਾ ਅਮਨ ਲੱਭਦਾ ਹੈ।......ਪਰ ਮੈਨੂੰ ਬੜੀ ਵਾਰੀ ਘਰੋਂ ਬਾਹਰ ਜਾਣਾ ਪੈਂਦਾ ਹੈ। ਕਲ੍ਹ ਦੀ ਗੱਲ ਹੈ ਇਕ ਬੜੇ ਮੈਲੇ ਪਿੰਡ ਦੇ ਗੋਡੇ ਗੋਡੇ ਗੰਦ ਵਿਚ ਸਾਡੀ ਲਾਰੀ ਫਸ ਗਈ। ਕੁਝ ਚਿਰ ਨੱਕ ਅਗੇ ਰੁਮਾਲ ਦੇਈ ਮੈਂ ਸੀਟ ਉਤੇ ਬੈਠਾ ਰਿਹਾ, ਪਰ ਜਦੋਂ ਡਰਾਈਵਰ ਨੇ ਰਾਹੀਆਂ ਨੂੰ ਵਾਜ ਮਾਰ ਕੇ ਧੱਕਾ ਲੁਆਇਆ, ਤਾਂ ਮੈਂ ਵੀ ਸ਼ਰਮਾ ਕੇ ਹੇਠਾਂ ਉਤਰਿਆ ਤੇ ਗੰਦੀਆਂ ਛਿੱਟਾਂ ਚਿੱਟੇ ਕਪੜਿਆਂ ਉਤੇ ਪੁਆ ਲਈਆਂ। ਅਗੇ ਚਲ ਕੇ ਇਹੋ ਜਿਹੇ ਥਾਂ ਰੋਟੀ ਖਾਣੀ ਪਈ, ਕਿ ਨਾ ਸੱਜੇ ਤੱਕ ਸਕਦਾ ਸਾਂ, ਨਾ ਖੱਬੇ, ਸਾਹਮਣੇ ਪਈ ਰੋਟੀ ਉਤੇ ਸਾਹ ਘੁੱਟ ਕੇ ਅੱਖਾਂ ਜੋੜੀ ਰਖੀਆਂ। ਜਿਸ ਪਿੰਡ ਪਹੁੰਚਣਾ ਸੀ ਉਹਦੇ ਤੰਗ ਬਾਜ਼ਾਰ 'ਚੋਂ ਜਿਉਂ ਜਿਉਂ ਕਦਮ ਪੁੱਟਦਾ ਸਾਂ, ਮੱਖੀਆਂ ਦੇ ਬੱਦਲ ਏਉਂ ਭਿਣ-ਭਿਣਾ ਕੇ ਉਡਦੇ ਜਾ ਰਹੇ ਸਨ, ਜੀਕਰ ਕੱਚੀ ਸੜਕ ਉਤੇ ਤਰੌਂਕਾ ਦੇਣ ਵਾਲੇ ਦੇ ਅਗੇ ਅਗੇ ਧੂੜ।

ਗੰਦੀਆਂ ਗਲੀਆਂ ਵਿਚੋਂ ਲੰਘ ਕੇ ਆਪਣੀ ਮੰਜ਼ਲ ਉਤੇ ਪਹੁੰਚਾ ਹਾਂ; ਅੱਜ ਤੀਜਾ ਦਿਨ ਹੈ, ਮੈਂ ਗਲੀ ਵਿਚ ਪੈਰ ਨਹੀਂ ਪਾਇਆ — ਨਾਲੀਆਂ ਵੇਖੀਆਂ ਨਹੀਂ ਜਾਂਦੀਆਂ, ਨਾ ਗਲੀ ਵਾਲੀ ਬਾਰੀ ਖੋਲ੍ਹੀ ਜਾ ਸਕਦੀ ਹੈ। ਜਿਸ ਕੋਠੜੀ ਵਿਚ ਬੈਠਾ ਹਾਂ, ਉਸ ਵਿਚ ਹਰ ਕਿਸਮ ਦੀਆਂ ਟੁੱਟੀਆਂ ਭੱਜੀਆਂ ਚੀਜ਼ਾਂ ਹਨ : — ਮੰਜੀਆਂ, ਚੰਗੇਰਾਂ, ਪੀਪੇ, ਲੱਕੜੀ ਦੇ ਫੱਟੇ, ਚੋਰ-ਚੁੱਲ੍ਹੇ, ਬੋਰੀਆਂ ਦੀਆਂ ਗੰਢਾਂ, ਪੁਰਾਣੀਆਂ ਲੀਰਾਂ ਦੀਆਂ ਗੰਢਾਂ, ਕਣਕ ਦੇ ਤੋੜੇ, ਵੰਝ, ਟੰਗਣ ਤੇ ਕਿੰਨਾ ਕੁਝ ਹੋਰ। ਦਸ ਬਾਰਾਂ ਫੁਟ ਦੀ ਕੋਠੜੀ ਵਿਚ ਸਾਰਾ ਸਾਮਾਨ ਇਕ ਪਾਸੇ ਕਰ ਕੇ, ਸਾਹਮਣੇ ਦੋ ਮੰਜੀਆਂ ਖੜੀਆਂ ਕਰ ਕੇ, ਉਹਨਾਂ ਉਤੇ ਮੈਂ ਚਿੱਟੇ ਖੇਸ ਲਟਕਾ ਦਿਤੇ ਹਨ। ਟੁੱਟਾ ਭੱਜਾ ਨਿੱਕ-ਸੁੱਕ ਹੁਣ ਮੈਨੂੰ ਦਿਸਦਾ ਨਹੀਂ ਤੇ ਛੇ ਸਤ ਫੁਟ ਥਾਂ ਆਪਣੇ ਲਈ ਕੱਢ ਕੇ ਇਹ ਸਤਰਾਂ ਮੈਂ ਅਨੋਖੇ ਹੀ ਉਤਸ਼ਾਹ ਨਾਲ ਲਿਖ ਰਿਹਾ ਹਾਂ !

ਤੇ ਹੈਰਾਨੀ ਦੀ ਗੱਲ ਹੈ, ਕਿ ਏਥੇ ਮੈਂ ਸਿਰਫ਼ ਇਕ ਰਾਤ ਰਹਿਣਾ ਸੀ, ਕਲ੍ਹ ਮੈਂ ਜਾ ਸਕਦਾ ਸਾਂ, ਸਵਾਰੀ ਲਈ ਆਖਿਆ ਹੋਇਆ ਸੀ, ਪਰ ਕਲ੍ਹ ਕੀ, ਮੈਂ ਅਜ ਵੀ ਜਾਣਾ ਨਹੀਂ ਚਾਹਿਆ। ਜੇ ਆਦਮੀਆਂ ਨੂੰ ਵੀ ਇਲਹਾਮ ਕਦੇ ਹੋ ਸਕਦਾ ਹੁੰਦਾ ਤਾਂ ਅੱਜ ਆਪਣੀ ਅਵਸਥਾ ਤੋਂ ਮੈਨੂੰ ਭੁਲੇਖਾ ਪੈ ਜਾਣਾ ਸੀ। ਪਰ ਇਲਹਾਮ ਪੈਗ਼ੰਬਰਾਂ ਦੀ ਦੁਨੀਆਂ ਦਾ ਕਰਿਸ਼ਮਾ ਹੈ, ਤੇ ਮੈਂ ਬਹੁਤਿਆਂ ਨਾਲੋਂ ਵੀ ਸਾਧਾਰਨ ਇਨਸਾਨ ਹਾਂ। ਤਾਂ ਵੀ ਮੇਰੀ ਅੱਜ ਦੀ ਅਵਸਥਾ ਬੜੀ ਨਿਰੋਲ ਤੇ ਅਡੋਲ ਜਿਹੀ ਹੈ। ਜੋ ਕੁਝ ਮੈਂ ਦਿਮਾਗ਼ੀ ਤੌਰ ਉਤੇ ਜਾਣਿਆ ਹੋਇਆ ਸੀ, ਉਹ ਇਸ ਵੇਲੇ ਜਜ਼ਬਾਤੀ ਤੌਰ ਉਤੇ ਪ੍ਰਤੱਖ ਹੋਇਆ ਜਾਪ ਰਿਹਾ : — ਕਿ ਜਦ ਤੱਕ ਮੇਰਾ ਸਾਰਾ ਵਤਨ ਸੁਹਣਾ ਨਹੀਂ, ਜਦ ਤੱਕ ਏਸ ਵਤਨ ਦੇ ਸਾਰੇ ਬੱਚੇ ਹੋਣਹਾਰ ਨਹੀਂ, ਜਦ ਤੱਕ



ਸਾਰੇ ਹਮ-ਵਤਨਾਂ ਦੀ ਆਮਦਨ ਗੁਜ਼ਾਰੇ ਨਾਲੋਂ ਬਹੁਤੀ ਨਹੀਂ, ਤਦ ਤਕ ਕੋਈ ਲਾਇਕ ਤੋਂ ਲਾਇਕ, ਸੁਚੱਜੇ ਤੋਂ ਸੁਚੱਜਾ ਮਨੁੱਖ ਵੀ ਖ਼ਾਹਿਸ਼ਾਂ ਦੀ ਸਿਖਰ ਨੂੰ ਛੁਹ ਨਹੀਂ ਸਕਦਾ।

ਇਹ ਸੁਨੇਹਾ, — ਸੁਹਣੇ ਵਤਨ ਤੇ ਖ਼ੁਸ਼ਹਾਲ ਸਾਥੀਆਂ ਦਾ — ਅੱਜ ਆਪਣੇ ਪੰਜਾਹਵੇਂ ਜਨਮ-ਦਿਨ ਉਤੇ, ਆਪਣੇ ਹਮ-ਵਤਨਾਂ ਨੂੰ ਦੇਣ ਲਈ, ਉੱਛਲ ਉੱਛਲ, ਮੇਰਾ ਦਿਲ ਬਾਹਰ ਆ ਰਿਹਾ ਹੈ। ਪਹਿਲੋਂ ਮੈਂ ਇਸ ਨਿੱਕ-ਸੁੱਕ ਨਾਲ ਭਰੀ ਥਾਂ ਨੂੰ ਜਨਮ-ਦਿਨ ਮਨਾਣ ਲਈ ਬੜੀ ਅਨੋਖੀ ਸਮਝਿਆ ਸੀ, ਜਿਥੇ ਮੇਰੇ ਨੇੜੇ ਤੇੜੇ ਵੀ ਕੋਈ ਫੁੱਲ ਨਹੀਂ — ਪਰ ਮੈਂ ਏਸ ਥਾਂ ਦਾ ਬੜਾ ਦੇਣਦਾਰ ਰਹਾਂਗਾ, ਕਿਉਂਕਿ ਏਥੇ ਇਸ ਵੇਲੇ ਮੇਰੀਆਂ ਅੱਖਾਂ ਵਿਚ ਮੇਰਾ ਸੁਹਣਾ ਵਤਨ ਉਹਨਾਂ ਸਾਰੇ ਫੁੱਲਾਂ ਨਾਲ ਲਿਸ਼-ਲਿਸ਼ ਕਰ ਰਿਹਾ ਹੈ, ਜਿਨ੍ਹਾਂ ਦੀ ਸੋਭਾ ਮੈਂ ਦੇਸਾਂ-ਦੇਸਾਂਤਰਾਂ ਵਿਚ ਕਦੇ ਕੀਤੀ ਹੈ।

ਸੁਹਣਾ ਵਤਨ ਕਿਹੋ ਜਿਹਾ ਹੁੰਦਾ ਹੈ ? ਜਿਥੇ ਜ਼ਿੰਦਗੀ ਦੀ ਜ਼ਰੂਰੀ ਗੰਦਗੀ ਨੂੰ ਅੱਖਾਂ ਤੋਂ ਓਹਲੇ ਰਖਿਆ ਹੋਵੇ; ਟੱਟੀਆਂ ਨਾਲੀਆਂ, ਦ੍ਰਿਸ਼ ਖ਼ਰਾਬ ਕਰਨ ਦੀ ਥਾਂ, ਸਫ਼ਾਈ ਦੀ ਸੂਚਨਾ ਦੇਂਦੀਆਂ ਹੋਣ; ਜਿਥੇ ਹਰ ਕਿਸੇ ਕੋਲ ਨਹਾਨ, ਪਕਾਣ, ਸੌਂਣ ਤੇ ਬਹਿਣ ਲਈ ਵਖਰੀਆਂ ਥਾਵਾਂ ਹੋਣ; ਜਿਥੇ ਗਲੀਆਂ, ਬਾਜ਼ਾਰਾਂ, ਸੜਕਾਂ ਉਤੇ ਸੁਹੱਪਣ ਹੋਵੇ, ਦੁਕਾਨਾਂ ਭਰੀਆਂ ਤੇ ਸੱਜੀਆਂ ਹੋਣ, ਸਭ ਦੇ ਕਪੜੇ ਸਾਫ਼ ਹੋਣ, ਕੋਈ ਮੰਗਦਾ ਨਾ ਹੋਵੇ, ਕੋਈ ਲੜਦਾ ਨਾ ਹੋਵੇ, ਕਈ ਸ਼ੋਰ ਪਾਂਦਾ ਨਾ ਹੋਵੇ। ਜਿਥੇ ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਬਾਗ਼ ਬਗੀਚੇ, ਪਾਰਕਾਂ ਹੋਣ, ਹਰ ਘਰ ਵਿਚ ਫੁੱਲ ਹੋਣ, ਹਰ ਇਸਤ੍ਰੀ ਮਰਦ ਕੋਲ ਕੰਮ ਵੀ ਹੋਵੇ ਤੇ ਵਿਹਲ ਵੀ ਤੇ ਕੰਮਾਂ ਨੂੰ ਭੁਗਤਾਣ ਲਈ ਸੁਹਣੀ ਤਿੱਖੀ ਸਵਾਰੀ, ਰੇਲਾਂ, ਮੋਟਰਾਂ, ਟਰਾਮਾਂ, ਜਹਾਜ਼ ਹੋਣ। ਜਿਥੇ ਕਿਸੇ ਬੀਮਾਰ ਨੂੰ ਬੇ-ਲੋੜੀ ਪੀੜ ਨਾ ਹੋਣ ਦਿਤੀ ਜਾਏ, ਚੰਗੀ ਡਾਕਟਰੀ ਸੇਵਾ ਹਰ ਕਿਸੇ ਦਾ ਹੱਕ ਹੋਵੇ। ਜਿਥੇ ਬੱਚੇ ਸਕੂਲਾਂ ਵਿਚ ਖ਼ੁਸ਼ ਪੜ੍ਹਦੇ ਤੇ ਖੇਡ-ਮੈਦਾਨਾਂ 'ਚੋਂ ਖ਼ੁਸ਼ ਖੇਡਦੇ ਹੋਣ, ਤੇ ਬੁਢਾਪਾ ਗਲੀਆਂ ਵਿਚ ਰੁਲਣ ਜਾਂ ਮੁਸ਼ੱਕਤ ਵਿਚ ਹੱਡ ਰੁੜਕਣ ਦੀ ਥਾਂ ਪ੍ਰਸੰਨ ਘਰਾਂ ਵਿਚ ਸਤਿਕਾਰਿਆ ਹੋਵੇ।

ਇਹੋ ਜਿਹਾ ਵਤਨ ਅਸੀਂ ਕੀਕਰ ਬਣਾ ਸਕਦੇ ਹਾਂ ?

ਕਈਆਂ ਦਾ ਖ਼ਿਆਲ ਹੈ, ਕਿ ਅਸੀਂ ਗ਼ਰੀਬ ਹਾਂ, ਏਸ ਲਈ ਭੁੱਖੇ ਹਾਂ, ਨੰਗੇ, ਗੰਦੇ, ਬੀਮਾਰ ਤੇ ਬੇ-ਘਰ ਹਾਂ। ਕਈ ਇਹ ਵੀ ਸੋਚਦੇ ਹਨ ਕਿ ਜੇ ਅੱਜ ਹਿੰਦੁਸਤਾਨ ਦੇ ਹਰ ਮਨੁੱਖ ਨੂੰ ਲੱਖ ਲੱਖ ਰੁਪਈਆ ਦੇ ਦਿਤਾ ਜਾਏ, ਤਾਂ ਉਹ ਸਾਰੇ ਖ਼ੁਸ਼ਹਾਲ ਹੋ ਜਾਣ ਤੇ ਹਿੰਦੁਸਤਾਨ ਸੁਹਣਾ ਹੋ ਜਾਏ। ਪਰ ਇਹ ਖ਼ਿਆਲ ਬਿਲਕੁਲ ਗ਼ਲਤ ਹੈ। ਲੱਖ ਨਹੀਂ, ਕਰੋੜ ਕਰੋੜ ਦਿੰਦਿਆਂ ਵੀ ਸਾਡੇ ਘਰ ਹੁਣ ਵਰਗੇ ਹੀ ਖ਼ਾਲੀ ਤੇ ਕੋਝੇ ਰਹਿਣਗੇ। ਹਰੇਕ ਕੁਰਸੀ, ਹਰੇਕ ਤਸਵੀਰ, ਹਰੇਕ ਮੋਟਰ, ਹੁਨਰ ਤੇ ਮਿਹਨਤ ਨਾਲ ਬਣਾਨੀ ਪੈਂਦੀ, ਹਰੇਕ ਫੁੱਲ ਹੁਨਰ ਤੇ ਮਿਹਨਤ ਨਾਲ ਉਗਾਣਾ ਪੈਂਦਾ ਹੈ।

ਸੋਨਾ ਚਾਂਦੀ ਅਮੀਰੀ ਨਹੀਂ, ਚੀਜ਼ਾਂ ਅਮੀਰੀ ਹਨ, ਜਿਹੜੀਆਂ ਲੋਕ ਬਣਾਂਦੇ ਹਨ। ਨਹਿਰਾਂ, ਪੁਲ, ਸੜਕਾਂ, ਮਕਾਨ, ਰੇਲਾਂ, ਸਾਜ਼-ਸਮਾਨ, ਅਨਾਜ, ਬਿਜਲੀ, ਮਸ਼ੀਨਾਂ, ਦਰੀਆਂ, ਕਾਲੀਨ, ਕਪੜੇ, ਗਹਿਣੇ ਤੇ ਅਨਗਿਣਤ ਚੀਜ਼ਾਂ ਅਮੀਰੀ ਹਨ।

ਸੜਕਾਂ ਪੱਥਰਾਂ ਦੀਆਂ ਬਣਦੀਆਂ ਹਨ, ਪੱਥਰਾਂ ਨਾਲ ਸਾਡੇ ਪਹਾੜ ਭਰੇ ਪਏ ਹਨ। ਕੁਰਸੀਆਂ ਮੇਜ਼, ਸਟੂਲ ਲੱਕੜੀ ਦੇ ਬਣਦੇ ਹਨ, ਤੇ ਟਾਹਲੀਆਂ, ਦੇਓਦਾਰ, ਸਾਗਵਾਨ ਮੁੱਦਤਾਂ

ਤੋਂ ਕੰਵਾਰੇ ਸਾਡੇ ਜੰਗਲਾਂ ਵਿਚ ਭੁੰਮ ਰਹੇ ਹਨ। ਸਾਡੀਆਂ ਖਾਨਾਂ ਲੋਹੇ ਤੇ ਕੋਇਲੇ ਨਾਲ ਆਫਰੀਆਂ ਸਾਡੇ ਹੱਥਾਂ ਵਲ ਇਸ਼ਾਰੇ ਕਰ ਰਹੀਆਂ ਹਨ। ਉਹ ਆਦਮੀ ਜਿਹੜੇ ਮੁਲਕ ਦੀ ਚਿੰਤਾ ਬਣ ਕੇ ਉਮਰਾਂ ਤੋਂ ਵਿਹਲੇ ਰੋਟੀ ਖਾ ਰਹੇ ਹਨ, ਮੁਲਕ ਦੀ ਦੌਲਤ ਵਧਾ ਸਕਦੇ ਹਨ। ਦੌਲਤ ਲੁੱਟ ਕੇ ਨਹੀਂ ਲਿਆਈ ਜਾਂਦੀ, ਆਪਣੀ ਧਰਤੀ 'ਚੋਂ ਪੁੱਟ ਕੇ ਕੱਢੀ ਜਾਂਦੀ ਹੈ। ਕੋਈ ਬਾਹਰੋਂ ਆ ਕੇ ਸਾਡਾ ਗੰਦ ਸਾਫ਼ ਨਹੀਂ ਕਰੇਗਾ, ਨਾ ਰਸੋਈਆਂ ਗ਼ੁਸਲਖ਼ਾਨੇ ਬਣ ਏਗਾ। ਹਰ ਇੱਟ ਆਪ ਘੜਨੀ ਹੋਵੇਗੀ, ਹਰ ਮੈਲਾ ਧੱਬਾ ਆਪ ਧੋਣਾ, ਤੇ ਹਰ ਫੁੱਲ ਆਪ ਉਗਾਣਾ ਹੋਵੇਗਾ। ਅਸੀਂ ਫੁੱਲ ਏਸ ਲਈ ਨਹੀਂ ਉਗਾ ਸਕੇ, ਚੀਜ਼ਾਂ ਏਸ ਲਈ ਨਹੀਂ ਬਣਾ ਸਕੇ, ਕਿ ਸਾਡੇ ਵਿਸ਼ਵਾਸਾਂ ਵਿਚ ਨਾ ਕਿਸੇ ਫੁੱਲ ਦੀ ਖ਼ੁਸ਼ਬੂ ਹੈ, ਨਾ ਕਿਸੇ ਚੀਜ਼ ਦੀ ਨਿੱਗਰਤਾ ਹੈ। ਸਾਡੇ ਵਿਸ਼ਵਾਸ ਸੁਪਨਿਆਂ ਵਰਗੇ ਬੇ-ਬੁਨਿਆਦ ਤੇ ਮਾਇਆ ਵਰਗੇ ਪਰਛਾਵੇਂ ਹਨ। ਅਸੀਂ ਜੀਵਨ ਨੂੰ ਸੁਪਨਾ ਆਖਦੇ ਹਾਂ, ਤੇ ਕਾਂਸ਼ੀ ਜੀ ਜਾ ਕੇ ਮਰਨ ਨੂੰ ਜੀਊਣ ਦੀ ਸੰਪੂਰਨਤਾ ਸਮਝਦੇ ਹਾਂ। ਜਿਸ ਘਰ ਵਿਚੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ, ਇਸ ਘਰ ਦੇ ਮਾਲਕ ਨੇ ਮੈਨੂੰ ਦੱਸਿਆ ਹੈ ਕਿ ਉਹਨਾਂ ਦੇ ਪਿਤਾ ਜੀ ਸਭ ਕੁਝ ਛੱਡ ਛਡਾ ਕੇ ਕਾਂਸ਼ੀ ਜੀ ਮਰਨ ਦਾ ਮਹਾਤਮ ਲੈਣ ਚਲੇ ਗਏ ਸਨ। ਇਕ ਵਾਰੀ ਉਹ ਆਪਣੇ ਪਿਤਾ ਨੂੰ ਵੇਖਣ ਗਏ। ਦੂਜੀ ਵਾਰੀ ਉਹਨਾਂ ਦੇ ਮਾਤਾ ਜੀ ਨੇ ਜ਼ਿੱਦ ਕੀਤੀ ਕਿ ਉਹਨਾਂ ਨੂੰ ਵੀ ਕਾਂਸ਼ੀ ਪਹੁੰਚਾਇਆ ਜਾਏ। ਕਾਂਸ਼ੀ ਪਹੁੰਚਦਿਆਂ ਹੀ ਮਾਤਾ ਜੀ ਬਦਹਜ਼ਮੀ ਤੇ ਥਕਾਵਟ ਨਾਲ ਮਰ ਗਏ। ਕਈ ਲੋਕ ਹੁੰਮ ਹੁੰਮਾ ਕੇ ਦਰਸ਼ਨ ਕਰਨ ਆਏ। "ਕਿਹੜੀ ਹੈ ਇਹੋ ਜਿਹੀ ਸੁਭਾਗ ਇਸਤ੍ਰੀ ਜਿਹਨੂੰ ਏਥੇ ਪਹੁੰਚਦਿਆਂ ਹੀ ਮੁਰਾਦ ਮਿਲ ਗਈ!" ਕਿਉਂਕਿ ਕਈ ਪੰਜਾਂ ਪੰਜਾਂ ਦਸਾਂ ਦਸਾਂ ਵਰ੍ਹਿਆਂ ਦੇ ਉਥੇ ਬੈਠ ਮੌਤ ਨੂੰ ਉਡੀਕ ਰਹੇ ਸਨ। ਉਹਨਾਂ ਦੇ ਘਰ ਮੁੜਨ ਤੋਂ ਸਤ ਅੱਠ ਮਹੀਨੇ ਬਾਅਦ ਪਿਤਾ ਜੀ ਕਾਂਸ਼ੀ ਵਿਚ ਮਰ ਗਏ। ਬੜੀ ਚਿਰਾਕੀ ਖ਼ਬਰ ਆਈ, ਮੋਇਆਂ ਕਈ ਮਹੀਨੇ ਹੋ ਗਏ ਸਨ। ਪਿਤਾ ਜੀ ਵਸੀਅਤ ਕਰ ਗਏ ਸਨ ਕਿ ਜੇ ਉਹਨਾਂ ਦਾ ਪੁੱਤਰ ਵਰ੍ਹੇ ਦੇ ਅੰਦਰ ਆ ਕੇ ਸਭ ਕਿਰਿਆ-ਕਰਮ ਨਾ ਕਰ ਜਾਏ ਤਾਂ ਕਾਂਸ਼ੀ ਵਿਚ ਜਿਹੜਾ ਉਹਨਾਂ ਦਾ ਰੁਪਈਆ ਸ਼ਾਹੂਕਾਰਾਂ ਕੋਲ ਸੀ, ਉਹ ਪਾਂਡਿਆਂ ਨੂੰ ਦੇ ਦਿਤਾ ਜਾਏ। ਫੇਰ ਉਹ ਤੁਰਦੇ ਕਾਂਸ਼ੀ ਗਏ। ਓਦੋਂ ਰੇਲ ਨਹੀਂ ਸੀ ਬਣੀ। ਜਿਥੇ ਲੋਕ ਜ਼ਿੰਦਗੀ ਨੂੰ ਦਿਨ-ਕਟੀ ਖ਼ਿਆਲ ਕਰ ਕੇ ਸਾਲਾਂ ਬੱਧੀ ਕਾਂਸ਼ੀ ਵਿਚ ਮੌਤ ਨੂੰ ਉਡੀਕਦੇ ਰਹਿ ਸਕਦੇ ਹੋਣ; ਕ੍ਰਿਪਾਲ ਕਿਰਿਆ, ਭੋਏਂ ਕੁਲਖੇਤਰ, ਕੁੰਭ, ਅਧ-ਕੁੰਭੀ ਨਾਲੋਂ ਉਚੇਰਾ ਨਿਸ਼ਾਨਾ ਨਾ ਬਣਾ ਸਕਦੇ ਹੋਣ, ਉਥੇ ਫੁੱਲ ਕੌਣ ਉਗਾਏ, ਮਕਾਨ ਕੌਣ ਬਣਾਏ ਤੇ ਨਾਲੀਆਂ ਕੌਣ ਸਾਫ਼ ਕਰੇ?

ਅਸੀਂ ਨਿਰੇ ਆਪਣੇ ਵਤਨ ਨੂੰ ਹੀ ਨਹੀਂ, ਸਾਰੀ ਦੁਨੀਆਂ ਨੂੰ ਸਵਰਗ-ਰੂਪ ਬਣਾ ਸਕਦੇ ਹਾਂ, ਜੇ ਅਸੀਂ ਅਗਲੀ ਦੁਨੀਆਂ ਦੇ ਲਾਰੇ ਤੋਂ ਸੁਤੰਤਰ ਹੋ ਸਕੀਏ। ਸਾਡੀ ਸਾਰੀ ਰਚਣ-ਸ਼ਕਤੀ ਜ਼ਿੰਦਗੀ ਨੂੰ ਟਾਲਣ ਮਟੋਲਣ ਵਿਚ ਬਰਬਾਦ ਹੋ ਰਹੀ ਹੈ। ਜ਼ਿੰਦਗੀ ਦੀ ਮਚ ਮਚ ਉਠਦੀ ਲਾਟ ਨੂੰ ਫੂਕਾਂ ਮਾਰ ਮਾਰ ਬੁਝਾਣ ਵਿਚ ਅਸੀਂ ਬੇ-ਸਾਹ ਹੋਏ ਰਹਿੰਦੇ ਹਾਂ। ਓੜਕ ਇਹ ਘੁੱਟੀ ਮਰੋੜੀ ਜੋਤ ਇਕ ਦਿਨ ਬੁੱਝ ਹੀ ਜਾਂਦੀ ਹੈ, ਤੇ ਜਿੰਨਾ ਚਿਰ ਬੁੱਝਦੀ ਨਹੀਂ ਓਨਾ ਚਿਰ ਵੀ ਸਿੱਧੀ ਬੱਝ ਕੇ ਅਸਾਂ ਇਹਨੂੰ ਬਲਣ ਨਹੀਂ ਦਿਤਾ ਹੁੰਦਾ, ਜਿਸ ਕਰ ਕੇ ਇਹ ਸਾਡਾ ਵਤਨ ਏਡਾ ਹਨੇਰਾ ਹੈ।

ਸ੍ਰੀ ਅਰਬਿੰਦੋ ਘੋਸ਼, ਭਾਰਤ ਵਰਸ਼ ਦੇ ਪ੍ਰਸਿੱਧ ਮਹਾਨ ਯੋਗੀ, ਅਨੇਕਾਂ ਵਰ੍ਹਿਆਂ ਤੋਂ



ਪਾਂਡੀਚਰੀ ਵਿਚ, ਜ਼ਿੰਦਗੀ ਤੋਂ ਲੁਕ ਕੇ, ਤਪੱਸਿਆ ਕਰ ਰਹੇ ਹਨ। ਉਹਨਾਂ ਦੀ ਆਸ ਹੈ, ਉਹ ਇਕ ਦਿਨ ਰੌਸ਼ਨੀ ਦੀ ਰੂਹ ਨੂੰ ਪ੍ਰਾਪਤ ਕਰ ਲੈਣਗੇ, ਫੇਰ ਇਕਦਮ ਸਾਰਾ ਜੱਗ ਰੌਸ਼ਨ ਹੋ ਜਾਏਗਾ। ਕੋਈ ਲੜੇਗਾ ਨਹੀਂ, ਕੋਈ ਚੋਰੀ ਨਹੀਂ ਕਰੇਗਾ, ਭਵਜਲ ਸਾਰੀ ਕੱਟੀ ਜਾਏਗੀ। ਕੋਈ ਯੁਗਾਂ ਯੁਗਾਂਤਰਾਂ ਤੋਂ ਯੋਗੀ ਅਰਾਧਨਾ ਕਰਦੇ ਆ ਰਹੇ ਹਨ, ਪਰ ਹਿੰਦੁਸਤਾਨ ਦਿਨੋ ਦਿਨ ਡੂੰਘੇਰੇ ਚਿੱਕੜ ਵਿਚ ਧਰ੍ਹੀਂਦਾ ਗਿਆ ਹੈ।

ਕਾਸ਼! ਕਦੇ ਇਸ ਅਭਾਗੇ ਵਤਨ ਦੇ ਹੋਣਹਾਰ ਜਵਾਨ ਕੁਦਰਤ ਦੇ ਕਾਨੂੰਨਾਂ ਦਾ ਭੇਤ ਪਾ ਲੈਣ! ਫੇਰ......।

ਇਹ ਬ੍ਰਹਿਮੰਡ ਕਿਸੇ ਜਾਦੂਗਰ ਦੀ ਕਿਰਤ ਨਹੀਂ, ਕਿ ਇਹਦਾ ਭੇਤ ਭੋਰਿਆਂ 'ਚੋਂ ਅੱਖਾਂ ਮੀਟ ਕੇ ਲੱਭਣਾ ਪਵੇ। ਇਹ ਕੋਈ ਅਟਕਲ-ਪੱਚੂ ਗੋਰਖ-ਧੰਦਾ ਨਹੀਂ, ਕਿ ਇਹਦੀ ਕੁੰਜੀ ਇਤਫ਼ਾਕ ਨਾਲ ਕਿਸੇ ਸੁਭਾਗ ਘੜੀ ਹੱਥ ਆ ਸਕਦੀ ਹੋਵੇ। ਇਹ ਚੰਨਾਂ, ਸੂਰਜਾਂ ਵਾਲੀ ਸੁਹਣੀ ਸਥਿਰ ਕੁਦਰਤ ਹੈ — ਇਹਦੇ ਕਾਨੂੰਨ ਅਟੱਲ ਹਨ, ਇਹਦੀਆਂ ਘੜੀਆਂ ਅਸਲੀ ਹਨ, ਇਹਦੀਆਂ ਧਰਤੀਆਂ ਨਿੱਗਰ ਹਨ।

ਸਾਦਾ ਜਿਹਾ ਕੁਦਰਤੀ ਵਿਸ਼ਵਾਸ ਬਸ ਹੈ, ਕਿ ਅਸੀਂ ਸਭ ਇਕ ਮਹਾਨ ਸ਼ਕਤੀ ਦੇ ਲਿਸ਼ਕਾਰੇ ਹਾਂ। ਇਹ ਸ਼ਕਤੀ ਅਖੁਟ ਤੇ ਅਮਿਟ ਹੈ। ਕਿਸੇ ਦੀ ਵਖਰੀ ਕੋਈ ਗਿਣਤੀ ਨਹੀਂ — ਸਭ ਅਭਿਮਾਨ ਫੋਕੇ ਹਨ।

ਪਰ "ਹੋਣਾ-ਥੀਣਾ" ਇਹ ਸ਼ਕਤੀ ਦਾ ਸੁਭਾਵ ਹੈ। "ਹੋਣ-ਥੀਣ" ਦੇ ਵਿਰੁਧ ਜਿਹੜਾ ਸੋਚਦਾ ਹੈ, ਉਹ ਮੌਤ ਮੰਗਦਾ ਹੈ, ਕਿਉਂਕਿ "ਹੁੰਦੇ-ਥੀਂਦੇ" ਬ੍ਰਹਿਮੰਡ ਵਿਚ "ਹੋਣੋ-ਥੀਣੋ" ਮੁਨਕਰ ਹੋਣ ਵਾਲਾ ਭੰਨ ਕੇ ਫੇਰ ਘੜਿਆ ਜਾਏਗਾ।

"ਹੋਣ-ਥੀਣ" ਜ਼ਿੰਦਗੀ ਦਾ ਮਨੋਰਥ ਹੈ। ਹੋਰ ਸਭ ਭਰਮ ਹੈ। ਇਹ ਦੁਨੀਆਂ ਮਾਇਆ ਨਹੀਂ, ਸਮੇਂ ਦਾ ਕੋਈ ਪਲ-ਪਰਛਾਵਾਂ ਨਹੀਂ, ਸਦੀਵਤਾ ਦਾ ਨਿੱਗਰ ਟੁੱਕੜਾ ਹੈ। ਨਰਕਾਂ ਵਿਚ ਸਜ਼ਾ ਦੇਣ ਵਾਲਾ ਕੋਈ ਰੱਬ ਨਹੀਂ। ਰੂਪੋਂ ਸਰੂਪ ਹੋਣ ਵਾਲੀ ਸ਼ਕਤੀ ਹੈ। ਇਹ ਸ਼ਕਤੀ ਪੂਜਾ ਨਹੀਂ ਮੰਗਦੀ, ਚੜ੍ਹਾਵੇ ਤਪੱਸਿਆ ਨਹੀਂ ਚਾਹੁੰਦੀ, ਇਹਦੀ ਅਟੱਲ ਹਰਕਤ ਨਿਤ ਨਵੇਂ ਜੋੜ ਜੋੜਦੀ ਤੇ ਨਵੀਆਂ ਬਣਤਰਾਂ ਬਣਾਂਦੀ ਹੈ।

ਮਨੁੱਖ ਦਾ ਧਰਮ ਏਸ "ਹੋਣ-ਥੀਣ" ਦੀ ਰੱਬੀ ਲਹਿਰ ਉਤੇ ਬੇ-ਰੋਕ ਤਰਦੇ ਜਾਣਾ ਹੈ। ਇਹਦੇ ਨਾਲ ਤੇ ਇਹਦੇ ਉਤੇ ਤਰਨਾ ਜ਼ਿੰਦਗੀ ਹੈ, ਇਹਦੇ ਨਾਲ ਘੁਲਣਾ ਮੌਤ ਹੈ।

ਏਸ ਸਾਦਾ ਜਿਹੇ ਕੁਦਰਤੀ ਧਰਮ ਈਮਾਨ ਦੇ ਅਧੀਨ ਹਿੰਦੁਸਤਾਨੀ ਨੌਜਵਾਨ ਵਿੱਦਿਆ ਹਾਸਲ ਕਰਨ, ਸੁਚੱਜਤਾ ਸਿਖਣ, ਸ਼ਕਤੀ ਪੈਦਾ ਕਰਨ। ਕਿਸੇ ਹੋਰ ਗੁੰਝਲਦਾਰ ਈਮਾਨ ਦੀ ਲੋੜ ਨਹੀਂ ਸੁਚੱਜੀ ਸ਼ਕਤੀ ਆਪਣੇ ਆਪ ਸੱਚੀ, ਦਿਆਨਤਦਾਰ, ਨਿਰਵੈਰ ਤੇ ਪ੍ਰੇਮ ਭਰਪੂਰ ਹੋ ਜਾਂਦੀ ਹੈ। ਇਸ ਤੋਂ ਛੁੱਟ ਕਿਸੇ ਵੀ ਹੋਰ ਕਿਸਮ ਦੀ ਨੇਕੀ ਮਨੁੱਖ ਨੂੰ ਦਰਕਾਰ ਨਹੀਂ। ਧਰਮ ਦੀਆਂ ਖ਼ੁਫ਼ੀਆ ਜਾਚਾਂ ਵਿਚ ਯਕੀਨ ਨਾ ਰਖੋ। ਰੋਸ਼ਨੀ ਹਨੇਰੇ ਵਿਚ ਛੁਪਾਈ ਨਹੀਂ ਜਾ ਸਕਦੀ। ਧਰਮ ਰੋਜ਼ਾਨਾ ਜੀਵਨ ਦੇ ਅਖਾੜੇ ਵਿਚ ਹੀ ਸਿਖਿਆ ਜਾ ਸਕਦਾ ਹੈ। ਸਭ ਮਜ਼ਬ ਮਨੁੱਖ ਨੂੰ ਨਿਰਵੈਰ, ਪ੍ਰੇਮੀ, ਸੱਚਾ ਤੇ ਦਿਆਨਤਦਾਰ ਬਣਾਨ ਦੇ ਰਹੱਸ-ਭਰਪੂਰ (ਭੇਤਾਂ-ਭਰੇ) ਮਾਰਗ ਹਨ। ਇਹਨਾਂ ਵਿਚੋਂ ਭੇਤ ਕੱਢਿਆਂ ਇਹ ਸੁਚੱਜਾ ਰੋਜ਼ਾਨਾ ਜੀਵਨ ਬਣ ਜਾਂਦੇ ਹਨ। ਇਹਨਾਂ ਦਾ ਮੂਲ ਮੰਤਰ, ਖ਼ੁਦਾ ਦੀ ਇਬਾਦਤ, ਅਮਲੀ ਅਰਥਾਂ ਵਿਚ ਮਨੁੱਖ ਦੇ ਵਤਨ

ਦੀ ਖ਼ਿਦਮਤ ਰਹਿ ਜਾਂਦਾ ਹੈ। ਅੰਤਮ ਮੁਕਤੀ ਚੰਗੇ ਸਾਥੀਆਂ ਨਾਲ ਅਮਨ ਨਾਲ ਰਹਿਣ ਦੇ ਸਿਵਾ ਹੋਰ ਕੀ ਹੋ ਸਕਦੀ ਹੈ ? ਸਭ ਤੋਂ ਚੰਗੀ ਇਬਾਦਤ, ਬੰਦਗੀ ਜਾਂ ਪੂਜਾ ਆਪਣੇ ਵਤਨ ਨੂੰ ਸੁਹਣਾ ਤੇ ਆਪਣੇ ਹਮ-ਵਤਨਾਂ ਨੂੰ ਖ਼ੁਸ਼ਹਾਲ ਬਣਾਨ ਲਈ ਤਨ ਮਨ ਭੇਟ ਕਰ ਦੇਣਾ ਹੈ।

ਮੇਰੇ ਵਤਨ ਦੇ ਨੌਜਵਾਨ ਇਸਤ੍ਰੀਓ ਤੇ ਮਰਦੋ ! ਜੇ ਤੁਸੀਂ ਕਿਸੇ ਸ਼ਕਲ ਵਿਚ ਇਹ ਜਤਨ ਕਰ ਰਹੇ ਹੋ, ਕਿ ਸਾਡੇ ਸਾਰੇ ਲੋਕ ਰੱਜ ਕੇ ਦੋ ਵੇਲੇ ਰੋਟੀ ਖਾ ਸਕਣ, ਕਿਸੇ ਨੂੰ ਨੰਗਿਆਂ ਫਿਰਨਾ ਨਾ ਪਵੇ, ਕਿਸੇ ਨੂੰ ਸੜਕਾਂ ਉਤੇ ਸੌਣਾ ਨਾ ਪਵੇ, ਕੋਈ ਬੀਮਾਰ ਅਣਪੁੱਛਿਆ ਕਰਾਂਹਦਾ ਨਾ ਹੋਵੇ; ਕੋਈ ਕਿਸੇ ਦੀ ਤਕਦੀਰ ਉਤੇ ਚੜ੍ਹ ਕੇ ਨਾ ਬੈਠਾ ਹੋਵੇ, — ਤਾਂ ਖ਼ਾਤਰ-ਜਮ੍ਹਾ ਰਖੋ, ਨਾ ਤੁਸੀਂ ਨਾਸਤਕ ਹੋ ਤੇ ਨਾ ਅਧਰਮੀ। ਤੁਹਾਨੂੰ ਕਿਸੇ ਵੀ ਗ਼ੈਬੀ ਚਿੰਤਾ ਦੀ ਲੋੜ ਨਹੀਂ, ਕਿਉਂਕਿ ਏਦੂੰ ਵੱਡੀ ਕੋਈ ਪੂਜਾ ਨਹੀਂ, ਏਦੂੰ ਵੱਡਾ ਕੋਈ ਕੀਰਤਨ ਨਹੀਂ। ਸੌ ਕੀਰਤਨਾਂ ਦਾ ਨਚੋੜ ਇਕ ਸੁਹਣਾ ਅਮਲ ਹੈ, ਜਿਹੜਾ ਸਾਥੀ ਦੀ ਵੇਦਨਾ ਸੁਣਦਾ, ਤੇ ਉਹਦੀ ਪੀੜ ਨੂੰ ਆਪਣੇ ਦਿਲ ਨਾਲ ਘੁਟ ਘੁਟ ਕੇ ਮੱਠਿਆਂ ਕਰਦਾ ਹੈ; ਇਕ ਸੁਹਣੀ ਈਜਾਦ ਹੈ ਜਿਹੜੀ ਲੱਖਾਂ ਦੇ ਦੁਖੜੇ ਦੂਰ ਕਰਦੀ ਤੇ ਸਮੁੱਚੀ ਜ਼ਿੰਦਗੀ ਨੂੰ ਸੁਖਾਲਿਆਂ ਕਰਦੀ ਹੈ।

ਵਤਨ ਤੁਹਾਡਾ ਮੰਦਰ ਹੈ, ਸਾਥੀ ਤੁਹਾਡੇ ਠਾਕਰ ਹਨ, ਤੇ ਸਰਿਸ਼ਟੀ ਦਾ ਵਤਨੀ ਟੁਕੜਾ ਤੁਹਾਡਾ ਪ੍ਰਸ਼ਾਦ ਹੈ। ਇਸ ਨੂੰ ਮਾਲਾ-ਮਾਲ ਕਰਨਾ, ਰੌਸ਼ਨ ਕਰਨਾ, ਸੁਹਣਾ ਬਣਾਨਾ, ਜ਼ਿੰਦਗੀ ਦੀ ਇੱਕੋ ਇੱਕ ਇਬਾਦਤ ਹੈ।

ਜੇ ਕੋਈ ਹੋਰ ਇਬਾਦਤ ਇਹਦੇ ਨਾਲ ਤੁਲ ਸਕਦੀ ਹੈ, ਤਾਂ ਕਿਸੇ ਬੇ-ਪਾਸਕੂ ਸਾਵੀਂ ਤੱਕੜੀ ਉਤੇ ਧਰ ਵੇਖੋ। ਰਿਸ਼ੀ, ਮੁਨੀ, ਨਬੀ, ਅਵਤਾਰ, ਸਾਧੂ ਸਾਈਂ ਜੇ ਸੁਹਣੇ ਵਤਨ ਨਾਲੋਂ ਕੋਈ ਸੁਹਣੇਰਾ ਟੀਚਾ ਦਰਸਾ ਸਕਦੇ ਹਨ ਤਾਂ ਏਸ ਟੀਚੇ ਵੱਲ ਵੀ ਧਿਆਨ ਮਾਰ ਵੇਖੋ। ਇਹ ਟੀਚੇ ਉਹਨੂੰ ਹੀ ਖਿੱਚ ਸਕਦੇ ਹਨ, ਜਿਦ੍ਹਾ ਵਤਨ ਸੁਹਣਾ ਨਹੀਂ। ਇਹ ਸਿਰਫ਼ ਕੋਝੇ ਵਤਨ ਤੋਂ ਬਚ ਨਿਕਲਣ ਦੇ ਹੀ ਹੀਲੇ ਹਨ।

ਸੁਹਣਾ ਵਤਨ ! ਸੁਹਣੇ ਸਾਥੀ ! ਸੁਹਣੇ ਕੰਮ ਵਿਚ ਰੁਝੇਵਾਂ ! ਏਦੂੰ ਵਡੇਰਾ ਵਰ, ਦੇਣ ਲਈ ਕਿਸੇ ਰੱਬ ਕੋਲ ਹੈ ?



## ਸੱਭਿਅਤਾ ਦੇ ਦੋ ਪੱਧਰ

ਕੈਨੇਡਾ ਸਾਡੇ ਹਿੰਦੁਸਤਾਨ ਨਾਲੋਂ ਵੀ ਦੂਣਾ ਮੁਲਕ ਹੈ, ਪਰ ਆਬਾਦੀ ਇਹਦੀ ਮਸਾਂ ਬੰਬਈ ਤੇ ਕਲਕੱਤੇ ਦੇ ਦੋ ਸ਼ਹਿਰਾਂ ਜਿੰਨੀ ਹੋਵੇਗੀ। ਧਰਤੀ ਦਾ ਏਡਾ ਵਡਾ ਭਾਗ ਅੰਗਰੇਜ਼ਾਂ ਨੇ ਮੱਲਿਆ ਹੋਇਆ ਹੈ। ਯੂਰਪ ਦੇ ਹਰ ਮੁਲਕ ਦੇ ਬੇਕਾਰ ਲੋਕਾਂ ਦੀ ਮੁਕਰਰ ਗਿਣਤੀ ਨੂੰ ਹਰ ਸਾਲ ਕੈਨੇਡਾ ਵਿਚ ਆ ਵੱਸਣ ਦੀ ਇਜਾਜ਼ਤ ਹੁੰਦੀ ਹੈ। ਸਾਡੇ ਹਿੰਦੁਸਤਾਨੀ ਵੀ ਚੋਖੇ ਉਥੇ ਪਹੁੰਚੇ ਹੋਏ ਹਨ, ਪਰ ਉਹਨਾਂ ਨੂੰ ਸ਼ਹਿਰੀ ਹੱਕ ਦੇ ਕੇ ਅੰਗਰੇਜ਼ ਰਾਜ਼ੀ ਨਹੀਂ।

ਸਾਡੇ ਏਸ ਜਹਾਜ਼ ਵਿਚ ਵੀ ਬਹੁਤੀ ਗਿਣਤੀ ਸਾਰੇ ਯੂਰਪ ਵਿਚੋਂ ਮਜ਼ਦੂਰੀ ਲਈ ਜਾਣ ਵਾਲਿਆਂ ਦੀ ਸੀ। ਬਹੁਤੇ ਇਹਨਾਂ ਵਿਚੋਂ ਅੰਗਰੇਜ਼ੀ ਨਹੀਂ ਸਨ ਬੋਲ ਸਕਦੇ। ਕਈ ਹਜ਼ਾਰ ਮੁਸਾਫ਼ਰ ਏਸ ਟਾਪੂ-ਰੂਪ ਜਹਾਜ਼ ਵਿਚ ਸਨ, ਪਰ ਜ਼ਿੰਦਗੀ ਵਿਚ ਪਹਿਲੀ ਵਾਰੀ ਮੈਨੂੰ ਬਿਲਕੁਲ ਇਕੱਲਿਆਂ ਹੋਣ ਦੀ ਖੋਹ ਮਹਿਸੂਸ ਹੋਈ। ਪਿਛਲੇ ਜਹਾਜ਼ ਵਿਚ ਕਰਾਚੀਉਂ ਲਿਵਰਪੂਲ ਆਉਂਦਿਆਂ ਭਾਵੇਂ ਤੱਕਿਆ ਮੈਨੂੰ ਕਹਿਰੀਆਂ ਨਜ਼ਰਾਂ ਨਾਲ ਹੀ ਜਾਂਦਾ ਸੀ, ਪਰ ਮਾਣ-ਮੱਤੇ ਅੰਗਰੇਜ਼ਾਂ ਨਾਲ ਵੀ ਕੋਈ ਰਿਸ਼ਤਾ ਮੇਰਾ ਜ਼ਰੂਰ ਹੈ ਸੀ। ਏਸ ਜਹਾਜ਼ ਦੀ ਬੇ-ਰਿਸ਼ਤਗੀ ਨੇ ਮੈਨੂੰ ਉਸ ਪ੍ਰੇਮੀ ਦਾ ਅਰਮਾਨ ਯਾਦ ਕਰਾ ਦਿਤਾ, ਜਿਸ ਨੇ ਨਾਰਾਜ਼ ਰਹਿੰਦੀ ਆਪਣੀ ਸਜਣੀ ਨੂੰ ਆਖਿਆ ਸੀ :

> "ਤੂੰ ਮੇਰੇ ਨਾਲ ਰਾਜ਼ੀ ਨਹੀਂ, ਪਰ ਮੈਂ ਆਪਣੇ ਆਪ ਨੂੰ ਏਨੇ ਨਾਲ ਹੀ ਰਾਜ਼ੀ ਕਰ ਲਿਆ ਹੈ ਕਿ ਤੂੰ ਮੇਰੇ ਨਾਲ ਨਾਰਾਜ਼ ਤਾਂ ਹੈਂ ! ਜੇ ਤੂੰ ਮੇਰੇ ਨਾਲ ਕੁਝ ਵੀ ਨਾ ਹੋਂਦੀਉਂ ਤਾਂ ਮੇਰੇ ਦਿਲ ਦੀ ਖੋਹ ਅਸਹਿ ਹੋ ਜਾਣੀ ਸੀ !"

ਮੇਰੇ ਨਾਲ ਨਾਰਾਜ਼ ਅੰਗਰੇਜ਼ ਵੀ ਰਿਵਾਜੀ ਸ਼ੁਭ-ਇੱਛਾ ਵਟਾ ਲਿਜਾਂਦੇ ਸਨ, ਪਰ ਏਸ ਬੇ-ਰਿਸ਼ਤਾ ਜਹਾਜ਼ ਵਿਚ ਬਹੁਤੇ ਮੇਰੇ ਵਲ ਸਿਰਫ਼ ਇਹ ਜਾਣਨ ਲਈ ਹੀ ਤੱਕਦੇ ਸਨ ਕਿ ਮੈਂ ਆਦਮ-ਜਾਤ ਵੀ ਹਾਂ ਕਿ ਨਹੀਂ ! ਇਕ ਸ਼ਰਾਬ ਪੀਤੇ ਸੱਜਣ ਨੂੰ ਇਹ ਭੁਲੇਖਾ ਵੀ ਪੈ ਗਿਆ ਕਿ ਮੈਂ ਇਸਤ੍ਰੀ ਹਾਂ ਜਾਂ ਮਰਦ। ਉਹਦੇ ਪੁੱਛਣ ਉਤੇ ਮੈਂ ਆਪਣਾ ਨਾਂ ਉਹਨੂੰ ਦਸਿਆ, ਜਿਦ੍ਹੇ ਉਤੇ ਅੱਖਾਂ ਚੌੜੀਆਂ ਕਰ ਕੇ ਉਸ ਨੇ ਮੁੜ ਸਵਾਲ ਕੀਤਾ :

"ਮਿਸਟਰ ਸਿੰਘ ਜਾਂ ਮਿਸਿਜ਼ ?"

ਇਹ ਭੁਲੇਖਾ ਉਹਨੂੰ ਮੇਰੇ ਸਿਰ ਦੇ ਵਾਲਾਂ ਤੋਂ ਪਿਆ। ਮੇਰੇ ਵਾਲਾਂ ਨੂੰ ਉਸ ਉਤਾਂਹ ਵਲ ਜੂੜਾ ਕੀਤਿਆਂ ਸਵੇਰੇ ਗ਼ੁਸਲਖ਼ਾਨੇ ਵਿਚ ਵੇਖਿਆ ਸੀ, ਉਸ ਨੇ ਕਿਸੇ ਆਦਮੀ ਦੇ ਵਾਲ ਅਜੇ ਤਕ ਮੇਰੇ ਵਰਗੇ ਨਹੀਂ ਸਨ ਵੇਖੇ ਹੋਏ।

ਦੂਜੀ ਮੁਸ਼ਕਲ ਮੈਨੂੰ ਇਹ ਸੀ ਕਿ ਬਹੁਤੀਆਂ ਸਵਾਰੀਆਂ ਜਿਨ੍ਹਾਂ ਦੇ ਨਾਲ ਡਾਰਮਿਟਰੀ ਵਿਚ ਮੈਨੂੰ ਥਾਂ ਮਿਲੀ, ਅਤਾਲਵੀ ਸਨ। ਉਹ ਅੰਗਰੇਜ਼ੀ ਨਹੀਂ ਸਨ ਸਮਝਦੇ ਤੇ ਸਨ ਵੀ ਗਾਮੇ ਮਾਝੇ ਕਿਸਮ ਦੇ। ਡਬਲ ਡੈਕਰ ਦਾ ਹੇਠਲਾ ਬੰਚ ਇਕ ਅਤਾਲਵੀ ਦਾ ਸੀ ਤੇ

ਉਪਰਲਾ ਮੇਰਾ। ਇਹ ਖਰ੍ਹਵਾ ਆਦਮੀ ਜਦੋਂ ਮੈਨੂੰ ਵੇਖੇ ਉਦੋਂ ਹੀ ਕਿਸੇ ਹੋਰ ਨੂੰ ਸੁਣਾ ਕੇ ਆਖ ਦੇਵੇ, "ਸ਼ਾਇਦ ਏਸ ਜੈਂਟਲਮੈਨ ਮਿਸਟਰ ਨੇ ਜਿਲੱਟ ਦਾ ਨਾਂ ਨਹੀਂ ਸੁਣਿਆ।" ਉਹਦਾ ਇਸ਼ਾਰਾ ਜਿਲੱਟ ਉਸਤਰੇ ਵਲ ਵੀ।

ਸਮੁੰਦਰ ਸਵਾਰੀਆਂ ਨਾਲੋਂ ਵੀ ਖਰ੍ਹਵਾ ਸੀ। ਦੋ ਦਿਨਾਂ ਵਿਚ ਹੀ ਸਾਰਾ ਡੈਕ ਲਹੂਉਂ ਸਖਣੀ ਰਣ-ਭੂਮੀ ਦੀ ਤਸਵੀਰ ਬਣ ਗਿਆ : ਕੋਈ ਏਥੇ ਡਿੱਗਾ, ਕੋਈ ਉਥੇ ਮੂਧਾ ਹੋਇਆ ਪਿਆ। ਸਮੁੰਦਰੀ ਬੀਮਾਰ ਦੇ ਨਕਸ਼ ਗੋਲੀ-ਲੱਗੇ ਫੱਟੜ ਤੋਂ ਵੀ ਵਧ ਸਾਵੇ ਪੀਲੇ ਹੋ ਜਾਂਦੇ ਹਨ।

ਮੈਂ ਸਮੁੰਦਰ ਉਤੇ ਬੀਮਾਰ ਨਹੀਂ ਹੁੰਦਾ, ਤੇ ਗਿਣਤੀ ਦੇ ਹੀ ਹੋਰ ਸਨ ਜਿਹੜੇ ਆਪਣੀ ਪੈਰੀਂ ਖੜੇ ਸਨ। ਉਹਨਾਂ ਵਿਚ ਇਕ ਅਫ਼ਰੀਕੀ ਨੀਗਰੋ ਸੀ, ਜਿਹੜਾ ਆਪਣੇ ਦੇਸ ਦੀ ਨੈਸ਼ਨਲ ਕਾਂਗਰਸ ਦਾ ਪਰਧਾਨ ਸੀ, ਤੇ ਗਾਂਧੀ ਜੀ ਦਾ ਬੜਾ ਸ਼ਰਧਾਲੂ ਸੀ। ਉਸ ਨੇ ਮੈਨੂੰ ਵੇਖਿਆ ਸੀ ਕਿ ਮੈਂ ਕੁਝ ਖਾ ਨਹੀਂ ਸਾਂ ਰਿਹਾ। ਉਹ ਮੈਨੂੰ ਆਪਣੇ ਖਾਣ-ਮੇਜ਼ ਉਤੇ ਲੈ ਗਿਆ, ਤੇ ਆਪਣੇ ਵਲੋਂ ਉਸ ਨੇ ਮੇਰਾ ਬੜਾ ਖ਼ਿਆਲ ਰਖਿਆ।

ਇਹ ਸਫ਼ਰ ਮੇਰੀ ਜ਼ਿੰਦਗੀ ਦਾ ਸਭ ਤੋਂ ਉਦਾਸ ਸਫ਼ਰ ਹੈ। ਸਾਥੀ ਬਹੁਤੇ ਯੂਰਪ ਦੀ ਉਸ ਜਮਾਤ ਵਿਚੋਂ ਸਨ, ਜਿਦ੍ਹੀ ਸੱਭਿਅਤਾ ਨਾਲ ਛੁਹ ਬੜੀ ਘਟ ਹੁੰਦੀ ਹੈ। ਉਹਨਾਂ ਦੇ ਮੁਕ ਬਲੇ ਵਿਚ ਸਾਡਾ ਮਜ਼ਦੂਰ ਜਾਂ ਸਿਪਾਹੀ ਬੜਾ ਵਧੀਆ ਜਾਪਦਾ। ਉਹ ਛੁਰੀ ਕਾਂਟੇ ਨਾਲ ਖਾਣਾ ਭਾਵੇਂ ਨਹੀਂ ਜਾਣਦਾ, ਤੇ ਕਪੜੇ ਦੀ ਅਣਹੋਂਦ ਕਰ ਕੇ ਰਾਤੀਂ ਨੰਗਾ ਹੀ ਸੌਂ ਜਾਂਦਾ ਹੈ, ਪਰ ਮਨੁੱਖੀ ਲਿਹਾਜ਼ ਵਿਚ ਉਹ ਊਣਾ ਨਹੀਂ ਹੁੰਦਾ, ਉਹਦੇ ਨਕਸ਼ਾਂ ਉਤੇ ਮਨੁੱਖੀ ਨਰਮਾਈ ਵੀ ਹੁੰਦੀ ਹੈ। ਬਿਨਾਂ ਮਤਲਬ ਹੀ ਓਪਰੇ ਕਿਸੇ ਦਾ ਦਿਲ ਦੁਖਾਣ ਦੀ ਉਤਸੁਕਤਾ ਮੈਂ ਯੂਰਪ ਵਿਚ ਹੀ ਵੇਖੀ, ਜਿਥੇ ਇਕ ਨੌਜਵਾਨ ਸਰੇ-ਬਾਜ਼ਾਰ ਮੇਰੇ ਕੋਲ ਆ ਕੇ ਮੈਨੂੰ ਪੁੱਛਣ ਲਗਾ :

"ਕੀ ਮੈਂ ਤੁਹਾਡੀ ਝਾੜੀ ਵਿਚ ਲੁੱਕ ਸਕਦਾ ਹਾਂ ?"

ਝਾੜੀ ਤੋਂ ਭਾਵ ਉਹਦਾ ਮੇਰੀ ਦਾੜ੍ਹੀ ਸੀ।

ਇਕ ਵੱਡੇ ਸ਼ਹਿਰ ਵਿਚ ਮੈਂ ਕਿਸੇ ਕੋਲੋਂ ਰਾਹ ਪੁੱਛਿਆ। ਉਹ ਮੇਰੇ ਮੂੰਹ ਵਲ ਵੇਖ ਕੇ ਬੇਤਹਾਸ਼ਾ ਹੱਸਣ ਲਗ ਪਿਆ, ਤੇ ਰਾਹ ਦੱਸਣ ਦੀ ਥਾਂ ਮੇਰੀ ਪੱਗ ਉਤੇ ਹੱਥ ਲਾ ਕੇ ਪੁੱਛਣ ਲਗਾ : "ਇਹ ਗੰਢ ਕੀ ਹੈ ?" ਤੇ ਹੱਸਦਾ ਹੱਸਦਾ ਆਪ ਰਾਹੇ ਪੈ ਗਿਆ।

ਯੂਰਪ ਦੀਆਂ ਜਮਾਤਾਂ ਦੇ ਸਭਿਆਚਾਰਕ ਪੱਧਰਾਂ ਵਿਚ ਬੜਾ ਫ਼ਰਕ ਹੁੰਦਾ ਹੈ। ਇਕ ਜਮਾਤ ਦੀ ਜ਼ਾਹਿਰਾ ਸਭਿਅਤਾ ਨਿਰੋਲ ਖ਼ੂਬਸੂਰਤੀ ਹੁੰਦੀ ਹੈ। ਉਹਨਾਂ ਦੀ ਹਰ ਪੁੱਛ ਵਿਚ ਸੁਖਾਵਾਂ ਸੰਕੋਚ ਹੁੰਦਾ ਹੈ, ਕੰਮ ਆਉਣ ਦੀ ਰਜ਼ਾਮੰਦੀ ਪ੍ਰਤੱਖ ਹੁੰਦੀ ਹੈ।

ਦੂਜੀ ਇਕ ਜਮਾਤ ਜੰਗਲ ਵਾਂਗ ਸਭਿਅਤਾ ਤੋਂ ਕੋਰੀ ਹੁੰਦੀ ਹੈ। ਲਿਵਰਪੂਲ ਦੇ ਰੇਲਵੇ ਕੁਲੀ ਨੇ ਮੇਰਾ ਅਸਬਾਬ ਚੁੱਕਿਆ। ਸਿੱਕਿਆਂ ਦਾ ਅਭਿਆਸ ਅਜੇ ਪੂਰਾ ਨਾ ਹੋਣ ਕਰ ਕੇ ਜੋ ਕੁਝ ਮੈਂ ਉਹਨੂੰ ਦਿਤਾ, ਉਹ ਉਹਦੀ ਮਜ਼ਦੂਰੀ ਨਾਲੋਂ ਬਹੁਤ ਥੋੜਾ ਸੀ। ਹੋਰ ਮੰਗਣ ਦੀ ਥਾਂ ਉਸ ਨੇ ਗੰਦਾ ਜਿਹਾ ਬੋਲ ਬੋਲਿਆ, ਤੇ ਮੇਰਾ ਦਿਤਾ ਸਿੱਕਾ ਲਾਈਨ ਵਿਚ ਵਗਾਹ ਕੇ ਆਪ ਚਲਦਾ ਹੋਇਆ। ਮੈਂ ਹੱਕਾ-ਬੱਕਾ ਰਹਿ ਗਿਆ, ਕੋਲ ਖੜੋਤੇ ਦੂਜੇ ਕੁਲੀ ਕੋਲੋਂ ਵਾਜਬ ਮਜ਼ਦੂਰੀ ਪੁੱਛ ਉਹਨੂੰ ਮੈਂ ਰਕਮ ਫੜਾਈ ਤੇ ਪਹਿਲੇ ਕੁਲੀ ਦੇ ਪਿਛੇ ਦੁੜਾਇਆ।

ਸਾਡੇ ਦੇਸ ਦੀਆਂ ਜਮਾਤਾਂ ਦੀ ਸਾਧਾਰਨ ਸਭਿਅਤਾ ਵਿਚ ਬਹੁਤਾ ਫ਼ਰਕ ਨਹੀਂ ਹੁੰਦਾ।



ਸਾਡੀ ਚੂਹੜੀ 'ਭੂਆ' ਭੋਲਾਂ, ਝਿਊਰੀ 'ਚਾਚੀ' ਮਥਰੋ, ਚੂਹੜਾ 'ਚਾਚਾ' ਜਾਨ, ਤੇ ਝਿਊਰ 'ਚਾਚਾ' ਈਸ਼ਰ, ਜ਼ਿੰਦਗੀ ਦਾ ਸਲੀਕਾ ਸਾਡੇ ਸਲੀਕੇ ਨਾਲੋਂ ਕੋਈ ਫ਼ਰਕ ਵਾਲਾ ਨਹੀਂ ਸੀ ਹੁੰਦਾ।

ਮਨੁੱਖ ਕੇਡਾ ਭੁੱਖਾ ਹੁੰਦਾ ਹੈ, ਆਪਣੇ ਸਾਥੀਆਂ ਦੀ ਸ਼ੁਭ-ਇੱਛਾ ਦਾ ! ਜਦੋਂ ਕਦੇ ਕੋਈ ਦੂਜੇ ਪਾਸੇ ਜਾਂਦਾ ਜਹਾਜ਼ ਸਾਡੇ ਜਹਾਜ਼ ਦੇ ਕੋਲੋਂ ਲੰਘਦਾ, ਮੈਂ ਜੰਗਲੇ ਦੇ ਨਾਲ ਜਾ ਖਲੋਂਦਾ, ਰੁਮਾਲ ਹਿਲਾਂਦਾ। ਕਦੇ ਕਦੇ ਦੂਜੇ ਜਹਾਜ਼ ਉਤੋਂ ਵੀ ਹਿਲਦਾ ਰੁਮਾਲ ਦਿਸ ਪੈਂਦਾ, ਕੋਈ ਸ਼ਕਲ ਸਾਫ਼ ਨਾ ਦਿਸਦੀ, ਪਰ ਰੁਮਾਲ ਦੀਆਂ ਕੰਨੀਆਂ ਵਿਚੋਂ ਫਰਕਦੀ ਸ਼ੁਭ-ਇੱਛਾ ਦਿਲ ਦਾ ਕੁਮਲਾਇਆ ਕੰਵਲ ਟਹਿਕਾ ਦੇਂਦੀ।

ਕਈ ਦਿਨਾਂ ਤੋਂ ਮੈਨੂੰ ਭੁੱਖ ਨਹੀਂ ਸੀ ਲਗ ਰਹੀ, ਖਾਣੇ ਵਿਚੋਂ, ਖਾਣ-ਕਮਰੇ ਵਿਚੋਂ, ਖਾਣ ਵਾਲਿਆਂ ਕੋਲੋਂ ਮੈਨੂੰ ਇਕ ਖ਼ਾਸ ਕਿਸਮ ਦੀ ਬੋ ਆਉਂਦੀ ਜਾਪਦੀ ਤੇ ਭੁੱਖ ਜੇ ਕਦੇ ਲਗਦੀ ਵੀ ਤਾਂ ਮਰ ਜਾਂਦੀ। ਹੈਰਾਨੀ ਦੀ ਗੱਲ ਕਿ ਚੰਗੇ ਖਾਣੇ ਦਾ ਖ਼ਿਆਲ ਮੈਨੂੰ ਕਦੇ ਨਾ ਆਉਂਦਾ। ਫਰਕਦੇ ਰੁਮਾਲ ਪਿਛੋਂ ਪਿਆਰੇ ਨਕਸ਼ਾਂ ਦਾ ਖ਼ਿਆਲ ਮੈਨੂੰ ਕਿੰਨਾ ਕਿੰਨਾ ਚਿਰ ਜੰਗਲੇ ਨਾਲ ਖੜਾ ਕਰੀ ਰਖਦਾ। ਸਾਡੇ ਜਹਾਜ਼ ਵਿਚੋਂ ਵੀ ਇਕ ਮੈਂ ਜਾਂ ਤਿੰਨ ਜਹਾਜ਼ੀ ਮੁਲਾਜ਼ਮ ਜੰਗਲੇ ਨਾਲ ਖੜੋਤੇ ਹੁੰਦੇ। ਓਧਰ ਵੀ, ਮੈਂ ਸੋਚਦਾ, ਕੋਈ ਇਕੱਲਾ ਖਲੋਤਾ ਹੋਵੇਗਾ ਜਾਂ ਇਕੱਲੀ ਖਲੋਤੀ ਹੋਵੇਗੀ, ਉਹਨੂੰ ਵੀ ਮੇਰੇ ਵਾਂਗ ਕਿਸੇ ਸ਼ੁਭ-ਇੱਛਕ ਰੂਹ ਨਾਲ ਮਿਲਣ ਦੀ ਤਾਂਘ ਲਗੀ ਰਹਿੰਦੀ ਹੋਵੇਗੀ ?

ਜਹਾਜ਼ ਉਤੇ ਮੇਰੇ ਨਾਲ ਸ਼ੁਭ-ਇੱਛਾਵਾਂ ਵਟਾਣੀਆਂ ਤਾਂ ਕਿਸ ਸਨ, ਸਗੋਂ ਕੋਲੋਂ ਲੰਘਦੇ ਮੇਰੇ ਦਾੜ੍ਹੀ ਕੇਸਾਂ ਉਤੇ ਕੋਈ ਚੁਭਵੀਂ ਟੋਕ ਮਾਰ ਜਾਂਦੇ। ਸਮਾਂ ਪਹਾੜ ਬਣ ਗਿਆ, ਕੁਝ ਪੜ੍ਹਨ ਉਤੇ ਵੀ ਜੀਅ ਨਾ ਕਰੇ। ਖ਼ੁਸ਼ੀ, ਗ਼ਮੀ, ਸੁਖ, ਦੁੱਖ, ਸਭ ਰੌਆਂ ਵਿਚ ਕਿਤਾਬ ਮੇਰੀ ਸਾਥਣ ਹੁੰਦੀ ਹੈ, ਪਰ ਸਾਥੀਆਂ ਵਿਚ ਠਿੱਠ ਹੋਣ ਦੀ ਅਵਸਥਾ ਵਿਚ ਇਹ ਚੰਗੀ ਸਾਥਣ ਵੀ ਕੋਈ ਸਹਾਰਾ ਨਹੀਂ ਦੇ ਸਕਦੀ।

ਸ਼ੁਕਰ ਸ਼ੁਕਰ ਕਰਦਿਆਂ ਜਹਾਜ਼ ਟਿਕਾਣੇ ਪਹੁੰਚਾ। ਬੜੀ ਸੁਹਣੀ ਸਵੇਰ ਚੜ੍ਹੀ ਸੀ। ਅਸਮਾਨੇ ਪੰਘਰੇ ਹੋਏ ਸੋਨੇ ਦੇ ਮਘਦੇ ਥਾਲ ਵਿਚੋਂ ਲੰਮੀਆਂ ਸਿੱਧੀਆਂ ਰਿਸ਼ਮਾਂ ਤਣੀਆਂ ਤੇ ਉਹਨਾਂ ਦੇ ਦੂਜੇ ਸਿਰਿਆਂ ਨਾਲ ਬੱਧੀਆਂ ਰੰਗ-ਬਰੰਗੀਆਂ ਬੱਸਾਂ ਤੇ ਘੋੜੇ-ਗੱਡੀਆਂ ਨੀਲੀਆਂ ਸੜਕਾਂ ਉਤੇ ਏਉਂ ਉਡਦੀਆਂ ਦਿਸਦੀਆਂ ਸਨ ਜਿਉਂ ਕਿਸੇ ਸ਼ਾਨਦਾਰ ਮੇਲੇ ਵਿਚ ਰੱਸਿਆਂ ਨਾਲ ਪੰਘੂੜੇ ਭੌਂ ਰਹੇ ਸਨ। ਚੌੜੀਆਂ ਸੜਕਾਂ, ਛਾਂਗੇ ਸੋਧੇ ਬ੍ਰਿਛ, ਸ਼ੀਸ਼-ਮਹਿਲਾਂ ਵਰਗੇ ਮਕਾਨਾਂ ਦੇ ਬਲਾਕ, ਵਗਦੇ ਨੀਲਮ ਦੇ ਗਿਰਦਾ ਗਿਰਦ-ਕੁਈਬੈਕ ਸ਼ਹਿਰ, ਸੁਖੀ ਸੌਂ ਕੇ ਉਠੀ ਦੁਲਹਨ ਵਾਂਗ ਮੁਸਕਰਾਂਦੀਆਂ ਅੰਗੜਾਈਆਂ ਲੈਂਦਾ ਜਾਪ ਰਿਹਾ ਸੀ।

ਪਰ ਏਥੇ ਮੇਰੀ ਉਮਰ ਦੀਆਂ ਅਤਿ ਔਖੀਆਂ ਕੁਝ ਘੜੀਆਂ ਮੈਨੂੰ ਉਡੀਕ ਰਹੀਆਂ ਸਨ। ਸਸਤਾਈ ਦਾ ਸਦਕਾ ਮੈਂ ਤੀਜੇ ਦਰਜੇ ਦੀ ਟਿਕਟ ਲਈ ਸੀ, ਪਰ ਸੌਦਾ ਬੜਾ ਮਹਿੰਗਾ ਬਣ ਗਿਆ : ਵਿਦਿਆਰਥੀ ਨਹੀਂ, ਮੈਨੂੰ ਰੁਜ਼ਗਾਰ ਢੂੰਡਣ ਆਇਆ ਮਜ਼ਦੂਰ ਸਮਝਿਆ ਗਿਆ। ਕੋਈ ਸੌ ਕੁ ਸ਼ੱਕੀਆਂ ਮੁਸਾਫ਼ਰਾਂ ਦੇ ਨਾਲ ਮੈਨੂੰ ਵੀ ਅਟਕਾ ਲਿਆ ਗਿਆ। ਇਹਨਾਂ ਸਭਨਾਂ ਦਾ ਡਾਕਟਰੀ ਇਮਤਿਹਾਨ ਲਿਆ ਗਿਆ, ਕਈਆਂ ਲਿੰਗ-ਬੀਮਾਰਾਂ ਨੂੰ ਹਸਪਤਾਲ ਭੇਜ ਦਿਤਾ ਗਿਆ ਤੇ ਬਾਕੀਆਂ ਨੂੰ ਇਕ ਵੱਡੇ ਲੋਹੇ ਦੇ ਫਾਟਕ ਵਾਲੀ ਇਮਾਰਤ ਵਿਚ

ਪੁਚਾਇਆ ਗਿਆ। ਪਹਿਰੇ ਉਤੇ ਖੜੋਤਾ ਸੰਤਰੀ ਫ਼ਾਟਕ ਦੇ ਇਕ ਪਾਸੇ ਸੀ ਤੇ ਅੰਦਰਲੇ ਪਾਸੇ ਨਾਲ ਲਗੀਆਂ ਕਈ ਸ਼ਕਲਾਂ ਖੜੋਤੀਆਂ ਸਨ। ਇਹਨਾਂ ਵਿਚੋਂ ਬਹੁਤੀਆਂ ਫਾਟਕੋਂ ਅੰਦਰ ਹੁੰਦਿਆਂ ਹੀ ਮੇਰੇ ਉਤੇ ਝਪਟ ਪਈਆਂ, ਜੀਕਰ ਮੈਂ ਇਹਨਾਂ ਦੇ ਘਰੋਂ ਕੋਈ ਸੁਨੇਹਾ ਲਿਆਇਆ ਸਾਂ। ਗੱਲ ਵਿਚੋਂ ਸਿਰਫ਼ ਏਨੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇ ਅਕੇਵੇਂ ਵਿਚ ਮੇਰੀ ਪੱਗ ਅਚਾਨਕ ਕੋਈ ਨਵੀਨਤਾ ਲੈ ਆਈ ਸੀ, ਪਰ ਉਹਨਾਂ ਵਿਚੋਂ ਕੋਈ ਵੀ ਅੰਗਰੇਜ਼ੀ ਨਹੀਂ ਸੀ ਬੋਲ ਸਕਦਾ। ਸੰਤਰੀ ਨੂੰ ਮੈਂ ਆਖਿਆ ਕਿ ਕਿਸੇ ਅੰਗਰੇਜ਼ੀ ਬੋਲਣ ਵਾਲੇ ਨਾਲ ਮੈਨੂੰ ਮਿਲਾ ਦੇਵੇ। ਉਹਦੇ ਕਹਿਣ ਉਤੇ ਕੋਈ ਮੈਨੂੰ ਇਕ ਅੰਗਰੇਜ਼ ਕੋਲ ਛੱਡ ਆਇਆ। ਸਾਡੇ ਵਰਗਾ ਹੀ ਰੁਕਿਆ ਡੱਕਿਆ ਇਹ ਅੰਗਰੇਜ਼ ਸੀ, ਪਰ ਆਹ! ਉਹਦੀ ਬੋਲੀ ਮੈਂ ਬੋਲ ਸਕਦਾ ਸਾਂ! ਜੀਅ ਕਰਦਾ ਸੀ ਉਹਦੇ ਗਲ ਨਾਲ ਚੰਬੜ ਜਾਵਾਂ। ਨਿਰਾ ਸੁਣਨਾ ਤੇ ਸੁਣੇ ਜਾਣਾ ਵੀ ਕਦੇ ਪੂਰਾ ਸਵਰਗ ਬਣ ਜਾਂਦਾ ਹੈ। 'ਏਥੇ ਕਈ ਮਹੀਨੇ ਲੋਕ ਡੱਕੇ ਰਹਿੰਦੇ ਨੇ — ਕਾਹਲ ਦੋਹੀਂ ਪਾਸੀਂ ਕਿਸੇ ਨੂੰ ਕੋਈ ਨਹੀਂ ਹੁੰਦੀ। ਰੋਟੀ ਚੋਖੀ ਮਿਲ ਜਾਂਦੀ ਏ, ਤਾਸ਼ਾਂ ਖੇਡਦੇ ਨੇ, ਜੂਆ ਚੱਤੇ ਪਹਿਰ ਰਚਿਆ ਰਹਿੰਦਾ ਹੈ — ਸਰਕਾਰਾਂ ਦੇ ਲੇਖੇ ਵੀ ਲੱਖੀਂ ਨੇ!"

ਇਹ ਗੱਲ ਓਸ ਅੰਗਰੇਜ਼ ਦੇ ਮੂੰਹੋਂ ਸੁਣ ਕੇ ਸਿਰ ਆਈ ਮੁਸੀਬਤ ਦਾ ਮੈਨੂੰ ਅਹਿਸਾਸ ਹੋ ਗਿਆ। ਮੇਰਾ ਦਿਲ ਅੰਦਰੋਂ-ਅੰਦਰ ਕੰਬ ਰਿਹਾ ਸੀ। ਓਸ ਵੇਲੇ ਖਾਣੇ ਦੀ ਘੰਟੀ ਵੱਜੀ, ਹਰ ਪਾਸੇ ਦਗੜ ਦਗੜ ਸ਼ੁਰੂ ਹੋ ਗਈ। ਮੈਨੂੰ ਭੁੱਖ ਰਤਾ ਨਹੀਂ ਸੀ, ਪਰ ਉਹ ਅੰਗਰੇਜ਼ ਮੈਨੂੰ ਨਾਲ ਲੈ ਗਿਆ। ਉਹਦੇ ਸਾਥ ਦੇ ਬਾਵਜੂਦ ਉਹਨਾਂ ਰਾਸ਼ਿਆਂ ਨੇ ਮੈਨੂੰ ਰੋਣ-ਹਾਕਾ ਕਰ ਦਿਤਾ। ਇਕ ਬੀਬੇ ਮੂੰਹ ਵਾਲੀ ਮੇਡ ਨੂੰ ਮੇਰੇ ਉਤੇ ਤਰਸ ਆ ਗਿਆ।

"ਤੁਸੀਂ ਮਾਸ ਨਹੀਂ ਖਾਂਦੇ ਹੋਣੇ?" ਓਸ ਪੁੱਛਿਆ ਤੇ ਮੇਰੀ ਹਾਂ ਸੁਣ ਉਹ ਇਕੱਲੇ ਮੇਜ਼ ਵਲ ਲੈ ਗਈ।

"ਤੁਹਾਡੇ ਲਈ ਮੱਖਣ, ਰੋਟੀ ਤੇ ਆਲੂ ਮੈਂ ਲਿਆ ਸਕਦੀ ਹਾਂ — ਤੁਸੀਂ ਏਥੇ ਬੈਠੋ।"

ਏਸ ਕਿਸਮ ਦੇ ਆਦਮੀ ਮੈਂ ਅਗੇ ਕਦੇ ਨਹੀਂ ਸਨ ਵੇਖੇ। ਸਾਡੇ ਸ਼ਹਿਰ ਵਿਚ ਡਾਢੇ ਆਦਮੀ ਹੁੰਦੇ ਸਨ, ਪਰ ਇਹ ਤਾਂ ਬਿਲਕੁਲ ਹੀ ਅਵੈੜੇ ਸਨ: ਆਪਣੇ ਵੈਰੀ, ਸਾਥੀਆਂ ਦੇ ਵੈਰੀ, ਜ਼ਿੰਦਗੀ ਦੇ ਵੈਰੀ। ਤਾਸ਼ ਖੇਡਦੇ ਖੇਡਦੇ ਲੜ ਪੈਂਦੇ, ਦੰਦ ਭੰਨ ਦੇਂਦੇ, ਭੰਨਾ ਲੈਂਦੇ, ਤੇ ਮੂੰਹੋਂ ਵਗਦਾ ਲਹੂ ਪੂੰਝ ਕੇ ਫੇਰ ਖੇਡਣ ਲਗ ਪੈਂਦੇ, ਕੁਰਸੀ ਨਾਲ ਕੁਰਸੀ ਲੜਾ ਕੇ ਟੋਟੇ ਕਰ ਛੱਡਦੇ। ਇਕ ਅੱਧ ਕਤਲ ਦੀ ਕਹਾਣੀ ਵੀ ਮੇਡ ਨੇ ਦੱਸੀ।

"ਇਹ ਬੜੇ ਭਿਆਨਕ ਨਮੂਨੇ ਨੇ।"

"ਕੀ ਤੁਹਾਨੂੰ ਇਹਨਾਂ ਕੋਲੋਂ ਡਰ ਨਹੀਂ ਲਗਦਾ?" — ਮੈਂ ਪੁੱਛਿਆ।

"ਸਾਡੇ ਨਾਲ ਇਹ ਬੜੇ ਨਰਮ ਰਹਿੰਦੇ ਨੇ, ਇਕੋ ਅਸੀਂ ਮੇਡਾਂ ਹੀ ਹਾਂ, ਜਿਨ੍ਹਾਂ ਨਾਲ ਗਾਲ੍ਹ ਸਿਵਾ ਇਹ ਗੱਲ ਕਰਦੇ ਨੇ ਸ਼ਾਇਦ ਆਪਣੇ ਸੁਕੇ ਝੜੇ ਜੀਵਨ ਵਿਚ ਸਾਨੂੰ ਇਹ ਇਕੋ ਇਕ ਹਰੀ ਕਰੁੰਬਲ ਸਮਝਦੇ ਨੇ।"

ਜਹਾਜ਼ ਵਿਚ ਗੁਜ਼ਾਰਿਆ ਹਫ਼ਤਾ ਮੇਰਾ ਕੋਰਾ ਹਫ਼ਤਾ ਸੀ, ਜਿਦ੍ਹੇ ਵਿਚ ਮੈਨੂੰ ਕੋਈ ਖ਼ੂਬਸੂਰਤੀ ਨਹੀਂ ਸੀ ਦਿੱਸੀ, ਮੇਰਾ ਭੁੱਖਾ ਹਫ਼ਤਾ ਸੀ, ਪੰਜ ਪਾਊਂਡ ਭਾਰ ਮੇਰਾ ਘਟ ਗਿਆ ਸੀ, ਪਰ ਏਸ ਜੇਲ੍ਹਖ਼ਾਨੇ ਦੇ ਚਾਰ ਘੰਟੇ ਚਾਰ ਜੁਗ ਹੋ ਗਏ, ਮੇਰਾ ਸਾਹ ਘੁੱਟਣ ਲਗ ਪਿਆ। ਜਿਸ ਮੂੰਹ ਵੱਲ ਤੱਕਾਂ, ਮੇਰੀਆਂ ਅੱਖੀਆਂ ਮੀਟੀਆਂ ਜਾਣ। ਮੇਰੇ ਰੋਮ ਰੋਮ ਵਿਚੋਂ ਕੋਈ ਪ੍ਰਾਰਥਨਾ



ਉਠ ਰਹੀ ਸੀ। ਪ੍ਰਾਰਥਨਾ ਹਮੇਸ਼ਾਂ ਮੇਰੇ ਜੀਵਨ ਦੀ ਵੱਡੀ ਦਿਲਬਰੀ ਰਹੀ ਹੈ। ਤੇ ਜਦੋਂ ਔਖਿਆਈ ਅਸਹਿ ਜਿਹੀ ਜਾਪਣ ਲਗ ਪੈਂਦੀ, ਉਦੋਂ ਮੇਰੇ ਅੰਦਰੋਂ ਕੁਝ ਆਂਹਦਾ:

"ਇਹ ਮੇਰੀ ਥਾਂ ਨਹੀਂ, ਜ਼ਰੂਰ ਕੁਝ ਹੋਰ ਹੋਵੇਗਾ।"

ਚਾਰ ਵਜੇ ਦੇ ਕਰੀਬ ਮੈਨੂੰ ਇਕ ਬੋਰਡ ਸਾਹਮਣੇ ਪੇਸ਼ ਹੋਣ ਦੇ ਹੁਕਮ ਆਏ। ਮੇਰੀ ਪਾਸਪੋਰਟ ਦੀ ਪੜਤਾਲ ਤੋਂ ਪਤਾ ਲਗ ਗਿਆ ਕਿ ਮੈਂ ਵਿਦਿਆਰਥੀ ਸਾਂ, ਮੇਰੀ ਤਕਦੀਰ ਦਾ ਫ਼ੈਸਲਾ ਫੇਰ ਹੋਣ ਲਗਾ।

ਬੋਰਡ ਦੇ ਤਿੰਨ ਮੈਂਬਰ ਸਨ। ਮੇਰੀਆਂ ਅੱਖਾਂ ਉਹਨਾਂ ਦੇ ਮੂੰਹ ਤੋਂ ਫ਼ੈਸਲਾ ਅਗਾਊਂ ਪੜ੍ਹ ਰਹੀਆਂ ਸਨ। ਪਰਧਾਨ ਦਾ ਚਿਹਰਾ ਬੜਾ ਮਿੱਠਾ ਸੀ। ਦੂਜਾ ਮੈਂਬਰ ਵੀ ਮਿਹਰਬਾਨ ਤਬੀਅਤ ਦਾ ਜਾਪਦਾ ਸੀ, ਪਰ ਤੀਜਾ — ਤੀਜੇ ਮੈਂਬਰ ਨੂੰ ਮੈਂ ਚੰਗਾ ਨਹੀਂ ਸਾਂ ਲਗਾ। ਓਸ ਪੁੱਛਿਆ, ਮੇਰੇ ਕੋਲ ਰਕਮ ਕਿੰਨੀ ਸੀ? ਸਿਰਫ਼ ਇਕ ਸੌ ਡਾਲਰ ਦਾ ਡਰਾਫ਼ਟ ਹੀ ਸੀ।

"ਇਹ ਤਾਂ ਕੁਝ ਵੀ ਨਹੀਂ — ਏਨੇ ਨਾਲ ਤੁਹਾਨੂੰ ਦਾਖ਼ਲਾ ਵੀ ਨਹੀਂ ਮਿਲ ਸਕਦਾ," ਓਸ ਨੇ ਬੁੱਲ੍ਹ ਡਿੰਗੇ ਕਰ ਕੇ ਆਖਿਆ।

ਪ੍ਰੋਫ਼ੈਸਰ ਰਿਗਜ਼ ਦੀਆਂ ਚਿੱਠੀਆਂ, ਰੁੜਕੀ ਕਾਲਜ ਦਾ ਡਿਪਲੋਮਾ ਰੈਵਰੈਂਡ ਸਟੈਂਡ ਦੀਆਂ ਚਿੱਠੀਆਂ ਮੈਂ ਬੋਰਡ ਦੇ ਸਾਹਮਣੇ ਰਖ ਦਿਤੀਆਂ। ਪ੍ਰਧਾਨ ਉਹਨਾਂ ਨੂੰ ਬੜੇ ਗਹੁ ਨਾਲ ਪੜ੍ਹਨ ਲਗ ਪਿਆ, ਪਰ ਮੈਨੂੰ ਚੰਗਾ ਨਾ ਸਮਝਣ ਵਾਲੇ ਮੈਂਬਰ ਨੇ ਪੁੱਛਿਆ: "ਜੇ ਲੋੜ ਪੈ ਜਾਏ, ਤਾਂ ਕੀ ਤੁਹਾਡੇ ਘਰ ਦੇ ਤੁਹਾਨੂੰ ਕੁਝ ਭੇਜ ਸਕਦੇ ਹਨ?" 'ਹਾਂ' ਕਹਿ ਦੇਂਦਾ ਤਾਂ ਮਿਹਰਬਾਨ ਪ੍ਰਧਾਨ ਦੇ ਹੱਥ ਤਕੜੇ ਹੋ ਜਾਂਦੇ, ਪਰ 'ਹਾਂ' ਮੇਰੇ ਮੂੰਹੋਂ ਨਿਕਲ ਨਾ ਸਕੀ।

"ਫੇਰ ਤਾਂ ਤੁਹਾਨੂੰ ਵਾਪਸ ਦੇਸ ਜਾਣਾ ਹੋਵੇਗਾ," ਉਸ ਆਖਆ।

"ਵਾਪਸ ਜਾਣ ਜੋਗਾ ਕਿਰਾਇਆ ਮੇਰੇ ਕੋਲ ਨਹੀਂ, ਨਾ ਮੈਨੂੰ ਦੇਸੋਂ ਆ ਸਕਦਾ ਹੈ," ਮੈਂ ਆਖਿਆ।

'ਉਹਦਾ ਕੋਈ ਫ਼ਿਕਰ ਨਹੀਂ, ਅਸੀਂ ਤੁਹਾਡੀ ਸਰਕਾਰ ਕੋਲੋਂ ਵਸੂਲ ਕਰ ਲਵਾਂਗੇ।

ਪ੍ਰਧਾਨ ਨੇ ਮੇਰੇ ਕਾਗ਼ਜ਼ਾਂ ਉਤੇ ਨਜ਼ਰ ਮਾਰ ਲਈ ਸੀ। ਉਹ ਰੈਵਰੈਂਡ ਸਟੈਂਡ ਦੀ ਸਿਫ਼ਾਰਸ਼ ਪੜ੍ਹ ਰਿਹਾ ਸੀ, ਜਿਦ੍ਹੇ ਵਿਚ ਉਹਨਾਂ ਪ੍ਰੋਫ਼ੈਸਰ ਰਿਗਜ਼ ਨੂੰ ਲਿਖਿਆ ਸੀ: "ਇਹ ਸਿਰ ਲੱਥਾ ਨੌਜਵਾਨ ਜਾਪਦਾ ਹੈ, ਅਣਹੋਣੀ ਨਾਲ ਵੀ ਮੱਥਾ ਮਾਰਨੋਂ ਨਹੀਂ ਝਕਦਾ।"

ਪ੍ਰੋਫ਼ੈਸਰ ਰਿਗਜ਼ ਤੇ ਰੈਵਰੈਂਡ ਸਟੈਂਡ ਦੀ ਮੇਰੀ ਬਾਬਤ ਰਾਏ ਦਾ ਪ੍ਰਧਾਨ ਉਤੇ ਅਸਰ ਪ੍ਰਤੱਖ ਸੀ, ਤੇ ਸ਼ਾਇਦ ਮੇਰੇ ਅਣ-ਬਣਾਏ ਬਿਆਨਾਂ ਦਾ ਵੀ ਕੁਝ ਅਸਰ ਪਿਆ ਹੋਵੇ, ਮੈਨੂੰ ਦੂਜੇ ਕਮਰੇ ਵਿਚ ਬੈਠਣ ਲਈ ਆਖਿਆ ਗਿਆ, ਤੇ ਬੋਰਡ ਨੇ ਸਾਂਝੀ ਵਿਚਾਰ ਪਿਛੋਂ ਮੈਨੂੰ ਬੁਲਾਇਆ ਤੇ ਛੁੱਟੀ ਦੇ ਦਿਤੀ।

ਸ਼ਾਮ ਦੇ ਵੇਲੇ ਮੈਂ ਸੁਤੰਤਰ ਆਦਮੀ ਸਾਂ, ਤੇ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਮਾਂਟਰੀਆਲ ਜਾਣ ਵਾਲੀ ਗੱਡੀ ਉਡੀਕ ਰਿਹਾ ਸਾਂ। ਉਥੇ ਉਹ ਚੰਗੇ ਨੀਗਰੋ ਸਜਣ ਆ ਗਏ। ਇਹਨਾਂ ਵੀ ਮਾਂਟਰੀਆਲ ਜਾਣਾ ਸੀ। ਇਕ ਸਾਥੀ ਮਿਲਣ ਦੀ ਬੜੀ ਖ਼ੁਸ਼ੀ ਹੋਈ, ਪਰ ਹੋਣੀ ਦਾ ਸੁਭਾ ਬੜਾ ਮਸਖ਼ਰੀ-ਖੋਰਾ ਹੈ: ਸੌਖਾਂ ਨੂੰ ਔਖ, ਤੇ ਔਖਾਂ ਨੂੰ ਸੌਖ ਬਣਾਨ ਦਾ ਮਖ਼ੌਲ ਇਹ ਮਨੁੱਖ ਨਾਲ ਕਰਦੀ ਰਹਿੰਦੀ ਹੈ।

ਮਾਂਟਰੀਆਲ ਕੁਈਬੈਕ ਨਾਲੋਂ ਵੀ ਵਧੇਰੇ ਖ਼ੁਸ਼ਹਾਲ ਸ਼ਹਿਰ ਦਿਸਦਾ ਸੀ। ਮਕਾਨ ਵਡੇ

ਸੜਕਾਂ ਵੱਡੀਆਂ, ਕਾਰਖ਼ਾਨੇ ਬਹੁਤੇ, ਭੀੜ-ਭੜੱਕਾ ਬੇਅੰਤ, ਪੋਸ਼ਾਕ ਵਿਚ ਵੀ ਸ਼ੁਕੀਨੀ ਬਹੁਤੀ ਲਿਵਰਪੂਲ ਨਾਲੋਂ ਵੀ ਵਧੇਰੇ ਅਮੀਰੀ ਦੀ ਦੱਖ ਸੀ ।

ਅਸੀਂ ਵਾਈ. ਐਮ. ਸੀ. ਏ. ਵਿਚ ਚਲੇ ਗਏ । ਮੇਰੇ ਅਫ਼ਰੀਕਨ ਸਾਥੀ ਕੋਲ ਉਥੋਂ ਦੇ ਸਕੱਤਰ ਵਲ ਚਿੱਠੀ ਸੀ । ਸਕੱਤਰ ਬੜੀ ਖ਼ੁਸ਼ੀ ਖ਼ੁਸ਼ੀ ਪੇਸ਼ ਆਇਆ । ਅਸਾਂ ਇਕ ਰਾਤ ਲਈ ਰਿਹਾਇਸ਼ ਦੀ ਸਹਾਇਤਾ ਮੰਗੀ । ਉਹਨਾਂ ਦੇ ਕਮਰੇ ਭਰੇ ਹੋਏ ਸਨ, ਪਰ ਉਹਦੇ ਮੇਜ਼ ਉਤੇ ਕਈ ਮਹਿਮਾਨ ਰਖਣ ਵਾਲੇ ਘਰਾਂ ਦੀ ਫ਼ਹਿਰਿਸਤ ਪਈ ਸੀ । ਉਸ ਨੇ ਟੈਲੀਫ਼ੋਨ ਚੁਕੀ, ਦੋ ਚੰਗੇ ਸੱਜਣ ਇਕ ਰਾਤ ਲਈ ਰਿਹਾਇਸ਼ ਮੰਗਦੇ ਹਨ ।

"ਹੁਣੇ ਭੇਜ ਦਿਓ, ਕਮਰੇ ਤਿਆਰ ਨੇ," ਮਿੱਠੀ ਜਿਹੀ ਆਵਾਜ਼ ਸਾਡੇ ਕੰਨੀਂ ਵੀ ਪੈ ਗਈ । ਇਹਤਿਆਤਨ ਸਕੱਤਰ ਨੇ ਇਕ ਦੋ ਹੋਰ ਪਤੇ ਵੀ ਸਾਨੂੰ ਨੋਟ ਕਰਾ ਦਿਤੇ ।

ਪਹਿਲੇ ਘਰ ਪਹੁੰਚ ਕੇ ਅਸਾਂ ਘੰਟੀ ਖੜਕਾਈ । ਚਾਈਂ ਚਾਈਂ ਕੋਈ ਪੌੜੀਆਂ ਉਤਰ ਰਿਹਾ ਸੀ । ਹੱਸਦਾ ਮੂੰਹ ਬੂਹੇ ਵਿਚੋਂ ਲਿਸ਼ਕਿਆ, ਪਰ ਸਾਨੂੰ ਵੇਖਦਿਆਂ ਹੀ ਮੁਸਕਰਾਹਟ ਉਹਦੇ ਬੁੱਲ੍ਹਾਂ ਉਤੇ ਖ਼ੁਸ਼ਕ ਹੋ ਗਈ, ਜਿਉਂ ਕਰੰਟ ਬੰਦ ਹੋਇਆਂ ਬੱਤੀ ਹਿਸ ਜਾਂਦੀ ਹੈ ।

"ਮੈਨੂੰ ਬੜਾ ਹੀ ਅਫ਼ਸੋਸ ਹੈ । ਫ਼ੋਨ ਕਰ ਚੁੱਕਣ ਬਾਅਦ ਹੀ ਇਕ ਮਹਿਮਾਨ ਆ ਗਏ — ਬੜੇ ਲੋੜਵੰਦ ਸਨ — ਇਨਕਾਰ ਮੈਥੋਂ ਹੋ ਨਹੀਂ ਸਕਿਆ ।"

"ਕੋਈ ਗੱਲ ਨਹੀਂ ।" ਅਸੀਂ ਦੂਜਾ ਘਰ ਅਜ਼ਮਾਣ ਲਈ ਤੁਰ ਪਏ । ਭੌਂ ਕੇ ਤੱਕਿਆ, ਤਾਂ ਸੁਆਣੀ ਅੱਧ ਮੀਟੇ ਦਰਾਂ ਵਿਚੋਂ ਸਾਡੇ ਵਲ ਹੀ ਤੱਕ ਰਹੀ ਸੀ ।

ਦੂਜੇ ਘਰ ਵੀ ਸਾਡੇ ਨਾਲ ਉਸੇ ਤਰ੍ਹਾਂ ਹੋਇਆ, ਤੀਜੇ ਘਰ ਵੀ ਕੋਈ ਮਹਿਮਾਨ ਜਿਉਂ ਅਸਮਾਨੋਂ ਆ ਡਿੱਗਾ ਸੀ । ਹਾਰ ਕੇ ਅਸੀਂ ਇਕ ਰੈਸਟੋਰੈਂਟ ਵਿਚ ਚਲੇ ਗਏ । ਉਥੇ ਨਾਸ਼ਤੇ ਉਤੇ ਅਫ਼ਰੀਕਨ ਸੱਜਣ ਨੇ ਆਖਿਆ, "ਤੁਸੀਂ ਜੇ ਇਕੱਲੇ ਜਾਓ, ਸ਼ਾਇਦ ਕੋਈ ਸੁਆਣੀ ਮੰਨ ਹੀ ਜਾਏ । ਲੰਦਨ ਵਿਚ ਇਹ ਗੱਲ ਨਹੀਂ, ਪਰ ਏਥੇ ਅਮਰੀਕਾ ਦੇ ਗੁਆਂਢ ਹੋਣ ਕਰ ਕੇ ਨੀਗਰੋ ਦੇ ਖ਼ਿਲਾਫ਼ ਬੇ-ਪਨਾਹ ਤਅੱਸਬ ਹੈ ।"

ਉਹ ਸਾਥ ਹੁਣ ਛੱਡ ਦੇਣਾ ਮੈਨੂੰ ਆਪਣੀ ਹਿੰਦੁਸਤਾਨੀਅਤ ਦੇ ਵਿਰੁਧ ਜਾਪਿਆ । ਨਾਸ਼ਤੇ ਨਾਲ ਤਾਜ਼ੇ ਹੋ ਕੇ ਅਸੀਂ ਫੇਰ ਆਪਣੀ ਢੂੰਡ ਉਤੇ ਚੜ੍ਹ ਪਏ । ਹੁਣ ਸਾਡੇ ਦੋਹਾਂ ਦੀ ਨਿਰਾਸਤਾ ਇਕ ਦੂਜੇ ਦੇ ਆਸਰੇ ਹਾਸ-ਰਸ ਬਣਦੀ ਜਾ ਰਹੀ ਸੀ । ਸੁਆਣੀਆਂ ਦੇ ਮੂੰਹੋਂ ਰੁਕ ਰੁਕ ਨਿਕਲਿਆ ਝੂਠ, ਮਿਨ੍ਹ ਮਿਨ੍ਹ ਕੀਤਾ ਓਹਨਾਂ ਦਾ ਬਨੌਟੀ ਅਫ਼ਸੋਸ, ਦੋ ਸ਼ੱਕੀਆ ਦਿਸਦੇ 'ਮਾਹਣੂਆਂ' ਕੋਲੋਂ ਜਾਨ ਬਚੀ ਦੀ ਤਸੱਲੀ, ਇਹਨਾਂ ਦੇ ਵੱਖ ਵੱਖ ਨਮੂਨਿਆਂ ਉਤੇ ਟੀਕਾ-ਟਿਪਣੀ ਸਾਡਾ ਸ਼ੁਗਲ ਬਣ ਗਿਆ । ਏਸੇ ਨੂੰ ਅਸਾਂ ਕੈਨੇਡਾ ਦੇ ਸੁਹਣੇ ਸ਼ਹਿਰਾਂ ਦੀ ਸੈਰ ਸਮਝ ਲਿਆ । ਇਕ ਵਾਰੀ ਕਿਸੇ ਰੈਸਟੋਰੈਂਟ ਵਿਚ ਰੋਟੀ ਖਾਂਦਿਆਂ ਅਸਾਂ ਆਪਣੀਆਂ ਥੱਕੀਆਂ ਲੱਤਾਂ ਸਸਤਾ ਵੀ ਲਈਆਂ ।

ਦਿਨ ਢਲੇ ਨਾਲ ਇਕ ਮੋਟੀ ਜਿਹੀ ਸੁਆਣੀ ਨੇ ਸਾਨੂੰ ਕੁਝ ਵਧੇਰੇ ਦਿਲਚਸਪੀ ਨਾਲ ਘੋਖਿਆ । ਅਸੀਂ ਦੋਵੇਂ ਨਰਮ-ਮੂੰਹ ਆਦਮੀ ਸਾਂ । ਮੋਟੀ ਸੁਆਣੀ ਨੂੰ ਅਸੀਂ ਕੋਈ ਬਹੁਤੇ ਖ਼ਤਰਨਾਕ ਨਾ ਜਾਪੇ । ਉਸ ਨੇ ਸਾਨੂੰ ਦੋਹਾਂ ਨੂੰ ਇਕ ਪਲੰਘ ਦੇਣਾ ਮੰਨ ਲਿਆ । ਮੁੱਲ ਉਸ ਨੇ ਦੋਹਾਂ ਪਲੰਘਾਂ ਦਾ ਹੀ ਲਿਆ । ਸਾਨੂੰ ਇਹ ਵੀ ਮਨਜ਼ੂਰ ਸੀ, ਚਲੋ ਰਾਤ ਦਾ ਖਾਣਾ ਨਹੀਂ ਖਾਵਾਂਗੇ ।



ਰਾਤੀਂ ਇਕੋ ਪਲੰਘ ਉਤੇ ਇਕ ਦੂਜੇ ਨੂੰ ਬੇ-ਆਰਾਮ ਨਾ ਕਰਨ ਦੀ ਕੋਸ਼ਿਸ਼ ਵਿਚ ਅਸੀਂ ਸੁੰਗੜ ਸੁੰਗੜ ਲੇਟੇ । ਸਾਡੇ ਵਿਚੋਂ ਕਿਸੇ ਨੂੰ ਨੀਂਦ ਨਾ ਆਈ । ਮੇਰੇ ਸਾਥੀ ਦਾ ਰੰਗ ਭਾਵੇਂ ਮੇਰੇ ਨਾਲੋਂ ਵਧ ਕਾਲਾ ਸੀ, ਪਰ ਉਹਦੀ ਸਭਿਅਤਾ ਮੇਰੇ ਨਾਲੋਂ ਘਟ ਚਿੱਟੀ ਨਹੀਂ ਸੀ-ਘਟ ਥਾਂ ਲੈਣੀ, ਸਵਾਲ ਨਾ ਪੁੱਛਣੇ ਸਹੀ ਪ੍ਰਸੰਸਾ ਕਰ ਸਕਣੋਂ ਕਦੇ ਨਾ ਉਕਣਾ, ਨੁਕਸਾਂ ਵਲੋਂ ਅੱਖ ਪਰ੍ਹਾਂ ਕਰ ਲੈਣੀ । ਇਕ ਬੜੇ ਖ਼ੂਬਸੂਰਤ ਇਨਸਾਨ ਨਾਲ ਲੇਟਿਆਂ ਰਾਤ ਕੱਟਣ ਦੀ ਯਾਦ ਕਦੇ ਕਦੇ ਹੁਣ ਵੀ ਮੈਨੂੰ ਜਗਾਈ ਰਖਦੀ ਹੈ ।

ਦੂਜੇ ਦਿਨ ਮੇਰੇ ਸਾਥੀ ਦੀ ਗੱਡੀ ਨਿਊਯਾਰਕ ਵਲ, ਮੇਰੀ ਗੱਡੀ ਨਾਲੋਂ ਪਹਿਲਾਂ ਜਾਣੀ ਸੀ । ਉਹਨਾਂ ਨੂੰ ਗੱਡੀ ਚੜ੍ਹਾ ਕੇ ਆ ਰਿਹਾ ਸਾਂ ਕਿ ਇਕ ਲੰਮੇ ਪਤਲੇ ਕੈਨੇਡੀਅਨ ਨੇ ਮੈਨੂੰ ਸਲਾਮ ਕੀਤੀ, ਜਿਸ ਵਿਚ ਸਧਾਰਨ ਨਾਲੋਂ ਬਹੁਤੀ ਸ਼ੁਭ-ਇੱਛਾ ਝਲਕ ਰਹੀ ਸੀ ।

"ਮੈਂ ਤੁਹਾਡੇ ਚੰਗੇ ਦੇਸ ਵਿਚ ਰਹਿ ਆਇਆ ਹਾਂ — ਰੁੜਕੀ ਵਿਚ ਸੈਪਰਜ਼ ਦੇ ਨਾਲ ਮੈਂ ਕਈ ਖ਼ੁਸ਼ ਵਰ੍ਹੇ ਬਿਤਾਏ ਨੇ ।"

ਮੈਨੂੰ ਬੜੀ ਖ਼ੁਸ਼ੀ ਹੋਈ, ਕਿੰਨੇ ਹੀ ਦਿਨਾਂ ਬਾਅਦ ਕੋਈ ਹੱਸਦਾ ਮੂੰਹ ਮੇਰੇ ਮੱਥੇ ਲਗਾ ਸੀ, ਪਰ ਇਹ ਮੇਰੀ ਖ਼ੁਸ਼ੀ ਹੰਢਣਸਾਰ ਨਾ ਬਣੀ । ਉਸ ਭਲੇ ਪੁਰਸ਼ ਨੇ ਆਪਣੀ ਜ਼ਿੰਦਗੀ ਦੀਆਂ ਮੁਸ਼ਕਲਾਂ ਦੀ ਦਾਸਤਾਨ ਲੰਮੀ ਕਰ ਦਿਤੀ, ਉਹ ਮੈਥੋਂ ਕੋਈ ਸਹਾਇਤਾ ਚਾਹੁੰਦੇ ਸਨ । ਮੇਰੇ ਕੋਲ ਦੇਣ ਜੋਗਾ ਕੁਝ ਹੈ ਵੀ ਨਹੀਂ ਸੀ, ਮਸਾਂ ਐਨ ਆਰਬਰ (ਮਿਸ਼ੀਗਨ) ਦਾ ਭਾੜਾ ਹੀ ਹੋਵੇਗਾ ।

ਪਰ ਚਾਰ ਵਜੇ ਗੱਡੀ ਦੇ ਵੇਲੇ ਉਹ ਆਪਣੀ ਪਤਨੀ ਸਮੇਤ ਸਟੇਸ਼ਨ ਉਤੇ ਪਹੁੰਚੇ ਹੋਏ ਸਨ । ਹੁਣ ਮੈਨੂੰ ਸਮਝ ਆਈ, ਓਦੋਂ ਉਹਨਾਂ ਕਿਉਂ ਜ਼ੋਰ ਨਹੀਂ ਸੀ ਦਿਤਾ, ਉਹ ਆਪਣੀ ਪਤਨੀ ਦਾ ਅਸਰ ਮੇਰੇ ਉਤੇ ਅਜ਼ਮਾਨਾ ਚਾਹੁੰਦੇ ਸਨ । ਅਸਰ ਜ਼ਰੂਰ ਹੋਇਆ ਵੀ, ਉਹ ਆਪਣੇ ਆਦਮੀ ਨਾਲੋਂ ਵਧੇਰੇ ਖਿੱਚ ਵਾਲੀ ਇਸਤ੍ਰੀ ਸੀ । ਪਰ-ਪਰ-ਮੇਰੇ ਆਪਣੇ ਬੋਝੇ ਦੀ ਤੰਗੀ ! ਰੀਫ਼ਰੈਸ਼ਮੈਂਟ ਰੂਮ ਵਿਚ ਉਹਨਾਂ ਨੂੰ ਚਾਹ ਹੀ ਮੁਸ਼ਕਲ ਨਾਲ ਪਿਆ ਸਕਿਆ ।

ਉਹਨਾਂ ਦੇ ਤਰਲਿਆਂ ਤੋਂ ਮੈਂ ਹੈਰਾਨ ਹੋ ਰਿਹਾ ਸਾਂ ਕਿ ਏਡੀਆਂ ਸੁਹਣੀਆਂ ਸੜਕਾਂ, ਆਲੀਸ਼ਾਨ ਇਮਾਰਤਾਂ, ਸ਼ਾਨਦਾਰ ਦਫ਼ਤਰਾਂ ਤੇ ਸਿਨਮਿਆਂ ਵਾਲੇ ਸ਼ਹਿਰ ਵਿਚ ਇਹੋ ਜਿਹੀ ਗ਼ਰੀਬੀ ਕਿਉਂ ? ਲਿਵਰਪੂਲ ਵਿਚ ਵੀ, ਤੇ ਮਾਰਸੇਲਜ਼ ਵਿਚ ਵੀ ਮੈਂ ਪੂਰੇ ਟੱਬਰ ਵਾਜੇ ਨਾਲ ਮੰਗਦੇ ਵੇਖੇ ਸਨ । ਹਿੰਦੁਸਤਾਨ ਨਾਲੋਂ ਦੂਣੀ ਧਰਤੀ ਵੀ ਏਥੋਂ ਦੇ ਨਿਗੂਣੇ ਅੱਸੀ ਲੱਖ ਮਨੁੱਖਾਂ ਨੂੰ ਰਜਾ ਨਹੀਂ ਸੀ ਸਕਦੀ !

ਦੂਜੇ ਦਿਨ ਮੇਰੀ ਗੱਡੀ ਐਨ ਆਰਬਰ ਵਿਚ ਪਹੁੰਚੀ । ਗੱਡੀਆਂ, ਸਟੇਸ਼ਨ, ਸਵਾਰੀਆਂ, ਅਸਬਾਬ, ਬੱਸਾਂ ਸਭ ਅਖੁਟ ਅਮੀਰੀ ਦਾ ਪ੍ਰਭਾਵ ਪਾਂਦੀਆਂ ਸਨ । ਯੂਨੀਵਰਸਿਟੀ ਦੇ ਸੁਆਗਤ ਹਾਲ ਵਿਚ ਮੈਂ ਜਾ ਪਹੁੰਚਾ । ਕਾਊਂਟਰ ਉਤੇ ਇਕ ਸ਼ਾਨਦਾਰ ਮੁਟਿਆਰ ਖੜੋਤੀ ਸੀ । ਉਹਦੀ ਮੁਸਕਾਨ ਤੇ ਉਹਦੇ ਬੋਲ ਸੰਤੁਸ਼ਟਤਾ ਖਿਲਾਰੀ ਜਾ ਰਹੇ ਸਨ । ਇਕ ਭੀੜ ਉਹਦੀ ਉਡੀਕਵਾਨ ਸੀ, ਪਰ ਪ੍ਰਦੇਸੀ ਵੇਖ ਕੇ ਪਹਿਲਾ ਧਿਆਨ ਉਸ ਮੈਨੂੰ ਦਿਤਾ ।

ਪ੍ਰੋਫ਼ੈਸਰ ਰਿਗਜ਼ ਦਾ ਨਾਂ ਸੁਣ ਕੇ ਉਸ ਫ਼ੋਨ ਚੁੱਕ ਲਈ । ਪ੍ਰੋਫ਼ੈਸਰ ਰਿਗਜ਼ ਇਕ ਕਮੇਟੀ ਦੀ ਪ੍ਰਧਾਨਗੀ ਕਰ ਰਹੇ ਸਨ । ਇਕ ਸੋਫ਼ੇ ਉਤੇ ਬਹਿਣ ਲਈ ਉਹਨੇ ਮੈਨੂੰ ਆਖਿਆ । ਮੈਂ ਉਸ ਹਾਲ ਦੀ ਸਭਿਅਤਾ ਦਾ ਅੰਦਾਜ਼ਾ ਲਾ ਰਿਹਾ ਸਾਂ : ਇਕ ਬੇਲੋੜਾ ਲਫ਼ਜ਼ ਨਹੀਂ, ਲੋੜ ਨਾਲੋਂ ਉੱਚਾ ਲਹਿਜਾ ਨਹੀਂ, ਕਦਮਾਂ ਵਿਚ ਖੜਾਕ ਨਹੀਂ, ਬੋਲ ਵਿਚ ਇਕ ਖ਼ੂਬਸੂਰਤ

ਲਿਹਾਜ਼ !......ਤਦੇ ਉਹ ਮੁਟਿਆਰ ਮੇਰੇ ਕੋਲ ਆ ਖੜੋਤੀ, ਤੇ ਹਸੂੰ ਹਸੂੰ ਕਰਦੀ ਨੇ ਤਸਵੀਰਾਂ ਵਾਲੇ ਰਸਾਲਿਆਂ ਦਾ ਢੇਰ ਮੇਰੇ ਸੋਫ਼ੇ ਉਤੇ ਲਾ ਦਿਤਾ ।

ਪੰਦਰਾਂ ਮਿੰਟਾਂ ਬਾਅਦ ਉਹ ਫੇਰ ਮੇਰੇ ਕੋਲ ਆਈ ।

"ਪ੍ਰੋਫ਼ੈਸਰ ਰਿਗਜ਼ ਤੁਹਾਨੂੰ ਜੀ ਆਇਆਂ ਨੂੰ ਆਖਦੇ ਹਨ । ਕਹਿੰਦੇ ਹਨ, ਤੁਸੀਂ ਅਜ ਉਹਨਾਂ ਦੇ ਮਹਿਮਾਨ ਹੋ — ਉਹ ਉਡੀਕ ਰਹੇ ਨੇ ।"

ਪ੍ਰੋਫ਼ੈਸਰ ਰਿਗਜ਼ ਨੂੰ ਕਮੇਟੀ-ਕਮਰੇ ਵਿਚ ਹੀ ਸੁਨਿਹਾ ਘਲਿਆ ਗਿਆ ਸੀ । ਅਜੇ ਉਹਨਾਂ ਦਾ ਕੰਮ ਮੁੱਕਾ ਨਹੀਂ ਸੀ । ਬੱਤੀਆਂ ਜਗ ਚੁਕੀਆਂ ਸਨ । ਉਹਨਾਂ ਦੀ ਸਕੱਤਰ ਨੇ ਮੈਨੂੰ ਬੜੇ ਆਦਰ ਨਾਲ ਬਿਠਾਇਆ, ਮੇਰੀ ਡਾਕ ਮੈਨੂੰ ਦਿਤੀ; "ਪ੍ਰੋਫ਼ੈਸਰ ਰਿਗਜ਼ ਹੁਣੇ ਆਉਣਗੇ, ਉਹਨਾਂ ਮੈਨੂੰ ਤੁਹਾਡੇ ਦਿਲ-ਬਹਿਲਾਵੇ ਦੀ ਤਾਕੀਦ ਕੀਤੀ ਏ ।"

ਪ੍ਰੋਫ਼ੈਸਰ ਰਿਗਜ਼ ! ਕਿਹੋ ਜਿਹਾ ਮੂੰਹ ਸੀ ਮਨੁੱਖਾਂ ਵਿਚ ਏਸ ਸ਼ਹਿਜ਼ਾਦੇ ਦਾ ! ਏਡਾ ਕੋਮਲ ਮੂੰਹ ਅਜ ਤਕ ਮੈਂ ਕਿਸੇ ਆਦਮੀ ਦਾ ਨਹੀਂ ਵੇਖਿਆ । ਠੀਕ, ਇਹ ਉਹ ਸੱਜਣ ਸਨ, ਜਿਨ੍ਹਾਂ ਨੂੰ ਮਿਲਿਆਂ ਦੁੱਖ ਦਰਦ ਸਭ ਭੁੱਲ ਜਾਂਦੇ ਹਨ । ਤੇ ਉਹਨਾਂ ਦੀ ਸਭਿਅਤਾ ! — ਉਹ ਆਪ ਮੈਨੂੰ ਗ਼ੁਸਲਖ਼ਾਨੇ ਵਿਚ ਲੈ ਗਏ, ਮਤੇ ਚਿਲਮਚੀ ਦਾ ਟੈਪ ਅਨੋਖਾ ਹੋਵੇ, ਉਹਨਾਂ ਆਪ ਖੋਹਲ ਕੇ ਚਿਲਮਚੀ ਧਰ ਦਿਤੀ ।

ਆਪਣੇ ਘਰ ਨਹੀਂ ਲੈ ਗਏ. ਸ਼ਾਇਦ ਕਪੜੇ ਵਟਾਣਾ ਮੇਰੇ ਲਈ ਸਵਾਲ ਹੋਵੇ । ਇਕ ਹੋਟਲ ਵਿਚ ਲੈ ਗਏ । ਇਹ ਵਿਦਿਆਰਥੀਆਂ ਦੀ ਆਪਣੀ ਯੂਨੀਅਨ ਦੀ ਇਮਾਰਤ ਸੀ । ਏਡਾ ਸੁਹਣਾ ਮੈਂ ਕੋਈ ਪਾਰਲੀਮੈਂਟ ਘਰ ਵੀ ਨਹੀਂ ਸੀ ਵੇਖਿਆ । ਮੇਰੇ ਪਰਵਾਰ ਦੀ ਸੁਖ-ਸਾਂਦ ਪੁੱਛੀ, ਮੇਰਾ ਮਾਸ ਨਾ ਖਾਣਾ ਸੁਣ ਕੇ ਦੋ ਬੇ-ਮਾਸ ਖਾਣਿਆਂ ਦਾ ਆਰਡਰ ਦਿਤਾ, ਮਾਸ-ਖ਼ੋਰੀ ਦੀ ਨਿੰਦਿਆ ਕੀਤੀ, ਮੇਰੇ ਚੰਗੇ ਦੰਦਾਂ ਦੀ ਦਾਦ ਦਿਤੀ, ਆਪਣੇ ਲੋਕਾਂ ਦੇ ਖ਼ਰਾਬ ਦੰਦਾਂ ਦਾ ਕਾਰਨ ਮਾਸ-ਖ਼ੋਰੀ ਦਸਿਆ । ਅਗਲੇ ਨੂੰ ਘਰ ਵਿਚ ਹੋਣਾ ਮਹਿਸੂਸ ਕਰਾਣ ਦੀ ਕੇਡੀ ਉਹਨਾਂ ਨੂੰ ਜਾਚ ਸੀ ! ਜੋ ਸਿਫ਼ਤ ਦੀ ਚੰਗੀ ਮਨੁੱਖਤਾ ਵੀ ਮੈਂ ਖ਼ਿਆਲ ਕਰ ਸਕਦਾ ਸਾਂ, ਉਹ ਉਸ ਪਿਆਰੇ ਮਨੁੱਖ ਵਿਚ ਸੀ ! ਮੇਰੇ ਵਲ ਉਹਦੇ ਇਹੋ ਜਿਹੇ ਧਿਆਨ ਨੇ ਮੈਨੂੰ ਸਾਰੇ ਹਾਲ ਵਿਚ ਆਦਰ ਦਾ ਕੇਂਦਰ ਬਣਾ ਦਿਤਾ ।

ਕੇਡਾ ਫ਼ਰਕ ਸੀ ਏਥੋਂ ਦੀ ਤੇ ਜਹਾਜ਼, ਕੁਈਬੈਕ ਤੇ ਮਾਂਟਰੀਆਲ ਦੀ ਜ਼ਿੰਦਗੀ ਵਿਚ ! ਉਥੇ ਮੈਨੂੰ ਸਹੀ ਲਫ਼ਜ਼ ਨਹੀਂ ਸਨ ਅਹੁੜਦੇ, ਮੈਂ ਆਪਣੇ ਆਪ ਨੂੰ ਵੀ ਮੂਰਖ ਜਾਪਣ ਲਗ ਪਿਆ ਸਾਂ, ਮੈਨੂੰ ਆਪਣੇ ਫ਼ੈਸਲੇ ਉਤੇ ਪਛਤਾਵਾ ਲਗ ਪਿਆ ਸੀ । ਮੇਰੇ ਸਾਥੀ ਆਪਣੇ ਨਾਲ ਗ਼ੁਸੇ, ਮੇਰੇ ਨਾਲ ਗ਼ੁਸੇ, ਸਾਰੀ ਦੁਨੀਆਂ ਨਾਲ ਗ਼ੁਸੇ ਸਨ ।

ਏਸ ਵਿੱਦਿਆ-ਮੰਦਰ ਵਿਚ ਹਰ ਕੋਈ ਦੂਜੇ ਦੀ ਖ਼ੁਸ਼ੀ ਦਾ ਇੱਛਕ ਨਜ਼ਰ ਆਉਂਦਾ ਸੀ । ਮੇਰਾ ਕੱਦ ਉੱਚਾ ਹੋ ਗਿਆ, ਮੇਰਾ ਰੰਗ ਚਿੱਟਾ ਹੋ ਗਿਆ ।

ਉਹ ਰਾਤ ਮੈਂ ਯੂਨੀਅਨ ਦੇ ਹੋਸਟਲ ਵਿਚ ਸੁੱਤਾ । ਪਤਾ ਲਗਾ ਦੋ ਕਰੋੜ ਰੁਪਈਏ ਏਸ ਇਮਾਰਤ ਉਤੇ ਖ਼ਰਚ ਆਏ ਸਨ । ਅੱਧੀ ਰਕਮ ਵਿਦਿਆਰਥੀਆਂ ਨੇ ਇਕੱਠੀ ਕੀਤੀ, ਤੇ ਅੱਧੀ ਸਰਕਾਰ ਨੇ ਪਾਈ । ਪ੍ਰਬੰਧ ਸਾਰਾ ਵਿਦਿਆਰਥੀ ਯੂਨੀਅਨ ਦਾ ਸੀ । ਇਹਦੇ ਵਿਚ ਪਹਿਲੇ ਦਰਜੇ ਦੇ ਰਿਹਾਇਸ਼ ਕਮਰੇ, ਖਾਣ-ਕਮਰਾ, ਬੈਠਕ-ਕਮਰਾ, ਨਾਚ-ਕਮਰਾ, ਖੇਡ-ਕਮਰਾ,



ਤਰਨ-ਤਲਾਅ, ਕਈ ਲੈਕਚਰ-ਕਮਰੇ ਤੇ ਲਾਇਬ੍ਰੇਰੀ ਸੀ । ਸੈਂਕੜੇ ਵਿਦਿਆਰਥੀ ਏਥੇ ਕੁਝ ਸਮਾਂ ਕੰਮ ਕਰਦੇ ਸਨ ।

ਦੂਜੇ ਦਿਨ ਪ੍ਰੋਫ਼ੈਸਰ ਰਿਗਜ਼ ਦੀ ਸਿਫ਼ਾਰਸ਼ ਨਾਲ ਇਕ ਭਲੇ ਟੱਬਰ ਵਿਚ ਮੈਨੂੰ ਰਿਹਾਇਸ਼ ਮਿਲ ਗਈ । ਏਥੋਂ ਦੇ ਸਾਰੇ ਘਰ ਯੂਨੀਵਰਸਿਟੀ ਦੀ ਮਰਯਾਦਾ ਹੇਠਾਂ ਹੁੰਦੇ ਹਨ ।

ਮੇਰੀ ਸਿੱਖ ਸ਼ਕਲ ਐਨ ਆਰਬਰ ਦੇ ਲੋਕਾਂ ਤਾਂ ਪ੍ਰਵਾਨ ਕਰ ਲਈ, ਪਰ ਮੇਰੇ ਦੇਸ ਦੇ ਤੇਰ੍ਹਾਂ ਵਿਦਿਆਰਥੀ ਏਥੇ ਪੜ੍ਹਦੇ ਸਨ, ਉਹ ਸਾਰੇ ਮੈਥੋਂ ਸ਼ਰਮਾ ਜਿਹੇ ਗਏ । ਮਤੇ ਮੈਂ ਉਹਨਾਂ ਨੂੰ ਸ਼ਰਮਸਾਰ ਕਰਾਂ, ਉਹ ਮੈਨੂੰ ਮੱਤਾਂ ਦੇਣ ਨੂੰ ਬੜੇ ਕਾਹਲੇ ਸਨ : ਏਥੇ 'ਅਫ਼ਸੋਸ' ਕਰਨਾ, ਓਥੇ 'ਥੈਂਕ-ਯੂ' ਆਖਣਾ । ਉਹਨਾਂ ਵਿਚੋਂ ਕੋਈ ਏਉਂ ਸਮਝਦੇ ਮੈਨੂੰ ਜਾਪੇ ਜਿਉਂ ਉਹਨਾਂ ਦਾ ਅਮਰੀਕਾ ਆਉਣਾ ਤਾਂ ਬਣਦਾ ਹੀ ਸੀ, ਪਰ ਏਸ ਅਣਸੋਧੇ ਸਿੱਖ ਦਾ ਏਥੇ ਕੀ ਕੰਮ ਸੀ !

ਤੀਜੇ ਦਿਨ ਪ੍ਰੋਫ਼ੈਸਰ ਰਿਗਜ਼ ਨੇ ਯੂਨੀਵਰਸਿਟੀ ਦੇ ਐਸਟੀਮੇਟਿੰਗ ਦਫ਼ਤਰ ਵਿਚ ਮੇਰੇ ਪੂਰੇ ਵਕਤ ਦੀ ਨੌਕਰੀ ਲੁਆ ਦਿਤੀ । ਤਨਖ਼ਾਹ ਸਵਾ ਸੌ ਡਾਲਰ, ਓਸ ਸਮੇਂ ਦੇ ਲਿਹਾਜ਼ੋਂ ਚੰਗੀ ਤਨਖ਼ਾਹ ਸੀ । ਜਿਹੜੇ ਹਮਵਤਨਾਂ ਨੂੰ ਪਹਿਲੀ ਨਜ਼ਰੇ ਮੈਂ ਜਾਂਗਲੀ ਦਿਸਿਆ ਸਾਂ, ਹੌਲੀ ਹੌਲੀ ਉਹ ਮੇਰਾ ਆਦਰ ਕਰਨ ਲਗ ਪਏ । ਕੁਝ ਇਕਨਾਂ ਨੂੰ ਤਾਂ ਮੇਰੀ ਲੋੜ ਪੈ ਗਈ । ਉਹ ਸਾਰੇ ਹੋਟਲਾਂ, ਰੈਸਟੋਰੈਂਟਾਂ ਵਿਚ ਰੋਟੀ ਖਾਂਦੇ ਸਨ, ਪਰ ਮੈਂ ਆਪਣੀ ਰੋਟੀ ਆਪ ਬਣਾਂਦਾ ਸਾਂ । ਜਦੋਂ ਘਰੋਂ ਖ਼ਰਚ ਆਉਣ ਵਿਚ ਦੇਰ ਹੋ ਜਾਂਦੀ, ਤਾਂ ਇਕ ਆ, ਦੋ ਆ, ਤਿੰਨ ਆ, ਮੇਰਾ ਕਮਰਾ ਉਹਨਾਂ ਦਾ ਲੰਗਰ ਬਣ ਜਾਂਦਾ । ਓੜਕ ਮੇਰੀ ਸੁਆਣੀ ਦੇ ਇਤਰਾਜ਼ ਨੇ ਹੋਰ ਵਾਧੇ ਅਗੇ ਲਕੀਰ ਖਿੱਚ ਦਿਤੀ ।

ਐਨ ਆਰਬਰ ਨਿਰੋਲ ਯੂਨੀਵਰਸਿਟੀ ਸ਼ਹਿਰ ਹੈ ਓਦੋਂ ਇਹਦੀ ਆਬਾਦੀ ਕੋਈ ਚਾਲ੍ਹੀ ਕੁ ਹਜ਼ਾਰ ਸੀ, ਜਿਦ੍ਹੇ ਵਿਚੋਂ ਸੋਲ੍ਹਾਂ ਹਜ਼ਾਰ ਵਿਦਿਆਰਥੀ, ਡੇਢ ਦੋ ਹਜ਼ਾਰ ਪ੍ਰੋਫ਼ੈਸਰ, ਦੋ ਚਾਰ ਹਜ਼ਾਰ ਉਹਨਾਂ ਦੇ ਪਰਵਾਰ-ਮੈਂਬਰ, ਤੇ ਬਾਕੀ ਵੱਸੋਂ ਇਹਨਾਂ ਵਿਦਿਆਰਥੀਆਂ ਲਈ ਬੈਂਕ, ਹੋਟਲ, ਸਿਨੇਮਾ, ਦੁਕਾਨਾਂ, ਕਾਫ਼ੀ-ਘਰ, ਰਿਹਾਇਸ਼ੀ ਘਰ ਆਦਿ ਦਾ ਪਰਬੰਧ ਕਰਦੀ ਸੀ ।

ਪੂਰਨ ਵਿਦਿਅਕ ਵਾਯੂ-ਮੰਡਲ ਏਥੇ ਮੈਨੂੰ ਦਿਸਿਆ । ਟਰੈਫ਼ਿਕ ਪਰਬੰਧ ਤੋਂ ਛੁੱਟ ਸਿਰਫ਼ ਦੋ ਪੋਲੀਸ ਕੰਨਸਟੇਬਲ ਸਨ, ਇਹਨਾਂ ਨੂੰ ਵੀ ਯੂਨੀਵਰਸਿਟੀ ਚੁਣਦੀ ਸੀ । ਉਥੇ ਕੋਈ ਚੋਰੀ ਨਹੀਂ ਸੀ ਹੁੰਦੀ, ਠੱਗੀ ਠੋਰੀ ਕਦੀ ਸੁਣੀ ਨਹੀਂ ਸੀ । ਦੂਜੇ ਸ਼ਹਿਰਾਂ ਵਿਚੋਂ ਹਰ ਤਰ੍ਹਾਂ ਦੀਆਂ ਖ਼ਬਰਾਂ ਆਉਂਦੀਆਂ, ਰੇਲਾਂ ਦੀਆਂ ਰੇਲਾਂ ਖਲ੍ਹਾਰ ਕੇ ਡਾਕੂ ਲੁੱਟ ਲੈਂਦੇ, ਵੇਸਵਾ-ਗਮਨੀ ਦੀ ਬੜੀ ਚਰਚਾ ਹੁੰਦੀ, ਪਰ ਐਨ ਆਰਬਰ ਪਵਿੱਤ੍ਰਤਾ ਦਾ ਮੰਦਰ ਸੀ । ਘਰਾਂ ਨੂੰ ਜੰਦਰੇ ਬੇ-ਲੋੜੇ ਸਨ, ਲੜਾਈ ਘਾਮਾ ਤੇ ਗੱਲ ਹੀ ਵੱਡੀ ਹੈ, ਉੱਚੀ ਤਕਰਾਰ ਵੀ ਓਪਰੀ ਝਾਤੀ ਸੀ । ਕੀਮਤਾਂ ਨੀਯਤ ਸਨ, ਧੋਬੀ, ਦੋਧੀ, ਦਰਜ਼ੀ ਸਭ ਯੂਨੀਵਰਸਿਟੀ ਦੇ ਕਾਨੂੰਨ ਵਿਚ ਸਨ । ਯੂਨੀਵਰਸਿਟੀ ਦੀ ਹਕੂਮਤ ਦੇ ਦੋ ਭਾਗ ਸਨ, ਇਕ ਯੂਨੀਵਰਸਿਟੀ ਦਾ ਨਜ਼ਾਮ, ਦੂਜਾ ਵਿਦਿਆਰਥੀ ਯੂਨੀਅਨ ।

ਇਹੋ ਜਿਹਾ ਯੂਨੀਵਰਸਿਟੀ ਸ਼ਹਿਰ ਆਪਣੇ ਦੇਸ ਵਿਚ ਮੇਰੇ ਵੱਡੇ ਸੁਪਨਿਆਂ ਵਿਚੋਂ ਇਕ ਹੈ ।

# ਭਾਬੀ ਮੈਨਾ

ਸ਼ਹਿਰ ਦੀ ਇਕ ਗਲੀ ਦੇ ਦੋ ਆਹਮੋ-ਸਾਹਮਣੇ ਘਰਾਂ ਵਿਚਕਾਰ ਮਸਾਂ ਤਿੰਨ ਸਾਢੇ ਤਿੰਨ ਗਜ਼ ਦੀ ਵਿਥ ਸੀ। ਦੋ ਬਾਰੀਆਂ ਵੀ ਪਹਿਲੀ ਛੱਤ ਉਤੇ ਆਹਮੋ-ਸਾਹਮਣੇ ਹੀ ਖੁਲ੍ਹਦੀਆਂ ਸਨ। ਇਕ ਵਿਚੋਂ, ਸਾਹਮਣੇ ਕੰਧ ਨਾਲ ਵੱਡਾ ਸ਼ੀਸ਼ਾ ਲਟਕਿਆ ਦਿਸਦਾ ਸੀ। ਹੋਰ ਚੀਜ਼ਾਂ ਏਸ ਕਮਰੇ ਵਿਚ ਥੋੜੀਆਂ ਹੀ ਸਨ : ਇਕ ਮੰਜੀ, ਇਕ ਪੀਹੜੀ, ਇਕ ਆਲੇ ਵਿਚ ਦੋ ਚਾਰ ਕਿਤਾਬਾਂ, ਕੰਘੀ, ਤੇਲ, ਤੇ ਕੰਧ ਉਤੇ ਇਕ ਦੋ ਤਸਵੀਰਾਂ, ਟੋਕਰੀ ਵਿਚ ਦੋ ਚਾਰ ਕਪੜੇ।

ਇਹ ਛੋਟਾ ਜਿਨਾ ਕਮਰਾ ਸੀ, ਤੇ ਇਸ ਵਿਚ ਸਿਵਾਏ ਇਕੋ ਇਸਤ੍ਰੀ ਦੇ ਕੋਈ ਹੋਰ ਸੂਰਤ ਘਟ ਹੀ ਕਦੇ ਵੇਖੀ ਗਈ ਸੀ। ਇਹ ਕਦੇ ਕਸ਼ੀਦਾ ਕਢਦੀ, ਕਦੇ ਕਿਤਾਬ ਪੜ੍ਹਦੀ, ਕਦੇ ਊਂਧੀ ਪਾਈ ਬੈਠੀ ਹੁੰਦੀ — ਤੇ ਕਦੇ ਸ਼ੀਸ਼ੇ ਸਾਹਮਣੇ ਖਲੋ ਕੇ ਵਾਲਾਂ ਨੂੰ ਕਿੰਨਾ ਕਿੰਨਾ ਚਿਰ ਕੰਘੀ ਕਰਦੀ ਰਹਿੰਦੀ। ਕੰਘਾ ਇਹ ਕਰਦੀ ਵੀ ਕਈ ਵਾਰੀ ਸੀ ਤੇ ਘਰਦਿਆਂ ਦਾ ਖ਼ਿਆਲ ਸੀ ਕਿ ਇਹਨੂੰ ਕੰਘੇ ਦਾ ਝੱਲ ਹੈ।

ਇਹਦੇ ਵਾਲ ਲੰਮੇ ਵੀ ਬੜੇ ਸਨ। ਜਦੋਂ ਇਹ ਉੜ ਕੇ ਉਹਨਾਂ ਦੀ ਲੰਬਾਈ ਆਪ ਵੇਖਦੀ ਤਾਂ ਗਿੱਟੇ ਛੁਹ ਘਤਦੇ ਸਨ, ਤੇ ਜੇ ਕਿਸੇ ਨੇ ਇਹ ਚਾਨਣੇ ਵੇਖੇ ਹੁੰਦੇ, ਤਾਂ ਉਹਨਾਂ ਦੀ ਲਿਸ਼ਕ ਦਾ ਵੀ ਉਹਨੂੰ ਜ਼ਰੂਰ ਪਤਾ ਹੁੰਦਾ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨੂੰ ਆਪਣੇ ਵਾਲਾਂ ਦਾ ਬੜਾ ਮਾਣ ਸੀ।

ਇਹ ਜਵਾਨ ਸੀ, ਸੁਨਕਸ਼ ਤੇ ਲੰਮੀ। ਇਹਦੀਆਂ ਅੱਖਾਂ ਦਾ ਰੰਗ ਸਾਹਮਣੀ ਬਾਰੀ 'ਚੋਂ ਨਹੀਂ ਸੀ ਦਿਸ ਸਕਦਾ, ਪਰ ਦਖ ਬੜੀ ਮਿੱਠੀ ਤੇ ਉਦਾਸ ਸੀ।

ਇਹ ਬਹੁਤਾ ਚਿਰ ਆਪਣੀ ਬਾਰੀ ਦੀ ਰੌਂਸ ਉਤੇ ਬੈਠੀ ਹੰਝੂ ਕੇਰਦੀ ਰਹਿੰਦੀ ਸੀ, ਕਦੇ ਬਾਰੀ 'ਚੋਂ ਸਿਰ ਲਮਕਾ ਕੇ ਬਾਹਰ ਵੇਖਦੀ ਨੂੰ ਕਿਸੇ ਨਹੀਂ ਸੀ ਤੱਕਿਆ। ਪਰ ਗਲੀ ਵਾਲਿਆਂ ਨੂੰ ਇਹਦੀ ਬੈਠਕ ਦਾ ਅਹਿਸਾਸ ਜ਼ਰੂਰ ਹੁੰਦਾ ਸੀ, ਤੇ ਕਦੇ ਕੋਈ ਲੰਘਦੀ ਜਾਂਦੀ ਆਵਾਜ਼ ਵੀ ਮਾਰ ਲੈਂਦੀ ਸੀ, ਤੇ ਇਹ ਬੜੇ ਮਿੱਠੇ ਲਹਿਜੇ ਵਿਚ ਜ਼ਰਾ ਕੁ ਉਲਰ ਕੇ ਜਵਾਬ ਦੇ ਦੇਂਦੀ ਸੀ।

ਜਦੋਂ ਇਹ ਕਮਰੇ ਵਿਚ ਨਾ ਹੋਵੇ ਤਾਂ ਬਾਰੀ ਬੰਦ ਹੋ ਜਾਂਦੀ ਸੀ, ਪਰ ਸਿਆਲ ਵਿਚ ਲੌਢੇ ਕੁ ਵੇਲੇ, ਤੇ ਗਰਮੀਆਂ ਵਿਚ ਬਾਰਾਂ ਕੁ ਵਜੇ ਇਹ ਬਾਰੀ ਜ਼ਰੂਰ ਖੁਲ੍ਹਦੀ ਸੀ, ਤੇ ਇਸ ਬਾਰੀ ਵਿਚ ਜ਼ਰਾ ਕੁ ਪਾਸਾ ਪਰਤ ਕੇ ਉਹ ਬੈਠੀ ਹੁੰਦੀ ਸੀ, ਤੇ ਕਦੇ ਕਦੇ ਗਲੀ ਵਲ ਝਾਕ ਲਿਆ ਕਰਦੀ ਸੀ।

ਊਏਂ ਇਕ ਬੱਚਾ ਜਿਹਾ ਲੜਕਾ ਬਸਤਾ ਫੜੀ ਗਲੀ ਦਾ ਮੋੜ ਮੁੜਦਾ ਦਿਸ ਪੈਂਦਾ। ਇਹ ਕੰਮ ਛਡ ਕੇ ਬਾਰੀ ਦੇ ਜੰਗਲੇ ਦੀਆਂ ਗੁੱਡੀਆਂ ਵਿਚੋਂ ਉਧਰ ਤੱਕਦੀ ਰਹਿੰਦੀ। ਉਹ ਲੜਕਾ ਵੀ ਕਦੇ ਕਦੇ ਉਤਾਂਹ ਤੱਕਦਾ, ਤੇ ਫੇਰ ਆਪਣੇ ਘਰ ਵੜ ਜਾਂਦਾ। ਉਹਦੇ ਪੌੜੀਆਂ ਚੜ੍ਹਨ ਦੀ ਟੁਪ ਟੁਪ ਇਸਤ੍ਰੀ ਦੇ ਕੰਨਾਂ ਵਿਚ ਹੁੰਦੀ। ਉਹ ਕਦੇ ਉਸ ਘਰ ਨਹੀਂ ਸੀ ਗਈ,



ਪਰ ਉਹਨੂੰ ਉਹਨਾਂ ਦੀ ਪੌੜੀ ਦੇ ਅੱਡਿਆਂ ਦੀ ਗਿਣਤੀ ਯਾਦ ਸੀ, ਹਰ ਅੱਡੇ ਉਤੇ ਪੈਂਦ ਪੈਰਾਂ ਨੂੰ ਉਹਨਾਂ ਦੀ ਆਵਾਜ਼ ਦੇ ਨਾਲ ਉਸ ਨੇ ਕਈ ਵਾਰੀ ਆਪਣੀ ਛਾਤੀ ਨਾਲ ਘੁਟਿਆ ਸੀ।

ਦੂਜੇ ਘਰ ਕੋਈ ਬੂਹਾ ਖੁਲ੍ਹਦਾ, ਉਹ ਤੱਕੇ ਬਿਨਾਂ ਹੀ ਮਹਿਸੂਸ ਕਰਦੀ ਕਿ ਸਾਹਮਣੀ ਬੈਠਕ ਵਿਚ ਕੋਈ ਵੜਿਆ ਹੈ।

ਬਸਤਾ ਇਕ ਪਾਸੇ ਧਰ ਉਹ ਲੜਕਾ, ਕੁਝ ਚਿਰ ਆਪਣੀ ਬਾਰੀ ਖੋਲ੍ਹ ਕੇ ਸਾਹਮਣੀ ਬਾਰੀ ਵਲ ਵੇਖਦਾ। ਇਸਤਰੀ ਉਧਰ ਨਹੀਂ ਸੀ ਤੱਕਦੀ, ਪਰ ਉਹਨੂੰ ਪਤਾ ਹੁੰਦਾ ਸੀ, ਕਿ ਉਹਦੇ ਇਕ ਪਾਸੇ ਉਹ ਅੱਖਾਂ ਲਗੀਆਂ ਹੋਈਆਂ ਹਨ, ਜਿਨ੍ਹਾਂ ਦੀ ਰਾਹ ਉਹ ਰੋਜ਼ ਤੱਕਦੀ ਰਹਿੰਦੀ ਸੀ, ਤੇ ਜੇ ਕਿਸੇ ਦਿਨ ਉਹਨੂੰ ਸਕੂਲੋਂ ਆਉਂਦਿਆਂ ਦੇਰ ਹੋ ਜਾਏ ਤਾਂ ਆਉਂਦੇ ਮੁੰਡਿਆਂ ਕੋਲੋਂ ਉਹ ਪੁੱਛਣਾ ਚਾਹੁੰਦੀ ਸੀ : "ਕਾਕਾ ਕਿਉਂ ਨਹੀਂ ਆਇਆ ?"......ਪਰ ਪੁੱਛਿਆ ਉਸ ਕਦੇ ਨਹੀਂ ਸੀ।

ਕਾਕਾ ਬਠਕ ਦਾ ਬੂਹਾ ਭੀੜ ਕੇ ਕੋਠੇ ਉਤੇ ਚੜ੍ਹ ਜਾਂਦਾ ਸੀ।

ਕਿੰਨਾ ਹੀ ਚਿਰ ਏਸ ਤਰ੍ਹਾਂ ਲੰਘ ਗਿਆ। ਕਾਕਾ ਹੁਣ ਤੇਰ੍ਹਾਂ ਸਾਲਾਂ ਦਾ ਹੋਣ ਲਗਾ। ਉਹਦੀ ਦਿਲਚਸਪੀ ਸਾਹਮਣੀ ਬਾਰੀ ਵਿਚ ਉਹਨੂੰ ਕੁਝ ਵਧੇਰੇ ਸੁਆਦਲੀ ਮਹਿਸੂਸ ਹੋਣ ਲਗ ਪਈ। ਇਕ ਦਿਨ ਉਸ ਆਪਣੀ ਮਾਂ ਕੋਲੋਂ ਪੁੱਛਿਆ :

"ਸਾਡੇ ਘਰ ਸਾਰੇ ਆਉਂਦੇ ਨੇ — ਪਰ ਸਾਹਮਣੇ ਘਰੋਂ ਕਦੇ ਕੋਈ ਕਿਉਂ ਨਹੀਂ ਆਇਆ ?"

"ਕਾਕਾ — ਇਹ ਇਕੱਲਾ ਭਾਬੜਿਆਂ ਦਾ ਘਰ ਸਾਡੀ ਗਲੀ ਵਿਚ ਏ — ਇਹ ਲੋਕ ਮਾਸ ਤੋਂ ਬੜਾ ਪਰਹੇਜ਼ ਕਰਦੇ ਨੇ — ਇਹ ਏਸ ਲਈ ਸਿੱਖਾਂ ਨਾਲ ਕੋਈ ਵਰਤਣ ਵਿਹਾਰ ਨਹੀਂ ਰਖਦੇ।"

"ਪਰ ਮਾਂ, ਅਸੀਂ ਤੇ ਮਾਸ ਨਹੀਂ ਖਾਂਦੇ।"

"ਇਹ ਸਮਝਦੇ ਨੇ, ਸਾਰੇ ਸਿੱਖ ਮਾਸ ਖਾਂਦੇ ਨੇ।"

"ਤੇ ਕੀ ਇਹ ਘਰੋਂ ਬਾਹਰ ਵੀ ਨਹੀਂ ਨਿਕਲਦੇ ?"

"ਨਿਕਲਦੇ ਨੇ — ਪਰ ਹੈ ਇਹ ਦੁਖੀ ਜਿਹਾ ਘਰ — ਮੌਤ ਨੇ ਏਸ ਘਰ ਬੜਾ ਉਜਾੜਾ ਪਾਇਆ ਏ — ਇਕੋ ਇੱਕ ਪੁੱਤਰ ਰਹਿ ਗਿਆ ਸੀ, ਉਹਨੂੰ ਵਿਆਹਿਆ, ਪਰ ਦੋ ਵਰ੍ਹੀਂ ਉਹ ਵੀ ਮਰ ਗਿਆ — ਮੋਏ ਪਿਛੋਂ ਇਕ ਬਾਲ ਹੋਇਆ, ਉਹ ਵੀ ਵਰ੍ਹਾ ਜੀਊਂਦਾ ਨਾ ਰਿਹਾ — ਹੁਣ ਤਿੰਨੇ ਰੰਡੀਆਂ ਰੋਣ ਧੋਣ ਨੂੰ ਰਹਿ ਗਈਆਂ।"

"ਉਹ ਬਾਲ ਕਿਦ੍ਹਾ ਸੀ ?"

"ਮੈਨਾ ਦਾ, ਜਿਹਨੂੰ ਤੂੰ ਕਈ ਵਾਰੀ ਬਾਰੀ ਵਿਚ ਬੈਠਿਆਂ ਵੇਖਿਆ ਹੋਵੇਗਾ।"

"ਉਹ, ਮਾਂ, ਹਰ ਵੇਲੇ ਬਾਰੀ 'ਚ ਕਿਉਂ ਬੈਠੀ ਰਹਿੰਦੀ ਏ ?"

"ਇਹ ਲੋਕ ਜਵਾਨ ਰੰਡੀਆਂ ਨੂੰਹਾਂ ਦੀ ਬੜੀ ਰਾਖੀ ਰਖਦੇ ਨੇ — ਤੇ ਕੰਮ ਘਰ ਵਿਚ ਬਹੁਤਾ ਹੋਇਆ ਕੋਈ ਨਾ।"

"ਰਾਖੀ ਕਿਉਂ ਰਖਦੇ ਨੇ ?"

"ਐਵੇਂ, ਕਿਸੇ ਨਾਲ ਕੋਈ ਘਰ ਦੀ ਗੱਲ ਕਰਣਗੀਆਂ — ਖ਼ੁਸ਼ ਜੂ ਨਾ ਰਹਿੰਦੀਆਂ ਹੋਈਆਂ।"

"ਮਾਂ — ਜਿੰਨੀਆਂ ਜ਼ਨਾਨੀਆਂ ਸਾਡੇ ਆਉਂਦੀਆਂ ਨੇ, ਕਿਸੇ ਨੂੰ ਤੁਸੀਂ ਕਹਿੰਦੇ ਹੋ ਚਾਚੀ ਆਖਾਂ, ਕਿਸੇ ਨੂੰ ਮਾਸੀ ਭੂਆ ਆਖਾਂ — ਜੇ ਇਹ ਕਦੇ ਮੈਨੂੰ ਮਿਲੇ ਤਾਂ ਮੈਂ ਕੀ ਆਖਾਂ ?"

"ਕੌਣ — ਮੈਨਾ ?"

"ਹਾਂ ਜੀ — ਜਿਹੜੀ ਬਾਰੀ ਵਿਚ ਬੈਠੀ ਰਹਿੰਦੀ ਏ।"

"ਇਹ ਤੇਰੀ ਭਾਬੀ ਏ — ਇਹਦਾ ਘਰ ਵਾਲਾ ਤੇਰੀ ਗਲੀ ਦਾ ਭਰਾ ਹੁੰਦਾ — ਬੜਾ ਚੰਗਾ ਮੁੰਡਾ ਸੀ।"

"ਇਹ ਮੈਨਾ ਕਿਸ ਤਰ੍ਹਾਂ ਦਾ ਨਾਂ ਹੋਇਆ ?"

"ਤੈਨੂੰ ਚੰਗਾ ਨਹੀਂ ਲਗਾ ?"

"ਨਹੀਂ, ਬੜਾ ਚੰਗਾ ਏ — ਪਰ ਮੈਂ ਅਗੇ ਕਦੇ ਇਹੋ ਜਿਹਾ ਨਾਂ ਨਹੀਂ ਸੁਣਿਆਂ — ਮੈਨਾ ਉਹੀ ਹੁੰਦੀ ਏ ਨਾ, ਜਿਹੜੀ ਮਾਮਾ ਜੀ ਦੇ ਘਰ ਪਿੰਜਰੇ ਵਿਚੋਂ ਬੜੀਆਂ ਪਿਆਰੀਆਂ ਗੱਲਾਂ ਕਰਦੀ ਏ ? ਤੋਤਾ ਏਡਾ ਸੁਹਣਾ ਨਹੀਂ ਬੋਲਦਾ।"

"ਹਾਂ — ਉਹੋ ਈ !"

"ਮਾਂ — ਮੈਨੂੰ ਇਕ ਮੈਨਾ ਲੈ ਦਿਓਗੇ ?"

"ਕਾਕਾ, ਤੂੰ ਆਪਣੇ ਮਾਮੇ ਨੂੰ ਹੀ ਆਖੀਂ !"

ਕੁਝ ਦਿਨਾਂ ਬਾਅਦ ਕਾਕੇ ਦੀ ਬੈਠਕ ਵਿਚ ਇਕ ਪਿੰਜਰਾ ਟੰਗਿਆ ਹੋਇਆ ਸੀ, ਇਹ ਪਿੰਜਰਾ ਜੇ ਉਹ ਕੋਠੇ ਤੇ ਜਾਂਦਾ ਤਾਂ ਉਹ ਨਾਲ ਲੈ ਜਾਂਦਾ।

ਆਪਣੀ ਮੈਨਾ ਨੂੰ ਕਾਕੇ ਨੇ ਸਿਖਾਇਆ : "ਭਾਬੀ ਮੈਨਾ ਬਾਰੀ 'ਚ ਬੈਠੀ ਏ।" ਬਾਰੀ ਵਾਲੀ ਮੈਨਾ ਨੇ ਕਾਕੇ ਨਾਲ ਕਦੇ ਗੱਲ ਨਹੀਂ ਸੀ ਕੀਤੀ, ਪਰ ਉਹਨੂੰ ਬੜਾ ਚੰਗਾ ਲਗਦਾ ਸੀ, ਮੈਨਾ ਜਦੋਂ ਆਂਹਦੀ ਸੀ : "ਭਾਬੀ ਮੈਨਾ ਬਾਰੀ 'ਚ ਬੈਠੀ ਏ।"

ਸਿਆਲ ਦੀਆਂ ਰਾਤਾਂ ਵਿਚ ਭਾਬੀ ਮੈਨਾ ਆਪਣੇ ਕਮਰੇ ਵਿਚ ਸੌਂਦੀ ਸੀ। ਇਮਤਿਹਾਨ ਨੇੜੇ ਆਉਣ ਕਰਕੇ ਕਾਕਾ ਵੀ ਕੁਝ ਦਿਨਾਂ ਤੋਂ ਬੈਠਕ ਵਿਚ ਹੀ ਸੌਂਣ ਲਗ ਪਿਆ ਸੀ। ਭਾਬੀ ਮੈਨਾ ਨੂੰ ਕਈ ਵਾਰੀ ਸੁੱਤੇ ਕਾਕੇ ਦੇ ਸਾਹ ਦੀ ਆਵਾਜ਼ ਆਉਂਦੀ ਸੀ। ਉਹ ਕਿੰਨਾ ਚਿਰ ਮੰਜੇ ਉਤੇ ਉਠ ਕੇ ਸੁਣਦੀ ਰਹਿੰਦੀ ਸੀ।

ਉਹਦੀ ਉਮਰ ਹੁਣ ਪੰਝੀਆਂ ਵਰ੍ਹਿਆਂ ਦੀ ਹੋਣ ਲਗੀ ਸੀ। ਕਾਕਾ ਤੇਰ੍ਹਾਂ ਦਾ ਪੂਰਾ ਨਹੀਂ ਸੀ ਹੋਇਆ। ਉਹ ਦਿਲ ਵਿਚ ਆਂਹਦੀ ਸੀ, ਜੇ ਕਦੇ ਮੈਨੂੰ ਏਸ ਬੱਚੇ ਨਾਲ ਬੋਲਣ ਦੀ ਖੁਲ੍ਹ ਹੋਵੇ, ਮੈਂ ਇਹਨੂੰ ਸਕੂਲੋਂ ਆਉਂਦੇ ਨੂੰ ਬਾਰੀ 'ਚੋਂ ਸਿਰ ਕੱਢ ਕੇ ਵੇਖ ਸਕਦੀ ਹੋਵਾਂ, ਮੈਂ ਇਹਦੇ ਨਾਲ ਗੱਲ ਕਰ ਸਕਦੀ ਹੋਵਾਂ, ਤੇ ਜਦੋਂ ਕਦੇ ਇਹ ਬੀਮਾਰ ਹੋਵੇ, ਮੈਂ ਇਹਦੇ ਘਰ ਜਾ ਕੇ ਇਹਦੇ ਮੰਜੇ ਉਤੇ ਬਹਿ ਸਕਾਂ — ਬੀਮਾਰੀ ਵਿਚ ਕਿਸੇ ਨੂੰ ਕਿਸੇ ਖ਼ਰਾਬੀ ਦਾ ਕੀ ਡਰ ਹੋ ਸਕਦਾ ਏ !

ਫੇਰ ਆਪੇ ਹੀ ਕਹਿੰਦੀ, ਮੈਨੂੰ ਕਿਸ ਏਨੀ ਖੁਲ੍ਹ ਦੇਣੀ ਏ — ਮੈਂ ਏਸੇ ਈ ਕਮਰੇ ਵਿਚ ਬੁੱਢੀ ਹੋ ਜਾਣਾ ਏ — ਮੇਰੇ ਵਾਲ ਮੇਰੀ ਸੱਸ ਦੇ ਵਾਲਾਂ ਵਾਂਗ ਭੁਰ ਜਾਣਗੇ — ਕਾਕੇ ਦਾ ਵਿਆਹ ਹੋ ਜਾਏਗਾ — ਇਹ ਬਾਰੀ ਫੇਰ ਏਸ ਤਰ੍ਹਾਂ ਖੁਲ੍ਹੀ ਨਹੀਂ ਰਹਿਣੀ — ਫੇਰ ਮੈਂ ਕਿਹੜੀ



ਉਡੀਕ ਵਿਚ ਏਸ ਹਨੇਰੀ ਜ਼ਿੰਦਗੀ ਦੇ ਲੰਮੇ ਦਿਨ ਤੇ ਲੰਮੀਆਂ ਰਾਤਾਂ ਕਟਿਆ ਕਰਾਂਗੀ।

ਇਹ ਸੋਚਦਿਆਂ ਉਹਨੂੰ ਗ਼ੋਤਾ ਜਿਹਾ ਆਇਆ। ਉਹ ਬਿਸਤਰੇ 'ਚੋਂ ਉਠ ਕੇ ਬਾਰੀ ਵਿਚ ਗਈ। ਰਾਤ ਚਾਨਣੀ ਸੀ, ਖੁਲ੍ਹੀ ਬਾਰੀ 'ਚੋਂ ਮਾੜਾ ਮਾੜਾ ਚਾਨਣ ਕਾਕੇ ਦੇ ਮੂੰਹ ਤੇ ਪੈ ਰਿਹਾ ਸੀ। ਕਾਕਾ ਘੂਕ ਸੁੱਤਾ ਸੀ। ਉਹਦਾ ਸਾਹ ਉੱਚਾ ਉੱਚਾ ਆ ਰਿਹਾ ਸੀ। ਮੈਨਾ ਦੇ ਜੀਅ ਵਿਚੋਂ ਉਬਾਲ ਜਿਹਾ ਉਠਿਆ, ਉਸ ਨੇ ਦੋ ਘਰਾਂ ਦੀ ਵਿਥ ਜਾਂਚੀ, ਬੜੀ ਥੋੜੀ ਜਾਪੀ। ਕਦੇ ਬਾਰੀਆਂ ਦੀਆਂ ਦੋਹਾਂ ਬੰਨੀਆਂ ਉਤੇ, ਆਪਣੀ ਮੰਜੀ ਡਾਹ ਕੇ ਪੁਲ ਬੰਨ੍ਹ ਲਵਾਂ ! ਮੈਂ ਕਾਕੇ ਕੋਲ ਪਹੁੰਚ ਜਾਵਾਂ। ਮੈਂ ਉਹਨੂੰ ਜਗਾਵਾਂਗੀ ਨਹੀਂ — ਉਹਦਾ ਮੂੰਹ ਦੂਰੋਂ ਚੁੰਮ ਕੇ ਆਪਣੇ ਕਮਰੇ ਵਿਚ ਆ ਜਾਵਾਂਗੀ।

ਪਰ ਨਾ ਉਹ ਵਿਥ ਏਨੀ ਥੋੜੀ ਸੀ, ਤੇ ਨਾ ਉਹਦੀ ਰੀਝ ਜਿੰਨੀ ਉਹਦੇ ਵਿਚ ਹਿੰਮਤ ਸੀ। ਉਹ ਮੰਜੀ ਤੇ ਆ ਲੰਮੀ ਪਈ। ਕੁਝ ਚਿਰ ਬਾਅਦ ਕਾਕੇ ਦੀ ਬੈਠਕ 'ਚੋਂ ਆਵਾਜ਼ ਆਈ — "ਭਾਬੀ ਮੈਨਾ......।" ਉਹ ਚੌਂਕ ਕੇ ਫੇਰ ਉਠੀ — ਪਰ ਇਹ ਪਿੰਜਰੇ ਦੀ ਮੈਨਾ ਦੀ ਆਵਾਜ਼ ਸੀ — ਕਾਕਾ ਓਸੇ ਪਾਸੇ ਸੁੱਤਾ ਪਿਆ ਸੀ।

ਉਸ ਘੜੀ ਮੈਨਾ ਦੀ ਸੱਸ ਕਿਤੇ ਟੱਟੀ ਪਿਸ਼ਾਬ ਲਈ ਉਠੀ ਸੀ, ਉਸ ਸੁਣਿਆ ਮੈਨਾ ਦੇ ਕਮਰੇ ਵਿਚ ਕੁਝ ਖੜਾਕ ਹੋਇਆ ਸੀ। ਨਾਲੇ ਉਸ ਨੂੰ "ਭਾਬੀ ਮੈਨਾ" ਸੁਣਨ ਦਾ ਵੀ ਭੁਲੇਖਾ ਜਿਹਾ ਸੀ, ਉਸ ਨੇ ਮੈਨਾ ਨੂੰ ਵਾਜ ਦਿਤੀ। ਮੈਨਾ ਅੰਦਰੋਂ ਝਟ ਬੋਲ ਪਈ। ਸੱਸ ਦਾ ਸ਼ੱਕ ਪੱਕਾ ਹੋ ਗਿਆ।

"ਤੂੰ ਸੁੱਤੀ ਨਹੀਂ ਸੈਂ — ਮੈਨਾ — ਰਾਤ ਤਾਂ ਅੱਧੀ ਲੰਘ ਗਈ ਏ ?"

"ਐਵੇਂ ਜਾਗ ਖੁਲ੍ਹ ਗਈ ਸੀ।"

ਸੱਸ ਕਮਰੇ ਵਿਚ ਆ ਵੜੀ। ਉਸ ਨੂੰ ਸਾਹਮਣੀ ਬਾਰੀ ਵਿਚ ਕੋਈ ਸੁੱਤਾ ਜਾਪਿਆ — ਆਦਮੀ ਦਾ ਮੂੰਹ।

"ਤੂੰ ਕਿਸੇ ਨਾਲ ਗੱਲਾਂ ਪਈ ਕਰਦੀ ਸੈਂ ?"

"ਮੈਂ ਕਿਦ੍ਹੇ ਨਾਲ ਗੱਲਾਂ ਕਰਨੀਆਂ ਸਨ।"

ਸੱਸ ਨੇ ਫੇਰ ਸਾਹਮਣੀ ਬਾਰੀ ਵਲ ਤੱਕਿਆ।

"ਉਹ ਤਾਂ ਸਰਦਾਰਾਂ ਦਾ ਕਾਕਾ ਏ — ਘੂਕ ਸੁੱਤਾ ਪਿਆ ਏ।" ਮੈਨਾ ਨੇ ਆਖਿਆ।

ਸੱਸ ਚਲੀ ਗਈ। ਪਰ ਭਾਵੇਂ ਕਾਕਾ ਬਿਲਕੁਲ ਬੱਚਾ ਸੀ, ਤੇ ਆਪਣੀ ਉਮਰ ਨਾਲੋਂ ਵੀ ਭੋਲਾ ਸੀ — ਤਾਂ ਵੀ ਸੀ ਤਾਂ ਮਰਦ ਮਾਹਨੂੰ — ਵਿਧਵਾਵਾਂ ਦਾ ਕੀ ਕੰਮ ਕਿ ਬੱਚਿਆਂ ਵਲ ਵੀ ਏਸ ਤਰ੍ਹਾਂ ਤੱਕਣ !

ਮੈਨਾ ਸਕੂਲੋਂ ਆਉਂਦੇ ਨੂੰ ਤੱਕਦੀ ਏ। ਕਾਕਾ ਵੀ ਆਉਂਦਾ ਪਹਿਲੋਂ ਬੈਠਕ ਵਿਚ ਜਾਂਦਾ ਤੇ ਬਾਰੀ ਖੁਲ੍ਹੀ ਰਖਦਾ ਏ — ਉਹ ਪਿਛਲੇ ਸਾਲ ਨਾਲੋਂ ਐਤਕੀ ਵੱਡਾ ਵੀ ਚੰਗਾ ਜਾਪਦਾ ਏ।

ਇਹ ਗੱਲਾਂ ਸੁੱਟ ਪਾਣ ਵਾਲੀਆਂ ਨਹੀਂ ਸਨ। ਇਹੋ ਨਿੱਕੀਆਂ ਬੱਦਲੀਆਂ ਕਦੇ ਕਾਲੀਆਂ ਘਟਾਂ ਬਣ ਜਾਂਦੀਆਂ ਨੇ।

ਅਜ ਜਦੋਂ ਕਾਕਾ ਸਕੂਲੋਂ ਆਇਆ, ਮੈਨਾ ਦੀ ਬਾਰੀ ਬੰਦ ਸੀ — ਰਾਤੀਂ ਵੀ ਉਹ ਬਾਰੀ ਬੰਦ ਰਹਿਣ ਲਗ ਪਈ।

ਕਾਕੇ ਦੀ ਜ਼ਿੰਦਗੀ ਦਾ ਵੀ ਇਹ ਬਾਰੀ ਇਕ ਹਿੱਸਾ ਬਣਦੀ ਜਾ ਰਹੀ ਸੀ। ਉਹਦਾ

ਹੁਣ ਖੇਡਾਂ ਵਿਚ ਏਨਾ ਜੀਅ ਨਹੀਂ ਸੀ ਲਗਦਾ। ਮਾਂ ਕੋਲੋਂ ਪੁੱਛਣ ਦਾ ਕੋਈ ਫ਼ਾਇਦਾ ਨਹੀਂ ਸੀ, ਕਿਉਂਕਿ ਉਸ ਘਰ ਨਾਲ ਕੋਈ ਵਾਹ ਨਹੀਂ ਸੀ ਪੈਂਦਾ — ਕਦੇ ਵਿਆਹ ਢੰਗ ਵੇਲੇ ਭਾਜੀ ਦੇਣ ਦੁਆਣ ਲਈ ਦਲ੍ਹੀਜ਼ਾਂ ਟੱਪੀਆਂ ਜਾਂਦੀਆਂ ਸਨ।

ਅਜ ਰਾਤ ਹਨੇਰੀ ਸੀ। ਮੈਨਾ ਦੀ ਬਾਰੀ ਨਾਲ ਘਸਰ ਮਸਰ ਜਿਹੀ ਹੋਈ, ਜੀਕਰ ਕੋਈ ਕੁੰਜੀਆਂ ਵਟਾ ਵਟਾ ਕੇ ਜੰਦਰਾ ਖੋਲ੍ਹਦਾ ਹੈ।

ਫੇਰ ਬਾਰੀ ਮਲਕੜੇ ਜਿਹੇ ਖੁਲ੍ਹੀ, ਮੈਨਾ ਨੇ ਉਠ ਕੇ ਬੂਹੇ 'ਚੋਂ ਘਰ ਦਾ ਖੜਾਕ ਲਿਆ। ਫੇਰ ਗਲੀ ਵਿਚ ਤੱਕਿਆ — ਫੇਰ ਕਾਕੇ ਦਾ ਸਾਹ ਸੁਣਿਆ, ਕਾਕਾ ਸੁੱਤਾ ਹੋਇਆ ਸੀ। ਹੋਰ ਕਿਸੇ ਨੂੰ ਓਸ ਹਨੇਰੇ ਵਿਚ ਕੁਝ ਨਹੀਂ ਸੀ ਦਿਸਦਾ, ਪਰ ਮੈਨਾ ਦੀਆਂ ਪਿਆਰ-ਟੋਂਹਦੀਆਂ ਅੱਖਾਂ ਕਾਕੇ ਦਾ ਅੰਗ ਅੰਗ ਵੇਖ ਰਹੀਆਂ ਸਨ।

ਦੂਜੀ ਘੜੀ ਉਹਨੂੰ ਏਸ ਤਰ੍ਹਾਂ ਮਹਿਸੂਸ ਹੋਇਆ ਜਿਸ ਤਰ੍ਹਾਂ ਉਹ ਕਾਕੇ ਦੀ ਮੰਜੀ ਉਤੇ ਬੈਠੀ ਸੀ, ਤੇ ਉਹਦੇ ਕੂਲੇ ਵਾਲਾਂ ਵਿਚ ਉਂਗਲਾਂ ਫੇਰ ਰਹੀ ਸੀ — ਤੇ ਫੇਰ ਫੇਰ ਕੇ ਉਹਨੂੰ ਜਗਾ ਰਹੀ ਸੀ। ਮੈਨਾ ਦੇ ਕੰਨੀਂ ਉਹਦੀ ਆਪਣੀ ਵਾਜ ਪਈ :

"ਕਾਕਾ — ਕਾਕਾ — ਕਾਕਾ !"

ਉਹ ਅਜੇ ਵੀ ਸੁੱਤਾ ਹੋਇਆ ਸੀ — ਉਹ ਉਹਨੂੰ ਕਹਿ ਰਹਿ ਸੀ — "ਕਾਕਾ, ਤੇਰੀ ਭਾਬੀ ਮੈਨਾ — ਇਕ ਘੜੀ ਲਈ ਜਾਗ ਪਓ — ਇਕ ਪਲ ਜਾਗ ਪਓ — ਇਕ ਲਫ਼ਜ਼ — ਇਕ ਗੱਲ — ਇੱਕੋ ਲਫ਼ਜ਼ — ਇੱਕੋ ਗੱਲ — ਫੇਰ ਬਸ......"

ਕਾਕਾ ਉਭੜ-ਵਾਹੇ ਉਠਿਆ।

ਮੈਨਾ ਨੂੰ ਬੜੀ ਸ਼ਰਮ ਆਈ। ਉਹਨੂੰ ਹੁਣ ਪਤਾ ਲਗਾ ਕਿ ਉਹ ਆਪਣੇ ਮਨ ਵਿਚ ਨਹੀਂ, ਉਹ ਆਪਣੇ ਮੂੰਹ ਨਾਲ ਬੋਲ ਰਹੀ ਸੀ — ਤੇ ਕਾਕਾ ਜਾਗ ਪਿਆ ਸੀ — ਜੇ ਕੋਈ ਹੋਰ ਵੀ ਜਾਗ ਪਿਆ ਹੋਵੇ।

ਕਾਕਾ ਆਪਣੀ ਬਾਰੀ ਵਿਚ ਆ ਬੈਠਾ। ਉਹਨੂੰ ਵੀ ਬਾਰੀ ਦੇ ਹਨੇਰੇ ਵਿਚ ਬੈਠੀ ਭਾਬੀ ਮੈਨਾ ਮਹਿਸੂਸ ਹੋ ਰਹੀ ਸੀ। ਉਹਨੇ ਕਈ ਵਾਰੀ ਭਾਬੀ ਮੈਨਾ ਨੂੰ ਗਲਵਕੜੀ ਪਾਣੀ ਚਾਹੀ ਸੀ — ਉਹ ਬੜਾ ਉਦਾਸ ਰਹਿੰਦਾ ਸੀ, ਕਿ ਬਾਰੀ ਕਿਉਂ ਬੰਦ ਰਹਿਣ ਲਗ ਪਈ ਸੀ।

"ਭਾਬੀ ਮੈਨਾ — ਭਾਬੀ ਮੈਨਾ !"

"ਹਾਂ — ਕਾਕਾ — ਮੇਰਾ ਸੁਹਣਾ ਕਾਕਾ — ਪਰ ਜ਼ਰਾ ਹੌਲੀ — ਮੈਂ ਹੌਲੀ ਤੋਂ ਹੌਲੀ ਗੱਲ ਵੀ ਤੇਰੀ ਸੁਣ ਲਾਂਗੀ।"

"ਮੈਨੂੰ ਵੀ ਤੁਹਾਡੀ ਵਾਜ ਸਾਫ਼ ਆ ਰਹੀ ਏ — ਤੁਸੀਂ ਬੜੇ ਹੌਲੀ ਬੋਲਦੇ ਓ ?"

"ਹਾਂ — ਮੇਰੇ ਪਿਆਰੇ ਕਾਕਾ।"

"ਤੁਸੀਂ ਏਨੇ ਦਿਨ ਕਿਥੇ ਚਲੇ ਗਏ ਸੈ ?"

"ਮੇਰਾ ਕਮਰਾ ਹਵਾਲਾਟ ਬਣਾ ਦਿਤਾ ਗਿਆ ਹੈ — ਏਸ ਬਾਰੀ ਨੂੰ ਜੰਦਰਾ ਵਜ ਗਿਆ ਏ।"

"ਓਹ ਕਿਓਂ ?"

"ਉਦਣ ਤੇਰੀ ਮੈਨਾ ਨੇ ਵਾਜ ਮਾਰੀ ਸੀ — ਮੈਂ ਉਠੀ ਸਾਂ — ਮੈਂ ਜਾਤਾ ਤੂੰ ਸੈਂ — ਮੇਰੀ ਸੱਸ ਵੀ ਸ਼ਾਮਤ ਨੂੰ ਉਸੇ ਵੇਲੇ ਉਠ ਬੈਠੀ — ਓਸ ਜਾਤਾ ਮੈਂ ਤੇਰੇ ਨਾਲ ਗੱਲਾਂ ਕਰਦੀ ਸਾਂ।"



"ਤੇ ਫੇਰ ਕੀ ਹੋਇਆ — ਮਾਂ ਨੇ ਆਖਿਆ ਸੀ — ਤੁਸੀਂ ਮੇਰੀ ਭਾਬੀ ਓ।"

"ਕਾਕਾ — ਬਹੁਤ ਕੁਝ ਹੋ ਗਿਆ — ਫਾਟਕਾਂ ਨੂੰ ਤਾਲੇ ਲਗ ਗਏ — ਏਸ ਲਈ ਹੁਣ ਮੈਂ ਏਥੋਂ ਚਲੇ ਜਾਣਾ ਏ — ਏਸ ਘਰ ਵਿਚ ਮੇਰੀ ਇਹ ਅਖ਼ੀਰਲੀ ਰਾਤ ਏ, ਮੈਂ ਤੈਨੂੰ ਮਿਲ ਕੇ ਜਾਣਾ ਚਾਹੁੰਦੀ ਸਾਂ — ਤੂੰ ਕਿਸੇ ਨੂੰ ਦਸੇਂਗਾ ਤਾਂ ਨਹੀਂ ?"

"ਮੈਂ ਨਹੀਂ ਦਸਾਂਗਾ — ਭਾਬੀ ਮੈਨਾ — ਪਰ ਤੁਸੀਂ ਕਿਉਂ ਜਾਂਦੇ ਹੋ ? — ਨਾ ਜਾਓ ! — ਮੈਂ ਵੱਡਾ ਹੋਵਾਂਗਾ — ਮੇਰਾ ਵਿਆਹ ਹੋਵੇਗਾ — ਮੈਂ ਆਪਣੀ ਵਹੁਟੀ ਨੂੰ ਤੁਹਾਡੇ ਘਰ ਘਲਾਂਗਾ — ਉਹ ਤੁਹਾਨੂੰ ਬੁਲਾਏਗੀ — ਤੁਸੀਂ ਉਹਨੂੰ ਮਿਲਣ ਆਉਣਾ — ਫੇਰ ਤਾਂ ਕੋਈ ਕੀ ਆਖੇਗਾ — ਤੁਸੀਂ ਨਾ ਜਾਓ !"

"ਪਰ ਕਾਕਾ, ਤੂੰ ਅਜੇ ਬੜਾ ਛੋਟਾ ਏਂ — ਤੇਰਾ ਵਿਆਹ ਦੂਰ ਏ — ਏਨੇ ਵਰ੍ਹੇ ਏਸ ਕੈਦਖ਼ਾਨੇ ਵਿਚ ਕੀਕਰ ਕੱਟੇ ਜਾਣਗੇ — ਜਦੋਂ ਤੇਰੇ ਵਲ ਵੇਖਣਾ ਵੀ ਮੇਰਾ ਬੰਦ ਕੀਤਾ ਗਿਆ ਏ।"

"ਤੁਸੀਂ ਕਿਥੇ ਜਾਓਗੇ ? ਮੈਂ ਓਥੇ ਤੁਹਾਨੂੰ ਮਿਲਣ ਆਵਾਂਗਾ।"

"ਨਹੀਂ ਕਾਕਾ — ਜਿਥੇ ਮੈਂ ਚਲੀ ਹਾਂ, ਓਥੇ ਸ਼ਾਹਦੀ ਕੋਈ ਮਰਦ ਦੀ ਜ਼ਾਤ ਮੇਰੇ ਨਾਲ ਗੱਲ ਨਹੀਂ ਕਰ ਸਕੇਗੀ।"

"ਤੁਸੀਂ ਓਥੇ ਨਾ ਜਾਓ।"

"ਮੇਰੇ ਲਈ ਕੋਈ ਰਾਹ ਬਾਕੀ ਨਹੀਂ ਰਿਹਾ — ਮੈਂ ਪੂਜਨੀ ਹੋਣ ਦਾ ਫ਼ੈਸਲਾ ਕਰ ਲਿਆ ਏ।"

"ਪੂਜਨੀ ਕੀ ਹੁੰਦੀ ਏ ?"

"ਉਹ ਭਾਬੜਿਆਂ ਦੀਆਂ ਸਾਧੂ ਜ਼ਨਾਨੀਆਂ ਜਿਨ੍ਹਾਂ ਦੇ ਸਿਰ ਮੁੰਨੇ ਹੋਏ, ਮੂੰਹਾਂ ਉਤੇ ਪੱਟੀਆਂ ਤੇ ਪੈਰ ਨੰਗੇ ਹੁੰਦੇ ਨੇ।"

"ਨਾ ਭਾਬੀ ਮੈਨਾ — ਤੁਸੀਂ ਕਦੇ ਉਹ ਨਾ ਬਣਨਾ — ਮੈਨੂੰ ਉਹਨਾਂ ਕੋਲੋਂ ਬੜਾ ਡਰ ਲਗਦਾ ਏ, ਉਹਨਾਂ ਦੀਆਂ ਪੱਟੀਆਂ ਉਤੇ ਅੱਖਾਂ ਹੋਰ ਈ ਤਰ੍ਹਾਂ ਦੀਆਂ ਲਗਦੀਆਂ ਨੇ।"

"ਕਾਕਾ — ਮੇਰੇ ਲਈ ਕੋਈ ਰਾਹ ਨਹੀਂ ਰਿਹਾ......" ਤੇ ਉਸ ਨੇ ਇਕ ਖੇਹਨੂੰ ਜਿਹਾ ਕਾਕੇ ਦੀ ਬਾਰੀ ਵਿਚੋਂ ਬੈਠਕ ਅੰਦਰ ਸੁਟਿਆ : "ਇਹ ਮੇਰੀ ਨਿਸ਼ਾਨੀ ਰਖੀਂ — ਸਵੇਰੇ ਢੂੰਡ ਲਈਂ, ਹੁਣ ਖੜਾਕ ਨਾਲ ਕੋਈ ਜਾਗ ਨਾ ਪਏ।"

ਤੇ ਮੈਨਾ ਦੀ ਬਾਰੀ ਬੰਦ ਹੋ ਗਈ। ਜੰਦਰੇ ਵਿਚ ਕੁੰਜੀ ਫਿਰਦੀ ਕਾਕੇ ਨੇ ਸੁਣੀ। ਬਾਕੀ ਰਾਤ ਉਹ ਸੌਂ ਨਾ ਸਕਿਆ।

ਦੂਜੇ ਦਿਨ ਜਦੋਂ ਸਕੂਲੋਂ ਆਇਆ ਤਾਂ ਉਹਦੀ ਮਾਂ ਨੇ ਉਹਨੂੰ ਦਸਿਆ ਕਿ ਮੈਨਾ ਬੜੀ ਦੁਖੀ ਸੀ। ਰੋਜ਼ ਸੱਸ ਲੜਦੀ ਤੇ ਮਿਹਣੇ ਮਾਰਦੀ ਸੀ। ਉਹ ਅੱਕ ਕੇ ਘਰੋਂ ਨਿਕਲ ਗਈ ਏ ਤੇ ਲਿਖ ਕੇ ਛੱਡ ਗਈ ਏ, ਉਹ ਪੂਜਣੀ ਹੋਣ ਚਲੀ ਏ।

"ਪਰ ਮਾਂ ਉਹ ਏਥੇ ਪੂਜਣੀ ਨਹੀਂ ਸੀ ਹੋ ਸਕਦੀ ?"

"ਨਹੀਂ — ਜਿਸ ਪੂਜਣੀ ਹੋਣਾ ਹੋਵੇ, ਉਹ ਆਪਣਾ ਸ਼ਹਿਰ ਛਡ ਕੇ ਕਿਸੇ ਦੂਜੇ ਸ਼ਹਿਰ ਦੇ ਪਾਸਰੇ ਵਿਚ ਜਾ ਬਹਿੰਦੀ ਹੈ। ਉਹ ਲੋਕ ਉਹਦੀ ਪੁੱਛ ਪੜਤਾਲ ਕਰਦੇ ਨੇ, ਤੇ ਜੇ ਉਹਦੀ ਨੀਅਤ ਦਾ ਯਕੀਨ ਹੋ ਜਾਏ ਤਾਂ ਉਹਦੀ ਪੂਰੀ ਹਿਫ਼ਾਜ਼ਤ ਕਰਦੇ ਨੇ, ਚੰਗਾ ਖੁਆਂਦੇ, ਚੰਗੇ

ਕਪੜੇ ਪੁਆਂਦੇ ਤੇ ਕੁਝ ਦਿਨ ਜੋ ਉਹ ਚਾਹੇ ਕਰਨ ਦੇਂਦੇ ਨੇ। ਫੇਰ ਸਿਰ ਮੁੰਨ ਪੂਜਣੀ ਬਣਾ ਦੇਂਦੇ ਨੇ — ਉਸ ਦੇ ਬਾਅਦ ਨਾ ਉਹ ਚੰਗਾ ਖਾ ਸਕਦੀ, ਨਾ ਪਹਿਣ ਸਕਦੀ ਤੇ ਨਾ ਮਰਦਾਂ ਨਾਲ ਗੱਲਾਂ ਕਰ ਸਕਦੀ ਏ।"

"ਭਾਬੀ ਮੈਨਾ ਗਈ ਕਿਥੇ ਹੋਵੇਗੀ ?"

"ਪਤਾ ਲਗ ਜਾਏਗਾ।"

"ਜੇ ਨੇੜੇ ਦਾ ਕੋਈ ਸ਼ਹਿਰ ਹੋਇਆ — ਤਾਂ ਮੈਨੂੰ ਵਿਖਾ ਲਿਆਓਗੇ ?"

"ਪਿੰਡੀ ਇਹਨਾਂ ਦਾ ਤਕੜਾ ਪਾਸਰਾ ਏ — ਉਥੇ ਤੇਰੀ ਮਾਸੀ ਵੀ ਏ — ਜੇ ਓਥੇ ਹੋਇਆ ਤਾਂ ਦੋ ਦਿਨ ਹੋ ਆਵੀਂ — ਤੇਰੀ ਮਾਸੀ ਤੈਨੂੰ ਵਿਖਾ ਦੇਵੇਗੀ — ਜਦੋਂ ਕੋਈ ਪੂਜ ਬਣਦਾ ਏ, ਸਾਰੇ ਸ਼ਹਿਰ ਵਿਚ ਬੜੀ ਰੌਣਕ ਹੁੰਦੀ ਏ।"

ਕਾਕੇ ਨੇ ਮਾਸੀ ਨੂੰ ਲਿਖ ਦਿਤਾ, ਕਿ ਉਹ ਪਤਾ ਰਖਣ।

ਪਤਾ ਦੋ ਹਫ਼ਤਿਆਂ ਵਿਚ ਸਾਰਿਆਂ ਨੂੰ ਹੋ ਗਿਆ। ਸਾਰੀ ਗਲੀ ਵਿਚ ਮੈਨਾ ਦੀਆਂ ਗੱਲਾਂ ਹੁੰਦੀਆਂ ਸਨ। ਬੜੀ ਚੰਗੀ ਜ਼ਨਾਨੀ ਸੀ, ਕਿਸੇ ਨੇ ਉਹਦਾ ਮੱਥਾ ਨਹੀਂ ਸੀ ਵੇਖਿਆ। ਵਾਲ ਕੇਡੇ ਸੁਹਣੇ ਸਾਸੂ। ਰਖਦੀ ਵੀ ਜਾਨ ਨਾਲ ਸੀ। ਘੋਨ ਮੋਨ ਕਰ ਦਿਤੀ ਜਾਵੇਗੀ — ਪੋਟਿਆਂ ਨਾਲ ਇਕ ਇਕ ਕਰ ਕੇ ਸਾਰੇ ਵਾਲ ਪੁੱਟ ਸੁੱਟੇ ਜਾਣਗੇ — ਵਿਚਾਰੀ !

ਕਾਕਾ ਮਾਸੀ ਕੋਲ ਪਹੁੰਚ ਗਿਆ। ਉਹਦੀ ਮਾਸੀ ਅਜ ਮੈਨਾ ਨੂੰ ਵੇਖ ਕੇ ਆਈ ਸੀ, ਉਹਨੇ ਬੜੇ ਸੁਹਣੇ ਕਪੜੇ ਪਾਏ ਹੋਏ ਸਨ, ਗਹਿਣੇ ਵੀ। ਇਹ ਗਹਿਣੇ ਲੋਕਾਂ ਮਾਂਗਵੇਂ ਦਿਤੇ ਸਨ। ਗੌਣ ਵੀ ਉਹਨਾਂ ਬਿਠਾਇਆ ਸੀ। ਕਾਕੇ ਦੀ ਗਲੀ ਦੀ ਹੋਣ ਕਰ ਕੇ ਮਾਸੀ ਦੀ ਦਿਲਚਸਪੀ ਵਧ ਗਈ। ਉਹ ਹਰ ਰਸਮ ਉਤੇ ਜਾਂਦੀ ਰਹੀ, ਉਹ ਕਾਕੇ ਨੂੰ ਦਸਦੀ ਸੀ, ਉਹਨੂੰ ਬੜਾ ਰੂਪ ਚੜ੍ਹਿਆ ਹੋਇਆ ਸੀ ਤੇ ਕਲ੍ਹ ਉਹਨੂੰ ਡੋਲੇ ਵਿਚ ਪਾ ਕੇ ਸ਼ਹਿਰ ਵਿਚ ਭੁਆਣਗੇ, ਉਤੋਂ ਫੁੱਲ ਸੁਟਣਗੇ, ਗੁਲਾਬ ਛਿਣਕਣਗੇ।

ਕਾਕਾ ਬੜਾ ਬੇਤਾਬ ਸੀ ਆਪਣੀ ਭਾਬੀ ਨੂੰ ਵੇਖਣ ਲਈ। ਉਹਨੂੰ ਉਸ ਨੇ ਇਕੋ ਹੀ ਕਪੜਿਆਂ ਵਿਚ ਵੇਖਿਆ ਹੋਇਆ ਸੀ, ਉਹ ਉਹਨਾਂ ਕਪੜਿਆਂ ਵਿਚ ਵੀ ਬੜੀ ਚੰਗੀ ਲਗਦੀ ਹੁੰਦੀ ਸੀ — ਗਹਿਣੇ ਉਹਨੂੰ ਕਿਹੋ ਜਿਹੇ ਲਗਦੇ ਹੋਣਗੇ ? ਉਹਨੇ ਉਹਨੂੰ ਹਸਦਿਆਂ ਕਦੇ ਨਹੀਂ ਸੀ ਵੇਖਿਆ, ਮਾਸੀ ਉਹਦੀ ਜ਼ਿਕਰ ਕਰਦੀ ਸੀ, ਕਿ ਉਹਦੀ ਮੁਸਕਰਾਹਟ ਬੜੀਆਂ ਦਾ ਦਿਲ ਮੋਂਹਦੀ ਸੀ।

ਉਹਦਾ ਦਿਤਾ ਰੁਮਾਲ, ਉਹਦੀ ਨਿਸ਼ਾਨੀ, ਕਾਕੇ ਦੇ ਅੰਦਰਲੇ ਬੋਝੇ ਵਿਚ ਸੀ। ਉਹਨੇ ਉਹ ਕਿਸੇ ਨੂੰ ਨਹੀਂ ਦਸੀ, ਪਰ ਉਹਨੂੰ ਉਹ ਵੇਖਦਾ ਰੋਜ਼ ਸੀ। ਉਹਨੇ ਹਿੰਦੀ ਦੇ ਅੱਖਰ ਸਿਖ ਲਏ ਸਨ, ਕਿਉਂਕਿ ਹਿੰਦੀ ਵਿਚ ਉਹਦੇ ਉਤੇ ਕੱਢਿਆ ਹੋਇਆ ਸੀ — "ਬੜੇ ਪਿਆਰੇ ਕਾਕੇ ਨੂੰ — ਉਹਦੀ ਭਾਬੀ ਵਲੋਂ।"

ਉਹਦੀ ਮਾਸੀ ਨੇ ਦਸਿਆ, ਕਿ ਦੂਜੇ ਦਿਨ, ਦੁਪਹਿਰ ਦੇ ਬਾਅਦ ਮੈਨਾ ਦੀ ਡੋਲੀ ਨਿਕਲੇਗੀ। ਇਹ ਸਾਰੇ ਬਜ਼ਾਰਾਂ 'ਚੋਂ ਫਿਰੇਗੀ। ਹਰ ਕੋਈ ਵੇਖ ਸਕਦਾ ਹੈ।

ਕਾਕੇ ਨੇ ਦੂਜੇ ਦਿਨ, ਮਾਸੀ ਦੇ ਬਾਗ਼ ਵਿਚੋਂ ਕਿੰਨੇ ਸਾਰੇ ਫੁੱਲ ਤੋੜ ਕੇ ਰੁਮਾਲ ਵਿਚ ਬੰਨ੍ਹ ਲਏ ਸਨ, ਜਦੋਂ ਉਹਨਾਂ ਦੇ ਚੌਕ ਕੋਲੋਂ ਡੋਲੀ ਲੰਘੀ ਤਾਂ ਉਹ ਜਾਣ ਕੇ ਘਰਦਿਆਂ ਨਾਲੋਂ ਵਖਰਾ ਹੋ ਗਿਆ। ਉਹ ਵੇਖ ਕੇ ਮੁੜਨਾ ਨਹੀਂ ਸੀ ਚਾਹੁੰਦਾ, ਉਹ ਸਾਰੀ ਵਾਟ ਭਾਬੀ



ਦੀ ਡੋਲੀ ਨਾਲ ਰਹਿਣਾ ਚਾਹੁੰਦਾ ਸੀ।

ਵਰਦੀ ਵਾਲਾ ਵਾਜਾ ਵਜ ਰਿਹਾ ਸੀ, ਜੈਨੀ ਲੋਕ ਸੋਟ ਕਰ ਰਹੇ ਸਨ — ਪੈਸਿਆਂ ਰੁਪਈਆਂ ਦੀ। ਡੋਲੀ ਵਿਚ ਭਾਬੀ ਗਹਿਣਿਆਂ ਨਾਲ ਲੱਦੀ ਬੈਠੀ ਸੀ, ਉਹਦਾ ਮੂੰਹ ਭਾਵੇਂ ਹੋਰ ਹੀ ਤਰ੍ਹਾਂ ਦਾ ਦਿਸਦਾ ਸੀ, ਪਰ ਉਹਦੇ ਵਿਚ ਪਹਿਲੇ ਮੂੰਹ ਦੀ ਝਲਕ ਵੀ ਕਾਫ਼ੀ ਸੀ। ਏਸ ਹਸਣੀ ਸੂਰਤ ਨਾਲੋਂ ਉਹਦੀਆਂ ਉਦਾਸ ਅੱਖਾਂ ਕਾਕੇ ਨੂੰ ਕਿਤੇ ਪਿਆਰੀਆਂ ਲਗਦੀਆਂ ਸਨ। ਲੋਕ ਕਹਿੰਦੇ ਸਨ, ਇਸ ਪੂਜਣੀ ਨੂੰ ਲੋਹੜੇ ਦਾ ਰੂਪ ਚੜ੍ਹਿਆ ਹੈ, ਪਰ ਕਾਕੇ ਨੂੰ ਏਸ ਖਲਾਰੇ ਵਿਚੋਂ ਉਹਦੇ ਉਹ ਪਿਆਰੇ ਨਕਸ਼ ਪੂਰੇ ਨਹੀਂ ਸਨ ਦਿਸਦੇ।

ਉਹ ਜਦੋਂ ਸਮਝਦਾ ਸੀ ਉਹਦੇ ਵਲ ਭਾਬੀ ਦਾ ਧਿਆਨ ਹੈ, ਉਹ ਫੁੱਲ ਸੁੱਟ ਦੇਂਦਾ ਸੀ, ਉਹ ਹੱਥ ਜੋੜਦੀ ਸੀ, ਪਰ ਉਹ ਹੱਥ ਉਹਦੇ ਲਈ ਨਹੀਂ ਸਨ ਹੁੰਦੇ — ਐਡੀ ਭੀੜ ਵਿਚ ਨਿੱਕਾ ਜਿਹਾ ਕਾਕਾ ਉਹਨੂੰ ਕਿਸ ਤਰ੍ਹਾਂ ਦਿਸ ਸਕਦਾ ਸੀ — ਉਹ ਸੋਚਦਾ ਸੀ।

ਇਕ ਮੋੜ ਮੁੜਨ ਲਗਿਆਂ ਡੋਲੀ ਅਚਾਨਕ ਉਹਦੇ ਬਹੁਤੇ ਨੇੜੇ ਆ ਗਈ। ਉਧਰੋਂ ਫੁੱਲਾਂ ਦੀ ਵਰਖਾ ਉਤੇ ਮੈਨਾ ਨੇ ਹੱਥ ਜੋੜੇ — ਕਾਕਾ ਉਦੋਂ ਫੁੱਲ ਸੁੱਟਣ ਲਗਾ ਸੀ। ਮੈਨਾ ਨੇ ਪਛਾਣ ਲਿਆ — ਉਹਦੀਆਂ ਅੱਧ-ਮੀਟੀਆਂ ਅੱਖਾਂ ਚੌੜੀਆਂ ਖੁਲ੍ਹ ਗਈਆਂ। ਉਸ ਨੀਝ ਲਾ ਕੇ ਤੱਕਿਆ। ਫੇਰ ਹੌਸਲਾ ਕਰ ਕੇ ਉਸ ਨੇ ਆਖਿਆ ਕਿ ਉਹਦੀ ਡੋਲੀ ਖੜੀ ਕੀਤੀ ਜਾਏ।

"ਔਹ ਕਾਕਾ ਸਾਡੀ ਗਲੀ ਦਾ ਹੈ — ਮੇਰੇ ਤੇ ਫੁੱਲ ਸੁੱਟਣਾ ਚਾਹੁੰਦਾ ਹੈ — ਪਹੁੰਚਦੇ ਨਹੀਂ — ਉਹਨੂੰ ਇਕ ਮਿੰਟ ਲਈ ਮੇਰੇ ਕੋਲ ਲਿਆ ਦਿਓ।"

ਇਹ ਵਤੀਰਾ ਅਨੋਖਾ ਸੀ, ਪਰ ਪੂਜ ਬਣਨ ਵਾਲੇ ਦੀ ਗੱਲ ਮੋੜੀ ਨਹੀਂ ਜਾਂਦੀ।

"ਲਿਆ — ਕਾਕਾ ਇਹ ਤੇਰੇ ਫੁੱਲ ਮੈਂ ਲੈ ਲਵਾਂ — ਤੂੰ ਬੜੀ ਦੂਰੋਂ ਆਇਆ ਏਂ — ਮੇਰੀ ਗਲੀ ਦਾ ਕਾਕਾ —

ਕਾਕਾ ਬੜਾ ਖ਼ੁਸ਼ ਹੋਇਆ, ਮੈਨਾ ਭਾਬੀ ਨੇ ਵੇਖ ਲਿਆ, ਬੁਲਾ ਕੇ ਹੱਥਾਂ ਨਾਲ ਹੱਥ ਲਾ ਕੇ ਫੁੱਲ ਲੈ ਲਏ — ਰੁਮਾਲ ਵੀ ਨਹੀਂ ਮੋੜਿਆ — ਖ਼ਿਆਲ ਕੀਤਾ, ਭਾਬੀ ਨਿਸ਼ਾਨੀ ਰਖੇਗੀ।

ਜਲੂਸ ਪਾਸਰੇ ਉਤੇ ਪਹੁੰਚ ਗਿਆ। ਲੋਕ ਵਿਦਿਆ ਹੋ ਗਏ, ਮੈਨਾ ਤੇ ਕੁਝ ਇਸਤ੍ਰੀਆਂ ਉਹਦੇ ਨਾਲ ਪਾਸਰੇ ਉਤੇ ਚੜ੍ਹ ਗਈਆਂ। ਪੌੜੀ ਉਤੇ ਪੈਰ ਧਰਨ ਤੋਂ ਪਹਿਲਾਂ ਮੈਨਾ ਨੇ ਤੱਕਿਆ, ਕਾਕਾ ਸਾਹਮਣੀ ਹੱਟ ਦੇ ਫੱਟੇ ਉਤੇ ਖਲੋਤਾ ਸੀ।

ਪਸਾਰੇ ਉਤੇ ਵੱਡੇ ਪੂਜਯ ਦੇ ਸਾਹਮਣੇ ਮੈਨਾ ਨੂੰ ਬਿਠਾ ਦਿਤਾ ਗਿਆ।

"ਕੀ ਤੂੰ ਆਪਣਾ ਮਨ ਪੂਰਾ ਬਣਾ ਲਿਆ ਹੈ ?" ਵੱਡੇ ਪੂਜਯ ਨੇ ਪੁੱਛਿਆ।

"ਜੀ ਮਹਾਰਾਜ — ਮੈਂ ਬਣਾ ਲਿਆ ਹੈ।"

"ਕਪੜੇ ਗਹਿਣੇ ਤੈਨੂੰ ਸਭ ਲਾਹਣੇ ਪੈਣਗੇ, ਤੇ ਫੇਰ ਜ਼ਿੰਦਗੀ ਵਿਚ ਤੂੰ ਇਹਨਾਂ ਨੂੰ ਅੰਗੀਕਾਰ ਨਹੀਂ ਕਰ ਸਕੇਂਗੀ।"

"ਜੀ — ਮਹਾਰਾਜ — ਮੈਨੂੰ ਇਹਨਾਂ ਦੀ ਕੋਈ ਚਾਹ ਨਹੀਂ।"

"ਤੂੰ ਉਹੀ ਕੁਝ ਖਾਏਂਗੀ, ਜੋ ਕੁਝ ਸਾਡੀ ਸ਼੍ਰੇਣੀ ਦੇ ਨਿਯਮ ਅਨੁਸਾਰ ਹੋਵੇਗਾ।"

"ਜੀ — ਮਹਾਰਾਜ ਮੈਨੂੰ ਚੰਗੇ ਭੋਜਨ ਦੀ ਕੋਈ ਲੋੜ ਨਹੀਂ।"

"ਮਰਦਾਂ ਨੂੰ ਛੁਹਣਾ ਤੇ ਕਿਤੇ ਰਿਹਾ, ਇਹਨਾਂ ਦਾ ਖ਼ਿਆਲ ਵੀ ਉਸ ਧਰਮ ਵਿਚ ਵਿਘਨ ਪਾਏਗਾ — ਜਿਹੜਾ ਧਰਮ ਤੂੰ ਚੁਣ ਰਹੀ ਹੈਂ।"

ਮੈਨਾ ਨੇ ਲੰਮਾ ਸਾਹ ਲਿਆ। ਉਹਦੀ ਜੇਬ ਵਿਚ ਛੁਪਾਇਆ ਕਾਕੇ ਦਾ ਰੁਮਾਲ ਖੁਲ੍ਹਦਾ ਮਹਿਸੂਸ ਹੋਇਆ ਤੇ ਰੁਮਾਲ ਦੇ ਸਿਰੇ ਨਿੱਕੀਆਂ ਬਾਹਾਂ ਬਣ ਕੇ ਉਹਦੀ ਕਮਰ ਦੁਆਲੇ ਲਿਪਟ ਗਏ। ਓੜਕ ਕੁਝ ਸੰਭਲ ਕੇ ਓਸ ਉੱਤਰ ਦਿਤਾ :

"ਹਾਂ ਮਹਾਰਾਜ — ਇਹ ਵੀ ਮੈਂ ਪਰਵਾਨ ਕਰ......।"

"ਹੁਣ ਤੂੰ ਉਸ ਕਮਰੇ ਵਿਚ ਜਾ ਕੇ, ਇਹ ਕਪੜੇ ਲਾਹ ਕੇ ਜਿਹੜੇ ਕਪੜੇ ਤੈਨੂੰ ਦਿਤੇ ਜਾਣਗੇ ਪਾ ਲੈ, ਤੇ ਫੇਰ ਤੈਨੂੰ ਇਹ ਕੇਸ ਆਪਣੇ ਕਟਾਣੇ ਹੋਣਗੇ, ਤੇ ਉਸ ਤੋਂ ਬਾਅਦ ਤੈਨੂੰ ਤੇਰੀ ਪੂਜਯ ਮਾਤਾ ਦੱਸੇਗੀ, ਕਿਸ ਤਰ੍ਹਾਂ ਪੋਟਿਆਂ ਨਾਲ ਹਰ ਇਕ ਵਾਲ ਪੁਟਿਆ ਜਾ ਸਕਦਾ ਹੈ।"

ਵਾਲਾਂ ਦੇ ਕਟਣ ਪੁੱਟਣ ਦਾ ਜ਼ਿਕਰ ਸੁਣ ਕੇ ਉਹ ਉਠਦਾ ਹਉਕਾ ਨਾ ਰੋਕ ਸਕੀ ਤੇ ਬੜਾ ਹੌਸਲਾ ਕਰ ਕੇ ਬੋਲੀ :

"ਪੂਜਯ ਪਿਤਾ ਜੀ ਮੈਨੂੰ ਵਾਲ ਰਖਣ ਦੀ ਆਗਿਆ ਨਹੀਂ ਦੇ ਸਕਦੇ ?"

"ਇਹ ਕਿਸ ਤਰ੍ਹਾਂ ਹੋ ਸਕਦਾ ਹੈ ?" ਵੱਡਾ ਪੂਜਯ ਬੜਾ ਹੈਰਾਨ ਹੋ ਕੇ ਬੋਲਿਆ।

"ਮੈਂ ਜਾਣਦੀ ਹਾਂ — ਇਹ ਮੇਰੀ ਮੰਗ ਅਨੋਖੀ ਹੈ —" ਮੈਨਾ ਨੂੰ ਇਕਦਮ ਅੰਦਰੋਂ ਕੋਈ ਤਾਕਤ ਜਿਹੀ ਆ ਰਹੀ ਸੀ — "ਪਰ ਜੇ ਤੁਸੀਂ ਮੰਨ ਲਵੋ — ਮੈਂ ਤੁਹਾਨੂੰ ਕਦੇ ਉਲਾਂਭਾ ਨਹੀਂ ਦੁਆਵਾਂਗੀ — ਮੇਰੇ ਅੰਦਰ ਪਤਾ ਨਹੀਂ ਕੀ ਬੱਝਾ ਰੁਕਿਆ ਹੋਇਆ ਹੈ — ਮੈਂ ਤੁਹਾਡੀ ਉਹੋ ਜਿਹੀ ਸੇਵਕ ਬਣਾਂਗੀ, ਕਿ ਸਾਰੀ ਕੌਮ ਅਚੰਭਾ ਕਰੇਗੀ — ਮੇਰੇ ਵਾਲ ਨਾ ਕੱਟੇ ਜਾਣ।"

"ਪਰ ਇਹ ਕਦਾਚਿਤ ਹੋਣ ਵਾਲੀ ਗੱਲ ਨਹੀਂ — ਤੈਨੂੰ ਪਤਾ ਨਹੀਂ ਸੀ ?"

"ਮੈਨੂੰ ਪਤਾ ਸੀ — ਮੈਂ ਜਾਣਦੀ ਸਾਂ — ਮੈਂ ਵਾਲ ਕਟਾ ਲਵਾਂਗੀ — ਪਰ ਹੁਣ ਕਟਣ ਦਾ ਵੇਲਾ ਆਇਆ। ਮੈਨੂੰ ਜਾਪ ਰਿਹਾ ਹੈ ਕਿ ਇਹ ਮੇਰੇ ਵਾਲ ਜੀਊਂਦੇ ਹਨ — ਇਹ ਮੇਰੀ ਜਾਨ ਵਿਚੋਂ ਉੱਗੇ ਹੋਏ ਹਨ — ਇਹਨਾਂ ਨੂੰ ਜਦੋਂ ਕੰਘਾ ਵਾਂਹਦੀ ਤੇ ਇਹ ਹਰ ਝਟਕੇ ਨਾਲ ਜਦੋਂ ਮੇਰੀਆਂ ਲੱਤਾਂ ਨਾਲ ਲਗਦੇ ਸਨ, ਇਹਨਾਂ ਵਿਚ ਕੋਈ ਜੀਊਂਦੀ ਛੁਹ ਸੀ — ਕਈ ਸਾਲ ਸਿਵਾਏ ਇਹਨਾਂ ਦੇ ਮੈਂ ਕਿਸੇ ਨਾਲ ਗੱਲ ਨਹੀਂ ਕੀਤੀ — (ਮੱਥਾ ਟੇਕ ਕੇ) ਪ੍ਰੇਮ ਪੂਜਯ — ਇਕ ਵਾਰੀ ਅਨਹੋਣੀ ਵੀ ਕਰ ਵੇਖੋ — ਤੁਸੀਂ ਆਪਣੇ ਫ਼ੈਸਲੇ ਤੋਂ ਕਦੇ ਨਹੀਂ ਪਛਤਾਓਗੇ।"

ਵੱਡੇ ਪੂਜਯ ਦਾ ਦਿਲ ਪਸੀਜ ਤਾਂ ਗਿਆ, ਪਰ ਪੂਜ ਇਸਤ੍ਰੀ ਦੇ ਵਾਲ ਵੇਖ ਕੇ ਲੋਕ ਕੀ ਆਖਣਗੇ।

"ਨਹੀਂ ਬੀਬੀ — ਇਹ ਗੱਲ ਤੇਰੀ ਮੰਨੀ ਨਹੀਂ ਜਾਣੀ।"

"ਫੇਰ — ਹੇ ਪੂਯਜ ਪਿਤਾ — ਮੈਨੂੰ ਪੰਜ ਮਿੰਟ ਇਕੱਲਿਆਂ ਆਪਣੇ ਮਨ ਨੂੰ ਸਮਝਾ ਲੈਣ ਦਿਓ।" ਮੈਨਾ ਨੇ ਮਨ ਪੱਕਾ ਕਰ ਕੇ ਆਖਿਆ।

"ਹਾਂ ਜਾਓ — ਸਾਹਮਣੀ ਰੌਂਸ ਉਤੇ ਬਹਿ ਕੇ ਸੋਚ ਲਓ।"

ਮੈਨਾ ਉਠੀ ਤੇ ਹੌਲੀ ਹੌਲੀ, ਪਰ ਪੱਕੇ ਪੈਰ ਧਰਦੀ ਸਾਹਮਣੇ ਰੌਂਸ ਉਤੇ ਜਾ ਬੈਠੀ। ਏਸ ਰੌਂਸ ਦੇ ਥੰਨਿਓਂ ਹੇਠਾਂ ਬਾਜ਼ਾਰ ਸੀ।

ਕੁਝ ਚਿਰ ਬਾਅਦ ਮੈਨਾ ਉਠ ਬੈਠੀ।

"ਇਹ ਇਸਤ੍ਰੀ ਹੈ ਕੋਈ ਅਨੋਖੀ — ਮੈਂ ਕਈ ਇਸਤ੍ਰੀਆਂ ਦੀ ਇਹ ਰਸਮ ਅਦਾ ਕੀਤੀ



ਹੈ — ਪਰ ਇਹਦਾ ਸਭ ਕੁਝ ਸੋਚਾਂ ਵਿਚ ਪਾਣ ਵਾਲਾ ਹੈ — ਜੇ ਇਹ ਪੁਜਾਰਣ ਬਣ ਗਈ — ਤਾਂ ਬੜੀ ਸ਼ੁਹਰਤ ਹਾਸਲ ਕਰੇਗੀ।"

"ਪਰ — ਔਹ — ਉਹ ਰੌਂਸ ਉਤੇ ਖਲੋ ਕਿਉਂ ਗਈ ?" ਦੂਜੇ ਨੇ ਘਬਰਾ ਕੇ ਆਖਿਆ।

ਵੱਡੇ ਪੂਯਜ ਨੇ ਵੀ ਤੱਕਿਆ, ਮੈਨਾ ਰੌਂਸ ਦੇ ਉਤੇ ਖਲੋ ਗਈ ਸੀ। ਉਸ ਨੇ ਆਪਣੀ ਉਂਗਲ ਜੂੜੇ ਵਿਚ ਫੇਰੀ, ਜੂੜਾ ਖੁਲ੍ਹ ਗਿਆ, ਵਾਲ ਕਮਰ ਤੋਂ ਹੇਠਾਂ ਲਮਕ ਪਏ — ਨਿੱਕੀ ਨਿੱਕੀ ਹਵਾ ਵਿਚ ਉਹਨਾਂ ਦੀਆਂ ਪਤਲੀਆਂ ਬੂੰਬਲਾਂ ਸਰ ਸਰ ਉਡ ਰਹੀਆਂ ਸਨ।

"ਕੇਡੇ ਲੰਮੇ......"

"ਔਹ ! ਸਾਰੇ ਉਠ ਕੇ ਪੌੜੀਆਂ ਵਲ ਦੌੜੇ। ਰੌਂਸ ਉਤੇ ਕੋਈ ਇਸਤ੍ਰੀ ਨਹੀਂ ਸੀ ਖਲੋਤੀ ਹੋਈ।

ਸਾਰੇ ਥੱਲੇ ਪਹੁੰਚੇ। ਬਾਜ਼ਾਰ ਵਿਚ ਹਾ-ਹਾ-ਕਾਰ ਮਚੀ ਹੋਈ ਸੀ। ਇਕ ਮੁੰਡਾ ਟੁੱਟੀ ਫਿੱਸੀ ਮੈਨਾ ਦੇ ਸਿਰਹਾਣੇ ਬੈਠਾ ਸੀ। ਉਸ ਨੇ ਖਿਲਰੇ ਹੋਏ ਵਾਲ ਮੱਥੇ ਤੋਂ ਪਰ੍ਹਾਂ ਹਟਾ ਕੇ ਚੀਰ ਸਿੱਧਾ ਕਰ ਦਿਤਾ ਸੀ। ਕਾਲੇ ਕੇਸਾਂ ਵਿਚ ਕਿਤੇ ਕਿਤੇ ਸੰਧੂਰ ਵਾਂਗ ਲਹੂ ਲਿਸ਼ਕ ਰਿਹਾ ਸੀ। ਮੁੰਡੇ ਦੀਆਂ ਅੱਖਾਂ ਵਿਚੋਂ ਤਾਰ ਤਾਰ ਹੰਝੂ ਡਿੱਗ ਰਹੇ ਸਨ ਤੇ ਉਹ ਹੇਠਾਂ ਪਈ ਇਸਤ੍ਰੀ ਦੀਆਂ ਅੱਖਾਂ ਵਿਚ ਤੱਕ ਰਿਹਾ ਸੀ — ਇਹ ਅੱਖਾਂ ਖੁਲ੍ਹੀਆਂ ਸਨ। ਅਗੇ ਇਹਨਾਂ ਦਾ ਰੰਗ ਕਾਕੇ ਨੇ ਕਦੀ ਨਹੀਂ ਸੀ ਵੇਖਿਆ — ਉਸ ਕਾਲੀ ਰਾਤ ਵਰਗੀਆਂ ਜਿਹੜੀ ਰਾਤ ਅਖ਼ੀਰੀ ਉਹਨੇ ਉਹਨੂੰ ਜਗਾਇਆ ਸੀ — ਪਰ ਉਸ ਰਾਤ ਦੀਆਂ ਡੂੰਘਾਈਆਂ ਵਿਚ ਕੋਈ ਸੂਰਜ ਲੁਕਿਆ ਹੋਇਆ ਸੀ — ਤਦੇ ਉਹਨੂੰ ਹਨੇਰੇ ਵਿਚੋਂ ਵੀ ਉਸ ਰਾਤੀਂ ਲਭਦਾ ਸੀ — ਉਹ ਹੁਣ ਵੀ ਓਡੀਆਂ ਕਾਲੀਆਂ ਤੇ ਓਡੀਆਂ ਹੀ ਰੌਸ਼ਨ ਸਨ — ਉਹ ਖੁਲ੍ਹੀਆਂ ਹੋਈਆਂ ਸਨ।

ਪਰ ਉਹਨਾਂ ਵਿਚ ਇਸ ਵੇਲੇ ਕੋਈ ਸੂਰਜ ਨਹੀਂ ਸੀ !

## ਕਿਹਰੂ ਦਸ ਨੰਬਰੀਆ

ਮੈਂ ਤੇ ਮੇਰੀ ਪਤਨੀ ਚਿਰਾਕੇ ਹੀ ਸ਼ਹਿਰੋਂ ਵਿਹਲੇ ਹੋਏ। ਸੂਰਜ ਡੁੱਬ ਚੁੱਕਾ ਤੇ ਸਾਵਣ ਦੀ ਕਿਣ-ਮਿਣ ਹੋ ਰਹੀ ਸੀ। ਪਰ ਸਾਡੇ ਕੋਲ ਜੀਪ ਸੀ। ਪੰਦਰਾਂ ਮੀਲ ਪੱਕੀ ਸੜਕ ਦੇ ਅਸਾਂ ਝਟ ਮੁਕਾ ਲਏ। ਏਥੋਂ ਸਾਡਾ ਪਿੰਡ ਸਵਾ ਮੀਲ ਸੀ — ਰਸਤਾ ਪਰ ਕੱਚਾ ਸੀ। ਮਸਾਂ ਦੋ ਪੈਲੀਆਂ ਦੀ ਵਾਟ ਕੱਚੇ ਉਤੇ ਗਏ ਹੋਵਾਂਗੇ ਕਿ ਬੱਦਲ ਵਰ੍ਹੇ ਕਾਹਨੂੰ, ਪਾਟ ਹੀ ਪਏ। ਕੱਚੀ ਸੜਕ ਦੀ ਲੀਕ ਲੁਕ ਗਈ। ਤੇ ਪਹੀਆ ਕਿਸੇ ਟੋਏ ਵਿਚ ਇਹੋ ਜਿਹਾ ਫਸਿਆ, ਕਿ ਹਾਰ ਕੇ ਮੈਨੂੰ ਇੰਜਣ ਬੰਦ ਕਰਨਾ ਪਿਆ। ਓਸ ਵੇਲੇ ਸੜਕ ਦੇ ਬੰਨਿਓਂ ਵਾਜ ਆਈ :

"ਐਸ ਤੂਫ਼ਾਨ ਵਿਚ — ਸਰਦਾਰ ਜੀ ?"

ਮੈਂ ਤੱਕਿਆ, ਕੋਈ ਲੰਮਾਂ ਝੰਮਾ ਆਦਮੀ, ਸਿਰ ਉਤੇ ਬੋਰੀ ਪਾਈ ਸਾਡੇ ਵਲ ਆ ਰਿਹਾ ਸੀ।

"ਪਛਾਣਿਆਂ ਨਹੀਂ ?"

ਓਸ ਨੇੜੇ ਪਹੁੰਚ ਕੇ ਆਖਿਆ, "ਮੈਂ ਕਿਹਰੂ — ਦੱਸੋ ਜੋ ਮੈਂ ਕਰ ਸਕਦਾ ਹੋਵਾਂ।"

ਕਿਹਰੂ ਦਾ ਨਾਂ ਸੁਣਦਿਆਂ ਸਾਰ ਮੇਰੀਆਂ ਅੱਖਾਂ ਅਗੋਂ ਕਈ ਕਤਲ, ਕਈ ਲੁੱਟੇ ਮੁਸਾਫ਼ਰ, ਕਈ ਚੋਰੀਆਂ, ਕਈ ਡਾਕੇ ਫਿਰ ਗਏ। ਸਾਡੀ ਨਵੀਂ ਵਿਆਹੀ ਕੁੜੀ ਨੇ ਚੋਰੀਆਂ ਦੇ ਡਰੋਂ ਇਕ ਟਰੰਕ ਸਾਡੇ ਨਾਲ ਧਰ ਦਿਤਾ ਸੀ।

ਇਹ ਮੇਰਾ ਖ਼ਿਆਲ ਇਕ ਖਿਣ ਦੀ ਗੱਲ ਹੋਵੇਗੀ, ਕਿਉਂਕਿ ਝਟ ਸਾਵਧਾਨ ਹੋ ਕੇ ਮੈਂ ਕਿਹਰੂ ਨੂੰ ਉੱਤਰ ਦਿੱਤਾ :

"ਬੜੀ ਮਿਹਰਬਾਨੀ — ਕਿਹਰ ਸਿੰਘ ਜੀ — ਮੈਂ ਐਸ ਵੇਲੇ ਆਪਣੇ ਮੂਰਖਪੁਣੇ ਤੋਂ ਸ਼ਰਮਿੰਦਾ ਹਾਂ — ਜੋ ਤੁਹਾਨੂੰ ਸੁੱਝੇ ਕਰੋ — ਤੁਹਾਡੇ ਗੋਚਰੇ ਹਾਂ।"

"ਫੇਰ ਚਲੋ ਤੁਸੀਂ ਮੇਰੇ ਨਾਲ — ਤੁਸਾਂ ਸੁਣਿਆਂ ਹੀ ਹੋਵੇਗਾ — ਮੈਂ ਪਿੰਡ ਵਿਚ ਨਹੀਂ ਰਹਿੰਦਾ — ਏਥੇ ਖੂਹ ਉਤੇ ਹੀ ਹਵੇਲੀ ਬਣਾ ਲਈ ਏ — ਮੇਰੀ ਜ਼ਿਮੀ ਤੇ ਏਸ ਸੜਕ ਦੀ ਹੱਦ ਸਾਂਝੀ ਏ।"

ਆਪਣੇ ਮਨ ਨਾਲ ਮੈਂ ਝਟ ਫ਼ੈਸਲਾ ਕਰ ਲਿਆ ਤੇ ਹੱਥ ਨਾਲ ਘੁਟ ਕੇ ਆਪਣੀ ਪਤਨੀ ਦੀ ਖ਼ਾਮੋਸ਼ ਸਲਾਹ ਵੀ ਲੈ ਲਈ ਸੀ — ਕਿ ਜੋ ਕਿਹਰੂ ਸਾਡੇ ਨਾਲ ਕਰਨਾ ਚਾਹੇ, ਓਹ ਸੜਕ ਤੇ ਵੀ ਕਰ ਸਕਦਾ ਹੈ, ਤੇ ਘਰ ਲਿਜਾ ਕੇ ਵੀ ਕਰ ਸਕਦਾ ਹੈ। ਰਾਤ ਹਨੇਰੀ ਤੇ ਮੀਂਹ ਛੱਜੀ ਖਾਰੀਂ ਪੈ ਰਿਹਾ ਸੀ।

"ਪਰ ਕਿਹਰ ਸਿੰਘ ਜੀ — ਇਕ ਟਰੰਕ ਹਵੇਲੀ ਖੜਨਾ ਹੋਵੇਗਾ।"

"ਲਿਆਓ— ਫੜਾਓ," ਤੇ ਉਸ ਨੇ ਸਿਰੋਂ ਬੋਰੀ ਲਾਹ ਕੇ ਹੱਥ ਪਾ ਕੇ ਟਰੰਕ ਆਪਣੇ ਸਿਰ ਧਰਾ ਲਿਆ ਤੇ ਉਪਰ ਬੋਰੀ ਪਾ ਲਈ।



ਅਸੀਂ ਦੋਵੇਂ ਇਕ ਦੂਜੇ ਨੂੰ ਆਸਰਾ ਦੇਂਦੇ ਉਹਦੇ ਪਿਛੇ ਤੁਰ ਪਏ।

ਹਵੇਲੀ ਦਾ ਬੂਹਾ ਕਿਹਰੂ ਨੇ ਬੜੇ ਢੰਗ ਨਾਲ ਖੜਕਾਇਆ — ਪਹਿਲਾਂ ਤਿੰਨ ਇਕੱਠੀਆਂ ਠੋਕਰਾਂ, ਫੇਰ ਇਕ ਜ਼ਰਾ ਜ਼ੋਰ ਨਾਲ ਨਿਖੇੜ ਕੇ। ਅੰਦਰੋਂ ਬੂਹਾ ਖੁਲ੍ਹਿਆ।

"ਨਵੇਂ ਨਗਰ ਦੇ ਵੱਡੇ ਸਰਦਾਰ ਹੋਰੀਂ" — ਕਿਹਰੂ ਨੇ ਆਖਿਆ — ਤੇ ਬੂਹਾ ਖੋਲ੍ਹਣ ਵਾਲੀ ਨੇ "ਰਖ ਸਾਈਂ ਦੀ" ਆਖ ਕੇ ਮੇਰੀ ਪਤਨੀ ਦਾ ਹੱਥ ਫੜ ਲਿਆ। ਦੂਜੇ ਉਹਦੇ ਹੱਥ ਵਿਚ ਲਾਲਟੈਨ ਸੀ।

ਇਕ ਪਸਾਰ ਵਿਚ ਕਿਹਰੂ ਨੇ ਦੋ ਮੰਜੇ ਡਾਹ ਦਿਤੇ। ਇਸਤ੍ਰੀ ਨੇ ਸੰਦੂਕ ਵਿਚੋਂ ਦੋ ਖੇਸ ਕਢ ਕੇ ਉਪਰ ਵਿਛਾ ਦਿਤੇ। ਕੋਈ ਸੁਕਰਨੀ ਸੀ ਇਹ ਇਸਤ੍ਰੀ ! ਕਿਸ ਤਰ੍ਹਾਂ ਦੋ ਨੁੱਕਰਾਂ ਤੋਂ ਛੰਡ ਕੇ ਖੇਸ ਸਰਹਾਂਦੀਓਂ ਪੁਆਂਦੀ ਪੁਚਾ ਦਿੱਤਾ, ਤੇ ਸਰਹਾਂਦੀਓਂ ਪੁਆਂਦੀ ਜਾ ਕੇ ਚੌਂਹ ਹੱਥ-ਫੇਰੀਆਂ ਵਿਚ ਸਾਰੇ ਵਟ ਕਢ ਦਿੱਤੇ। ਹਵਾ ਨਾਲ ਕੁਝ ਕਾਲੀ ਹੋਈ ਬੱਤੀ ਦੀ ਰੌਸ਼ਨੀ ਵਿਚ ਨਕਸ਼ ਬਹੁਤੇ ਸਾਫ਼ ਨਹੀਂ ਸਨ ਦਿਸਦੇ, ਪਰ ਇਸਤ੍ਰੀ ਦੇ ਕੱਦ-ਕਾਠ ਤੇ ਚਾਲ-ਢਾਲ ਵਿਚ ਇਹੋ ਜਿਹਾ ਕੁਝ ਸੀ ਕਿ ਉਹਦੇ ਵਲ ਵੇਖਣਾ ਮੈਨੂੰ ਚੰਗਾ ਲਗਦਾ ਸੀ।

"ਹੁਣੇ ਮੈਂ ਤੁਹਾਡੇ ਲਈ ਰੋਟੀਆਂ ਲਾਹ ਲੈਂਦੀ ਹਾਂ।"

"ਤੁਸੀਂ ਰੋਟੀ ਦੀ ਖੇਚਲ ਨਾ ਕਰੋ," ਮੇਰੀ ਪਤਨੀ ਨੇ ਆਖਿਆ।

"ਖੇਚਲ ? — ਕਦੇ ਗੱਡੀ ਫਸਿਆਂ ਈ ਤੁਸਾਂ ਸਾਡੇ ਘਰ ਆਉਣਾ ਹੋਇਆ। ਆਟਾ ਗੁੱਧਾ, ਸਲੂਣਾ ਰਿੱਧਾ ਪਿਆ ਹੈ," — ਇਹ ਕਹਿੰਦੀ ਤੇ ਮੁਸਕਰਾਂਦੀ ਉਹ ਰਸੋਈ ਵਲ ਚਲੀ ਗਈ।

"ਤੇ ਮੈਂ ਬੂਹਾ ਚੰਨਾ ਵੇਖ ਆਵਾਂ।" ਕਿਹਰੂ ਵੀ ਚਲਾ ਗਿਆ।

ਅਸੀਂ ਦੋਹਾਂ ਨੇ ਹੌਲੀ ਹੌਲੀ ਘੁਸਰ ਮੁਸਰ ਵਿਚ ਇਕ ਦੂਜੇ ਦਾ ਦਿਲ ਪੁੱਛਿਆ। ਡਰ ਵੀ ਸੀ — ਪਰ ਮਾੜੇ ਵੀ ਉਹ ਨਹੀਂ ਸਨ ਲੱਗੇ।

ਰੋਟੀ ਖਾਧੀ ਗਈ। ਇਸਤ੍ਰੀ ਭਾਂਡਾ-ਟੀਂਡਾ ਸਾਂਭਣ ਚਲੀ ਗਈ। ਕਿਹਰੂ ਵੀ ਇਹ ਆਖ ਕੇ ਕਿ 'ਤੁਸੀਂ ਥੱਕੇ ਹੋ — ਆਰਾਮ ਕਰੋ,' ਸਾਨੂੰ ਛੱਡ ਗਿਆ।

ਜਿਹੜੀਆਂ ਗੱਲਾਂ ਬਹੁਤੀਆਂ ਸਾਡੇ ਮਨ ਵਿਚ ਸਨ, ਉਹ ਅਸੀਂ ਉਸ ਘਰ ਵਿਚ ਕਰ ਨਹੀਂ ਸਾਂ ਸਕਦੇ — ਚੁੱਪ ਕਰ ਕੇ ਲੰਮੇ ਪੈ ਗਏ। ਮੇਰੀ ਪਤਨੀ ਦੀ ਨੀਂਦ ਚੰਗੀ ਹੈ — ਉਹ ਪੰਜਾਂ ਦਸਾਂ ਮਿੰਟਾਂ ਵਿਚ ਹੀ ਸੌਂ ਗਈ। ਪਰ ਮੈਂ ਹਰ ਨਿੱਕੇ ਜਿਹੇ ਖੜਾਕ ਉਤੇ ਵੀ ਅੱਖਾਂ ਖੋਲ੍ਹ ਲੈਂਦਾ ਸਾਂ। ਇਕ ਵਾਰੀ ਕੀ ਵੇਖਦਾ ਹਾਂ, ਕਿਹਰੂ ਬੂਹੇ ਅਗੇ ਢਾਰੇ ਵਿਚ ਖੜਾ ਹੈ — ਉਹਦੀ ਪਿੱਠ ਸਾਡੇ ਵਲ ਹੈ। ਮੈਂ ਤੱਕਦਾ ਰਿਹਾ — ਉਹ ਚਲਾ ਗਿਆ। ਅੱਧੇ ਘੰਟੇ ਬਾਅਦ ਫੇਰ ਮੈਨੂੰ ਕੁਝ ਜਾਪਿਆ — ਮੈਂ ਅੱਖਾਂ ਖੋਲ੍ਹੀਆਂ — ਮੇਰਾ ਤ੍ਰਾਹ ਨਿਕਲ ਗਿਆ — ਕਿਹਰੂ ਫੇਰ ਬੂਹੇ ਵਿਚ ਖੜੋਤਾ ਸੀ, ਐਤਕੀਂ ਮੇਰੇ ਵਲ ਤੱਕ ਰਿਹਾ ਸੀ। ਮੈਂ ਉਠ ਕੇ ਬਹਿ ਗਿਆ।

"ਕਿਉਂ ਸਰਦਾਰ ਜੀ — ਨੀਂਦਰ ਨਹੀਂ ਆਉਂਦੀ," ਉਸ ਪੁੱਛਿਆ।

"ਓਪਰੇ ਥਾਂ ਮੈਨੂੰ ਘਟ ਹੀ ਨੀਂਦ ਆਉਂਦੀ ਏ — ਨਾਲੇ ਵੇਂਹਦਾ ਸਾਂ ਮੀਂਹ ਕਿੰਨਾ ਕੁ ਪੈ ਰਿਹਾ ਹੈ — ਪਰ ਤੁਸੀਂ ਕਿਹਰ ਸਿੰਘ ਜੀ, ਕਿਉਂ ਅਜੇ ਤਕ ਨਹੀਂ ਸੁੱਤੇ ?" ਮੈਂ ਆਪਣਾ ਡਰ ਛੁਪਾਣ ਲਈ ਪੁੱਛਿਆ।

"ਮੈਂ ਤਾਂ ਸਰਦਾਰ ਜੀ — ਅੱਜ ਸੌਂਣਾ ਹੀ ਨਹੀਂ।"

ਮੈਨੂੰ ਕੁੜੀ ਦੇ ਟਰੰਕ ਦਾ ਖ਼ਿਆਲ ਆਇਆ — ਜੇ ਨਾ ਲਿਆਂਦਾ ਹੁੰਦਾ — ਸਾਨੂੰ ਕਿਸੇ ਨੇ ਕੀ ਆਖਣਾ ਸੀ।

"ਉਹ ਕਿਉਂ — ਤੁਸੀਂ ਅੱਜ ਕਿਉਂ ਨਹੀਂ ਸੌਂਣਾ ?" ਮੈਂ ਪੁੱਛਿਆ।

"ਅੱਜ ਮੇਰੇ ਘਰ ਇਕ ਬੜੀ ਮਹਿੰਗੀ ਅਮਾਨਤ ਏ — ਮੈਂ ਦੁਸ਼ਮਣਦਾਰ ਆਦਮੀ ਹਾਂ — ਜੇ ਮੇਰੇ ਘਰ ਵਿਚ ਤੁਹਾਨੂੰ ਕੋਈ ਹਰਜ ਹੋ ਜਾਏ, ਮੈਂ ਕਿਹੜੇ ਮੂੰਹ ਜੀਵਾਂਗਾ।"

ਉਹਦੀ ਆਵਾਜ਼ ਵਿਚ ਸਚਾਈ ਦੀ ਠਣਕ ਸੀ।

"ਤੁਸੀਂ ਕੇਡੇ ਚੰਗੇ ਹੋ — ਕਿਹਰ ਸਿੰਘ ਜੀ," ਪਰ ਮਨ ਵਿਚ ਉਹਦੀ ਦਸ-ਨੰਬਰੀ ਸ਼ੁਹਰਤ ਨਾਲ ਮੈਂ ਉਹਦਾ ਰਵੱਈਆ ਮੇਲ ਰਿਹਾ ਸਾਂ।

"ਚੰਗਾ ਜੇਡਾ ਮੈਂ ਹਾਂ, ਜੱਗ ਜਾਣਦਾ ਹੈ— ਪਰ ਅੱਜ ਆਪਣੇ ਮਹਿਮਾਨ ਦੇ ਇਕ ਵਾਲ ਤੋਂ ਜਾਨ ਲੜਾ ਦੇਣਾ ਧਰਮ ਹੈ।"

ਬੜਾ ਬੱਦਲ ਲਿਸ਼ਕਿਆ — ਕਿਹੋ ਜਿਹਾ ਸ਼ਾਨਦਾਰ ਜੁੱਸਾ — ਮਨ ਵਿਚ ਮੈਂ ਆਖਿਆ — "ਜਿਦ੍ਹਾ ਇਹ ਆਦਮੀ ਯਾਰ ਹੋਵੇ" — ਤੇ ਉਚੀ ਮੇਰੇ ਮੂੰਹੋਂ ਨਿਕਲਿਆ :

"ਜੇ ਕਿਹਰ ਸਿੰਘ ਜੀ — ਤੁਸਾਂ ਅੱਜ ਸੌਂਣਾ ਨਹੀਂ — ਤਾਂ ਆ ਜਾਓ ਅੰਦਰ — ਕੱਠੇ ਹੀ ਜਾਗੀਏ।"

ਉਹ ਅੰਦਰ ਆ ਗਿਆ।

"ਪਰ ਮਾਤਾ ਜੀ ਸੁੱਤੇ ਪਏ ਨੇ ?"

"ਇਹਨਾਂ ਦਾ ਤੁਸੀਂ ਫ਼ਿਕਰ ਨਾ ਕਰੋ — ਪਹਿਲੇ ਵੇਲੇ ਜਦੋਂ ਇਹਨਾਂ ਦੀ ਅੱਖ ਲਗ ਜਾਏ — ਫੇਰ ਗੱਲਾਂ ਤਾਂ ਕੀ ਕੋਈ ਧਮ ਧਮਾਕਾ ਵੀ ਇਹਨਾਂ ਨੂੰ ਜਗਾ ਨਹੀਂ ਸਕਦਾ।"

ਮੁਸਕਰਾ ਕੇ ਉਹ ਮੇਰੇ ਨਾਲ ਮੰਜੇ ਉਤੇ ਬਹਿ ਗਿਆ। ਉਹਦੇ ਸਾਹਮਣੇ ਕਿੱਲੀ ਨਾਲ ਟੰਗੀ ਹੱਥ-ਬੱਤੀ ਬਲ ਰਹੀ ਸੀ।

"ਸੁਣਾਓ, ਕਿਹਰ ਸਿੰਘ ਜੀ," ਮੈਂ ਆਖਿਆ, "ਕੋਈ ਆਪਣੀ ਜ਼ਿੰਦਗੀ ਦੀ ਘਟਨਾ।"

"ਕਾਹਦੀ ਮੇਰੀ ਜ਼ਿੰਦਗੀ," — ਉਸ ਹਉਕਾ ਭਰ ਕੇ ਆਖਿਆ, "ਜੋਰ ਜਬਰ ਦਾ ਖ਼ੂਨੀ ਹੰਗਾਮਾ ਏ — ਸ਼ਰਮ ਆਵੇ ਸੁਣਾਂਦਿਆਂ — ਹਾਂ — ਬੰਸੋ — ਮੇਰੀ ਘਰ ਵਾਲੀ ਦੀ ਕਹਾਣੀ ਏ ਜਿਹੜੀ ਸੁਣਾਨ ਨੂੰ ਮੇਰਾ ਜੀਅ ਅਹੁੜਦਾ ਰਹਿੰਦਾ ਏ।"

"ਓਹੀ ਸੁਣਾਓ — ਆਪਣੀ ਵੀ ਸੁਣਾਓ — ਸ਼ਰਮਾਓ ਨਾ — ਕਈ ਵਾਰੀ ਸਾਡੀ ਜ਼ਿੰਦਗੀ ਸਾਡੇ ਆਪਣੇ ਇਰਾਦਿਆਂ ਦੀ ਤਸਵੀਰ ਨਹੀਂ ਹੁੰਦੀ, ਸਾਡੇ ਆਲੇ-ਦੁਆਲਿਓਂ ਪੈਦਾ ਹੋਈ ਮਜਬੂਰੀ ਹੁੰਦੀ ਏ," ਮੈਂ ਕਿਹਰੂ ਨੂੰ ਪੁਆਂਦ ਤੋਂ ਅਗਾਂਹ ਹੋ ਕੇ ਬੈਠਣ ਲਈ ਆਖਿਆ।

"ਮੇਰੇ ਕਿੱਸੇ ਤੁਸਾਂ ਕਈ ਸੁਣੇ ਹੋਣਗੇ — ਸੌ ਵਿਘੇ ਬਾਪੂ ਦੀ ਜ਼ਮੀਨ ਸੀ — ਭਰਾ ਦੋ ਈ ਹਾਂ — ਕੰਮ ਕਦੇ ਕੀਤਾ ਨਾ — ਅਠਵੀਂਓਂ ਉਠ ਬੈਠਾ — ਸੇਪੀਆਂ ਮੁਜ਼ਾਰਿਆਂ ਦੀ ਮੁਟਿਆਰ ਜਿਹੜੀ ਚੰਗੀ ਲੱਗੀ ਉਹਨੂੰ ਚੰਗਿਆਂ ਰਹਿਣ ਨਾ ਦਿੱਤਾ — ਹੱਡ ਪੈਰ ਨਰੋਏ ਸਨ — 'ਭਲਵਾਨ', 'ਭਲਵਾਨ' ਆਖ ਕੇ ਲੋਕਾਂ ਭੂਏ ਚਾੜ੍ਹ ਦਿੱਤਾ — ਫੇਰ ਸਰਦਾਰ ਜੀ — ਮੈਂ ਕੀ ਨਹੀਂ ਕੀਤਾ ! — ਪੈਂਚ ਸਾਡਾ ਚੰਗਾ ਸੀ — ਪਰ ਟੋਕਦਾ ਬਹੁਤ ਸੀ — ਗ਼ੁੱਸਾ ਲੱਗਾ — ਦਿਨ ਦੀਵੀਂ ਵੱਢ ਸੁੱਟਿਆ। ਗਵਾਹੀ ਕਿਦ੍ਹੀ ਮਜਾਲ ਸੀ ਦੇਂਦਾ — ਦਸ ਵਰ੍ਹੇ ਕੈਦ ਹੋਈ —



ਕੱਟ ਕੇ ਛੁੱਟ ਆਇਆ — ਤੇ ਜੇ ਬੰਸੋ ਕਿਤੋਂ ਰੱਬੋਂ ਉਡ ਕੇ ਮੇਰੇ ਘਰ ਨਾ ਆ ਜਾਂਦੀ ਤਾਂ ਪਤਾ ਨਹੀਂ ਕੌਣ ਕੌਣ ਮੇਰੇ ਹੱਥੋਂ ਮੋਇਆ ਹੁੰਦਾ — ਜਾਂ ਕਿਦ੍ਹੇ ਹੱਥੋਂ ਮੇਰਾ ਢਿੱਡ ਪਾਟ ਗਿਆ ਹੁੰਦਾ —" ਇਹ ਕਹਿੰਦਾ ਉਹ ਉਠ ਕੇ ਡੰਗਰਾਂ ਵਾਲੇ ਕੋਠੇ ਵਲ ਚਲਾ ਗਿਆ — ਤੇ ਮੁੜ ਆ ਕੇ ਚੰਗੀ ਤਰ੍ਹਾਂ ਬਹਿ ਕੇ ਉਸ ਗੱਲ ਸ਼ੁਰੂ ਕੀਤੀ —

"ਇਹ ਬੰਸੋ, ਮੇਰੀ ਘਰ ਵਾਲੀ, ਮੁਸਲਮਾਨ ਲੁਹਾਰਾਂ ਦੀ ਧੀ ਏ — ਇਨੈਤੀ ਇਹਦਾ ਨਾਂ ਸੀ। ਪਿੰਡ ਇਹਨਾਂ ਦਾ ਸ਼ਹਿਰ ਦੇ ਨੇੜੇ ਸੀ। ਜਦੋਂ ਇਹਨੂੰ ਜਵਾਨੀ ਆਈ, ਪਿੰਡ ਵਿਚ ਗੋਗਾ ਮਚ ਗਿਆ। ਇਹਦਾ ਘਰੋਂ ਬਾਹਰ ਨਿਕਲਣਾ ਮੁਸ਼ਕਲ ਹੋ ਗਿਆ। ਕਈ ਅੱਖਾਂ ਤਾੜੇ ਲੱਗੀਆਂ ਰਹਿੰਦੀਆਂ — ਲੰਬੜਾਂ ਦਾ ਛੋਟਾ ਤਾਂ ਸ਼ੁਦਾਈ ਹੋਇਆ ਫਿਰਦਾ ਸੀ : ਸੋਹਣਾ ਉਹ ਵੀ ਦਰਸ਼ਨੀ ਸੀ।

"ਇਨੈਤੀ ਦੇ ਪਿਓ ਨੇ ਤੰਗ ਆ ਕੇ ਇਹਨੂੰ ਮੰਗ ਦਿੱਤਾ — ਪਰ ਸਾਕ ਐਵੇਂ ਕੈਵੇਂ ਹੀ ਢੂੰਢਿਆ — ਦੋਹਾਜੂ, ਮਾਰੜਾ ਜਿਹਾ — ਕਹਿੰਦੇ ਨੇ, ਦੋ ਢਾਈ ਸੌ ਲੈ ਲਿਆ ਸ ਸੂ...... ਇਨੈਤੀ ਦੇ ਅੰਦਰ ਕੋਈ ਤੂਫ਼ਾਨ ਉਠਿਆ ਹੋਇਆ ਸੀ — ਪਿਓ ਉਤੇ ਬੜਾ ਗ਼ੁਸਾ ਚੜ੍ਹਿਆ — 'ਢਾਈ ਸੌ ਰੁਪਿਆ — ਮੈਨੂੰ ਵਿਆਹੁੰਦਾ ਖਾਂ ਕਿਸੇ ਬੰਦੇ ਨਾਲ — ਜੇ ਢਾਈ ਹਜ਼ਾਰ ਇਹਦੇ ਹੱਥ ਨਾ ਲਿਆ ਫੜਾਂਦੀ —' ਵਿਆਹ ਦੀ ਅਵਾਈ ਉਡੀ, ਦੋ ਦਿਨ ਇਨੈਤੀ ਨੇ ਕੁਝ ਨਾ ਖਾਧਾ — ਤੀਜੇ ਦਿਨ ਲੰਬੜਾਂ ਦਾ ਕੈਲਾ ਕਿਤੇ ਟੱਕਰ ਪਿਆ — ਬੜੇ ਤਰਲੇ ਕਢਣ ਲੱਗਾ — ਇਨੈਤੀ ਸਿੱਧਾ ਨੱਕ ਫੜਨ ਵਾਲੀ ਕੁੜੀ ਸੀ।

" 'ਕੈਲਿਆ — ਸੱਚੀ ਦੱਸ — ਕੋਈ ਪਿਆਰ ਉਠਿਆ ਹਈ ਕਿ ਐਵੇਂ ਕਮੀਣਾਂ ਦੀ ਕੁੜੀ ਨਾਲ ਟੱਕਰਾਂ ਮਾਰਨ ਲਈ ਆਫ਼ਰਿਆ ਫਿਰਨਾ ਏਂ ?'

" 'ਕੈਲੇ ਨੇ ਕਈ ਵਾਰੀ ਢਾਣੀ ਵਿਚ ਸ਼ੇਖ਼ੀ ਮਾਰੀ ਸੀ : 'ਮੇਰੀ ਲੁਹਾਰੀ ਨਾਲ ਦੁਨੀਆਂ ਦੀ ਕੋਈ ਜੱਟੀ ਖਲ੍ਹਾਰ ਲਵੋ !'

" 'ਫੇਰ ਕੈਲਿਆ, ਤੂੰ ਤੋਲ ਲੈ ਆਪਣਾ ਪਾਸਾ — ਮੈਂ ਤਿਆਰ ਊਂ — ਪਰ ਕਰਨੀ ਛੇਤੀ ਹੋਊਗੀ — ਵਿਆਹ ਦੀਆਂ ਗੱਲਾਂ ਪਈਆਂ ਹੁੰਦੀਆਂ ਨੀ।'

"ਜੰਞ ਨੇ ਅੱਜ ਆਉਣਾ ਸੀ। ਪਿੰਡ ਵਿਚ ਦਿਨ ਚੜ੍ਹਦਿਆਂ ਹੀ ਵਾਹਰ ਪੈ ਗਈ ਕਿ 'ਨੈਤੀ ਕੈਲੇ ਨਾਲ ਨੱਸ ਗਈ'। ਕੈਲੇ ਦੇ ਭਰਾ ਬੜੇ ਰਾਣੀ ਖਾਂ ਜੰਮੇ ਸਨ ; ਉਹਦੀ ਕੁੜਮਾਈ ਉਹਨਾਂ ਕਿਸੇ ਕੜੇ ਕਪਤਾਨ ਦੇ ਘਰ ਕੀਤੀ ਹੋਈ ਸੀ। ਆਖਣ ਭਾਵੇਂ ਦੋਵੇਂ ਨਾ ਮਾਰਨੇ ਪੈਣ, ਘਰ ਨੂੰ ਕਲੰਕ ਨਹੀਂ ਲੱਗਣ ਦੇਣਾ।

"ਕੈਲੇ ਨੇ ਭਰਾਵਾਂ ਨੂੰ ਕਿਤੋਂ ਸੁਨੇਹਾ ਘਲਵਾਇਆ, ਕਿ ਉਹ ਆਪਣਾ ਹਿੱਸਾ ਛੱਡ ਦੇਵੇਗਾ, ਦੂਰ ਦੁਰਾਡਾ ਚਲਾ ਜਾਏਗਾ — ਪਰ ਭਰਾਵਾਂ ਨੇ ਡਰਾਵੇ ਉਤੇ ਡਰਾਵਾ ਸੁੱਟਿਆ।

"ਕੁਝ ਮਹੀਨੇ ਖੁਆਰ ਹੋ ਕੇ ਉਹ ਮੇਰੇ ਕੋਲ ਆ ਗਿਆ। ਮੈਂ ਉਹਨੂੰ ਦਿਲਾਸਾ ਦਿਤਾ ਕਿ ਉਹਦੀ 'ਵਾ ਵਲ ਤਾਂ ਕੋਈ ਤੱਕੇ, ਪਰ ਉਹ ਹਾਰ ਚੁੱਕਾ ਹੋਇਆ ਸੀ। ਉਸ ਮੈਨੂੰ ਦਸਿਆ ਕਿ ਉਹਦੇ ਭਰਾ ਬੜੇ ਡਾਢੇ ਨੇ, ਉਹਨਾਂ ਕਿਤੇ ਉਹਨੂੰ ਵੱਸਣ ਨਹੀਂ ਦੇਣਾ। ਜਿਹੜੇ ਰੁਪਈਏ ਉਹ ਨਾਲ ਲਿਆਇਆ ਸੀ, ਉਹ ਮੁੱਕ ਗਏ ਸਨ। ਉਹ ਇਨੈਤੀ ਨੂੰ ਕਿਸੇ ਚੰਗੇ ਆਦਮੀ ਦੇ ਹਵਾਲੇ ਕਰ ਕੇ ਕੁਝ ਲੈਣਾ ਚਾਂਹਦਾ ਸੀ। ਇਨੈਤੀ ਪਹਿਲੀ ਨਜ਼ਰੇ ਹੀ ਮੈਨੂੰ ਚੰਗੀ ਲਗ ਗਈ ਸੀ। ਪੰਜ ਸੌ ਓਸ ਸੁਣਾਇਆ, ਮੈਂ ਮੰਨ ਲਿਆ, ਪਰ ਓਸ ਤਕੀਦ ਕੀਤੀ

ਕਿ ਜਿੰਨਾ ਚਿਰ ਉਹ ਆਪ ਨਾ ਆਖੇ ਮੈਂ ਇਨੈਤੀ ਨੂੰ ਪਤਾ ਨਾ ਲੱਗਣ ਦਿਆਂ। ਇਨੈਤੀ ਨੂੰ ਕਿਸੇ ਤਰ੍ਹਾਂ ਭਿਣਕ ਪੈ ਗਈ ਕਿ ਕੈਲਾ ਉਹਨੂੰ ਵੇਚੂ ਸੀ; ਉਹ ਮੂੰਹ ਚੁਰਾਂਦਾ ਸੀ — ਪਰ ਇਨੈਤੀ ਨੇ ਇਕ ਦਿਨ ਫੜ ਕੇ ਕੋਲ ਬਹਾ ਲਿਆ :

" 'ਕੈਲਿਆ — ਮੈਂ ਸਭ ਕੁਝ ਸਮਝਨੀ ਆਂ — ਤੇਰੇ ਨਾਲ ਗੁੱਸੇ ਵੀ ਨਹੀ — ਪਰ ਜੇ ਤੂੰ ਮੈਨੂੰ ਰਖ ਨਾ ਸਕੇਂ — ਮੈਨੂੰ ਸੁੱਟੀ ਨਾ — ਮੈਨੂੰ ਆਪਣੇ ਹੱਥੀਂ ਮਾਰ ਦਈਂ।'

" 'ਮੈਂ ਇਨੈਤੀ ਨੂੰ ਮਾਰ ਦਿਆਂ ?' ਕੈਲੇ ਨੇ ਆਖਿਆ।

" 'ਤੂੰ ਆਖ ਮੈਂ ਆਪੇ ਮਰ ਜਾਵਾਂਗੀ।'

" 'ਪਰ ਤੂੰ ਮਰੇਂ ਕਿਉਂ ? ਕਿਉਂ ਨਾ ਕਿਸੇ ਦਾ ਘਰ ਆਬਾਦ ਕਰੇਂ ? ਤੇ ਇਹਨਾਂ ਜ਼ਾਲਮ ਭਰਾਵਾਂ ਕੋਲੋਂ ਦੂਰ ਬਾਰ ਵਿਚ ਜਾ ਕੇ ਮੈਂ ਕੋਈ ਕੰਮ ਕਰਾਂ — ਹੁਣ ਮੇਰੇ ਕੋਲ ਤੈਨੂੰ ਪਤਾ ਏ ਦਸ ਛਿੱਲੜ ਬਾਕੀ ਨਹੀਂ ਰਹੇ।'

" 'ਤਾਂ ਤੂੰ ਮੇਰੇ ਪੈਸੇ ਵਟਣਾ ਚਾਹਨਾ ਏਂ ?' ਪਰ ਕੈਲੇ ਨੇ ਜਦੋਂ ਅੱਖਾਂ ਚੁੱਕ ਕੇ ਤੱਕਿਆ ਤਾਂ ਇਨੈਤੀ ਦੇ ਮੂੰਹ ਉਤੇ ਕੋਈ ਗੁੱਸਾ ਨਹੀਂ ਸੀ।

" 'ਏਉਂ ਨਾ ਆਖ — ਇਨੈਤੀਏ — ਪਰ ਕਿਸੇ ਦੋਸਤ ਦੇ ਹਵਾਲੇ ਤੈਨੂੰ ਕਰਕੇ ਕੁਝ ਖ਼ਰਚ ਲਈ ਲੈ ਜਾਣਾ ਚਾਹੁੰਦਾ ਹਾਂ — ਉਹਨੂੰ ਜਦੋਂ ਹੋਇਆ ਮੋੜ ਦਿਆਂਗਾ।'

" 'ਚੰਗਾ ਕੈਲਿਆ — ਤੂੰ ਬੇਸ਼ਕ ਮੇਰੇ ਪੈਸੇ ਵਟ ਲੈ — ਮੈਂ ਤੈਨੂੰ ਪਿਆਰ ਕੀਤਾ ਹੈ — ਤੇਰਾ ਕੁਝ ਸੁਆਰ ਕੇ ਮੈਂ ਰਾਜ਼ੀ ਹੋਵਾਂਗੀ — ਪਰ ਇਕ ਗੱਲ ਮੇਰੀ ਮੰਨ — ਮੇਰਾ ਗਾਹਕ ਮੈਨੂੰ ਵਖਾ ਦਈਂ — ਤੇ ਜੇ ਉਹ ਮੈਨੂੰ ਨਾ ਜਚਿਆ — ਤਾਂ ਕਾਹਲੀ ਨਾ ਕਰੀਂ — ਤੈਨੂੰ ਬਹੁਤਾ ਉਡੀਕਣਾ ਨਹੀਂ ਪਏਗਾ।'

"ਕੈਲੇ ਨੇ ਅਨੈਤੀ ਦੇ ਹੱਥ ਫੜ ਲਏ।

" 'ਨੈਤੀਏ — ਕੁਰਬਾਨ ਜਾਵਾਂ ਤੈਥੋਂ — ਸੱਚੀਂ ਮੈਂ ਤੇਰੇ ਲੈਕ ਨਹੀਂ ਸਾਂ, ਜੀਕਰ ਤੂੰ ਆਖੇਂ — ਸ਼ਾਮੀਂ ਮੈਂ ਉਹਨੂੰ ਤੇਰੇ ਕੋਲ ਲਿਆਵਾਂਗਾ।'

"ਕਦੇ ਕਿਸੇ ਹਾਕਮ ਸਾਹਮਣੇ ਹੁੰਦਿਆਂ ਮੈਂ ਝਕਿਆ ਨਹੀਂ। ਅੱਜ ਇਨੈਤੀ ਦੇ ਸਾਹਮਣੇ ਹੁੰਦਿਆਂ ਮੇਰੇ ਪੈਰ ਥਿੜਕਦੇ ਸਨ। ਫਾਂਸੀ ਦਾ ਫ਼ੈਸਲਾ ਸੁਣਨੋਂ ਮੈਂ ਘਬਰਾਇਆ ਨਹੀਂ — ਪਰ ਇਨੈਤੀ ਦਾ ਫ਼ੈਸਲਾ ਸੁਣਨੋਂ ਕੰਬ ਰਿਹਾ ਸਾਂ। ਕਿਹਰੂ ਦੀ ਜ਼ਿੱਦ ਅਗੇ ਸੜਾ ਸਾਊ ਨਾ ਕਦੇ ਖਲੋਤਾ, ਅੱਜ ਲੁਹਾਰੀ ਕੁੜੀ ਕੋਲੋਂ ਸੁਣਨਾ ਸੀ, ਉਹਨੂੰ ਮਨਜ਼ੂਰ ਹਾਂ ਕਿ ਨਹੀਂ।

"ਜਦੋਂ ਅਸੀਂ ਅੰਦਰ ਵੜੇ, ਇਨੈਤੀ ਮੇਰੇ ਘਰ ਦੇ ਇਕ ਕੋਨੇ ਵਿਚ ਮੰਜੇ ਉਤੇ ਬੈਠੀ ਸੀ। ਅਸੀਂ ਉਹਦੇ ਸਾਹਮਣੇ ਮੰਜੇ ਉਤੇ ਬਹਿ ਗਏ। ਮੈਂ ਜਿਹੜਾ ਅੱਖਾਂ ਨਾਲ ਤੱਕ ਕੇ ਕੁੜੀਆਂ ਰੁਆ ਛਡਦਾ ਸਾਂ, ਅੱਜ ਅੱਖ ਚੁੱਕ ਕੇ ਇਸ ਕੁੜੀ ਵਲ ਵੇਖ ਨਹੀਂ ਸਾਂ ਸਕਦਾ। ਅਸੀਂ ਦੋਵੇਂ ਚੁੱਪ ਬੈਠੇ ਰਹੇ। ਓੜਕ ਇਨੈਤੀ ਬੋਲੀ :

" 'ਕਿਉਂ ਕੈਲਿਆ, ਇਹੀ ਤੇਰਾ ਚੰਗਾ ਯਾਰ ਏ ?'

" 'ਹਾਂ — ਨੈਤੀਏ — ਇਹਨੂੰ ਮੈਂ ਆਪਣੇ ਨਾਲੋਂ ਵਧੇਰੇ ਤੇਰੇ ਲੈਕ ਸਮਝਨਾ ਵਾਂ।'

" 'ਪਰ ਇਹਦੇ ਮਾਪੇ ਤਾਂ ਮੈਂ ਸੁਣਿਆਂ ਏ, ਬਰਾਦਰੀ ਵਿਚ ਇਹਦਾ ਵਿਆਹ ਕਰੂ ਫਿਰਦੇ ਨੇ।'

"ਏਸ ਬੋਲ ਵਿਚ ਨਾ-ਮਨਜ਼ੂਰੀ ਨਹੀਂ ਸੀ। ਮੈਂ ਅੱਖਾਂ ਚੁੱਕ ਕੇ ਵੇਖਿਆ। ਪਤਲੇ ਖ਼ਾਕੀ



ਖੱਦਰ ਦਾ ਜੋੜਾ ਉਸ ਪਾਇਆ ਹੋਇਆ ਸੀ। ਦਰਜ਼ੀ ਕਿਸੇ ਨੇ ਸੀਤਾ ਕਾਹਨੂੰ, ਉਹਦੇ ਅੰਗਾਂ ਦੁਆਲੇ ਢਾਲਿਆ ਜਾਪਦਾ ਸੀ। ਦੋਹੀਂ ਹੱਥੀਂ ਸੋਨੇ ਦੀ ਇਕ ਇਕ ਵੰਗ, ਸਿਰ ਉਤੇ ਮੋਟੀ ਮਲਮਲ ਦੀ ਗੁਲਾਬੀ ਚੁੰਨੀ। ਮਲਕਾਂ ਮੈਂ ਕੋਈ ਵੇਖੀ ਨਹੀਂ, ਪਰ ਇਕ ਮਲਕਾਂ ਦਾ ਸੁਪਨਾ ਮੈਨੂੰ ਕਦੇ ਕਦੇ ਆਉਂਦਾ ਸੀ — ਕਪੜੇ ਉਹਦੇ ਗਲ ਵਖਰੇ ਹੁੰਦੇ ਸਨ — ਪਰ ਚਿਹਰਾ ਮੁਹਰਾ ਇਹਦੇ ਵਰਗਾ ਹੀ ਹੁੰਦਾ ਸੀ। ਮੈਂ ਹੌਂਸਲਾ ਕਰਕੇ ਬੋਲਿਆ :

" 'ਹਾਂ — ਇਨੈਤੀਏ ਇਕ ਵਾਰੀ ਨਹੀਂ, ਵੀਹ ਵਾਰੀ ਮੇਰੇ ਵਿਆਹ ਦੀ ਗੱਲ ਹੋਈ ਤੇ ਮੁੱਕੀ — ਖੇਹ ਭਾਵੇਂ ਮੈਂ ਕਿਸੇ ਇਹੋ ਜਿਹੀ ਕੁੜੀ ਨਾਲ ਖਾ ਲਈ ਹੋਵੇ, ਪਰ ਵਿਆਹ ਮੈਂ ਉਹਦੇ ਨਾਲ ਹੀ ਕਰ ਸਕਨਾ ਆਂ, ਜਿਦ੍ਹੀ ਅੱਖ ਵਿਚ ਅੱਖ ਭਰ ਕੇ ਮੈਂ ਤੱਕ ਨਾ ਸਕਾਂ !'

" 'ਤੇ ਕੀ ਮੈਂ ਤੇਰੇ ਮੇਚੇ ਉਤੇ ਪੂਰੀ ਉਤਰਾਂਗੀ ?'

" 'ਤੂੰ ਆਪ ਵੇਖ ਲੈ — ਮੈਂ ਤੱਕਿਆ ਏ, ਕਈ ਵਾਰ ਤੇਰੇ ਵਲ — ਮੇਰੀਆਂ ਅੱਖੀਆਂ ਨੀਵੀਆਂ ਹੋ ਗਈਆਂ ਨੇ —'

" 'ਚੰਗਾ — ਤੁਸੀਂ ਦੋਵੇਂ ਯਾਰ ਆਪੋ ਵਿਚ ਨਬੇੜਾ ਕਰ ਲੋ — ਮੈਂ ਰਾਜ਼ੀ ਹਾਂ — ਜਿਵੇਂ ਆਖੋਗੇ !'

"ਕੈਲਾ ਉਠ ਖੜੋਤਾ — ਪਰ ਮੇਰੇ ਬੁੱਲ੍ਹਾਂ ਉਤੇ ਇਕ ਗੱਲ ਆਈ ਹੋਈ ਸੀ — ਦਲੇਰੀ ਕਰ ਕੇ ਮੂੰਹੋਂ ਕੱਢ ਹੀ ਦਿੱਤੀ :

" 'ਪਰ ਇਨੈਤੀਏ — ਕੈਲੇ ਨੇ ਤੈਨੂੰ ਦਸ ਹੀ ਦਿੱਤਾ ਹੋਵੇਗਾ — ਮੈਂ ਦਸ-ਨੰਬਰੀਆ ਬਦਮਾਸ਼ ਹਾਂ......' ਫੇਰ ਮੈਥੋਂ ਖੜੋਤਾ ਨਾ ਰਿਹਾ ਗਿਆ — ਮੈਂ ਬਹਿ ਗਿਆ — ਦਿਲ ਮੇਰਾ ਧਕ ਧਕ ਕਰਦਾ ਤੇ ਅੱਖਾਂ ਮੇਰੀਆਂ ਇਨੈਤੀ ਦੇ ਬੁੱਲ੍ਹਾਂ ਉਤੇ ਜੁੜ ਗਈਆਂ।

" 'ਕੈਲੇ ਨੇ ਮੈਨੂੰ ਨਹੀਂ ਦਸਿਆ — ਪਰ ਆਈ ਗਈ ਮੈਨੂੰ ਬੜਾ ਕੁਝ ਦਸ ਗਈ ਏ — ਵਿਚ ਵਿਚ ਕਈ ਕਹਿੰਦੀਆਂ ਸਨ — ਤੇ ਮੈਨੂੰ ਆਪੀਂ ਵੀ ਦਿਸਦੈ ਤੂੰ ਬੰਦਾ ਮਾੜਾ ਨਹੀਂ।'

"ਦੂਜੇ ਦਿਨ ਕੈਲੇ ਨੇ ਬਾਰ ਵਿਚ ਜਾਣ ਦੀ ਤਿਆਰੀ ਕਰ ਲਈ। ਇਨੈਤੀ ਨੇ ਚੂੜੀਆਂ ਲਾਹ ਕੇ ਉਹਨੂੰ ਦੇ ਦਿੱਤੀਆਂ। ਉਹ ਆਪਣੀ ਭਾਬੀ ਦੀਆਂ ਚੁਰਾ ਲਿਆਇਆ ਸੀ, ਕੈਲਾ ਮੰਨੇ ਨਾ — ਪਰ ਇਨੈਤੀ ਨੇ ਦੱਸਿਆ :

" 'ਸਿਰਫ਼ ਤੇਰੀ ਖ਼ੁਸ਼ੀ ਲਈ ਕੈਲਿਆ, ਮੈਂ ਇਹ ਪਾਈਆਂ — ਚੂੜੀਆਂ ਆਪਣੇ ਹੱਥੀਂ ਮੈਨੂੰ ਭਾਂਦੀਆਂ ਨਹੀਂ।' ਮੇਰੇ ਜ਼ੋਰ ਦੇਣ ਤੇ ਕੈਲੇ ਨੇ ਚੂੜੀਆਂ ਲੈ ਲਈਆਂ।

"ਗਜ ਵਜ ਕੇ ਮੈਂ ਆਪਣਾ ਵਿਆਹ ਕੀਤਾ। ਕਿਹੜਾ ਸੀ ਜਿਹੜਾ ਸ਼ਾਮਲ ਨਾ ਹੋਇਆ। ਇਨੈਤੀ ਦਾ ਨਾਂ ਹਰਬੰਸ ਕੌਰ ਨਿਕਲਿਆ। ਮੈਂ ਉਹਨੂੰ ਬੰਸੋ ਹੀ ਆਖਦਾ ਆਂ।

"ਪੰਜਾਹ ਵਿਘੇ ਮੇਰੇ ਹਿੱਸੇ ਆਉਂਦੇ ਸਨ — ਮੈਂ ਵੀਹ ਲੈ ਕੇ ਸਭ ਦਾਅਵਾ ਛੱਡ ਦਿੱਤਾ। ਮੇਰਾ ਭਰਾ ਖ਼ੁਸ਼ ਹੋਇਆ ਹਵੇਲੀ ਵੀ ਮੈਂ ਆਪਣੀ ਜ਼ਮੀਨ ਉਤੇ ਪਾ ਲਈ।

"ਏਸ ਹਵੇਲੀ ਦੀ ਉਸਾਰੀ ਨੇ ਸਾਨੂੰ ਦੋਹਾਂ ਨੂੰ ਇਕ ਕਰ ਦਿੱਤਾ। ਛਪੜ ਵਿਚ ਇੱਟਾਂ ਮੈਂ ਟੁੱਕੀਆਂ। ਸਿਰਾਂ ਉਤੇ ਅਸਾਂ ਦੋਹਾਂ ਢੋਈਆਂ। ਜਦੋਂ ਛੱਤ ਪੈ ਗਏ, ਅਸਾਂ ਆਪ ਹੀ ਲਿੰਬਿਆ — ਪੋਚਿਆ — ਦੁਧੋਲੇ-ਪਚੋਲੇ, ਜਾਲੀਆਂ ਕਿੰਗਰੇ ਬੰਸੋ ਨੇ ਹੱਥੀਂ ਬਣਾਏ।

"ਮੇਰੀ ਦੁਨੀਆਂ ਦਾ ਹੁਲੀਆ ਬਦਲ ਗਿਆ। ਮੇਰੇ ਵੀਹ ਵਿਘੇ ਭਰਾ ਦੇ ਅੱਸੀਆਂ ਨਾਲੋਂ ਟੱਪ ਗਏ। ਉਹਦੇ ਤਿੰਨ ਸੇਪੀ, ਮੇਰੀ ਇਕ ਬੰਸੋ, ਤੇ ਬੰਸੋ ਦਾ ਇਕ ਮੈਂ। ਮੇਰੀ ਵਾਹੀ ਦੀਆਂ

ਧੁੰਮਾਂ ਪੈ ਗਈਆਂ — ਕਹਿਣ, ਸਿਆੜ ਕੱਢਦੇ ਜਿਉਂ ਮੁੰਡੇ ਡਰੈਂਗ ਦੀ ਕਾਪੀ ਤੇ ਲਕੀਰਾਂ ਮਾਰਦੇ ਨੇ ।

"ਸਾਡੇ ਘਰ ਕਾਕਾ ਆਇਆ । ਬੰਸੋ ਨੇ ਦੀਪਾ ਉਹਦਾ ਨਾਂ ਰਖਿਆ — ਸਾਡੇ ਦੋਹਾਂ ਦੀਆਂ ਗੁਆਚੀਆਂ ਹਨੇਰੀਆਂ ਜ਼ਿੰਦਗੀਆਂ ਦਾ ਦੀਵਾ ! ਉਹ ਰੋਜ਼ ਦੀਪੇ ਨੂੰ ਛਾਹ ਵੇਲੇ ਮੇਰੇ ਕੋਲ ਲੈ ਕੇ ਆਉਂਦੀ । ਕੁੱਛੜ ਦੀਪਾ, ਹੱਥ ਗਲਾਵੇਂ ਵਾਲੀ ਲੱਸੀ ਦੀ ਵਲਟੋਹੀ, ਸਿਰ ਉਤੇ ਪਿੜੀਆਂ ਵਾਲੇ ਪੋਣੇ ਵਿਚ ਬੱਧਾ ਰੋਟੀ ਦਾ ਛਿੱਕੂ ।

"ਕਦੇ ਸੱਸੀ, ਪੁੰਨੂੰ ਨੂੰ ਏਉਂ ਮਿਲਣ ਨਹੀਂ ਆਈ ਹੋਣੀ, ਨਾ ਹੀਰ ਨੇ ਰਾਂਝਣ ਲਈ ਏਉਂ ਵਾਲ ਵਾਹੇ ਤੇ ਕਪੜੇ ਮਟਕਾਏ ਹੋਣਗੇ — ਜਿਉਂ ਮਿੱਟੀ ਨਾਲ ਮਿੱਟੀ ਹੋਏ ਕਿਹਰੂ ਲਈ ਬੰਸੋ ਲਟਕਦੀ ਮਟਕਦੀ ਛਾਹ ਵੇਲਾ ਲਿਆਉਂਦੀ ਸੀ — ਛਾਹ ਵੇਲਾ ਮੇਰੀ ਉਡੀਕ ਸੀ — ਮੇਰੀ ਮਿਹਨਤ ਦਾ ਇਨਾਮ ਸੀ ।

"ਇਕ ਦਿਨ ਦੂਰੋਂ ਵੇਖ ਕੇ ਮੈਂ ਬੌਲਦ ਥੰਮ੍ਹ ਲਏ । ਕਿੰਨਾ ਚਿਰ ਮੈਂ ਆਪਣੇ ਵਲ ਆਉਂਦੀਆਂ ਮਟਕਾਂ ਨੂੰ ਵਿੰਹਦਾ ਰਿਹਾ । ਕੋਲ ਆਈ ਦੇ ਕੁੱਛੜੋਂ ਦੀਪਾ ਫੜ ਕੇ ਮੈਂ ਚੁੰਮ ਲਿਆ । ਛਿੱਕੂ ਤੇ ਵਲਟੋਹੇ ਭੋਏਂ ਧਰ ਕੇ ਉਸ ਨੇ ਵੀ ਦੀਪੇ ਨੂੰ ਓਸੇ ਤਰ੍ਹਾਂ ਚੁੰਮਿਆ । ਅਸੀਂ ਦੋਵੇਂ ਹੱਸ ਪਏ ।

"ਮੱਖਣ ਦਿਤਾ, ਦਹੀਂ ਦਿਤਾ, ਕੁਝ ਹੋਰ ਵੀ ਦਿਤਾ — ਏਸ ਕੁਝ ਦਾ ਮੈਨੂੰ ਘੋਖਿਆਂ ਵੀ ਬਹੁਤਾ ਪਤਾ ਨਹੀਂ ਸੀ ਲੱਗਦਾ — ਬੰਸੋ ਰੋਜ਼ ਕੁਝ ਨਾ ਕੁਝ ਆਪਣੇ ਹੀ ਢੰਗ ਦਾ ਪਕਾ ਲਿਆਉਂਦੀ ਸੀ । ਮੈਂ ਖਾਂਦਾ ਰਿਹਾ, ਓਦਨ ਉਹ ਬੜੀ ਨੀਝ ਨਾਲ ਮੇਰੇ ਵਲ ਤੱਕਦੀ ਰਹੀ ।

" 'ਬੰਸੋ, ਤੈਨੂੰ ਸਹੁੰ ਮੇਰੀ — ਦੱਸ ਕੀ ਵਿੰਹਦੀ ਸੈਂ ?' ਮੈਂ ਥਾਲੀ ਭੁੰਜੇ ਧਰ ਕੇ ਪੁੱਛਿਆ ।

" 'ਵਿੰਹਦੀ ਸਾਂ — ਉਹ ਕਿਹੋ ਜਿਹੀ ਮਾਂ ਹੋਵੇਗੀ, ਜਿਸ ਇਹੋ ਜਿਹਾ ਮਨੁੱਖ ਜਣਿਆ — ਆਹ ਛਾਤੀ — ਆਹ ਮੋਢੇ — ਤੇ ਆਹ ਲੋਹੜੇ ਦੀ ਉਨ੍ਹਾਂ ਵਿਚ ਜਾਨ......।'

"ਸੁਆਦ ਜਿਹਾ ਕੋਈ ਸੁਆਦ ਆਇਆ ਮੈਨੂੰ ! ਮੈਂ ਫੇਰ ਦੀਪੇ ਨੂੰ ਬਾਹਾਂ ਵਿਚ ਵਲ੍ਹੇਟ ਲਿਆ ਤੇ ਬੰਸੋ ਵਲ ਤੱਕ ਤੱਕ ਕੇ ਦੀਪੇ ਨੂੰ ਮੈਂ ਐਨਾ ਚੁੰਮਿਆਂ ਕਿ ਉਹ ਛਿੱਥਾ ਪੈ ਕੇ ਰੋ ਪਿਆ ।

" 'ਬੰਸੋ — ਅੱਜ ਮੈਨੂੰ ਸਮਝ ਆਈ ਏ — ਤੂੰ ਕਿਉਂ ਪਹਿਲੀ ਨਜ਼ਰੇ ਮੇਰੇ ਦਿਲ ਵਿਚ ਧਸ ਗਈਓਂ ! ਪਿਓ ਮੈਨੂੰ ਕਦੇ ਚੰਗਾ ਨਹੀਂ ਲੱਗਾ — ਨਾ ਭਰਾ — ਤੇ ਨਾ ਆਪਣਾ ਆਪ । ਤਿੰਨੇ ਅਸੀਂ ਇਕੋ ਮੁੱਢੀ ਦੇ ਸਕੜੇ ਹਾਂ — ਮੈਂ ਬਦਨਾਮ ਹਾਂ, ਉਹ ਬਦਨਾਮ ਨਹੀਂ — ਪਰ ਮਾਂ ਮੇਰੀ — ਬੰਸੋ — ਘਰ ਵਿਚ ਵਖਰੀ ਸੀ । ਜਦੋਂ ਮੈਂ ਦੀਪੇ ਜੇਡਾ ਹੋਵਾਂਗਾ, ਉਹ ਤੇਰੇ ਜੇਡੀ ਹੋਵੇਗੀ — ਪਰ ਮੈਨੂੰ ਜਦੋਂ ਦੀ ਸੰਭਾਲ ਏ ਉਹ ਤੇਰੇ ਨਾਲੋਂ ਵੱਡੀ ਸੀ — ਹੋਰ ਅੱਠਾਂ ਵਰ੍ਹਿਆਂ ਨੂੰ ਤੂੰ ਹੂ-ਬ-ਹੂ ਉਹਦੇ ਵਰਗੀ ਹੋ ਜਾਏਂਗੀ...ਬਸ ਇਕ ਜਿੰਦ ਸੀ ਮੇਰੀ ਦੁਨੀਆਂ ਵਿਚ ਜਿਹੜੀ ਮੈਨੂੰ ਚੰਗੀ ਲੱਗੀ, ਉਹਨੂੰ ਵੀ ਮੇਰਾ ਪਿਓ ਮਾਰਦਾ ਸੀ — ਜਦੋਂ ਉਹ ਮਰ ਗਈ — ਕੁਝ ਵੀ ਦੁਨੀਆਂ ਵਿਚ ਚੰਗਾ ਨਾ ਰਿਹਾ — ਏਸ ਲਈ ਹਰ ਕਿਸੇ ਨੂੰ ਭੰਨ ਤੋੜ, ਦੁਖਾ ਰੁਲਾ ਕੇ ਮੈਨੂੰ ਤਸੱਲੀ ਹੁੰਦੀ ਸੀ......'

"ਬੰਸੋ ਦੀਆਂ ਅੱਖਾਂ ਸਿੱਜ ਗਈਆਂ । ਉਸ ਨੇ ਦੀਪੇ ਨੂੰ ਗਲ ਨਾਲ ਘੁਟ ਲਿਆ ।

" 'ਕਦੇ ਮੇਰਾ ਦੀਪਾ ਆਪਣੇ ਬਾਪੂ ਵਰਗਾ ਨਿਕਲੇ !' ਤੇ ਬੰਸੋ ਆਪਣੇ ਭਾਂਡੇ ਸਾਂਭਣ ਲਗ ਪਈ ।



" 'ਬੰਸੋ — ਅੱਜ ਮੇਰਾ ਜੀਅ ਨਹੀਂ ਕਰਦਾ ਤੂੰ ਜਾਏਂ — ਪਰ ਮੇਰੀ ਪੈਲੀ ਦਾ ਵੱਤਰ ਧੁੱਪ ਚਟਦੀ ਪਈ ਜਾਂਦੀ ਏ — ਸੁਹਾਗਾ ਫੇਰ ਕੇ ਮੈਂ ਆਇਆ ਜਾਣ — ਕੋਈ ਕੰਮ ਤਾੜ ਰਖੀਂ ਜਿਹੜਾ ਘਰ ਕਰੀਏ — ਦੂਜੇ ਪਹਿਰ ਮੈਂ ਖੇਤਾਂ ਵੰਨੀ ਆਉਣਾ ਨਹੀਓਂ !'

" 'ਹਾਂ ਵਾਣ ਮੈਂ ਲਿਆ ਹੋਇਆ ਏ — ਮੰਜੇ ਉਣਾਂਗੇ ।'

" 'ਠੀਕ — ਬੰਸੋ — ਮੁੰਜ ਦੀਆਂ ਰੱਸੀਆਂ ਵਿਚ ਅਸੀਂ ਆਪਣੇ ਦਿਲਾਂ ਦੀਆਂ ਪਿੜੀਆਂ ਪਾਵਾਂਗੇ !'

"ਪਰ ਜੀਕਰ ਮਿੱਠੇ ਸੁਫਨੇ ਉਤੇ ਕੋਠਾ ਢਹਿ ਪਏ, ਆਂਢ ਗੁਆਂਢ ਮੇਰਾ ਇਕਾ-ਇਕ ਪਾਗਲ ਹੋ ਗਿਆ । ਔਹ ਛੁਰਾ ਖੁੱਭ ਗਿਆ । ਹਮਸਾਏ ਵੈਰੀ ਹੋ ਗਏ — ਧੀ ਭੈਣ ਦਾ ਲਿਹਾਜ਼ ਨਾ ਰਿਹਾ । ਮੇਰਾ ਘਰ ਸ਼ੁਹਦੇ ਮੁਸਲਮਾਨਾਂ ਦਾ ਕਿਲ੍ਹਾ ਬਣ ਗਿਆ । ਤੁਹਾਨੂੰ ਯਾਦ ਹੋਵੇਗਾ, ਇਕ ਮਰਾਸਣ ਕੁੜੀ ਮੈਂ ਤੁਹਾਡੀ ਕੋਠੀ ਪੁਚਾ ਕੇ ਆਇਆ ਸਾਂ । ਇਹ ਕੁੜੀ ਮੇਰੇ ਭਰਾ ਨੇ ਘਰ ਪਾ ਲਈ ਸੀ — ਉਹਦੇ ਕੋਲੋਂ ਮੈਂ ਖੋਹ ਤਾਂ ਲਈ — ਪਰ ਉਹ ਭਰਾ ਸੀ — ਏਸ ਲਈ ਮੈਂ ਤੁਹਾਡੇ ਹਵਾਲੇ ਕਰ ਆਇਆ ।"

"ਮੈਨੂੰ ਯਾਦ ਹੈ — ਕਿਹਰ ਸਿੰਘ ਜੀ — ਤੇ ਕਿੰਨੀ ਇੱਜ਼ਤ ਤੁਹਾਡੀ ਮੇਰੇ ਦਿਲ ਵਿਚ ਵਧ ਗਈ ਓਦੋਂ ਜਦੋਂ ਬਹੁਤੇ ਲੋਕ ਭੂਤਨੇ ਦਿੱਸਣ ਲੱਗ ਪਏ ਸਨ" — ਮੈਂ ਆਖਿਆ ।

"ਉਹ ਦਿਨ ਵੀ ਲੰਘ ਗਏ — ਸਰਦਾਰ ਜੀ — ਕੰਮ, ਕੁਦਰਤ, ਬੰਸੋ ਤੇ ਫ਼ਸਲਾਂ ਦੇ ਵਾਲੇ ਵਿਚ ਕੁਝ ਸਮਾਂ ਪਾ ਕੇ ਭੁੱਲ ਵੀ ਗਏ । ਮੇਰੀ ਕਿਸੇ ਪੈਲੀ ਵਿਚ ਘਾਹ ਦੀ ਤਿੜ ਨਹੀਂ ਸੀ ਦਿਸਦੀ — ਸਿਧੇ ਸਿਆੜਾਂ ਦੀਆਂ ਢੇਮਾਂ ਕਿਸੇ ਚੌਰਸ ਮੈਦਾਨ ਵਿਚ ਚੁਣੀਆਂ ਸੋਨੇ ਦੀਆਂ ਚਿਲਾਂ ਟਹਿਕਦੀਆਂ ਸਨ । ਇਕ ਦਿਨ ਵੇਖ ਵੇਖ ਮੈਂ ਫੁਲਿਆ ਨਹੀਂ ਸਾਂ ਸਮਾਂਦਾ ਕਿ ਜਵੰਦੇ ਟਾਂਗੇ ਵਾਲੇ ਦਾ ਮੁੰਡਾ ਸਾਹੋ ਸਾਹ ਹੋਇਆ ਮੇਰੇ ਕੋਲ ਆਇਆ ।

" 'ਚਾਚਾ — ਚਲ ਘਰ — ਛੇਤੀ — ਐਸ ਵੇਲੇ — ਪੁਲਸ ਆਈ ਹੋਈ ਏ — ਤੇ ਚਾਚੀ ਨੂੰ ਉਹਨਾਂ ਟਰੱਕ ਉਤੇ ਚਾੜ੍ਹ ਲਿਐ !'

"ਮੇਰੇ ਸਿਰ ਵਿਚ ਜੀਕਰ ਕਿਸੇ ਡਾਂਗ ਕੱਢ ਮਾਰੀ ਸੀ । ਹੋਸ਼ ਆਈ — ਮੈਂ ਭੱਜਾ ਗਿਆ — ਸਾਡੀ ਹਵੇਲੀ ਕੋਲ ਸਾਰਾ ਪਿੰਡ, ਕੱਠਾ ਹੋਇਆ ਸੀ । ਸਾਡੇ ਠਾਣੇ ਦੇ ਚੌਧਰੀ ਸਾਹਬ ਤੇ ਇਕ ਪਾਕਿਸਤਾਨੀ ਠਾਣੇਦਾਰ ਖੜੇ ਸਨ । ਪਾਕਿਸਤਾਨੀ ਪੁਲਸੀਏ ਟੱਰਕ ਵਿਚ ਚੜ੍ਹੇ ਸਨ — ਪਿਛਲੀ ਨੁਕਰੇ ਬੰਸੋ ਖੜੋਤੀ, ਮੈਨੂੰ ਵੇਖ ਕੇ ਹੇਠਾਂ ਛਾਲ ਮਾਰਨ ਲੱਗੀ । ਮੈਂ ਲਲਕਾਰ ਕੇ ਆਖਿਆ :

" ਨਾ ਬੰਸੋ — ਛਾਲ ਨਾ ਮਾਰੀਂ — ਇਹਨਾਂ ਦਾ ਪਤੰਦਰ ਵੀ ਤੈਨੂੰ ਹੁਣੇ ਮੇਰੇ ਨਾਲ ਲਿਆ ਕੇ ਖਲ੍ਹਾਰੇਗਾ !'

"ਸਾਰੇ ਚੁੱਪ ਵਰਤ ਗਈ । ਜਿਸ ਕਿਸੇ ਨੇ ਮੇਰੇ ਮੂੰਹ ਵਲ ਤੱਕਿਆ, ਉਹ ਸਹਿਮ ਗਿਆ — ਹੁਣੇ ਕੁਝ ਹੋਇਆ !......ਪਾਕਿਸਤਾਨੀ ਅਫ਼ਸਰ ਨੇ ਪਸਤੌਲ ਵਲ ਹੱਥ ਕੀਤਾ — ਮੈਂ ਕੜਕਿਆ — 'ਖ਼ਬਰਦਾਰ, ਬੜਾ ਨੇੜੇ ਖੜੋਤਾ ਊਂ......ਚੌਧਰੀ ਜੀ ਇਹਨਾਂ ਨੂੰ ਸਮਝਾ ਲਓ......ਗੋਲੀ ਲੱਗੇ ਕਿਹਰੂ ਕੋਲੋਂ ਵੀ ਦੋਂਹ ਚੌਂਹ ਦੀ ਸੁਖ ਨਹੀਂ......ਮੈਨੂੰ ਗੁੱਸਾ ਇਹ ਨਹੀਂ, ਕਿ ਤੁਸੀਂ ਬੰਸੋ ਨੂੰ ਲੈਣ ਆਏ ਓ — ਮੇਰਾ ਗੁੱਸਾ ਏ ਕਿ ਤੁਸਾਂ ਮੈਨੂੰ ਉਡੀਕਿਆ ਕਿਉਂ ਨਹੀਂ......'

"ਚੌਧਰੀ ਨੇ ਪਾਕਿਸਤਾਨੀ ਅਫ਼ਸਰ ਨੂੰ ਆਖਿਆ — 'ਸ਼ੇਖ਼ ਸਾਹਿਬ, ਮੇਰੀ ਜ਼ਿੰਮੇਵਾਰੀ ਤੇ ਤੁਸੀਂ ਬੰਸੋ ਨੂੰ ਟਰੱਕ ਤੋਂ ਹੇਠਾਂ ਉਤਾਰ ਦਿਓ। ਮੈਂ ਕਿਹਰੂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ।'

"ਸਭ ਨੇ ਸੁਖ ਮਨਾਈ। ਬਲਾ ਟਲੀ, ਬੰਸੋ ਮੇਰੇ ਨਾਲ ਆ ਖੜੋਤੀ — ਮੈਂ ਦੀਪੇ ਨੂੰ ਇਕ ਵਾਰੀ ਕੁੱਛੜ ਲੈ ਕੇ ਬੰਸੋ ਨੂੰ ਮੋੜ ਦਿਤਾ।

" 'ਹੁਣ ਦਸੋ ਚੌਧਰੀ ਜੀ — ਗੱਲ ਕੀ ਏ — ਫ਼ਸਾਦਾਂ ਤੋਂ ਪਹਿਲਾਂ ਦੀ ਬੰਸੋ ਮੇਰੇ ਕੋਲ ਏ — ਕੀਹਨੂੰ ਨਹੀਂ ਪਤਾ — ਕਿ ਤੁਹਾਨੂੰ ਨਹੀਂ ਪਤਾ ? ਫੇਰ ਇਹਦੇ ਉਤੇ ਪਾਕਿਸਤਾਨੀ ਹੱਕ ਕੀਕਰ ਬਣਿਆ ?'

"ਚੌਧਰੀ ਨੇ ਮੈਨੂੰ ਸਮਝਾਇਆ ਕਿ ਏਸ ਵੇਲੇ ਸਾਡੀ ਸਰਕਾਰ ਦਾ ਹੁਕਮ ਇਹੀ ਹੈ ਕਿ ਕਿਸੇ ਤਰ੍ਹਾਂ ਵੀ ਮਾਪਿਆਂ ਦੀ ਮਰਜ਼ੀਓਂ ਬਿਨਾਂ ਪਿਛੇ ਰਹੀ ਮੁਸਲਮਾਨੀ ਸਾਨੂੰ ਮੋੜਨੀ ਪਵੇਗੀ।

" 'ਫੇਰ ਲੈ ਜਾਓ' — ਮੈਂ ਆਖਿਆ — 'ਪਰ ਯਾਦ ਰਖਿਓ, ਦੋਵੇਂ ਸਰਕਾਰਾਂ ਪਛੋਤਾਣਗੀਆਂ ਏਸ ਘੜੀ ਨੂੰ — ਇਕ ਸਰਕਾਰ ਨੇ ਮੈਨੂੰ ਇਲਾਕੇ ਦੀ ਆਫ਼ਤ ਬਣਾ ਦਿਤਾ ਸੀ — ਏਸ ਬੰਸੋ ਨੇ ਮੈਨੂੰ ਇਲਾਕੇ ਦਾ ਖ਼ਿਦਮਤਗਾਰ ਬਣਾਇਆ — ਹੁਣ ਤੁਸੀਂ ਮੈਨੂੰ ਦੋ ਮੁਲਕਾਂ ਦੀ ਆਫ਼ਤ ਬਣਾ ਚਲੇ ਹੋ — ਜਾ......ਬੰਸੋ......ਜਾ......ਮਰ ਗਿਆ ਤੇਰਾ ਕਿਹਰ ਸਿੰਘ......ਜੀਓਂ ਪਿਆ ਮੇਰੇ ਪਿਓ ਦਾ ਕਿਹਰੂ......ਹੁਣ ਵੇਖੀਏ ਦੋਹਾਂ ਸਰਹੱਦਾਂ ਅੰਦਰ ਕੌਣ ਮਰਦਾ ਤੇ ਕੌਣ ਜੀਂਦਾ ਹੈ !'

"ਪਰ ਬੰਸੋ ਨੇ ਦੀਪੇ ਦਾ ਮੂੰਹ ਮੇਰੇ ਮੂੰਹ ਨਾਲ ਲਾ ਦਿਤਾ ਤੇ ਬੋਲੀ :

" 'ਨਹੀਂ – ਮੇਰੇ ਦੀਪੇ ਦਾ ਬਾਪੂ ਆਫ਼ਤ ਨਹੀਂ ਬਣੇਗਾ — ਖ਼ਿਦਮਤਗਾਰ ਹੀ ਰਹੇਗਾ — ਮੁਲਕ ਤੇ ਜਗੀਰਾਂ ਲੋਕ ਵੰਡਦੇ ਆਏ — ਲਗੇ ਦਿਲ ਅੱਜ ਤਕ ਕੋਈ ਵੰਡ ਨਹੀਂ ਸਕਿਆ — ਤੁਸੀਂ ਉਡੀਕੋ ਬੰਸੋ ਆਈ ਕਿ ਆਈ !'

"ਉਹਦਾ ਇਹ ਮੂੰਹ ਵੇਖ ਕੇ ਮੇਰਾ ਤਾਪ ਲਹਿ ਗਿਆ — ਅੱਖਾਂ 'ਚੋਂ ਕਹਿਰ ਉੱਡ ਗਿਆ — ਮੈਂ ਫੇਰ ਬੰਸੋ ਵਲ ਓਸੇ ਤਰ੍ਹਾਂ ਤੱਕਿਆ ਜਿਸ ਤਰ੍ਹਾਂ ਚੀਰਨੀਆਂ ਦੇਂਦੀ ਤੇ ਹੇਕਾਂ ਕੱਢਦੀ ਵਲ ਮੈਂ ਟੋਕੇ ਦੀ ਹੱਥੀਂ ਉਤੋਂ ਤੱਕਿਆ ਕਰਦਾ ਸਾਂ।

" 'ਠੀਕ — ਤੂੰ ਆਵੇਂਗੀ — ਬੰਸੋ ?'

" 'ਹਾਂ — ਦੀਪੇ ਦਾ ਬਾਪੂ।'

" 'ਚੰਗਾ ਜਾ — ਮੈਂ ਉਡੀਕਾਂਗਾ — ਪਰ ਲਿਆ ਦੀਪਾ ਮੈਨੂੰ ਆਪਣੀ ਨਸ਼ਾਨੀ ਦੇ ਜਾ।'

" 'ਨਹੀਂ — ਦੀਪੇ ਦਾ ਬਾਪੂ — ਸਾਡੇ ਵੀਹਾਂ ਵਿਘਿਆਂ ਵਿਚ ਚੱਪਾ ਭੋਂ ਦਾ ਨਹੀਂ ਜਿਦ੍ਹੇ ਵਿਚ ਮੇਰੀ ਨਸ਼ਾਨੀ ਨਹੀਂ — ਪਰ ਮੇਰੇ ਕੋਲ ਇਹੋ ਇਕ ਦੀਪਾ ਤੁਹਾਡੀ ਨਿਸ਼ਾਨੀ ਏ।'

"ਟਰੱਕ ਤੁਰ ਗਿਆ। ਬੰਸੋ ਚੁੱਪ ਖੜੋਤੀ ਰਹੀ — ਮੋੜ ਤੋਂ ਦਿਸਣੋਂ ਹਟ ਗਈ — ਪਰ ਮੈਂ ਓਥੇ ਹੀ ਖੜੋਤਾ ਰਿਹਾ।

" 'ਚਾਚਾ — ਚਲ ਘਰ' — ਜਵੰਦੇ ਦੇ ਕਾਕੇ ਨੇ ਮੇਰੀ ਬਾਂਹ ਫੜ ਕੇ ਆਖਿਆ — 'ਚਾਚੀ ਚਲੀ ਗਈ — ਲੋਕ ਚਲੇ ਗਏ।'

"ਕਾਕੇ ਨੂੰ, ਜਵੰਦੇ ਕੋਲੋਂ ਪੁੱਛ ਕੇ ਮੈਂ ਆਪਣੇ ਘਰ ਰਖ ਲਿਆ। ਆਪਣੀ ਤੇ ਉਹਦੀ ਰਸਤ ਮੈਂ ਜਵੰਦੇ ਦੇ ਘਰ ਪੁਚਾ ਦਿਤੀ। ਕਾਕਾ ਹੀ ਛਾਹ ਵੇਲਾ ਮੇਰਾ ਲੈ ਆਉਂਦਾ।

"ਬੰਸੋ ਨੇ ਠੀਕ ਆਖਿਆ ਸੀ — ਹਰ ਚੱਪੇ ਉਤੇ ਉਹਦੀਆਂ ਨਿਸ਼ਾਨੀਆਂ ਸਨ। ਹਰ ਕਿੱਕਰ ਟਾਹਲੀ ਹੇਠਾਂ ਬਹਿ ਕੇ ਉਸ ਮੈਨੂੰ ਛਾਹ ਵੇਲਾ ਖੁਆਇਆ ਸੀ, ਮੇਰੇ ਨਾਲ ਕਣਕਾਂ ਵਢੀਆਂ, ਝੋਨਾ ਗੁਡਿਆ, ਮਰਚਾਂ ਤੋੜੀਆਂ, ਨਰਮੇ ਚੁਣੇ ਸਨ।

"ਇਕ ਦੋ ਦਿਨ ਮੈਨੂੰ ਉਹਦੇ ਬਾਝੋਂ ਦੁਨੀਆਂ ਖ਼ਾਲੀ ਜਾਪੀ। ਫੇਰ ਉਹਦੇ ਅਖ਼ੀਰਲੇ ਬੋਲ ਕੰਨੀਂ ਵਜਣੇ ਸ਼ੁਰੂ ਹੋ ਗਏ : 'ਤੁਸੀਂ ਉਡੀਕੋ — ਬੰਸੋ ਆਈ ਕਿ ਆਈ।'

" 'ਓਹ ਆਵੇਗੀ' ਮੇਰਾ ਸਿਮਰਨ ਹੋ ਗਿਆ। ਗੋਰੇ ਤੇ ਚੀਨੇ ਨਾਲ ਮੈਂ ਉਹਦੇ ਆਉਣ ਦੀਆਂ ਗੱਲਾਂ ਕਰਦਾ ਰਹਿੰਦਾ ਸਾਂ। ਉਹਨਾਂ ਦੇ ਗਲ ਟਲੀਆਂ ਬੰਸੋ ਲਿਸ਼ਕਾਈ ਰਖਦੀ ਸੀ, ਮਤੇ ਆ ਕੇ ਜੰਗਾਲੀਆਂ ਵੇਖੇ, ਮੈਂ ਵੀ ਮਾਂਜਦਾ ਰਹਿੰਦਾ।

"ਕਿਸੇ ਉਚੀ ਲੰਮੀ ਤੀਵੀਂ ਨੂੰ ਵੇਖ ਕੇ ਮੈਂ ਜੋਗ ਖੜਾ ਲੈਂਦਾ — ਪਰ ਕੌਣ ਸੀ ਉਹਦੇ ਵਾਂਗ ਰੋਜ਼ ਧੋਤੇ ਕੱਪੜੇ ਪਾ ਕੇ ਛਾਹ ਵੇਲਾ ਲਿਆਉਣ ਵਾਲੀ — ਨੇੜਿਓਂ ਵਿੰਹਦਿਆਂ ਈ ਭੌਲਾ ਉਡ ਜਾਂਦਾ।

"ਚਾਰ ਮਹੀਨੇ ਬੀਤ ਗਏ। ਘਟਣ ਦੀ ਥਾਂ ਆਸ ਵਧਦੀ ਗਈ। ਬੂਹੇ ਦੇ ਹਰ ਖੜਕੇ ਵਿਚ ਉਹਦੇ ਆਉਣ ਦੀ ਚੇਟਕ ਹੁੰਦੀ — ਹਰ ਨੱਠਾ ਆਉਂਦਾ ਉਹਦੀ ਸੋਅ ਲਿਆਇਆ ਜਾਪਦਾ — ਹਰ ਸੁਫ਼ਨਾ ਮੈਨੂੰ ਸਵੇਰੇ ਸੜਕ ਤੇ ਜਾ ਬਿਠਾਂਦਾ। ਮੈਂ ਤੱਕਦਾ ਰਹਿੰਦਾ — ਹਰ ਟਾਂਗਾ, ਹਰ ਰਾਹੀ ਦੂਰੋਂ ਉਹੀ ਦਿਸਦਾ......ਡਾਕੀਏ ਕੋਲੋਂ ਮੈਂ ਉਹਦੀ ਚਿੱਠੀ ਮੰਗਦਾ — ਪਰ ਕਿਤੋਂ ਉਹਦੀ 'ਵਾ ਤਕ ਨਾ ਆਈ।

"ਪੈਲੀਆਂ ਮੈਂ ਸਿੱਧੀਆਂ ਵਾਹੀਆਂ — ਗੋਰਾ ਚੀਨਾ ਮੈਂ ਤਕੜੇ ਕੀਤੇ — ਹਵੇਲੀ ਮੈਂ ਲਿਪਾ ਲਈ, ਖੁਰਲੀਆਂ ਮੈਂ ਪੱਕੀਆਂ ਕਰਾ ਲਈਆਂ — ਗੱਡੇ ਦੀ ਜੋੜੀ ਨਵੀਂ ਪੁਆ ਲਈ — ਉਹਦੇ ਲਈ ਮੰਜਾ ਡਾਹ ਕੇ ਮੈਂ ਬਿਸਤਰਾ ਕਰਨਾ ਵੀ ਸ਼ੁਰੂ ਕਰ ਦਿਤਾ। ਵੇਖ ਕੇ ਕਾਕੇ ਪੁੱਛਿਆ :

" 'ਚਾਚਾ ਅੱਜ ਚਾਚੀ ਨੇ ਆਉਣਾ ਏਂ ?'

"ਇਕ ਰਾਤੀਂ ਮੈਨੂੰ ਨੀਂਦਰ ਨਾ ਆਵੇ। ਡੇਢ ਪਹਿਰ ਰਹਿੰਦਿਆਂ ਚੰਨ ਚੜ੍ਹਿਆ। ਮੈਂ ਜੋਗ ਹਿੱਕ ਖੇਤਾਂ ਵਿਚ ਜਾ ਵੜਿਆ। ਸੂਰਜ ਉਗਦੇ ਨੂੰ ਦੋ ਵਿਘੇ ਪੁੱਟ ਸੁੱਟੇ। ਕਈ ਵਾਰੀ ਸੂਰਜ ਚੜ੍ਹਦਿਆਂ ਈ ਬੰਸੋ ਅਪੜ ਪੈਂਦੀ ਸੀ — ਸੂਰਜ ਚੜ੍ਹਦਾ ਉਹਨੂੰ ਬੜਾ ਚੰਗਾ ਲਗਦਾ ਸੀ — ਕਿੰਨਾ ਕਿੰਨਾ ਚਿਰ ਅਸੀਂ ਵਿੰਹਦੇ ਰਹਿੰਦੇ ਸਾਂ......ਅੱਜ ਮੈਨੂੰ ਬੜੀ ਯਾਦ ਆਈ — ਜੋਗ ਪੈਲੀ ਵਿਚ ਛੱਡ ਕੇ ਮੈਂ ਬੰਨੇ ਆ ਬੈਠਾ, ਜੀਕਰ ਬੰਸੋ ਕੋਲ — ਵਿੰਹਦਾ ਰਿਹਾ — ਕਿ ਕਿਤੇ ਉਹ ਵੀ ਏਸੇ ਸੂਰਜ ਨੂੰ ਵਿੰਹਦੀ ਹੋਵੇਗੀ......ਮੈਨੂੰ ਪਤਾ ਨਹੀਂ ਕਿਹੜੇ ਵੇਲੇ ਮੈਂ ਉਂਘਲਾ ਗਿਆ।

"ਕਾਕੇ ਨੇ ਝੂਣ ਕੇ ਮੈਨੂੰ ਜਗਾਇਆ।

" 'ਚਾਚਾ......ਚਾਚਾ......ਚਾਚੀ ਆ ਗਈ......ਭਾਈਏ ਦੇ ਟਾਂਗੇ ਉਤੇ ਚੜ੍ਹ ਕੇ — ਰਾਤ ਸਾਰੀ ਤੁਰਦੀ ਚਾਚੀ ਅਟਾਰੀ ਆ ਕੇ ਬੈਠੀ ਹੋਈ ਸੀ — ਮੈਂ ਛਾਹ ਵੇਲਾ ਨਹੀਂ ਆਂਦਾ — ਚਾਚੀ ਨਾਲ ਰਲ ਕੇ ਖਾਵਾਂਗੇ।'

"ਤੇ ਉਹ ਨੱਠ ਗਿਆ — ਮੈਂ ਵਾਜਾਂ ਹੀ ਮਾਰਦਾ ਰਹਿ ਗਿਆ — ਚਾਅ ਮੇਰੇ ਅੰਦਰ ਸਾਰੀ ਦੁਨੀਆਂ ਦਾ ਸੀ — ਪਰ ਕਾਹਲ ਕੋਈ ਨਹੀਂ ਸੀ। ਗੋਰੇ ਤੇ ਚੀਨੇ ਦੀ ਹੰਡਾਲੀ ਕਰ ਕੇ ਰਵਾਂ ਰਵੀਂ ਮੈਂ ਤੁਰ ਪਿਆ।

"ਰਾਹ ਵਿਚ ਕਈਆਂ ਨੇ ਮੁਬਾਰਕਾਂ ਦਿੱਤੀਆਂ। ਘਰ ਅਗੇ ਬੰਸੋ ਨਾਲ ਜਣੀ ਖਣੀ ਰਾਮਸਤ ਕਰ ਰਹੀ ਸੀ। ਮੈਨੂੰ ਵੇਖ ਕੇ ਬੰਸੋ ਨੇ ਦੀਪਾ ਚੁੱਕ ਲਿਆ ਤੇ ਮੇਰੇ ਵਲ ਆਈ। ਉਹਦੇ ਮੂੰਹ ਦੀ ਉਹ ਤਸਵੀਰ ਕੋਈ ਕਹਿ ਨਹੀਂ ਸਕਦਾ — ਮੇਰੀਆਂ ਅੱਖਾਂ ਵਿਚ ਅਜੇ ਵੀ ਓਸੇ ਤਰ੍ਹਾਂ ਹੈ।

"ਮੇਰੇ ਕੋਲ ਆ ਕੇ, ਦੀਪਾ ਮੈਨੂੰ ਫੜਾ ਕੇ, ਉਹ ਜੋਗ ਨੂੰ ਜਾ ਚੰਬੜੀ।

" 'ਹਾਏ — ਮੇਰਾ ਚੀਨਾ — ਓਏ ਮੇਰਾ ਗੋਰਾ।'

"ਇਕ ਨੂੰ ਛਡੇ, ਦੂਜੇ ਗਲ ਬਾਹਾਂ ਪਾਏ — ਉਹਨਾਂ ਦੀਆਂ ਟੱਲੀਆਂ ਨੂੰ ਚੁੰਮੇਂ......'ਦੀਪੇ ਦਾ ਬਾਪੂ ਲਿਸ਼ਕਾਂਦਾ ਰਿਹਾ ਏਂ।'

"ਗੋਰੇ ਤੇ ਚੀਨੇ ਨੂੰ, ਜੱਫੀਆਂ ਪਾ ਪਾ, ਉਸ ਫਾਵਿਆਂ ਕਰ ਦਿਤਾ — ਤੇ ਦੀਪੇ ਨੂੰ ਘੁਟ ਘੁਟ ਮੈਨੂੰ ਰੋਣ-ਹਾਕਾ ਬਣਾ ਦਿਤਾ।"

ਓਸੇ ਘੜੀ ਹਵਾ ਦਾ ਇਹੋ ਜਿਹਾ ਬੁੱਲਾ ਆਇਆ ਕਿ ਲਾਲਟੈਨ ਬੁੱਝ ਗਈ। ਕਿਹਰੂ ਉਠਿਆ ਕਿ ਫੇਰ ਬਾਲੇ; ਮੈਂ ਵਰਜ ਦਿਤਾ।

"ਰਹਿਣ ਦਿਓ — ਕਿਹਰ ਸਿੰਘ ਜੀ — ਰਾਤ ਹੁਣ ਮੁੱਕਣ ਵਾਲੀ ਏ — ਤੁਸੀਂ ਜ਼ਰਾ ਤਾਂ ਲੱਕ ਲਾ ਲਵੋ — ਤੇ ਮੈਂ ਤੁਹਾਡੀ ਪਿਆਰੀ ਕਹਾਣੀ ਨੂੰ ਦਿਲ ਦੀ ਫੱਟੀ ਉਤੇ ਉਕਰ ਲਵਾਂ!"

ਕਿਹਰੂ ਨੇ ਲੱਕ ਲਾਇਆ ਕਿ ਨਾ — ਪਰ ਮੇਰੀਆਂ ਅੱਖਾਂ ਲੱਗ ਗਈਆਂ ਤੇ ਜਦੋਂ ਸਵੇਰੇ ਖੁਲ੍ਹੀਆਂ, ਦਿਨ ਚੰਗਾ ਚੜ੍ਹਿਆ ਤੇ ਘਰ ਬੰਸੋ ਦੇ ਕੰਮਾਂ ਨਾਲ ਭਰਿਆ ਪਿਆ ਸੀ। ਰੋਟੀ ਸਾਡੀ ਪੱਕ ਚੁੱਕੀ ਸੀ, ਅੰਦਰ ਬਹੁਕਰ ਫਿਰ ਗਈ ਸੀ — ਤੇ ਬਾਹਰ ਖੁਰਲੀ ਉਤੇ ਗੋਰਾ ਤੇ ਚੀਨਾ ਪਚੱਕ ਪਚੱਕ ਕਰ ਰਹੇ ਤੇ ਬੰਸੋ ਗਾਂ ਹੇਠਾਂ ਬੈਠੀ ਧਾਰ ਕਢ ਰਹੀ ਸੀ।



## ਤੂੰ ਆਵੇਂਗੀ

ਚਾਲ੍ਹੀ ਵਰ੍ਹੇ ਹੋਏ, ਤੂੰ ਮੈਨੂੰ ਮਿਲੀ ਸੈਂ,
ਤੇਰੇ ਸ਼ਹਿਰ, ਤੇਰੀ ਗਲੀ ਵਿਚ ਮੈਂ ਰਿਹਾ ਸਾਂ।
ਲੋਕ ਮੈਨੂੰ ਅਜੇ ਬਾਲ ਸਮਝਦੇ ਸਨ,
ਪਰ ਤੂੰ ਜਦੋਂ ਮੇਰੇ ਵਲ ਤੱਕਿਆ,
ਮੈਂ ਬਾਲ ਨਹੀਂ ਸਾਂ ਰਿਹਾ।

ਦੋ ਬੂਟਿਆਂ ਦੀਆਂ ਸ਼ਾਖ਼ਾਂ ਨਾਲ ਦੋ ਕਲੀਆਂ,
ਦਿਲ ਤੇਰੇ ਦੀਆਂ ਪੱਤੀਆਂ ਵੀ ਨਹੀਂ ਸਨ ਅਜੇ ਖਿੜੀਆਂ,
ਪੌਣ ਆਉਂਦੀ ਸੀ, ਕਦੀ ਤੇਰੇ ਪਾਸਿਉਂ ਕਦੇ ਮੇਰੇ ਪਾਸਿਉਂ,
ਮੇਰੀ ਸ਼ਾਖ਼ ਤੇਰੀ ਸ਼ਾਖ਼ ਨਾਲ ਜਾ ਪਲਚਦੀ ਸੀ,
ਤੇ ਤੇਰੇ ਮੀਟੇ ਬੁੱਲ੍ਹ ਮੇਰਿਆਂ ਕੋਲੋਂ ਝੂੰਮ ਜਾਂਦੇ ਸਨ।

ਪਰ ਇਕ ਦਿਨ ਔਹ ਕੀ ਮੈਨੂੰ ਹੋਇਆ ਸੀ?
ਮੇਰੇ ਅੰਦਰੋਂ ਕੀ ਨਹੀਂ ਸੀ ਹਿੱਲਿਆ?
ਇਕ, ਦੂਜੀ, ਤੀਜੀ — ਪੱਤੀ ਪੱਤੀ ਮੇਰੀ ਖੁਲ੍ਹ ਗਈ;
ਮੈਂ ਸ਼ਰਮਾ ਗਿਆ — ਦਿਲ ਨੰਗਾ ਮੇਰਾ ਪਿਆ ਧੜਕਦਾ ਸੀ,
ਤੇ ਤੂੰ ਉਹਦੇ ਵਲ ਵੇਖ ਰਹੀ ਸੈਂ!
ਪਰ ਕਲੀ ਹੁਣ ਤੂੰ ਵੀ ਨਹੀਂ ਸੈਂ ਰਹੀ,
ਤੇਰਾ ਖਿੜਿਆ ਦਿਲ ਵੀ ਮੈਂ ਵੇਖ ਲਿਆ,
ਦਿਲ 'ਚੋਂ ਸ਼ਰਮ ਮੇਰੀ ਹੁਣ ਹੱਟ ਗਈ,
ਤੇਰੀ ਮਹਿਕ ਉਹਦੇ ਵਿਚ ਰਚ ਗਈ।

ਦੋ ਕਲੀਆਂ ਫੁੱਲ ਬਣ ਗਈਆਂ!
ਆਪੇ ਵਿਚ ਮੈਂ ਮਿਉਂਦਾ ਨਹੀਂ ਸਾਂ
ਮੁੜ ਮੁੜ ਤੱਕਦਾ ਸਾਂ ਤੇਰੇ ਵਲ,
ਤੇ ਉਡੀਕਦਾ ਸਾਂ ਝੋਕੇ ਪੌਣ ਦੇ।
ਪਰ ਦੋ ਭਰਪੂਰ ਫੁੱਲਾਂ ਦੇ ਭਾਰ ਨਾਲ,
ਸ਼ਾਖ਼ਾਂ ਹੋ ਗਈਆਂ ਸਾਡੀਆਂ ਭਾਰੀਆਂ,
ਕੋਈ ਝੋਕਾ ਹੁਣ ਸਾਨੂੰ ਬਹੁਤ ਨੇੜੇ ਨਹੀਂ ਸੀ ਖੜਦਾ।

ਖ਼ੁਸ਼ਬੋ ਤੇਰੀ ਪਰ ਆਉਂਦੀ ਰਹੀ,
ਛੁਹ ਤੇਰੀ ਦਿਲ ਮੇਰੇ 'ਚ ਭੌਰੇ ਲਿਆ ਪਾਂਦੇ ਰਹੇ,
ਅੰਮ੍ਰਿਤ ਤੇਰਿਆਂ ਬੁੱਲ੍ਹਾਂ ਦਾ,
ਬੁੱਲ੍ਹਾਂ ਮੇਰਿਆਂ ਉਤੇ ਮਲ ਜਾਂਦੇ ਰਹੇ !

ਤੇ ਮੈਂ ਕੇਡਾ ਖ਼ੁਸ਼ ਸਾਂ !

ਪਰ, ਗੁਲ-ਚੀਂ* ਇਕ ਦਿਨ ਆਇਆ,
ਹੱਥ ਉਹਦੇ ਵਿਚ ਕੈਂਚੀ ਸੀ,
ਮੈਂ ਆਪਣਾ ਗਲ ਵਧਾਇਆ,
ਉਹਨੂੰ, ਪਰ, ਉਹ ਨਾ ਭਾਇਆ ।
ਸ਼ਾਖ਼ ਤੇਰੀ ਤੇ ਕੁਝ ਕੱਟਕਿਆ,
ਖਿਨ ਵਿਚ ਉਹ ਹੋ ਗਈ ਖ਼ਾਲੀ ਸੀ ।

ਤੇਰੇ ਮੇਰੇ ਦੋਹਾਂ ਬੂਟਿਆਂ ਨੂੰ,
ਫੁੱਲ ਕਲੀਆਂ ਫੇਰ ਵੀ ਢੇਰ ਪਏ,
ਪਰ ਵਾਂਗ ਤੇਰੇ ਕੋਈ ਖਿੜ-ਮੁਸਕਾਇਆ ਨਾ,
ਕੋਈ ਭੌਰਾ ਦਿਲ ਦਾ ਟੋਟਾ ਲਿਆਇਆ ਨਾ !
ਤੱਦੇ ਗੁਲ-ਚੀਂ ਵੀ ਫੇਰ ਓਧਰ ਆਇਆ ਨਾ !
ਕਈ ਵਰ੍ਹੇ ਮੈਂ ਉਹਦਾ ਰਾਹ ਤੱਕਿਆ ।

ਪਤਾ ਨਹੀਂ, ਸਤੋਂ ਕਿਹੜਿਉਂ,
ਮੇਰੇ ਫੁੱਲ ਦੀ ਪੱਤੀ ਕੋਈ ਝੜੀ ਨਹੀਂ,
ਜੇਡੀ ਸੈਂ ਤੂੰ ਕੋਮਲ,
ਓਡਾ ਹਾਂ ਮੈਂ ਸਖ਼ਤ ਜਾਂ,
ਪਰ ਲੋਚਾਂ ਉਹ ਗੁਲ-ਚੀਂ ਆਵੇ,
ਝੜ ਖ਼ੁਸ ਕੇ ਮੈਂ ਰੁਲਾਂ ਨਾ,
ਤੇਰੇ ਵਾਲੀ ਕੈਂਚੀ ਹੇਠਾਂ,
ਸਨ-ਪਤੀਆਂ ਗਲਾ ਕਟਾਨਾ ਚਾਹੁੰਦਾ ਹਾਂ ।

ਪਰ ਉਹ ਮੇਰੇ ਵਲ ਆਉਂਦਾ ਨਹੀਂ,
ਰਾਹ ਤੱਕਿਆ ਉਹਦਾ ਮੈਂ ਕਿੰਨਾ ਚਿਰ !

* ਗੁਲ-ਚੀਂ — ਫੁੱਲ-ਕਾਟਾ; ਮੌਤ ।



ਦਿਲ-ਟੁੱਟੇ ਨੂੰ ਦਿਲਸਾਇਆ ਮੈਂ ਕਿੰਨਾ ਚਿਰ !
ਕਿ ਉਹ ਨਹੀਂ ਆਇਆ, ਤੂੰ ਆਵੇਂਗੀ ।
ਤੇਰੇ ਜੇਡੇ ਹਰ ਮੂੰਹ ਵਲ ਤੱਕਿਆ,
ਹਰ ਝਾਤੀ 'ਚੋਂ ਤੇਰੇ ਝਉਲੇ ਲਏ, ਪਰ
ਨਹੀਂ ਪਛਾਣਿਆ ਕਿਸੇ ਮੈਨੂੰ ਅੱਜ ਤੱਕ ।

ਕੇਡੀ ਪਛਾਣਾਂ ਵਾਲੀ ਸੈਂ ਤੂੰ !
ਸਿਰਫ਼ ਇਕੋ ਤੱਕਣੀ ਨਾਲ
ਦਿਲ ਮੇਰੇ ਦਾ ਸੋਨਾ ਤੂੰ ਉਛਾਲ ਲਿਆ ।
ਕੇਡਾ ਅਮੀਰ ਸਾਂ ਓਦੋਂ ਮੈਂ,
ਅੰਗ ਅੰਗ ਮੇਰਾ ਕੋਈ ਖ਼ਜ਼ਾਨਾ ਸੀ,
ਲੋਕ ਤੱਕਦੇ ਸਨ, ਮੇਰੇ ਮੂੰਹ ਵਲ,
ਪਰ ਉਹ ਸੀ ਤੇਰਿਆਂ ਨੈਣਾਂ ਦੀ ਲਿਸ਼ਕ,
ਭਲਾ ਫੇਰ ਕਿਸੇ ਨੂੰ ਕਿਉਂ ਮੇਰੇ 'ਚੋਂ ਕੁਝ ਲੱਭਾ ਨਾ ?

ਕੇਡੀ ਜਾਚ ਸੀ ਤੈਨੂੰ,
ਦਿਲ ਦੀਆਂ ਤਹਿਆਂ ਫੋਲਣ ਦੀ !'
ਸਹਿਜ ਸੁਭਾ ਪੌੜੀਆਂ ਉਤਰ ਰਹੀ ਸੈਂ,
ਕੰਨਾਂ ਮੇਰਿਆਂ ਵਿਚ ਇਕ ਲੈਅ ਪਈ,
ਮੇਰਾ ਨਾਂ ਲੈਂਦੀ ਤੂੰ ਹੇਠਾਂ ਆ ਰਹੀ ਸੈਂ,
ਤੇਰੇ ਘਰ ਵਿਚ ਓਦੋਂ ਕੋਈ ਨਹੀਂ ਸੀ ।

ਆਹ ! ਮੇਰਾ ਨਾਂ, ਕਦੇ ਨਹੀਂ ਚੰਗਾ ਲੱਗਾ ਮੈਨੂੰ,
ਹਰ ਚੌਥੇ ਮੁੰਡੇ ਦਾ ਇਹੋ ਨਾਂ,
ਪਰ ਓਦਣ ਇਹ ਕਿਉਂ ਪਿਆਰਾ ਲੱਗ ਪਿਆ,
ਤੇਰੇ ਬੁੱਲ੍ਹਾਂ 'ਚੋਂ ਨਿਕਲ ਇਹ ਕੀ ਬਣ ਗਿਆ !
ਕੇਡੀ ਜਾਚ ਸੀ ਤੈਨੂੰ,
ਅਣਛੁਹਿਆਂ, ਗਲਵਕੜੀ ਪਾਣ ਦੀ !
ਖ਼ਤ ਉਤੇ ਸਰਨਾਵਾਂ ਪੁਆਣ ਆਈਉਂ,
ਜਾਣ ਕੇ ਤੂੰ ਨਹੀਂ ਸੀ ਕੀਤਾ,
ਨਾ ਮੈਂ ਹੀ ਜਾਣ ਕੇ ਕੁਝ ਕੀਤਾ,
ਕੀ ਲੋੜ ਸੀ ਹੀਲਿਆਂ ਬਹਾਨਿਆਂ ਦੀ,
ਦੋ ਬਾਲ-ਕਲੀਆਂ ਸਾਂ ਅਸੀਂ,
ਸਾਡੇ ਪੋਟਿਆਂ ਦੀ ਛੁਹ 'ਚ ਕੀ ਖ਼ਤਰਾ ਸੀ !

ਪਰ ਉਹ ਤੇਰੇ ਪੋਟੇ !
ਬਿਜਲੀ ਦੇ ਮਘਦੇ ਟੋਟੇ,
ਅੰਦਰ ਮੇਰਾ ਤੂੰ ਜਗਮਗਾ ਦਿਤਾ !
ਮੈਂ ਲਿਖਿਆ ਸਰਨਾਵਾਂ, ਕਿਦ੍ਹਾ ?
ਹੋਰ ਕਿਦ੍ਹਾ ਮੈਨੂੰ ਆਉਂਦਾ ਸੀ ?
ਜੇ ਉਹ ਖ਼ਤ ਡਾਕੇ ਪੈ ਜਾਂਦਾ,
ਪਹੁੰਚ ਜਾਣਾ ਸੀ ਤੇਰੇ ਕੋਲ !

ਪਰ ਤੂੰ ਗ਼ੁਸੇ ਨਹੀਂ ਸੀ ਹੋਣਾ,
ਮੈਂ ਜਾਣਾ ਚੰਗੀ ਤਰ੍ਹਾਂ,
ਤੂੰ ਗ਼ੁੱਸੇ ਨਹੀਂ ਸੈਂ ਹੋਈ,
ਮੇਰੇ ਬੋਝੇ 'ਚ ਪਿਆ ਆਪਣਾ ਖ਼ਤ ਵੇਖ ਕੇ,
ਤੂੰ ਹੱਸ ਪਈ ਸੈਂ,
ਮੈਨੂੰ ਮੂਰਖ ਸਮਝ ਕੇ ਨਹੀਂ,
ਕਿ ਤੂੰ ਵੀ ਇਹੋ ਕੁਝ ਕਰਦੀਉਂ,
ਜੋ ਮੈਂ ਕੀਤਾ !

ਤੇਰੀਆਂ ਜਾਚਾਂ ਤੋਂ ਮੈਂ ਘੋਲ ਘੁਮਾਈ !
ਤੂੰ ਮੈਨੂੰ ਅਧਿਆਨੀ ਘਲੀ,
ਓਸ ਖ਼ਤ ਦਾ ਮੁੱਲ,
ਜਿਹੜਾ ਤੇਰੀ ਥਾਂ ਲਿਖ, ਖ਼ਰੀਦ ਮੈਂ ਪਾਇਆ ।
ਇਕ ਅਧਿਆਨੀ, ਤਾਂਬੇ ਦੀ !
ਬਣੀ ਰਹੀ ਹਿੱਸਾ ਉਹ ਮੇਰੇ ਖ਼ਜ਼ਾਨੇ ਦੀ !
ਤੇਰੇ ਹੱਥਾਂ ਦਾ ਲਿਖਿਆ ਖ਼ਤ,
ਉਮਰ ਕਿੰਨੀ ਮੇਰੀ ਹਿੱਕ ਨਾਲ ਸਾਂਭਿਆ ਰਿਹਾ ।
ਪਰ, ਤੈਨੂੰ ਮੁੜ ਵੇਖਣ ਦੀ ਚਾਹ,
ਤੈਨੂੰ ਢੂੰਡ ਲਭਣ ਦੀ ਤਾਂਘ,
ਬੀਆਬਾਨਾਂ 'ਚ ਮੈਨੂੰ ਲੈ ਗਈ ।

ਸਮੁੰਦਰ ਦੇ ਪਾਰ ਜਾ ਕੇ ਮੈਂ ਵੇਖਿਆ,
ਪਹਾੜਾਂ ਦੀਆਂ ਸਿਖਰਾਂ ਮੈਂ ਗਾਹੀਆਂ,
ਜਹਾਜ਼ਾਂ ਵਿਚ ਉੱਡ ਕੇ ਸਮਾਨ ਮੈਂ ਫੋਲੇ,
ਹਰ ਤੇਰੇ ਜੇਡੇ ਮੂੰਹ ਵਲ ਤੱਕਿਆ,
ਕਿਸੇ ਵਿਰਲੇ ਨੇ ਮੈਨੂੰ ਵੀ ਤੱਕਿਆ,



ਪਰ ਮੇਰੇ ਦਿਲ ਦੀਆਂ ਸੱਭੋ ਨੁਕਰਾਂ,
ਅਣਫੋਲੀਆਂ ਪਈਆਂ ਨੇ,
ਜਿਹੜੀਆਂ ਇੱਕੋ ਝਾਤ ਨਾਲ ਤੂੰ,
ਛਣ-ਛਣਾ ਸਨ ਸੁੱਟੀਆਂ ।
ਕਈ ਕਹਿੰਦੇ ਨੇ, ਮੈਂ ਕੰਮਾਂ ਵਾਲਾ ਆਦਮੀ ਹਾਂ,
ਮੈਂ ਜਾਣਦਾ ਹਾਂ, ਮੈਂ ਕਦੇ ਕੁਝ ਨਹੀਂ ਕੀਤਾ,
ਅਛੋਪਲੇ ਕਿਧਰੋਂ ਤੇਰੇ ਆ ਨਿਕਲਣ ਦੀ ਆਸ
ਮੈਨੂੰ ਥਾਂ ਥਾਂ ਰਹੀ ਭੁਆਂਦੀ ਹੈ ।

ਕਈ ਇਹ ਵੀ ਕਹਿੰਦੇ ਨੇ,
ਮੈਂ ਪਿਆਰਿਆ ਹੋਇਆ ਆਦਮੀ ਹਾਂ ।
ਤਾਂ ਕੇਡਾ ਸਦੀਵੀ ਹੋਵੇਗਾ ਤੇਰਾ ਪਿਆਰ,
ਕਿਉਂ, ਬਾਅਦ ਤੇਰੇ ਮੈਨੂੰ ਕਿਸੇ ਪਿਆਰਿਆ ਨਹੀਂ !

ਤੂੰ ਸੈਂ ਕੋਈ ਜਾਦੂਗਰਨੀ,
ਤੂੰ ਅੰਗ ਨਾਲ ਮੇਰੇ ਕਦੇ ਅੰਗ ਛੁਹਾਇਆ ਨਹੀਂ,
ਪਰ ਇਹ ਝਰਨਾਟ ਮੇਰੇ ਅੰਗ ਅੰਗ ਵਿਚ,
ਕਿਦ੍ਹੀ ਗਲਵਕੜੀ ਦੀ ਏ ?

ਕਿਨ੍ਹੇ ਵਰ੍ਹੇ ਹੋ ਗਏ ਨੇ ਓਸ ਗੱਲ ਨੂੰ,
ਪਰ ਕੱਲ੍ਹ ਦੀ ਗੱਲ ਮੈਂ ਸੁਣਾਵਾਂ ਤੈਨੂੰ !
ਇਕ ਕੁੜੀ ਤੇਰੇ ਜੇਡੀ ਮੇਰੇ ਕੋਲੋਂ ਲੰਘੀ,
ਉਹਨੂੰ ਮੈਂ ਪਲ ਅਟਕਾ ਲਿਆ,
ਜਾਤਾ ਮੈਂ ਉਹਨੂੰ ਕਦੇ ਵੇਖਿਆ ਸੀ,
ਤੇ ਉਹ ਹੈਰਾਨ ਹੋ ਕੇ ਬੋਲੀ :
"ਤੁਸੀਂ ਭੁੱਲਦੇ ਹੋ ਬਾਬਾ ਜੀ !"
ਉਫ਼ ! ਮਖਣੀਏ, ਹੁਣ ਮੈਂ ਬਾਬਾ ਹੋ ਗਿਆਂ !
ਫੇਰ ਕਿਵੇਂ ਪਛਾਣੇਂਗੀ ਤੂੰ ਜਦੋਂ ਆਈਓਂ ?
ਮੈਂ ਜਾਣਿਆ, ਮੈਂ ਓਡਾ ਹੀ ਸਾਂ,
ਤੱਦੇ ਓਡਿਆਂ ਮੂੰਹਾਂ ਵੱਲ ਤੱਕਦਾ ਹਾਂ,
ਜੇਡਾ ਸੀ ਓਦੋਂ ਤੇਰਾ ਮੂੰਹ !

ਅੱਗੇ ਇਹ ਤਿੜਕਿਆ ਦਿਲ ਦਰਦਾਂਦਾ ਸੀ,
ਹੁਣ ਦੋ ਮਹੀਨਿਆਂ ਤੋਂ ਦਿਲ ਵਾਲੇ ਪਾਸੇ ਦੀ
ਮੇਰੀ ਬਾਂਹ 'ਚੋਂ ਤ੍ਰਾਟਾਂ ਉਠਦੀਆਂ ਨੇ ।

ਹਿੱਕ ਨਾਲ ਲਾਈ ਏਸ ਦੁਖਦੀ ਨੂੰ,
ਨਦੀ ਕਿਨਾਰੇ ਮੈਂ ਇੱਕ ਦਿਨ ਬੈਠਾ ਸਾਂ ।
ਸਮਝਾਂਦਾ ਸਾਂ ਏਸ ਸੁਖਿਆਰੀ ਨੂੰ,
ਇਹ ਦਿਲ ਮੇਰੇ ਵਲ ਵੇਖੋ,
ਕੀਕਰ ਅੱਧੀ ਸਦੀ ਤੋਂ,
ਟੁੱਟਾ ਤਿੜਕਿਆ ਵੀ,
ਇਹ ਟਿਕ ਟਿਕ ਪਿਆ ਕਰਦਾ ਏ,
ਬਾਂਹ ਹੁਣੇ ਹੀ ਨਹੀਂ ਚੁੱਕਦੀ ਆਪਣਾ ਭਾਰ,
ਤੇ ਪੈ ਗਈ ਏ ਮੇਰੇ ਗਲ,
ਜਿਹੜਾ ਕਿਸੇ ਚੰਗੇਰੀ ਮਿਲਣੀ ਲਈ,
ਤੜਫੂੰ ਤੜਫੂੰ ਪਿਆ ਕਰਦਾ ਸੀ ।

ਸਮਝਾਂਦਾ ਈ ਸਾਂ, ਕਿ ਕੋਲੋਂ ਦੀ
ਕੁੜੀਆਂ ਦਾ ਇਕ ਝੁਰਮਟ ਲੰਘਿਆ,
ਚੰਗੀਆਂ ਦਿਸਦੀਆਂ ਕੁੜੀਆਂ ਦਾ ।
ਤੇ ਕੋਈ ਕੋਈ ਮੂੰਹ ਉਹਨਾਂ 'ਚੋਂ
ਯਾਦ ਵੀ ਤੇਰੀ ਕਰਾਂਦਾ ਸੀ ।

ਇਕ ਸਾਵੇ ਘਾਹੀ ਮਦਾਨ ਵਿਚ,
ਉਹਨਾਂ ਡੇਰਾ ਜਾ ਜਮਾਇਆ,
ਉਹ ਨੱਚੀਆਂ, ਉਹ ਗਾਵੀਆਂ,
ਉਹਨਾਂ ਕਿਲਕਿਲੀ ਪਾਈ, ਤੇ ਚੁੰਨੀਆਂ
ਸਿਰਾਂ ਤੋਂ ਉੱਡ ਗਈਆਂ ।
ਨੇੜਿਉਂ ਲੰਘਦੇ ਜਵਾਨ ਨੂੰ ਉਹ ਵਰਜਦੀਆਂ,
ਪਰ ਦੂਰ ਵੀ ਕੋਈ ਨਹੀਂ ਸਾਂ ਬੈਠਾ,
ਤੱਕਦਾ ਵੀ ਸਾਂ ਉਹਨਾਂ ਵਲ,
ਪਰ ਮੈਨੂੰ ਨਾ ਉਹਨਾਂ ਠਾਕਿਆ ।
ਤੱਦੇ ਉਹਨਾਂ 'ਚੋਂ ਇਕ ਬੋਲੀ,
"ਇਹ ਬਾਬਾ ਮਾੜਾ ਨਹੀਂ ਜਾਪਦਾ,
ਇਕ ਦਿਨ ਇਹ ਮੇਰਾ ਨਾਂ ਪੁੱਛਦਾ ਸੀ ।
ਇਹਨੂੰ ਕਿਸੇ ਧੀ ਮੇਰੇ ਜੇਡੀ ਦੀ ਜੁਦਾਈ ਏ !"

ਹੁਣ ਮੈਂ ਸਮਝਿਆ,
ਮੈਨੂੰ ਕਿਉਂ ਨਹੀਂ ਸੀ ਠਾਕਦੀਆਂ ।
ਮੇਰੀ ਬਾਂਹ 'ਚੋਂ ਡਾਢੀ ਤ੍ਰਾਟ ਉਠੀ,



ਉਹਨੂੰ ਹੋਰ ਮੈਂ ਹਿੱਕ ਨਾਲ ਲਾ ਲਿਆ,
ਤੇ ਆਪਣਾ ਮੂੰਹ ਭੁਆ ਕੇ
ਮੈਂ ਝੁਰਮਟ ਕੁੜੀਆਂ ਦਾ ਭੁੱਲ ਗਿਆ ।

ਪਿਛਲੇ ਪਾਸਿਉਂ, ਕੋਈ ਆਹਟ ਆਈ,
ਜੀਕਰ ਤੇਰੇ ਪੈਰਾਂ ਦੀ,
ਖ਼ੁਸ਼ਬੂ ਆਈ, ਜੀਕਰ ਤੇਰੀ ਹਸਤੀ ਦੀ ।
ਉਹੋ ਪੁਰਾਣੀ ਬਿਜਲੀ,
ਅੰਗਾਂ 'ਚੋਂ ਮੇਰੇ ਧੜਕ ਗਈ,
ਤੇ ਮੈਂ ਭੌਂ ਕੇ ਵੇਖਿਆ ।

ਕਦੇ ਕੋਈ ਹੋਰ ਏਡੀ
ਤੇਰੇ ਨਾਲ ਮਿਲਦੀ ਮੈਂ ਤੱਕੀ ਨਹੀਂ,
ਦੁਖਦੀ ਬਾਂਹ ਵੀ ਅੱਡੀ ਗਈ,
ਪਰ ਉਹਦੀਆਂ ਅੱਖਾਂ ਵਿਚ
ਮੇਰੀ ਕੋਈ ਯਾਦ ਪੁਰਾਣੀ ਹੈ ਨਹੀਂ ਸੀ ।

ਉਹ ਮੇਰੇ ਕੋਲ ਪਈ ਆਉਂਦੀ ਸੀ,
ਮੈਂ ਉਠਿਆ, ਉਸ ਬਿਠਾ ਦਿਤਾ,
ਮੈਂ ਪੁੱਛਿਆ, ਉਹਦਾ ਨਾਂ ਕੀ ਸੀ ?
ਕੋਈ ਮਰਦਾਵਾਂ ਜਿਹਾ ਨਾਂ ਉਸ ਸੁਣਾ ਦਿਤਾ,
ਪਰ ਬਾਬਾ ਨਾ ਉਸ ਮੈਨੂੰ ਆਖਿਆ ।
ਮੁੜ ਮੁੜ ਤੱਕਿਆ ਮੈਂ ਉਹਦੇ ਵਲ,
ਤੇਰੀਆਂ ਹੀ ਅੱਖਾਂ, ਤੇਰੇ ਹੀ ਬੁੱਲ੍ਹ, ਤੇਰੇ ਹੀ ਪੋਟੇ !
"ਸਚ ਦੱਸ, ਤੂੰ ਮਖਣੀ ਨਹੀਂ ?"
"ਨਹੀਂ" ਉਸ ਬੜੇ ਤਰਸ ਨਾਲ ਆਖਿਆ ।
ਮੈਂ ਮੰਨਾਂ ਨਾ, ਆਖਾਂ ਮੈਨੂੰ ਝਕਾਂਦੀ ਸੀ,
ਕੌਣ ਆਪੀਂ ਆਉਂਦਾ ਏ ਮੇਰੇ ਕੋਲ,
ਤੇ ਨਾਲੇ ਹੋਰ ਕੋਈ ਮੈਨੂੰ ਬਾਬਾ ਨਾ ਆਖਦੀ !

ਮੇਰੇ ਕੋਲ ਪਈ ਸੀ ਸੁਰਾਹੀ,
ਮੇਰੀ ਸਹਿਰਾਈ ਪਿਆਸ ਦਾ ਚਿੰਨ੍ਹ,
ਜਿਹਨੂੰ ਮੈਂ ਨਾਲ ਲੈ ਜਾਂਦਾ ਹਾਂ ਪਾਣੀਆਂ-ਕੰਢੇ, ਜਿਥੇ ਸਾਰਾ ਸਾਰਾ ਦਿਨ,
ਪਾਣੀਆਂ ਵਿਚੋਂ ਤੇਰਾ ਮੂੰਹ ਵਿੰਹਦਾ ਰਹਿੰਦਾ ਹਾਂ !
ਉਹਨੂੰ ਪਿਆਸ ਹੈ ਸੀ ਕਿ ਨਹੀਂ,

ਉਹਦੇ ਬੁੱਲ੍ਹ ਮੇਰੇ ਵਾਂਗ ਪਿਆਸੇ ਨਹੀਂ ਸਨ,
ਤਾਂ ਵੀ ਸੁਰਾਹੀ ਵੇਖ ਓਸ ਪਾਣੀ ਮੰਗਿਆ ।
ਕਦੇ ਤੂੰ ਵੀ ਇਹੋ ਜਿਹੀ ਸੁਰਾਹੀਂ ਵਿਚੋਂ
ਮੈਨੂੰ ਕੁਝ ਪਿਲਾਇਆ ਸੀ ।
ਉਹਨੂੰ ਪਾਣੀ ਕਿਉਂ ਆਖਾਂ,
ਉਹਨਾਂ ਅੰਮ੍ਰਿਤ ਘੁੱਟਾਂ ਦਾ ਸਰੂਰ
ਅਜੇ ਵੀ ਮੇਰੇ ਦਿਲ ਦੇ ਲਹੂ ਵਿਚ ਹੈ ।

ਨਾ ਕਦੇ ਤੂੰ ਤੇ ਨਾ ਕਦੇ ਮੈ,
ਜਾਣ ਕੇ ਕੁਝ ਨਹੀਂ ਸੀ ਕੀਤਾ,
ਪਰ ਅਜ ਜਾਣ ਕੇ, ਗਲਾਸ ਫੜਾਂਦਿਆਂ,
ਉਹਦੀਆਂ ਉਂਗਲਾਂ ਮੈਂ ਛੁਹ ਲਈਆਂ,
ਓਸ ਆਖਿਆ ਕੁਝ ਨਾ,
ਨਾ ਨਾਲੋਂ ਜ਼ਰਾ ਹਟਾਈਆਂ ।
ਤੇ ਉਹ ਗੱਲਾਂ ਕਰਦੀ ਰਹੀ ।
ਉਹਦੇ ਲਫ਼ਜ਼ਾਂ ਵਿਚ ਦੂਜੇ ਨੂੰ ਖ਼ੁਸ਼ ਕਰਨ ਦੀ,
ਉਹੋ ਜਿਹੀ ਇੱਛਾ ਸੀ, ਜਿਹੜੀ ਤੇਰੀ ਹਰ ਅਦਾ ਵਿਚੋਂ
ਉੱਡ ਉੱਡ ਕੇ ਜੱਫੀਆਂ ਪਾਂਦੀ ਸੀ ।

ਮੈਂ ਉਹਨੂੰ ਆਖਿਆ,
"ਮੈਂ ਤੁਹਾਨੂੰ ਮਖਣੀ ਆਖ ਲਵਾਂ ?"
"ਤੁਹਾਡੀ ਮਰਜ਼ੀ,"
ਓਸ ਉੱਤਰ ਦਿਤਾ ।
"ਮਖਣੀ ਦੇ ਇਹ ਪੋਟੇ ਅੱਖਾਂ ਨਾਲ ਲਾ ਲਵਾਂ ?"
"ਤੁਹਾਡੀ ਮਰਜ਼ੀ," ਓਸੇ ਤਰ੍ਹਾਂ ਓਸ ਆਖਿਆ ।
"ਨਹੀਂ — ਨਹੀਂ — ਤੂੰ ਮਖਣੀ ਏਂ !" ਮੈਥੋਂ ਰਿਹਾ ਨਾ ਗਿਆ ।
"ਨਹੀਂ — ਨਹੀਂ — ਤੁਸੀਂ ਭੁਲਦੇ ਹੋ," ਓਸ ਆਖਿਆ ।
"ਤਾਂ ਵੀ — ਇਕ ਗੱਲ ਮੇਰੀ ਮੰਨੋ ।"
ਸਾਰੀ ਮੇਰੀ ਆਤਮਾ ਇਸ ਤਰਲੇ ਵਿਚ ਕੰਬ ਪਈ ।
"ਦੱਸੋ — ਮੈਂ ਜ਼ਰੂਰ ਕੋਸ਼ਿਸ਼ ਕਰਾਂਗੀ ।"

"ਨਹੀਂ — ਨਹੀਂ — ਮੈਨੂੰ ਮੋੜਨਾ ਨਾ !"
"ਇਕਰਾਰ ਦੇਣ ਦੀ ਖੁਲ੍ਹ ਮੈਨੂੰ ਹੈ ਨਹੀਂ !
ਜੋ ਕਰ ਸਕੀ, ਕਰਾਂਗੀ ।"



"ਅੱਜ, ਅੱਜ, ਮੇਰੇ ਘਰ ਚਲੋ ।"
ਮੇਰੀਆਂ ਅੱਖਾਂ ਮੇਰੇ ਤਰਲੇ ਵਿਚ ਰਲ ਗਈਆਂ ।
"ਮੁੱਦਤਾਂ ਤੋਂ ਘਰ ਵੀਰਾਨ ਪਿਐ,
ਕਿੰਨਾ ਹੀ ਚਿਰ ਮਖਣੀ ਲਈ ਇਹਨੂੰ ਮੈਂ ਠੀਕ ਰਖਿਆ,
ਪਰ ਕੋਈ ਪੈਰ ਇਹਦੇ ਵਿਚ ਨਹੀਂ ਪਿਆ,
ਨਿਹਫਲ ਖੜੋਤਾ ਹੁਣ ਇਹ ਥੱਕ ਗਿਐ,
ਡਿੱਗ ਕੇ ਇਹ ਆਰਾਮ ਚਾਹੁੰਦਾ ਏਂ,
ਪਰ ਅਖ਼ੀਰ ਧਮਾਕੇ ਤੋਂ ਪਹਿਲਾਂ
ਇਕ ਘੜੀ, ਇਕ ਪਲ, ਇਕ ਖਿਨ,
ਇਹਦੇ 'ਚ ਉਹਨਾਂ ਪੈਰਾਂ ਦੀ ਆਹਟ ਸੁਣ ਲਵਾਂ,
ਜਿਨ੍ਹਾਂ ਦੀ ਛੁਹ ਖੁਣੋ
ਮੇਰੇ ਘਰ ਤੇ ਦਿਲ ਦੇ ਫ਼ਰਸ਼
ਟੁਕੜੇ ਹੋ ਹੋ ਪਏ ਛਿਜਦੇ ਨੇ !"

"ਆਹ ! ਜੇ ਇਹ ਤੁਸੀਂ ਮੇਰੇ ਕੋਲੋਂ ਨਾ ਮੰਗਦਿਓ !"
ਉਹਦੇ ਮੂੰਹ ਉਤੇ ਵੀ ਮੇਰੇ ਵਾਲੀ ਪੀੜ ਸੀ ।
"ਤੁਸੀਂ ਫੇਰ ਇਕ ਵਾਰੀ ਭੁੱਲ ਗਏ,
ਤੁਸਾਂ ਮੈਨੂੰ ਇਸਤ੍ਰੀ ਸਮਝ ਲਿਆ,
ਸਦੀਵੀ ਸੁਤੰਤਰ ਇਸਤ੍ਰੀ,
ਉਹ ਤੁਹਾਡੀ ਮਖਣੀ ਹੋਵੇਗੀ,
ਮੈਂ ਨਹੀਂ — ਮੈਂ ਕਿਸੇ ਦੀ ਚੀਜ਼ ਹਾਂ,
ਮੇਰਾ ਨਾਂ ਵੀ ਮੇਰੇ ਮਾਲਕ ਦਾ ਨਾਂ ਹੈ !"

ਉਹਦੀਆਂ ਅੱਖਾਂ ਵਿਚ ਗਲੇਡੂ ਭਰ ਆਏ,
ਇਕ ਮੇਰੀ ਦੁਖਦੀ ਬਾਂਹ ਉਤੇ ਮੋਤੀ ਬਣ ਗਿਆ,
ਜਦੋਂ ਮੇਰੀ ਉਦਾਸੀ ਤੋਂ ਤ੍ਰਹਿ ਕੇ
ਦੋਵੇਂ ਹੱਥ ਮੇਰੇ ਓਸ ਆਪਣੀਆਂ ਅੱਖਾਂ ਉਤੇ ਧਰ ਲਏ —
ਤੇ ਉਹ ਕੁੜੀਆਂ ਦੇ ਝੁਰਮਟ ਵਿਚ ਜਾ ਵੜੀ !

ਪਰ, ਮਖਣੀਏ, ਮੈਂ ਅਜੇ ਜੀਉਂਦਾ ਹਾਂ,
ਕਿ ਤੂੰ ਆਵੇਂਗੀ !
ਰਾਤੀ ਚੰਨ ਵਲ ਤੱਕਦਾ ਰਹਿੰਦਾ ਹਾਂ,
ਕਿਤੋਂ ਇਹਦੇ ਵਿਚੋਂ ਤੂੰ ਉਤਰ ਆਵੇਂਗੀ !
ਇਕੱਲੀਆਂ ਥਾਵਾਂ ਮੈਂ ਭਾਲਦਾ ਹਾਂ,
ਅਣਡਿੱਠੇ ਕਿਸੇ ਪਾਸਿਉਂ, ਤੂੰ ਛਮ ਛਮ ਕਰਦੀ ਆ ਨਿਕਲੇਂਗੀ ।

ਪਾਣੀਆਂ-ਕੰਢੇ, ਸ਼ਾਮ ਸਵੇਰੇ, ਬਹਿੰਦਾ ਹਾਂ,
ਔਹ ਦੂਰ ਸਾਰਿਉਂ, ਮੇਰੀ ਨੀਰ-ਪਰੀ,
ਸੁਹਣੀਆਂ ਬਾਹਾਂ ਮਾਰਦੀ,
ਤ੍ਰਿਪਤੀ, ਹੰਬਲਾ ਮਾਰ ਕੇ
ਮੇਰੇ ਨਾਲ ਕੰਢੇ ਆ ਬਹੇਂਗੀ !

ਮੇਰੀ ਜਵਾਨੀ ਉਤੇ ਚੜ੍ਹੇ ਕੱਕਰਾਂ ਦੀ
ਹੁਣ ਮੈਨੂੰ ਚਿੰਤਾ ਰਤਾ ਨਹੀਂ ।
ਤੂੰ ਆਪ ਆ ਕੇ, ਬਿਜਲੀ-ਉਂਗਲਾਂ ਨਾਲ
ਚਿੱਟੇ ਵਰ੍ਹੇ ਮੇਰੇ ਸਭ ਝਾੜ ਸੁੱਟੇਂਗੀ !
ਤੇ ਹੇਠੋਂ ਵੇਖ ਲਏਂਗੀ, ਮੇਰੀ ਭੁੱਖ ਤੇ ਮੇਰੀ ਪਿਆਸ !
ਕੀਕਰ ਟੁਕ ਟੁਕ ਕੇ ਆਪਣੇ ਹੀ ਲਹੂ ਨਾਲ,
ਇਹ ਤ੍ਰਿਹਾਏ ਬੁੱਲ੍ਹ ਮੈਂ ਸੁੱਕਣ ਨਹੀਂ ਦਿਤੇ,
ਕੋਈ ਕਤਰਾ ਰਹਿਮਤ ਦਾ ਇਹਨਾਂ ਉਤੇ ਪਿਆ ਨਹੀਂ !
ਤੈਨੂੰ ਪਤਾ ਏ — ਤੈਨੂੰ ਪਤਾ ਏ,
ਤੇ ਤੂੰ ਜ਼ਰੂਰ ਆਵੇਂਗੀ !

ਤੇ ਫੇਰ ? ਫੇਰ ਕੀਹ ?
ਤੇਰੀਆਂ ਫੁੱਲ-ਅੱਖੀਆਂ 'ਚੋਂ
ਮੀਂਹ ਵਰ੍ਹੇਗਾ — ਮੀਂਹ ?
ਜ਼ਿੰਦਗੀ ਭਰ ਦੇ ਇਸ਼ਕਾਂ ਦਾ !
ਦੁਨੀਆਂ ਭਰ ਦੇ ਪਿਆਰਾਂ ਦਾ !

ਤੇ ਇਹ ਖ਼ਾਲੀ ਮੇਰੀਆਂ ਅੱਖੀਆਂ,
ਪਲਕਾਂ ਤੱਕ ਹੜ੍ਹ ਜਾਣਗੀਆਂ,
ਮੈਂ ਨਹੀਓਂ ਖੋਲ੍ਹਣੀਆਂ ਫੇਰ,
ਮਤੇ ਫੇਰ ਵੜ ਜਾਏ ਕੋਈ ਖ਼ਿਲਾ ਉਹਨਾਂ 'ਚ !

ਮੀਂਹ — ਵਰ੍ਹੇਗਾ — ਮੀਂਹ !
ਜ਼ਿੰਦਗੀ ਭਰ ਦੇ ਇਸ਼ਕਾਂ ਦਾ !
ਦੁਨੀਆਂ ਭਰ ਦੇ ਪਿਆਰਾਂ ਦਾ !
ਤੇ ਮੇਰੇ ਵਾਲਾਂ ਦੀ ਤਾਰ ਤਾਰ ਨਾਲੋਂ
ਤੇਰੀਆਂ ਅੱਖਾਂ ਦੇ ਮੋਤੀ ਝਰਣਗੇ,
ਮੇਰੇ ਪੋਟਿਆਂ ਦੀਆਂ ਟਿਪਣੀਆਂ ਤੋਂ
ਧਾਰਾਂ ਵਗਣਗੀਆਂ ਤੇਰੇ ਅੰਮ੍ਰਿਤ ਦੀਆਂ ।



ਤੇ ਇਹ ਮੇਰਾ ਤਪਦਾ ਸਹਿਰਾ —
ਮੇਰਾ ਬਲ ਬਲ ਉਠਦਾ ਦਿਲ —
ਇਹਦੀਆਂ ਸਭ ਰੇਤ-ਬਰੇਤੀਆਂ,
ਜਲ ਥਲ ਹੋ ਜਾਣਗੀਆਂ ।

ਆਹ ! ਮੇਰੇ ਜ਼ਖ਼ਮੀ ਬੁੱਲ੍ਹ ਦੀ ਤਿਸ਼ਨਗੀ !
ਆਹ ! ਮੇਰੇ ਸੁੱਕੇ ਗਲੇ ਦੀ ਪਿਆਸ !
ਲੋਕ ਕਹਿੰਦੇ ਨੇ — "ਕਿਹੋ ਜਿਹੀ ਆਸ"
ਮੈਂ ਜੀਉਂਦਾ ਹਾਂ, ਕਿ ਤੂੰ ਆਵੇਂਗੀ !

# ਸ਼ਰਧਾਂਜਲੀਆਂ

## (ੳ) ਵਾਰਤਕ

੧. ਸਰਦਾਰ ਬਿਸ਼ਨ ਸਿੰਘ ਸਮੁੰਦਰੀ
੨. ਸ਼੍ਰੀ ਡੀ. ਡੀ. ਭਾਟੀਆ
੩. ਪ੍ਰੋਫ਼ੈਸਰ ਸੁਰਿੰਦਰ ਸਿੰਘ ਕੋਹਲੀ
੪. ਸ਼੍ਰੀ ਅਨੰਦ ਸਰੂਪ
੫. ਸਰਦਾਰ ਸੂਬਾ ਸਿੰਘ
੬. ਸ਼੍ਰੀ ਕੁਲਦੀਪ ਨਈਅਰ
੭. ਸ਼੍ਰੀ ਅਵਤਾਰ ਸਿੰਘ ਮਲਹੋਤਰਾ
੮. ਪ੍ਰੋਫ਼ੈਸਰ ਗੁਰਬਚਨ ਸਿੰਘ ਤਾਲਿਬ
੯. ਸਰਦਾਰ ਸੋਭਾ ਸਿੰਘ ਆਰਟਿਸਟ
੧੦. ਸ਼੍ਰੀ ਸੁਨੀਤੀ ਕੁਮਾਰ ਚੈਟਰ ਜੀ
੧੧. ਸਰਦਾਰ ਹਰਬੰਸ ਸਿੰਘ
੧੨. ਪ੍ਰੋਫ਼ੈਸਰ ਅਤਰ ਸਿੰਘ
੧੩. ਸ਼੍ਰੀਮਤੀ ਅੰਮ੍ਰਿਤਾ ਪ੍ਰੀਤਮ
੧੪. ਸਰਦਾਰ ਕਰਤਾਰ ਸਿੰਘ ਦੁੱਗਲ

## (ਅ) ਕਵਿਤਾ

੧੫. ਇਕ ਪੋਰਟ੍ਰੇਟ — ਸੁਖਬੀਰ
੧੬. ਚਾਨਣ ਦਾ ਉਚ ਹਿਮਾਲਾ — ਬਲਬੀਰ ਸਿੰਘ ਗਰੇਵਾਲ
੧੭. ਕਲਮ ਦਾ ਜਾਦੂ — ਜਸਵੰਤ ਸਿੰਘ ਰਾਹੀ

## ੧

ਵੀਹਵੀਂ ਸਦੀ ਦੇ ਸਮਕਾਲੀ ਪੰਜਾਬ ਅੰਦਰ ਸਭ ਤੋਂ ਵਧੇਰੇ ਪਿਆਰੀ ਅਤੇ ਸਤਿਕਾਰੀ ਜਾਣ ਵਾਲੀ ਜਿਸ ਸ਼ਖ਼ਸੀਅਤ ਤੇ ਮੇਰੀ ਨਜ਼ਰ ਪੈਂਦੀ ਹੈ ਉਹ ਹੈ — ਸ: ਗੁਰਬਖ਼ਸ਼ ਸਿੰਘ ਪ੍ਰੀਤ ਲੜੀ । ਪਿਛਲੇ ਚਾਲ੍ਹੀ ਸਾਲਾਂ ਵਿਚ ਸ: ਗੁਰਬਖ਼ਸ਼ ਸਿੰਘ ਨੇ ਪ੍ਰੀਤ ਲੜੀ ਦੁਆਰਾ ਜਿਨ੍ਹਾਂ ਨਰੋਏ ਅਤੇ ਅਗਾਂਹਵਧੂ ਵਿਚਾਰਾਂ ਦਾ ਪ੍ਰਸਾਰ ਕੀਤਾ ਹੈ, ਉਹਨਾਂ ਰਾਹੀਂ ਪੰਜਾਬ ਦੀ ਨੁਹਾਰ ਹੀ ਬਦਲ ਗਈ । ਇਕ ਬੁੱਧੀਮਾਨ ਪ੍ਰਤਿਭਾ ਦੇ ਮਾਲਕ ਅਤੇ ਵਸ਼ਿਸ਼ਟ-ਬੁੱਧ ਕਲਾਕਾਰ ਹੋਣ ਦੇ ਨਾਤੇ ਆਪਣੇ ਚੌਗਿਰਦੇ ਵਿਚ ਪਸਰ ਰਹੀਆਂ ਗ਼ਲਤ ਕੀਮਤਾਂ ਨੂੰ ਦੂਰ ਕਰ ਕੇ ਇਕ ਨਰੋਈ ਤੇ ਚੰਗੇਰੇ ਭਾਈਚਾਰੇ ਦੇ ਮਹੱਲ ਦੀ ਉਸਾਰੀ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ । ਆਪਣੇ ਸਮੇਂ ਦੇ ਲੇਖਕਾਂ ਅਤੇ ਨੌਜਵਾਨਾਂ ਉਤੇ ਗੁਰਬਖ਼ਸ਼ ਸਿੰਘ ਦੀ ਹਰਮਨ ਪਿਆਰੀ ਸ਼ਖ਼ਸੀਅਤ ਦਾ ਇਕ ਵਿਸ਼ੇਸ਼ ਪ੍ਰਭਾਵ ਪ੍ਰਤੱਖ ਦਿਸ ਆਉਂਦਾ ਹੈ । ਧਾਰਮਕ ਖੇਤਰ ਵਿਚ ਵੀ ਨਿਰੋਲ ਦਿਖਾਵੇ ਅਤੇ ਲੋਕਾਚਾਰ ਦੀਆਂ ਗ਼ਲਤ ਪ੍ਰਵਿਰਤੀਆਂ ਦੀ ਥਾਂ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਹਨਾਂ ਦੇ ਸਿਧਾਂਤਾਂ ਵਿਚੋਂ ਠੀਕ ਧਾਰਮਕ ਰਹੁਰੀਤਾਂ ਅਤੇ ਸਦਾਚਾਰਕ ਕਦਰਾਂ ਕੀਮਤਾਂ ਬਾਰੇ ਦਸ ਕੇ ਠੀਕ ਰੂਪ ਵਿਚ ਅਮਲੀ ਅਤੇ ਆਦਰਸ਼ਕ ਜੀਵਨ ਦੀ ਰੂਪ ਰੇਖਾ ਉਲੀਕੀ ਹੈ । ਇਸ ਤਰ੍ਹਾਂ ਗੁਰਬਖ਼ਸ਼ ਸਿੰਘ ਦੀ ਪ੍ਰਤਿਭਾਸ਼ਾਲੀ ਵਿਅਕਤੀ ਨੇ ਆਧੁਨਿਕ ਪੰਜਾਬੀ ਸਾਹਿਤ ਵਿਚ ਨਵੇਂ ਯੁਗ ਦਾ ਮੁੱਢ ਬੰਨ੍ਹਿਆ ਹੈ ਅਤੇ "ਪ੍ਰੀਤ ਲੜੀ" 'ਇਕ ਮਹਾਨ ਸੰਸਥਾ' ਬਣ ਗਈ ਹੈ । ਜੋ ਕੁਝ ਹੁਣ ਤਕ ਗੁਰਬਖ਼ਸ਼ ਸਿੰਘ ਨੇ ਵਖ ਵਖ ਖੇਤਰਾਂ ਵਿਚ ਕੀਤਾ ਹੈ, ਉਹ ਕਿਸੇ ਵੀ ਇਕੱਲੇ ਵਿਅਕਤੀ ਲਈ ਬਹੁਤ ਕਠਨ ਹੈ । ਕੋਈ ਜਥੇਬੰਦ ਸੰਸਥਾ ਹੀ ਐਨਾ ਕੁਝ ਨੇਪਰੇ ਚਾੜ੍ਹ ਸਕਦੀ ਹੈ ।

ਸਾਹਿਤਕ ਯੋਗਤਾ ਅਤੇ ਕਲਾ-ਪ੍ਰਬੀਨਤਾ ਦੇ ਨਾਲ ਨਾਲ ਗੁਰਬਖ਼ਸ਼ ਸਿੰਘ ਇਕ ਨਿਪੁੰਨ ਕਿਸਾਨ ਵੀ ਹੈ। ਵਿਗਿਆਨਕ ਕਾਢਾਂ ਦੀ ਵਰਤੋਂ ਦੁਆਰਾ ਪੰਜਾਬ, ਖੇਤੀਬਾੜੀ ਦੇ ਪਿੜ ਵਿਚ ਜਿਸ ਸਿਖਰ ਤੇ ਅੱਜ ਪੁਜਾ ਹੈ ਇਸ ਦਾ ਮੋਢੀ ਵੀ ਗੁਰਬਖ਼ਸ਼ ਸਿੰਘ ਹੈ । ਜਿਸ ਨੇ ਅੱਜ ਤੋਂ ੩੯ ਸਾਲ ਪਹਿਲਾਂ ਇਸ ਪਿੜ ਵਿਚ ਮਸ਼ੀਨੀ ਯੰਤਰਾਂ ਰਾਹੀਂ ਪ੍ਰਯੋਗ ਕੀਤੇ ਸਨ ।

ਗੁਰਬਖ਼ਸ਼ ਸਿੰਘ ਸਰਬੰਗੀ ਪ੍ਰਤਿਭਾ ਦਾ ਮਾਲਕ ਹੈ । ਉਹ ਇਕ ਸਫ਼ਲ ਕਿਸਾਨ ਵੀ ਹੈ ਅਤੇ ਕਾਮਯਾਬ ਇੰਜੀਨੀਅਰ ਵੀ । ਇਕ ਨਿਪੁੰਨ ਸਾਹਿਤਕਾਰ ਵੀ ਅਤੇ ਇਕ ਪ੍ਰਭਾਵਸ਼ਾਲੀ ਵਕਤਾ ਵੀ । ਪਰ ਮੇਰੇ ਲਈ ਉਸ ਦਾ ਸਭ ਤੋਂ ਵਧ ਟੁੰਬਵਾਂ ਗੁਣ ਇਹ ਹੈ ਕਿ ਉਹ ਇਕ "ਪਿਆਰਿਆ ਹੋਇਆ" ਮਨੁੱਖ ਹੈ । ਜਿਸ ਦੀ ਹਸੂੰ ਹਸੂੰ ਕਰਦੀ ਸ਼ਖ਼ਸੀਅਤ ਹਰ ਇਕ ਦਾ ਮਨ ਮੋਹ ਲੈਂਦੀ ਹੈ । ਅਜਿਹੀ ਲੋਕ-ਪ੍ਰਿਯ ਸ਼ਖ਼ਸੀਅਤ ਦੇ ੭੫ਵੇਂ ਜਨਮ ਦਿਨ ਤੇ ਆਪਣੀਆਂ ਹਾਰਦਿਕ ਸ਼ੁਭ ਇੱਛਾਵਾਂ ਭੇਟ ਕਰਦਿਆਂ ਮੈਨੂੰ ਦਿਲੀ ਖ਼ੁਸ਼ੀ ਹੋ ਰਹੀ ਹੈ ।

ਬਿਸ਼ਨ ਸਿੰਘ ਸਮੁੰਦਰੀ,
ਵਾਈਸ ਚਾਂਸਲਰ
ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ ।

## ੨

ਮੈਂ ਪ੍ਰੀਤ ਲੜੀ ਦਾ ਜੀਵਨ ਮੈਂਬਰ ਹਾਂ ਅਤੇ ਗੁਰਬਖ਼ਸ਼ ਸਿੰਘ ਦੀ ਲੇਖਣੀ ਤੋਂ ਬਹੁਤ ਪ੍ਰਭਾਵਤ ਹਾਂ। ਮੈਂ ਹੁਣ ਦੇ ਲੇਖਕਾਂ ਵਿਚ ਗੁਰਬਖ਼ਸ਼ ਸਿੰਘ ਨੂੰ ਸਭ ਤੋਂ ਵੱਡਾ ਪੰਜਾਬੀ ਵਾਰਤਕ ਲੇਖਕ ਮੰਨਦਾ ਹਾਂ।

ਸ: ਗੁਰਬਖ਼ਸ਼ ਸਿੰਘ ਨੇ ਆਪਣੀ ਲੇਖਣੀ ਰਾਹੀਂ ਸਮਾਜਕ ਪ੍ਰਬੰਧ ਵਿਚ ਤਬਦੀਲੀ ਲਿਆਣ ਦਾ ਜਤਨ ਕੀਤਾ ਹੈ ਅਤੇ ਪਾਠਕਾਂ ਦੇ ਮਨਾਂ ਉਤੇ ਇਸ ਲੇਖਣੀ ਦੀ ਡੂੰਘੀ ਛਾਪ ਹੈ। ਉਸ ਦੇ ਕ੍ਰਾਂਤੀਕਾਰੀ ਖ਼ਿਆਲ ੧੯੩੩ ਤੋਂ ਹੀ ਪਾਠਕਾਂ ਕੋਲ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚ ਰਹੇ ਹਨ। ਮੇਰੀ ਇੱਛਾ ਹੈ ਕਿ ਸ: ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਨੂੰ ਹੋਰ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਤ ਕਰਨ, ਵਿਸ਼ੇਸ਼ ਤੌਰ ਤੇ ਉਰਦੂ ਵਿਚ ਤਾਕਿ ਪੰਜਾਬੀ ਨਾ ਜਾਣਦੇ ਹੋਏ ਪਾਠਕ ਵੀ ਉਸ ਦੇ ਖ਼ਿਆਲਾਂ ਤੋਂ ਜਾਣੂੰ ਹੋ ਸਕਣ ਅਤੇ ਲਾਭ ਉਠਾ ਸਕਣ।

ਸ: ਗੁਰਬਖ਼ਸ਼ ਸਿੰਘ ਬਹੁਤ ਵੱਡਾ ਸਮਾਜ ਸੁਧਾਰਕ ਹੈ। ਉਹ ਸਮਾਜਕ ਕੁਰੀਤੀਆਂ ਵਿਰੁਧ ਲੜਦਾ ਰਿਹਾ ਹੈ ਅਤੇ ਸਮਾਜਕ ਬਰਾਬਰੀ ਅਤੇ ਨਿਆਂ ਦਾ ਇੱਛਕ ਰਿਹਾ ਹੈ।

ਮੈਂ ਹਾਰਦਿਕ ਵਧਾਈ ਦਿੰਦਾ ਹਾਂ।

ਡੀ. ਡੀ. ਭਾਟੀਆ
ਭਾਟੀਆ ਹਾਊਸ, ੨੮ ਮਾਲ ਰੋਡ
ਅੰਮ੍ਰਿਤਸਰ

ਅਪ੍ਰੈਲ ੧੧, ੧੯੭੦

## ੩

ਸ: ਗੁਰਬਖ਼ਸ਼ ਸਿੰਘ (ਪ੍ਰੀਤ ਲੜੀ) ਆਧੁਨਿਕ ਪੰਜਾਬੀ ਸਾਹਿਤ ਦੇ ਮਹਾਨ ਲਿਖਾਰੀ ਅਤੇ ਸ਼ੈਲੀਕਾਰ ਹਨ। ਪੰਜਾਬੀ ਵਾਰਤਕ ਨੂੰ ਉਹਨਾਂ ਦੀ ਦੇਣ ਅਦੁੱਤੀ ਹੈ। ਇਕ ਪੱਤਰਕਾਰ ਦੇ ਤੌਰ ਤੇ ਉਹਨਾਂ ਨੇ ਪੰਜਾਬੀ ਸਮਾਜ ਅਤੇ ਸਭਿਆਚਾਰ ਦੀ ਉਸਾਰੀ ਵਿਚ ਵਡਮੁੱਲਾ ਹਿੱਸਾ ਪਾਇਆ ਹੈ। ਉਹਨਾਂ ਦੀ ਕਲਮ ਵਿਚ ਜਾਦੂ ਹੈ ਅਤੇ ਦਲੀਲ-ਭਰੀ ਸ਼ੈਲੀ ਵਿਚ ਪਾਠਕ ਨੂੰ ਕੀਲ ਲੈਣ ਦੀ ਸ਼ਕਤੀ ਹੈ। ਮੈਂ ਉਹਨਾਂ ਦੀ ੭੫ਵੀਂ ਵਰ੍ਹੇਗੰਢ ਉਤੇ ਉਹਨਾਂ ਨੂੰ ਹਾਰਦਿਕ ਵਧਾਈ ਦੇਂਦਾ ਹਾਂ ਅਤੇ ਉਹਨਾਂ ਦੀ ਲੰਮੇਰੀ ਆਯੂ ਅਤੇ ਹੋਰ ਸਾਹਿਤ-ਸੇਵਾ ਦੀ ਕਾਮਨਾ ਕਰਦਾ ਹਾਂ।

ਸੁਰਿੰਦਰ ਸਿੰਘ ਕੋਹਲੀ

ਅਪ੍ਰੈਲ ੨੨, ੧੯੭੦



## ੪

ਸ: ਗੁਰਬਖ਼ਸ਼ ਸਿੰਘ ਨਾਲ ਮੇਰੀ ਜਾਣਕਾਰੀ ੧੯੫੦ ਦੇ ਲਗ ਪਗ ਪ੍ਰੀਤ ਲੜੀ ਰਸਾਲੇ ਰਾਹੀਂ ਹੋਈ। ਗੁਰਬਖ਼ਸ਼ ਸਿੰਘ ਇਕ ਅਗਾਂਹਵਧੂ ਲੇਖਕ ਹੈ ਜਿਸ ਨੂੰ ਜਨ ਸਾਧਾਰਨ ਦੀਆਂ ਇੱਛਾਵਾਂ, ਗ਼ਮ ਅਤੇ ਖ਼ੁਸ਼ੀਆਂ ਨਾਲ ਡੂੰਘੀ ਜਾਣਕਾਰੀ ਹੈ। ਉਸ ਦੀ ਸਮਾਜ ਬਾਰੇ ਸੁਗਿਆਨਕ ਦ੍ਰਿਸ਼ਟੀ ਤੋਂ ਮੈਂ ਬੜਾ ਪ੍ਰਭਾਵਤ ਹੋਇਆ ਹਾਂ।

ਸ: ਗੁਰਬਖ਼ਸ਼ ਸਿੰਘ ਨਾਲ ਪਹਿਲੀ ਵਾਰ ਨਿਜੀ ਰੂਪ ਵਿਚ ਮੇਰੀ ਜਾਣਕਾਰੀ ਓਦੋਂ ਹੋਈ ਜਦੋਂ ਨਵਾਂ ਜ਼ਮਾਨਾ ਦੇ ਮੁਖ ਸੰਪਾਦਕ ਦੇ ਤੌਰ ਤੇ ਉਹਨਾਂ ਪੁਲਸ ਦੇ ਜ਼ੁਲਮ ਵਿਰੁਧ ਲੋਕਾਂ ਦਾ ਪੱਖ ਪੂਰਿਆ। ਰੋਹਤਕ ਜ਼ਿਲੇ ਵਿਚ ਡਾਕੂਆਂ ਵਿਰੁਧ ਕਾਰਵਾਈ ਕਰਦਿਆਂ ਪੁਲਸ ਨੇ ਲੋਕਾਂ ਤੇ ਜ਼ੁਲਮਾਂ ਦੀ ਅਤਿ ਕੀਤੀ ਸੀ। ਪੁਲਸ ਵਿਰੁਧ ਲਿਖਣ ਕਰ ਕੇ ਉਹਨਾਂ ਤੇ ਮੁਕੱਦਮਾ ਚਲਾਇਆ ਗਿਆ। ਸ: ਗੁਰਬਖ਼ਸ਼ ਸਿੰਘ ਵਲੋਂ ਕੇਸ ਲੜਦਿਆਂ ਮੈਨੂੰ ਉਹਨਾਂ ਦੀ ਨਿਡਰ ਅਤੇ ਮਨਮੋਹਣੀ ਸ਼ਖ਼ਸੀਅਤ ਨਾਲ ਜਾਣਕਾਰੀ ਹੋਈ।

ਅਨੰਦ ਸਰੂਪ
ਸਾਬਕਾ ਐਡਵੋਕੇਟ ਜਨਰਲ
ਹਰਿਆਣਾ।

ਅਪ੍ਰੈਲ ੧੪, ੧੯੭੦

## ੫

ਪਿਛਲੇ ਚਾਲ੍ਹੀ ਸਾਲ ਤੋਂ ਸਰਦਾਰ ਗੁਰਬਖ਼ਸ਼ ਸਿੰਘ ਦੀ ਕਲਮ ਚਾਨਣ ਕਿਰਨਾਂ ਪੋਰਦੀ ਆ ਰਹੀ ਹੈ। ਇਹਨੇ ਅਨੇਕਾਂ ਹਨੇਰੀਆਂ ਰਾਹਾਂ ਰੁਸ਼ਨਾਈਆਂ ਤੇ ਅਣਗਿਣਤ ਉਦਾਸ ਪ੍ਰੀਤ ਵਿਹੀਣ ਜ਼ਿੰਦੜੀਆਂ ਨੂੰ ਉਤਸ਼ਾਹ ਦੀ ਉਂਗਲੀ ਲਾ ਕੇ ਮੰਜ਼ਲਾਂ ਵੱਲ ਤੋਰਿਆ ਹੈ। ਪੰਜਾਬੀ ਬੋਲੀ ਵਿਚ ਮਿੱਠੇ ਮਿੱਠੇ ਸੰਗੀਤ ਉਭਾਰੇ ਹਨ। ਬੇਇਨਸਾਫ਼ੀ ਵਿਰੁਧ ਤੂਫ਼ਾਨਾਂ ਦਾ ਜ਼ੋਰ ਵੀ ਬਖ਼ਸ਼ਿਆ ਹੈ। "ਸ਼ੈਲੀ" ਦੀ ਸਕਾਈਲਾਰਕ ਵਾਂਗ ਆਪਣੇ ਸਾਹਿਤਕ ਗਗਨਾਂ ਵਿਚ ਆਪਣੇ ਹੀ ਚਾਨਣ ਦੇ ਬੱਦਲਾਂ ਦੇ ਉਪਰ ਉਡਾਰੀਆਂ ਲਾਈਆਂ ਹਨ, ਪਰ "ਵਰਡਜ਼ਵਰਥ" ਦੀ ਸਕਾਈਲਾਰਕ ਵਾਂਗ ਧਰਤੀ ਉਪਰੋਂ ਨੀਝਾਂ ਨਹੀਂ ਹਟਾਈਆਂ। ਅਰਦਾਸ ਹੈ ਕਿ:

"ਤੁਮ ਸਲਾਮਤ ਰਹੋ ਹਜ਼ਾਰ ਬਰਸ
ਹਰ ਬਰਸ ਕੇ ਦਿਨ ਹੋਂ ਪੱਚਾਸ ਹਜ਼ਾਰ"।

ਸੂਬਾ ਸਿੰਘ

## ੬

ਮੇਰੀ ਇੱਛਾ ਸੀ ਕਿ ਸ: ਗੁਰਬਖ਼ਸ਼ ਸਿੰਘ ਦੀ ੭੫ਵੀਂ ਵਰ੍ਹੇਗੰਢ ਨੂੰ ਮਨਾਣ ਲਈ ਕੀਤੇ ਜਾ ਰਹੇ ਸਮਾਗਮ ਵਿਚ ਮੈਂ ਸ਼ਾਮਲ ਹੁੰਦਾ। ਮੈਂ ਅਜੇ ਸਕੂਲ ਵਿਚ ਹੀ ਸਾਂ ਜਦੋਂ ਗੁਰਬਖ਼ਸ਼ ਸਿੰਘ ਵਧੀਆ ਲੇਖਕ ਦੇ ਤੌਰ ਤੇ ਜਾਣਿਆਂ ਜਾਂਦਾ ਸੀ। ਲੋਕ ਸਭਾ ਦੇ ਸੈਸ਼ਨ ਕਰ ਕੇ ਮੇਰਾ ਦਿੱਲੀ ਵਿਚੋਂ ਬਾਹਰ ਜਾਣਾ ਮੁਸ਼ਕਲ ਹੈ, ਨਹੀਂ ਤਾਂ ਮੈਂ ਇਸ ਅਵਸਰ ਤੇ ਪਹੁੰਚਣੋਂ ਕਦੇ ਵੀ ਨਾ ਖੁੰਝਦਾ।

ਕੁਲਦੀਪ ਨਈਅਰ

ਅਪ੍ਰੈਲ ੨੪, ੧੯੭੦ ਸੰਪਾਦਕ ਸਟੇਟਸਮੈਨ

## ੭

ਸਰਦਾਰ ਗੁਰਬਖ਼ਸ਼ ਸਿੰਘ ਨੇ ਪਿਛਲੇ ਸੈਂਤੀ ਵਰ੍ਹਿਆਂ ਵਿਚ "ਪ੍ਰੀਤ ਲੜੀ" ਰਾਹੀਂ ਅਤੇ ਆਪਣੀਆਂ ਹੋਰ ਲਿਖਤਾਂ ਤੇ ਪਬਲਕ ਸਰਗਰਮੀਆਂ ਰਾਹੀਂ ਪੰਜਾਬੀ ਬੋਲੀ ਤੇ ਸਾਹਿਤ ਅਤੇ ਦੇਸ਼ ਦੀ ਕਿਰਤੀ ਜਨਤਾ ਦੀ ਉਘੀ ਸੇਵਾ ਕੀਤੀ ਹੈ।

ਆਪ ਨੇ ਪੰਜਾਬੀ ਬੋਲੀ ਨੂੰ ਇਕ ਨਵੇਂ ਮੁਹਾਵਰੇ, ਇਕ ਨਵੀਂ ਸ਼ੈਲੀ, ਇਕ ਭਰਪੂਰ ਸ਼ਖ਼ਸੀਅਤ ਦੀ ਭਰਪੂਰ ਵੇਦਨਾ ਰੋਸ਼ਨ ਚੇਤਨਾ ਅਤੇ ਉੱਚ ਅਭਿਲਾਖਾ ਦੀ ਮਹਾਨ ਦੇਣ ਦਿਤੀ ਹੈ। ਪੰਜਾਬੀ ਦੇ ਪਰਗਟਾਉ ਦਾ ਦਾਇਰਾ ਬਹੁਤ ਵਿਸ਼ਾਲ ਕੀਤਾ ਹੈ, ਇਹਦੇ ਭੰਡਾਰ ਨੂੰ ਮਾਲਾ ਮਾਲ ਕੀਤਾ ਹੈ ਅਤੇ ਇਹਦੀ ਲੇਖਣੀ ਵਿਚ ਨਵੇਂ ਤੇ ਮੌਲਿਕ ਰੰਗ ਭਰੇ ਹਨ।

ਆਪ ਨੇ ਆਪਣੀ ਵਾਰਤਕ ਰਾਹੀਂ ਅਤੇ ਕਹਾਣੀਆਂ ਤੇ ਨਾਵਲਾਂ ਰਾਹੀਂ ਨਵੀਆਂ, ਸੁਚੀਆਂ ਤੇ ਉਚੀਆਂ ਕਦਰਾਂ ਪਰਚਾਰੀਆਂ ਹਨ। ਛਿਦਰੇ ਰਿਵਾਜਾਂ ਤੇ ਭਰਮਾਂ ਨੂੰ ਛੱਡਿਆ ਹੈ, ਬੋਸੀਦਾ ਵਿਚਾਰਾਂ ਤੇ ਕਦਰਾਂ ਦਾ ਖੰਡਨ ਕੀਤਾ ਹੈ ਅਤੇ ਸਭਿਆਚਾਰਕ ਤੇ ਸਮਾਜਕ ਜੀਵਨ ਵਿਚ ਪ੍ਰਗਤੀਸ਼ੀਲ ਭਾਵਨਾਵਾਂ ਨੂੰ ਤਕੜਾ ਕੀਤਾ ਹੈ। ਆਪ ਨੇ ਜਵਾਨੀ ਦੀ ਦਲੇਰੀ ਤੇ ਬਜ਼ੁਰਗੀ ਦੀ ਪੁਖ਼ਤਗੀ ਨਾਲ ਵਿਅਕਤੀ ਦੇ ਆਚਰਨ, ਸਮਾਜ ਦੇ ਜੀਵਨ ਤੇ ਹਕੂਮਤਾਂ ਦੇ ਕਰਮ ਦੇ ਖੇਤਰਾਂ ਵਿਚ ਇਨਸਾਨੀ ਪਿਆਰ ਤੇ ਭਰੱਪਣ, ਸਹਜ ਤੇ ਸੁਹਿਰਦਤਾ, ਵਿਗਿਆਨਕ ਸੋਚ ਤੇ ਸਮੂਹਕ ਦੇਖਣੀ ਅਤੇ ਦੇਸ਼ ਭਗਤੀ ਤੇ ਮਨੁੱਖਵਾਦ ਦੇ ਮਹਾਨ ਆਦਰਸ਼ਾਂ ਦਾ ਝੰਡਾ ਬੁਲੰਦ ਕੀਤਾ ਹੈ।

ਆਪ ਨੇ ਸਮਾਜਵਾਦ ਦੇ ਮਹਾਨ ਕਾਜ਼ ਦੀ ਵੀ ਉਘੀ ਸੇਵਾ ਕੀਤੀ ਹੈ। ਹਜ਼ਾਰਾਂ ਲੱਖਾਂ ਪਰਵਾਰਾਂ ਨੂੰ ਸਮਾਜ ਸੇਵਾ ਵਲ ਪਰੇਰਿਆ ਹੈ।

ਕਿਰਤੀ ਜਨਤਾ ਦੀ ਬਿਹਤਰੀ ਦੇ ਚਾਹਵਾਨ ਤੇ ਕਿਰਤ ਦੀ ਵਡਿਤਣ ਤੇ ਸਰਦਾਰੀ ਦੇ ਅਭਿਲਾਸ਼ੀ ਬਣਾਇਆ ਹੈ। ਆਪ ਨੇ ਅਮਨ, ਇਨਸਾਨੀਅਤ, ਫ਼ਿਰਕੂ ਏਕਤਾ ਤੇ ਸਮਾਜਵਾਦ ਦੇ ਆਸ਼ਿਆਂ ਨੂੰ ਹਰਮਨ ਪਿਆਰਾ ਬਣਾਉਣ ਵਿਚ ਸਿਰ ਕੱਢ ਹਿੱਸਾ ਪਾਇਆ ਹੈ।



ਆਪ ਦੇ ਪੰਝਤਰ੍ਹਵੇਂ ਜਨਮ ਦਿਨ ਉਤੇ ਮੈਂ ਆਪ ਨੂੰ ਹਾਰਦਿਕ ਸੁਭ ਇੱਛਾਵਾਂ ਘਲਣ ਦੀ ਖ਼ੁਸ਼ੀ ਲੈਂਦਾ ਹਾਂ। ਆਪਣੀ ਸ਼ਰਧਾ ਦੇ ਕੁਝ ਫੁੱਲ ਭੇਟ ਕਰਦੇ ਹੋਏ ਮੈਂ ਆਸ ਕਰਦਾ ਹਾਂ ਕਿ ਉਹ ਆਉਂਦੇ ਵਰ੍ਹਿਆਂ ਵਿਚ ਸਾਹਿਤ ਤੇ ਲੋਕ ਸੇਵਾ ਦੇ ਮੈਦਾਨ ਵਿਚ ਹੋਰ ਵਧੇਰੇ ਸਫ਼ਲਤਾਵਾਂ ਪਰਾਪਤ ਕਰਨਗੇ।

ਅਵਤਾਰ ਸਿੰਘ ਮਲਹੋਤਰਾ

## ੮

ਪੰਜਾਬੀ ਵਿਚ ਪਿਛਲੀ ਅੱਧੀ ਸਦੀ ਦੇ ਅੰਦਰ ਜੋ ਸਾਹਿਤਕ ਜਾਗ੍ਰਿਤੀ ਆਈ ਹੈ ਉਸ ਵਿਚ ਗੁਰਬਖ਼ਸ਼ ਸਿੰਘ ਦਾ ਹਿੱਸਾ ਮਹਾਨ ਅਤੇ ਅਦੁੱਤਾ ਹੈ। ਕਈ ਪ੍ਰਸਿੱਧ ਲੇਖਕ ਜਿਵੇਂ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ ਅਤੇ ਹੋਰ ਉਸ ਦੀ ਬਹੁ-ਪੱਖੀ ਸ਼ਖ਼ਸੀਅਤ ਅਤੇ ਮਨ ਖਿਚਵੇਂ ਗੁਣਾਂ ਨਾਲ ਪ੍ਰਭਾਵਿਤ ਹੋਏ ਹਨ, ਉਸ ਦੀ ਮਿਸਾਲ ਤੇ ਉਹਨਾਂ ਦੀਆਂ ਲਿਖਤਾਂ ਵਿਚ ਆਕਰਖਣ ਦੀ ਵਧੇਰੇ ਤੀਬਰਤਾ ਆਈ ਹੈ। ਪੰਜਾਬੀ ਦਾ ਸਾਹਿਤ, ਵਿਸ਼ੇਸ਼ ਕਰ ਕੇ ਇਸ ਦਾ ਗੱਦ ਭਾਗ ਹਾਲੀ ਅੱਧੀ ਸਦੀ ਹੀ ਪੁਰਾਣਾ ਸਮਝਣਾ ਚਾਹੀਦਾ ਹੈ, ਅਤੇ ਇਸ ਦਿਆਂ ਧਾਰਮਕ ਨਿਰਪੇਕਸ਼ ਨਿਰਮਾਤਾ ਲੇਖਕਾਂ ਵਿਚੋਂ ਗੁਰਬਖ਼ਸ਼ ਸਿੰਘ ਅਤੇ ਤੇਜਾ ਸਿੰਘ ਦੇ ਨਾਂ ਪ੍ਰਥਮ ਸਥਾਨ ਉਪਰ ਆਉਂਦੇ ਹਨ। ਇਹਨਾਂ ਨੇ ਪੰਜਾਬੀ ਵਿਚ ਸਰਲ ਮਾਨਸਕ ਬੋਲੀ ਅਤੇ ਸ਼ਬਦ ਨੂੰ ਸੁਚੱਜੀ ਅਤੇ ਰੋਚਕ ਗੱਦ ਵਿਚ ਅੰਕਿਤ ਕੀਤਾ। ਤੇਜਾ ਸਿੰਘ ਦਾ ਮਹੱਤਵ ਤਾਂ ਬਹੁਤ ਹੈ, ਪਰ ਉਹ ਵਧੇਰੇ ਗੁਰੂ ਗ੍ਰੰਥ ਟੀਕਾ ਵਿਚ ਰੁਝੇ ਰਹੇ ਅਤੇ ਇਸ ਗੱਦ ਰਚਨਾ ਨੂੰ ਸਮਾਂ ਨਹੀਂ ਦੇ ਸਕੇ। ਗੁਰਬਖ਼ਸ਼ ਸਿੰਘ ਨੇ ਅਜਿਹੀ ਰਚਨਾ ਦਾ ਪੱਥ ਗ੍ਰਹਿਣ ਕਰ ਕੇ ਉਸ ਨੂੰ ਸਪੱਸ਼ਟ ਅਤੇ ਮਹੱਤਵਪੂਰਨ ਸਥਾਨ ਦਿਤਾ। ਕੋਈ ਦੋ ਦਰਜਨ ਰਚਨਾਵਾਂ ਇਹਨਾਂ ਦੀਆਂ ਹਨ ਜਿਨ੍ਹਾਂ ਵਿਚ ਵਰਤੀ ਗਈ ਪੰਜਾਬੀ ਭਾਸ਼ਾ ਨਿਤਾ ਪ੍ਰਤੀ ਦੇ ਬੋਲੇ ਜਾਣ ਵਾਲੇ ਮੁਹਾਵਰੇ ਦੇ ਅਨੁਕੂਲ ਅਤੇ ਉਸ ਦੀ ਬਣਤਰ ਦੇ ਨੇੜੇ ਹੈ। ਇਸ ਵਿਚ ਇਹਨਾਂ ਨੇ ਜਿਥੇ ਗ੍ਰਾਮੀਣ ਬੋਲੀ ਤੋਂ ਸ਼ਬਦਾਵਲੀ ਗ੍ਰਹਿਣ ਕਰ ਕੇ ਵਰਤੀ ਉਥੇ ਇਸ ਨੂੰ ਉਸ ਦੋਸ਼ ਤੋਂ ਬਚਾਈ ਰਖਿਆ ਜੋ ਬਹੁਤ ਪੰਜਾਬੀ ਲੇਖਕਾਂ ਵਿਚ ਦਿਸ ਆਉਂਦਾ ਹੈ, ਕਿ ਪੰਜਾਬੀ ਸਾਹਿਤ ਦਾ ਵਾਤਾਵਰਣ ਹੀ ਪੇਂਡੂ ਬਣ ਜਾਂਦਾ ਹੈ।

ਇਸ ਨਵੇਕਲੇਪਣ ਦਾ ਕਾਰਨ ਗੁਰਬਖ਼ਸ਼ ਸਿੰਘ ਦੀ ਉਹ ਰੁਚੀ ਅਤੇ ਜੀਵਨ ਬਾਰੇ ਚਿੰਤਨ ਹੈ ਜਿਸ ਦੇ ਪੰਜਾਬੀ ਵਿਚ ਇਹ ਚਿੰਨ੍ਹ ਬਣੇ......ਕਿ ਜਨ ਸਧਾਰਨ ਨੂੰ ਸਭਿਅਤਾ ਅਤੇ ਸੁਚਜਤਾ ਦੇ ਉਸ ਮਾਰਗ ਉਪਰ ਲੈ ਜਾਣਾ ਹੈ ਜਿਸ ਵਿਚ ਆਧੁਨਿਕ ਰੁਚੀਆਂ ਪ੍ਰਧਾਨ ਹੋਣ। ਇਸ ਪਰਯੋਜਨ ਦੀ ਪੂਰਤੀ ਲਈ ਉਹਨਾਂ ਉੱਨਤ ਦੇਸ਼ ਅਮਰੀਕਾ ਦੇ ਜੀਵਨ ਚਿਤਰ ਨੂੰ ਪੰਜਾਬੀ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤਾ, ਫੇਰ ਨਵੇਂ ਸਮਾਜਵਾਦੀ ਵਿਚਾਰ ਅਪਣਾਏ। ਇਸ ਨਾਲ ਪਰੰਪਰਾਵਾਦੀ ਸੀਮਤ ਵਿਚਾਰਾਂ ਉੱਪਰ ਆਲੋਚਨਾ ਅਤੇ ਟਿੱਪਣੀ ਵੀ ਆਵਸ਼ੱਕ ਹੋ ਗਈ ਅਤੇ ਪੰਜਾਬੀ ਵਿਚ ਚਿੰਤਨ ਅਤੇ ਸਾਹਿਤਕ ਰਚਨਾ ਦੀ ਨਵੀਂ ਧਾਰ ਵਗ ਪਈ।

ਗੁਰਬਖ਼ਸ਼ ਸਿੰਘ ਪੱਥ ਪ੍ਰਦਰਸ਼ਕ ਹਨ......ਸਾਹਿਤ ਵਿਚ ਵੀ ਅਤੇ ਜੀਵਨ ਵਿਚ ਵੀ। ਸਹਿਯੋਗ ਅਤੇ ਨਿਜੀ ਮਿੱਠਤ ਦੀ ਅਤਿਅੰਤ ਮਨਮੋਹਕ ਤਸਵੀਰ ਉਹਨਾਂ ਨੇ ਲੋਕਾਂ ਸਾਹਮਣੇ ਪੇਸ਼ ਕੀਤੀ ਹੈ, ਜਿਸ ਕਾਰਨ ਬਹੁਤ ਸਾਰੇ ਪੰਜਾਬੀ ਦੇ ਪਾਠਕ ਇਹਨਾਂ ਦੇ ਸ਼ਰਧਾਵਾਨ ਬਣੇ ਹਨ। ਇਹਨਾਂ ਦਾ ਮਤ — ਜੇ ਇਹ ਲਫ਼ਜ਼ ਵਰਤਿਆ ਜਾਵੇ — ਪ੍ਰਚਲਿਤ ਹੋ ਚੁੱਕਾ ਹੈ ਅਤੇ ਪੰਜਾਬ ਵਿਚ ਇਹਨਾਂ ਦੀ ਉਪਜਾਈ ਹੋਈ ਮਾਨਸਕ ਅਤੇ ਸਭਿਆਚਾਰਕ ਲਹਿਰ ਪ੍ਰਬਲ ਹੈ।

ਬਾਵਜੂਦ ਵਡੇਰੀ ਉਮਰ ਹੋ ਜਾਣ ਦੇ ਇਹ ਹੁਣ ਵੀ ਉੱਨਤ ਵਿਚਾਰਾਂ ਅਤੇ ਸੌਂਦਰਯ ਪੱਖੀ ਰੁਚੀਆਂ ਪ੍ਰਸਾਰਨ ਵਿਚ ਲਗਾਤਾਰ ਰੁੱਝੇ ਹੋਏ ਹਨ। ਸਿਰਜਣਹਾਰ ਪਾਸੋਂ ਇਹਨਾਂ ਦੀ ਘਾਲਣਾ ਜੀਵਨ ਭਰ ਜਾਰੀ ਰਖਣ ਦੀ ਸਮਰੱਥਾ ਦਾ ਵਰ ਮੰਗਣਾ ਚਾਹੀਦਾ ਹੈ।

ਗੁਰਬਚਨ ਸਿੰਘ ਤਾਲਿਬ

## ੯

ਇਕ ਕਲਾਕਾਰ ਨੂੰ ਜਿੰਨੀ ਆਪਣੀ ਕ੍ਰਿਤ ਦੀ ਸਫਲਤਾ 'ਚੋਂ ਪ੍ਰਸੰਨਤਾ, ਸੰਤੁਸ਼ਟਤਾ ਅਤੇ ਅਗੇ ਵਧਣ ਦਾ ਚਾਓ ਮਿਲਦਾ ਹੈ ਕਿਸੇ ਕਿਸਮ ਦੇ ਸਨਮਾਨ ਨਾਲ ਉਸ ਦੀ ਤੁਲਣਾ ਨਹੀਂ ਦਿਤੀ ਜਾ ਸਕਦੀ......ਇਸੇ ਨੇ ਹੀ ਸ: ਗੁਰਬਖ਼ਸ਼ ਸਿੰਘ ਨੂੰ ਲੋਕ ਪ੍ਰੀਯ ਬਣਾਇਆ ਹੈ ਅਤੇ ਅਜ ਪ੍ਰੀਤ ਲੜੀ ਨੂੰ ਘਟੋ ਘਟ ਇਕ ਲੱਖ ਪਾਠਕ ਪੜ੍ਹਦੇ ਹਨ ਅਤੇ ਪਰੇਰਨਾ ਲੈਂਦੇ ਹਨ ਅਤੇ ਸਰਦਾਰ ਜੀ ਇਸ ਨੂੰ ਆਪਣੇ ਇਕ ਬੱਚੇ ਦਾ ਅਸਥਾਨ ਦੇਂਦੇ ਹਨ।

ਪਰ ਮੈਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਹੈ ਕਿ ਡਾ: ਮਹਿੰਦਰ ਸਿੰਘ ਜੀ ਰੰਧਾਵਾ ਦੀ ਹੀਰਿਆਂ-ਦੀ-ਪਾਰਖੂ ਅੱਖ ਦਾ ਸਦਕਾ ਸ: ਗੁਰਬਖ਼ਸ਼ ਸਿੰਘ ਜੀ ਨੂੰ ਪਹਿਲਾ ਸਨਮਾਨ ਦਿਤਾ ਜਾ ਰਿਹਾ ਹੈ। ਜਿਸ ਦੇ ਇਹ ਦੇਰ ਤੋਂ ਪਾਤਰ ਹਨ।

ਸ: ਗੁਰਬਖ਼ਸ਼ ਸਿੰਘ ਜੀ "ਪ੍ਰੀਤ ਲੜੀ" ਨੂੰ ਕੌਣ ਨਹੀਂ ਜਾਣਦਾ ਇਹਨਾਂ ਆਪਣੀ ਕਲਮ ਨਾਲ ਹੀ ਕਾਫ਼ੀ ਜਾਣਕਾਰੀ ਕਰਵਾਈ ਹੋਈ ਹੈ। ਇਸ ਲਈ ਜਾਣਕਾਰੀ ਕਰਵਾਣ ਦੀ ਥਾਂ ਮੇਰੀ ਅਰਦਾਸ ਹੈ ਕਿ ਰੱਬ ਇਸ ਚੋਟੀ ਦੇ ਕਲਾਕਾਰ ਦੇ ਸਪਨੇ ਪੂਰੇ ਕਰੇ......ਤੇ ਇਹ ਸਾਵੀਂ ਪਧਰੀ ਜ਼ਿੰਦਗੀ ਜੀਊ ਸਕਣ ਅਤੇ ਪ੍ਰਸੰਨ ਲੰਮੀ ਉਮਰ ਮਾਣ ਸਕਣ। ਤਾਂ ਜੋ ਇਕ ਪ੍ਰੀਯ ਕਲਾਕਾਰ ਦੇ ਨਾਤੇ ਇਹ ਆਪਣੇ ਪਾਠਕਾਂ ਦੇ ਜੀਵਨ ਪੰਧ ਤੇ ਵਧ ਤੋਂ ਵਧ ਚਾਨਣ ਖਲੇਰ ਸਕਣ।

ਸੋਭਾ ਸਿੰਘ<br>ਅੰਦ੍ਰੇਟਾ<br>ਕਾਂਗੜਾ ਵੈਲੀ

ਅਪ੍ਰੈਲ ੨੦, ੧੯੭੦



## ੧੦

ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਤੁਸੀਂ ਸ: ਗੁਰਬਖ਼ਸ਼ ਸਿੰਘ ਨੂੰ, ਜੋ ਕਿ ੨੬ ਅਪ੍ਰੈਲ, ੧੯੭੦ ਨੂੰ ੭੫ ਵਰ੍ਹੇ ਦਾ ਹੋ ਗਿਆ ਹੈ, ਅਭਿਨੰਦਨ ਗ੍ਰੰਥ ਭੇਟ ਕਰ ਰਹੇ ਹੋ। ਇਹ ਬੜੀ ਚੰਗੀ ਗੱਲ ਹੈ ਕਿ ਪੰਜਾਬੀ ਲੇਖਕ ਉਸ ਨੂੰ ਇਹ ਗ੍ਰੰਥ ਭੇਟ ਕਰ ਕੇ ਸਨਮਾਨ ਰਹੇ ਹਨ। ਮੈਂ "ਪ੍ਰੀਤ ਲੜੀ" ਵੇਖੀ ਹੈ ਅਤੇ ਮੈਂ ਜਾਣਦਾ ਹਾਂ ਕਿ ਇਹ ਪੰਜਾਬੀ ਰਸਾਲਿਆਂ ਵਿਚੋਂ ਪਹਿਲੀ ਕਤਾਰ ਦਾ ਰਸਾਲਾ ਹੈ ਜਿਸ ਨੇ ਕਿ ਪੰਜਾਬੀ ਮੈਗਜ਼ੀਨਾਂ ਅਤੇ ਰਸਾਲਿਆਂ ਦੇ ਖੇਤਰ ਵਿਚ ਨਵੀਂ ਸੁਰ ਛੇੜੀ ਹੈ। ਸ: ਗੁਰਬਖ਼ਸ਼ ਸਿੰਘ ਨੂੰ ਨਵੀਨ ਪੰਜਾਬੀ ਸਾਹਿਤ ਦਾ ਉਸਰੱਈਆ ਆਖਿਆ ਜਾ ਸਕਦਾ ਹੈ।

ਸਾਹਿਤ ਅਕਾਦਮੀ ਦੇ ਪ੍ਰਧਾਨ ਦੇ ਤੌਰ ਤੇ ਮੈਂ ਅਕਾਦਮੀ ਵਲੋਂ ਨਵੀਨ ਭਾਰਤੀ ਸਾਹਿਤ ਦੀ ਇਸ ਮਹਾਨ ਹਸਤੀ ਨੂੰ ਆਪਣੀਆਂ ਸ਼ੁਭ ਇੱਛਾਵਾਂ ਭੇਜਣ ਲਈ ਬਹੁਤ ਖ਼ੁਸ਼ੀ ਪ੍ਰਾਪਤ ਕਰ ਰਿਹਾ ਹਾਂ। ਉਸ ਦੀ ਪੰਜਾਬੀ ਸਾਹਿਤ ਨੂੰ ਦੇਣ ਨਾਲ ਭਾਰਤ ਵਿਚ ਨਵੀਨ ਸਾਹਿਤ ਦੀ ਜੋ ਪ੍ਰਗਤੀ ਹੋਈ ਹੈ ਉਸ ਲਈ ਅਸੀਂ ਆਪਣਾ ਹਾਰਦਿਕ ਸਤਿਕਾਰ ਭੇਟ ਕਰਦੇ ਹਾਂ।

ਜੂਨ ੨੬, ੧੯੭੦ — ਸੁਨੀਤੀ ਕੁਮਾਰ ਚੈਟਰਜੀ

## ੧੧

ਮੇਰੇ ਪਿਆਰੇ ਡਾਕਟਰ ਸਾਹਿਬ, ਮੈਨੂੰ ਇਹ ਜਾਣ ਕੇ ਖ਼ੁਸ਼ੀ ਹੋਈ ਹੈ ਕਿ ਤੁਸੀਂ ਸਰਦਾਰ ਗੁਰਬਖ਼ਸ਼ ਸਿੰਘ ਦੀ ੭੫ਵੀਂ ਵਰ੍ਹੇਗੰਢ ਮਨਾਉਣ ਅਤੇ ਉਹਨਾਂ ਨੂੰ ਉਹਨਾਂ ਦੀ ਪੰਜਾਬੀ ਸਾਹਿਤ ਨੂੰ ਮਹਾਨ ਦੇਣ ਕਰ ਕੇ ਸਨਮਾਨਣ ਲਈ ਲੋਕਾਂ ਦਾ ਇਸ ਵਲ ਧਿਆਨ ਦਿਵਾਇਆ ਹੈ। ਇਸ ਮਗਰੋਂ ਇਸੇ ਵਰ੍ਹੇ ਉਹਨਾਂ ਨੂੰ ਪੇਸ਼ ਕੀਤੇ ਜਾਣ ਵਾਲਾ ਅਭਿਨੰਦਨ ਗ੍ਰੰਥ ਇਸ ਜਜ਼ਬੇ ਨੂੰ ਹੋਰ ਵੀ ਵਧੇਰੇ ਸਥਾਈ ਰੂਪ ਬਖ਼ਸ਼ੇਗਾ। ਸਰਦਾਰ ਗੁਰਬਖ਼ਸ਼ ਸਿੰਘ, ਨਿਸਚੇ ਹੀ ਸਾਡੇ ਸਮਿਆਂ ਵਿਚ ਪੰਜਾਬ ਦੀ ਸਭ ਤੋਂ ਵਧੀਕ ਪ੍ਰਭਾਵਸ਼ਾਲੀ ਸਾਹਿਤਕ ਸ਼ਖ਼ਸੀਅਤ ਰਹੇ ਹਨ। ਉਹਨਾਂ ਨੇ ਕੇਵਲ ਪੰਜਾਬੀ ਬੋਲੀ ਤੇ ਲੇਖਣੀ ਵਿਚ ਹੀ ਨਹੀਂ, ਸਗੋਂ ਪੰਜਾਬੀ ਜੀਵਨ ਦੇ ਹੋਰ ਵੀ ਕਈ ਪਿੜਾਂ ਵਿਚ ਤਾਜ਼ਗੀ ਤੇ ਤਬਦੀਲੀ ਲਿਆਂਦੀ। ਪੰਜਾਬੀ ਵਾਰਤਕ ਦੇ ਮੋਹਰੀ ਦੇ ਤੌਰ ਤੇ ਸਾਡੇ ਸਾਹਿਤਕ ਇਤਿਹਾਸ ਵਿਚ ਉਹਨਾਂ ਦਾ ਉੱਚ ਰੁਤਬਾ ਯਕੀਨੀ ਹੈ। ਜਦੋਂ ਉਹਨਾਂ ਨੇ ੧੯੩੨ ਵਿਚ ਆਪਣੇ ਰੇਲਵੇ ਇੰਜੀਨੀਅਰ ਦੇ ਅਹੁਦੇ ਨੂੰ ਤਿਆਗ ਕੇ ਪੰਜਾਬ ਦੇ ਇਕ ਅਗਿਆਤ ਜਿਹੇ ਕਸਬੇ ਵਿਚੋਂ 'ਪ੍ਰੀਤ ਲੜੀ' ਕਢਣਾ ਸ਼ੁਰੂ ਕੀਤਾ ਤਾਂ ਉਹਨਾਂ ਨੇ ਇਕ ਨਵੀਨ ਲਿਖਣ-ਢੰਗ, ਰੂਪ ਤੇ ਉੱਚੀ ਪੱਧਰ ਦੀਆਂ ਬੁਨਿਆਦਾਂ ਧਰੀਆਂ ਸਨ। ਇਸ ਪੱਤਰ ਦਾ ਜਨਮ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਿਰਣੇਕਾਰੀ ਮੀਲ-ਪੱਥਰ ਹੈ। ਇਸ ਦਿਨ ਤੋਂ ਪੰਜਾਬੀ ਇਕ ਅਸਲੋਂ ਹੀ ਨਵੇਲੇ ਮੁਹਾਵਰੇ ਵਿਚ ਲਿਖੀ ਜਾਣ ਲਗੀ। ਇਸ ਨਵੀਨ ਗੱਦ ਸ਼ੈਲੀ ਤੋਂ ਬਿਨਾਂ ਸਰਦਾਰ ਗੁਰਬਖ਼ਸ਼ ਸਿੰਘ ਨੇ ਸਮਾਜੀ ਜੀਵਨ ਵਿਚ ਸੁਤੰਤਰਤਾ ਦੀ ਸ਼ਕਤੀਸ਼ਾਲੀ ਦਿੱਖ ਦਾ ਵੀ ਸੰਚਾਰ ਕੀਤਾ। ਉਹਨਾਂ ਨੇ ਇਸ ਵਿਚ ਸੁਹਜ, ਕਲਾ

ਤੇ ਰਹਿਣ ਸਹਿਣ ਦੇ ਨਵੇਂ ਵਿਚਾਰ ਲਿਆਂਦੇ । ਏਡੀ ਹੀ ਮਹੱਤਵਪੂਰਨ ਗੱਲ ਇਹ ਹੈ ਕਿ ਸ: ਗੁਰਬਖ਼ਸ਼ ਸਿੰਘ ਨੇ ਜਿਨ੍ਹਾਂ ਵਿਚਾਰਾਂ ਦਾ ਪ੍ਰਚਾਰ ਕੀਤਾ ਉਹਨਾਂ ਨੂੰ ਅਮਲੀ ਜ਼ਿੰਦਗੀ ਵਿਚ ਜੀਉਣ ਦੀ ਵੀ ਕੋਸ਼ਸ਼ ਕੀਤੀ ਤੇ ਉਹਨਾਂ ਨਿੱਜੀ-ਪਸੰਦ ਤੇ ਦਿਆਨਤਦਾਰੀ ਦੇ ਮਿਆਰਾਂ ਨੂੰ ਸਦਾ ਕਾਇਮ ਰਖਿਆ । ਇਹ ਬਹੁਤ ਹੀ ਯੋਗ ਹੈ ਕਿ ਪੰਜਾਬ ਸ: ਗੁਰਬਖ਼ਸ਼ ਸਿੰਘ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹੈ ਤੇ ਪੰਜਾਬੀ ਸਾਹਿਤ ਤੇ ਜ਼ਿੰਦਗੀ ਦੀ ਉਹਨਾਂ ਜੋ ਅਦੁੱਤੀ ਸੇਵਾ ਕੀਤੀ ਹੈ, ਉਸ ਨੂੰ ਯਾਦ ਕਰ ਰਿਹਾ ਹੈ । ਮੈਂ ਉਹਨਾਂ ਨੂੰ ਆਪਣੀ ਨਿਰਮਾਣ ਜਿਹੀ ਸ਼ਰਧਾਂਜਲੀ ਭੇਟ ਕਰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਉਹ ਬੜੇ ਲੰਬੇ ਅਰਸੇ ਲਈ ਉਹਨਾਂ ਮੰਤਵਾਂ ਹਿਤ ਸੇਵਾ ਵਿਚ ਜੁਟੇ ਰਹਿਣ ਜੋ ਉਹਨਾਂ ਨੂੰ ਬਹੁਤ ਹੀ ਪਿਆਰੇ ਹਨ ।

ਹਰਬੰਸ ਸਿੰਘ
ਪ੍ਰੋਫ਼ੈਸਰ ਅਤੇ ਅਧਿਅਕਸ਼,
ਧਰਮ ਅਧਿਅਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਜੂਨ ੧੦, ੧੯੭੦

## ੧੨

ਸਰਦਾਰ ਗੁਰਬਖ਼ਸ਼ ਸਿੰਘ ਪਿਛਲੇ ਚਾਰ ਦਹਾਕਿਆਂ ਤੋਂ ਪੰਜਾਬ ਦੇ ਸਾਹਿਤਕ ਤੇ ਸਭਿਆਚਾਰਕ ਦ੍ਰਿਸ਼ ਦਾ ਇਕ ਸੁਭਾਵਿਕ ਅੰਗ ਬਣੇ ਰਹੇ ਹਨ । ਉਹਨਾਂ ਦੀ ਸ਼ਖ਼ਸੀਅਤ, ਉਹਨਾਂ ਦੀ ਲੇਖਣੀ, ਪ੍ਰੀਤ ਲੜੀ, ਪ੍ਰੀਤ ਨਗਰ ਤੇ ਕਿਤਨੇ ਹੀ ਹੋਰ ਪੂਰੇ ਅਧੂਰੇ ਸੁਪਨਿਆਂ ਦਾ ਰੂਪ ਧਾਰ ਧਾਰ ਪੰਜਾਬੀ ਸੰਸਕ੍ਰਿਤੀ ਦੀ ਸਮੁਚੀ ਰੂਪ-ਰੇਖਾ ਨੂੰ ਪ੍ਰਭਾਵਤ ਕਰਦੀ ਰਹੀ ਹੈ। ਇਹ ਆਪਣੇ ਆਪ ਵਿਚ ਪ੍ਰਮਾਣ ਹੈ, ਇਸ ਗੱਲ ਦਾ ਕਿ ਸ: ਗੁਰਬਖ਼ਸ਼ ਸਿੰਘ ਦੀ ਸ਼ਖ਼ਸੀਅਤ ਇਕ ਵਿਅਕਤਿਤਵ ਨਹੀਂ ਇਕ ਸੰਸਥਾ ਹੈ, ਜਿਸ ਦੀ ਦੇਣ ਹੁਣ ਉਪਰਲੀ ਪਰਤ ਤੋਂ ਹੇਠਾਂ ਉਤਰ ਕੇ ਪੰਜਾਬੀ ਦੀ ਸਮੁਚੀ ਸਾਹਿਤਕ ਪ੍ਰਕ੍ਰਿਆ ਵਿਚ ਹਲੂਲ ਹੋ ਗਈ ਹੈ ।

ਸ: ਗੁਰਬਖ਼ਸ਼ ਸਿੰਘ ਦੀ ਪੰਜਾਬੀ ਬੋਲੀ ਨੂੰ ਸਭ ਤੋਂ ਵਡੀ ਦੇਣ ਤਾਂ ਇਹ ਹੈ ਕਿ ਉਹਨਾਂ ਨੇ ਇਸ ਨੂੰ ਇਸ ਦੀ ਪੰਜਾਬੀਅਤ ਪ੍ਰਦਾਨ ਕੀਤੀ । ਇਹ ਬੋਲੀ ਆਪਣੇ ਇਤਿਹਾਸ ਦੇ ਮਧ ਕਾਲ ਵਿਚ ਵੀ ਧਰਮ ਕੇਂਦਰਿਤ ਹੀ ਰਹੀ ਤੇ ਇਸ ਗੱਲ ਨੇ ਇਸ ਦੀ ਸਮਰਥਾ ਨੂੰ ਵੀ ਵਧਣ ਨਾ ਦਿਤਾ ਤੇ ਸੰਭਾਵਨਾ ਨੂੰ ਵੀ ਸੁਕਾਈ ਰਖਿਆ । ਸ: ਗੁਰਬਖ਼ਸ਼ ਸਿੰਘ ਪਹਿਲਾ ਪੰਜਾਬੀ ਲੇਖਕ ਹੈ, ਜਿਸ ਨੇ ਚੇਤੰਨ ਤੌਰ ਤੇ ਧਰਮ ਦੇ ਪ੍ਰਸੰਗਾਂ ਤੇ ਪਰਵੇਸ਼ਾਂ ਨੂੰ ਉਲੰਘ ਕੇ ਨਿਰੋਲ ਲੌਕਿਕ, ਧਰਮ-ਨਿਰਪੇਖ, ਮਾਨਵ-ਕੇਂਦਰਿਤ ਦ੍ਰਿਸ਼ਟੀਕੋਣ ਨੂੰ ਅਪਣਾਇਆ ਤੇ ਫਿਰ ਇਸ ਦੇ ਅਨੁਕੂਲ ਇਕ ਅਜਿਹੀ ਸ਼ਿਸ਼ਟਾਚਾਰ, ਸਵੱਛ ਨਾਗਰਿਕ ਪੰਜਾਬੀ ਮੁਹਾਵਰੇ ਦੀ ਰਚਨਾ ਕੀਤੀ, ਜਿਸ ਵਿਚ ਨੈਣ ਅੱਖਾਂ ਬਣ ਕੇ ਹੋਰ ਵੀ ਸੁਹਣੇ ਹੋ ਗਏ, ਚਰਨ-ਕੰਵਲ ਪੈਰ ਬਣ ਕੇ ਹੋਰ ਵੀ ਨਿੱਘੇ ਤੇ ਹਸਤ ਕੰਵਲ ਹੱਥ ਬਣ ਕੇ ਇਨਸਾਨੀ ਦੋਸਤੀ ਦੇ ਦੂਤ ਬਣ ਨਿਬੜੇ । ਗੁਰਬਖ਼ਸ਼ ਸਿੰਘ ਦੀ ਅਸਲ ਕਰਾਮਾਤ ਹੀ ਇਹ ਹੈ ਕਿ ਉਹਨਾਂ ਨੇ ਪੰਜਾਬੀ ਬੋਲੀ ਨੂੰ



ਪੰਜਾਬੀਆਂ ਦੀਆਂ ਨਵੀਆਂ ਨਾਗਰਿਕ ਲੋੜਾਂ ਦੀ ਪੂਰਤੀ ਦਾ ਇਕ ਉਚਿਤ ਮਾਧਿਅਮ ਬਣਾਇਆ ।

ਪ੍ਰੀਤ ਲੜੀ ਤੇ ਇਸ ਦੇ ਸੰਪਾਦਕ ਦੇ ਆਗਮਨ ਤੋਂ ਪਹਿਲਾਂ ਪੰਜਾਬੀਅਤ ਦਾ ਸੰਕਲਪ ਗਰਾਮੀਣ ਪੰਜਾਬ ਤਕ ਸੀਮਿਤ ਸੀ । ਸ: ਗੁਰਬਖ਼ਸ਼ ਸਿੰਘ ਮਧ-ਸ਼ਰੇਣੀ ਦੇ ਨਵੇਂ ਪੜ੍ਹੇ ਲਿਖੇ ਲੋਕਾਂ ਨੂੰ ਇਕ ਨਵੀਂ ਖੁਲ੍ਹੀ ਡੁਲ੍ਹੀ, ਸੁਹਜ-ਮੁਖੀ ਜ਼ਿੰਦਗੀ ਦਾ ਸੁਨੇਹਾ ਦਿਤਾ । ਪਰ ਗੱਲ ਕੇਵਲ ਉਪਦੇਸ਼ ਤਕ ਰੁਕੀ ਨਾ ਰਹੀ । ਸ: ਗੁਰਬਖ਼ਸ਼ ਸਿੰਘ ਨੇ ਜਿਹੜੀ ਵੱਡੀ ਪ੍ਰਾਪਤੀ ਕੀਤੀ ਉਹ ਸੀ ਪੰਜਾਬੀ ਬੋਲੀ ਦੁਆਰਾ ਗਿਆਨ ਤੇ ਵਿਗਿਆਨ, ਨੀਤੀ ਤੇ ਸਦਾਚਾਰ, ਇਸਤ੍ਰੀ ਪੁਰਸ਼ ਦੇ ਪ੍ਰਾਕ੍ਰਿਤਿਕ ਤੇ ਸਮਾਜਕ ਸੰਬੰਧਾਂ, ਅਰੋਗਤਾ ਤੇ ਚਿਕਿਤਸਾ ਸੰਬੰਧੀ ਨਵੀਂ ਜਗਿਆਸਾ ਪੈਦਾ ਕਰਨੀ ਤੇ ਉਸ ਦੀ ਸੰਤੁਸ਼ਟੀ ਦਾ ਪ੍ਰਬੰਧ ਵੀ ਕਰਨਾ । ਨਿੱਤ ਪਸਰਦੇ ਦੁਮੇਲਾਂ ਦੀ ਇਹ ਨਵੀਂ ਚੇਤੰਨਤਾ ਦੇ ਕੇ ਸ: ਗੁਰਬਖ਼ਸ਼ ਸਿੰਘ ਨੇ ਧਰਤੀ ਤੇ ਵਿਛੀ ਪੰਜਾਬੀ ਬੋਲੀ ਨੂੰ ਉੱਡਣ ਲਈ ਪੰਖ ਵੀ ਦਿਤੇ, ਸਾਹਸ ਵੀ ।

ਇਹ ਹੈ ਗੁਰਬਖ਼ਸ਼ ਸਿੰਘ ਦੀ ਲੰਮੀ ਸਾਧਨਾ ਦੀ ਪ੍ਰਾਪਤੀ ਤੇ ਇਕ ਅਤਿ ਕੋਮਲ ਭਾਵੀ ਮਨੁੱਖ ਦੀ ਆਤਮ-ਪੂਰਤੀ ।

ਅਤਰ ਸਿੰਘ
ਦਿੱਲੀ ਯੂਨੀਵਰਸਿਟੀ

## ੧੩

ਗੁਰਬਖ਼ਸ਼ ਸਿੰਘ ਪੰਜਾਬੀ ਸਾਹਿਤ ਦਾ ਪੀਰ ਹੈ । ਇਹਦੇ ਪਾਠਕਾਂ ਵਿਚੋਂ ਕਿਸੇ ਨੂੰ ਕੋਈ ਅਹੁਰ ਹੋਵੇ, ਉਹ ਬੜੇ ਵਿਸ਼ਵਾਸ ਨਾਲ ਇਸ ਪੀਰ ਨੂੰ ਖ਼ਤ ਲਿਖਦਾ ਹੈ, ਤੇ ਦਾਰੂ ਪੁੱਛਦਾ ਹੈ । ਕਿਸੇ ਮਰਦ ਦਾ ਰੁਜ਼ਗਾਰ ਟੁਟ ਗਿਆ ਹੋਵੇ ਜਾਂ ਕਿਸੇ ਕੁੜੀ ਦਾ ਕੁਆਰਾ ਸੁਪਨਾ, ਉਹ ਆਪਣੇ ਭੇਤਾਂ ਦੀ ਗੰਢ ਇਸ ਪੀਰ ਅਗੇ ਖੋਹਲਦੇ ਹਨ, ਤੇ ਦਵਾ ਦੀ ਚੂੰਢੀ ਮੰਗਦੇ ਹਨ । ਏਸ ਪੀਰ ਕੋਲ ਇਕ ਬਹੁਤ ਪਿਆਰੀ ਚੂੰਢੀ ਹੈ — ਉਤਸਾਹ ਦੀ ।

ਏਸ ਪੀਰ ਨੇ ਝੋਲੀਆਂ ਭਰ ਕੇ ਛਿਣ ਵੰਡੇ ਹਨ, ਅਜਿਹੇ ਛਿਣ, ਜਿਨ੍ਹਾਂ ਵਿਚ ਕੋਈ ਵੀ ਰੂਪ ਧਾਰਨ ਦੀ ਸਮਰਥਾ ਸੀ — ਕਿਸੇ ਦੀ ਜ਼ੁਲਫ਼ ਬਉਰੀ ਸੀ, ਤਾਂ ਉਸ ਨੇ ਇਸ ਛਿਣ ਨੂੰ ਫੁੱਲ ਵਾਂਗ ਗੁੰਦ ਲਿਆ । ਕਿਸੇ ਦਾ ਪਾਟਾ ਝੱਗਾ ਸੀ, ਤੇ ਉਸ ਨੇ ਇਸ ਛਿਣ ਨੂੰ ਬੀੜੇ ਵਾਂਗ ਟਾਂਕ ਲਿਆ । ਪਤਾ ਨਹੀਂ ਕਿੰਨੇ ਕੁ ਲੋਕਾਂ ਦੇ, ਤੇ ਉਹਨਾਂ ਦੇ ਸੁਪਨਿਆਂ ਦੇ ਮੂੰਹ ਫਿੱਕੇ ਸਨ, ਜਿਨ੍ਹਾਂ ਨੇ ਏਸ ਪੀਰ ਦੇ ਦਿਤੇ ਕਿਸੇ ਛਿਣ ਨੂੰ ਚੱਖਿਆ — ਤੇ ਮੂੰਹ ਲੂਣਾ ਕਰ ਲਿਆ ।

ਇਹ ਇਕ ਸਮਰੱਥਾ ਹੈ — ਜੋ ਗਾਜਰ ਦੇ ਗੁਣਾਂ ਤੋਂ ਲੈ ਕੇ ਲੈਨਿਨ ਦੇ ਗੁਣਾਂ ਤਕ ਨੂੰ ਆਪਣੇ ਘੇਰੇ ਵਿਚ ਲੈ ਸਕਦੀ ਹੈ । ਸੋਚਦੀ ਹਾਂ — ਗੁਰਬਖ਼ਸ਼ ਸਿੰਘ ਦੀ ਆਪਣੇ ਲੋਕਾਂ ਨੂੰ ਜੋ ਦੇਣ ਹੈ । ਉਹ ਸਾਹਿਤਕ ਰਚਨਾ ਦੀ ਪਤਲੀ ਲੰਬੀ ਸੜਕ ਵਾਂਗ ਨਹੀਂ, ਜਿਹਦੇ ਉਤੇ ਮੀਲ ਪੱਥਰ ਲਾ ਕੇ ਉਸ ਨੂੰ ਮਿਣਨਾ ਚਾਹੀਦਾ ਹੈ, ਉਹ ਉਸ ਹਰਿਆਵਲ ਵਾਂਗ ਹੈ, ਜੋ ਸਾਹਮਣੇ ਦਿਸਦੇ ਮੈਦਾਨ ਵਿਚ ਵੀ ਫੈਲੀ ਹੋਈ ਹੈ, ਪਿਛਵਾੜੇ ਦੀਆਂ ਸੁੰਞੀਆਂ ਗੁੱਠਾਂ ਵਿਚ

ਵੀ, ਅਮੀਰ ਘਰਾਂ ਦੇ ਬਾਗਾਂ ਵਿਚ ਵੀ, ਤੇ ਗ਼ਰੀਬ ਘਰਾਂ ਦੇ ਕੱਚੇ ਵਿਹੜਿਆਂ ਵਿਚ ਵੀ ......ਤੇ ਇਹਦੀਆਂ ਤਿੜਾਂ ਪੱਤੀਆਂ ਵਿਚੋਂ, ਜੇ ਕੋਈ ਸੁੰਦਰੀ ਇਕ ਸੁਪਨਾ ਸੁੰਘਦੀ ਹੈ, ਤਾਂ ਕੋਈ ਮੰਜੀ ਉਤੇ ਪਿਆ ਰੋਗੀ ਸਿਹਤ ਵੀ ਸੁੰਘਦਾ ਹੈ।

ਇਹੀ ਸਮਰੱਥਾ ਗੁਰਬਖ਼ਸ਼ ਸਿੰਘ ਦੀ ਪੀਰੀ ਹੈ, ਤੇ ਇਸੇ ਲਈ ਉਹਦੇ ਪਾਠਕ ਸਾਧਾਰਨ ਹਨ, ਜਾਂ ਅਸਾਧਾਰਨ, ਉਹ ਇਸ ਚਿੰਤਾ ਤੋਂ ਮੁਕਤ ਹੈ, ਇਕ ਪੀਰ ਵਾਂਗ ਮੁਕਤ। ਤੇ ਇਕ ਪੀਰ ਵਾਂਗ ਇਸ ਭੇਤ ਤੋਂ ਜਾਣੂੰ — ਕਿ ਜੋ ਵੀ ਉਹਨੂੰ ਪੜ੍ਹਨ ਜਾਂ ਸੁਣਨ ਲਈ ਆਇਆ ਹੈ, ਉਹ ਉਹਦੇ ਕੋਲੋਂ ਇਕ ਚੂੰਢੀ ਲੈਣ ਆਇਆ ਹੈ। ਤੇ ਉਤਸ਼ਾਹ ਦੀ ਆਪਣੀ ਕਰਾਮਾਤੀ ਚੂੰਢੀ ਉਤੇ ਉਹਨੂੰ ਵਿਸ਼ਵਾਸ ਹੈ।

ਸਾਡੇ ਵਿਚੋਂ ਕੌਣ ਹੈ, ਜਿਸ ਨੇ ਕਦੇ ਨਾ ਕਦੇ ਇਸ ਪੀਰ ਕੋਲੋਂ ਇਹ ਚੂੰਢੀ ਨਹੀਂ ਲਈ ? ਇਸ ਲਈ ਆਪਣੇ ਵਲੋਂ ਵੀ, ਤੇ ਹਜ਼ਾਰਾਂ ਗੁੰਮਨਾਮ ਲੋਕਾਂ ਵਲੋਂ ਵੀ, ਅਜ ਗੁਰਬਖ਼ਸ਼ ਸਿੰਘ ਦੇ ਪੰਝੱਤ੍ਰਵੇਂ ਦਿਨ ਤੇ, ਉਹਦੀ ਏਡੀ ਸਮਰਥਾ ਲਈ ਉਹਨੂੰ ਮੁਬਾਰਕ ਵੀ ਦੇਂਦੀ ਹਾਂ, ਤੇ ਧੰਨਵਾਦ ਵੀ।

ਅੰਮ੍ਰਿਤਾ ਪ੍ਰੀਤਮ

## ੧੪

ਮੈਨੂੰ ਯਾਦ ਹੈ, ਕਈ ਵਰ੍ਹੇ ਹੋਏ, ਆਪਣੇ ਪਿੰਡ ਦੇ 'ਜਾਬੇ' ਦੇ ਕੰਢੇ ਘਾਹ ਤੇ ਲੇਟਿਆ ਪਹਿਲੀ ਵਾਰ ਮੈਂ ਪ੍ਰੀਤ ਲੜੀ ਦਾ ਇਕ ਅੰਕ ਪੜ੍ਹ ਰਿਹਾ ਸਾਂ, ਪੜ੍ਹਦੇ ਪੜ੍ਹਦੇ ਸ਼ਾਮ ਰਾਤ ਦੇ ਹਨੇਰੇ ਵਿਚ ਵਟ ਗਈ। ਓਦੋਂ ਪ੍ਰੀਤ ਲੜੀ ਨੌਸ਼ਹਿਰੇ ਤੋਂ ਨਿਕਲਿਆ ਕਰਦੀ ਸੀ। ਉਹ ਦਿਨ ਤੇ ਅਜ ਦਾ ਦਿਨ, ਪ੍ਰੀਤ ਲੜੀ ਜਦੋਂ ਵੀ ਮੇਰੇ ਹੱਥ ਆ ਜਾਏ, ਪੰਜਾਬੀ ਦਾ ਇਹ ਇਕੋ-ਇਕ ਮਾਸਕ ਹੈ ਜਿਸ ਨੂੰ ਮੈਂ ਟਟੋਲੇ ਬਿਨਾਂ ਹੱਥੋਂ ਨਹੀਂ ਜਾਣ ਦਿੰਦਾ। ਪੰਜਾਬੀ ਸਾਹਿਤ ਦੇ ਪਿਛਲੇ ਚਾਰ-ਪੰਜ ਦਹਾਕਿਆਂ ਦੇ ਇਤਿਹਾਸ ਵਿਚ ਕੋਈ ਪਰਚਾ ਅਜਿਹਾ ਨਹੀਂ ਦਿਸਦਾ ਜਿਸ ਨੇ ਇਸ ਸਾਹਿਤ ਦੀ ਇਤਨੀ ਸੇਵਾ ਕੀਤੀ ਹੋਵੇ। ਜਿਉਂ ਜਿਉਂ ਵਕਤ ਗੁਜ਼ਰਦਾ ਹੈ ਇਸ ਪਰਚੇ ਦੀਆਂ ਕਮਜ਼ੋਰੀਆਂ ਵੀ ਇਸ ਦੀ ਤਾਕਤ ਬਣਦੀਆਂ ਜਾ ਰਹੀਆਂ ਹਨ। ਇਸ ਦਾ ਕਾਰਨ ਇਸ ਦੇ ਸੰਪਾਦਕ ਦੀ ਈਮਾਨਦਾਰੀ ਹੈ ਇਕ ਇਨਸਾਨ ਦੇ ਤੌਰ ਤੇ, ਇਕ ਲੇਖਕ ਦੇ ਰੂਪ ਵਿਚ। ਮਸਲਨ ਕਿਸੇ ਪਰਚੇ ਵਿਚ ਉਹਦੇ ਸੰਪਾਦਕ ਜਾਂ ਉਹਦੇ ਪਰਵਾਰ ਦੇ ਲੋਕਾਂ ਦੇ ਇਤਨੇ ਲੇਖ ਹਰ ਮਹੀਨੇ ਛਾਪਣੇ ਸ਼ਾਇਦ ਜ਼ਿਆਦਤੀ ਹੈ, ਪਰ ਕਿਤਨੇ ਪੰਜਾਬੀ ਵਿਚ ਲਿਖਣ ਵਾਲੇ ਹਨ ਜਿਹੜੇ ਸਰਦਾਰ ਗੁਰਬਖ਼ਸ਼ ਸਿੰਘ ਤੋਂ ਜਾਂ ਉਹਨਾਂ ਦੇ ਸਪੁੱਤਰ ਨਵਤੇਜ ਤੋਂ ਉਹਨਾਂ ਵਿਸ਼ਿਆਂ ਤੇ ਬਿਹਤਰ ਲਿਖ ਸਕਦੇ ਹਨ ਜਿਨ੍ਹਾਂ ਤੇ ਇਹ ਲੋਕ ਹਰ ਮਹੀਨੇ ਲਿਖਦੇ ਹਨ ?

ਮੈਨੂੰ ਸਰਦਾਰ ਗੁਰਬਖ਼ਸ਼ ਸਿੰਘ ਵਿਚ ਸਭ ਤੋਂ ਵਧੀਕ ਚੰਗੀ ਗੱਲ ਉਹਨਾਂ ਦਾ ਵਕਤ ਦੇ ਨਾਲ ਕਦਮ ਮੇਚ ਕੇ ਚਲਣਾ ਮਹਿਸੂਸ ਹੁੰਦੀ ਹੈ। ਕਿਸੇ ਜ਼ਮਾਨੇ ਵਿਚ ਉਹ ਪੈਟੀ ਬੂਰਜੁਵਾ ਕੀਮਤਾਂ ਬਾਰੇ ਜ਼ਿਆਦਾ ਫ਼ਿਕਰਮੰਦ ਰਹਿੰਦੇ ਸਨ, ਅਜ ਸਾਂਝੀਵਾਲਤਾ ਦੀ ਸਹੁੰ ਖਾਂਦੇ ਹਨ।



ਤੇ ਜੇ ਕੋਈ ਸਿਹਤ ਬਾਰੇ ਉਹਨਾਂ ਦੀਆਂ ਪਿਛਲੇ ਕੁਝ ਚਿਰ ਤੋਂ ਛਪ ਰਹੀਆਂ ਹੱਡ-ਬੀਤੀਆਂ ਨੂੰ ਧਿਆਨ ਨਾਲ ਪੜ੍ਹੇ ਤਾਂ ਇੰਜ ਲਗਦਾ ਹੈ ਜਿਵੇਂ ਉਹ ਪ੍ਰਾਣਾਯਾਮ ਤੇ ਸਮਾਧੀ ਲਾਉਣ ਦੀ ਵੀ ਸਿਫ਼ਾਰਸ਼ ਕਰ ਰਹੇ ਹੁੰਦੇ ਹਨ। ਭਗਵਾਨ ਦਾ ਨਾਂ ਨਹੀਂ ਲੈਂਦੇ, ਪਰ ਉਸ ਦੇ ਸਤਿ ਨਾਲ ਜੁੜ ਜਾਣ ਦੇ ਸਾਰੇ ਵੱਲ ਦਸਦੇ ਹਨ। ਮੈਨੂੰ ਉਡੀਕ ਹੈ ਉਸ ਦਿਨ ਦੀ ਜਦੋਂ ਉਹ ਇਸ ਸਤਿ ਨੂੰ ਵੀ ਅਪਨਾਉਣਗੇ : ਰੱਬ ਸਚਾਈ ਹੈ, ਰੱਬ ਸੁੰਦਰਤਾ ਹੈ। ਸੱਚਾਈ ਰੱਬ ਹੈ, ਸੁੰਦਰਤਾ ਰੱਬ ਹੈ। ਤੇ ਇਸ ਸਤਿ ਵਿਚ ਵਿਸ਼ਵਾਸ ਇਨਸਾਨ ਦੀ ਸਭ ਤੋਂ ਵਡੀ ਤਾਕਤ ਹੈ। ਅਜੇ ਤੇ ਉਹ ਪੰਝੱਤ੍ਰ ਸਾਲ ਦਾ ਗਭਰੂ ਹੈ, ਉਹਦੇ ਇਸ ਅਗਲੇ ਪੜਾਅ ਲਈ ਉਹਦੇ ਦੀਵਾਨੇ ਅਸੀਂ ਉਡੀਕ ਸਕਦੇ ਹਾਂ, ਉਡੀਕਾਂਗੇ।

ਕਰਤਾਰ ਸਿੰਘ ਦੁੱਗਲ

## ਇਕ ਪੋਰਟ੍ਰੇਟ

ਸੁਖਬੀਰ

ਪ੍ਰੀਤ ਦਾ ਲੰਮ ਸੁਲੰਮਾ ਪੈਂਡਾ ਜੀਕਰ ਕੋਈ ਰੀਤ ਪੁਰਾਣੀ
ਕਦਮ ਤੁਰੇ ਵਰ੍ਹਿਆਂ ਦੇ ਹਾਣੀ ਬਣ ਕੇ ਹਰ ਵਾਰ
ਕਦਮ ਜਿਨ੍ਹਾਂ ਨੇ ਔਝੜ ਵੀਰਾਨੇ ਲੰਘੇ ਤੇ ਸਾਵੇਂ-ਪੱਧਰੇ ਰਾਹ ਉਲੀਕੇ

ਪੌਣੀ ਸਦੀ ਦੇ ਚਿਹਰੇ ਉਤੇ
ਹਾਲੀਂ ਵੀ ਇਕ ਗੀਤ ਦੀ ਲੈਅ ਏ
ਠਹਿਰੇ ਹੋਏ ਪਾਣੀ ਦੀ ਲਰਜ਼ਸ਼
ਅੱਖਾਂ ਵਿਚ ਇਕ ਸੁਪਨਾ ਮੋਇਆ
ਤੇ ਬੁੱਲ੍ਹਾਂ 'ਤੇ ਪ੍ਰੀਤ ਦਾ ਜਾਦੂ
ਉਮਰ ਦਾ ਰਿਸ਼ਤਾ ਵਰ੍ਹਿਆਂ ਨਾਲੋਂ ਟੁੱਟਿਆ ਜਾਪੇ

ਸੁਹਜ-ਸਵਾਦ ਸੀ ਜ਼ਿੰਦਗੀ ਦਾ ਲਫ਼ਜ਼ਾਂ ਵਿਚ ਢਲਿਆ
ਲਫ਼ਜ਼ ਬਣੇ ਰੰਗਾਂ ਦੇ, ਚਾਨਣ ਦੇ, ਪਾਣੀ ਦੇ
ਅਨਘੜ ਸਨ ਜੋ ਤਰਾਸ਼ੇ ਗਏ ਕਿ ਮੋਤੀ ਬਣ ਗਏ
ਜਿਨ੍ਹਾਂ ਕਈ ਅੱਖਾਂ ਚੁੰਧਿਆਈਆਂ
ਦਿਲ ਨਸ਼ਿਆਏ
ਮਹਿੰਗੇ ਮੁੱਲੋਂ ਜੀਊਣ-ਜਾਚ ਸਿਖਾਈ

ਇਸ ਚਿਹਰੇ ਦੇ ਉਤੇ ਨਹੀਂ, ਪਿਛੇ ਇਕ ਚਿਹਰਾ
ਜਿਸ ਦੀ ਵਖਰੀ ਤੱਕਣੀ
ਤੇ ਵਖਰੀ ਮੁਸਕਰਾਹਟ
ਦੋਹਾਂ ਚਿਹਰਿਆਂ ਦੇ ਵਿਚਕਾਰ ਸੁਹਲ ਤੇ ਸੂਖਮ
ਪ੍ਰੀਤ ਦਾ ਝਿਲਮਿਲ ਪਰਦਾ ।



## ਚਾਨਣ ਦਾ ਉੱਚ ਹਿਮਾਲਾ

ਬਲਬੀਰ ਸਿੰਘ ਗਰੇਵਾਲ

ਪਗੜੀ, ਦਾੜ੍ਹੀ, ਮੁੱਛਾਂ, ਕਪੜੇ
ਪੈਰ ਦੀ ਜੁੱਤੀ ਤੋਂ ਚੋਟੀ ਤੱਕ
ਸਭ ਦੇ ਅੰਦਰ, ਲਿਸ਼ਕ
ਸਲੀਕਾ-ਖਿੱਚ ਅਨੋਖੀ
ਮਟਕਾਂ-ਭਰੀ ਤੇ ਲਿਸ਼ ਲਿਸ਼ ਕਰਦੀ
ਇਹ ਵਿਅਕਤੀ
ਮਿੱਠੀ ਸ਼ਖ਼ਸੀਅਤ
ਸੱਜ-ਉਮਾਹ
ਉੱਛਲ ਉੱਛਲ ਪੈਂਦਾ
ਸੂਹਾ ਹਿਰਦਾ
ਧੱਕ ਧੱਕ ਕਰਦਾ
ਹਰ ਧੜਕਣ ਅੰਦਰ
ਦਰਦ ਹਜ਼ਾਰਾਂ
ਲੱਖਾਂ ਜ਼ਜ਼ਬੇ
ਸੁਪਨੇ, ਨਕਸ਼ੇ
ਕਈ ਪਲਾਨਾਂ
ਜੀਣ-ਥੀਣ ਦਾ
ਸੱਜਰਾ ਚਾਅ
ਪੌਣ ਸਦੀ
ਬੀਤਣ ਤੇ ਵੀ
ਭਖਦਾ ਉਤਸ਼ਾਹ
ਟਪੂੰ ਟਪੂੰ ਇਹ ਕਰਦਾ
ਜੀਵਨ ਚਾਉ
ਸਰੂਰ 'ਚ ਮਤਿਆ
ਸੁਹਜ ਖਿਲਾਰੇ
ਬੋਲਾਂ ਵਿਚ

ਸੰਗੀਤ ਥਰਕਦਾ
ਮੂੰਹੋਂ ਫੁੱਲ ਕਿਰਦੇ
ਕਲਮ ਇਸ ਦੀ
ਜੁੱਗ-ਪਲਟਾਊ
ਜੀਵਨ ਜਾਚ ਪਿਆਰ ਸਿਖਾਵੇ
ਇਹਦੇ ਅੰਦਰ
ਸਾਂਝੇ ਦਿਲਾਂ ਦੀ ਧੜਕਣ
ਤੇ ਪ੍ਰੀਤ ਗੀਤ ਦੀ ਲੈ
ਪਿਆਰ ਕਬਜ਼ਾ ਨਹੀਂ
ਇਹਦੇ ਲਈ
ਇਕ ਪਹਿਚਾਣ ਹੈ
ਜੀਵਨ ਦੇ ਹਰ ਪੱਖ ਨੂੰ
ਇਸ ਦੀ ਕਾਨੀਂ 'ਚੋਂ ਕਿਰਦੇ
ਸੁੱਚੇ ਮੋਤੀਆਂ ਨੇ ਲਿਸ਼ਕਾਇਆ
ਸਾਹਿਤ ਚਮਨ ਦੇ
ਵਿਹੜੇ ਅੰਦਰ
ਸਦ ਬਹਾਰੀ
ਨਵਾਂ ਨਰੋਆ
ਤੇ ਸਤਰੰਗਾ
ਖੇੜਾ
ਲਹਿਰਾਇਆ
ਮੱਧਰੇ ਕੱਦ ਦਾ
ਖਿੜਿਆ ਗੁਲਾਬ
ਪੱਤੇ ਪੱਤੇ ਵਿਚ ਹਰਿਆਲੀ
ਫੁੱਲਾਂ ਵਿਚ ਖਿੱਚ
ਕੋਮਲਤਾ ਤੇ ਖੇੜਾ

ਮਹਿਕ ਖਿਲਾਰੇ
ਖਿੱਚ ਅਨੋਖੀ
ਇਹਦੇ ਅੰਦਰ
ਪ੍ਰੇਮ ਦਾ ਇਕ ਜਲੌ
ਚਿਹਰੇ ਉਤੇ
ਲਿਸ਼ਕਾਂ ਮਾਰੇ
ਸੰਜਮ, ਸਭਿਅਤਾ ਅਤੇ ਪਿਆਰ
ਚੰਗੀ ਸਿਹਤ
ਚੌਗਿਰਦਾ ਸੁਥਰਾ
ਸੁਭ ਸਿਫ਼ਤਾਂ ਦਾ ਸੋਮਾ
ਤੁਰਦਾ ਫਿਰਦਾ ਇਕ ਪਰਚਾਰ
ਸੂਰਜ ਮੁਖੀ
ਫੁੱਲ ਦੇ ਵਾਂਗੂੰ
ਪ੍ਰੀਤ-ਸੂਰਜ ਦਾ
ਇਹ ਉਪਾਸ਼ਕ
ਮਾਨਵਤਾ ਦਾ ਦਰਦੀ
ਇਸ ਧਰਤੀ 'ਤੇ
ਸੁਰਗ ਸਿਰਜਣਾ
ਜਿਸ ਦੀ ਚਾਹ
ਲਿਸ਼ਕਾਂ ਭਰਿਆ
ਸੋਨ-ਸੁਨਹਿਰਾ
ਤੇ ਸੁਨੱਖਾ
ਆਦਰਸ਼ਕ-ਜੀਵਨ
ਨਵੇਂ ਉਲੀਕੇ ਰਾਹ
ਚਾਂਦੀ ਦੀਆਂ ਤਾਰਾਂ
ਸੂਰਜ ਕਿਰਨਾਂ
ਇਹਦੀ ਦਾੜ੍ਹੀ
ਸਾਊਪੁਣੇ
ਬਜ਼ੁਰਗੀ ਦਾ ਚਿੰਨ੍ਹ
ਮੱਘ ਮੱਘ ਪੈਂਦਾ
ਚਿਹਰੇ ਉਤੇ
ਜੀਵਨ ਚਾਅ
ਅੱਖਾਂ ਦੀ ਲਿਸ਼ਕ
ਨਿਰਾਲੀ
ਰੱਤਾ ਹਿਰਦਾ
ਫੁੱਲ ਗੁਲਾਬੀ
ਮਹਿਕਾਂ ਵਾਲਾ
ਇਕ ਲਿਸ਼ਕਾਰਾ
ਪ੍ਰੀਤਾਂ ਦਾ ਵਣਜਾਰਾ
ਪ੍ਰੀਤ ਲੜੀ ਦੀ
ਕੜੀ ਦੇ ਅੰਦਰ
ਲੱਖਾਂ ਸੈਨਿਕ
ਪ੍ਰੀਤ ਨਗਰ
ਜਿਨ੍ਹਾਂ ਦਾ ਤੀਰਥ
ਕੀ ਹੋਇਆ
ਜੇ ਸਮੇਂ ਦੇ ਝੱਖੜ
ਇਹਦੀ ਰੌਣਕ ਖੱਸ ਲਈ
ਪਰ, ਇਦ੍ਹੀ ਮਿੱਟੀ ਦੇ
ਹਰ ਕਿਣਕੇ ਅੰਦਰ
ਪ੍ਰੀਤ-ਕਣੀ ਤੇ ਲਿਸ਼ਕ ਸਦੀਵੀ ਧਸ ਗਈ
ਨਹਿਰੂ ਵਰਗਾ ਯੁਗ ਪੁਰਖ ਵੀ
ਜਿਸ ਤੋਂ ਪ੍ਰਭਾਵਤ ਹੋਇਆ
ਦਾਰ ਜੀ ਨੇ ਆਪਣੇ ਸਾਰੇ
ਜੀਵਨ ਦੀ ਘਾਲ
ਲਹੂ ਪਸੀਨੇ ਦਿਲੀ ਸਧਰਾਂ ਨਾਲ
ਇਸ ਮਿੱਟੀ ਨੂੰ ਕੀਤਾ ਸਰਸ਼ਾਰ ।
ਹਰ ਕੌੜੇ ਫਿੱਕੇ ਮਸਲੇ ਨੂੰ
ਇਸ ਸੁਹਜ ਕਲਾ ਦੀ
ਖੰਡ ਲਗਾ ਕੇ
ਰੀਤਾਂ ਰਸਮਾਂ
ਧਰਮਾਂ ਮਜ਼੍ਹਬਾਂ
ਦੋ ਰੋਗੀਆਂ ਤਾਈਂ ਦੇ ਕੇ
ਕੀਤਾ ਹੁਸ਼ਿਆਰ
ਨੌਜਵਾਨਾਂ ਦਾ ਹਿਰਦੇ ਪਾਲਕ
ਤੇ ਨਵਤੇਜ ਦਾ ਸਿਰਜਨਹਾਰਾ
ਜੀਵਨ ਗੁੰਝਲਾਂ
ਆਤਮ ਹੱਤਿਆ
ਲਿੰਗ ਸਮੱਸਿਆ



ਪ੍ਰਸੰਨ ਲੰਮੀ ਉਮਰ
ਪੁਲਾੜੀ ਖੋਜਾਂ
ਝਾਤ ਪੁਆਵੇ ਆਲਮ ਉਤੇ
ਵੈਰੀ ਨੂੰ ਜਿੱਤੇ ਨਾਲ ਪਿਆਰ
ਇਸ ਨੇ ਗੱਲ ਉਹ ਆਖੀ
ਜੋ ਕਿਸੇ ਨਾ ਆਖੀ
ਬੜੀ ਦਲੇਰੀ ਨਾਲ
ਨਰਕਾਂ ਦਾ ਸਹਿਮ
ਸੁਰਗਾਂ ਦਾ ਲਾਲਚ
ਨਿਰਾ ਛਲਾਵਾ
ਬੰਦਾ ਹੀ ਰੱਬ
ਬੰਦੇ ਦਾ
ਸਿਮਰਣ ਰੱਬ ਦਾ
ਹੱਥ ਦੀ ਕਾਰ
ਨਫ਼ਰਤ, ਨਫ਼ਰਤ ਨਾਲ ਹੀ ਘਟੇ
ਕੌਣ ਕਹਿੰਦੈ ਇਹ ਦੁਨੀਆ
ਮਤਲਬ ਦੀ — ਦੁੱਖਾਂ ਦਾ ਘਰ
ਮਾਇਆ ਜਾਲ
ਦੁਨੀਆਂ ਦੇ ਪ੍ਰਯੋਗਸ਼ਾਲਾ ਦਾ
ਇਹ ਵਿਗਿਆਨੀ
ਨਵੇਂ ਨਵੇਂ ਪ੍ਰਯੋਗ ਕਰੇਂਦਾ
ਨਵੇਂ ਸੂਰਜ ਕੁਝ ਨਵਾਂ ਹੀ ਦੇਵਾਂ
ਇਹ.........
ਜੀਵਨ ਦੇ ਨ੍ਹੇਰੇ ਪੱਖ ਨੂੰ
ਪ੍ਰੀਤ ਝਰੋਖੇ 'ਚੋਂ
ਝਾਤ ਪੁਆ ਕੇ
ਰੁਸ਼ਨਾਵਣ ਵਾਲਾ
ਸ਼ਾਲਾ, ਜੁੱਗ ਜੁੱਗ ਜੀਵੇ
ਅਮਰ ਥੀਵੇ
ਚਾਨਣ ਦਾ ਇਹ
ਉੱਚਾ ਹਿਮਾਲਾ

## ਕਲਮ ਦਾ ਜਾਦੂ

ਜਸਵੰਤ ਸਿੰਘ ਰਾਹੀ

ਅਮਨ ਦੀ ਦੋਧੀ ਪੱਗ ਦੇ ਉਤੇ
ਕੇਸਰ ਕਲਮ ਦਾ ਉਸ ਛਿੜਕਿਆ
ਬਣ ਗਈ ਉਹ
ਨੀਲੇ ਅੰਬਰਾਂ ਦੀ ਹਾਨਣ ।

ਘਟਾ ਸੰਘਣੀਆਂ ਫੋਲਣ ਦੇ ਲਈ
ਹਵਾਵਾਂ ਵੱਗੀਆਂ
ਜਿਨ੍ਹਾਂ ਅੰਦਰੋਂ ਪਈ ਆਸ ਦੀ
ਇਕ ਫੁਹਾਰ !

ਸਮੇਂ ਬਖ਼ਸ਼ਿਆ ਇਹ ਪਿਆਰਾ
ਅੰਬਰਾਂ ਉਤੋਂ ਜਦੋਂ ਉਤਰਿਆ
ਝੋਲੀ ਦੇ ਵਿਚ ਪਾਈ ਕੁਦਰਤ ਨੇ
ਸੁੱਚੇ ਸਾਹਿਤ ਦੀ ਇਕ ਦਾਤ ।

ਅੰਮ੍ਰਿਤ ਦੇ ਛਿੱਟੇ ਪਾ ਪਾ ਕੇ
ਸੋਚਦਿਆਂ ਨੈਣਾਂ ਵਿਚ ਪਾਈਆਂ
ਲੱਖਾਂ ਲੜੀਆਂ
ਨਵੇਂ ਜੁਗਾਂ ਦੇ ਪੈਰਾਂ ਉਤੇ
ਤੁਰਦੀਆਂ ਕਈ ਅਮਰ ਕਥਾਵਾਂ ।

ਨੈਣਾਂ ਦੇ ਵਿਚ ਇਕ ਇਕ ਹੰਝੂ
ਇਕ ਇਕ ਖ਼ਿਆਲ
ਜਦੋਂ ਲਿਸ਼ਕਦਾ ਬਿਜਲੀ ਬਣ ਕੇ
ਬਣ ਜਾਂਦੀ ਹੈ ਇਕ ਕਹਾਣੀ ।

ਕਦੇ ਤਰੇਲਾਂ !
ਫੁੱਲਾਂ ਦੀ ਖ਼ੁਸ਼ਬੂ ਨਹੀਂ ਖੋਈ
ਨਾ ਚੜ੍ਹਤਾਂ ਵਲ ਉਂਗਲ ਕੀਤੀ



ਤਪਸ਼ਾਂ ਤੋਂ ਘਾਬਰ ਕੇ ਕਲੀਆਂ
ਕਦੇ ਖਿੜਨ ਤੋਂ ਪਹਿਲਾਂ ਨਹੀਂ ਮੁਰਝਾਈਆਂ
ਗੁਲਸ਼ਨ ਦੇ ਪਰਛਾਵੇਂ ਬਹਿ ਕੇ
ਪ੍ਰੀਤ ਲੜੀ ਨੇ ਸਾਹ ਲੀਤਾ ਹੈ
ਨੀਂਦ ਵਿਚ ਵੀ ਕੰਡੇ ਕਦੇ
ਵਸਾਰ ਨਹੀਂ ਸਕਿਆ
ਲੋਕ-ਹਿਤਾਂ ਲਈ
ਕਲਮ ਸਦਾ ਸਧਰਾਈ ਰਹਿੰਦੀ ।

ਕੁਲ ਆਲਮ ਦੀ ਮਿੱਤਰਤਾ ਲਈ
ਇਹ ਸੰਧੂਰੀ ਕਿਰਨ ਨਰੋਈ
ਜਿਸ ਦੇ ਵਿਚ ਹੈ
ਮਿੱਤਰ-ਸਨੇਹੀ ਸੂਰਜ ਦੇ ਲਈ
ਸਾਥ ਪਕੇਰਾ

ਜਿਸ ਨੂੰ ਆਪਣੇ ਕੱਚਿਆਂ ਪੱਕਿਆਂ
ਫਲਾਂ ਨਾਲ ਹੈ ਮੋਹ ਅਨੋਖਾ
ਹੁਸਨ ਦੀਆਂ ਜ਼ੁਲਫ਼ਾਂ ਦੀ ਛਾਵੇਂ
ਬਹਿ ਕੇ ਵੀ ਜਿਸ ਇਹ ਆਖਿਆ :
"ਕਬਜ਼ਾ ਨਹੀਂ, ਪਿਆਰ ਪਹਿਚਾਨ ਹੈ"

ਕਲਮ ਇਕ
ਪਰਛਾਵੇਂ ਓੜਕ
ਬੰਦਸ਼ਾਂ ਵਿਚੋਂ ਵੀ ਆਉਂਦੇ ਹਨ
ਭਵਨਾਂ ਵਿਚੋਂ ਵੀ ਆਉਂਦੇ ਹਨ
ਲੋਕਾਂ ਵਿਚੋਂ ਵੀ ਆਉਂਦੇ ਹਨ

ਵਿਦਵਤਾ ਵਲ ਜਾਂਦੀਆਂ ਭੀੜਾਂ
ਪ੍ਰੀਤ ਨਗਰ ਦੇ ਏਸ ਸ਼ਹਿਦ 'ਚੋਂ
ਚੋਆ ਚੋਆ ਮਿੱਠਤਾਂ ਪੀਂਦੀਆਂ ।

ਸੂਰਜ ਦੀਆਂ ਕਿਰਨਾਂ ਦਾ ਗੁੱਛਾ
ਉਸ ਵਿਚੋਂ ਜੋ ਕਿਰਨ ਵੀ ਜੰਮੀ
ਉਸ ਨੇ ਹੈ ਚਾਨਣ ਅਪਨਾਇਆ ।

ਜ਼ਿੰਦਗੀ ਵਿਚ ਨੁੱਚੜ ਨੁੱਚੜ
ਪੈਣ ਤਜਰਬੇ।

ਜਿਸ ਦੇ ਪੈਰਾਂ ਮਿੱਟੀ ਟੋਈ
ਜਿਸ ਦੇ ਨੈਣਾਂ ਅੰਬਰ ਤੱਕੇ
ਖਾਈਆਂ ਰਾਹੀਂ ਹੋ ਕੇ ਜਿਹੜਾ
ਹੈ ਪਰਬਤ 'ਤੇ ਚੜ੍ਹਿਆ।

ਸਦਾ ਸਮੇਂ ਦੇ ਨਵੇਂ ਬੋਲ ਹਨ
ਜਿਨ੍ਹਾਂ ਦੇ ਅਜ ਤਾਲ ਲੈਣ ਲਈ
ਸੰਗੀਤ ਨਾਲ ਹੈ ਲੋੜ ਪਈ
ਸਿਧਾਂਤਾਂ ਦੀ ਵੀ
ਨਾਲ ਹਰਫ਼ਾਂ ਦੇ ਤੱਕ ਮਿਲੀ ਹੈ ਮੰਜ਼ਲ ਦੀ ਵੀ।

ਰੰਬੇ, ਕਹੀਆਂ, ਦਾਤਰੀਆਂ ਹਨ
ਬੀਜਣ ਦੇ ਲਈ
ਵੱਢਣ ਦੇ ਲਈ।

ਸਦਾ ਸੁਹਾਗਣ ਰਹੇ ਮਿੱਤਰਤਾ
ਸਦਾ ਸੁਹਾਗਣ ਰਹੇ ਮਿੱਤਰਤਾ
ਲੱਖਾਂ ਨੇ
ਸ਼ੁਕਰਾਨੇ ਸਾਡੇ।



# ਅੰਤਿਕਾ

## ਗੁਰਬਖ਼ਸ਼ ਸਿੰਘ ਬਾਰੇ ਜ਼ਰੂਰੀ ਜਾਣਕਾਰੀ

| | | |
|---|---|---|
| ਜਨਮ ਤਾਰੀਖ਼ | ੨੬ ਅਪ੍ਰੈਲ, ੧੮੯੫। | |
| ਜਨਮ ਸਥਾਨ | ਸਿਆਲਕੋਟ (ਹੁਣ ਪੱਛਮੀ ਪਾਕਿਸਤਾਨ)। | |
| ਪਿਤਾ ਦਾ ਨਾਂ | ਸ: ਪਸ਼ੌਰਾ ਸਿੰਘ। | |
| ਮਾਤਾ ਦਾ ਨਾਂ | ਮਾਲਣੀ। | |
| ਪੜ੍ਹਾਈ ਦਾ ਵੇਰਵਾ | ਸਿਆਲਕੋਟ ਤੋਂ ਦਸਵੀਂ ਦੀ ਪ੍ਰੀਖਿਆ, ਇੰਜੀਨੀਅਰਿੰਗ : ਟਾਮਸਨ ਸਿਵਲ ਇੰਜੀਨੀਅਰਿੰਗ ਰੁੜਕੀ, ਮਿਸ਼ੀਗਨ ਯੂਨੀਵਰਸਿਟੀ (ਯੂ. ਐਸ. ਏ.)। | |
| ਨੌਕਰੀ | ਦਸਵੀਂ ਕਰ ਕੇ ਕੁਝ ਚਿਰ ਕਲਰਕੀ। ੧੯੧੪–੧੮ ਤਕ ਈਰਾਨ ਵਿਚ ਇੰਜੀਨੀਅਰ। ੧੯੨੪–੩੨ ਤਕ ਭਾਰਤ ਰੇਲਵੇ ਵਿਚ ਇੰਜੀਨੀਅਰ। ਨੁਸ਼ਹਿਰੇ ਵਿਚ ਅਕਾਲੀ ਫੂਲਾ ਸਿੰਘ ਦੇ ਗੁਰਦੁਆਰੇ ਵਿਚ ਪ੍ਰਬੰਧ ਦੀ ਸੇਵਾ। ਨਵੀਨ ਤਕਨੀਕੀ ਢੰਗ ਨਾਲ ਫ਼ਾਰਮਿੰਗ ਕੀਤੀ। ਅੱਜ ਕਲ੍ਹ ਵੀ ਪ੍ਰੀਤ ਨਗਰ ਵਿਚ ਇਹ ਕਿੱਤਾ ਹੈ। | |
| ਵਿਆਹ | ੧੯੧੨ ਵਿਚ। | |
| ਪਤਨੀ ਦਾ ਨਾਂ | ਸ਼ਿਵਦਈ (ਪੇਕਾ ਨਾਂ), ਜਗਜੀਤ ਕੌਰ (ਸਹੁਰਾ ਨਾਂ)। | |
| ਬੱਚੇ | | ਜਨਮ ਮਿਤੀ |
| | ਨਵਤੇਜ | ੮.੧.੨੫ |
| | ਉਮਾ | ੨੭.੭.੨੭ |
| | ਉਰਮਿਲਾ | ੧੫.੧੦.੨੮ |
| | ਪ੍ਰਤਿਮਾ | ੩੦.੫.੩੦ |
| | ਹਿਰਦੇਪਾਲ | ੬.੨.੩੪ |
| | ਅਨੁਸੂਈਆ | ੯.੧.੩੬ |
| ਪ੍ਰੀਤ ਲੜੀ ਮਾਸਕ ਦਾ ਆਰੰਭ | ੧੯੩੩ ਵਿਚ ਜੋ ਅੱਜ ਕੱਲ੍ਹ ਪੂਰੇ ੧੮੦੦੦ ਛਪਦੀ ਹੈ। (ਨਵੰਬਰ ੭੦) | |
| ਬਾਲ ਸੰਦੇਸ਼ (ਮਾਸਕ) ਦਾ ਆਰੰਭ | ੧੯੪੨ ਵਿਚ ਜੋ ਅੱਜ ਕੱਲ੍ਹ ੩੫੦੦ ਦੇ ਕਰੀਬ ਛਪਦਾ ਹੈ। | |

| | |
|---|---|
| ਪ੍ਰੀਤ ਨਗਰ ਦੀ ਸਥਾਪਨਾ | ੧੯੩੮ ਵਿਚ । |
| ਦੇਸ਼ — ਜਿਨ੍ਹਾਂ ਦੀ ਯਾਤਰਾ ਕੀਤੀ | ਇਰਾਕ, ਈਰਾਨ, ਅਮਰੀਕਾ, ਕੈਨੇਡਾ, ਇੰਗਲੈਂਡ; ਫ਼ਰਾਂਸ, ਬੈਲਜੀਅਮ, ਸਵਿਟਜ਼ਰਲੈਂਡ, ਇਟਲੀ, ਆਸਟਰੀਆ, ਜਰਮਨੀ, ਚੀਨ, ਹਾਂਗ ਕਾਂਗ, ਸੋਵੀਅਤ ਯੂਨੀਅਨ, ਹੰਗਰੀ, ਰੁਮਾਨੀਆ, ਚੈਕੋਸਲੋਵਾਕੀਆ, ਫ਼ਿਨਲੈਂਡ, ਜਮਹੂਰੀ ਜਰਮਨੀ, ਅਫ਼ਗ਼ਾਨਿਸਤਾਨ । |
| ਸਨਮਾਣ | ੧. ਭਾਸ਼ਾ ਵਿਭਾਗ ਵਲੋਂ ਵਰ੍ਹੇ ਦੇ ਸਾਹਿਤਕਾਰ ਦਾ ਪੁਰਸਕਾਰ ।<br>੨. ਭਾਸ਼ਾ ਵਿਭਾਗ, ਪੰਜਾਬ ਵਲੋਂ ਤਿੰਨ ਵਾਰ ਪਹਿਲਾ ਸਾਹਿਤਕ ਇਨਾਮ ।<br>੩. ਗੋਰਕੀ ਦੇ ਨਾਵਲ 'ਮਾਂ' ਦੇ ਅਨੁਵਾਦ ਲਈ ਸੋਵੀਅਤ ਲੈਂਡ ਨਹਿਰੂ ਪੁਰਸਕਾਰ ।<br>੪. ਪਰਧਾਨ, ਸਾਹਿਤ ਅਕਾਦਮੀ, ਪੰਜਾਬ ।<br>੫. ਮੈਂਬਰ, ਪੰਜਾਬੀ ਸਲਾਹਕਾਰ ਕਮੇਟੀ, ਸਾਹਿਤਕ ਅਕਾਦਮੀ ਦਿੱਲੀ ।<br>੬. ਮੈਂਬਰ, ਜਨਰਲ ਕੌਂਸਲ, ਸਾਹਿਤ ਅਕਾਦਮੀ, ਦਿੱਲੀ ।<br>੭. ਮੀਤ ਪਰਧਾਨ ਆਲ ਇੰਡੀਆ ਪੀਸ ਕੌਂਸਲ ।<br>੮. ਮੈਂਬਰ-ਸੰਸਾਰ ਅਮਨ ਕੌਂਸਲ । |
| **ਪਹਿਲੀ ਸਾਹਿਤਕ ਰਚਨਾ :** | |
| ਕਹਾਣੀ | ਪ੍ਰਿਤਮਾ (ਕਹਾਣੀ) ੧੯੧੩ ਵਿਚ ਦੇਸ ਵਿਚ ਰਹਿੰਦਿਆਂ ।<br>ਭੁੱਖੀ ਆਤਮਾ (ਕਹਾਣੀ) ੧੯੨੨-੨੩ ਜੋ ਮੂਲ ਰੂਪ ਵਿਚ ਪਹਿਲਾਂ ਅੰਗਰੇਜ਼ੀ ਵਿਚ Starved Soul ਸਿਰਲੇਖ ਹੇਠ ਅਮਰੀਕਾ ਵਿਚ ਛਪੀ । |
| ਨਾਟਕ | ਪ੍ਰੀਤ ਮੁਕਟ ੧੯੨੨-੨੩ ਵਿਚ ।<br>ਪਹਿਲਾਂ ਮੂਲ ਰੂਪ ਵਿਚ ਅੰਗਰੇਜ਼ੀ ਵਿਚ Love's Crown ਹੇਠ ਛਪਿਆ । |
| ਲੇਖ | ਮੇਰੀ ਦਾਦੀ ੧੯੨੨-੨੩<br>ਜੋ ਪਹਿਲਾਂ ਮੂਲ ਰੂਪ ਅੰਗਰੇਜ਼ੀ ਵਿਚ My Grandmother ਸਿਰਲੇਖ ਹੇਠ ਛਪਿਆ । |
| ਕੁਲ ਕਿਤਾਬਾਂ | ਹੁਣ ਤਕ ੬੦ । |



## ਕਾਲ ਕ੍ਰਮ ਅਨੁਸਾਰ ਗੁਰਬਖ਼ਸ਼ ਸਿੰਘ ਦੀਆਂ ਰਚਨਾਵਾਂ ਦੀ ਸੂਚੀ

| ਨੰ: | ਰਚਨਾ | ਵਿਸ਼ਾ | ਪਹਿਲਾ ਸੰਸਕਰਣ |
|---|---|---|---|
| ੧. | ਪ੍ਰੀਤ ਮਾਰਗ | ਲੇਖ | ੧੯੩੪ |
| ੨. | ਰਾਜ ਕੁਮਾਰੀ ਲਤਿਕਾ | ਨਾਟਕ | ੧੯੩੫ |
| ੩. | ਪ੍ਰੀਤ ਮੁਕਟ | ਨਾਟਕ | ੧੯੩੬ |
| ੪. | ਏਸ਼ੀਆ ਦਾ ਚਾਨਣ | ਮਹਾਂ ਕਾਵਿ (ਅਨੁਵਾਦ) | ੧੯੩੭ |
| ੫. | ਨਾਗ ਪ੍ਰੀਤ ਦਾ ਜਾਦੂ | ਕਹਾਣੀ ਸੰਗ੍ਰਹਿ | ੧੯੪੦ |
| ੬. | ਅਨੋਖੇ ਤੇ ਇਕੱਲੇ | ਕਹਾਣੀ ਸੰਗ੍ਰਹਿ | ੧੯੪੦ |
| ੭. | ਖੁਲ੍ਹਾ ਦਰ | ਲੇਖ | ੧੯੪੦ |
| ੮. | ਸੁਪਨੇ | (ਅਨੁਵਾਦ) | ੧੯੪੦ |
| ੯. | ਅਸਮਾਨੀ ਮਹਾਂ ਨਦੀ | ਕਹਾਣੀਆਂ | ੧੯੪੦ |
| ੧੦. | ਪ੍ਰੀਤ ਮਣੀ | ਡਰਾਮਾ | ੧੯੪੦ |
| ੧੧. | ਪੂਰਬ ਪੱਛਮ | ਡਰਾਮਾ | ੧੯੪੦ |
| ੧੨. | ਗੁਲਾਬੀ ਐਨਕਾਂ | ਕਹਾਣੀਆਂ (ਬੱਚਿਆਂ ਲਈ) | ੧੯੪੦ |
| ੧੩. | ਮਧੁਰ ਬੈਨ | ਕਹਾਣੀਆਂ (ਬੱਚਿਆਂ ਲਈ) | ੧੯੪੦ |
| ੧੪. | ਫ਼ੈਸਲੇ ਦੀ ਘੜੀ | ਲੇਖ | ੧੯੪੧ |
| ੧੫. | ਰੋਜ਼ਾਨਾ ਜ਼ਿਦਗੀ ਦੀ ਸਾਇੰਸ | ਲੇਖ | ੧੯੪੨ |
| ੧੬. | ਅਣਵਿਆਹੀ ਮਾਂ | ਨਾਵਲਿਟ | ੧੯੪੨ |
| ੧੭. | ਵੀਣਾ ਵਿਨੋਦ | ਕਹਾਣੀਆਂ | ੧੯੪੨ |
| ੧੮. | ਸਾਵੀਂ ਪੱਧਰੀ ਜ਼ਿੰਦਗੀ | ਲੇਖ | ੧੯੪੩ |
| ੧੯. | ਮਨੋਹਰ ਸ਼ਖ਼ਸੀਅਤ | ਲੇਖ | ੧੯੪੩ |
| ੨੦. | ਪਰਮ ਮਨੁੱਖ | ਲੇਖ | ੧੯੪੩ |
| ੨੧. | ਪ੍ਰੂਣ-ਪੁਸਤਕ | ਲੇਖ ਤੇ ਡਾਇਰੀ | ੧੯੪੪ |
| ੨੨. | ਪ੍ਰੀਤਾਂ ਦੀ ਪਹਿਰੇਦਾਰ | ਕਹਾਣੀਆਂ | ੧੯੪੬ |
| ੨੩. | ਮੇਰੇ ਝਰੋਖੇ 'ਚੋਂ | ਲੇਖ | ੧੯੪੬ |
| ੨੪. | ਸਾਡੀ ਹੋਣੀ ਦਾ ਲਿਸ਼ਕਾਰਾ | ਲੇਖ | ੧੯੪੬ |
| ੨੫. | ਭਾਬੀ ਮੈਨਾ | ਕਹਾਣੀਆਂ | ੧੯੪੬ |
| ੨੬. | ਮੇਰੀਆਂ ਅਭੁੱਲ ਯਾਦਾਂ | ਲੇਖ | ੧੯੪੭ |
| ੨੭. | ਪ੍ਰਸੰਨ ਲੰਮੀ ਉਮਰ | ਲੇਖ | ੧੯੪੭ |
| ੨੮. | ਇਕ ਦੁਨੀਆਂ ਤੇ ਤੇਰਾਂ ਸੁਪਨੇ | ਲੇਖ | ੧੯੪੭ |
| ੨੯. | ਸਵੈ ਪੂਰਨਤਾ ਦੀ ਲਗਨ | ਲੇਖ | ੧੯੪੭ |

| ਨੰ: ਰਚਨਾ | ਵਿਸ਼ਾ | ਪਹਿਲਾ ਸੰਸਕਰਣ |
|---|---|---|
| ੩੦. ਚੰਗੇਰੀ ਦੁਨੀਆਂ | ਲੇਖ | ੧੯੪੭ |
| ੩੧. ਸਾਡੇ ਵਾਰਸ | ਲੇਖ | ੧੯੪੭ |
| ੩੨. ਨਵਾਂ ਸ਼ਿਵਾਲਾ | ਲੇਖ | ੧੯੪੭ |
| ੩੩. ਤਾਜ ਤੇ ਸਰੂ | ਲੇਖ | ੧੯੪੯ |
| ੩੪. ਕੁਦਰਤੀ ਮਜ਼੍ਹਬ | ਲੇਖ | ੧੯੪੯ |
| ੩੫. ਆਖ਼ਰੀ ਸਬਕ | ਕਹਾਣੀਆਂ (ਅਨੁਵਾਦ) | ੧੯੪੯ |
| ੩੬. ਪ੍ਰੀਤ ਕਹਾਣੀਆਂ | ਕਹਾਣੀਆਂ | ੧੯੫੦ |
| ੩੭. ਭੱਖਦੀ ਜੀਵਨ ਚੰਗਿਆੜੀ | ਲੇਖ | ੧੯੫੦ |
| ੩੮. ਨਵੀਂ ਤਕੜੀ ਦੁਨੀਆਂ | ਲੇਖ | ੧੯੫੦ |
| ੩੯. ਖ਼ੁਸ਼ਹਾਲ ਜੀਵਨ | ਲੇਖ | ੧੯੫੧ |
| ੪੦. ਰੀਝਾਂ ਦੀ ਖੱਡੀ | ਲੇਖ | ੧੯੫੩ |
| ੪੧. ਸ਼ਬਨਮ | ਕਹਾਣੀਆਂ | ੧੯੫੫ |
| ੪੨. ਜ਼ਿੰਦਗੀ ਦੀ ਰਾਸ | ਲੇਖ | ੧੯੫੭ |
| ੪੩. ਮੌਲੀਏਰ ਦੇ ਨਾਟਕ | ਨਾਟਕ (ਅਨੁਵਾਦ) | ੧੯੫੮ |
| ੪੪. ਇਕ ਝਾਤ ਪੂਰਬ ਪੱਛਮ ਤੇ | ਲੇਖ | ੧੯੫੮ |
| ੪੫. ਇਸ਼ਕ ਜਿਨ੍ਹਾਂ ਦੀ ਹੱਡੀਂ ਰਚਿਆ | ਕਹਾਣੀਆਂ | ੧੯੫੯ |
| ੪੬. ਮੇਰੀ ਜੀਵਨ ਕਹਾਣੀ | ਆਤਮ ਕਥਾ | ੧੯੫੯ |
| ੪੭. ਮਾਂ | ਨਾਵਲ (ਅਨੁਵਾਦ) | ੧੯੬੦ |
| ੪੮. ਜ਼ਿੰਦਗੀ ਵਾਰਸ ਹੈ | ਕਹਾਣੀ ਸੰਗ੍ਰਹਿ | ੧੯੬੦ |
| ੪੯. ਮੰਜ਼ਿਲ ਦਿਸ ਪਈ | ਆਤਮ ਕਥਾ | ੧੯੬੪ |
| ੫੦. ਪਰੀਆਂ ਦੀ ਮੋਚੀ | ਕਹਾਣੀਆਂ (ਬੱਚਿਆਂ ਲਈ) | ੧੯੬੬ |
| ੫੧. ਗੁਲਾਬੋ | ਨਾਵਲਿਟ (ਬੱਚਿਆਂ ਲਈ) | ੧੯੬੬ |
| ੫੨. ਮੁਰਾਦਾਂ ਪੂਰੀਆਂ ਕਰਨ ਵਾਲਾ ਖੂਹ | ਕਹਾਣੀਆਂ (ਬੱਚਿਆਂ ਲਈ) | ੧੯੬੬ |
| ੫੩. ਬੰਮ ਬਹਾਦਰ | ਕਹਾਣੀਆਂ (ਬੱਚਿਆਂ ਲਈ) | ੧੯੬੬ |
| ੫੪. ਜੁਗਾਂ ਪੁਰਾਣੀ ਗੱਲ | ਲੇਖ (ਬੱਚਿਆਂ ਲਈ) | ੧੯੬੮ |
| ੫੫. ਘਾਹ ਦੀਆਂ ਪੱਤੀਆਂ | ਕਵਿਤਾਵਾਂ (ਅਨੁਵਾਦ) | ੧੯੬੮ |
| ੫੬. ਬੰਦੀ ਛੋੜ ਗੁਰੂ ਨਾਨਕ | ਲੇਖ | ੧੯੬੯ |
| ੫੭. ਸਰਬ ਪੱਖੀ ਨਾਇਕ | ਲੇਖ | ੧੯੭੦ |
| ੫੮. ਰੰਗ ਸਹਿਕਦਾ ਦਿਲ | ਕਹਾਣੀਆਂ | ੧੯੭੦ |
| ੫੯. ਜ਼ਿੰਦਗੀ ਦੇ ਰਾਹਾਂ ਤੇ | ਅਨੁਵਾਦ | ੧੯੭੦ |